ੴ ਸਤਿਗੁਰ ਪ੍ਰਸਾਦਿ

# ਬਾਬਾ ਨੌਧ ਸਿੰਘ

## (ਦੋਵੇਂ ਭਾਗ)

ਭਾਈ ਸਾਹਿਬ ਭਾਈ ਵੀਰ ਸਿੰਘ

SIKHBOOKCLUB.COM

ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ - 110 001

 www.sikhbookclub.com

ੴ ਵਾਹਿਗੁਰੂ ਜੀ ਕੀ ਫਤਹਿ॥

# ਸੁਭਾਗ ਜੀ ਦਾ ਸੁਧਾਰ

ਹੱਥੀਂ

# ਬਾਬਾ ਨੌਧ ਸਿੰਘ

(ਦੋਏ ਭਾਗ)

ਭਾਈ ਸਾਹਿਬ ਭਾਈ ਵੀਰ ਸਿੰਘ

SIKHBOOKCLUB.COM

ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ-110 001

Baba Naudh Singh (Vol. I-II)
Bhai Vir Singh

ISBN : 978-81-904956-7-7
© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ
ਮੁੜ ਛਾਪ, ਅਪ੍ਰੈਲ, 2010

*ਪ੍ਰਕਾਸ਼ਕ :*
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ-110 001

*Printer:*
Focus Impressions
1770, Kotla Mubarkpur,
New Delhi-110003

ਮੁੱਲ : 200/- ਰੁਪਏ

SIKHBOOKCLUB.COM


SIKHBOOKCLUB.COM

ਬਾਬਾ ਨੌਧ ਸਿੰਘ

SIKHBOOKCLUB.COM

# ਮੁਖ ਬੰਧ

'ਬਾਬਾ ਨੌਧ ਸਿੰਘ' ਭਾਈ ਵੀਰ ਸਿੰਘ ਰਾਹੀਂ ਰਚਿਤ ਇਕ ਪ੍ਰਸਿੱਧ ਨਾਵਲ ਹੈ। ਇਸ ਨਾਵਲ ਦਾ ਮੁੱਖ ਪਾਤਰ ਬਾਬਾ ਨੌਧ ਸਿੰਘ ਗੁਰਸਿੱਖੀ ਨੂੰ ਪਰਣਾਇਆ ਇਕ ਅਜਿਹਾ ਪਾਤਰ ਹੈ ਜੋ ਇਸ ਨਾਵਲ ਦੀ ਇਕ ਹੋਰ ਪ੍ਰਮੁੱਖ ਇਸਤਰੀ ਪਾਤਰ 'ਸੁਭਾਗ' ਦੀ ਸੰਭਾਲ ਤੇ ਜੀਵਨ ਪਲਟਾਉ ਦਾ ਕਾਰਨ ਹੀ ਨਹੀਂ ਬਣਦਾ ਸਗੋਂ ਸਮੁੱਚੇ ਨਾਵਲ ਵਿਚ ਛਾਇਆ ਅਜਿਹਾ ਪਾਤਰ ਹੈ ਜੋ ਵੱਖ-ਵੱਖ ਜੀਵਨ ਸਥਿਤੀਆਂ ਤੇ ਵਿਅਕਤੀਆਂ ਦੇ ਰੂਬਰੂ ਹੁੰਦਾ ਗੁਰਬਾਣੀ ਤੇ ਗੁਰਸਿੱਖੀ ਦੇ ਪ੍ਰਚਾਰ ਦਾ ਮਾਧਿਅਮ ਵੀ ਬਣਦਾ ਹੈ। ਬਾਬਾ ਨੌਧ ਸਿੰਘ ਇਕ ਆਦਰਸ਼ ਜੀਵਨ ਪਾਤਰ ਹੀ ਨਹੀਂ ਇਕ ਗਿਆਨੀ ਗੁਰਸਿੱਖ ਵੀ ਹੈ। ਗੁਰਬਾਣੀ ਤੇ ਪੂਰਨ ਭਰੋਸਾ ਰੱਖਣ ਵਾਲਾ, ਕਥਨੀ ਤੇ ਕਰਣੀ ਦਾ ਪੂਰਾ ਤੇ ਗੁਰਬਾਣੀ ਜੀਵਨ ਜਾਚ ਦਾ ਮੁੱਦਈ ਬਾਬਾ ਨੌਧ ਸਿੰਘ ਦਾ ਇਲਾਕੇ ਵਿਚ ਪੂਰਨ ਸਤਿਕਾਰ ਹੈ। ਉਸਦੇ ਜੀਵਨ ਵਿਚ ਹਿੰਦੂ, ਮੁਸਲਮਾਨ, ਈਸਾਈ ਆਦਿ ਵੱਖ-ਵੱਖ ਧਰਮਾਂ-ਜਾਤਾਂ ਦੇ ਲੋਗ ਆਪਣੀਆਂ ਸਮਸਿਆਵਾਂ ਸਮੇਤ ਪ੍ਰਵੇਸ਼ ਕਰਦੇ ਹਨ। ਸਮਸਿਆਗ੍ਰਸਤ ਇਹ ਪਾਤਰ ਬਾਬਾ ਨੌਧ ਸਿੰਘ ਦੇ ਕਿਰਦਾਰ, ਕਰਣੀ, ਜੀਵਨ ਸ਼ੈਲੀ ਤੇ ਗਿਆਨ ਮੀਮਾਂਸਾ ਸਦਕਾ ਸਮੱਸਿਆ ਮੁਕਤ ਹੋ ਜਾਂਦੇ ਹਨ। ਕਈ ਅਜਿਹੇ ਪਾਤਰ ਹਨ ਜੋ ਬਾਬਾ ਨੌਧ ਸਿੰਘ ਦੇ ਪ੍ਰਭਾਵ 'ਚ ਗੁਰਸਿੱਖੀ ਨੂੰ ਗ੍ਰਹਿਣ ਕਰਦੇ ਹਨ ਤੇ ਸਿੰਘ ਸਜ ਜਾਂਦੇ ਹਨ। ਬਾਬਾ ਨੌਧ ਸਿੰਘ ਦੀ ਵਿਚਾਰ ਸ਼ੈਲੀ ਵਿਚ ਗੁਰਬਾਣੀ ਦੀ ਭਾਵਨਾਯੁਕਤ ਵਿਆਖਿਆ ਨੂੰ ਸਥਾਨ ਪ੍ਰਾਪਤ ਹੈ। ਨਾਵਲੀ ਵਿਧਾ 'ਚ ਹੋਣ ਕਰਕੇ ਪੁਸਤਕ ਦਾ ਬਹੁਤਾ ਹਿੱਸਾ ਜੇ ਬਿਰਤਾਂਤਕ ਹੈ ਤਾਂ ਨਾਟਕੀ ਸ਼ੈਲੀ ਦੀ ਵਾਰਤਾਲਾਪ ਵੀ ਇਸ ਵਿਚ ਕਈ ਥਾਈਂ ਦ੍ਰਿਸ਼ਟੀਗੋਚਰ ਹੁੰਦੀ ਹੈ। ਉਦਾਹਰਨ ਵਜੋਂ-

ਖ੍ਰਿਸਟਰ— ਤੁਸੀਂ ਬੜੇ ਅਨੋਖੇ ਢੰਗ ਤੇ ਗੱਲਾਂ ਕਰਦੇ ਹੋ?

ਬਾਬਾ— ਜਿਥੇ ਉਕਾਂ ਉਥੇ ਠੀਕ ਕਰ ਦਿਓ, ਮੈਂ ਅੰਗਰੇਜ਼ੀਆਂ, ਫਾਰਸੀਆ ਪੜ੍ਹਿਆ ਹੋਇਆ ਨਹੀਂ ਹਾਂ। ਮੈਂ ਉਹ ਸਿੱਖਿਆ ਬਹੁਤ ਮਿਹਨਤਾਂ ਨਾਲ ਪਾਈ ਹੈ ਕਿ ਜਿਸ ਨਾਲ ਜਗਤ ਵਿਚ ਦੁਖ ਘਟੇ ਤੇ ਸੁਖ ਵਧੇ।

ਖ੍ਰਿਸਟਰ— ਤੁਹਾਡੇ ਪਾਸ ਕੀ ਹੈ ਜੋ ਇਸ ਤਰ੍ਹਾਂ ਦਾ ਸਾਫ ਤੁਹਾਡਾ ਦਿਮਾਗ ਹੈ?

ਬਾਬਾ— ਇਕ ਬੜੀ ਪੜ੍ਹੀ ਲਿਖੀ ਤ੍ਰੀਮਤ ਜਿਸ ਦੇ ਮਨ ਵਿਚ ਪਤੀ ਦਾ ਪ੍ਰੇਮ ਨਹੀਂ, ਪਤੀ ਨੂੰ ਬੜੀ ਸੁਹਣੀ ਬਣਾ ਕੇ ਚਿਠੀ ਲਿਖਦੀ ਹੈ ਤੇ ਇਕ ਮੂਰਖ ਅਨਪੜ੍ਹ ਪਰ ਪਤੀ ਪਿਆਰ ਨਾਲ ਕੁੱਟੀ ਪਈ ਇਸਤ੍ਰੀ ਆਪਣੇ ਪਤੀ ਨੂੰ ਨਿਰਾ ਸੁਖਸਾਂਦ ਦਾ ਸੁਨੇਹਾ ਘੱਲਦੀ ਹੈ, ਇਨ੍ਹਾਂ ਦੋਹਾਂ ਵਿਚ ਕੁਛ ਫਰਕ ਹੈ?

ਖ੍ਰਿਸਟਰ— ਹੈ।

ਬਾਬਾ— ਸਾਡੇ ਪਾਸ ਚਾਤੁਰੀ ਨਹੀਂ, ਬਣਾ ਬਣਾ ਕੇ ਗੱਲਾਂ ਕਰਨੀਆਂ ਅਸੀਂ ਨਹੀਂ ਜਾਣਦੇ ਪਰ ਗੁਰੂ ਤੇ ਪਰਮੇਸ਼ਵਰ ਦੀ ਮਿਹਰ ਨਾਲ ਸਾਡੇ ਅੰਦਰ ਪਿਆਰ ਹੈ, ਜੋ ਅੰਦਰ ਸਾਨੂੰ ਖੀਵੇ ਰੱਖਦਾ ਹੈ ਤੇ ਵਰਤੋਂ ਵਿਚ ਉਹ ਪਿਆਰ ਨੇਕੀ ਦੀ ਸੂਰਤ ਧਾਰਦਾ ਹੈ ਤੇ ਬਾਕੀ ਅਸੀਂ ਚੁਪ ਹਾਂ।

SIKHBOOKCLUB.COM

ਸਿਧੀ ਸਾਦੀ ਪੇਂਡੂ ਤੇ ਦ੍ਰਿਸ਼ਟਾਂਤਕ ਬੋਲੀ ਵਿਚ ਬਾਬੇ ਦੇ ਕਹੇ ਬਚਨ ਤੇ ਗੱਲਾਂ ਵੱਡੇ ਵੱਡੇ ਪਾੜ੍ਹੂਆਂ ਨੂੰ ਹੀ ਨਹੀਂ ਕੀਲਦੀਆਂ ਸਗੋਂ ਇਹ ਸਾਰਾ ਕੁਝ ਤੇ ਗੁਰਸਿੱਖੀ ਦੀ ਕਰਣੀ ਬਾਬਤ ਬਾਬੇ ਦੇ ਜੀਵਨ ਵਿਚੋਂ ਮੌਲ ਉਠਿਆ ਹੈ। ਇਹ ਨਾਵਲ ਮੁੱਖ ਪਾਤਰਾ 'ਸੁਭਾਗ' ਜੀ ਦੀ ਕਹਾਣੀ ਹੈ। ਬਿਰਤਾਂਤਕ ਕਥਾ ਵਿਚ ਗਿਆਨਮਈ ਵਾਰਤਾਲਾਪ ਦੇ ਅੰਸ਼ ਹਨ। ਥਾਂ ਥਾਂ ਪਈ ਇਹ ਪਾਤਰਾਂ ਦੀ ਆਪਸੀ ਵਾਰਤਾਲਾਪ ਕਹਾਣੀ ਦੇ ਘਟਨਾ ਬਿਰਤਾਂਤ ਨਾਲ ਮਿਲ ਕੇ ਬਾਬਾ ਨੌਧ ਸਿੰਘ ਨਾਵਲ ਦੇ ਕਥਾ-ਪ੍ਰਬੰਧ ਦੀ ਸਮੁੱਚੀ ਉਸਾਰੀ ਕਰਦੀ ਹੈ। ਗੁਰਸਿੱਖੀ ਵਿਚਾਰ ਪ੍ਰਵਾਹ ਨੂੰ ਘਟਨਾ ਪ੍ਰਵਾਹ ਵਿਚ ਢਾਲ ਕੇ ਲਿਖਿਆ ਇਹ ਬਿਰਤਾਂਤ ਭਾਈ ਵੀਰ ਸਿੰਘ ਦੀ ਪੰਜਾਬੀ ਸਾਹਿਤ 'ਚ ਮਧਕਾਲੀ ਨਜ਼ਰੀਏ ਤੋਂ ਲਿਖੀ ਇਕ ਉਤਕ੍ਰਿਸ਼ਟ ਰਚਨਾ ਹੈ। ਇਹ ਸਿਹਰਾ ਭਾਈ ਵੀਰ ਸਿੰਘ ਨੂੰ ਜਾਂਦਾ ਹੈ ਜੋ ਉਹਨਾਂ ਉਸ ਸਮੇਂ ਵਿਰਸੇ ਦੀ ਪੇਸ਼ਕਾਰੀ ਨੂੰ ਆਧੁਨਿਕ ਰੂਪਕਾਰਾਂ 'ਚ ਢਾਲ ਕੇ ਪੇਸ਼ ਕੀਤਾ। ਜਦੋਂ ਕਿ ਹਿੰਦੁਸਤਾਨ ਇਕ ਸਮਾਜੀ ਤੇ ਸਿਆਸੀ ਪਰੀਵਰਤਨ ਤੇ ਸੰਘਰਸ਼ 'ਚੋਂ ਗੁਜ਼ਰ ਰਿਹਾ ਸੀ, ਅਜਿਹੇ ਸਾਹਿਤਕ ਨਿਰਦੇਸ਼ਨ ਦੀ ਉਸ ਸਮੇਂ ਬੜੀ ਲੋੜ ਸੀ। ਪੱਛਮ ਤੋਂ ਆਏ ਪ੍ਰਮੁੱਖ ਰੂਪਾਕਾਰ 'ਨਾਵਲ' ਨੂੰ ਭਾਈ ਸਾਹਿਬ ਨੇ ਇਸ ਸਮੇਂ ਗੁਰਸਿੱਖੀ ਪ੍ਰਚਾਰ ਲਈ ਆਪਣੇ ਚਾਰ ਕਥਾ-ਪ੍ਰਬੰਧਾਂ ਲਈ ਵਰਤਿਆ। ਵਿਰਸੇ ਦੇ ਵਾਹਕ ਭਾਈ ਵੀਰ ਸਿੰਘ ਇਹਨਾਂ ਨਾਵਲੀ ਰਚਨਾਵਾਂ ਸਦਕੇ ਪੰਜਾਬੀ ਸਾਹਿਤ 'ਚ ਜਿਥੇ ਨਾਵਲ ਦੇ ਮੋਹਰੀ ਬਣੇ ਉਥੇ ਬਾਬਾ ਨੌਧ ਸਿੰਘ ਦੀ ਰਚਨਾ ਨੇ ਆਪਨੂੰ ਇਕ ਸਮਰੱਥ ਬਿਰਤਾਂਤਕਾਰ ਬਣਾਇਆ।

ਇਸ ਨਾਵਲ ਵਿਚ ਦੋਵੇਂ ਭਾਗ ਇਕੋ ਜਿਲਦ ਵਿਚ ਹਨ। ਸਮੁੱਚੀ ਰਚਨਾ ਆਪਣੇ ਕਥਾ ਪ੍ਰਵਾਹ ਤੇ ਵਿਚਾਰ ਪ੍ਰਵਾਹ ਸਦਕਾ ਸਦ-ਜੀਵੰਤ ਹੈ, ਇਹੀ ਇਸ ਪੁਸਤਕ ਦਾ ਮੂਲ ਵਿਧਾਨ ਹੈ। ਗੁਰਸਿੱਖੀ ਨੂੰ ਸਮਰਪਿਤ ਇਹ ਪੁਸਤਕ ਨਾ ਸਿਰਫ ਗੁਰਸਿੱਖ ਪ੍ਰੇਮੀਆਂ ਲਈ ਸਗੋਂ ਹਰ ਕਥਾ ਪ੍ਰੇਮੀ ਤੇ ਸਾਹਿਤ ਰਸੀਏ ਲਈ ਗਿਆਨ ਦਾ ਸੋਮਾ ਵੀ ਹੈ ਜਿਸਦੇ ਮਰਮ ਨੂੰ ਸਿਰਫ ਪੜ੍ਹ ਕੇ ਹੀ ਮਾਣਿਆ ਜਾ ਸਕਦਾ ਹੈ। ਇਸ ਪੁਸਤਕ ਦਾ ਪਹਿਲਾ ਸੰਸਕਰਣ 1921 ਵਿਚ ਛਪਿਆ ਸੀ ਤੇ ਹੁਣ ਇਸਦਾ ਨਵਾਂ ਸੰਸਕਰਣ ਫਿਰ ਛਾਪਿਆ ਜਾ ਰਿਹਾ ਹੈ। ਆਸ ਹੈ ਪਾਠਕ ਇਸ ਰਚਨਾ ਤੋਂ ਜਿਥੇ ਗਿਆਨ ਪ੍ਰਾਪਤ ਕਰਨਗੇ ਉਥੇ ਜੀਵਨ ਸੇਧ ਤੇ ਅਨੰਦ ਵੀ ਹਾਸਲ ਕਰਨਗੇ।

ਦਿੱਲੀ

03.04.2010

ਜਸਵੰਤ ਸਿੰਘ ਨੇਕੀ
(ਆਨਰੇਰੀ ਜਨਰਲ ਸਕੱਤਰ)
ਭਾਈ ਵੀਰ ਸਿੰਘ ਸਾਹਿਤ ਸਦਨ

SIKHBOOKCLUB.COM

# ਸੁਭਾਗ ਜੀ ਦਾ ਸੁਧਾਰ

ਹੱਥੀਂ

# ਬਾਬਾ ਨੌਧ ਸਿੰਘ ਜੀ

## ੧.

ਕਹੁ ਨਾਨਕ ਕਰਤੇ ਕੀਆ ਬਾਤਾ
ਜੋ ਕਿਛੁ ਕਰਣਾ ਸੁ ਕਰਿ ਰਹਿਆ॥

ਸਾਈਂ ਦੇ ਰੰਗ ਬੇਅੰਤ ਤੇ ਕੁਦਰਤਾਂ ਅਨੰਤ ਹਨ। ਸੰਸਾਰ ਦੀ ਬਾਜ਼ੀ ਐਸੀ ਖਿੱਲਰਵੀਂ ਹੈ ਕਿ ਉਸਦਾ ਬੀ ਅੰਤ ਪਾਉਣਾ ਸੌਖਾ ਨਹੀਂ। ਕਿਤੇ ਰੰਗ ਕਿਤੇ ਤਮਾਸ਼ੇ, ਕਿਤੇ ਖੁਸ਼ੀਆਂ ਕਿਤੇ ਹਾਸੇ, ਕਿਤੇ ਰੋਣ ਕਿਤੇ ਵੈਣ। ਇਕ ਪਾਸੇ ਸ਼ਾਦੀਆਨੇ ਵੱਜ ਰਹੇ ਹਨ ਤਾਂ ਦੂਜੇ ਪਾਸੇ ਮਾਤਮ ਹੋ ਰਿਹਾ ਹੈ। ਇਕ ਸੁੰਦਰ ਜੋੜਾ ਹੱਥਾਂ ਦਾ ਗਿੱਧੇ ਵਿਚ ਰੁੱਝਾ ਹੋਇਆ ਹੈ ਤਾਂ ਦੂਜੇ ਪਾਸੇ ਓਹੋ ਜਿਹਾ ਜੋੜਾ ਛਾਤੀ ਪਿੱਟ ਰਿਹਾ ਹੈ। ਇਕ ਪਾਸੇ ਜੀਭ ਖੁਸ਼ੀ ਦੀਆਂ ਘੋੜੀਆਂ ਗਾਉਂ ਰਹੀ ਹੈ ਤਾਂ ਦੂਜੇ ਪਾਸੇ ਵੈਣ ਪਾ ਪਾ ਵਿਲਕ ਰਹੀ ਹੈ। ਇਕ ਸੁਖੀ ਹਿਰਦਾ ਠਰਿਆ ਹੋਇਆ ਅਨੰਦ ਹੈ ਤਾਂ ਦੂਜਾ ਹਿਰਦਾ ਸੱਲਾਂ ਨੇ ਸੱਲਿਆ ਹੋਇਆ ਹੈ ਤੇ ਗਿੱਲੇ ਗੋਹੇ ਵਾਂਗ ਧੁਖ ਰਿਹਾ ਹੈ। "ਮੁਲਕ ਮਾਹੀ ਦਾ ਵੱਸੇ ਕੋਈ ਰੋਵੇ ਤੇ ਕੋਈ ਹੱਸੇ।" ਆਉਣ ਨਾਲ ਜਾਣਾ, ਜੰਮਣ ਨਾਲ ਮਰਨਾ, ਸੁਖ ਨਾਲ ਦੁਖ, ਠੰਢ ਨਾਲ ਤਾ, ਮਿਲਾਪ ਨਾਲ ਵਿਛੋੜਾ, ਇਕ ਦੂਜੇ ਦੇ ਵਿਰੋਧੀ ਮੁੱਢੋਂ ਚਲੇ ਆਏ ਹਨ। ਇਹੋ ਹੀ ਦ੍ਵੰਦ ਸੰਸਾਰ ਦਾ ਰੂਪ ਹਨ ਤੇ ਸੰਸਾਰ ਇਹਨਾਂ ਵਿਚ ਹੀ ਵਰਤ ਰਿਹਾ ਹੈ। ਐਸੇ ਜਗਤ ਵਿਚ ਇਸਦੇ ਸੁਖਾਂ ਨਾਲ ਪਰਚਣਾ ਤੇ ਦੁੱਖਾਂ ਤੋਂ ਘਾਬਰਨਾ ਏਹ ਬੇਖਬਰੀ ਹੈ। ਸਿਰਜਣਹਾਰ ਆਪਨੀ ਇੱਛਾ ਅਨੁਸਾਰ 'ਜੋ ਕਿਛੁ ਕਰਣਾ ਸੁ ਕਰਿ ਰਹਿਆ' ਹੈ। ਮਨ ਦੇ ਸੰਸੇ ਛੱਡ ਕੇ ਉਸ ਬੇਅੰਤ ਦੀ ਬਿਅੰਤ ਲੀਲ੍ਹਾ ਦਾ ਦਿਦਾਰਾ ਕਰਨਾ ਤੇ ਉਸ ਦੇ ਪਿਆਰ ਤੇ ਯਾਦ ਵਿਚ ਰਹਿਣਾ ਅਸਲ ਸੁਖ ਹੈ।

ਇਸ ਵੇਲੇ ਸਾਡੀ ਨਜ਼ਰ ਹੇਠ ਇਕ ਸੁੰਦਰ ਰਮਣੀਕ ਸਮੁੰਦਰ ਦੇ ਕਿਨਾਰੇ ਦੀ ਇਕ ਨਗਰੀ ਹੈ। ਕੋਈ ਪੰਝੀ ਕੁ ਵਰ੍ਹੇ ਦਾ ਜਵਾਨ ਮਾਪਿਆਂ ਦਾ ਸੁੱਖੀ ਲੱਧਾ ਖਟਿਆਊ, ਕਮਾਊ, ਵਿਆਹਿਆ ਵਰਿਆ ਇਕਲੌਤਾ ਪੁੱਤਰ ਚੜ੍ਹਾਈ ਕਰ ਗਿਆ ਹੈ। ਇਸ ਵੇਲੇ ਸਮੇਂ ਦੇ ਰਿਵਾਜ ਮੂਜਬ ਘਰ ਵਿਚ ਜੋ ਪਿੱਟਾ ਕੁੱਟੀ ਇਸ ਕੜਕਦੀ ਮੌਤ ਪਰ ਪੈ ਰਹੀ ਹੈ ਸੋ ਕਹਿਣੋਂ ਬਾਹਰੀ ਹੈ। ਮਾਂ ਦੀਆਂ ਦਿਲ ਚੀਰਵੀਆਂ ਚੀਕਾਂ, ਪਿਉ ਦੇ ਠੰਡੇ ਹਾਵੇ, ਭੈਣਾਂ ਦੇ ਕਲੇਜੇ ਵਿੰਨ੍ਹਵੇਂ ਵਿਰਲਾਪ, ਭਰਾਵਾਂ ਦੇ ਦੁੱਖ ਤੇ ਸੰਤਾਪ, ਇਸਤ੍ਰੀ ਦੀਆਂ ਗੁੱਝੀਆਂ ਹਾਈ, ਆਢੀਆਂ ਗਵਾਂਢੀਆਂ ਦੇ ਹਮਸੋਸ ਤੇ ਸਾਕਾਂ ਅੰਗਾਂ ਦੇ ਕੀਰਨੇ ਅਜਿਹਾ ਕਰੁਣਾ ਰਸ ਦਾ ਸਮਾਂ ਬੰਨ੍ਹ ਰਹੇ ਹਨ ਕਿ ਰਾਹ ਚਲਦੇ ਵੀ ਕਲੇਜੇ ਫੜ ਫੜ ਕੇ ਰਹਿ ਜਾਂਦੇ ਹਨ। ਉਹ ਨਵੀਂ ਵਿਆਹੀ ਇਸਤ੍ਰੀ ਜਿਸ ਨੇ ਅਜੇ ਦੁਨੀਆਂ ਦਾ ਕੁਝ ਨਹੀਂ ਡਿੱਠਾ ਲਹਿਲਹਾਉਂਦੀ ਖੇਤੀ ਤੇ ਗੜੇ ਮਾਰ ਹੋਈ ਵਾਂਗ ਚਾਵਾਂ ਮਲ੍ਹਾਰਾਂ ਵਿਚ ਹੀ ਮਾਰੀ ਗਈ ਹੈ। ਭਾਵੇਂ ਵਿਚਾਰੀ ਲੋਕ ਲਾਜ ਦੀ ਬੱਧੀ ਮੂੰਹੋਂ ਕੁਝ ਨਹੀਂ ਉਭਾਸਰਦੀ ਪਰ ਅੰਦਰੋਂ ਆਵੇ ਦੀ ਅੱਗ ਵਾਂਗ ਤਪ ਰਹੀ ਹੈ; ਅਖਾਂ ਭਾਵੇਂ ਸੁੱਕੀਆਂ ਹਨ ਪਰ ਬਉਰਾਨੀਆਂ ਤੇ ਹੈਰਾਨੀ ਵਿਚ ਪਰੇਸ਼ਾਨ ਹਨ, ਮਾਨੋਂ ਚਿੰਤਾ ਤੇ ਸੋਚ ਦੀ ਮੂਰਤ ਬਣ ਰਹੀ ਹੈ। ਕੀ ਜਾਣੀਏਂ ਆਉਣ ਵਾਲੀ ਬਿਪਤਾ ਨੂੰ ਸਹਾਰਨ ਲਈ ਆਪਨੇ ਆਪਨੂੰ ਜਾਚ ਜਾਚ ਕੇ ਘਬਰਾ ਰਹੀ ਹੈ ਯਾ ਸਦਮੇ ਦੀ ਕਰੜਾਈ ਨੇ ਬਉਰਾ ਦਿੱਤਾ ਹੈ।

ਵੇਲਾ ਸੰਝਾਂ ਦਾ ਹੋ ਆਯਾ। ਸੰਬੰਧੀ ਮੋਏ ਪ੍ਰਾਣੀ ਨੂੰ ਸਸਕਾਰ ਕੇ ਉਸ ਦੀ ਦੇਹ ਨੂੰ ਵਿਦਾ ਕਰ ਆਏ।

SIKHBOOKCLUB.COM

ਘਰ ਵਿਚ ਹੁਣ ਇਸਤ੍ਰੀਆਂ ਦੀ ਕਾਵਾਂ ਰੌਲੀ ਤਾਂ ਮੱਠੀ ਪੈ ਰਹੀ ਹੈ। ਪਰ ਪਹਿਲੀ ਰਾਤ ਕਰਕੇ ਖ਼ਬਰੇ ਹੰਝੂ ਕੇਰਨੋਂ ਕਿਸੇ ਨੂੰ ਵੇਹਲ ਮਿਲੇ ਕਿ (ਨਾ) ਮਿਲੇ। ਵਿਧਵਾ ਇਸਤ੍ਰੀ ਭੀ ਦੜ ਵੱਟੀ ਆਪਣੇ ਪਿਆਰੇ ਪਤੀ ਦੀ ਯਾਦ ਵਿਚ ਇਕ ਖੂੰਜੇ ਬੈਠੀ ਹੁਣ ਫਿੱਸ ਪਈ ਹੈ ਤੇ ਹੌਲੇ ਹੌਲੇ ਬੁਸਕ ਰਹੀ ਹੈ। ਨੀਂਦ ਆਖਦੇ ਹਨ ਸੂਲੀ ਤੇ ਭੀ ਆ ਜਾਂਦੀ ਹੈ, ਤਿਵੇਂ ਇਸ ਨੂੰ ਬੀ ਇਕਲਵਾਂਜੇ ਬੈਠਿਆਂ ਊਂਘ ਆ ਹੀ ਗਈ। ਬੱਸ! ਊਂਘ ਦਾ ਆਉਣਾ ਹੀ ਸੀ ਕਿ ਡਰਾਉਣੇ ਰੂਪ ਤੇ ਬਿਕਰਾਲ ਸ਼ਕਲਾਂ ਦਿੱਸਣ ਲੱਗ ਪਈਆਂ। ਇਕ ਸੂਰਤ ਲਾਲ ਲਾਲ ਨੇਤ੍ਰ ਕੱਢਕੇ ਲਲਕਾਰ ਰਹੀ ਹੈ, ਕਿ ਹੇ ਪਾਪਣ ਜਿੰਦੜੀ! ਕਿਸ ਖੂੰਜੇ ਵਿਚ ਲੁਕ ਕੇ ਬੈਠ ਰਹੀ ਹੈਂ? ਤੂੰ ਮੇਰੇ ਹੱਥਾਂ ਵਿਚੋਂ ਬਚਕੇ ਨਹੀਂ ਜਾ ਸਕਦੀ। ਮੇਰਾ ਇਕੋ ਵਾਰ ਤੇਰਾ ਕੋਮਲ ਸਰੀਰ ਮਲੀਆਮੇਟ ਕਰਦੇਵੇਗਾ। ਠਹਿਰ ਜਾ! ਬਚਕੇ ਨਾਂ ਜਾਵੀਂ! ਹੁਣੇ ਮੇਰੀਆਂ ਖੂਨੀ ਦਾੜ੍ਹਾਂ ਤੇਰੀ ਹੱਡੀ ਪੱਸਲੀ ਚਬਾ ਜਾਣਗੀਆਂ। ਭੈ ਭੀਤ ਹੋਈ ਤ੍ਰੀਮਤ ਤ੍ਰਬ੍ਹਕ ਕੇ ਜਾਗ ਪਈ ਅਰ ਥਰ ਥਰ ਕੰਬਣ ਲੱਗ ਪਈ। ਪਰ ਫਿਰ ਹੌਂਸਲਾ ਕੀਤਾ ਕਿ ਇਹ ਅੱਖਾਂ ਦਾ ਛਲਾਵਾ ਸੀ, ਸੰਕਲਪਾਂ ਦਾ ਪਛੁਤਾਵਾ ਸੀ। ਵਿਚਾਰੀ ਨੇ ਇਧਰੋਂ ਮਨ ਨੂੰ ਮੋੜਿਆ ਤਾਂ ਫਿਰ ਪਿਆਰੇ ਪਤੀ ਦਾ ਚੇਤਾ ਆਯਾ ਕਿ ਕਿਸ ਤਰ੍ਹਾਂ ਸੱਚ ਮੁਚ ਮੌਤ ਨੇ ਉਸ ਨੂੰ ਰੜਕ ਲਿਆ ਹੈ, ਖ਼ਬਰੇ ਵਿਚਾਰੇ ਨੂੰ ਕੀ ਕੀ ਦੁੱਖ ਭੁਗਾ ਰਹੀ ਹੋਵੇਗੀ। ਇਨ੍ਹਾਂ ਖਿਆਲਾਂ ਦੇ ਨਾਲ ਹੀ ਫੇਰ ਊਂਘ ਦਾ ਹੁਲਾਰਾ ਆ ਗਿਆ। ਹੁਲਾਰਾ ਕਾਹਦਾ ਸੀ, ਇਕ ਉਂਘ ਦਾ ਝੂਟਾ ਸੀ, ਜਿਸ ਦੇ ਇਕ ਪਾਸੇ ਆਇਆਂ ਮਾਤ ਲੋਕ ਤੇ ਦੂਜੇ ਪਾਸੇ ਗਿਆਂ ਪਰਲੋਕ ਹੋਵੇ। ਇਕ ਹੁਲਾਰੇ ਨੇ ਉਲੱਦ ਕੇ ਇਸ ਦੁਨੀਆਂ ਵਿਚੋਂ ਦੂਜੀ ਦੁਨੀਆਂ ਵਿਚ ਪੁਚਾ ਦਿੱਤਾ। ਕਿੱਥੇ ਇਹ ਸਿਆਪੇ ਦੀ ਫੂਹੜੀ ਦੇ ਪਾਸ ਇਕ ਨੁੱਕਰ ਵਿਚ ਬੈਠੀ ਸੀ, ਕਿੱਥੇ ਧਰਮਰਾਜਾ ਦੇ ਦੇਸ਼ ਦੀ ਸੈਲ ਕਰ ਰਹੀ ਹੈ। ਹਾਇ! ਹਾਇ! ਸੀ! ਸੀ! ਪਾਹਰਿਆ, ਮਰ ਗਿਆ, ਦੁਹਾਈ ਦੀਆਂ ਦੁਹਾਈਆਂ ਆ ਰਹੀਆਂ ਹਨ। ਧਰਮ ਰਾਜਾ ਦੇ ਦਰਬਾਰ ਵੱਲ ਆਕੇ ਜਾਂ ਦੇਖਿਆ ਤਾਂ ਪਤੀ ਹੁਰੀ ਦੋ ਜਮਦੂਤਾਂ ਦੇ ਪਹਿਰੇ ਵਿਚ ਪੇਸ਼ ਹਨ, ਹਾਕਮ ਨਿਆਉਂ ਕਰ ਰਿਹਾ ਹੈ। ਇੰਨੇ ਨੂੰ ਘਰ ਵਿਚ ਕਿਸੇ ਦੇ ਆਉਣ ਪਰ ਖੱਪ ਜੋ ਪਈ ਤਾਂ ਜਾਗ ਖੁਲ੍ਹ ਗਈ।

ਇਸ ਤਰ੍ਹਾਂ ਚਾਰ ਦਿਨ ਬੀਤੇ। ਪਤੀ ਦਾ ਵਿਛੋੜਾ, ਸੰਸਾਰ ਤੋਂ ਉਦਾਸੀ, ਸਦਾ ਦੇ ਸੁਖਾਂ ਦੇ ਸੁਹਾਗ ਭਾਗ ਦਾ ਨਾਸ਼, ਮੌਤ ਦਾ ਡਰਾਵਾ ਤੇ ਪਰਲੋਕ ਦਾ ਸੁਪਨਾ, ਇਨ੍ਹਾਂ ਸਾਰਿਆਂ ਨੇ ਮਿਲਕੇ ਇਸਤ੍ਰੀ ਨੂੰ ਇਸ ਗੱਲ ਲਈ ਤਿਆਰ ਕਰ ਦਿਤਾ ਕਿ ਸੰਸਾਰ ਛੱਡਣ ਤੋਂ ਪਹਿਲੇ ਪਰਲੋਕ ਦੀ ਕੁਝ ਖੋਜ ਕਰੇ। ਇਸ ਲਈ ਇਸਨੇ ਇਕ ਬੁੱਢੀ ਮਾਈ ਨੂੰ, ਜੋ ਸਾਕਾਂ ਵਿਚੋਂ ਇਸ ਦੀ ਦਾਦੀ ਲੱਗਦੀ ਸੀ ਧਰਮ ਭਾਵ ਵਾਲੀ ਜਾਣ ਕੇ, ਆਪਣੇ ਸੁਪਨੇ ਦਾ ਤੇ ਮਨ ਦੀ ਉਪਰਾਮਤਾ ਦਾ ਹਾਲ ਹੌਲੀ ਹੌਲੀ ਕਹਿ ਸੁਣਾਯਾ। ਅੱਗੋਂ ਓਸ ਬੁੱਢੀ ਦਾਦੀ ਨੇ ਸਮੇਂ ਅਨੁਸਾਰ ਬਹੁਤ ਸਾਰੇ ਧੀਰਜ ਬਨ੍ਹਾਉਣ ਵਾਲੇ ਬਚਨ ਕਹੇ ਅਤੇ ਨਾਲ ਹੀ ਇਹ ਭੀ ਆਖਿਆ ਕਿ ਇਹ ਕਾਵਾਂਰੌਲੀ ਦੇ ਦਿਨ ਲੰਘ ਲੈਣ, ਉਪ੍ਰੰਤ ਤੇਰੇ ਲਈ ਮੈਂ ਕੋਈ ਜਪ ਤਪ ਪੁੰਨ ਦਾ ਰਸਤਾ ਕਰ ਦਿਆਂਗੀ, ਜਿਸ ਆਸਰੇ ਦਿਨ ਕਟ ਜਾਣਗੇ। ਇਸ ਬੁੱਢੀ ਮਾਈ ਨਾਲ ਸ਼ੋਕ ਦੇ ਦਿਨਾਂ ਵਿਚ ਹੀ ਇਕੁਰ ਦੀਆਂ ਗੱਲਾਂ ਕਰਦਿਆਂ ਸੁਣਦਿਆਂ ਕੁਝ ਵੈਰਾਗ ਪੱਕਾ ਹੁੰਦਾ ਗਿਆ ਤੇ ਸ਼ੋਕ ਦੇ ਦਿਨ ਵੀ ਬੀਤ ਗਏ। ਭਾਵੇਂ ਚਿੰਤਾ ਤੇ ਕਲੇਸ਼ ਅਜੇ ਬੀ ਅੱਤ ਹੈ, ਪਰ ਦੁਖੀਆ ਦੇ ਦਿਲ ਨੂੰ ਇਹ ਚਾਹ ਬੜੀ ਕਰੜੀ ਲੱਗ ਰਹੀ ਹੈ ਕਿ ਕਿਵੇਂ ਕੋਈ ਰਸਤਾ ਸ਼ਾਂਤੀ ਦਾ ਨਸੀਬ ਹੋਵੇ।

* * * * *

੨.

ਜਿਨ ਕੇ ਕੰਤ ਦਿਸਾਪੁਰੀ
ਸੇ ਅਹਿਨਿਸਿ ਫਿਰਹਿ ਜਲੰਤ॥

ਸੰਸਾਰ ਤੋਂ ਉਦਾਸ ਤੇ ਨਿਰਾਸ ਤ੍ਰੀਮਤ ਉੱਚੇ ਸੁਖਾਂ ਦੀ ਭਾਲ ਵਿਚ ਬੌਰੀ ਹੋਈ ਹੋਈ ਮਕਰੰਦ ਦੇ ਲੋਭੀ ਭੌਰੇ ਵਾਂਙੂ ਸ਼ਾਂਤੀ ਦੀ ਭਾਲ ਕਰ ਰਹੀ ਹੈ। ਓਹ ਦਾਦੀ ਕਿਸੇ ਕਾਰਣ ਕਿਤੇ ਟੁਰ ਗਈ ਹੈ, ਘਬਰਾਈ ਹੋਈ ਵਿਚਾਰੀ ਨੂੰ ਇਕ ਹੋਰ ਬੁੱਢੀ ਮਾਈ ਇਕ ਦਿਨ ਮੰਦਰ ਵਿਚ ਮਿਲ ਪੲੀ, ਧੌਲਾ ਝਾਟਾ, ਚਿਹਰੇ ਪਰ (ਝੁਰੜੀਆਂ) ਲੱਖ਼ ਜ਼ਰਾ ਕੁ ਲਿਫਿਆ ਹੋਇਆ, ਉਮਰ ਕੋਈ ੫੦,੫੫ ਦੇ ਵਿਚਕਾਰ। ਬੜੇ ਪਿਆਰ ਨਾਲ ਪੁਚਕਾਰ

ਕੇ ਪੁੱਛਣ ਲਗੀ- ''ਨੀ ਬੱਚੀ! ਤੂੰ ਜੁਆਨ ਜਹਾਨ, ਤੇਰਾ ਇਹ ਰੰਗ ਤੇ ਇਹ ਰੂਪ! ਏਡੀ ਉਦਾਸ ਕਿਉਂ ਹੈਂ? ਸੱਚ ਦੱਸ ਤੈਨੂੰ ਕੀ ਭੀੜ ਬਣੀ ਹੋਈ ਹੈ?"

ਵਿਧਵਾ— ਮਾਈ! ਮੇਰਾ ਹਾਲ ਕੁਝ ਨਾ ਪੁੱਛ, ਮੈਂ ਨਿਕਰਮਣ ਤਾਂ ਦੁਖੀ ਹਾਂ ਹੀ, ਤੂੰ ਕਿਉਂ ਸੁਣਕੇ ਦੁਖੀ ਹੋਵੇਂ?

ਬੁੱਢੀ ਮਾਈ— ਬੱਚੀ! ਦੁਖ ਸੁਣਾਇਆਂ ਹੀ ਘਟਦੇ ਹਨ, ਅੰਦਰੇ ਰਖਿਆਂ ਅੰਦਰ ਨੂੰ ਖਾ ਜਾਂਦੇ ਹਨ।

ਵਿਧਵਾ— ਮਾਂ ਜੀ! ਮੈਂ ਨਿਮਾਣੀ ਨਿਤਾਣੀ ਭਾਗਾਂ ਸੜੀ ਹਾਂ, ਸਿਰ ਦੇ ਸਾਈਂ ਨੂੰ ਗੁਆ ਬੈਠੀ ਹਾਂ, ਖਬਰੇ ਉਸ ਵਿਚਾਰੇ ਨਾਲ ਕੀ ਬੀਤਦੀ ਹੋਵੇਗੀ? ਪਰ ਮੈਨੂੰ ਤਾਂ ਇਸ ਸੰਸਾਰ ਵਿਚ ਉਸਦੇ ਪਿੱਛੋਂ ਸਰੀਰ ਸੰਭਾਲਣਾ ਬੀ ਭਾਰੂ ਹੋ ਗਿਆ ਹੈ, ਕਿਸੇ ਮੌਤੇ ਮਰਿਆ ਨਹੀਂ ਜਾਂਦਾ, ਕਲੇਜਾ ਹਰ ਵੇਲੇ ਗਿੱਲੇ ਗੋਹੇ ਵਾਂਗ ਧੁਖਦਾ ਰਹਿੰਦਾ ਹੈ, ਅਲੜ ਹਾਂ ਤੇ ਤ੍ਰੀਮਤ ਹਾਂ, ਕੁਝ ਸਮਝ ਨਹੀਂ ਪੈਂਦੀ ਕੀ ਕਰਾਂ ਤੇ ਕੀ ਨਾ ਕਰਾਂ?

ਬੁੱਢੀ ਮਾਈ— ਬੱਚੀ! ਕਰਤਾਰ ਦਾ ਭਾਣਾ, ਤੇਰੇ ਵਰਗੀ ਦਾ ਵਿਧਵਾ ਹੋ ਜਾਣਾ ਕੋਈ ਛੋਟਾ ਜਿਹਾ ਸੱਲ ਤਾਂ ਨਹੀਂ, ਪਰ ਫੇਰ ਭੀ ਮੋਇਆਂ ਨਾਲ ਮਰਿਆ ਨਹੀਂ ਜਾਂਦਾ, ਸੰਤੋਖ ਕਰ, ਧੀਰਜ ਕਰ, ਭਗਵਾਨ ਸਭ ਦੇ ਕਸ਼ਟ ਦੂਰ ਕਰਨਹਾਰਾ ਹੈ, ਤੇਰੀ ਭੀ ਉਸੇ ਸੱਚੇ ਮਾਲਕ ਨੂੰ ਸ਼ਰਮ ਹੈ, ਤੂੰ ਕਿਸ ਲਈ ਭਟਕ ਰਹੀ ਹੈਂ?

ਵਿਧਵਾ— ਇਸ ਲਈ ਕਿ ਮਨ ਦਾ ਭਟਕਣਾ ਹਟੇ, ਜੀ ਨੂੰ ਸ਼ਾਂਤੀ ਆਵੇ ਤੇ ਜਿੱਕੂੰ ਹੋ ਆਵੇ ਕਿਸੇ ਹੱਛੇ ਪਾਸੇ ਪੈ ਕੇ ਉਮਰ ਕੱਟੀ ਜਾਵੇ। ਗੁਜਾਰੇ ਮਾਤ੍ਰ ਨਿਰਬਾਹ ਤਾਂ ਮੇਰੇ ਪਾਸ ਹੈ ਪਰ ਜੀ ਨੂੰ ਧੀਰਜ ਨਹੀਂ ਆਉਂਦਾ। ਇਹ ਅੱਗ ਸਭ ਤੋਂ ਵੱਧ ਅੰਦਰ ਹੈ ਕਿ ਪਤੀ ਕਿਵੇਂ ਸੁਖੀ ਹੋ ਜਾਵੇ, ਮੈਂ ਉਸਨੂੰ ਦੁਖੀ ਡਿੱਠਾ ਹੈ, ਕਿਵੇਂ ਫੇਰ ਸੁਖੀ ਦੇਖ ਲਵਾਂ!

ਬੁੱਢੀ ਮਾਈ— (ਹੱਸ ਕੇ) ਓਹ! ਇਹ ਗੱਲ ਤਾਂ ਬੜੀ ਸੌਖੀ ਹੈ, ਤੂੰ ਚਿੰਤਾ ਨਾ ਕਰ, ਕੱਲ ਸਵੇਰੇ ਤੂੰ ਬਾਗ ਵਿਚ ਆਵੀਂ, ਮੈਂ ਤੈਨੂੰ ਇਕ ਮਾਂਦ੍ਰੀ ਜੀ ਦੇ ਚਰਨੀਂ ਪਾ ਦਿਆਂਗੀ, ਤੇਰੇ ਸਾਰੇ ਕਲੇਸ਼ ਕੱਟੇ ਜਾਣਗੇ। ਮਾਂਦ੍ਰੀ ਜੀ ਨੇ ਕਈ ਮੁਰਦੇ ਮਿਲਾਏ ਹਨ, ਪਰਲੋਕ ਸੈਲ ਕਰਨ ਚਲੇ ਜਾਂਦੇ ਹਨ, ਸੁਨੇਹੇ ਲਿਆ ਦੇਂਦੇ ਹਨ, ਦਰਸ਼ਨਾਂ ਤਕ ਕਰਵਾ ਦੇਂਦੇ ਹਨ, ਬੀਮਾਰੀਆਂ ਬੀ ਰਾਜੀ ਕਰ ਦੇਂਦੇ ਹਨ। ਸਬੱਬ ਨਾਲ ਏਥੇ ਥੋੜੇ ਦਿਨਾਂ ਲਈ ਪ੍ਰਯਾਗ ਦੇ ਕੁੰਭ ਦਾ ਮੇਲਾ ਕਰਕੇ ਆਉਂਦੇ ਹੋਏ ਠਹਿਰ ਗਏ ਹਨ। ਏਹਨਾਂ ਨੂੰ ਏਥੇ ਆਇਆਂ ਦਸ ਵੀਹ ਦਿਨ ਹੀ ਹੋਏ ਹਨ, ਪਰ ਸਵੇਰੇ ਵੇਖੀਂ ਇਕ ਮੇਲਾ ਲਗਾ ਹੁੰਦਾ ਹੈ, ਰੋਗੀ, ਗਰਜਾਂ ਵਾਲੇ, ਪ੍ਰਸ਼ਨਾਂ ਵਾਲੇ ਤੇ ਲੋੜਾਂ ਵਾਲੇ ਸੈਂਕੜੇ ਆਉਂਦੇ ਹਨ, ਹੁਣ ਦ੍ਵਾਰਕਾ ਜਾਣਾ ਨੇ।

ਵਿਧਵਾ— ਧੰਨ ਭਾਗ ਮੇਰੇ, ਮਾਈ ਜੀ! ਤੇਰਾ ਦਰਸ਼ਨ ਹੋ ਗਿਆ, ਮੈਨੂੰ ਰੁੜ੍ਹੀ ਜਾਂਦੀ ਨੂੰ ਤੁਲ੍ਹੇ ਦਾ ਸਹਾਰਾ ਮਿਲ ਗਿਆ! ਪਰ ਮਾਂ ਜੀ! ਮੈਂ ਚਾਹੁੰਦੀ ਹਾਂ ਕਿ ਜਿਸ ਵੇਲੇ ਏਕਾਂਤ ਹੋਵੇ ਓਸ ਵੇਲੇ ਮੈਂ ਪਤੀ ਜੀ ਦੇ ਸੰਦੇਸ਼ ਲਈ ਪਹੁੰਚਾਂ।

ਮਾਈ— ਸੁਹਣੀ ਗੱਲ ਹੈ, ਫੇਰ ਜ਼ਰਾ ਤੜਕੇ ਉੱਦਮ ਕਰ ਲਵੀਂ, ਪੰਜ ਵੱਜਦੇ ਸਾਰ ਅੱਪੜ ਪਵੀਂ, ਉਸ ਵੇਲੇ ਮਾਂਦ੍ਰੀ ਜੀ ਇਕੱਲੇ ਹੋਣਗੇ, ਤੇਰੀ ਸਾਰੀ ਵਿੱਥਯਾ ਸੁਣ ਲੈਣਗੇ। ਮੈਂ ਭੀ ਦੱਸ ਇਕਲਾਪੀ ਹਾਂ, ਕੀ ਕਰਾਂ? ਪਰ ਤੇਰੀ ਖ਼ਾਤਰ ਉਸ ਵੇਲੇ ਘੜੀ ਅੱਗੇ ਆ ਜਾਵਾਂਗੀ, ਤੂੰ ਮੰਦਰ ਦੇ ਬੂਹੇ ਅੱਗੇ ਮੈਨੂੰ ਉਡੀਕੀਂ!

ਵਿਧਵਾ— ਹੱਛਾ ਜੀ!

* * * * *

## ੩.

ਜਿਨੁ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥

ਇਕ ਸੁੰਦਰ ਸੰਘਣਾ ਬਾਗ, ਅੰਦਰੋਂ ਬਾਹਰੋਂ ਹਰਿਆ ਭਰਿਆ ਤੇ ਫਲਾਂ ਫੁਲਾਂ ਨਾਲ ਟਾਵਾਂ ਟਾਵਾਂ ਫਲਿਆ ਫੁਲਿਆ ਹੋਇਆ ਹੈ। ਕੋਈ ਪੰਜ ਵਜੇ ਦਾ ਸ਼ਾਂਤ ਸਤੋਗੁਣ ਦਾ ਵੇਲਾ ਹੈ। ਠੰਢੀ ਪੌਣ ਦਾ ਰੁਮਕਾ ਚਲ ਰਿਹਾ ਹੈ, ਜੀਵ ਜੰਤੂ ਮਨੁੱਖ ਚੰਗੀ ਮਿੱਠੀ ਨੀਂਦਰ ਵਿਚ ਘੂਕ ਸੁੱਤੇ ਪਏ ਹਨ। ਕਿਤੋਂ ਕੋਈ ਅਸ਼ਨਾਨ ਕਰਨ ਦੀ ਅਵਾਜ਼ ਬੀ ਆਉਂਦੀ ਹੈ। ਹਨੇਰੀ ਦ੍ਵਾਦਸ਼ੀ ਦਾ ਚੰਦ੍ਰਮਾਂ ਆਪਣੀ ਠੰਢੀ ਮੰਦ ਤੇ ਮਨ ਭਾਉਣੀ ਚਾਨਣੀ ਰੁੱਖਾਂ ਉਤੇ ਪਾ ਰਿਹਾ ਹੈ। ਅਜੇਹੇ ਵੇਲੇ ਬਾਗ ਦੇ ਅੰਦਰਵਾਰ ਦੂਰ ਜਿਹੇ ਅੱਗ ਦੀਆਂ ਲਾਟਾਂ ਨਿਕਲ ਰਹੀਆਂ ਹਨ। ਕੋਲ ਵਾਰ ਜਾਕੇ ਦੇਖੋ ਤਾਂ ਇਹ ਇਕ ਧੂਣੀ ਹੈ, ਅੱਗ ਲਟ ਲਟ ਬਲ ਰਹੀ ਹੈ, ਜਿਸ ਦੇ ਆਲੇ ਦੁਆਲੇ ਪੰਜ ਚਾਰ ਆਦਮੀ ਬੈਠੇ ਗੱਲਾਂ ਬਾਤਾਂ ਕਰ ਰਹੇ ਹਨ। ਇਹਨਾਂ ਵਿਚ ਇਕ, ਸਰੀਰ ਦੇ ਹੱਛੇ ਰਿਸ਼ਟ ਪੁਸ਼ਟ ਆਦਮੀ ਚੌਕੜੀ ਮਾਰੇ ਬੈਠੇ ਹਨ।

SIKHBOOKCLUB.COM

ਇਨਾਂ ਦਾ ਕੱਦ ਬੜਾ ਲੰਬਾ ਹੈ, ਸਿਰ ਮੂੰਹ ਤੱਛਜਾ ਮੁੱਛਜਾ ਹੈ, ਵਿਚ ਵਿਚ ਬੜੀ ਗੰਭੀਰ ਸੂਰ ਨਾਲ ਬਚਨ ਕਰਦੇ ਬੀ ਸੁਣਾਈ ਦੇਂਦੇ ਹਨ, ਇਹ ਮਾਂਦ੍ਰੀ ਜੀ ਹਨ।

ਇੰਨੇ ਤਕ ਦੋ ਤ੍ਰੀਮਤਾਂ ਦੇ ਆਉਣ ਦੀ ਪੈਖੜ ਮਾਲੂਮ ਹੋਈ ਅਰ ਮਾਂਦ੍ਰੀ ਜੀ ਝੱਟ 'ਚੁੱਪ' ਕਰਕੇ ਘੁੱਗੂ ਹੋ ਗਏ। ਸਿਰ ਨੀਵਾਂ, ਅੱਖਾਂ ਬੰਦ, ਸਰੀਰ ਸਿਥਲ ਤੇ ਸਾਹ ਘੁੱਟਵਾਂ ਚੱਲਨ ਲੱਗ ਪਿਆ। ਬ੍ਰਿਧ ਮਾਈ ਸਮੇਤ ਜੱਗਜਾਸਣ ਵਿਧਵਾ ਭੀ ਪਹੁੰਚ ਗਈ। ਇਕ ਨਰੇਲ ਤੇ ਰੁਪਯਾ ਅੱਗੇ ਰਖ ਕੇ ਦੋਵੇਂ ਜਣੀਆਂ ਬੈਠ ਗਈਆਂ।

ਮਾਈ— ਮਹਾਰਾਜ! ਆਪ ਬੜੇ ਤਾਂਤ੍ਰੀ ਹੋ, ਕਰਨ ਕਾਰਨ ਸਮਰਥ ਹੋ, ਸਭ ਦੇ ਅੰਦਰ ਦੀ ਜਾਣਨ ਹਾਰੇ ਹੋ। ਇਹ ਅਨਾਥ ਤ੍ਰੀਮਤ ਵਿਧਵਾ ਹੋ ਗਈ ਹੈ, ਮਨ ਕਿਸੇ ਤਰ੍ਹਾਂ ਖਲੋਂਦਾ ਨਹੀਂ ਸੁ, ਆਪ ਦੇ ਚਰਨਾਂ ਵਿਚ ਪਤੀ ਮਿਲਣ ਦੀ ਭਾਵਨਾ ਰੱਖਕੇ ਨੰਗੀ ਪੈਰੀਂ ਤੁਰ ਕੇ ਆਈ ਹੈ, ਜਿਉਂ ਜਾਣੋਂ ਕਿਰਪਾ ਕਰੋ, ਇਸ ਦੇ ਮਨ ਦੇ ਮਨੋਰਥ ਪੂਰੇ ਕਰੋ। ਵਿਛੁੜੀ ਕੂੰਜ ਨੂੰ ਇਕ ਵੇਰ ਦਿਦਾਰੇ ਕਰਾ ਦਿਓ।

ਇਕ ਆਦਮੀ ਕੋਲੋਂ ਬੋਲਿਆ— ਮਾਈ! ਘਬਰਾਓ ਨਹੀਂ, ਆਪ ਜੀ ਪੂਰੇ ਜੋਗੀ ਤੇ ਮਾਂਦ੍ਰੀ ਹਨ।

ਦੂਜਾ— ਨਿਸਚਾ ਕਰੋ, ਸਭ ਮਨੋਰਥ ਸਿੱਧ ਹੋਣਗੇ।

ਤੀਜਾ— ਸੂਰਗ ਦੇਖਣਾ ਚਾਹਤੀ ਹੈ, ਪਤੀ ਦਾ ਮਿਲਾਪ ਚਾਹਤੀ ਹੈ, ਸਭ ਮਿਲ ਜਾਵੇਂਗੇ।

ਵਿਧਵਾ— (ਸ਼ਰਮ ਨਾਲ) ਮੇਰੇ ਧੰਨ ਭਾਗ।

ਮਾਂਦ੍ਰੀ— ਬੇਟੀ! ਕਿਸ ਫਲ ਕੀ ਇੱਛਾ ਹੈ?

ਵਿਧਵਾ— ਕਿਸੇ ਤਰਾਂ ਪਤੀ ਜੀ ਵਲੋਂ ਹਿਰਦਾ ਠੰਢਾ ਹੋ ਜਾਵੇ ਤੇ ਮੈਂ ਚੰਗੇ ਰਾਹੇ ਲੱਗ ਜਾਵਾਂ।

ਮਾਂਦ੍ਰੀ— ਪਤੀ ਕੋ ਪ੍ਰਤੱਖ ਦੇਖੇਗੀ? ਦਰਸ਼ਨ ਕਰਾ ਦੇਵੇਂ? ਔਰ ਸੂਰਗ ਕੀ ਕੁੰਜੀਆਂ ਦੇ ਦੇਂ ਤੇਰੇ ਹਾਥ ਮੇਂ?

ਮਾਈ— ਵਾਹ ਮਹਾਰਾਜ! ਹੋਰ ਕੀ ਚਾਹੀਏ, ਜੇ ਤੁਠੇ ਹੋ ਤਾਂ ਕਰੋ ਮੇਹਰ, ਤੁਹਾਡੇ ਖਜ਼ਾਨੇ ਕਾਹਦੀ ਕਮੀ ਹੈ? ਜੇ ਏਹ ਕਰ ਦਿਓ ਤਾਂ ਨਿਰਾਸ ਤ੍ਰੀਮਤ ਨੂੰ ਹੋਰ ਕਾਹਦੀ ਲੋੜ ਹੈ?

ਇਸ ਪ੍ਰਕਾਰ ਬਚਨ ਬਿਲਾਸ ਕਰਕੇ ਦੋਵੇਂ ਮੂੰਹ ਹਨੇਰੇ ਹੀ ਘਰ ਨੂੰ ਤੁਰ ਗਈਆਂ। ਦੂਜੇ ਦਿਨ ਫੇਰ ਉਸੇ ਵੇਲੇ ਆ ਗਈਆਂ। ਗਲ ਕੀ ਰੋਜ਼ ਦਾ ਨੇਮ ਪੱਕ ਗਿਆ। ਵਿਧਵਾ ਹੁਣ ਸੋਚਦੀ ਹੈ ਕਿ ਪਤੀ ਦੇ ਪਾਸ ਬ੍ਰਹਮ ਲੋਕ ਵਿਚ ਪਹੁੰਚਣ ਦੀ ਸਿੱਕ ਪੂਰੀ ਕਰ ਦੇਣ ਦਾ ਭਰੋਸਾ ਮਾਂਦ੍ਰੀ ਜੀ ਦੇਂਦੇ ਹਨ, ਹੈਨ ਭੀ ਭਲੇ, ਜੇ ਇਨ੍ਹਾਂ ਦੇ ਆਖੇ ਨਾ ਲੱਗੀ ਤਦ ਹੋਰ ਕਿਥੋਂ ਆਸ ਪੂਰੀ ਹੋਵੇਗੀ। ਸਾਕ ਅੰਗ ਤਾਂ ਅਗੇ ਹੀ ਧਨ ਮਾਯਾ ਦੇ ਭੁੱਖੇ ਸਾਬਤ ਹੋ ਚੁਕੇ ਹਨ ਜਿਨ੍ਹਾਂ ਨੇ ਪਤੀ ਵਿਯੋਗ ਦੇ ਮਗਰੋਂ ਕਈ ਵੇਰ ਮੇਰੇ ਨਾਲ ਐਸੇ ਵਰਤਾਉ ਕੀਤੇ ਹਨ ਜੋ ਉਨ੍ਹਾਂ ਦੇ ਲਾਲਚ ਦੇ ਲਖਾਉਣ ਵਾਲੇ ਹਨ।

ਇਸ ਤਰ੍ਹਾਂ ਬੀਬੀ ਪਤੀਜਦੀ ਪਤੀਜਦੀ ਮਾਂਦ੍ਰੀ ਪਰ ਪਤੀਜ ਗਈ। ਇਕ ਦਿਨ ਜਦ ਤ੍ਰੀਮਤ ਪਤੀ ਦੇ ਬੜੇ ਵੈਰਾਗ ਤੇ ਚਾਹ ਵਿਚ ਸੀ, ਤਦ ਮਾਂਦ੍ਰੀ ਨੇ ਠੀਕ ਸਮਾਂ ਤਾੜਕੇ ਕਿਹਾ:-

ਏਕ ਪਰਬਤ ਕੀ ਸਿਖਾ ਪਰ ਜਾਨਾ ਹੋਗਾ, ਜਹਾਂ ਸੇ ਬ੍ਰਹਮ ਲੋਕ ਕੋ ਰਸਤਾ ਜਾਤਾ ਹੈ। ਹਮ ਪਰਸੋ ਉਧਰ ਕੋ ਚਲੇਂਗੇ। ਜੋ ਸੰਸਾਰ ਸੇ ਮੁਕਤ ਹੋਨੇ ਕੀ ਇੱਛਾ ਹੈ, ਪਤੀ ਕੇ ਦਰਸ਼ਨ ਕਾ ਪ੍ਰੇਮ ਹੈ, ਤੋ ਹਮਾਰੇ ਸੰਗ ਚਲੀ ਚਲੋ।

ਵਿਧਵਾ— ਮਾਂਦ੍ਰੀ ਜੀ! ਮੈਂ ਸਿਰ ਦੇ ਜ਼ੋਰ ਹਾਜ਼ਰ ਹਾਂ, ਨਾਲ ਚੱਲਣ ਨੂੰ ਤਯਾਰ ਹਾਂ, ਕਿਵੇਂ ਦੁੱਖਾਂ ਤੋਂ ਮੇਰਾ ਛੁਟਕਾਰਾ ਕਰੋ ਤੇ ਪਤੀ ਦੀ ਸਦਗਤੀ ਕਰੋ।

ਮਾਂਦ੍ਰੀ— ਅੱਛਾ ਤਿਆਰ ਰਹੋ, ਪਰਸੋਂ ਹਮ ਜਾਏਂਗੇ, ਪਰ ਏਕ ਬਾਤ ਹੈ, ਚਲਤੇ ਸਮਜ ਪੀਛੇ ਕਿਸੀ ਵਸਤੂ ਮੇਂ ਸੰਕਲਪ ਕੋ ਬੰਧਾਯਮਾਨ ਨਹੀਂ ਕਰਨਾ, ਨਹੀਂ ਤੋ ਮਨ ਸਥਿਰ ਨਹੀਂ ਹੋਗਾ।

ਵਿਧਵਾ— ਚੰਗਾ ਜੀ।

ਮਾਂਦ੍ਰੀ— 'ਇਸਤ੍ਰੀ ਧਨ' ਵਿਖੇ ਮੋਹ ਤਾਂ ਨਹੀਂ?

ਵਿਧਵਾ— ਮਹਾਰਾਜ! ਮੇਰਾ 'ਇਸਤ੍ਰੀ ਧਨ' ਨਾਲ ਕੋਈ ਮੋਹ ਨਹੀਂ ਹੈ।

ਮਾਂਦ੍ਰੀ— ਦੇਖੋ, ਜਬ ਊਹਾਂ ਚੱਲਕੇ ਚਿੱਲੇ ਬੈਠੀ, ਔਰ ਬੀਰਾਰਾਧਣ ਸ਼ੁਰੂ ਹੋਈ ਔਰ ਮੰਤ੍ਰ ਫੁਰਨ ਕੇ ਸਮੇਂ ਆਏ ਔਰ ਤੰਤ੍ਰੂੰ ਨੇ ਜ਼ੋਰ ਬਾਂਧਾ ਤੋ ਤੁਝੇ ਕਹੀਂ ਸੰਕਲਪ ਨਾ ਫੁਰੇ?

ਵਿਧਵਾ— ਫੇਰ ਮੈਂ 'ਇਸਤ੍ਰੀ ਧਨ' ਪੁੰਨ ਕਰ ਤੁਰਦੀ ਹਾਂ, ਜਾਂ ਨਾਲ ਲੈ ਚਲਦੀ ਹਾਂ।

ਮਾਂਦ੍ਰੀ— ਨਾਲ ਲੈ ਚੱਲੋ।

ਮਾਈ— ਬੱਚੀ! ਦੇਣਾ ਕਿਸ ਨੂੰ ਹਈ ਤੇ ਤੂੰ ਪਿੱਛੇ ਕਿਹਦੇ ਜੋਗਾ ਛੱਡ ਜਾਣਾ ਹੈ? ਆਪਣੀ ਜੋਖੋਂ

SIKHBOOKCLUB.COM

ਆਪਣੀ ਇਕ ਦੇ ਨਾਲ ਲਾ ਕੇ ਰੱਖੀਂ, ਨਾ ਕੋਈ ਚਿੰਤਾ ਤੇ ਨਾ ਤੌਖਲਾ। ਮਾਂਦ੍ਰੀ ਜੀ ਸੱਚ ਕਹਿੰਦੇ ਹਨ, ਪਿੱਛੋਂ ਧਿਆਨ ਆਉਣੋਂ ਨਹੀਂ ਰਹਿੰਦਾ।

ਵਿਧਵਾ— ਸੱਤ ਬਚਨ! ਮੈਂ ਪਰਸੋਂ ਸਵੇਰੇ ਹੀ ਇਥੇ ਪਹੁੰਚ ਜਾਵਾਂਗੀ।

ਗੱਲ ਕੀ ਅਗਲੇ ਹੀ ਦਿਨ ਅੱਲ੍ਹੜ ਇਸਤ੍ਰੀ ਸਹੁਰਿਆਂ ਪੇਕਿਆਂ ਦਾ ਪਾਇਆ 'ਬੁਰਾ ਦਿਨ' ਤੇ ਪਹਿਲਾ 'ਇਸਤ੍ਰੀ ਧਨ' ਅਰ ਹੋਰ ਭੀ ਜੋ ਕੁਛ ਘਰੋਂ ਢਹੇ ਚੜ੍ਹਿਆ ਲੈ ਕੇ ਕਰਾਰ ਸਿਰ ਮਾਂਦ੍ਰੀ ਜੀ ਪਾਸ ਪਹੁੰਚ ਗਈ।

ਮਾਂਡਵੀ ਤੋਂ ਟੁਰਕੇ ਜੰਮੂ ਤੱਕ ਰੇਲ ਵਿਚ ਅੱਪੜੇ, ਅੱਗੇ ਇਸ ਤੋਂ ਪੈਦਲ ਨਿਰਜਨ ਪਰਬਤਾਂ ਤੇ ਬਿਖੜੀਆਂ ਘਾਟੀਆਂ ਦਾ ਰਸਤਾ ਸ਼ੁਰੂ ਹੋਇਆ, ਜੋ ਵਿਚਾਰੀ ਇਸ ਭਰੋਸੇ ਤੇ ਤਹ ਕਰ ਰਹੀ ਹੈ ਕਿ ਬ੍ਰਹਮ ਲੋਕ ਦੇ ਬੂਹੇ ਅੱਪੜਨਾ ਹੈ।

* * * * *

੪.

ਬਾਹਰਿ ਟੋਲੈ ਸੋ ਭਰਮਿ ਭੁਲਾਹੀ।

ਆਹ ਹਾ! ਕੈਸਾ ਮਨੋਹਰ ਪਰਬਤ ਹੈ? ਕਾਲੇ ਕਾਲੇ ਪੱਥਰਾਂ ਪਰ ਸਾਵੀ ਸਾਵੀ ਬਨਾਸਪਤੀ ਕੈਸੀ ਛਬ ਦੇ ਰਹੀ ਹੈ। ਕਿਤੇ ਕਿਤੇ ਝਰਨੇ ਕਿਸ ਸੁੰਦਰਤਾ ਨਾਲ ਝਰ ਰਹੇ ਹਨ। ਸੱਚ ਮੁਚ ਕਰਤਾਰ ਦੀ ਕੁਦਰਤ ਦਾ ਨਜ਼ਾਰਾ ਦੇਖਣਾ ਹੋਵੇ ਤਾਂ ਪਰਬਤ ਹਨ, ਇਥੇ ਸਾਰੀ ਉਚਾਈ ਨਿਚਾਈ ਦੀ ਟੋਹ ਹੋ ਜਾਂਦੀ ਹੈ। ਖੱਡਾਂ ਦਾ ਭਿਆਨਕ ਪਰ ਅਨੋਖਾ ਦ੍ਰਿਸ਼ਜ ਦੇਖ ਕੇ ਅਕਲ ਹੈਰਾਨੀ ਦੇ ਥੱਲੇ ਲਹਿ ਜਾਂਦੀ ਹੈ। ਠੰਢੀ ਠੰਢੀ ਪੌਣ ਰੁਮਕ ਰੁਮਕ ਰੋਮ ਖੜੇ ਕਰਦੀ ਹੈ। ਜੰਮੂ ਤੋਂ ਟੁਰਕੇ ਜੇ ਕੋਈ ਚੰਦ੍ਰਭਗਾ ਨੂੰ ਜਾ ਮਿਲੇ ਤੇ ਫੇਰ ਇਸ ਦੇ ਉੱਤਰ ਨੂੰ ਟੁਰ ਪਏ ਜਿਧਰੋਂ ਕਿ ਇਹ ਆਉਂਦੀ ਹੈ ਤਾਂ ਅਸਚਰਜ ਨਜ਼ਾਰੇ ਦਿੱਸਦੇ ਹਨ। ਦੂਰ ਉੱਪਰ ਵਾਰ ਜਾ ਕੇ ਨਿਰਜਨ ਬਨ ਵਿਚ ਕੁਝ ਪਹਾੜ ਦੀ ਉਚਾਈ ਤੇ ਇਕ ਮਨੋਹਰ ਝਰਨੇ ਦੇ ਪਾਸ-ਜੋ ਨਦੀ ਦੇ ਸਿਰ ਉੱਪਰ ਹੈ, ਮਾਂਦ੍ਰੀ ਜੀ ਉਸ ਜਵਾਨ ਇਸਤ੍ਰੀ ਨੂੰ ਪਾਸ ਖਲਿਹਾਰੀ ਕੁਝ ਸਿੱਖ੍ਯਾ ਦੇ ਰਹੇ ਹਨ:-

ਮਾਂਦ੍ਰੀ— (ਇਕ ਪੱਥਰ ਦੀ ਸਿਲਾ ਵਲ ਸੈਨਤ ਕਰਕੇ) ਪੁੱਤ੍ਰੀ! ਇਸ ਪਰ ਬੈਠ ਜਾਓ, ਅਰ ਜੋ ਨੀਚੇ ਪਾਨੀ ਚਲ ਰਹਾ ਹੈ, ਇਸ ਮੇਂ ਇਕ ਟਕ ਧਿਆਨ ਲਗਾ ਕਰ ਦੇਖੋ। ਦੇਖਣਾਂ ਆਂਖ ਨਹੀਂ ਝਮਕਣਾ ਹੋਗਾ। ਅਗਰ ਘੁਮਾਟੀ ਆਏ ਤੋ ਨੈਣ ਮੂੰਦਕੇ ਸਮਾਧੀ ਲਗਾਣੀ। ਇਸਕੇ ਅੰਦਰ ਤੁਮਕੋ ਸਵਰਗ ਕਾ ਰਸਤਾ ਨਜ਼ਰ ਪੜੇਗਾ, ਜਬ ਪਤੀ ਅਵਾਜ਼ ਦੇ-'ਆਓ' ਤੋ ਏਕ ਦਮ ਚਲੇ ਜਾਣਾ, ਅਗਰ ਏਕ ਪਲਕ ਦੇਰ ਕਰੋਗੇ ਤੋ ਦਰਵਾਜ਼ਾ ਬੰਦ ਹੋ ਜਾਏਗਾ। ਚਿੱਤ ਇਕਾਗ੍ਰ ਕਰਕੇ ਬੈਠੋ, ਸੰਕਲਪ ਨਾਂ ਉਠੇ। ਭੈਰਵ ਭੈਰਵ ਦਿਲ ਮੇਂ ਕਰਤੀ ਰਹੋ।

ਫੇਰ ਆਲੇ ਦੁਆਲੇ ਧੂਪ ਤੇ ਗੁੱਗਲ ਧੁਖਾ ਦਿੱਤਾ। ਕੱਕੀ ਰੇਤ ਨਾਲ ਕਿੰਨੇ ਹੀ ਜੰਤ੍ਰ ਦੁਆਲੇ ਵਾਹ ਦਿੱਤੇ ਤੇ ਮੰਤ੍ਰ ਲਿਖ ਦਿਤੇ।

ਇਹ ਕੁਛ ਕਰਕੇ ਮਾਂਦ੍ਰੀ ਜੀ ਲਾਂਭੇ ਹੋਏ ਤੇ ਪਤੀ ਦੇ ਦਰਸ਼ਨ ਦੀ ਪਿਆਸੀ ਓਹ ਜੁਆਨ ਇਸਤ੍ਰੀ ਚਿਟਾਨ ਪਰ ਬੈਠਕੇ, ਜੋ ਕਿਹਾ ਗਿਆ ਸੀ, ਕਰਨ ਲੱਗ ਪਈ।

ਇਹ ਇਕ ਕੁਦਰਤੀ ਗੱਲ ਹੈ ਕਿ ਉੱਚੀ ਥਾਓਂ ਹੇਠ ਡਿੱਗਦੇ ਪਾਣੀ ਵਿਚ ਸੂਰਜ ਦੀਆਂ ਕਿਰਨਾਂ ਦਾ ਪ੍ਰਤਿਬਿੰਬ ਪੈ ਕੇ ਕਿਸੇ ਵੇਲੇ ਇਕ ਸੱਤਰੰਗੀ ਅਨੋਖੀ ਜਿਹੀ ਝਾਲ ਉਤਪਤ ਕਰ ਦੇਂਦਾ ਹੈ। ਜਿਨ੍ਹਾਂ ਨੇ ਕਦੇ ਵਗਦੇ ਖੂਹ ਦੇ ਕਿਨਾਰੇ ਬੈਠਕੇ ਹੇਠਾਂ ਡਿਗਦੀਆਂ ਛਿੱਟਾਂ ਵਲ ਦੇਖਿਆ ਹੋਵੇਗਾ ਉਹ ਇਸ ਗਲ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹਨ। ਮਾਂਦ੍ਰੀ ਦਾ ਭਾਵ ਇਹ ਸੀ ਕਿ ਸੂਰਜ ਚੜ੍ਹੇ ਇਕ ਰੰਗਾਮੇਜ਼ੀ ਰੌਸ਼ਨੀ ਦੀ ਫਟ-ਫਟਾਹਟ ਨੂੰ ਦੇਖਕੇ ਇਸ ਨੂੰ ਨਿਸ਼ਚਾ ਹੋ ਜਾਵੇਗਾ ਕਿ ਸੱਚ ਮੁੱਚ ਸੂਰਗ ਦਿੱਸਣ ਲੱਗਾ ਹੈ। ਘੰਟੇ ਦੋ ਘੰਟੇ ਦੇਖਣ ਨਾਲ ਨਜ਼ਰ ਥੱਕੀ ਹੋਈ ਹੋਵੇਗੀ, ਸਿਰ ਨੂੰ ਚੱਕਰ ਆ ਕੇ ਇਕ ਘੇਰਨੀ ਖਾਵੇਗੀ ਤੇ ਜਲ ਵਿਚ ਡਿੱਗ ਕੇ ਜਲ ਰੂਪ ਹੋ ਜਾਏਗੀ। ਜਾਂ ਮੇਰਾ ਕਿਹਾ ਝਾਉਲਾ ਬਣਕੇ ਦਿੱਸੇਗਾ ਤੇ ਇਹ ਵਾਜ ਸੁਣਕੇ ਕੁੱਦ ਪਵੇਗੀ। ਫੇਰ ਥਹੁ ਥਿੱਤਾ ਕੁਝ ਲੱਗਣਾ ਹੀ ਨਹੀਂ।

ਮਾਂਦ੍ਰੀ ਜੀ ਮਾਂਦ੍ਰੀ ਨਹੀਂ ਹਨ, ਏਹ ਮੱਧ ਹਿੰਦੁਸਤਾਨ ਦੇ ਠੱਗਾਂ ਦੇ ਇਕ ਪ੍ਰਸਿੱਧ ਟੋਲੇ ਦੇ ਇਕ ਚਲਤੇ ਪੁਰਜ਼ੇ ਹਨ, ਜਿਨ੍ਹਾਂ ਦੇ ਜਾਲ ਵਿਚ ਹਿੰਦੁਸਤਾਨ ਦੇ ਕਈ ਵਾਸੀ ਤਬਾਹ ਹੋ ਚੁਕੇ ਹਨ। ਇਨ੍ਹਾਂ ਹੀ ਠੱਗਾਂ ਦੀ ਸੰਪ੍ਰਦਾ ਦੇ ਇਕ ਵਡਕੇ 'ਸੱਜਣ' ਨੂੰ ਗੁਰੂ ਨਾਨਕ ਦੇਵ ਜੀ ਨੇ ਪਾਪ ਜੀਵਨ ਤੋਂ ਕਢਿਆ ਸੀ।

SIKHBOOKCLUB.COM

ਇਹ ਉਜੇਹੇ ਠੱਗ ਜੀ ਮਹਾਰਾਜ ਤਾਂ ਇਹ ਸਿਖਜਾ ਦੇ ਕੇ ਖਿਸਕ ਗਏ, ਪਰ ਅਜੇ ਕੋਈ ਘੜੀ ਭਰ ਹੀ ਇਸ ਨੂੰ ਬੈਠਿਆਂ ਬੀਤੀ ਸੀ ਕਿ ਪਿਛਲੇ ਪਾਸਿਓਂ ਇਕ ਹਮਦਰਦ ਅਵਾਜ਼ ਨੇ ਇਸ ਦੀ ਨਜ਼ਰ ਉਕਾ ਦਿੱਤੀ।

ਇਹ ਰੰਗ ਵਿਚ ਭੰਗ ਪਾਉਣ ਵਾਲੇ ਇਕ ਓਪਰੇ ਆਦਮੀ ਸਨ, ਜੋ ਆਪਣੇ ਖਿਆਲ ਵਿਚ ਆਪਣੇ ਮਤ ਦੇ ਪ੍ਰਚਾਰਕ ਸਨ ਤੇ ਅੱਜ ਕੱਲ ਬਿਖੜੇ ਪਹਾੜਾਂ ਦੀ ਸੈਰ ਕਰਦੇ ਫਿਰ ਰਹੇ ਸਨ। ਇਸ ਅੱਲ੍ਹੜ ਤ੍ਰੀਮਤ ਨੂੰ ਭਜਾਨਕ ਥਾਂਵੇਂ ਬੈਠੀ ਵੇਖਕੇ ਬੋਲੇ:-

ਆਦਮੀ— ਲੜਕੀ! ਤੂੰ ਏਥੇ ਕਿਸ ਵਾਸਤੇ ਬੈਠ ਰਹੀ ਹੈਂ? ਉੱਠ ਖੜੀ ਹੋ, ਹੁਣੇ ਘੇਰਣੀ ਖਾ ਕੇ ਪਾਣੀ ਵਿਚ ਡਿੱਗ ਪਏਂਗੀ, ਜਾਣ ਬੁਝ ਕੇ ਮੌਤ ਖਰੀਦਣ ਵਾਸਤੇ ਕਿਉਂ ਬੈਠੀ ਹੈਂ?

ਵਿਧਵਾ— (ਤ੍ਰਬਕ ਕੇ) ਮੈਂ ਮੌਤ ਖਰੀਦਣ ਤਾਂ ਨਹੀਂ ਬੈਠੀ, ਮੈਂ ਤਾਂ ਸੁਖਾਂ ਦੀ ਖ਼ਾਤਰ ਇਹ ਕਸ਼ਟ ਸਹਾਰੇ ਹਨ, ਤੁਸੀਂ ਜਾਓ, ਮੈਨੂੰ ਨਾਂ ਸਤਾਓ।

ਆਦਮੀ— ਮੈਨੂੰ ਇਸ ਗੱਲ ਦੀ ਸਮਝ ਨਹੀਂ ਆਉਂਦੀ ਕਿ ਏਥੇ ਬੈਠਿਆਂ ਤੈਨੂੰ ਕੇਹੜੇ ਸੁਖਾਂ ਦਾ ਬੂਹਾ ਖੁਲ੍ਹ ਜਾਵੇਗਾ? ਜੇਕਰ ਠੀਕ ਦਸੇਂ ਤਾਂ ਮੈਂ ਭੀ ਸਮਝਾਂ?

ਵਿਧਵਾ ਬੋਲਣਾ ਨਹੀਂ ਚਾਹੁੰਦੀ, ਪਰ ਉਹ ਜ਼ੋਰ ਲਾ ਲਾ ਕੇ ਪੁੱਛਦਾ ਹੈ। ਇਹ ਦਿਲ ਵਿਚ ਕਰੁਝਦੀ ਹੈ ਕਿ ਇਹ ਭੰਗ ਪਾਉਣ ਵਾਲਾ ਦੂਤ ਕਿਥੋਂ ਆ ਗਿਆ? ਪਰ ਫੇਰ ਕੁਝ ਡਰਦੀ ਵੀ ਹੈ। ਜਦ ਬਹੁਤ ਘਾਬਰਦੀ ਹੈ ਤਦ ਮਾਂਦ੍ਰੀ ਦੀ ਟੋਲ ਕਰਦੀ ਹੈ, ਪਰ ਮਾਂਦ੍ਰੀ ਦਾ ਕਿਤੇ ਮੁਸ਼ਕ ਨਹੀਂ। 'ਸ੍ਵਾਮੀ ਜੀ! ਸ੍ਵਾਮੀ ਜੀ!!' ਕਹਿਕੇ ਟਾਹਰਾਂ ਮਾਰਦੀ ਹੈ, ਪਰ ਸ੍ਵਾਮੀ ਜੀ ਤਾਂ ਛਲ ਗਏ। ਦੁਖੀਆ ਨੇ ਹੁਣ ਨਿਜ ਨੂੰ ਇਕਲਿਆਂ ਦੇਖਿਆ। ਇਹ ਇਕੱਲ ਹੋਰ ਡਰਾਉਣੀ ਹੋ ਭਾਸੀ। ਘਾਬਰਦੀ ਹੋਈ ਨੇ ਆਪਣੀ ਰਾਮ ਕਹਾਣੀ ਤੇ ਮਾਂਦ੍ਰੀ ਜੀ ਦੀ ਕ੍ਰਿਪਾ ਦਾ (ਜਿਸ ਦਾ ਅਜੇ ਤਕ ਉਸਨੂੰ ਨਿਸ਼ਚਾ ਸੀ) ਕੱਚਾ ਚਿੱਠਾ ਸੁਣਾ ਦਿੱਤਾ।

ਆਦਮੀ— ਓ ਭੋਲੀਏ! ਓਹ ਤਾਂ ਕੋਈ ਠੱਗ ਸਾਈ, ਤਾਂਤੀਆ ਭੀਲ ਦਾ ਚੇਲਾ ਸਾਈ, ਉਸ ਨੇ ਤੇਰਾ ਧਨ ਪਦਾਰਥ ਮੁੱਛ ਕੇ ਹੁਣ ਤੇਰੇ ਪ੍ਰਾਣ ਲੈਣ ਦਾ ਯਤਨ ਕੀਤਾ ਹੈ। ਉਠ ਖੜੀ ਹੋ, ਤੈਨੂੰ ਇਥੋਂ ਕੀ ਲੱਭਣਾ ਹੈ? ਚੱਲ ਤੈਨੂੰ ਸੱਚੇ ਮੁਕਤੀ ਦਾਤੇ ਦੀ ਸ਼ਰਨ ਪਾਵਾਂ ਜਿਸ ਦੀ ਓਟ ਲਿਆਂ ਕਿਸੇ ਕਰਮ ਕਰਨ ਦੀ ਲੋੜ ਬਾਕੀ ਨਹੀਂ ਰਹਿ ਜਾਂਦੀ, ਜੋ ਸਾਡੇ ਪਾਪੀ ਬੰਦਿਆਂ ਦੀ ਖਾਤਰ ਕੁਰਬਾਨ ਹੋਯਾ। ਭੋਲੀਏ! ਸੋਚ, ਜੇ ਤੇਰਾ ਮਾਂਦ੍ਰੀ ਸੱਚਾ ਆਦਮੀ ਸੀ ਤਾਂ ਦੱਸ ਗਹਿਣਿਆਂ ਦਾ ਡੱਬਾ ਕਿੱਥੇ ਹਈ? ਉਹ ਤਾਂ ਧਨ ਦਾ ਲੋਭੀ ਸੀ, ਤੇਰਾ ਬੁਚਕਾ ਚੁੱਕਕੇ ਖਿਸਕੰਤ ਹੋ ਗਿਆ ਹੈ। ਭਲੀਏ ਲੋਕੇ! ਸੁਰਗ ਦੇ ਰਸਤੇ ਹੇਠਾਂ ਹੁੰਦੇ ਹਨ? ਹੇਠਾਂ ਤਾਂ ਪਤਾਲ ਹੈ, ਧਰਤੀ ਦਾ ਪਾਟ ਹੈ, ਜਿੱਥੇ ਅੱਗ ਹੈ, ਸੁਰਗ ਉੱਪਰ ਹੁੰਦਾ ਹੈ। ਮੇਰੇ ਨਾਲ ਚੱਲ ਸੁਰਗ ਦਾ ਰਸਤਾ ਮੈਂ ਦਿਖਾਵਾਂਗਾ, ਮੌਤ ਤਾਬੇ ਮੈਂ ਕਰਾਵਾਂਗਾ ਪਤੀ ਮੈਂ ਮਿਲਾਵਾਂਗਾ। ਤ੍ਰੀਮਤ ਸੁਣਕੇ ਚਕਰਾਈ, ਗੱਲ ਕੁਛ ਦਿਲ ਲਗੀ, ਮਾਂਦ੍ਰੀ ਠੱਗ ਨਜ਼ਰ ਆਇਆ, ਪਦਾਰਥ ਤੋਂ ਖਾਲੀ ਆਪ ਨੂੰ ਉਜਾੜ ਵਿਚ ਪਾਯਾ, ਕੋਈ ਬੇਲੀ ਨਹੀਂ, ਰਸਤਾ ਨਹੀਂ, ਥਹੁ ਨਹੀਂ, ਵਤਨ ਨੇੜੇ ਨਹੀਂ, ਹਜ਼ਾਰਾਂ ਕੋਹਾਂ ਤੇ ਹੈ, ਕਰੇ ਤਾਂ ਹੁਣ ਕੀ ਕਰੇ? ਸਿਵਾਏ ਇਸ ਦੇ ਕਿ ਜੋ ਪਾਸ ਖੜਾ ਹੈ ਉਸ ਦਾ ਸਹਾਰਾ ਲਵੇ। ਉਹ ਗੱਲਾਂ ਪਿਆਰ ਦੀਆਂ ਕਰਦਾ ਹੈ, ਫੱਟਾਂ ਤੇ ਮਲ੍ਹਮ ਲਾਉਂਦਾ ਦਿੱਸਦਾ ਹੈ, ਉਮੈਦਾਂ ਦੇਂਦਾ ਹੈ। ਠੱਗਜਾ ਦਿਲ ਡਰਦਾ ਹੈ ਕਿ ਕਿਸੇ ਹੋਰ ਠੱਗੀ ਵਿਚ ਨਾ ਫਸਾਂ, ਪਰ ਹੁਣ ਪਾਸ ਹੈ ਹੀ ਕੀਹ ਜੋ ਠਗੀਜਣਾ ਹੈ? ਹਾਂ, ਸਤਿ ਧਰਮ ਹੈ, ਇਸ ਨੂੰ ਠੱਗਣ ਵਾਲਾ ਨਾਂ ਕੋਈ ਮਿਲ ਪਵੇ। ਪਰ ਕਰੇ ਬੀ ਕੀ? ਆਖ਼ਰ ਅਬਲਾ ਨੇ ਜੀ ਵਿਚ ਠਾਣੀ ਕਿ ਜੋ ਹੋਈ ਸੋ ਹੋਈ, ਡੁਬਦੇ ਨੂੰ ਤੀਲੇ ਦਾ ਸਹਾਰਾ ਲਓ, ਤੇ ਚੱਲੋ। ਜੇ ਕਿਤੇ ਇਹ ਭੀ ਠੱਗ ਨਿਕਲਿਆ, ਤਦ ਦੇਖੀ ਜਾਊ। ਹੁਣ ਘਰ ਜਾਣ ਜੋਗੀ ਤਾਂ ਰਹੀ ਨਹੀਂ, ਤੇ ਜੇ ਇਹ ਚੰਗਾ ਨਿਕਲਿਆ, ਤਦ ਧੰਨ ਭਾਗ! ਗੱਲ ਕੀ ਉਸ ਆਦਮੀ ਦੀਆਂ ਮਿੱਠੀਆਂ ਗੱਲਾਂ ਪਰ ਪਤੀਜ ਕੇ ਵਿਧਵਾ ਨਾਲ ਹੋ ਤੁਰੀ। ਜੀ ਵਿਚ ਸੋਚਿਆ ਕਿ ਮਰਦ ਹੈ, ਮੇਰੇ ਨਾਲੋਂ ਹਜ਼ਾਰ ਗੁਣਾਂ ਅਕਲ ਵਾਲਾ ਹੈ, ਮੈਨੂੰ ਮਰਦੀ ਨੂੰ ਬਚਾਇਆ ਸੂ, ਮੇਰੀ ਸਮਝ ਵਿਚ ਤਾਂ ਇਹ ਗੱਲ ਆਈ ਹੀ ਨਹੀਂ ਸੀ, ਅੰਤ ਹੁਣ ਇਹ ਮੇਰੇ ਬੁਰੇ ਦੀ ਥੋੜੀ ਦੱਸਦਾ ਹੈ। ਇਉਂ ਸੋਚ ਕੇ ਉਸ ਮਰਦ ਦੇ ਨਾਲ ਬੀਬੀ ਚਲੀ ਗਈ ਤੇ ਕਿਸੇ ਚੰਗੇ ਸ਼ਹਿਰ ਪੁਚਾਈ ਗਈ ਜਿਥੇ ਬੜੀਆਂ ਖ਼ਾਤਰਾਂ ਤੇ ਉਪਦੇਸ਼

SIKHBOOKCLUB.COM

ਹੋਏ। ਅੰਤ ਸਿੱਟਾ ਇਹ ਹੋਇਆ ਕਿ ਤ੍ਰੈ ਮਹੀਨੇ ਬਾਦ ਕਿਸੇ ਹਫਤੇ ਵਿਚ ਐਤਵਾਰ ਦੇ ਦਿਨ ਗਿਰਜੇ ਵਿਚ ਇਸ ਨੂੰ ਬਪਤਿਸਮਾਂ ਦਿੱਤਾ ਗਿਆ, ਮਿੱਸ ਡ੍ਰਮੇਲੀ ਇਸਦਾ ਨਾਮ ਰੱਖਿਆ ਗਿਆ ਤੇ ਇਕ ਮਿੱਸ ਦੇ ਸਪੁਰਦ ਉਸ ਦੀ ਧੀ ਬਣਾਕੇ ਕੀਤੀ ਗਈ ਕਿ ਇਸ ਨੂੰ ਆਪਣੇ ਧਰਮ ਦੀ ਵਿੱਦਜਾ ਪੜ੍ਹਾਵੇ।

ਅਜੇ ਦੋ ਮਹੀਨੇ ਇਸ ਦੇ ਲਾਡਾਂ, ਪਿਆਰਾਂ ਤੇ ਚਾਵਾਂ ਮਲਹਾਰਾਂ; ਨਵੀਂ ਤਰ੍ਹਾਂ ਦੇ ਲਿਬਾਸਾਂ ਦੀ ਖੁਸ਼ੀ ਦੇ ਧਰਮੀ ਮਾਂ ਨਾਲ ਪੜ੍ਹਦੇ ਸੁਣਦੇ ਸੈਰਾਂ ਕਰਦੇ ਬੀਤੇ ਹੋਣਗੇ ਕਿ ਇਸ ਪਾਸ ਵਿਜ਼ਟਿੰਗ ਕਾਰਡ (ਮੁਲਾਕਾਤੀ ਪੁਰਜ਼ੇ) ਤੇ ਲੁਕਵੇਂ ਛਿਪਵੇਂ ਇਸ਼ਾਰੇ ਸ਼ਾਦੀ ਦੇ ਆਰੰਭ ਹੋ ਗਏ। ਕਾਲੇ ਕਾਲੇ, ਕੋਈ ਚੂਹੜਿਓਂ ਤੇ ਕੋਈ ਚਮਿਆਰੋਂ ਕਰਾਨੀ ਹੋਇਆਂ ਹੋਇਆਂ ਵਲੋਂ ਭੀ ਇਹੋ ਜਿਹੇ ਸੰਦੇਸੇ ਮਿਲੇ। ਹਿੰਦੂ ਧਰਮ ਦੇ ਉੱਚੇ ਕਰਮ ਕਾਂਡ ਵਾਲੇ ਤੇ ਜੈਨੀ ਪੋਖੇ ਵਿਚ ਪਲੀ ਕੁੜੀ ਨੂੰ ਉਨ੍ਹਾਂ ਨੂੰ ਵੇਖਕੇ ਉਛਾਹਣ ਆਵੇ। ਬ੍ਰਾਹਮਣ ਪੁਣੇ ਦਾ ਮਾਨ ਤੇ ਸੁੱਚ ਰਖਣ ਵਾਲੀ ਨੂੰ ਤੇ ਪਤੀ ਦੇ ਵਿਛੋੜੇ ਨਾਲ ਸੱਲੀ ਹੋਈ ਵਿਧਵਾ ਨੂੰ, ਪਤੀਬ੍ਰਤਾ ਦੇ ਖਿਆਲਾਂ ਵਿਚ ਜੰਮੀ ਜਾਈ ਨੂੰ, ਜਿਸਨੇ ਕਦੇ ਦੂਜੇ ਵਿਆਹ ਦਾ ਨਾਮ ਕੰਨੀਂ ਨਹੀਂ ਸੁਣਿਆ ਸੀ, ਤੱਕ ਤੱਕ ਕੇ ਸੂਗ ਆਵੇ ਤੇ ਇਹ ਗੱਲ ਸਹਾਰ ਨਾ ਸਕੇ। ਦੋ ਤ੍ਰੈ ਮਹੀਨੇ ਇਨ੍ਹਾਂ ਗਾਹਕਾਂ ਦੀਆਂ ਗੱਲਾਂ ਨਾਲ ਸੜ ਕੇ ਕੋਲੇ ਹੋ ਗਈ। ਉਸ ਦੇ ਦਿਮਾਗ ਵਿਚ ਦੂਜੇ ਵਿਆਹ ਦਾ ਖਯਾਲ ਇਕ ਪਰਮ ਪਾਪ ਜੰਮਿਆਂ ਹੋਇਆ ਸੀ। ਡਰਦੀ ਆਖਦੀ ਨਹੀਂ ਸੀ, ਪਰ ਅੰਦਰ ਦੇ ਪੱਕੇ ਖਿਆਲ ਦੇ ਜੰਮੇ ਵਿਚਾਰ ਕਦ ਢਹਿੰਦੇ ਹਨ? ਰੋਯਾ ਕਰੇ ਤੇ ਕਿਹਾ ਕਰੇ, ਹੇ ਭਗਵਾਨ! ਮੇਰਾ ਕੋਈ ਵੀ ਦਰਦੀ ਨਹੀਂ, ਸਹੇੜਿਆ ਸੀ ਸੁਖ ਨੂੰ ਉਲਟੇ ਦੁਖ ਹੋਰ ਵਾਧੇ ਦੇ ਗਲੇ ਪੈ ਗਏ। ਜਾਂ ਤਾਂ ਹੇ ਪ੍ਰਮਾਤਮਾ! ਇਸ ਦੇਹੀ ਤੋਂ ਛੁਟਕਾਰਾ ਕਰ ਤੇ ਜਾਂ ਕੁਝ ਸੁਖ ਦੀ ਡੌਲ ਬਣਾ, ਮੈਂ ਇਨ੍ਹਾਂ ਮੁਕਤੀ ਦਾਤੇ ਬਾਲਕਿਆਂ ਦੇ ਹੱਥੋਂ ਨੱਕ ਜਿੰਦ ਆ ਗਈ ਹਾਂ। ਦਰਖਾਸਤੀਆਂ ਨੂੰ ਤਾਂ ਉਹ ਹੀਲੇ ਬਹਾਨੇ ਕਰ ਕੇ ਟਾਲ ਦੇਵੇ, ਪਰ ਉਂਞ ਲੱਗੀ ਵਿਚੋਂ ਵਿਚ ਗਿੱਲੇ ਗੋਹੇ ਵਾਂਗ ਧੁਖਣ। ਅੱਗਾ ਕੁਝ ਸੁਝਦਾ ਨਹੀਂ, ਪਿੱਛਾ ਦੂਰ ਰਹਿ ਗਿਆ, ਨਾ ਸਹੁਰਿਆਂ ਦੇ ਮੱਥੇ ਲੱਗਣ ਜੋਗੀ ਨਾ ਪੇਕਿਆਂ ਦੇ, ਇਥੇ ਰਿਹਾਂ ਬਣਦੀ ਨਹੀਂ, ਦਿਨ ਕਟੀ ਦਾ ਜੋ ਆਸਰਾ ਸੀ ਉਹ ਠੱਗ ਮਾਂਦ੍ਰੀ ਦੀ ਭੇਟਾ ਹੋ ਗਿਆ ਹੈ, ਜਾਵੇ ਤਾਂ ਕਿੱਥੇ ਜਾਵੇ ਤੇ ਕਰੇ ਤਾਂ ਕੀ ਕਰੇ? ਵਿਚਾਰੀ ਦਾ ਜੀ ਐਸਾ ਅਵਾਜ਼ਾਰ ਹੋਇਆ ਕਿ ਨਾਂ ਖਾਣ ਦਾ ਸੁਆਦ ਰਿਹਾ, ਨਾਂ ਪੀਣ ਦਾ। ਸੁਰਗ ਦਾ ਰਾਹ ਏਥੇ ਬੀ ਨਾਂ ਦਿੱਸਿਆ। ਹਾਂ, ਇਸ ਦੇ ਰੂਪ ਦੇ ਵਪਾਰੀ ਬਥੇਰੇ ਆ ਗਏ, ਭਾਵੇਂ ਉਹ ਵਿਆਹ ਨੂੰ ਪੁੰਨ ਸਮਝਕੇ ਜਾਂ ਧਰਮ ਦਾ ਸੰਬੰਧ ਸਮਝਕੇ ਆਉਂਦੇ ਹੋਣਗੇ ਪਰ ਇਹ ਵਿਚਾਰੀ ਤਾਂ ਮੌਤ ਦੇ ਸੁਪਨੇ ਤੇ ਪ੍ਰਲੋਕ ਦੇ ਪਤੇ ਕੱਢਣ ਦੀ ਚਾਹ ਵਿਚ ਮਗਨ ਸੀ ਤੇ ਇਸੇ ਗਲ ਦੇ ਪੂਰਾ ਹੋ ਸਕਣ ਦੀ ਆਸ ਤੇ ਇਥੇ ਆਈ ਸੀ। ਉਸ ਨੂੰ ਵਿਆਹ ਦੀ ਗਲ ਦਾ ਇਕ ਭਾਰੀ ਕਲੇਸ਼ ਹੋ ਗਿਆ। ਮਾਂਦ੍ਰੀ ਜੋ ਧਨ ਦਾ ਠੱਗ ਸੀ ਤਾਂ ਏਥੇ ਬੀ ਆਤਮਾਂ ਨੂੰ ਠੰਢ ਪੈਣ ਦੀ ਥਾਂ ਰੂਪ ਦੀ ਸੌਦਾਗਰੀ ਛਿੜ ਪਈ ਉਸਨੂੰ ਦਿੱਸਦੀ ਸੀ, ਉਹ ਜੋ ਸੁਰਗ ਦੇ ਦਰਸ਼ਨਾਂ ਦੇ ਕਰਾਰ ਸਨ ਪੂਰੇ ਨਹੀਂ ਹੋਏ, ਪਤੀ ਦੇ ਦਰਸ਼ਨ ਨਹੀਂ ਹੋਏ। ਜੋ ਉੱਚੀਆਂ ਆਸਾਂ ਉਹ ਧਾਰੀ ਬੈਠੀ ਸੀ, ਉਨ੍ਹਾਂ ਦੀ ਉਸ ਨੂੰ ਮੁਸ਼ਕ ਭੀ ਨਹੀਂ ਲੱਭੀ ਸੀ। ਖ਼ਬਰੇ ਕਹਿਣ ਵਾਲੇ ਦਾ ਕੀ ਮੰਤਵ ਸੀ ਤੇ ਇਸਦਾ ਕੀ ਮਨੋਰਥ ਸੀ? ਹੁਣ ਇਸਨੂੰ ਦਿਨ ਰਾਤ ਇਸ ਫਾਹੀ ਵਿਚੋਂ ਨਿਕਲਣ ਦਾ ਫਿਕਰ ਲੱਗਾ ਰਹੇ। ਅੱਕ ਕੇ ਇਕ ਦਿਨ ਇਕ ਬੁੱਢੀ ਮਾਈ ਅੱਗੇ (ਜੋ ਜ਼ਾਤ ਦੀ ਮੁਸਲਮਾਨੀ ਸੀ ਤੇ ਏਥੇ ਆਯਾ ਦਾ ਕੰਮ ਕਰਦੀ ਸੀ) ਭੇਤ ਭੰਨ ਹੀ ਦਿੱਤਾ। ਪਹਿਲੇ ਤਾਂ ਫੁੱਟ ਫੁੱਟ ਕੇ ਰੋਈ, ਫੇਰ ਆਪਣੀ ਸਾਰੀ ਵਿਥਿਆ ਸੁਣਾਈ:- 'ਮਾਈ! ਮੈਂ ਦੇਖ ਲਿਆ ਹੈ, ਏਥੇ ਮੇਰਾ ਇਸ ਵੇਲੇ ਕੋਈ ਨਹੀਂ, ਤੂੰ ਹੀ ਇਸ ਵੇਲੇ ਕੋਈ ਰੱਬ ਤਰਸੀ ਕਰ ਮੈਨੂੰ ਏਥੋਂ ਕੱਢ, ਮੈਂ ਟੁੱਕਰ ਮੰਗ ਖਾਵਾਂਗੀ।'

ਮਾਈ— ਬੇਟੀ! ਤੇਰੇ ਤੋਂ ਸਦਕੇ ਜਾਵਾਂ, ਤੂੰ ਉਦਾਸ ਨਾ ਹੋ, ਮੈਂ ਤੇਰੀ ਬੰਦ ਖਲਾਸ ਕਰਾਵਾਂਗੀ, ਜ਼ਰਾ ਧੀਰਜ ਕਰ; ਏਥੇ ਮੇਰੀ ਪਤ ਅਬਰੋ ਦੀ ਨੌਕਰੀ ਬਣੀ ਹੋਈ ਹੈ, ਕਿਸੇ ਢੰਗ ਸਿਰ ਤੈਨੂੰ ਕੱਢਾਂਗੀ, ਹਾਲੇ ਜ਼ਰਾ ਦੰਦਾਂ ਹੇਠ ਜੀਭ ਦੇਹ।

ਇਸ ਤਰ੍ਹਾਂ ਪੰਜ ਚਾਰ ਦਿਨ ਪਿੱਛੋਂ ਹੀ ਜਦ ਕਿ ਇਸ ਦੁਖੀਆ ਦੀ ਧਰਮ ਮਾਂ ਕਿਤੇ ਵਾਂਢੇ ਗਈ ਹੋਈ ਸੀ, ਮਾਈ ਦੀ ਸਲਾਹ ਤੇ ਸਿਖਾਉਤ ਤੇ ਬੰਦੋਬਸਤ ਨਾਲ ਇਹ ਬੀਬੀ ਉਸ ਮਾਈ ਦੀ ਭੈਣ ਦੇ ਘਰ ਲਾਹੌਰ ਪਹੁੰਚਾਈ ਗਈ।

* * * * *

੫.

ਕਬੀਰ ਬਨ ਕੀ ਦਾਧੀ ਲਾਕਰੀ ਠਾਢੀ ਕਰੈ ਪੁਕਾਰ॥
ਮਤਿ ਬਸਿ ਪਰਉ ਲੁਹਾਰ ਕੇ ਜਾਰੈ ਦੂਜੀ ਬਾਰ॥੯੦॥

ਲਾਹੌਰ ਸ਼ਹਿਰ ਦੀ ਵੱਡੀ ਮਸੀਤ ਨੂੰ ਕੌਣ ਨਹੀਂ ਜਾਣਦਾ, ਇਸਦੇ ਉੱਚੇ ਮੁਨਾਰੇ ਤੇ ਆਲੀਸ਼ਾਨ ਇਮਾਰਤ ਸੱਚ ਮੁੱਚ ਹੀ ਦੇਖਣੇ ਦੇ ਲਾਇਕ ਹੈ। ਹੋਰ ਦਿਨਾਂ ਵਿਚ ਤਾਂ ਏਥੇ ਵਾਜਬੀ ਰੌਣਕ ਹੁੰਦੀ ਹੈ, ਪਰ ਜੁਮੇ (ਸ਼ੁੱਕਰ) ਦੇ ਦਿਨ ਏਥੇ ਚੰਗਾ ਭੀੜ ਭੜੱਕਾ ਹੁੰਦਾ ਹੈ। ਅਠਵਾਰੇ ਦੇ ਕੱਠੇ ਹੋਏ ਹੋਏ ਇਸਲਾਮ ਦੇ ਅਭਿਲਾਖੀਆਂ ਨੂੰ ਬਹੁਤਾ ਇਸੇ ਦਿਨ ਤੇ ਇਸੇ ਥਾਂ ਹੀ ਦੀਨ ਵਿਚ ਰਲਾਇਆ ਜਾਂਦਾ ਹੈ। ਇਕ ਜੁਮੇ ਦੇ ਦਿਨ ਇਸੇ ਮਸਜਿਦ ਵਿਚ ਮਿੱਸ ਡੁਹੇਲੀ ਭੀ ਆਪਣਾ ਤੀਜਾ ਨਵਾਂ ਜਨਮ ਲੈਣ ਵਾਸਤੇ ਹਾਜ਼ਰ ਹੋਈ ਹੋਈ ਹੈ। ਚਹੁੰ ਪਾਸਿਆਂ ਤੋਂ ਮੁਬਾਰਕਾਂ ਤੇ ਵਧਾਈ ਦੀਆਂ ਅਵਾਜ਼ਾਂ ਇਸਦੇ ਕੰਨਾਂ ਵਿਚ ਪੈ ਰਹੀਆਂ ਹਨ ਕਿ ਤੇਰੀ ਚੰਗੀ ਕਿਸਮਤ ਹੈ ਜੋ ਤੂੰ ਮਰਨ ਤੋਂ ਪਹਿਲੇ ਇਸ ਸਚੇ ਦੀਨ ਵਿਚ ਸ਼ਾਮਲ ਹੋ ਗਈ ਹੈਂ। ਨਬੀ- ਰਸੂਲਿੱਲਾ- ਤੇਰੀ ਸਫ਼ਾਇਤ ਭਰਨਗੇ, ਬਹਿਸ਼ਤਾਂ ਤੇ ਤੇਰਾ ਹੁਕਮ ਹੋਵੇਗਾ। ਇਹ ਭੀ ਉਸ ਵੇਲੇ ਫੁੱਲੀ ਨਹੀਂ ਸਮਾਉਂਦੀ ਸੀ, ਇਕ ਉਧਰ ਦਾ ਛੁਟਕਾਰਾ, ਦੂਜੇ ਮਾਈ ਦੀਆਂ ਗੱਲਾਂ ਦਾ ਸਹਾਰਾ, ਭਾਰਾ ਉਤਸਾਹ ਦੇ ਰਿਹਾ ਸੀ। ਭਾਵੇਂ ਕਲਮਾਂ ਆਖਣਾ ਨਹੀਂ ਆਉਂਦਾ ਸੀ, ਪਰ ਉਸ ਵੇਲੇ ਜਿਵੇਂ ਬਨ ਪਿਆ ਕਿਹਾ, ਨਵੇਂ ਦੀਨ ਦੀ ਬੇੜੀ ਚੜ੍ਹ ਬੈਠੀ। ਮੌਲਵੀਆਂ ਨੇ ਗ਼ੁਲਾਮ ਫ਼ਾਤਮਾਂ ਨਾਮ ਰੱਖਜਾ ਤੇ ਫੁਰਮਾਯਾ ਕਿ 'ਕੋਈ ਇਸ ਨੂੰ ਤਾਲੀਮ ਦੇਵੇ ਜੋ ਇਹ ਪੂਰੀ ਬਾ-ਈਮਾਨ ਹੋ ਜਾਵੇ। ਇਸ ਲਈ ਕੋਈ ਬੰਦਾ ਲਿੱਲਾ ਇਸ ਦਾ ਅਤਾਲੀਕ (ਸਿੱਖਜਾ ਦੇਣ ਵਾਲਾ) ਬਣਨ ਦਾ ਬੀੜਾ ਉਠਾਵੇ।' ਇਸ ਪਰ ਇਕ ਮੌਲਵੀ ਸਾਹਿਬ ਨੇ ਹਾਂ ਕਰ ਦਿੱਤੀ ਤੇ ਇਕਰਾਰ ਕੀਤਾ ਕਿ ਮੈਂ ਇਸ ਬੀਬੀ ਨੂੰ ਰੋਜ਼ ਦੀਨ ਦੀ ਸਿੱਖਜਾ ਦਿਆ ਕਰਾਂਗਾ।

ਆਸਰਜ ਇਹ ਹੈ ਕਿ ਦੋ ਸਦਮੇਂ ਖਾ ਹਟੀ ਤ੍ਰੀਮਤ ਇਸ ਤੀਸਰੇ ਜਾਮੇ ਵਿਚ ਕਿਵੇਂ ਵੜੀ? ਇਸ ਦਾ ਸੰਖੇਪ ਵੇਰਵਾ ਇਹ ਹੈ: ਇਸਨੂੰ ਨਵੇਂ ਘਰ ਪਹੁੰਚਦੇ ਹੀ ਇਕ ਦੀਨਦਾਰ ਫਕੀਰ ਨੇ ਕਾਬੇ ਵਲ ਮੂੰਹ ਕਰਕੇ ਬੈਠਣਾ ਤੇ ਤਿੰਨ ਘੰਟੇ ਆਇਤ ਕਰੀਮਾਂ ਦਾ (ਗ਼ਲਤ ਫਲਤ) ਪਾਠ ਕਰਨਾ ਸਿਖਾਇਆ ਅਰ ਕੁਛ ਹੋਰ ਸਾਧਨ ਦੱਸੇ। ਐਸਾ ਕਰਨ ਨਾਲ ਕਦੇ ਕਦੇ ਤੰਦ੍ਰਾ ਜੇਹੀ ਆ ਜਾਵੇ ਅਰ ਪਤੀ ਦਾ ਰੂਪ ਦਿੱਸੇ। ਕਦੇ ਇਹ ਕੁੜੀ ਦੀਆਂ ਅੱਖਾਂ ਤੇ ਹੱਥ ਰੱਖਕੇ ਮਲ ਦਿਆ ਕਰਨ ਤਾਂ ਨੂਰ ਦੇ ਕਈ ਕ੍ਰਿਸ਼ਮੇ ਦਿੱਸ ਪਿਆ ਕਰਨ। ਨਾਲ ਬੁੱਲ੍ਹੇ ਸ਼ਾਹ ਦੀਆਂ ਕਾਫੀਆਂ ਕਈ ਕਵਾਲੀਆਂ ਵਿਚ ਸੁਣਾਈਆਂ, ਏਹਨਾਂ ਗੱਲਾਂ ਨੇ ਭੋਲੀ ਨੂੰ ਆਸ ਬਨ੍ਹਾ ਦਿੱਤੀ ਸੀ ਕਿ ਸੁਰਗ ਦਾ ਰਸਤਾ ਏਥੇ ਹੈ ਅਰ ਕਲਮੇ ਦੇ ਲੈਣ ਬਾਦ ਸੁਰਗ ਦਾ ਦਰਵਾਜ਼ਾ ਖੁੱਲ੍ਹ ਪੈਣਾ ਹੈ।

ਗੱਲ ਕੀ ਹੁਣ ਨਵੇਂ ਮੌਲਵੀ ਜੀ ਆਪਣੇ ਇਕਰਾਰ ਸਿਰ ਰੋਜ਼ ਆਉਂਦੇ, ਕੁਝ ਸੁਣਾ ਜਾਂਦੇ, ਕੁਝ ਮੂੰਹੋਂ ਕਹਾ ਜਾਂਦੇ। ਦਸ ਬਾਰਾਂ ਦਿਨ ਹੀ ਪਾਕੇ ਮੌਲਵੀ ਜੀ ਦਾ ਖਿਆਲ ਇਸਤ੍ਰੀ ਦੇ ਏਸ ਭਲੇ ਦਾ ਹੋ ਗਿਆ ਕਿ ਇਹ ਇਕੱਲੀ ਨਾ ਰਹੇ। ਇਕ ਦਿਨ ਗੱਲੀਂ ਗੱਲੀਂ ਜਣਾ ਦਿੱਤਾ ਕਿ ਮੇਰੀ ਪੰਜਾਹ ਰੁਪਏ ਮਹੀਨੇ ਦੀ ਆਮਦਨ ਹੈ, ਬੜਾ ਮੰਨਜਾਂ ਪਰਮੰਨਜਾਂ ਤੇ ਉੱਚੀ ਜ਼ਾਤਿ ਦਾ ਆਦਮੀ ਹਾਂ। ਫੇਰ ਇਹ ਮੁਹਾਰਨੀ ਛੇੜ ਦਿੱਤੀ ਕਿ ਤੈਨੂੰ ਕਿਸੇ ਦੇ ਹੱਕ ਵਿਚ ਹੋ ਕੇ ਬੈਠ ਜਾਣਾ ਚਾਹੀਦਾ ਹੈ, ਖ਼ੁਦਾ ਤੇ ਖ਼ੁਦਾ ਦੇ ਰਸੂਲ ਦਾ ਏਹੋ ਹੁਕਮ ਹੈ ਕਿ ਬਿਨਾਂ ਖਾਵੰਦ ਦੇ ਔਰਤ ਦਾ ਈਮਾਨ ਠੀਕ ਨਹੀਂ ਰਹਿੰਦਾ।

ਭਾਵੇਂ ਮੌਲਵੀ ਸਾਹਿਬ ਨੇ ਬਚਨ ਭੀ ਬੜੇ ਕੋਮਲ ਕਹੇ ਤੇ ਉਂਞ ਭੀ ਉਹ ਮੂੰਹ ਚਿੱਤ ਲਗਦੇ ਸਨ, ਪਰੰਤੂ ਇਹ ਭੀ ਉੱਪਰੋਂ ਥਲੀ ਠੇਡੇ ਖਾਕੇ ਡਾਵਾਂ ਡੋਲ ਹੋ ਹੋ ਕੇ ਕੁਛ ਸੋਚਵਾਨ ਹੋ ਚੁਕੀ ਹੋਈ ਸੀ; ਇਹ ਵੀ ਜਾਣਦੀ ਸੀ ਕਿ ਮੁਸਲਮਾਨਾਂ ਵਿਚ ਦੂਜਾ ਵਿਆਹ ਕਰਨਾ ਕੁਝ ਬੁਰੀ ਗੱਲ ਨਹੀਂ, ਪਰ ਇਸਦੇ ਦਿਲ ਵਿਚ ਜਮਾਂਦਰੂ ਦੂਜੇ ਵਿਆਹ ਤੋਂ ਘ੍ਰਿਣਾਂ ਬੈਠੀ ਹੋਈ ਸੀ ਤੇ ਪਤੀ ਦੇ ਮਿਲਣ ਦੀ ਲਾਲਸਾ ਤੇ ਪਤਿਬ੍ਰਤਾ ਧਰਮ ਦੇ ਜਨਮੋਂ ਸਿੱਖੇ ਆਪਣੇ ਧਰਮ ਦੇ ਖਿਆਲ ਜੰਮੇਂ ਪਏ ਸੇ। ਇਸ ਨੇ ਸੁਣਕੇ ਬੜੀ ਉਦਾਸੀ ਤੇ ਨਿਰਾਸਤਾ ਵਿਚ ਠੰਢਾ ਹਾਹੁਕਾ ਭਰਿਆ ਤੇ "ਮੂਸਾ ਨੱਠਾ ਮੌਤ ਤੋਂ ਅੱਗੇ ਮੌਤ ਖੜੀ" ਵਾਲੀਆਂ ਸੋਚਾਂ ਸੋਚਦੀ ਜ਼ਰਾ ਪਰੇ ਹੋਈ ਤੇ ਬੋਲੀ, ਮੈਂ ਅਜੇ ਕੁਝ ਇਸ ਗੱਲ ਦਾ ਉੱਤਰ ਨਹੀਂ ਦੇ ਸਕਦੀ, ਹਾਲੇ ਮੈਂ ਬੀਮਾਰ ਹਾਂ, ਤੁਸਾਂ ਕੁਝ ਦਿਨ ਆਉਣ ਦੀ ਖੇਚਲ ਭੀ ਨਾ ਕਰਨੀ, ਮੈਂ ਰਾਜ਼ੀ ਹੋਕੇ ਆਪ ਹੀ ਅਰਜ਼ ਕਰ ਭੇਜਾਂਗੀ।

SIKHBOOKCLUB.COM

ਇਸ ਤੀਜੇ ਜਨਮ ਵਿਚ ਆਕੇ ਭੀ ਪਤੀ ਦਰਸ ਦੀ ਅਭਿਲਾਖਣ ਗ਼ੁਲਾਮ ਫ਼ਾਤਮਾਂ ਨੂੰ ਪਤੀ ਮਿਲਾਪ ਪ੍ਰਾਪਤ ਨਹੀਂ ਹੋਇਆ, ਸਗੋਂ ਐਸਾ ਜੀ ਖੱਟਾ ਹੋਇਆ ਕਿ ਜੀਉਣਾ ਇਕ ਭਾਰ ਮਲੂਮ ਹੋਣ ਲੱਗ ਪਿਆ। ਲੱਗੀ ਝਰਨੇ ਵਾਲੇ ਉਪਦੇਸ਼ਕ ਨੂੰ ਕੋਸਣ ਕਿ ਨਿੱਜ ਓਹ ਮੈਨੂੰ ਓਥੋਂ ਉਠਾਉਂਦਾ ਤੇ ਨਿੱਜ ਇਹ ਦੁਖ ਦੇਖਦੀ। ਪਾਨੀ ਵਿਚ ਡਿੱਗਕੇ ਮਰ ਜਾਂਦੀ, ਕਜ਼ੀਆ ਮੁੱਕ ਜਾਂਦਾ। ਅੰਦਰੇ ਅੰਦਰ ਕੁੜ੍ਹੇ, ਪਰ ਸੋਚ ਕੋਈ ਕੰਮ ਨਾ ਕਰੇ। ਇਸ ਝੰਜਟ ਵਿਚ ਓਹ ਪਹਿਲਾ ਆਇਤਾਂ ਦਾ ਘੋਟਾ ਤੇ ਹੋਰ ਸਾਧਨ, ਪਾਠ ਤੇ ਦਰੂਦ ਆਦਿ ਵੀ ਛੁੱਟ ਗਏ। ਘਬਰਾ ਨੇ ਵਧਣਾ ਤੇ ਬਹੁਤ ਦੁਖ ਦੇਣਾ ਸ਼ੁਰੂ ਕਰ ਦਿੱਤਾ।

ਜਿਸ ਘਰ ਵਿਚ ਗ਼ੁਲਾਮ ਫ਼ਾਤਮਾਂ ਨਵਾਂ ਜਨਮ ਲੈਕੇ ਪਲ ਰਹੀ ਸੀ, ਉਸੇ ਗਲੀ ਵਿਚ ਇਸ ਦੀ ਇਕ ਪੇਕੀ ਗਲੀ ਦੀ ਸਹੇਲੀ ਵੱਸਦੀ ਸੀ। ਓਹ ਇਸ ਤਰ੍ਹਾਂ ਕਿ ਮਾਂਡਵੀ ਤੋਂ ਇਸ ਦਾ ਪਤੀ ਬੰਬਈ ਤੇ ਬੰਬਈ ਤੋਂ ਰੰਗ ਦਾ ਵਪਾਰ ਕਰਦਾ ਅੰਮ੍ਰਿਤਸਰ ਆ ਗਿਆ ਸੀ ਤੇ ਏਥੋਂ ਕੁਛ ਰੁਪੱਯਾ ਕਮਾਕੇ ਲਾਹੌਰ ਵਿਚ ਇਕ ਵਡੇ ਕੰਮ ਦੀ ਏਜੰਸੀ ਖੋਹਲ ਕੇ ਇਸ ਗਲੀ ਵਿਚ ਘਰ ਕਿਰਾਏ ਲੈਕੇ ਰਹਿਣ ਲਗ ਪਿਆ ਸੀ। ਗਲੀ ਵਿਚ ਹਿੰਦੂ ਮੁਸਲਮਾਨ ਆਦਿਕਾਂ ਦੀ ਰਲਵੀਂ ਵੱਸੋਂ ਸੀ। ਇਸ ਗੱਲ ਤੋਂ ਦੋ ਕੁ ਦਿਨ ਪਹਿਲੇ ਇਸ ਪੁਰਾਣੀ ਸਹੇਲੀ ਨੂੰ ਗਲੀ ਵਿਚ ਤੁਰੀ ਜਾਂਦੀ ਨੂੰ ਦੇਖਕੇ ਦੁਖੀਆ ਨੇ ਪਛਾਣ ਤਾਂ ਲਿਆ ਸੀ, ਪਰ ਸ਼ਰਮ ਦੀ ਮਾਰੀ ਉਹਲੇ ਹੋ ਗਈ ਸੀ। ਅੱਜ ਜੋ ਇਹ ਨਿੰਮੋਝੂਣੀ ਹੋਈ ਥੜੇ ਤੇ ਬੈਠੀ ਸੀ ਦੂਰੋਂ ਹੀ ਪੁਰਾਣੀ ਸਹੇਲੀ ਆਉਂਦੀ ਨਜ਼ਰੇ ਪਈ। ਫ਼ਾਤਮਾ ਅੱਗਲਵਾਂਢੀ ਹੋ ਕੇ ਖੜੋ ਗਈ ਤੇ ਪੁਛਣ ਲੱਗੀ, ਨੀਂ ਭੈਣ! ਤੂੰ ਰੰਗਾ ਬਾਈ ਹੈਂ?

ਰੰਗਾ ਬਾਈ— ਹਾਂ ਤਾਂ ਭੈਣ ਮੈਂ ਰੰਗਾ ਬਾਈ ਹੀ, ਪਰ ਤੂੰ ਕਿੱਕੂੰ ਮੈਨੂੰ ਜਾਣਦੀ ਹੈਂ? ਮੈਂ ਤਾਂ ਤੈਨੂੰ ਪਛਾਣਦੀ ਨਹੀਂ। (ਗਹੁ ਕਰਕੇ) ਮਾੜਾ ਮਾੜਾ ਝਾਉਲਾ ਤਾਂ ਪੈਂਦਾ ਹੈ, ਪਰ ਨਾਉਂ ਚੇਤੇ ਨਹੀਂ ਆਉਂਦਾ।

ਗ਼ੁਲਾਮ ਫ਼ਾਤਮਾ— ਮੈਂ ਤੁਹਾਨੂੰ ਆਪਣਾ ਨਾਂ ਥਹੁ ਤਾਂ ਦੱਸ ਦਿਆਂਗੀ, ਪਰ ਜੇ ਕਿਤੇ ਇਕਲਵਾਂਜੇ ਹੋ ਕੇ ਗਲ ਸੁਣ ਲਵੇਂ ਤਾਂ।

ਰੰਗਾ ਬਾਈ— ਮੈਂ ਇਸ ਵੇਲੇ ਗੁਰਦਵਾਰੇ ਜਾ ਰਹੀ ਹਾਂ, ਇਸ ਲਈ ਠਹਿਰ ਤਾਂ ਨਹੀਂ ਸਕਦੀ, ਹੁਣੇ ਮੁੜਦੇ ਪੈਰੀਂ ਆਉਂਦੀ ਹਾਂ ਤਾਂ ਜੰਮ ਜੰਮ ਜੋ ਕਹਿਣਾ ਹੋਵੇ ਕਹੀਂ।

* * * * *

## ੬.

ਦੁਖੀਆ ਦਰਦ ਘਣੇ ਵੇਦਨ ਜਾਣੇ ਤੂ ਧਣੀ॥

ਲਾਹੌਰ ਸ਼ਹਿਰ ਦੀ ਇਕ ਰੌਣਕੀ ਗਲੀ ਵਿਚ ਭਾਈ ਗੁਰਸ਼ਰਨ ਸਿੰਘ ਜੀ ਦਾ ਮਕਾਨ ਹੈ। ਇਹ ਭਾਈ ਸਾਹਿਬ ਬੜੇ ਚੰਗੇ ਪ੍ਰੇਮੀ, ਦਾਨੀ ਤੇ ਰਹਿਤ ਬਿਬੇਕ ਵਾਲੇ ਸਿੰਘ ਹਨ। ਗੁਰੂ ਕੀ ਮਿਹਰ ਨਾਲ ਇਨ੍ਹਾਂ ਦੀ ਸੁਪਤਨੀ ਉਪਕਾਰ ਕੌਰ ਭੀ ਭਜਨ ਵਾਲੀ ਹੈ। ਮਾਪੇ ਇਸਦੇ ਭੀ ਬੜੇ ਵਿਸ਼ਵਾਸੀ ਤੇ ਪੱਕੇ ਨਿੱਤ ਨੇਮੀ ਸਨ ਅਰ ਇਸ ਨੇ ਉਨ੍ਹਾਂ ਦੇ ਘਰ ਗੁਰਮੁਖੀ ਵਿਦਿਆ ਤੇ ਗੁਰਮਤ ਦੇ ਪੁਸਤਕਾਂ ਦਾ ਪਾਠ ਹੱਛੀ ਤਰ੍ਹਾਂ ਕੀਤਾ ਹੋਯਾ ਸੀ। ਇਥੇ ਆਕੇ ਤਾਂ ਸੋਨੇ ਪਰ ਸੁਹਾਗੇ ਵਾਲਾ ਅਸਰ ਹੋਯਾ। ਆਪਣੇ ਪਤੀ ਦੀ ਸੰਗਤ ਨਾਲ ਕਾਕੀ ਸਚ ਮੁਚ ਭਜਨ ਦੀ ਪੁਤਲੀ ਬਣ ਗਈ ਸੀ। ਭਾਵੇਂ ਇਹ ਸੱਸ ਦੇ ਗੁਜ਼ਰ ਜਾਣ ਕਰਕੇ ਇਕਲਾਪੀ ਭੀ ਸੀ, ਪਰ ਤਾਂ ਭੀ ਪੰਥ ਸੇਵਾ ਦੇ ਨਮਿੱਤ ਆਪਣੇ ਕੰਮਾਂ ਦੇ ਸਮੇਂ ਵਿਚੋਂ ਭੀ ਸਮਾਂ ਕੱਢਕੇ ਪਰ-ਉਪਕਾਰ ਕਰਦੀ ਹੁੰਦੀ ਸੀ। ਇਕ ਛੋਟੀ ਜਿਹੀ ਗੁਰਮੁਖੀ ਕੰਨਜਾਂ ਪਾਠਸ਼ਾਲਾ ਇਸ ਬੀਬੀ ਦੇ ਘਰ ਦੇ ਕੋਲਵਾਰ ਸੀ। ਬੀਬੀ ਉਥੇ ਜਾ ਕੇ ਇਸ ਮਹੱਲੇ ਦੀਆਂ ਕਾਕੀਆਂ ਨੂੰ ਗੁਰਮੁਖੀ ਅੱਖਰ ਤੇ ਗੁਰਬਾਣੀ ਧਰਮ ਅਰਥ ਸਿਖਾਉਂਦੀ ਸੀ। ਵਰ੍ਹੇ ਛਿਮਾਹੀ ਬੀਬੀਆਂ ਦਾ ਉਤਸ਼ਾਹ ਵਧਾਉਣ ਲਈ ਭਾਈ ਗੁਰਸ਼ਰਨ ਸਿੰਘ ਜੀ ਕੁਛ ਮਾਇਆ ਪਾਸੋਂ ਵੀ ਦੇਂਦੇ ਜਿਸ ਨਾਲ ਕਾਕੀਆਂ ਨੂੰ ਇਨਾਮ, ਮਿਠਾਈ, ਤੇ ਕੱਪੜੇ ਵੀ ਵੰਡੇ ਜਾਂਦੇ। ਇਸ ਬੀਬੀ ਨੇ ਇਸੇ ਤਰ੍ਹਾਂ ਕਈਆਂ ਬੀਬੀਆਂ ਨੂੰ ਗੁਰਦੁਆਰੇ ਦਾ ਪ੍ਰੇਮ ਲਾ ਦਿੱਤਾ ਸੀ। ਰੰਗਾਬਾਈ ਉਹਨਾਂ ਵਿਚੋਂ ਇਕ ਸੀ।

ਅੱਜ ਐਤਵਾਰ ਦਾ ਦਿਨ ਤੇ ਸੰਕ੍ਰਾਂਤ ਦਾ ਦਿਹਾੜਾ ਸੀ, ਸ੍ਰੀ ਜਨਮ ਅਸਥਾਨ ਗੁਰਦਵਾਰੇ ਵਿਚ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਪਰ ਦਰਸ਼ਨ ਨੂੰ ਚੱਲੀ ਸੀ: ਜਦ ਰੰਗਾ ਬਾਈ ਇਸ ਨਾਲ ਚੱਲੀ ਹੈ ਤੇ ਗ਼ੁਲਾਮ ਫ਼ਾਤਮਾਂ ਰੰਗਾ ਨੂੰ ਮਿਲੀ ਹੈ।

ਹੁਣ ਰੰਗਾ ਬਾਈ ਜਦ ਉਧਰੋਂ ਆਕੇ ਗਲੀ ਵੜੀ ਤਾਂ ਅੱਗੇ ਉਹ ਉਡੀਕ ਵਿਚ ਖੜੇ ਤੇ ਬੈਠੀ ਸੀ। ਉਪਕਾਰ ਕੌਰ ਨੂੰ ਇਹ ਕਹਿ ਕੇ ਕਿ "ਇਹ ਮੇਰੀ ਛੋਟੀ ਹੁੰਦੀ ਦੀ ਸਹੇਲੀ ਜਾਪਦੀ ਹੈ, ਮੈਂ ਥੋੜਾ ਚਿਰ ਇਸ ਪਾਸੋਂ ਹੋ ਆਵਾਂ" ਉਸ ਨੂੰ ਨਾਲ ਲੈ ਕੇ ਆਪਣੇ ਘਰ ਪਹੁੰਚੀ।

ਰੰਗਾ ਬਾਈ— ਬੀਬੀ! ਤੂੰ ਤਾਂ ਮੈਨੂੰ ਸਿਆਣ ਲੀਤਾ ਹੈ ਪਰ ਮੈਂ ਤੈਨੂੰ ਚੰਗੀ ਤਰ੍ਹਾਂ ਪਛਾਣਿਆਂ ਨਹੀਂ। ਆਪਣਾ ਨਾਂ ਪਤਾ ਤਾਂ ਦੱਸ।

ਗ਼ੁਲਾਮ ਫ਼ਾਤਮਾ— ਭੈਣ ਜੀ! ਮੈਂ ਨਿਕਰਮਣ ਓਹੋ 'ਜਮਨਾ ਅਭਾਗਾਂ' ਹਾਂ ਜੋ ਤੇਰੇ ਨਾਲ ਕੱਠੀ ਖੇਡਦੀ ਤੇ ਪੜ੍ਹਦੀ ਰਹੀ ਹਾਂ। ਅੱਜ ਇਹ ਬੁਰਾ ਹਾਲ ਮੇਰਾ ਹਈ।

ਰੰਗਾ ਬਾਈ— ਮੈਨੂੰ ਝਾਉਲਾ ਤਾਂ ਪੈਂਦਾ ਸੀ, ਪਰ ਮੈਂ ਕੀ ਜਾਣਾਂ ਤੂੰ ਇਸ ਵੇਸ ਵਿਚ ਧਰਮੋ ਕੁਧਰਮ ਹੋਈ ਫਿਰਦੀ ਹੈਂ? ਸੱਚ ਦੱਸ ਤੈਨੂੰ ਇਹ ਮੱਤ ਕਿਸ ਦਿੱਤੀ ਜੋ ਤੈਂ ਆਪਣਾ ਹੀਰੇ ਜੈਸਾ ਜਨਮ ਗਵਾ ਲਿਆ?

ਅਭਾਗਾਂ— ਭੈਣ! ਕੁਛ ਨਾ ਪੁੱਛ, ਮੈਂ ਆਪਣੀ ਹੱਥੀਂ ਆਪ ਕੁਹਾੜਾ ਮਾਰਿਆ, ਇਸ ਵਿਚ ਕਿਸੇ ਦਾ ਕੀ ਦੋਸ਼? ਜਦ ਦਿਨ ਪੁੱਠੇ ਆਉਂਦੇ ਹਨ ਤਾਂ ਪਹਿਲਾਂ ਮੱਤ ਪੁਠੀ ਹੋ ਜਾਂਦੀ ਹੈ, ਫੇਰ ਸੱਭੇ ਕੰਮ ਪੁੱਠੇ ਹੀ ਹੁੰਦੇ ਹਨ। ਜੋ ਕੰਮ ਭਲੇ ਨੂੰ ਕੀਤੇ ਸਨ ਉਹ ਬੁਰੇ ਦੇ ਹੋ ਢੁੱਕੇ। ਪਤੀ ਮਰ ਗਿਆ, ਨਿਖਸਮੀ ਹੋ ਗਈ, ਅਤਿ ਧੱਕੇ ਧੋੜੇ ਮੈਂ ਖਾਧੇ, ਰੋਟੀ ਦਾ ਆਸਰਾ ਗੁਆ ਬੈਠੀ, ਅਗਲਿਆਂ ਪਿਛਲਿਆਂ ਦੇ ਮੂੰਹ ਲੱਗਣ ਜੋਗੀ ਨਾ ਰਹੀ, ਤੇ ਪੱਲੇ ਭੀ ਫਿਰ ਕੁਝ ਨਾ ਪਿਆ।

ਰੰਗਾ ਬਾਈ— ਭੈਣ! ਤੇਰੇ ਵਿਧਵਾ ਹੋਣ ਦਾ ਮੈਨੂੰ ਬੜਾ ਅਫਸੋਸ ਹੈ, ਕਰਤਾਰ ਏਹ ਦੁੱਖ ਕਿਸੇ ਦੇ ਭਾ ਨਾ ਪਵੇ, ਪਰ ਇਹ ਦੱਸ ਜੋ ਤੂੰ ਕਿੱਕੂੰ ਇਨ੍ਹਾਂ ਹਾਲਾਂ ਨੂੰ ਪਹੁੰਚੀ?

ਅਭਾਗਾਂ ਨੇ ਇਸ ਪਰ ਆਪਣੀ ਸਾਰੀ ਵਿਥਿਆ ਆਦੋਂ ਅੰਤ ਤਕ ਕਹਿ ਸੁਣਾਈ ਤੇ ਬੋਲੀ- ਦੱਸ ਭੈਣ! ਹੁਣ ਮੇਰਾ ਕਿਹੜਾ ਥਾਂ ਹਈ? ਕਿੱਥੇ ਜਾਵਾਂ? ਕੀ ਕਰਾਂ? ਜੀ ਤਾਂ ਚਾਹੁੰਦਾ ਹੈ : ਦਰਿਆ ਤੇ ਜਾਕੇ ਡੁਬ ਮਰਾਂ, ਜਾਂ ਮਹੁਰਾ ਖਾ ਲਵਾਂ। ਹਾਇ, ਖ਼ਬਰੇ ਕੀ ਕੀ ਤਸੀਹੇ ਨਿਖਸਮਿਆਂ ਕਰਮਾਂ ਨੇ ਮੈਨੂੰ ਹੋਰ ਭੁਗਾਉਣੇ ਹਨ?

ਰੰਗਾ ਬਾਈ— ਭੋਲੀਏ, ਜੇਹੀ ਕੁ ਅੱਲ੍ਹੜ ਤੂੰ ਨਿੱਕੀ ਹੁੰਦੀ ਸੈਂ ਤੇਹੀ ਹੀ ਵੱਡੀ ਹੋਕੇ ਨਿਕਲੀਓਂ। ਤੂੰ ਚੰਗੀ ਭਲੀ ਮੇਰੇ ਨਾਲ ਪੜ੍ਹਦੀ ਰਹੀਓਂ, ਪਰ ਚਤੁਰ ਨਾ ਹੋਈਓਂ। ਪੰਜਾਬ ਵਿਚ ਵੀ ਆ ਗਈਓਂ, ਕਦੇ ਗੁਰਾਂ ਦੀ ਬਾਣੀ ਪੜ੍ਹਦੀਓਂ ਤਾਂ ਤੇਰਾ ਮਨ ਟਿਕ ਜਾਂਦਾ, ਲੋੜਾਂ ਮੰਗਾਂ ਮਿਟ ਜਾਂਦੀਆਂ ਤੇ ਸੱਚ ਦੀ ਸੋਝੀ ਤੈਨੂੰ ਹੋ ਆਉਂਦੀ।

ਅਭਾਗਾਂ— ਭੈਣ! ਮੈਂ ਅਭਾਗਾਂ ਦੇ ਭਾਗ ਵਿਚ ਵਿੱਦਆ ਹੁੰਦੀ ਤਾਂ ਹੋਰ ਕੀ ਚਾਹੀਦਾ ਸੀ। ਉਨ੍ਹੀਂ ਦਿਨੀ ਜੇਹੜੇ ਚਾਰ ਅੱਖਰ ਤੇਰੇ ਨਾਲ ਪੜ੍ਹੇ ਸੋ ਪੜ੍ਹੇ, ਸਹੁਰੇ ਜਾਕੇ ਚੇਤੇ ਭੀ ਨਹੀਂ ਰਹੇ, ਤੇ ਗੁਰੂ ਗ੍ਰੰਥ ਸਾਹਿਬ ਤਾਂ ਸਾਡੇ ਦੇਸ਼ ਵਿਚ ਹੀ ਨਹੀਂ ਸੁਣੀਂਦੇ। ਉੱਥੇ ਕੋਈ ਇਸ ਗੱਲ ਦਾ ਚਰਚਾ ਨਹੀਂ ਸੀ, ਤੂੰ ਇਹ ਕੀਕੂੰ ਨਵੀਂ ਗੱਲ ਲੱਭੀ ਹੈ?

ਰੰਗਾਬਾਈ— ਭੈਣ! ਮੈਨੂੰ ਇਥੇ ਇਕ ਬੀਬੀ ਦਾ ਸਤਿਸੰਗ ਹੋਇਆ ਹੈ ਜੋ ਗੁਰੂ ਗ੍ਰੰਥ ਸਾਹਿਬ ਜੀ ਦੀ ਉਪਾਸ਼ਕ ਹੈ।

ਗ਼ੁਲਾਮ ਫ਼ਾਤਮਾ— ਸਿੱਖ ਲੋਕ ਤਾਂ ਨਹੀਂ?

ਰੰਗਾ ਬਾਈ— ਹਾਂ ਸਿੱਖ ਲੋਕ।

ਗ਼ੁਲਾਮ ਫ਼ਾਤਮਾ— ਮੈਂ ਤਾਂ ਪਿਛਲੇ ਦੋਹੀਂ ਥਾਈਂ ਸਿੱਖਾਂ ਬਾਬਤ ਸੁਣਿਆਂ ਹੈ ਕਿ ਓਹ ਚੰਗੇ ਨਹੀਂ ਹਨ, ਤੂੰ ਕੀਕੂੰ ਫਸ ਗਈ?

ਰੰਗਾ ਬਾਈ— ਤੂੰ ਅੱਖੀਂ ਨਹੀਂ ਨਾ ਕੁਝ ਡਿੱਠਾ, ਦੇਖੇ ਸੁਣੇ ਵਿਚ ਬੜਾ ਫਰਕ ਹੈ। ਸਿੱਖ ਧਰਮ ਬੜਾ ਚੰਗਾ ਹੈ। ਇਸ ਵਿਚ ਸ਼ਾਂਤੀ, ਪਜਾਰ, ਭਗਤੀ, ਸਭ ਚੀਜ਼ਾਂ ਹਨ। 'ਸੱਚ' ਮੁੱਖ ਹੈ ਤੇ ਭੁਲੇਖਾ ਨਹੀਂ ਪੈਂਦਾ। ਤੂੰ ਜੇ ਸਤਿਸੰਗ ਕਰੇਂ ਤਾਂ ਤੇਰੇ ਭੁਲੇਵੇਂ ਨਿਕਲ ਜਾਣ।

ਅਭਾਗਾਂ— ਭੈਣ! ਇਹ ਗੱਲ ਹੋ ਜਾਵੇ ਤਾਂ ਹੋਰ ਕੀ ਚਾਹੀਏ, ਜੇ ਤੈਥੋਂ ਹੋ ਸਕੇ ਤਾਂ ਘੜੀਓਂ ਚੌਥੇ ਪਾ ਇਸ ਕੰਮ ਨੂੰ ਕਰ, ਮੈਂ ਅਤਿ ਨਿਰਾਸਾ ਵਿਚ ਹਾਂ, ਮਤਾਂ ਕੁਝ ਕਰ ਬੈਠਾਂ।

ਇਹ ਗੱਲ ਸੁਣਕੇ ਰੰਗਾ ਬਾਈ ਉਸਨੂੰ ਆਪਣੀ ਸਹੇਲੀ ਦੇ ਘਰ ਲੈ ਗਈ, ਜੋ ਉਹ ਉਸ ਨੂੰ ਕੁਛ ਸੁਮੱਤਿ ਦੇਵੇ। ਉਥੇ ਜਾਕੇ ਉਪਕਾਰ ਦੀਆਂ ਗੱਲਾਂ ਬਾਤਾਂ ਟੁਰ ਪਈਆਂ।

ਉਪਕਾਰ ਕੌਰ— ਭੈਣ! ਸ੍ਰੀ ਗੁਰੂ ਨਾਨਕ ਦੇਵ ਜੀ ਕਲਜੁਗ ਵਿਚ ਸੱਚੇ ਗੁਰੂ ਹੋਏ ਹਨ। 'ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ

SIKHBOOKCLUB.COM

ਨਾ ਪਰਿਆ ਰੇ॥ ਜੋ ਕੇਵਲ ਪਰਉਪਕਾਰ ਵਾਸਤੇ ਸੰਸਾਰ ਪਰ ਆਏ, ਅਰ ਇਸ ਕਹਿਰ ਦੀ ਹਨੇਰੀ ਵਿਚੋਂ ਅਸਾਂ ਅਨਾਥ ਜੀਵਾਂ ਦੀ ਬਾਂਹ ਫੜੀ, ਤੇ ਪਾਪ ਰਾਜ ਤੋਂ ਛੁਟਕਾਰਾ ਦਿਵਾਇਆ-

"ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥
ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ
ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ॥"
(ਗਉ: ਮ: ੪-੪੯)

ਗੁਰੂ ਜੀ ਨੇ ਸਾਡੇ ਲਈ ਸੱਚ ਤੇ ਮੁਕਤ ਭੁਕਤ ਦੇ ਦਰਵਾਜ਼ੇ ਖੋਲ੍ਹ ਦਿੱਤੇ। ਆਪ ਨੇ ਆਪਣੇ ਆਪ ਪਰ ਅਨੇਕਾਂ ਕਸ਼ਟ ਸਹਾਰੇ, ਦੇਸ਼ਾਂ ਪਰਦੇਸ਼ਾਂ, ਸਮੁੰਦ੍ਰਾਂ ਪਹਾੜਾਂ ਵਿਚ ਵਿਚਰਕੇ ਸ੍ਰਿਸ਼ਟੀ ਦਾ ਉਧਾਰ ਕੀਤਾ ਤੇ ਸਤਿ ਧਰਮ ਦਾ ਪ੍ਰਚਾਰ ਕੀਤਾ। ਭਰਮਾਂ, ਪਖੰਡਾਂ, ਮੰਨਤਾਂ ਦੀ ਜੜ੍ਹ ਪਟ ਕੇ ਇਕ ਕਰਤਾਰ ਦਾ ਭਜਨ ਸਿਖਾਇਆ। ਜੇ ਸ਼ਰਨ ਲਵੋ, ਭਜਨ ਕਰੋ ਤਾਂ ਸੁਖੀ ਹੋ ਜਾਈਦਾ ਹੈ।

ਅਭਾਗਾਂ— "ਕੀ ਮੈਨੂੰ ਮੇਰੇ ਪਤੀ ਜੀ ਦਿੱਸ ਪੈਣਗੇ?

ਉਪਕਾਰ ਕੌਰ— ਜੇ ਪਤੀ ਨਾਲ ਪਿਆਰ ਹੈ ਤਾਂ ਸਤਿ ਧਰਮ ਵਿਚ ਜੀਉ ਤੇ ਅਰਾਧਨਾਂ ਅਕਾਲ ਪੁਰਖ ਦੀ ਕਰ, ਤੂੰ ਸੁਖੀ ਹੋ ਜਾਸੇਂ।

"ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ੍॥
ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਾਲੰਨਿ੍॥"
(ਵਾਰ ਸੂਹੀ ਮ: ੩-੬)

ਇਹ ਸੁਣਕੇ ਅਭਾਗਾਂ ਨੇ ਹਾਹੁਕਾ ਲੀਤਾ, ਉਪਕਾਰ ਕੌਰ ਦੀਆਂ ਮਿੱਠੀਆਂ ਗੱਲਾਂ ਚੰਗੀਆਂ ਲੱਗੀਆਂ, ਪਰ ਪਿਛਲੀਆਂ ਯਾਦਾਂ ਆ ਗਈਆਂ, ਜੀ ਵਿਚ ਸੰਸਾ ਉੱਠ ਖੜੋਤਾ, ਘਬਰਾ ਪਿਆ ਕਿ ਕਿਤੇ ਇਸ ਮਿਠਾਸ ਵਿਚ ਬੀ ਦੁੱਖ ਨਾ ਨਿਕਲੇ। ਦਿਲ ਵਿਚ ਇਸਤਰ੍ਹਾਂ ਦੇ ਘਬਰਾ ਲੈ ਕੇ ਉੱਠ ਖੜੋਤੀ ਤੇ ਇਹ ਕਹਿ ਕੇ ਕਿ 'ਫੇਰ ਆਵਾਂਗੀ' ਕਲੇਜਾ ਮੁੱਠ ਵਿਚ ਲੈ ਕੇ ਚਲੀ ਗਈ।

ਘਰ ਜਾ ਕੇ ਲੱਗੀ ਸੋਚਣ ਕਿ ਹੁਣ ਜੋ ਹੋਰ ਆਸਰਾ ਨਜ਼ਰ ਪੈਂਦਾ ਹੈ ਧਾਰਨ ਕਰਾਂ ਕਿ ਨਾਂ? ਇਨ੍ਹਾਂ ਸੋਚਾਂ ਵਿਚ ਉਸ ਨੂੰ ਨੀਂਦ ਪੈ ਗਈ। ਕੁਛ ਚਿਰ ਮਗਰੋਂ ਜਾਗ ਖੁੱਲ੍ਹੀ, ਅਜੇ ਅੱਖਾਂ ਮੀਟੀਆਂ ਹੋਈਆਂ ਸਨ ਕਿ ਇਸਨੇ ਸੁਣਿਆਂ ਕਿ ਮੇਰੇ ਕਮਰੇ ਵਿਚ ਗੱਲਾਂ ਹੋ ਰਹੀਆਂ ਹਨ। ਮਚਲੀ ਰਹਿ ਕੇ ਇਸ ਨੇ ਸੁਣੀਆਂ ਤਾਂ ਉਨ੍ਹਾਂ ਦਾ ਅਰਥ ਇਹ ਸੀ ਕਿ ਇਸ ਦੇ ਸਿੱਖਾਂ ਦੇ ਘਰ ਜਾਣ ਦੀ ਖ਼ਬਰ ਮੌਲਵੀ ਜੀ ਤੇ ਹੋਰਨਾਂ ਨੂੰ ਪੁਜ ਗਈ ਸੀ। ਹੁਣ ਉਹ ਵਿਚਾਰ ਰਹੇ ਸਨ ਕਿ ਕੋਈ ਪ੍ਰਬੰਧ ਹੋਵੇ ਜੋ ਇਹ ਮੁੜ ਨਾ ਜਾਵੇ। ਸੋ ਜੋ ਪ੍ਰਬੰਧ ਉਸ ਨੇ ਸੁਣੇ ਸੋ ਉਸ ਨੂੰ ਉੱਥੋਂ ਵਿਦਾ ਕਰ ਦੇਣ ਦੇ ਸਨ। ਅਭਾਗਾਂ ਹੁਣ ਉੱਠ ਬੈਠੀ, ਜਾਗ ਪਈ, ਜੋ ਦੋ ਚਾਰ ਤ੍ਰੀਮਤਾਂ ਮਰਦ ਆਏ ਸੇ ਪਿਆਰ ਨਾਲ ਮਿਲੇ ਤੇ ਸਲਾਹ ਦੇਣ ਲੱਗੇ ਕਿ ਕਲ੍ਹ ਰਾਤ ਦਿੱਲੀ ਟੁਰ ਚੱਲੀਏ। ਅਭਾਗਾਂ ਨੇ ਖੁਸ਼ੀ ਨਾਲ 'ਹਾਂ' ਕੀਤੀ ਤੇ ਸਭ ਨੂੰ ਵਿਦਾ ਕਰ ਦਿੱਤਾ। ਅਭਾਗਾਂ ਨੇ ਰਾਤ ਇਹ ਸੋਚਿਆ ਕਿ ਜੇ ਮੈਂ ਰੰਗਾ ਬਾਈ ਦੇ ਯਾ ਸਿੱਖਾਂ ਦੇ ਘਰ ਚਲੀ ਗਈ ਤਾਂ ਏਹ ਲੋਕ ਉਨ੍ਹਾਂ ਨੂੰ ਦੁੱਖ ਦੇਣਗੇ, ਉਨ੍ਹਾਂ ਦੇ ਦੁੱਖ ਦਾ ਪਾਪ ਮੇਰੇ ਸਿਰ ਹੋਵੇਗਾ, ਅਤੇ ਇਹ ਭੀ ਪਤਾ ਨਹੀਂ ਕਿ ਓਹ ਅੱਗੋਂ ਕੇਹੋ ਜਿਹੇ ਨਿਕਲਣਗੇ? ਜੇ ਇਨ੍ਹਾਂ ਨਾਲ ਜਾਂਦੀ ਹਾਂ ਤਾਂ ਮੇਰਾ ਮਨ ਨਹੀਂ ਮੰਨਦਾ, ਹੋਰ ਕੋਈ ਆਸਰਾ ਨਹੀਂ। ਸੋ ਮੇਰੇ ਲਈ ਜਗਤ ਵਿਚ ਜੋ ਕੁਛ ਹੈ ਤਾਂ ਚਾਰ ਚੁਫੇਰਿਓਂ ਨਿਰਾਸਾ ਹੈ ਤੇ ਨਿਰਾਸਾ ਦਾ ਫਲ ਮੌਤ ਹੈ। ਇਸ ਤਰ੍ਹਾਂ ਨਿਰਾਸ, ਉਦਾਸ ਤੇ ਡਾਵਾਂ ਡੋਲ ਹੁੰਦੀ ਦੀ ਤਿੰਨ ਪਹਿਰ ਰਾਤ ਲੰਘ ਗਈ। ਘਬਰਾ ਵਿਚ ਸੁਦੈਣ ਜਿਹੀ ਹੋ ਗਈ, ਜਗਤ ਕਾਲਾ ਹਨੇਰ ਨਜ਼ਰ ਆਵੇ ਤੇ ਵਧ ਤੋਂ ਵਧ ਘਬਰਾ ਸਿਰ ਨੂੰ ਚੜ੍ਹੇ।

* * * * *

੭.

ਜਿਨ੍ਾ ਦਿਸੰਦੜਿਆ ਦੁਰਮਤਿ ਵੰਞੈ
ਮਿਤ੍ਰ ਅਸਾਡੜੇ ਸੇਈ॥
ਹਉ ਢੂਢੇਦੀ ਜਗੁ ਸਬਾਇਆ
ਜਨ ਨਾਨਕ ਵਿਰਲੇ ਕੇਈ॥
(ਵਾਰ ਗੂਜਰੀ ਮ: ੫-੯)

ਦਰਯਾ ਰਾਵੀ ਦਾ ਕੰਢਾ ਹੈ, ਪਰੇ ਜਿਹੇ ਰੇਲ ਦਾ ਪੁਲ ਹੈ ਇਸ ਤੋਂ ਉਰੇ ਬੇੜੀਆਂ ਦਾ ਪੁਲ ਹੈ* ਤੇ ਇਸ ਤੋਂ ਦੂਰ ਉਰੇ ਲੋਕੀਂ ਨ੍ਹਾ ਰਹੇ ਹਨ। ਇਸ ਨ੍ਹਾਉਣ ਵਾਲੀ ਥਾਂ ਤੋਂ ਕੋਈ ਦੋ ਢਾਈ ਮੀਲ ਹੇਠਾੜ ਵਾਰ ਇਕ ਸਿੰਘ ਜੀ ਖੱਦਰ ਦੀ ਚੱਦਰ ਦੀ ਬੁੱਕਲ ਮਾਰੀ ਦਰਯਾ ਦੇ ਕੰਢੇ ਇਕੱਲੇ ਬੈਠੇ ਹਨ ਤੇ ਮਧੁਰ ਸੁਰ

* ਇਹ ਪੁਲ ਹੁਣ ਨਹੀਂ ਰਿਹਾ। ਹੋਰ ਪੱਕਾ ਪੁਲ ਬਣ ਗਿਆ ਹੈ।

SIKHBOOKCLUB.COM

ਵਿਚ ਸੁਖਮਨੀ ਸਾਹਿਬ ਜੀ ਦਾ ਪਾਠ ਕਰ ਰਹੇ ਹਨ। ਕਦੇ ਨੈਣਾਂ ਵਿਚ ਜਲ ਭਰ ਜਾਂਦਾ ਹੈ, ਕਦੇ ਕੋਈ ਤ੍ਰੇਪਾ ਢੈ ਪੈਂਦਾ ਹੈ, ਕਦੇ ਨੈਣ ਮਿਟ ਜਾਂਦੇ ਹਨ, ਕਦੇ ਖੁੱਲ੍ਹ ਜਾਂਦੇ ਹਨ। ਪਾਠ ਦਾ ਓਹ ਸੁਆਦ ਹੈ ਕਿ ਆਸੇ ਪਾਸੇ ਨੰਢ, ਸ਼ਾਂਤਿ, ਰਸ ਸੁਆਦ ਛਾ ਰਿਹਾ ਹੈ। ਸੂਰਜ ਅਜੇ ਨਹੀਂ ਨਿਕਲਿਆ, ਮੱਧਮ ਪੌਣ ਵਗ ਰਹੀ ਹੈ। ਕੱਤਕ ਦੇ ਅੰਤਲੇ ਮਿੱਠੀ ਠੰਢ ਵਾਲੇ ਦਿਨ ਹਨ। ਆਪ ਉੱਚੇ, ਟਿਕੇ ਹੋਏ, ਰਸਾਂ ਕਸਾਂ ਨੂੰ ਜਿੱਤੇ ਹੋਏ ਹਨ, ਆਪ ਦੀ ਰਸਨਾ ਤੋਂ ਇਸ ਮਿਠਾਸ ਨਾਲ ਪਾਠ ਹੋ ਰਿਹਾ ਹੈ ਕਿ ਮਾਨੋਂ ਬੈਕੁੰਠ ਦਾ ਪ੍ਰਭਾਉ ਛਾ ਰਿਹਾ ਹੈ।

ਪਾਠ ਕਰਨ ਵਾਲੇ ਕੋਈ ੩੦-੩੫ ਵਰ੍ਹੇ ਦੀ ਅਵਸਥਾ ਦੇ ਲੰਮੇ ਸੁਹਣੇ, ਪਰ ਸੁਬਕ ਜੇਹੇ ਜਵਾਨ ਹਨ, ਚਿਹਰਾ ਲਾਲੀ ਭਾ ਦਾ ਹੈ ਪਰ ਠੰਢਾ। ਆਪ ਦਰਯਾ ਵੱਲ ਮੂੰਹ ਕਰੀ ਬੈਠੇ ਸਨ ਕਿ ਓਹਨਾਂ ਦੇ ਇਕ ਵਾਰ ਨੈਣ ਖੁਲ੍ਹੇ ਤੇ ਦਰਯਾ ਵਿਚ ਕੁਝ ਦਿੱਸਿਆ, ਜਿਸ ਨੂੰ ਆਪ ਨੇ ਗਹੁ ਨਾਲ ਡਿੱਠਾ। ਦੂਜੀ ਛਿਨ ਵਿਚ ਚਾਦਰਾ ਤੇ ਕੁੜਤਾ ਲਾਹਕੇ ਧਰ ਦਿੱਤਾ ਤੇ ਛਾਲ ਮਾਰ ਦਿੱਤੀ ਅਰ ਜਾ ਕਿਸੇ ਰੁੜ੍ਹੀ ਜਾਂਦੀ ਸ਼ੈ ਨੂੰ ਹੱਥ ਪਾਇਆ, ਇਕ ਸਿਰੇ ਤੋਂ ਧੂਹਦੇ, ਤਾਰੀ ਲਾਉਂਦੇ ਕੰਢੇ ਤੇ ਲੈ ਆਏ। ਕੀ ਵੇਖਦੇ ਹਨ ਕਿ ਇਕ ਮੁਟਿਆਰ ਇਸਤ੍ਰੀ ਹੈ। ਆਪ ਨੇ ਕੰਢੇ ਤੇ ਲਿਆ ਕੇ ਇਸ ਨੂੰ ਲਿਟਾ ਦਿੱਤਾ, ਫੇਰ ਕਿਸੇ ਹਿਕਮਤ ਨਾਲ ਉਸ ਦੇ ਸਰੀਰ ਨੂੰ ਉਲਟਾ ਕੇ ਮੂੰਹ ਤੋਂ ਜਲ ਕੱਢਿਆ। ਫੇਰ ਉਸਦੇ ਭਿੱਜੇ ਹੋਏ ਕਪੜੇ (ਨੈਣ ਮੀਟ ਕੇ) ਉਤਾਰੇ ਤੇ ਆਪਣੇ ਚਾਦਰੇ ਵਿਚ ਲਪੇਟ ਦਿੱਤਾ। ਇਹ ਕਾਰਜ ਕਰਕੇ ਆਪ ਨੇ ਉਸ ਲੋਥ ਦੀਆਂ ਬਾਹਵਾਂ ਨੂੰ ਹਿਠਾਹਾਂ ਉਤਾਹਾਂ ਕਰਕੇ ਕੁਛ ਐਸੀ ਜੁਗਤ ਨਾਲ ਹਿਲਾਯਾ ਕਿ ਸੁਆਸ ਚਲ ਪਿਆ*, ਏਧਰੋਂ ਧੁੱਪ ਨਿਕਲ ਆਈ ਜਿਸ ਨੇ ਅਬਲਾ ਦੇ ਸਰੀਰ ਨੂੰ ਗਰਮ ਕਰਨਾ ਸ਼ੁਰੂ ਕਰ ਦਿਤਾ। ਇਹ ਹਾਲਤ ਤੱਕ ਕੇ ਪਾਠ ਕਰਨ ਵਾਲੇ ਉੱਥੋਂ ਚਲੇ ਗਏ ਕੁਛ ਚਿਰ ਮਗਰੋਂ ਆਪ ਫੇਰ ਆ ਗਏ, ਅੱਗੇ ਅੱਖਾਂ ਖੁੱਲ੍ਹ ਰਹੀਆਂ ਸਨ, ਨਿੱਘ ਪਰਤ ਚੁਕੀ ਸੀ, ਸੁਆਸ ਸਾਫ ਆ ਰਿਹਾ ਸੀ, ਹੁਣ ਆਪ ਨੇ ਕੋਈ ਸ਼ੈ ਉਸ ਦੇ ਮੂੰਹ ਵਿਚ ਪਾਈ।

ਕੁਛ ਘੰਟਿਆਂ ਮਗਰੋਂ ਤ੍ਰੀਮਤ ਬੋਲਣ ਚੱਲਨ ਲੱਗ ਪਈ ਤੇ ਉਸ ਨੇ ਹੈਰਾਨ ਹੋਕੇ ਪੁੱਛਿਆ ਕਿ ਮੈਂ ਮਾਤ ਲੋਕ ਵਿਚ ਹਾਂ ਕਿ ਯਮਲੋਕ ਵਿਚ? ਸਿੰਘ ਜੀ ਨੇ ਦੱਸਿਆ ਕਿ ਮਾਤ ਲੋਕ ਵਿਚ। ਤਦ ਦੁਖੀ ਹੋਕੇ ਰੋਈ ਤੇ ਬੋਲੀ, ਮੈਂ ਤਾਂ ਮਰ ਗਈ ਸਾਂ, ਰੁੜ੍ਹ ਗਈ ਸਾਂ ਕੀਹ ਮਰਨ ਤੋਂ ਪਹਿਲੇ ਤੁਸਾਂ ਮੈਨੂੰ ਦਰਯਾ ਵਿਚੋਂ ਕੱਢ ਲੀਤਾ ਹੈ? ਸਿੰਘ ਜੀ ਨੇ ਸਾਰਾ ਹਾਲ ਉਸ ਨੂੰ ਕੱਢਣ ਦਾ ਦੱਸਿਆ ਤਾਂ ਓਹ ਬੜਾ ਰੋਈ ਅਰ ਫੇਰ ਦਰਯਾ ਵਿਚ ਛਾਲ ਮਾਰਨ ਦਾ ਯਤਨ ਕਰਨ ਲੱਗੀ। ਇਹ ਤੱਕ ਕੇ ਸਿੰਘ ਜੀ ਨੂੰ ਸਮਝ ਆਈ ਕਿ ਇਹ ਦੈਵਨੇਤ ਨਾਲ ਰੁੜ੍ਹੀ ਹੋਈ ਕੁੜੀ ਨਹੀਂ ਸੀ, ਇਹ ਆਤਮ ਘਾਤਣ ਸੀ। ਤਦੋਂ ਆਪ ਨੇ ਬਾਂਹ ਫੜ ਲਈ ਤੇ ਕਿਹਾ ਕਿ ਹੇ ਜਗਤ ਕਸਾਇਣ! ਆਤਮਘਾਤ ਨਾ ਕਰ; ਉਹ ਦੁੱਖ ਦੱਸ ਜਿਸ ਕਰਕੇ ਤੂੰ ਆਪਣਾ ਤੇ ਜਗਤ ਦਾ ਬੁਰਾ ਕਰਦੀ ਹੈਂ? ਦੁਖ ਦਾ ਉਪਰਾਲਾ ਸੋਚੀਦਾ ਹੈ, ਭੱਜੀਦਾ ਨਹੀਂ।

ਤ੍ਰੀਮਤ ਪਹਿਲਾਂ ਤਾਂ ਹਾਵੇ ਲਵੇ ਤੇ ਦੱਸੇ ਕੁਝ ਨਾ ਪਰ ਜਦ ਸਿੰਘ ਜੀ ਦਰਦ ਵੰਡਣ ਦੇ ਅਥੱਕ ਵਾਕ ਕਹੀ ਗਏ ਤਾਂ ਤ੍ਰੀਮਤ ਨੇ ਆਪਣਾ ਸਾਰਾ ਹਾਲ ਕਹਿ ਸੁਣਾਇਆ। ਇਹ ਓਹੋ ਅਭਾਗਣ ਹੈ ਜੋ ਮਰ ਗਏ ਪਤੀ ਦੇ ਮਿਲਣ ਬਦਲੇ ਕਿੰਨਾ ਦੁੱਖ ਪਾ ਚੁਕੀ ਸੀ, ਜਿਸ ਨੂੰ ਅਸਾਂ ਰਾਤੀਂ ਅਤਿ ਨਿਰਾਸਾ ਵਿਚ ਰੁੜ੍ਹਦੀ ਤੱਕਿਆ ਸੀ। ਇਸ ਦੀ ਨਿਰਾਸਤਾ ਇੰਨੀ ਵਧੀ ਸੀ ਕਿ ਇਹ ਆਤਮਘਾਤ ਵਿਚ ਹੀ ਆਪਣੀ ਭਲਜਾਈ ਵੇਖਦੀ ਸੀ ਤੇ ਇਸ ਨੇ ਅੰਤ ਮੌਤ ਵਿਚ ਹੀ ਸਲਾਮਤੀ ਡਿੱਠੀ। ਮਨ ਨੇ ਮੰਨ ਲਿਆ ਸੀ ਕਿ ਸਤੀ ਹੋ ਜਾਣਾ ਸਭ ਤੋਂ ਸ੍ਰੇਸ਼ਟ ਸੀ, ਫੇਰ ਝਰਨੇ ਵਿਚ ਡਿੱਗਕੇ ਮਰ ਜਾਣਾ ਭੀ ਸ੍ਰੇਸ਼ਟ ਸੀ। ਉਸ ਤੋਂ ਮਗਰੋਂ ਜੋ ਹੋਇਆ ਸਭ ਭੁੱਲ ਸੀ, ਤੇ ਇਲਾਜ ਹੁਣ ਓਹੋ ਮੌਤ ਹੈ, ਸੋ ਇਸ ਤਰ੍ਹਾਂ ਦੀਆਂ ਵਿਚਾਰਾਂ ਮਗਰੋਂ ਅਭਾਗਾਂ ਨੇ ਅੱਜ ਸਵੇਰੇ ਦਰਯਾ ਦੇ ਕੰਢੇ ਆਕੇ ਪੁਠੀ ਛਾਲ ਮਾਰ ਦਿੱਤੀ ਸੀ।

ਸਿੰਘ ਜੀ ਸਾਰੀ ਵਿਥਜਾ ਸੁਣਕੇ ਸੰਸਾਰ ਵਿਚ ਮਾਯਾ ਦੇ ਫੈਲੇ ਹੋਏ ਪ੍ਰਤਾਪ ਤੋਂ ਹਾਹੁਕਾ ਲੈਕੇ ਬੋਲੇ: ਬੀਬੀ! ਜਗਤ ਵਿਚ ਅੰਧਕਾਰ ਛਾ ਰਿਹਾ ਹੈ, ਮਨ ਪਸੂ ਹੋ ਰਹੇ ਹਨ, ਕਿਸੇ ਮਤ ਦਾ ਦੋਸ਼ ਕਾਹਨੂੰ ਆਖੀਏ, ਕੀ ਈਸਾਈ ਤੇ ਕੀ ਮੂਸਾਈ, ਕੀ ਹਿੰਦੂ

* ਜਲ ਵਿਚ ਡੁਬੇ ਸੁਆਸਹੀਨ ਹੋ ਚੁਕੇ ਨੂੰ ਮੁੜ ਸੁਰਜੀਤ ਕਰਨ ਦਾ ਤ੍ਰੀਕਾ ਹੁਣ ਆਮ ਹੈ।

SIKHBOOKCLUB.COM

ਕੀ ਮੁਸਲਮਾਨ, ਕੀ ਨਾਸਤਕ ਤੇ ਕੀ ਆਸਤਕ ਸਭ ਦੀਆਂ ਬਿਰਤੀਆਂ ਪੰਜਾਂ ਨਾਲ ਬੱਧੀਆਂ ਪਈਆਂ ਹਨ, ਤ੍ਰਿਸ਼ਨਾਂ ਦੇ ਤਾਪ ਚੜ੍ਹ ਰਹੇ ਹਨ; ਅਰ ਓਸੇ ਤਾਪ ਵਿਚ ਪ੍ਰਾਣੀ ਨੱਠੇ ਫਿਰਦੇ ਹਨ।

ਸਰਪਨੀ ਤੇ ਊਪਰਿ ਨਹੀ ਬਲੀਆ॥
ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ॥੧॥
ਮਾਰੁ ਮਾਰੁ ਸ੍ਰਪਨੀ ਨਿਰਮਲ ਜਲ ਪੈਠੀ॥
ਜਿਨਿ ਤ੍ਰਿਭਵਣੁ ਡਸੀਅਲੇ ਗੁਰ ਪ੍ਰਸਾਦਿ ਡੀਠੀ॥੧॥ਰਹਾਉ॥ ਸ੍ਰਪਨੀ ਸ੍ਰਪਨੀ ਕਿਆ ਕਹਹੁ ਭਾਈ॥ ਜਿਨਿ ਸਾਚੁ ਪਛਾਨਿਆ ਤਿਨਿ ਸ੍ਰਪਨੀ ਖਾਈ॥੨॥ ਸ੍ਰਪਨੀ ਤੇ ਆਨ ਛੂਛ ਨਹੀ ਅਵਰਾ॥
ਸ੍ਰਪਨੀ ਜੀਤੀ ਕਹਾ ਕਰੈ ਜਮਰਾ॥੩॥
ਇਹ ਸ੍ਰਪਨੀ ਤਾ ਕੀ ਕੀਤੀ ਹੋਈ॥
ਬਲੁ ਅਬਲੁ ਕਿਆ ਇਸ ਤੇ ਹੋਈ॥੪॥
ਇਹ ਬਸਤੀ ਤਾ ਬਸਤ ਸਰੀਰਾ॥
ਗੁਰ ਪ੍ਰਸਾਦਿ ਸਹਜਿ ਤਰੇ ਕਬੀਰਾ॥੫॥
(ਆਸਾ ਕਬੀਰ ਜੀ)

ਅਭਾਗਨ— ਹੇ ਭਲੇ ਲੋਕ! ਤੂੰ ਮੈਨੂੰ ਭਲਾ ਜਾਪਦਾ ਹੈਂ। ਵੇਖ, ਮੈਂ ਇਕ ਠੋਕਰ ਨਹੀਂ ਖਾਧੀ, ਮੈਂ ਐਨੀਆਂ ਠੋਕਰਾਂ ਖਾਧੀਆਂ ਹਨ ਕਿ ਜੀਵਨ ਤੋਂ ਅਵਾਜ਼ਾਰ ਹਾਂ। ਸਭ ਥਾਂ ਲੋਭ ਹੈ, ਕਿਤੇ ਮਾਯਾ ਦਾ ਕਿਤੇ ਰੂਪ ਦਾ। ਜੋ ਦਿੱਸਦੇ ਹਨ 'ਚੰਮ' ਤੇ 'ਦੰਮ' ਦੇ ਬੇਲੀ ਹਨ, ਦੁਖੀ ਤੇ ਦਰਦ ਰਵਾਣੇ ਦਾ ਕੋਈ ਨਹੀਂ, ਦੁਖੀਏ ਤੇ ਸਿੱਧੇ ਦਾ ਥਾਂ ਹੀ ਏਥੇ ਨਹੀਂ। ਮੈਨੂੰ ਮਰਨ ਦੇਹ ਅਰ ਨਾਂ ਬਚਾ, ਰੱਬ ਤੇਰਾ ਭਲਾ ਕਰੇ, ਮੈਨੂੰ ਜਾਣ ਦੇਹ ਜਿੱਥੇ ਮੇਰਾ ਪਤੀ ਗਿਆ ਹੈ।

ਸਿੰਘ ਜੀ ਉਸ ਵਲ ਘੂਰਕੇ ਤੱਕੇ ਤੇ ਨਰਮੀ ਨਾਲ ਬੋਲੇ: ਮਨ ਦੀਆਂ ਮੱਤਾਂ ਖਿੰਡ ਰਹੀਆਂ ਹਨ, ਘਟ ਘਟ ਵਿਚ ਲੋਭ ਲਹਿਰ ਫਿਰ ਰਹੀ ਹੈ, ਮਨੁਖ ਦੀ ਬਿਰਤੀ ਪਸ਼ੂ ਹੋ ਰਹੀ ਹੈ, ਧਰਮ ਦੇ ਨਾਮ ਹੇਠਾਂ ਅਧਰਮ ਉਹੋ ਪੰਜਾਂ ਦੀ ਹੱਟ ਲਾਈ ਬੈਠਾ ਹੈ, ਇਹ ਸੱਚ ਹੈ, ਪਰ ਹੇ ਕਾਕੀ! ਕਾਲੀ ਬੋਲੀ ਰਾਤ ਵਿਚ ਭੀ ਤਾਰੇ ਚਮਕਦੇ ਤੇ ਚੰਨ ਚੜ੍ਹਦਾ ਹੈ। ਇਸ ਪਸ਼ੂ ਬਿਰਤੀਆਂ ਵਾਲੇ ਸੰਸਾਰ ਵਿਚ ਭੀ ਦੇਵ ਬਿਰਤੀਆਂ ਹਨ, ਚਾਹੇ 'ਕੋਈ ਹਰਿਆ ਬੂਟੁ ਰਹਿਓ ਰੀ'॥ ਜੇ ਤੈਨੂੰ ਕੋਈ ਭੀ ਐਸਾ ਨਹੀਂ ਲੱਭਾ, ਜਿਸ ਨੇ ਮਨ ਤੇ ਨਫਸ ਤੇ ਆਪ ਤੇ ਕਾਬੂ ਪਾਇਆ ਹੋਵੇ, ਜੋ ਮਨ ਦਾ ਅਸਵਾਰ ਇਸ ਪਵਨ ਦੇ ਘੋੜੇ ਦਾ ਸ਼ਾਹ ਸਵਾਰ ਹੋਵੇ, ਤਾਂ ਨਾਂ ਸਮਝ ਕਿ ਬੀਜ ਨਾਸ਼ ਹੋ ਗਿਆ ਹੈ, ਹੋਰ ਟੋਲ ਕਰ। ਸੋਚ, ਹੀਰੇ ਪੱਥਰਾਂ ਵਾਡੂ ਰੁਲ ਨਹੀਂ ਹੁੰਦੇ। ਕੋਈ ਵਾਹਿਗੁਰੂ ਦੀ ਲਾਲਸਾ ਵਾਲਾ ਟੋਲ ਜਿਸਨੇ ਗੁਰ ਪ੍ਰਸਾਦਿ ਨਾਲ ਇਹ ਸਭ ਨੂੰ ਮਿੱਠੀ ਲੱਗਣ ਵਾਲੀ ਮਾਯਾ ਕੌੜੀ ਪ੍ਰਤੀਤ ਕੀਤੀ ਹੋਵੇ, ਜਿਸ ਦਾ ਮਨ ਇਸ ਮਿੱਠੀ ਤੋਂ ਮੁੜਿਆ ਹੋਵੇ, ਹਾਂ ਲੱਭ ਉਸ ਕਿਸੇ ਬੰਦੇ ਨੂੰ, ਪਰ ਮਰ ਨਾਂ ਮੌਤ ਐਸੀ ਕਿ ਤੂੰ ਮਰਕੇ ਬੀ ਪਈ ਰੁਲੇਂ। ਦੋਸ਼ ਨਾਂ ਦੇਹ ਹਿੰਦੂ, ਮੁਸਲਮਾਨ, ਸਿੱਖ ਈਸਾਈ ਨੂੰ। ਦੋਸ਼ ਦੇਹ ਆਪ ਨੂੰ, ਆਪਣੇ ਕਰਮ ਨੂੰ:-

ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ॥
(ਧਨਾ. ਤ੍ਰਿਲੋ)

ਤੇਰੇ ਕਰਮ ਤੇਰੇ ਵੈਰੀ ਹੋਏ। ਕਰਮ ਜੋ ਮਿੱਠੇ ਜਾਣ ਕੇ ਕਰੀਦੇ ਹਨ, ਉਹੋ ਲਾਗੂ ਹੋ ਖੜੋਂਦੇ ਹਨ। ਹੇ ਅਬਲਾ! ਜੇ ਤੂੰ ਘਰ ਘਰ ਅੱਗ ਦੇਖੀ ਹੈ ਤਾਂ ਨਾਂ ਸਮਝ ਕਿ ਜਗਤ ਵਿਚ ਹਿਮਾਲਾ ਨਹੀਂ ਰਿਹਾ। ਤੇਰੀ ਟੋਲ ਢਿੱਲੀ ਹੈ। ਢੂੰਢ, ਤੂੰ ਪਾਵੇਂਗੀ। ਮਰ ਨਾਂ, ਇਹ ਮਰਨਾ ਭਲਾ ਨਹੀਂ। ਅੱਗੇ ਕਰਮਾਂ ਦੀ ਮਾਰੀ ਦੁੱਖ ਪਾ ਰਹੀਂ ਹੈਂ, ਉਤੋਂ ਹੋਰ ਮਾੜਾ ਕਰਮ ਕਰਦੀ ਹੈਂ। ਅੰਗਾਰਿਆਂ ਨਾਲ ਅੱਗ ਨਾ ਬੁਝਾ।

ਅਭਾਗਨ— (ਅੱਖਾਂ ਸ਼ਰਮਾ ਕੇ) ਹੇ ਭਲੇ ਪੁਰਖ! ਮੈਂ ਕਿਸ ਆਸਰੇ ਜੀਵਾਂ। ਮਾਪਿਆਂ ਦੇ ਘਰੋਂ ਆ ਗਈ, ਹੁਣ ਜਾਣ ਜੋਗੀ ਨਹੀਂ, ਪਦਾਰਥ ਗੁਆ ਬੈਠੀ, ਪਾਸ ਕੁਛ ਨਹੀਂ; ਜਗਤ ਵਿਚ ਸਹਾਰਾ ਨਹੀਂ ਕੋਈ ਦੇਂਦਾ, ਜੋ ਮਿਲਦਾ ਹੈ ਮੈਂ ਮੁਰਦਾਰ ਦੇ ਮਾਸ ਨੂੰ ਨੋਚਣ ਵਾਲਾ ਪੰਛੀ ਮਿਲਦਾ ਹੈ, ਮੈਂ ਜੀਉ ਕੇ ਕੀ ਕਰਾਂ? ਮੈਂ ਪਾਪਣ ਹਾਂ, ਅਭਾਗਣ ਹਾਂ, ਪਰ ਮੈਂ ਪਤਿਬ੍ਰਤਾ ਹਾਂ, ਸ਼ੀਲ ਧਰਮ ਮੇਰਾ ਹਰੀ ਕੈਮ ਹੈ, ਮੈਂ ਇਸ ਧਰਮ ਨੂੰ ਬਚਾਉਣ ਖਾਤਰ ਮਰਨਾ ਹੈ ਅਰ ਜ਼ਰੂਰ ਮਰ ਜਾਣਾ ਹੈ।

ਸਿੰਘ— (ਕੋਮਲ ਸੁਰ ਵਿਚ) ਕਾਕੀ! ਤੇਰਾ ਆਚਰਨ ਉੱਚਾ ਤੇ ਸੁੱਚਾ ਹੈ। ਤੇਰਾ ਅਪਣੇ ਧਰਮ ਵਾਲਾ ਸੰਕਲਪ ਸ਼ੁਭ ਹੈ; ਪਰ ਹਾਂ, ਤੈਨੂੰ ਆਪਣੇ 'ਸੱਚ ਤੇ ਸੁੱਚ' ਦਾ ਤਕੀਆ ਪ੍ਰਾਪਤ ਨਹੀਂ। ਪਾਪੀ ਆਪਣੇ ਛਲ, ਦਗੇ, ਚਲਾਕੀਆਂ ਤੇ ਮਾਨ ਧਾਰ ਕੇ ਡੀਂਗਾਂ


SIKHBOOKCLUB.COM

ਮਾਰਦਾ ਹੈ, ਪਰ ਕਈ ਵੇਰ ਦੇਖਦਾ ਹੈ ਕਿ ਸੱਚ ਵਾਲੇ ਆਪਣੇ ਸੱਚ ਦੀ ਟੇਕ ਨਹੀਂ ਧਾਰਦੇ। ਕਿਉਂ ਤੈਨੂੰ ਜੋ ਪਤਿਬ੍ਰਤਾ ਹੈਂ ਜਿਸਨੇ ਇਤਨੇ ਖੇਦਾਂ ਵਿਚ ਧਰਮ ਬਚਾਇਆ ਹੈ, ਆਸਰੇ ਅਰ ਪਦਾਰਥ ਦੀ ਲੋੜ ਹੈ? ਕਿਉਂ ਤੈਨੂੰ ਇਸ ਧਰਮ ਦੀ, ਅਪਨੇ ਸੱਚ ਦੀ ਆਪਣੇ ਅੰਦਰ ਧਿਰ ਤੇ ਧੁਰ ਨਹੀਂ ਬੱਝਦੀ? ਤੂੰ ਕਿਉਂ ਇਕੱਲੀ ਹੈਂ ਜਦ ਧਰਮ ਤੇਰੇ ਨਾਲ ਹੈ, ਤੂੰ ਕਿਉਂ ਡਰਦੀ ਹੈਂ ਜਿਸਦੇ ਅੰਦਰ ਸੱਚ ਹੈ। ਜਗਤ ਦਾ ਮੁਕਤੀ ਦਾਤਾ ਆਖਦਾ ਹੈ:-

'ਸੋ ਡਰੈ ਜਿ ਪਾਪ ਕਮਾਵਦਾ'
ਹਾਂ, ਤ੍ਰਾਣ ਕਰਤਾ ਆਖਦਾ ਹੈ:-
'ਧਰਮੀ ਵਿਗਸੇਤੁ॥'

(ਵਾ: ਸਿਰੀ: ਮ: ੪-੫)

ਹੇ ਧਰਮ ਵਾਲੀ ਸਬਲਾ! ਤੂੰ ਕਿਉਂ ਡੋਲਦੀ ਹੈਂ? ਕਿਉਂ ਪਾਪੀਆਂ ਦਾ ਆਸਰਾ ਟੋਲਦੀ ਹੈਂ? ਪਸ਼ੂਆਂ ਨੂੰ ਕਿਉਂ ਮੱਨੁਖ ਸਮਝਕੇ ਉਨ੍ਹਾਂ ਦੀ ਸ਼ਰਨ ਜਾਂਦੀ ਹੈਂ? ਤੇਰੇ ਅੰਦਰ ਸੱਚ ਹੈ, ਧਰਮ ਹੈ, ਆਪਣੇ ਆਸਰੇ ਹੋ, ਆਪਣੀ ਟੇਕ ਟਿਕ। ਤ੍ਰਿਸ਼ਨਾ ਕੁੱਠਿਆਂ, ਲੋਭ ਲਹਿਰ ਵਿਚ ਟੂਰ ਰਹਿਆਂ ਤੇ ਪਸ਼ੂ ਬ੍ਰਿਤੀ ਵਾਲੇ ਮਨੁਖ ਦਿਸਦਿਆਂ ਪਰ ਪਸ਼ੂ ਜੀਵਨ ਬਿਤੀਤ ਕਰਦਿਆਂ ਪਾਸੋਂ ਤੂੰ ਸ਼ਰਨ ਕਿਉਂ ਮੰਗਦੀ ਹੈਂ ਤੇ ਭੈ ਕਿਉਂ ਖਾਂਦੀ ਹੈਂ? ਸ਼ੇਰ ਹੋ! ਆਪਣੇ ਵਿਚੋਂ ਭੁੱਲਾਂ ਕੱਢ, ਤ੍ਰਿਸ਼ਨਾਂ ਦੀ ਅੰਸ ਧੋ, ਜਿਵੇਂ ਇਕ ਅੰਦਰਲੇ ਮਹਾਂਬਲੀ ਤੇ ਤੂੰ ਕਾਬੂ ਪਾਕੇ ਪਤਿਬ੍ਰਤਾ ਹੋਈ ਹੈਂ, ਬਾਕੀ ਚੌਹਾਂ ਮਹਾਂਬਲੀਆਂ ਤੇ ਕਾਬੂ ਪਾ, ਫਿਰ ਤੂੰ ਮੁਥਾਜ ਨਹੀਂ, ਬੁਝੀ ਹੋਈ ਨਹੀਂ, ਨਿਤਾਣੀ ਨਹੀਂ, ਇਕੱਲੀ ਨਹੀਂ, ਫਿਰ ਤੂੰ ਇਨਸਾਨ ਹੈਂ ਤੇ ਬਲਵਾਨ ਹੈਂ।

ਅਭਾਗਣ— (ਕੁਛ ਧਿਰਾਸੀਂ ਹੋਕੇ) ਹੇ ਸਾਧੂ! ਤੇਰੇ ਵਾਕ ਅੰਮ੍ਰਿਤ ਹਨ ਜੋ ਮੋਏ ਵਿਚ ਜਾਨ ਪਾਉਂਦੇ ਹਨ, ਪਰ ਮੈਂ ਕੱਲ੍ਹ ਕਿਸੇ ਨੂੰ ਗਾਉਂਦੇ ਸੁਣਿਆ ਸੀ:-

ਕਬੀਰ ਬਨ ਕੀ ਦਾਧੀ ਲਾਕਰੀ ਠਾਢੀ ਕਰੈ ਪੁਕਾਰ॥ ਮਤਿ ਬਸਿ ਪਰਉ ਲੁਹਾਰ ਕੇ ਜਾਰੈ ਦੂਜੀ ਬਾਰ॥੯੦॥

ਸਿੰਘ— (ਗੰਭੀਰ ਸੁਰ ਵਿਚ) ਹੇ ਧਰਮ ਵਾਲੀ! ਮੈਂ ਸਾਧੂ ਨਹੀਂ, ਮੈਂ ਲੁਹਾਰ ਨਹੀਂ, ਮੈ ਤੈਨੂੰ ਤੇਰੀਆਂ ਦੋ ਭੁੱਲਾਂ ਦੱਸ ਰਿਹਾ ਹਾਂ।

ਇਸ ਸੰਸਾਰ ਵਿਚ ਪਸ਼ੂ ਬ੍ਰਿਤੀ ਪ੍ਰਬਲ ਹੈ, ਸ਼ੱਕ ਨਹੀਂ। ਪਰ ਮਨੁੱਖ ਜੇ ਮਨ ਵਿਚ ਕੰਘੀ ਮਾਰੇ ਤਾਂ ਓਹ ਦੇਖੇਗਾ ਕਿ ਉਸ ਦੀਆਂ ਰੁਚੀਆਂ ਤੇ ਕਰਮ ਪਸ਼ੂਆਂ ਤੋਂ ਭੀ ਮਾੜੇ ਹਨ। ਨਿਆਉਂ ਨਾਂ ਕਰਨਾ, ਦੂਏ ਦਾ ਦਿਲ ਦੁਖਾਉਣਾਂ, ਨਿੰਦਾ ਕਰਨੀ ਤੇ ਬਿਨਾਂ ਅੱਖੀਂ ਡਿੱਠੇ ਦੋਸ਼ ਥੱਪਣੇ ਇਹ ਪਸ਼ੂਆਂ ਤੋਂ ਭੀ ਮਾੜੀਆਂ ਗੱਲਾਂ ਹਨ। ਲੋਭ ਲਹਿਰ ਨਾਲ ਧਨ ਕੱਠੇ ਕਰਨੇ ਅਤੇ ਖਾਣ ਪੀਣ, ਪੰਜਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਦੇ ਵੱਸ ਵਿਚ ਹੋਕੇ ਨੀਵੇਂ ਕਰਮ ਹੀ ਕਰੀ ਜਾਣੇ ਇਹ ਪਸੂ ਬਿਰਤੀਆਂ ਹਨ। ਪਸ਼ੂ ਤਾਂ ਲੋੜ ਪੂਰੀ ਹੋਈ ਤੇ ਬੱਸ ਕਰਦਾ ਹੈ, ਮਨੁਖ ਕਿਤੇ ਬੀ ਬੱਸ ਨਹੀਂ ਕਰਦਾ। ਸੋ ਇਸ ਸੰਸਾਰ ਵਿਚ ਹਨੇਰੀ ਰਾਤ ਪੈ ਰਹੀ ਹੈ ਤੇ ਹੋਰ ਵੱਧ ਰਹੀ ਹੈ; ਵਿਦ੍ਯਾ ਦੇ ਸੁਧਾਰਕ ਤੇ ਧਰਮ ਦੇ ਪ੍ਰਚਾਰਕ ਕੂਕਾਂ ਦੇ ਰਹੇ ਹਨ, ਦੇਸ਼ ਹਿਤ ਦੇਸ਼ ਪਜਾਰ ਪੁਕਾਰੇ ਜਾ ਰਹੇ ਹਨ, ਪੱਛੋਂ ਤੋਂ ਵਿਗਜਾਨ ਵੀ ਆ ਰਿਹਾ ਹੈ, ਪਰ ਮਨੁੱਖ ਦੀ ਬਿਰਤੀ ਪਸ਼ੂ ਬਿਰਤੀ ਹੈ, ਪੰਜਾਂ ਦੇ ਵੱਸ ਵਿਚ ਹੈ। ਬਿਰਤੀ ਪਲਟਾ ਨਹੀਂ ਖਾ ਰਹੀ, ਸੁਭਾਵ ਨਹੀਂ ਬਦਲ ਰਹੇ, ਹੇ ਬੀਬੀ! ਇਹ ਸੱਚ ਹੈ। ਮੰਨਿਆਂ ਕਿ ਲੋਕੀਂ ਖੋਟ ਕਮਾਉਂਦੇ ਹਨ ਤੇ ਖੋਟ ਫੈਲ ਰਿਹਾ ਹੈ, ਮੰਨਿਆਂ ਕਿ ਜੋ ਲੋਕ ਧਰਮ ਦਾ ਉਪਦੇਸ਼ ਕਰਦੇ ਹਨ ਓਹਨਾਂ ਵਿਚੋਂ ਕਈਆਂ ਦੇ ਮਨ ਸੰਸਾਰਕ ਹਠ ਮਾਤ੍ਰ ਵਿਚ ਹਨ; ਉਨ੍ਹਾਂ ਨੇ ਪੰਜਾਂ ਮਹਾਂ ਬਲੀਆਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਨੂੰ ਬੰਨ੍ਹ ਨਹੀਂ ਲੀਤਾ ਤੇ ਵਾਹਿਗੁਰੂ ਜੀ ਦੀ ਮਿਠਾਸ ਨਾਲ ਓਹਨਾਂ ਦਾ ਪਿਆਰ ਨਹੀਂ ਪਿਆ, ਪਰ ਇਸ ਦਾ ਇਹ ਮਤਲਬ ਕੱਢਣਾ ਭੁੱਲ ਹੈ ਕਿ ਕੋਈ ਭੀ ਪਰਮੇਸ਼ਰ ਜੀ ਨੂੰ ਪਿਆਰ ਕਰਨ ਵਾਲਾ ਉਸਦਾ ਬੰਦਾ ਸੰਸਾਰ ਪਰ ਨਹੀਂ ਰਿਹਾ। ਬਹੁਤੇ ਖੋਟੇ ਪੈਸੇ ਵੇਖਕੇ ਇਹ ਨਹੀਂ ਸਮਝੀਦਾ ਕਿ ਖਰਾ ਪੈਸਾ ਰਿਹਾ ਹੀ ਨਹੀਂ। ਜਦ ਇਹ ਭੁੱਲ ਦੂਰ ਕਰੋਗੇ ਤਦ ਤੁਹਾਡੇ ਵਿਚ ਨਿਰਾਸਤਾ ਨਾ ਆਵੇਗੀ। ਅਕਸਰ ਨਿਰਾਸ ਮਨ ਹੀ ਆਤਮਘਾਤ ਵੱਲ ਰੁਖ਼ ਕਰਿਆ ਕਰਦਾ ਹੈ। ਇਸ ਵੀਚਾਰ ਨਾਲ ਤੁਹਾਡੇ ਮਨ ਵਿਚ ਆਸ ਉਤਪਤ ਹੋਵੇਗੀ, ਆਸ ਵਾਲਾ ਮਨ ਜੀਵਨ ਨੂੰ ਨਾਸ਼ ਨਹੀਂ ਕਰਨਾ ਚਾਹੁੰਦਾ। ਜੀਵਨ ਜੀਵਨਾ ਚਾਹੀਏ ਤੇ ਦੁੱਖਾਂ ਦਾ ਟਾਕਰਾ ਕਰਨਾ ਚਾਹੀਏ।


www.sikhbookclub.com

ਹਿੰਦੁਸਤਾਨ ਦੇ ਪੁਰਾਣੇ ਬਜ਼ੁਰਗਾਂ ਨੇ ਦੁਨੀਆਂ ਦੇ ਲੋਕਾਂ, ਗ੍ਰਹਸਤੀਆਂ, ਸਾਧਾਂ ਨੂੰ ਮਾਯਾਧਾਰੀ ਤੇ ਮਾੜੇ ਵੇਖਕੇ ਤਜਾਗ ਕੀਤੇ ਸਨ ਤੇ ਜੰਗਲਾਂ ਵਿਚ ਜਾ ਵਸੇ ਸਨ ਪਰ ਜਗਤ ਦੇ ਤ੍ਰਾਣ ਕਰਤਾ ਗੁਰੂ ਨਾਨਕ ਦੇਵ ਜੀ ਨੇ ਸੁਮੱਤ ਦਿੱਤੀ ਕਿ 'ਨੱਠੋ ਨਹੀਂ, ਇਸ ਲੋਭ ਲਹਿਰ ਤੇ ਤ੍ਰਿਸ਼ਨਾਂ ਦੇ ਰੇਤ ਥਲੇ ਵਿਚ ਕਿਤੇ ਕਿਤੇ ਠੰਢੀ ਝੰਗੀ ਹਮਦਰਦੀ ਦੀ ਤੇ ਪਜਾਰ ਦੇ ਮਿੱਠੇ ਪਾਣੀਆਂ ਦੇ ਚਸ਼ਮੇ ਬੀ ਹਨ'। ਸੋ ਬੀਬੀ! ਤੁਸੀਂ ਮਨੁੱਖ ਮਾਤ੍ਰ ਤੋਂ ਨਫਰਤ ਨਾ ਕਰੋ, ਸਾਰੇ ਜਗਤ ਨਾਲ ਨਾ ਰੁੱਸ ਜਾਓ; ਮਾੜਿਆਂ ਦੇ ਸੰਗ ਨੂੰ ਕੁਸੰਗ ਸਮਝਕੇ ਛੱਡੋ, ਪਰ ਭਲਿਆਂ ਦਾ ਸਤਿਸੰਗ ਕਰੋ। ਰੱਬ ਦੇ ਪਜਾਰ ਕਰਨ ਵਾਲੇ ਭਲੇ ਬੰਦਿਆਂ ਦਾ ਜਿਨ੍ਹਾਂ ਨੇ ਮੋਹ ਮਾਯਾ ਦੀ ਥਾਂ ਰੱਬ ਜੀ ਨਾਲ ਪਿਆਰ ਪਾਇਆ ਹੈ ਤੇ ਜਿਨ੍ਹਾਂ ਨੇ ਪੰਜਾਂ ਨੂੰ ਬੰਨ੍ਹ ਲਿਆ ਹੈ, (ਉਹਨਾਂ ਭਲਿਆਂ ਦਾ) ਸੰਗ ਕਰੋ। ਸਾਰੇ ਸੰਸਾਰ ਨਾਲ ਤਿਆਗ ਕਰੋਗੇ ਤਾਂ ਭਲਿਆਂ ਨਾਲ ਭੀ ਤਜਾਗ ਹੋ ਜਾਵੇਗਾ। ਫੇਰ ਜੰਗਲਾਂ ਵਿਚ ਤੁਸੀਂ ਘਬਰਾ ਵਿਚ ਫਸਕੇ ਕ੍ਰੋਧੀ ਤੇ ਨੀਵੇਂ ਮਨ ਵਾਲੇ ਹੋ ਜਾਓਗੇ* ਹਾਂ, ਸੰਸਾਰ ਵਿਚ ਉਹਨਾਂ ਨਾਲ ਨੇਹੁੰ ਨਾ ਲਾਓ ਜੋ ਵਾਹਿਗੁਰੂ ਜੀ ਤੋਂ ਭੁਲਾਉਂਦੇ ਹਨ, ਮਾੜੇ ਕੰਮਾਂ ਵਿਚ ਫਸਾਉਂਦੇ ਹਨ ਤੇ 'ਸੱਚ' ਤੋਂ ਦੂਰ ਲੈ ਜਾਂਦੇ ਹਨ। ਹਾਂ ਮਾੜੇ ਕਰਮ ਛੱਡਣੇ ਚਾਹੀਏ ਨਾ ਕਿ ਸੰਸਾਰ ਤੋਂ ਰੁੱਠ ਜਾਣਾ ਚਾਹੀਏ।

ਅਭਾਗਣ— (ਹਾਹੁਕਾ ਲੈਕੇ) ਮੈਨੂੰ ਤਾਂ ਇਕ ਬੀ ਨਾ ਚੰਗਾ ਲੱਭਾ?

ਸਿੰਘ— (ਮਿਹਰ ਨਾਲ ਤੱਕ ਕੇ) ਤੁਸਾਡੀ ਭਾਲ ਅਜੇ ਥੋੜ੍ਹੀ ਹੈ। ਤੁਸੀਂ ਨਿਰਾਸ ਹੋਕੇ ਵਾਹਿਗੁਰੂ ਦੇ ਰਚੇ ਸਰੀਰ ਨੂੰ ਭੰਨ ਰਹੇ ਹੋ, ਤੁਸੀਂ ਨਿਹਚੇ ਦੇ ਘਰ ਆਓ ਕਿ ਸੰਸਾਰ ਵਿਚ ਵਾਹਿਗੁਰੂ ਜੀ ਦਾ ਰਾਜ ਹੈ ਤੇ ਓਸ ਸੰਸਾਰ ਵਿਚ ਭਲੇ ਬੰਦੇ ਬੀ ਹੈਨ। ਤੁਸਾਨੂੰ ਪੰਜਾਂ ਪਰ ਕਾਬੂ ਪਾਉਣ ਵਾਲੇ, ਰੱਬ ਨੂੰ ਪਿਆਰ ਕਰਨ ਵਾਲੇ ਸੱਚੇ ਤੇ ਭਲੇ ਲੋਕ ਵੀ ਦਿੱਸ ਪੈਣਗੇ।

ਅਭਾਗਣ— (ਠੰਢਾ ਸਾਹ ਭਰਕੇ ਤੇ ਕੁਛ ਆਸ ਦਾ ਰੁਮਕਾ ਖਾਕੇ) ਤੇ ਜੀ ਮੇਰੀ ਦੂਸਰੀ ਭੁੱਲ ਭੀ ਦੱਸੋ, ਤੇ ਇਹ ਬੀ ਦੱਸੋ ਕਿ ਮੈਂ ਇਸਤ੍ਰੀ ਜਾਤ ਹਾਂ, ਕੀਕੂੰ ਟੋਲ ਕਰਾਂ। ਮੈਂ ਸੁਣਿਆ ਸੀ ਕਿ ਇਸਤ੍ਰੀ ਤੌਂਣ ਦਾ ਆਟਾ ਹੈ! ਅੰਦਰ ਪਈ ਨੂੰ ਚੂਹੇ ਖਾਂਦੇ ਹਨ, ਬਾਹਰ ਨਿਕਲੀ ਨੂੰ ਕਾਂ। ਮੈਂ ਭਾਲ ਵਿਚ ਹੀ ਘਰੋਂ ਨਿਕਲੀ ਸਾਂ, ਹੁਣ ਭਾਲ ਕੀਕੂੰ ਕਰਾਂ? ਕਦਮ ਕਦਮ ਤੇ ਲਾਗੂ ਖੜੇ ਹਨ।

ਸਿੰਘ— (ਗੰਭੀਰ ਸੁਰ ਨਾਲ) ਤੁਸਾਡੀ ਦੂਸਰੀ ਭੁੱਲ ਇਹ ਹੈ ਕਿ ਤੁਹਾਡੇ ਵਿਚ ਵਾਹਿਗੁਰੂ ਦਾ ਬਖਸ਼ਿਆ ਪਤੀਬ੍ਰਤ ਧਰਮ ਦਾ ਭਾਵ ਤਾਂ ਹੈ ਪਰ ਉਸ ਧਰਮ ਦਾ ਸੱਚਾ ਮਾਣ, ਉਸ ਧਰਮ ਦੀ ਸੱਚੀ ਟੇਕ ਤੇ ਉਸਦਾ ਅੰਦਰੇ ਅੰਦਰ ਨਿਰਹੰਕਾਰ ਨਸ਼ਾ ਤੁਹਾਡੇ ਅੰਦਰ ਨਹੀਂ ਹੈ, ਇਸ ਕਰਕੇ ਤੁਹਾਡੇ ਅੰਦਰ 'ਤੌਖਲਾ' ਵੱਸਦਾ ਹੈ। ਉਹ ਤੌਖਲਾ ਤੁਹਾਨੂੰ ਖਾ ਰਿਹਾ ਹੈ। ਉਸ ਧਰਮ ਦਾ, ਉਸ ਸੱਚੀ ਅੰਸ਼ ਦਾ, ਜਿਸਨੇ ਇਨ੍ਹਾਂ ਕਸ਼ਟਾਂ ਵਿਚ ਤੁਹਾਨੂੰ ਸੱਚਿਆਂ ਤੇ ਧਰਮੀ ਰੱਖਿਆ ਹੈ ਕਦੇ ਨਿਰਹੰਕਾਰ ਆਸਰਾ ਵੀ ਤੁਹਾਡੇ ਅੰਦਰ ਹੁੰਦਾ ਤਾਂ ਤੁਸੀਂ ਸੁਖੀ ਹੁੰਦੇ। ਧਰਮ ਉਹੀ ਹੈ ਜੋ ਸੱਚ ਹੈ। ਸੱਚ ਸਭ ਤੋਂ ਉੱਚਾ ਹੈ। ਤੁਹਾਡੇ ਅੰਦਰ ਇਕ ਸੱਚ ਹੈ, ਪਰ ਉਸ ਸੱਚ ਦਾ ਨਸ਼ਾ ਨਹੀਂ, ਟੇਕ ਨਹੀਂ। ਨਹੀਂ ਤਾਂ ਕਿਉਂ ਕੋਈ ਤੁਹਾਡਾ ਲਾਗੂ ਹੈ? ਕੌਣ ਹੈ ਜੋ ਪਵਿੱਤ੍ਰ ਹਿਰਦੇ ਵਾਲੀ ਇਸਤ੍ਰੀ ਵਲ ਤੱਕ ਸਕਦਾ ਹੈ? ਕੌਣ ਹੈ ਜੋ ਤੁਹਾਨੂੰ ਖਾ ਸਕਦਾ ਹੈ? ਕੋਈ ਨਹੀਂ। ਤੁਹਾਨੂੰ ਤੁਹਾਡਾ ਤੌਖਲਾ ਖਾ ਰਿਹਾ ਹੈ। ਜਿਨ੍ਹਾਂ ਦੇ ਹਿਰਦੇ ਧਰਮ ਨਹੀਂ ਉਨ੍ਹਾਂ ਨੂੰ ਤੌਖਲਾ ਹੈ। ਜਿਸ ਦੀ ਐਨੇ ਦੁੱਖਾਂ, ਅਜ਼ਮਾਇਸ਼ਾਂ ਤੇ ਪਰਤਾਵਿਆਂ ਵਿਚ ਪਵਿੱਤ੍ਰਤਾ ਕਾਇਮ ਰਹੀ ਹੈ ਤੇ ਆਪਾ ਕਾਬੂ ਵਿਚ ਰਿਹਾ ਹੈ, ਕੌਣ ਹੈ ਜੋ ਉਸਦੀ ਵਾਉ ਵੱਲ ਤੱਕ ਸਕਦਾ ਹੈ? ਪਰ ਕਿਵੇਂ ਹੋਵੇ ਕਿ ਉਸ ਪਵਿੱਤ੍ਰਤਾ ਵਿਚ ਤੌਖਲਾ ਨਾ ਹੋਵੇ, ਨਿਰਭੈਤਾ ਹੋਵੇ ਤੇ ਉਸ ਤੇ ਟੇਕ ਹੋਵੇ।

ਅਭਾਗਣ— (ਹੁਣ ਹੋਰ ਸਾਹ ਲੈਕੇ) ਹੇ ਸਾਧੂ! ਕਿਆ ਮੈਂ ਇਕੱਲੀ ਇਸ ਅਸਗਾਹ ਸੰਸਾਰ ਵਿਚ ਵਿਚਰ ਸਕਦੀ ਹਾਂ? ਮੈਂ ਇਸਤ੍ਰੀ ਅਬਲਾ!

ਸਿੰਘ— (ਜ਼ੋਰ ਨਾਲ) ਜਿਸਦੇ ਅੰਦਰ ਧਰਮ ਹੈ, ਪਵਿੱਤ੍ਰਤਾ ਹੈ, ਸੱਚ ਹੈ, ਰੱਬ ਹੈ, ਓਹ ਕਦੇ ਇਕੱਲਾ ਹੈ ਹੀ ਨਹੀਂ। ਉਸਦੇ ਨਾਲ ਸ੍ਰਿਸ਼ਟੀ ਦਾ ਮਾਲਕ ਰੱਬ ਹੈ। ਰੱਬ ਵਾਲਾ ਸਬਲ ਹੁੰਦਾ ਹੈ।

ਇਸਤ੍ਰੀ— (ਉਦਾਸ ਹੋਕੇ) ਧੱਜਾ ਨਹੀਂ ਬੱਝਦਾ। ਸਮਝ ਪੈਂਦੀ ਹੈ, ਪਰ ਨਸ਼ਾ ਨਹੀਂ ਅੰਦਰ

* ਗ੍ਰਿਹ ਰਾਜ ਮਹਿ ਨਰਕੁ ਉਦਾਸ ਕਰੋਧਾ॥ (ਮਾਰੂ ਮ:੫)।

SIKHBOOKCLUB.COM

ਉਮਗਦਾ, ਭਰੋਸਾ ਨਹੀਂ ਬੱਝਦਾ, ਰੱਬ ਸਿਰ ਤੇ ਨਹੀਂ ਪ੍ਰਤੀਤ ਦਿੰਦਾ।

ਸਿੰਘ— ਮਰ ਗਿਆ ਪਤੀ ਜਿਸਦੇ ਦਰਸ਼ਨਾਂ ਲਈ ਇਤਨੇ ਕਲੇਸ਼ ਝੱਲੇ ਨੀ, ਉਸ ਦੀ 'ਹੋਂਦ' ਕੀਕੂੰ ਤੇਰੇ ਅੰਦਰ ਹੈ? ਉਸ ਉਤੇ ਤੂੰ ਟੇਕ ਕੀਕੂੰ ਲਾਈ ਹੋਈ ਹੈ?

ਅਭਾਗਣ— ਜੀ ਹੈ, ਪਰ ਪਤਾ ਨਹੀਂ ਕਿਵੇਂ ਹੈ। ਹੈ ਸਹੀ।

ਸਿੰਘ— ਜੀਕੂੰ ਉਹ ਹੈ ਉਕਰ ਰੱਬ ਦੀ ਟੇਕ ਧਾਰ।

ਅਭਾਗਣ— ਜ਼ੋਰ ਲਾਉਨੀ ਹਾਂ, ਪਰ ਟੇਕ ਬੱਝਦੀ ਨਹੀਂ। ਆਪਦੇ ਬਚਨਾਂ ਨਾਲ ਜੀ ਮੇਰਾ ਖਿੜ ਆਇਆ ਹੈ, ਠੰਢ ਬੀ ਪਈ ਤੇ ਢਾਰਸ ਬੀ ਬੱਝੀ ਹੈ, ਪਰ ਅਜੇ ਡੋਲ ਪੈਂਦੀ ਹੈ।

ਸਿੰਘ— (ਪਿਆਰ ਨਾਲ) ਵੇਖ! ਕਸਰ ਇਕ ਹੋਰ ਹੈ। ਧਰਮ ਤੇਰੇ ਅੰਦਰ ਹੈ, ਪਰ ਧਰਮ ਦਾ ਧੁਰੰਧਰ ਨਹੀਂ ਹੈ। ਸੱਚ ਤੇਰੇ ਅੰਦਰ ਹੈ, ਪਰ 'ਸਰਬੰ ਸਾਚਾ' ਤੇਰੇ ਅੰਦਰ ਨਹੀਂ। ਕਾਸ਼! ਤੇਰੇ ਅੰਦਰ 'ਸਰਬੰ ਸਾਚਾ' ਵਾਹਿਗੁਰੂ, ਰੱਬ, ਪਰਮੇਸ਼ੁਰ ਆ ਵੱਸੇ। ਫੇਰ ਤੇਰੇ ਅੰਦਰ 'ਨਿਧਾਰਾਂ ਆਧਾਰ' ਦੀ ਟੇਕ ਆਵੇਗੀ ਤੇ ਤੂੰ ਜੀ ਉਠੇਂਗੀ।

ਅਭਾਗਣ— ਕੀਕੂੰ?

ਸਿੰਘ— ਉਸ ਮਾਲਿਕ ਨੂੰ ਜੋ ਪਿਤਾ ਹੈ, ਸਿਰਜਨਹਾਰ ਹੈ, ਜੋ ਪਾਲਣਹਾਰ, ਰੱਖਣਹਾਰ ਤੇ ਅੰਗ ਸੰਗ ਹੈ ਅੰਗ ਸੰਗ ਜਾਣ। ਉਹ ਅੰਦਰ ਬੈਠਾ ਹੈ, ਵੇਖ।

ਅਭਾਗਣ— ਵੇਖਾਂ ਕੀਕੂੰ?

ਸਿੰਘ— ਸਿਮਰਣ ਨਾਲ।

ਅਭਾਗਣ— ਕੀਕੂੰ?

ਸਿੰਘ— (ਟਿਕਵੀਂ ਸੁਰ ਤੇ ਮਿਹਰ ਦੀ ਅੱਖ ਤੱਕ ਕੇ) ਜੀਕੂੰ ਮਰ ਗਏ ਤੇ ਨਾ ਦਿੱਸਦੇ ਪਤੀ ਦੀ ਯਾਦ ਤੇਰੇ ਅੰਦਰ ਰਹੀ ਤੇ ਤੂੰ ਕਿਸੇ ਪਰਤਾਵੇ ਵਿਚ ਨਹੀਂ ਡਿੱਗੀ, ਇਸੇ ਤਰ੍ਹਾਂ ਸ੍ਰਿਸ਼ਟੀ ਦੇ ਮਾਲਿਕ ਵਾਹਿਗੁਰੂ ਦੀ ਲਗਾਤਾਰ ਯਾਦ ਅੰਦਰ ਵਸਾ। ਉਸ ਦੀ ਯਾਦ ਤੇਰੇ ਅੰਦਰ ਉਸ ਦੀ ਟੇਕ ਬੰਨ੍ਹੇਗੀ ਤੇ ਨਿਰਭੈਤਾ ਲਿਆਵੇਗੀ। ਜਗਤ ਦਾ ਮੁਕਤੀ ਦਾਤਾ ਗੁਰੂ ਨਾਨਕ ਆਖਦਾ ਹੈ:-

"ਸੋ ਕਿਉ ਵਿਸਰੈ ਮਾਉ ਮੈ ਜੋ ਰਹਿਆ ਭਰਪੂਰੇ"॥

ਯਾਦ ਕਰ ਰੱਬ ਨੂੰ ਦਮ ਬਦਮ। ਤੇਰੀਆਂ ਅੱਖਾਂ ਅੱਗੇ ਸੰਸਾਰ ਹੈ। (ਕੁਛ ਸੋਚ ਕੇ) ਲੈ ਬੀਬੀ! ਹੁਣ ਤੇਰਾ ਗੁਰੂ ਰਾਖਾ, ਮੈਂ ਚਲਦਾ ਹਾਂ।

ਅਭਾਗਣ— (ਘਬਰਾ ਕੇ)...ਤੇ ਮੇਰਾ ਕੌਣ?... ਤੇ ਜੋ ਸਿਖ੍ਯਾ ਦੇ ਰਹੇ ਸਾਓ ਅਧਵਾਟੇ ਰਹਿ ਗਈ।

ਸਿੰਘ— ਫੇਰ ਕਦੇ ਸਹੀ! ਤੂੰ ਥੱਕ ਗਈ ਹੋਸੇਂ, ਕਮਜ਼ੋਰ ਹੈਂ ਅਜੇ।

ਅਭਾਗਣ— ਮੈਂ ਤਕੜੀ ਹੋ ਗਈ ਹਾਂ, ਪਜਾਰ ਵਾਲੇ ਉਪਦੇਸ਼ ਨਾਲ। ਕਿਰਪਾ ਕਰੋ ਤੇ ਸਾਰੀ ਗਲ ਸਮਝਾ ਦਿਓ, ਮੇਰੇ ਥੱਕਣ ਦੀ ਪਰਵਾਹ ਨਾ ਕਰੋ।

ਸਿੰਘ— (ਕੁਛ ਸੋਚ ਕੇ) ਚੰਗਾ ਹੋਰ ਥੋੜਾ ਸੁਣ ਲੈ, ਮੈਂ ਕਿਹਾ ਸੀ ਕਿ ਤੇਰੀਆਂ ਅੱਖਾਂ ਅੱਗੇ ਸੰਸਾਰ ਹੈ, ਸੰਸਾਰ ਵਿਚ ਸੰਸਾ ਤੇ ਤੌਖਲਾ ਹੈ, ਸਭ ਵਡੇ ਵਡੇ ਪੰਡਤ, ਅਮੀਰ ਅਨਪੜ੍ਹ ਪੜ੍ਹੇ ਲਿਖੇ ਵਿਦਵਾਨ, ਸਾਇੰਸ ਵੇਤਾ (ਵਿਗਜਾਨੀ) ਸਭ ਦੇ ਅੰਦਰ ਸੰਸਾ ਤੇ ਤੌਖਲਾ ਵਸਦਾ ਹੈ। ਜੀਵ ਜੰਤੂ ਜਨੌਰ ਸਭ ਤੌਖਲੇ ਵਿਚ ਹਨ। ਹਰ ਆਦਮੀ, ਹਰ ਜਾਨਵਰ, ਗੱਲ ਕੀ ਹਰ ਪ੍ਰਾਣੀ ਆਪਣੇ ਤੋਂ ਕਮਜ਼ੋਰ ਨੂੰ ਭੌ (ਡਰ) ਦੇਂਦਾ ਹੈ ਤੇ ਆਪਣੇ ਤੋਂ ਤਕੜੇ ਦਾ ਭੌ ਖਾਂਦਾ ਹੈ। ਇਉਂ ਸਾਰਾ ਸੰਸਾਰ ਤੌਖਲੇ ਵਿਚ ਵੱਸਦਾ ਹੈ। ਤੂੰ ਉਸ ਤੌਖਲੇ ਵਾਲੇ ਜਗਤ ਨੂੰ ਵੇਖਦੀ ਹੈਂ, ਪ੍ਰਤੱਖ ਅੱਖਾਂ ਦੇ ਸਾਹਮਣੇ ਦਿਨ ਰਾਤ। ਇਹੋ ਤੌਖਲੇ-ਬਿਰਤੀ ਵਾਲਾ ਸੰਸਾਰ ਹੈ, ਜਿਸਦਾ ਅਕਸ ਤੇਰੇ ਮਨ ਤੇ ਬੀ ਪੈਂਦਾ ਹੈ। ਤੂੰ ਅੰਦਰ ਵਾਹਿਗੁਰੂ ਨੂੰ ਯਾਦ ਕਰ, ਹਰ ਦਮ ਯਾਦ ਕਰ, ਉਹਦਾ ਧ੍ਯਾਨ ਸਦਾ ਅੰਦਰ ਰੱਖ, ਤਦ ਤੇਰੇ ਮਨ ਤੇ ਉਸ ਵਾਹਿਗੁਰੂ ਦਾ ਅਕਸ ਪਵੇਗਾ। ਉਹ ਨਿਰਭੈ ਹੈ, ਤੌਖਲੇ ਰਹਿਤ ਹੈ, ਤੇਰਾ ਮਨ ਇਸ ਯਾਦ ਵਿਚ ਰਹਿ ਕੇ ਉਸ ਦਾ ਅਕਸ ਲਏਗਾ ਤੇ ਨਿਰਭੈ ਹੋ ਜਾਏਗਾ, ਫੇਰ ਤੂੰ ਨਾਂ ਭੈ ਦੇਵੇਂਗੀ ਨਾਂ ਭੈ ਮੰਨੇਗੀ। ਤ੍ਰਾਣ ਕਰਤਾ ਆਖਦਾ ਹੈ:-

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥੧੬॥

ਜਦ ਤੇਰਾ ਮਨ ਨਿਰਭੈ ਹੋ ਗਿਆ ਤਦ ਦ੍ਰਿਸ਼ਟੀ ਬਦਲ ਜਾਏਗੀ। ਇਹ ਸੰਸਾਰ ਵਿਸ਼ (ਜ਼ਹਰ) ਨਹੀਂ


SIKHBOOKCLUB.COM

ਦਿੱਸੇਗਾ, ਇਹ ਹਰੀ ਰੂਪ ਦਿੱਸੇਗਾ। ਜਿਧਰ ਤੇਰੀ ਨਜ਼ਰ ਜਾਏਗੀ ਤੈਨੂੰ ਵਾਹਿਗੁਰੂ ਦਾ ਪ੍ਰਕਾਸ਼ ਦਿੱਸੇਗਾ। ਜਿਸ ਤਰ੍ਹਾਂ ਅੰਨ੍ਹੇ ਨੂੰ ਹਰ ਥਾਂ ਠੁਹਕਰਾਂ ਦਿੱਸਦੀਆਂ ਹਨ, ਪਰ ਜਦ ਨੇਤ੍ਰ ਖੁੱਲ੍ਹ ਜਾਣ ਤਾਂ ਉਸ ਨੂੰ ਪ੍ਰਕਾਸ਼ ਤੇ ਚਾਨਣਾ ਹੀ ਦੀਹਦਾ ਹੈ, ਫੇਰ ਉਸੇ ਸੰਸਾਰ ਵਿਚ ਠੁਹਕਰਾਂ ਨਹੀਂ ਖਾਂਦਾ, ਉਹੋ ਕੰਧਾਂ, ਥੱਮ੍ਹੇ, ਰੁੱਖ ਬਿਰਖ ਜੋ ਉਸ ਦਾ ਮੱਥਾ ਭੰਨਦੇ ਹੁੰਦੇ ਸਨ, ਉਸ ਦਾ ਮੱਥਾ ਨਹੀਂ ਭੰਨਦੇ, ਅਪਣਾ ਸਰੂਪ ਦੱਸਦੇ ਹਨ।

ਹੇ ਬੀਬੀ! ਉੱਠ ਉਸ ਮਾਯਾ ਵਿਚੋਂ, ਉਸ ਤੌਖਲੇ, ਉਸ ਸੰਸੇ ਤੇ ਭਰਮ ਵਿਚੋਂ, ਉਸ ਹਨੇਰੇ ਤੇ ਅਵਿੱਦਯਾ ਵਿਚੋਂ, ਹਾਂ, ਮਨ ਦੀ ਉਸ ਦਸ਼ਾ ਵਿਚੋਂ ਜਿਸ ਵਿਚ ਭੈ ਵੱਸ ਰਿਹਾ ਹੈ, ਯਾਦ ਕਰ ਨਿਰਭੈ ਵਾਹਿਗੁਰੂ ਨੂੰ, ਯਾਦ ਕਰ ਉਸ ਨਿਰਭਉ ਨੂੰ, ਹਾਂ ਸਿਮਰਨ ਕਰ ਉਸਦਾ, ਕਿਉਂਕਿ ਕਲਯਾਨ ਦਾਤਾ, ਸੁਖਦਾਤਾ ਆਖਦਾ ਹੈ:-

''ਨਿਰਭਉ ਜਪੈ ਸਗਲ ਭਉ ਮਿਟੈ''

ਤੇਰੇ ਆਤਮਾਂ ਵਿਚ ਸੰਕਲਪ ਵਿਕਲਪ ਫੁਰਨੇ ਸੰਸਾਰ ਦੇ- ਭੈ ਭਰਮਾਂ ਵਾਲੇ- ਨਾ ਉੱਠਣ, ਪਰ ਇਕ ਗੱਲ ਦਾ ਫੁਰਨਾ ਸਦਾ ਫੁਰੇ, ''ਮੇਰਾ ਪ੍ਰੀਤਮ, ਮੇਰਾ ਪਯਾਰਾ ਵਾਹਿਗੁਰੂ ਹੈ, ਉਹ ਮੇਰੇ ਅੰਦਰ ਬਾਹਰ ਹੈ, 'ਉਹ ਮੇਰਾ ਰਾਖਾ ਸਭਨੀ ਥਾਈਂ ਹੈ'' ਦੇਖ! ਜੀਵਨ ਦਾਤਾ ਜੀ ਫੁਰਮਾਉਂਦੇ ਹਨ:-

ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥ ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ॥੧॥ ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ॥ ਤੂੰ ਮੇਰੀ ਓਟ ਤੂੰਹੈ ਮੇਰਾ ਮਾਣਾ॥ ਤੁਝ ਬਿਨੁ ਦੂਜਾ ਅਵਰੁ ਨ ਕੋਈ ਸਭੁ ਤੇਰਾ ਖੇਲੁ ਅਖਾੜਾ ਜੀਉ॥੨॥ ਜੀਅ ਜੰਤੁ ਸਭਿ ਤੁਧੁ ਉਪਾਏ॥ ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ॥ ਸਭ ਕਿਛੁ ਕੀਤਾ ਤੇਰਾ ਹੋਵੈ ਨਾਹੀਂ ਕਿਛੁ ਅਸਾੜਾ ਜੀਉ॥੩॥ ਨਾਮੁ ਧਿਆਇ ਮਹਾ ਸੁਖੁ ਪਾਇਆ॥ ਹਰਿ ਗੁਣ ਗਾਇ ਮੇਰਾ ਮਨੁ ਸੀਤਲਾਇਆ॥ ਗੁਰਿ ਪੂਰੇ ਵਜੀ ਵਾਧਾਈ ਨਾਨਕ ਜਿਤਾ ਬਿਖਾੜਾ ਜੀਉ॥੪॥੨੪॥੩੧॥

ਜਿਨ੍ਹਾਂ ਦੇ ਹੱਥੋਂ ਦੁਖ ਪਾਏ ਨੀਂ ਉਨ੍ਹਾਂ ਨੂੰ ਤੇ ਪਾਏ ਦੁਖਾਂ ਨੂੰ ਵੀ ਭੁੱਲ ਜਾਈਂ, ਨਹੀਂ ਤਾਂ ਉਹਨਾਂ ਦੇ ਵੈਰ ਦੀ ਯਾਦ ਤੇਰੇ ਅੰਦਰ ਵੈਰ ਦਾ ਅਕਸ ਪਾਕੇ ਤੇਰੇ ਅੰਦਰ ਵੈਰ ਦੀ ਮੈਲ, ਤੇ ਕਾਈ ਪਾਏਗੀ। ਜੇ ਚਾਹੁੰਦੀ ਹੈਂ ਕਿ ਤੂੰ ਸੁਖ ਪਾਵੇਂ, ਤਾਂ ਅੰਦਰ ਟਿਕ ਨਾਮ ਤੇ। ਸੁਖ ਬਾਹਰ ਨਹੀਂ, ਸੁਖ ਅੰਦਰ ਹੈ; ਪਰ ਤਾਂ ਜੇ ਅੰਦਰ ਧਯਾਨ ਵਾਹਿਗੁਰੂ ਵੱਲ ਰਹੇ, ਮਨ ਤੇ ਅਕਸ ਪਏ ਤਾਂ ਵਾਹਿਗੁਰੂ ਦਾ। ਤਦੇ ਉਸ 'ਪਾਰ ਲੰਘਾਵਨ ਹਾਰ' ਸਤਿਗੁਰ ਨੇ ਕਿਹਾ ਹੈ:-

''ਊਠਤ ਬੈਠਤ ਸੋਵਤ ਨਾਮ॥
ਕਹੁ ਨਾਨਕ ਜਨ ਕੈ ਸਦ ਕਾਮ॥''੧
''ਊਠਤ ਬੈਠਤ ਸੋਵਤ ਧਿਆਈਐ॥
ਮਾਰਗਿ ਚਲਤ ਹਰੇ ਹਰਿ ਗਾਈਐ॥''

ਦੇਖ ਬੀਬੀ! 'ਬਚਾਵਣਹਾਰ ਜੀ' ਆਖਦੇ ਹਨ:-

ਪ੍ਰਭ ਜੀ ਕੋ ਨਾਮੁ ਮਨਹਿ ਸਾਧਾਰੈ॥ ਜੀਅ ਪ੍ਰਾਨ ਸੂਖ ਇਸੁ ਮਨ ਕਉ ਬਰਤਨਿ ਏਹ ਹਮਾਰੈ॥੧॥ਰਹਾਉ॥ ਨਾਮੁ ਜਾਤਿ ਨਾਮੁ ਮੇਰੀ ਪਤਿ ਹੈ ਨਾਮੁ ਮੇਰੈ ਪਰਵਾਰੈ॥ ਨਾਮੁ ਸਖਾਈ ਸਦਾ ਮੇਰੈ ਸੰਗਿ ਹਰਿ ਨਾਮੁ ਮੋ ਕਉ ਨਿਸਤਾਰੈ॥੧॥ ਬਿਖੈ ਬਿਲਾਸ ਕਹੀਅਤ ਬਹੁਤੇਰੇ ਚਲਤ ਨ ਕਛੂ ਸੰਗਾਰੈ॥ ਇਸਟ ਮੀਤੁ ਨਾਮੁ ਨਾਨਕ ਕੋ ਹਰਿ ਨਾਮੁ ਮੇਰੈ ਭੰਡਾਰੈ॥੨॥

ਅਭਾਗਣ— (ਦਿਲ ਹਲਕੇ ਹੋਣ ਨਾਲ ਸਾਹ ਲੈਕੇ) ਹੇ ਭਲੇ ਪੁਰਖ! ਇਹ ਦੱਸ ਕਿ ਕਿਆ ਮੇਰੀ ਮਾਂ ਦੀ ਥਾਂ, ਪਿਤਾ ਦੀ ਥਾਂ, ਸਾਕ ਸਨਬੰਧੀ ਸਖੀ ਸਹੇਲੀ ਦੀ ਥਾਂ ਇਹ ਨਾਮ ਮੱਲੇਗਾ? ਕਿਆ ਮੇਰੀਆਂ ਸਰਬ ਊਣਾਂ ਪੂਰਨ ਇਹ ਨਾਮ ਕਰ ਸਕੇਗਾ?

ਸਿੰਘ ਜੀ— (ਨਿੰਮ੍ਰਤਾ ਨਾਲ) ਮੈਂ ਤਾਂ ਭੁੱਲਣਹਾਰਾਂ ਵਿਚੋਂ ਹਾਂ, ਪਰ ਮੇਰਾ ਸਾਹਿਬ, ਸੱਚਾ ਪਾਤਸ਼ਾਹ ਜਗਤ ਦਾ 'ਅਭੁੱਲ ਗੁਰੂ' ਆਖਦਾ ਹੈ:-

ਜਿਨ ਕੈ ਹਰਿ ਨਾਮੁ ਵਸਿਆ ਸਦ ਹਿਰਦੈ ਹਰਿ ਨਾਮੋ ਤਿਨ ਕੰਉ ਰਖਣਹਾਰਾ॥ ਹਰਿ ਨਾਮੁ ਪਿਤਾ ਹਰਿ ਨਾਮੋ ਮਾਤਾ ਹਰਿ ਨਾਮੁ ਸਖਾਈ ਮਿਤ੍ਰੁ ਹਮਾਰਾ॥ ਹਰਿ ਨਾਵੈ ਨਾਲਿ ਗਲਾ ਹਰਿ ਨਾਵੈ ਨਾਲਿ ਮਸਲਤਿ ਹਰਿ ਨਾਮੁ ਹਮਾਰੀ ਕਰਦਾ ਨਿਤ ਸਾਰਾ॥ ਹਰਿ ਨਾਮੁ ਹਮਾਰੀ ਸੰਗਤਿ ਅਤਿ ਪਿਆਰੀ ਹਰਿ ਨਾਮੁ ਕੁਲੁ ਹਰਿ ਨਾਮੁ ਪਰਵਾਰਾ॥ ਜਨ ਨਾਨਕ ਕੰਉ ਹਰਿ ਨਾਮੁ ਹਰਿ ਗੁਰਿ ਦੀਆ ਹਰਿ ਹਲਤਿ ਪਲਤਿ ਸਦਾ ਕਰੇ ਨਿਸਤਾਰਾ॥੧੫॥ ਹਰਿ ਨਾਮੁ ਹਮਾਰਾ ਪ੍ਰਭੁ ਅਬਿਗਤੁ ਅਗੋਚਰੁ ਅਬਿਨਾਸੀ ਪੁਰਖੁ ਬਿਧਾਤਾ॥ ਹਰਿ ਨਾਮੁ ਹਮ ਸ੍ਰੇਵਹ ਹਰਿ ਨਾਮੁ ਹਮ ਪੂਜਹ ਹਰਿ ਨਾਮੇ ਹੀ

SIKHBOOKCLUB.COM

ਮਨੁ ਰਾਤਾ॥ ਹਰਿ ਨਾਮੇ ਜੇਵਡੁ ਕੋਈ ਅਵਰੁ ਨ ਸੁਝੈ ਹਰਿ ਨਾਮੋ ਅੰਤਿ ਛਡਾਤਾ॥ ਹਰਿ ਨਾਮੁ ਦੀਆ ਗੁਰਿ ਪਰਉਪਕਾਰੀ ਧਨੁ ਧੰਨੁ ਗੁਰੂ ਕਾ ਪਿਤਾ ਮਾਤਾ॥ ਹੰਉ ਸਤਿਗੁਰ ਅਪੁਨੇ ਕੰਉ ਸਦਾ ਨਮਸਕਾਰੀ ਜਿਤੁ ਮਿਲਿਐ ਹਰਿ ਨਾਮੁ ਮੈ ਜਾਤਾ॥੧੬॥ ਹਰਿ ਨਾਮੁ ਹਮਾਰਾ ਭੋਜਨੁ ਛਤੀਹ ਪਰਕਾਰ ਜਿਤੁ ਖਾਇਐ ਹਮ ਕਉ ਤ੍ਰਿਪਤਿ ਭਈ॥ ਹਰਿ ਨਾਮੁ ਹਮਾਰਾ ਪੈਨਣੁ ਜਿਤੁ ਫਿਰਿ ਨੰਗੇ ਨ ਹੋਵਹ ਹੋਰ ਪੈਨਣ ਕੀ ਹਮਾਰੀ ਸਰਧ ਗਈ॥ ਹਰਿ ਨਾਮੁ ਹਮਾਰਾ ਵਣਜੁ ਹਰਿ ਨਾਮੁ ਵਾਪਾਰੁ ਹਰਿ ਨਾਮੈ ਕੀ ਹਮ ਕੰਉ ਸਤਿਗੁਰ ਕਾਰਕੁਨੀ ਦੀਈ॥ ਹਰਿ ਨਾਮੈ ਕਾ ਹਮ ਲੇਖਾ ਲਿਖਿਆ ਸਭ ਜਮ ਕੀ ਅਗਲੀ ਕਾਨਿ ਗਈ॥ ਹਰਿ ਕਾ ਨਾਮੁ ਗੁਰਮੁਖਿ ਕਿਨੈ ਵਿਰਲੈ ਧਿਆਇਆ ਜਿਨ ਕੰਉ ਧੁਰਿ ਕਰਮਿ ਪਰਾਪਤਿ ਲਿਖਤੁ ਪਈ॥੧੭॥

ਅਭਾਗਣ— (ਅੱਖਾਂ ਚਮਕ ਉਠੀਆਂ) ਵਾਹਵਾਹ! ਧੰਨ ਰੱਬ ਹੈ, ਹੇ ਸ਼ੁਭ ਮੱਤ ਦੇਣ ਵਾਲੇ ਪਰਉਪਕਾਰੀ ਜੀਓ! ਮੈਨੂੰ ਇਹ ਦੱਸੋ ਜੋ ਤੁਸੀਂ ਹਿੰਦੂ ਹੋ ਮੁਸਲਮਾਨ ਹੋ, ਈਸਾਈ ਹੋ ਜਾਂ ਆਰੀਆ?

ਸਿੰਘ ਜੀ— ਮੈਂ ਪਰਉਪਕਾਰੀ ਨਹੀਂ ਬੀਬੀ! ਜੇ ਕਿਸੇ ਨੇ ਸਚਮੁਚ ਦਾ ਧਰਮ ਨਹੀਂ ਧਾਰਿਆ ਤੇ ਨਾਮ ਧਰਮ ਦਾ ਜੋ ਜੀ ਕਰੇ ਰਖਾ ਲਵੇ ਉਸ ਨੂੰ ਕੀ ਲਾਭ ਹੈ। ਕਲੇਸ਼ ਜਗਤ ਵਿਚ ਇਸਤਰ੍ਹਾਂ ਹੀ ਫੈਲ ਰਿਹਾ ਹੈ ਕਿ ਧਰਮ ਹੀਨ ਲੋਕ ਧਰਮ ਵਾਲੇ ਕਹਾਉਂਦੇ ਹਨ। ਨਾਮ ਧਰਮ ਦਾ ਰਖਦੇ ਹਨ ਪਰ ਕਰਮ ਧਰਮ ਹੀਨਤਾ ਦੇ ਕਮਾਉਂਦੇ ਹਨ। ਸੱਚਾ ਧਰਮ ਇਹ ਹੈ ਕਿ ਵਾਹਿਗੁਰੂ ਸੱਚੇ ਦਾ ਅਕਸ ਸਾਡੇ ਦਿਲ ਤੇ ਲਗਾਤਾਰ ਪਵੇ, ਉਸਦੀ ਹਜ਼ੂਰੀ ਦਾ ਚਾਨਣਾ ਸੂਰਜ ਦੇ ਚਾਨਣੇ ਵਾਂਗ ਮਨ ਤੇ ਆਵੇ ਜਾਂ ਐਉਂ ਕਿ ਸਾਥੋਂ ਕੋਈ ਕੰਮ ਐਸਾ ਨਾ ਹੋਵੇ ਕਿ ਸਾਡੇ ਮਨ ਵਿਚ, ਵਾਹਿਗੁਰੂ ਜੀ ਦੀ 'ਹੈਂ' ਦਾ ਫੁਰਨਾ ਬੰਦ ਹੋਵੇ, ਜਾਂ ਐਉਂ ਆਖੋ ਕਿ ਮਨ ਵਿਚ ਧਯਾਨ ਵਾਹਿਗੁਰੂ ਦਾ ਸਦਾ ਟਿਕੇ। ਇਹ ਹੈ ਸ਼ੁਭ ਮਤ ਜੋ ਅਸਾਂ ਸਿੱਖਣੀ ਹੈ, ਤੇ ਸਿਖਾਵਣ ਲਈ ਅਰਸ਼ਾਂ ਤੋਂ ਸਿੱਖਯਾ ਦਾਤਾ ਤੇ ਜੀਅਦਾਨ ਦਾਤਾ ਆਯਾ, ਓਹਨੂੰ ਗੁਰੂ - ਦੈਵੀ ਗੁਰੂ - ਆਖਦੇ ਹਨ। ਓਸ ਗੁਰੂ ਦੇ ਚਰਣਾਂ ਤੋਂ ਬਲਿਹਾਰ ਹੋਣ ਵਾਲਾ, ਸਿੱਖਣ ਵਾਲਾ ਤੇ ਜੀਅਦਾਨ ਦਾ ਮੰਗਤਾ ਮੈਂ ਉਸ ਦਾ ਸਿੱਖ ਹਾਂ! ਮੈਂ ਹਰਦਮ ਸਿੱਖਣ ਦਾ ਜਤਨ ਕਰ ਰਿਹਾ ਹਾਂ ਕਿ ਕਿਵੇਂ ਮੇਰੇ ਮਨ ਤੇ ਉਹ ਮਾਲਕ ਬੈਠਾ ਰਹੇ। ਮੈਂ ਉਸ ਨੂੰ ਯਾਦ ਰਖਦਾ ਹਾਂ, ਤਰਲਾ ਇਹ ਹੈ ਕਿ ਮੈਂ ਕਿਵੇਂ ਮਨ ਦੇ ਮੰਡਲ ਵਿਚ ਉਸ ਤੋਂ ਨਾਂ ਵਿਛੁੜਾਂ। ਇਸ ਨੂੰ ਕਹੀਦਾ ਹੈ 'ਨਾਮ'। ਇਹ ਹੈ ਪ੍ਰਭੂ ਨਾਲ ਮੇਲ। ਧਰਮ, ਮਤ, ਮਜ਼ਹਬ ਓਹ ਹੈ ਜੋ ਪ੍ਰਭੂ ਨਾਲ ਮਿਲਾਵੇ, ਜੋ ਮਾਯਾ ਨਾਲ ਮਿਲਾਵੇ ਉਹ ਅਧਰਮ, ਅਮੱਤ, ਅਮਜ਼ਹਬ ਹੈ। ਸੋ ਜੇ ਸੁਖ ਦੀ ਲੋੜ ਹੈ ਤਾਂ ਰਾਹ ਇਹ ਹੈ।

ਅਭਾਗਣ— ਮੈਨੂੰ ਠੰਢ ਪੈ ਗਈ ਹੈ, ਪਰ ਕੋਈ ਮਨੁੱਖੀ ਆਸਰਾ ਦੱਸੋ ਜੋ ਮੈਂ ਕਿਸਦੇ ਆਸਰੇ ਦਿਨ ਗੁਜ਼ਾਰਾਂ?

ਸਿੰਘ ਜੀ— (ਤਰਸ ਨਾਲ ਤੱਕਕੇ) ਮੈਂ ਕੋਈ ਡੇਰਾ ਟਿਕਾਣਾ ਨਹੀਂ ਰੱਖਦਾ, ਮੈਂ ਕੋਈ ਆਸ਼ਰਮ ਵਾਲਾ ਨਹੀਂ, ਮੈਂ ਘਰ ਬਾਰ ਵਾਲਾ ਨਹੀਂ। ਸਾਕ ਸੰਬੰਧਾਂ ਵਿਚ ਬੈਠਾ ਗ੍ਰਿਹਸਤੀ ਨਹੀਂ। ਮੈਂ ਕੀ ਆਸਰਾ ਦਿਆਂ? ਮੈਂ ਵਾਹਿਗੁਰੂ ਦੇ ਪਿਆਰ ਵਿਚ ਹਾਂ ਤੇ ਰਮਤਾ ਹਾਂ। ਹਰ ਥਾਂ ਮੇਰਾ ਟਿਕਾਣਾ ਹੈ, ਹਰ ਰਾਤ ਮੇਰਾ ਮਹੱਲ ਹੈ, ਹਰ ਦਿਨ ਮੇਰਾ ਬਗੀਚਾ ਹੈ, ਹਰ ਧਰਤੀ ਮੇਰੀ ਚਾਰਪਾਈ ਹੈ, ਹਰ ਥਾਂ ਜਲ ਮੇਰਾ ਹੈ ਤੇ ਹਰ ਥਾਂ ਅੰਨ ਮੇਰਾ ਹੈ, ਕਿਉਂਕਿ ਮੈਂ ਆਪਨੇ ਵਾਹਿਗੁਰੂ ਦਾ ਹਾਂ ਤੇ ਸਭ ਕੁਛ ਉਸਦਾ ਹੈ। ਉਸਦੀ ਯਾਦ, ਉਸਦਾ ਪਯਾਰ, ਉਸਦਾ ਨਿਰੰਤਰ ਧਯਾਨ ਮੇਰੇ ਅੰਦਰ ਦਾ ਆਧਾਰ ਹੈ, ਮੇਰਾ ਫੁਰਨਾ ਸਦਾ ਵਾਹਿਗੁਰੂ ਦੇ ਧਯਾਨ ਦਾ ਹੈ, ਇਸ ਕਰਕੇ ਮੈਂ ਜਗਤ ਵਿਚ ਕਦੇ ਇਕੱਲਾ ਬੀ ਨਹੀਂ ਹਾਂ! ਸੋਈਓ ਦਾਤਾ ਮੈਂ ਤੁਸਾ ਨੂੰ ਦੇਂਦਾ ਹਾਂ। ਹਰਦਮ ਟੁਰਦੇ ਫਿਰਦੇ ਵਾਹਿਗੁਰੂ ਦਾ ਜਾਪ, ਉਸ ਪਯਾਰ ਦੇ ਸੋਮੇਂ ਪਿਤਾ ਦਾ ਧਯਾਨ ਅੰਦਰ ਰੱਖਕੇ, ਕਰਿਆ ਕਰੋ। ਫੁਰਨੇ ਤੇ ਪਹਿਰਾ ਦਿਓ, ਤਾਂ ਜੋ ਕੋਈ ਦਿਨ ਆਵੇ ਕਿ ਅੰਦਰ ਦਾ ਫੁਰਨਾ 'ਵਾਹਿਗੁਰੂ' 'ਪਯਾਰੇ ਵਾਹਿਗੁਰੂ' ਦਾ ਹੀ ਹੋ ਜਾਵੇ। ਘਬਰਾਉਣਾ ਨਹੀਂ, ਇਹ ਸਹਿਜੇ ਸਹਿਜੇ ਪੱਕੇਗਾ। ਲਗੇ ਰਹੋ ਛੋੜਨਾ ਨਹੀਂ, ਗੁਰੂ ਬੀ ਮਦਦ ਕਰੇਗਾ, ਜ਼ਰੂਰ ਕਰੇਗਾ। ਮੈਂ ਆਪਨੇ ਰੱਬ ਅੱਗੇ ਅਰਜ਼ੋਈ ਕਰਦਾ ਹਾਂ, ਉਹ ਤੁਸਾਡੇ ਅੰਦਰ ਆ ਵੱਸੇਗਾ। ਜਦ ਤੁਹਾਡਾ ਮਨ ਸਾਈਂ ਦੀ ਹਜ਼ੂਰੀ ਵਿਚ ਰਹੇਗਾ ਤੁਹਾਡੇ ਕਰਮ ਸਾਰੇ ਪਯਾਰ ਵਾਲੇ ਹੋ ਜਾਣਗੇ।

SIKHBOOKCLUB.COM

ਦੂਜੀ ਚੀਜ਼ ਇਹ ਪੋਥੀ ਹੈ। (ਇਕ ਗੁਟਕਾ ਦੇਕੇ) ਇਹ ਤ੍ਰਾਣ ਕਰਤਾ ਜੀ ਦੀ ਧੁਰ ਕੀ ਬਾਣੀ ਹੈ, ਇਸ ਵਿਚ ਜਪੁਜੀ, ਜਾਪੁਜੀ ਹੈ; ਰੋਜ਼ ਸਵੇਰੇ ਪਾਠ ਕਰਨਾ। ਰਹਿਰਾਸ ਹੈ, ਸ਼ਾਮਾਂ ਨੂੰ ਪਾਠ ਕਰਨਾ। ਸੋਹਿਲਾ ਹੈ, ਰਾਤ ਨੂੰ ਪਾਠ ਕਰਨਾ। ਸੁਖਮਨੀ ਹੈ, ਜਦ ਮਨ ਨਾਮ ਵਿਚ ਨਾ ਲੱਗੇ ਤਾਂ ਪਾਠ ਕਰਨਾ। ਏਹ ਬਾਣੀਆਂ ਸਹਿਜੇ ਸਹਿਜੇ ਕੰਠ ਕਰਨੀਆਂ। ਐਉਂ ਨਾਮ ਬਾਣੀ ਵਿਚ ਖੇਡਣਾ। ਮੇਰੇ ਸਾਹਿਬ ਦਾ ਇਹ ਹੁਕਮ ਹੈ:-

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥ ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥ ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥ ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥੨॥

ਬੀਬੀ! ਤੁਸਾਡਾ ਨਾਂ ਕੀ ਹੈ?

ਤ੍ਰੀਮਤ— ਅਭਾਗਣ ਜਮਨਾ।

ਸਿੰਘ ਜੀ— ਮੁੱਕ ਗਿਆ। ਸਮਾਪਤ ਹੋ ਗਿਆ। ਹੁਣ 'ਸੁਭਾਗ ਜੀ' ਹੋ ਗਏ।

ਸੁਭਾਗ ਜੀ— ਹੇ ਭਲੇ ਲੋਕ ਜੀਓ! ਇਹ ਦੱਸੋ ਕਿ ਮੈਂ ਹੁਣ ਕਿੱਥੇ ਹਾਂ, ਕਿੱਥੇ ਜਾਵਾਂ, ਕਿੱਥੇ ਰਵ੍ਹਾਂ ਤੇ ਇਹ ਪੁੱਛਣ ਦੀ ਲੋੜ ਨਹੀਂ ਰਹੀ ਕਿ ਕੀ ਕਰਾਂ? ਉਹ ਤੁਸਾਂ ਦੱਸ ਦਿੱਤਾ ਹੈ। ਤੁਸਾਡਾ ਦੱਸਿਆ ਮੇਰੇ ਅੰਦਰ ਲੰਘ ਗਿਆ ਹੈ, ਮਨ ਮੰਨ ਗਿਆ ਹੈ ਕਿ ਮੈਂ ਜੀਉ ਉੱਠੀ ਹਾਂ। ਮੈਂ ਕਰਸਾਂ, ਨਹੀਂ ਜੀਵਨ ਦਾਤਾ ਆਪ ਸਤਿਗੁਰੂ ਨਾਨਕ ਮੈਥੋਂ ਕਰਾਸੀ। ਜ਼ਰੂਰ ਕਰਾਸੀ, ਪਰ ਦੱਸੋ ਕਿਥੇ ਹਾਂ, ਕਿੱਥੇ ਜਾਵਾਂ, ਕਿੱਥੇ ਰਵ੍ਹਾਂ?

ਸਿੰਘ ਜੀ— ਹੇ ਵਾਹਿਗੁਰੂ ਦੀ ਪਵਿੱਤ੍ਰਤਾ ਵਿਚ ਜੀ ਉਠੇ ਰੱਬ ਦੇ ਬੰਦੇ! ਹੇ ਰੱਬ ਦੇ ਧਯਾਨ ਵਿਚ, ਸਿਮਰਨ ਵਿਚ ਤੇ ਪਿਆਰ ਵਿਚ ਲੱਗ ਗਏ ਬੰਦੇ!

ਤੂੰ ਰੱਬ ਵਿਚ ਹੈਂ,
ਤੂੰ ਰੱਬ ਵਿਚ ਜਾਹ,
ਤੂੰ ਰੱਬ ਵਿਚ ਰਹੁ।

ਏਹ ਵਾਕ ਕਿਸੇ ਐਸੇ ਪ੍ਰਭਾਵ ਭਰੇ ਰੰਗ ਵਿਚ ਕਹੇ ਗਏ ਕਿ ਸੁਣਦਿਆਂ ਸੁਭਾਗ ਜੀ ਦੀਆਂ ਅੱਖਾਂ ਅੱਗੇ ਇਕ ਚੱਕਰ ਜਿਹਾ ਆਯਾ, ਕੁਛ ਚਿਰ ਅੱਖਾਂ ਬੰਦ ਰਹੀਆਂ। ਦਰਯਾ ਵਿਚ ਇਕ ਛਾਲ - ਉਛਾਲ ਦੀ ਅਵਾਜ਼ ਆਈ ਪਰ ਸੁਭਾਗ ਨੇ ਸੁਣੀ ਨਹੀਂ। ਜਦ ਕੁਛ ਚਿਰ ਮਗਰੋਂ ਉਸਦੇ ਨੈਣ ਖੁੱਲ੍ਹੇ ਤੇ ਉਸਨੇ ਗਹੁ ਕਰਕੇ ਡਿੱਠਾ ਤਾਂ ਸਿੰਘ ਜੀ ਲੋਪ ਹੋ ਚੁਕੇ ਸਨ, ਨਾਂ ਧਰਤੀ ਪਰ ਉੱਤਰ ਪੂਰਬ ਪੱਛਮ ਦੱਖਣ ਵੱਲ ਦੀਹਦੇ ਸਨ, ਨਾ ਕਿਤੇ ਦਰਯਾ ਵਿਚ ਤਰਦੇ ਜਾਂਦੇ ਨਜ਼ਰ ਪੈਂਦੇ ਸਨ ਤੇ ਨਾ ਹੀ ਸੁਭਾਗ ਜੀ ਦੇ ਅੰਦਰ ਕੋਈ ਘਬਰਾ ਹੁੰਦੀ ਸੀ, ਸਗੋਂ ਸੁਭਾਗ ਜੀ ਦੇ ਕਿਸੇ ਅੰਦਰੋਂ ਚੜ੍ਹ ਰਹੇ ਨਸ਼ੇ ਜਿਹੇ ਵਿਚ ਨੈਣ ਬੰਦ ਹੋ ਹੋ ਜਾਂਦੇ ਸਨ ਤੇ ਜ਼ੋਰ ਲਾਉਣ ਤੇ ਬੀ ਮਿਟ ਮਿਟ ਜਾਂਦੇ ਸਨ। 'ਵਾਹਿਗੁਰੂ, ਵਾਹਿਗੁਰੂ' ਦੀ ਗੁੰਜਾਰ ਸੁਭਾਗ ਦੇ ਅੰਦਰ ਭਰ ਰਹੀ ਸੀ। ਕੋਈ ਰਸ ਛਾ ਰਿਹਾ ਸੀ: ਜਿਸ ਵਿਚ ਓਹ ਫੇਰ ਮਗਨ ਹੋ ਗਈ।

ਕਿਤਨਾਂ ਸਮਾਂ ਲੰਘ ਗਿਆ। ਲੰਘਦੇ ਦਾ ਪਤਾ ਨਹੀਂ ਲੱਗਾ। ਹੁਣ ਸੁਭਾਗ ਦੀ ਅੱਖ ਖੁੱਲ੍ਹੀ, ਸੂਰਜ ਪੱਛੋਂ ਨੂੰ ਜਾ ਰਿਹਾ ਸੀ ਤੇ ਇਕ ਵੱਡੀ ਲੰਮੀ ਜੱਟੀ ਦੁੱਧ ਦਾ ਕਟੋਰਾ ਲਈ ਬੈਠੀ ਸੀ ਤੇ ਕਹਿ ਰਹੀ ਸੀ:- ਹੇ ਦੇਵੀ! ਉਸ ਵਾਹਿਗੁਰੂ ਦੇ ਵਾਸਤੇ - ਜਿਸ ਦੇ ਧਿਆਨ ਵਿਚ ਮਗਨ ਬੈਠੀ ਹੈਂ - ਇਹ ਦੁੱਧ ਪੀ ਲੈ; ਅਰ ਰਾਤ ਸਾਡੇ ਘਰ ਬਿਸਰਾਮ ਕਰ, ਜੋ ਸਾਡਾ ਘਰ ਪਵਿੱਤ੍ਰ ਹੋਵੇ ਕਿ ਕੋਈ ਵਾਹਿਗੁਰੂ ਦਾ ਪਿਆਰਾ ਸਾਡੇ ਆਯਾ ਹੈ।

ਸੁਭਾਗ ਨੇ ਤੱਕਿਆ, ਗਲ ਸਮਝੀ, ਸ਼ੁਕਰ ਕੀਤਾ, ਦਿਲ ਨੂੰ ਆਖਣ ਲੱਗੀ ਠੀਕ! ਮੈਂ ਵਾਹਿਗੁਰੂ ਵਿਚ ਹਾਂ, ਮੈਂ ਵਾਹਿਗੁਰੂ ਵਿਚ ਵਿਚਰਨਾ ਹੈ ਤੇ ਉਸ ਵਿਚ ਰਹਿਣਾ ਹੈ, ਧੰਨ ਵਾਹਿਗੁਰੂ ਹੈ। ਮੈਂ, ਵਾਹਿਗੁਰੂ! ਹੇ ਵਾਹਿਗੁਰੂ! ਤੇਰੀ ਰਹਾਂ, ਤੇਰੀ ਹੋ ਰਹਾਂ, ਤੂੰ ਮੇਰਾ ਹੋਵੇਂ, ਫੇਰ ਸਾਰਾ ਸੰਸਾਰ ਮੇਰਾ ਘਰ ਹੈ, ਮੈਂ ਤੇਰੀ ਧਰਮਸਾਲ ਦੀ ਵਸਨੀਕ ਹੋਵਾਂ। ਇਹ ਕਹਿਕੇ ਦੁੱਧ ਪੀਤਾ; ਸ਼ੁਕਰ ਕੀਤਾ 'ਤੂੰ ਧੰਨ! ਤੂੰ ਧੰਨ' ਆਖਿਆ ਫੇਰ ਮਾਈ ਨੇ ਕਿਹਾ: 'ਚੱਲ ਬੇਟਾ! ਹੁਣ ਵਾਹਿਗੁਰੂ ਤੇ ਭਰੋਸਾ ਕਰਕੇ ਟੁਰ ਪਉ ਜੋ ਤੇਰੇ ਅੰਦਰ ਆ

ਵੱਸਿਆ ਹੈ। ਸੁਭਾਗ ਨੇ ਸੁਖੱਲਾ ਤੇ ਸਹੂਲਤ ਵਾਲਾ ਸਾਹ ਲਿਆ ਤੇ ਕਿਹਾ 'ਚਲ ਮਾਂ ਲੈ ਚਲ'। ਕੁਛ ਦੂਰ ਇਕ ਰੇੜ੍ਹ ਖੜਾ ਸੀ ਮਾਈ ਸੁਭਾਗ ਨੂੰ ਨਾਲ ਲੈ ਕੇ ਉਸ ਤੇ ਜਾ ਚੜ੍ਹੀ।

* * * * *

੮.

''ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ''॥

ਸੁਭਾਗ ਹੁਣ ਨਵੇਂ ਟਿਕਾਣੇ ਆਈ ਹੈ, ਕਿਤਨੇ ਖਖੇੜੇ ਬਖੇੜੇ ਦੇਖ ਚੁੱਕੀ ਤੇ ਕਿੰਨੇ ਵਟਾਉ ਵਟ ਚੁਕੇ ਹਨ, ਸਭਨਾ ਦਾ ਕਾਰਨ 'ਆਦਮੀ ਦੇ ਉਸੇ ਨਮੂਨੇ' ਦੀ ਕਮੀਂ ਹੈ ਯਾ ਇਉਂ ਕਹੋ ਕਿ 'ਉਸ ਨਮੂਨੇ ਦੇ ਆਦਮੀਂ' ਦੀ ਕਮੀਂ ਹੈ ਕਿ ਜਿਸ ਦੇ ਅੰਦਰ ਇਕ ਨਿੱਕੀ ਜੇਹੀ ਚੰਗਯਾੜੀ ਜੀਉਂਦੀ ਹੋਵੇ। ਇਹ ਆਦਮੀ ਪਦਾਰਥ, ਇੱਜ਼ਤ, ਵਿਦਯਾ ਆਦਿ ਦੀ ਹੋਂਦ ਅਣਹੋਂਦ ਯਾ ਬਹੁਲਤਾ ਦੇ ਅਸਰਾਂ ਨਾਲ ਪੈਦਾ ਨਹੀਂ ਹੁੰਦਾ। ਨਹੀਂ, ਇਹ ਆਦਮੀ ਹਰ ਹਾਲ ਹਰ ਰੰਗ ਵਿਚ ਉਸੇ ਅੰਦਰਲੀ ਚੰਗਯਾੜੀ ਦੀ ਨਿੱਘ ਨਾਲ ਮਘਦਾ ਰਹਿੰਦਾ ਹੈ, ਉਸਨੂੰ ਨੇਕੀ ਸਿੱਖਣ ਦੀ ਲੋੜ ਨਹੀਂ, ਆਪੂੰ ਉਸਤੋਂ ਭਲਯਾਈ ਹੁੰਦੀ ਹੈ। ਉਸਨੂੰ ਸੋਚ ਵਿਚਾਰਾਂ ਨਾਲ ਲੇਖੇ ਹਿਸਾਬਾਂ ਕਿਤਾਬਾਂ ਨਾਲ ਅਪਣੇ ਜੀਵਨ-ਸੁਖ ਲਈ ਕੋਈ ਗੋਰਖ ਧੰਦਾ ਬਨਾਉਣ ਦੀ ਲੋੜ ਨਹੀਂ। ਉਹ ਖੁਸ਼ ਰਹਿੰਦਾ ਹੈ, ਖਿੜਿਆ ਰਹਿੰਦਾ ਹੈ, ਉਸ ਦੇ ਅੰਦਰਲੇ ਦਾ ਰੁਖ ਯਾ ਅੰਦਰਲੇ ਦਾ ਰੰਗ ਕੁਛ ਪ੍ਰਕਾਸ਼ ਜਿਹੇ ਵਿਚ ਕਿਸੇ ਉੱਚੀ ਲਿਵ ਵਿਚ ਵੱਸਦਾ ਹੈ। ਪਰੰਤੂ ਸਤਿਗੁਰ ਆਖਦਾ ਹੈ ਕਿ ਇਸ ਨਮੂਨੇ ਦੇ ਆਦਮੀ ''ਜਨ ਨਾਨਕ ਵਿਰਲੇ ਕੇਈ'' ਹੁੰਦੇ ਹਨ।

ਇਕ ਐਸੇ ਆਦਮੀ ਦੇ ਅਚਾਨਕ ਦਰਸ਼ਨਾਂ ਨੇ ਅਭਾਗ ਨੂੰ ਸੁਭਾਗ ਕਰ ਦਿੱਤਾ ਹੈ। ਇਸ ਦਾ ਜੀਵਨ ਹੁਣ ਕਿਸੇ ਰੰਗਣ ਵਿਚ ਆ ਗਿਆ ਹੈ। ਇਸ ਦੇ ਅੰਦਰ ਰੱਬੀ ਪਿਆਰ ਦੀ ਚਿਣੰਗ ਵੜ ਗਈ ਹੈ, ਜਿਹਦੀ ਨਿੱਘ ਲੂੰਆਂ ਥਾਣੀਂ ਇਕ ਝਰਨਾਟ - ਵਾਹਿਗੁਰੂ - ਦੀ ਸੂਰਤ ਵਿਚ ਇਸਨੂੰ ਆਪ ਆਉਂਦੀ ਹੈ। ਜੀਕੂੰ ਕਿਸੇ ਸੁੰਡੀ ਨੂੰ ਕਿਸੇ ਬੇਸੁਧੀ ਵਿਚ ਪੈਕੇ ਰੰਗਾ ਰੰਗੀ ਖੰਭ ਆਪੂੰ ਲਗ ਜਾਂਦੇ ਹਨ ਤੇ ਓਹ ਧਰਤੀ ਤੋਂ ਸੁਰਕ ਸੁਰਕ ਕਰਕੇ ਰਿੜ੍ਹਨੋ ਛੁੱਟਕੇ ਫੁਲਾਂ ਦੇ ਉੱਪਰ ਜਾ ਘੁਮਰ ਪਾਉਂਦੀ ਤੇ ਧੁੱਪ ਰੌਸ਼ਨੀ ਹਵਾ ਵਿਚ ਬੁੱਲੇ ਲੁਟਦੀ ਉਡਦੀ ਫਿਰਦੀ ਹੈ। ਕੁਛ ਇਸੇ ਤਰ੍ਹਾਂ ਸੁਭਾਗ ਦੇ ਮਨ ਦੀ ਗਤੀ ਉਲਝਨ, ਖਿਝਨ, ਜਲਨ, ਸੜਨ ਤੇ ਤੌਖਲੇ ਖਾਣ ਤੋਂ ਨਿਕਲਕੇ ਇਕ ਸੁਖ ਭਰੀ ਅਡੋਲਤਾ ਵਿਚ ਆ ਗਈ ਹੈ ਤੇ ਲਗਾਤਾਰ ਉਸ ਵਿਚ ਕੋਈ ਯਾਦ ਦੀ ਸ਼ਕਲ ਦੀ ਰੰਗਤ ਲਹਿਰਦੀ ਹੈ। ਹੁਣ ਉਹ ਇਕ ਗ਼ਰੀਬ ਦੇ ਘਰ ਪੁੱਜੀ ਹੈ, ਜਿਸਦੀ ਪੰਜਾਹ ਕੁ ਵਿਘੇ ਭੋਂ ਹੈ। ਘਰ ਦੇ ਤ੍ਰੈ ਬੰਦੇ ਹਨ, ਇਕ ਆਪ, ਇਕ ਵਹੁਟੀ ਤੇ ਇਕ ਪੁੱਤ। ਇਸ ਭੋਂ ਵਿਚ ਦੋ ਖੂਹ ਆਪਣੇ ਹਨ ਤੇ ਵਾਹੀ ਪਿਉ ਪੁਤ ਹੱਥੀਂ ਕਰਦੇ ਹਨ, ਤੇ ਇਸੇ ਵਿਚ ਨਿਰਬਾਹ ਕਰਦੇ ਹਨ। ਮਾਈ ਦਾ ਨਾਂ ਨੰਦਕੌਰ ਹੈ, ਪੁੱਤ ਦਾ ਨਾਂ ਬਘੇਲ ਸਿੰਘ ਹੈ ਤੇ ਪਿਉ ਦਾ ਨਾਂ ਨੌਧ ਸਿੰਘ ਹੈ, ਜਿਸਨੂੰ ਲੋਕੀ ਬਾਬਾ ਨੌਧ ਸਿੰਘ ਕਰਕੇ ਆਖਦੇ ਹਨ। ਹਲ ਵਗਦਾ ਹੈ ਤੇ ਬਾਬਾ ਮਗਰ ਮਗਰ ਹੁੰਦਾ ਹੈ, ਹਥ ਵਿਚ ਛਾਂਟਾ ਸੋਟਾ ਕੋਈ ਨਹੀਂ 'ਵਾਹਿਗੁਰੂ ਵਾਹਿਗੁਰੂ' ਦੀ ਧੁਨਿ ਇਸ ਦੀ ਟੁਰੀ ਰਹਿੰਦੀ ਹੈ ਤੇ ਬੌਲਦ ਕਦੇ ਅੜੀ ਨਹੀਂ ਕਰਦੇ। ਜੇ ਮੀਂਹ ਬਾਹਲੇ ਪੈ ਜਾਂਦੇ ਹਨ ਤਾਂ ਆਖਦਾ ਹੈ, 'ਸਾਈਂ ਮੇਹਰ ਕਰਸੀ, ਮੈਰੇ ਦੀ ਫਸਲ ਚੰਗੀ ਹੋ ਜਾਸੀ'। ਤੇ ਜੇ ਘੱਟ ਪੈਂਦੇ ਹਨ ਤਾਂ ਆਖਦਾ ਹੈ 'ਵਾਹਿਗੁਰੂ ਖੂਹ ਵਾਲੀ ਰੋਹੀ ਨੂੰ ਭਾਗ ਲਾ ਦੇਸੀ'। ਕਦੇ ਇਹ ਘਬਰਾਉਂਦਾ ਨਹੀਂ, ਰੋਂਦਾ ਨਹੀਂ, ਹੈਰਾਨ ਨਹੀਂ ਹੁੰਦਾ, ਪੁੱਤ੍ਰ ਨਾਲ ਕੰਮ ਕਰਦਾ ਹੈ, ਲੋੜ ਪੈਂਦੀ ਹੈ ਤਾਂ ਕਾਮੇਂ ਲਾ ਲੈਂਦਾ ਹੈ, ਨਹੀਂ ਤਾਂ ਸੁਖ। ਘਰ ਵਾਲੀ ਚਾਰ ਵਜੇ ਉੱਠਕੇ ਘਰ ਸੰਬਰਕੇ ਇਸ਼ਨਾਨ ਕਰਕੇ ਰੇੜਕਾ ਸ਼ੁਰੂ ਕਰਦੀ ਹੈ ਤੇ ਸੁਖਮਨੀ ਸਾਹਿਬ ਦਾ ਭੋਗ ਪਾਉਂਦੀ ਹੈ। ਉਠਦੀ ਬਹਿੰਦੀ, ਟੁਰਦੀ ਫਿਰਦੀ, ਰੋਟੀ ਟੁਕ ਕਰਦੀ ਵਾਹਿਗੁਰੂ ਦੇ ਧਿਆਨ ਵਿਚ ਲਗੀ ਰਹਿੰਦੀ ਹੈ। ਸੁਭਾਗ ਹੁਣ ਇਸ ਮਾਈ ਦੇ ਘਰ ਅੱਪੜ ਗਈ ਹੈ। ਮਾਈ ਨੇ ਸਾਰੀ ਵਿਥਯਾ ਇਸ ਦੀ ਜਾਣ ਲਈ ਹੈ। ਵਿਥਯਾ ਸੁਣਕੇ ਮਾਈ ਦਾ ਤਰਸ ਤੇ ਪਯਾਰ ਇਸ ਨਾਲ ਹੋਰ ਵਧ ਗਿਆ ਹੈ। ਦੋ ਚਾਰ ਦਿਨ ਬਾਦ ਮਾਈ ਨੇ ਸੁਭਾਗ ਨੂੰ ਕਿਹਾ, 'ਬੀਬੀ ਜੀਉ! ਤੁਸਾਂ ਧਰਮੀਆਂ ਲਈ ਸੰਸਾਰ ਸਾਰਾ ਘਰ ਹੈ, ਪਰ ਜੇ ਤੁਸੀਂ ਕੁਟੀ ਦਾ ਆਸਰਾ ਚਾਹੋ ਤਾਂ ਇਹ ਘਰ ਆਪਣਾ ਜਾਣੋਂ, ਅਰ ਸਾਡੇ ਪਾਸ ਐਉਂ ਰਹੋ ਜੀਕੂੰ ਏਥੇ ਜੰਮੇ ਪਲੇ ਹੋ'। ਸੁਭਾਗ ਨੇ ਧੰਨ ਭਾਗ ਜਾਣੇ ਤੇ ਸ਼ੁਕਰ

ਵਿਚ ਭਰੀ ਨੇ 'ਸ਼ੁਕਰ' ਆਖ ਕੇ 'ਹਾਂ' ਕੀਤੀ। ਨੰਦ ਕੌਰ ਨੇ ਘਰ ਵਾਲੇ ਨੂੰ ਤੇ ਪੁੱਤ੍ਰ ਨੂੰ ਵੀ ਇਸਦੀ ਸਾਰੀ ਵਿਥਯਾ ਸੁਣਾਈ ਸੀ। ਦੁਹਾਂ ਨੇ ਕੁਛ ਚੁਪ ਮਗਰੋਂ ਆਖਿਆ:- ਅੰਨ, ਬਸਤਰ, ਰੱਖਯਾ ਜੋ ਕੁਛ ਸਾਥੋਂ ਸਰ ਸਕਦੀ ਹੈ ਇਸ ਰੱਬੀ ਬੰਦੇ ਲਈ ਹਾਜ਼ਰ ਹੈ, ਤੁਸੀਂ ਬੇਸ਼ਕ ਆਸਰਾ ਦਿਓ।

ਫੇਰ ਕੁਝ ਚਿਰ ਸੋਚਕੇ ਨੌਧ ਸਿੰਘ ਨੇ ਕਿਹਾ:- 'ਸਿੰਘਣੀਏਂ! ਪਰ ਇਕ ਗੱਲ ਹੋਰ ਆਖ ਦੇਵੀਂ ਕਿ ਉਹ ਆਪਣਾ ਘਰ ਬਣਾਕੇ ਰਹੇ। ਸਾਨੂੰ ਦੁਜੈਗੀ ਨਹੀਂ, ਤੇ ਉਹ ਭੀ ਦੁਜੈਗੀ ਨਾਂ ਰੱਖੇ। ਅਸੀਂ ਗ਼ਰੀਬ ਕਿਰਤੀ ਹਾਂ, ਅਸੀਂ ਖ਼ਾਤਰਾਂ ਤੇ ਚਾ ਮਲ੍ਹਾਰਾਂ ਜੋਗੇ ਨਹੀਂ। ਅਸੀਂ ਜੇਹੇ ਕਿਰਤੀ ਹਾਂ ਹੋਰ ਨੂੰ ਆਪਣੇ ਦੁਖ ਸੁਖ ਤੇ ਕਿਰਤ ਕਾਰ ਦਾ ਉਜੇਹਾ ਸਾਂਝੀਵਾਲ ਤਾਂ ਬਣਾ ਸਕਦੇ ਤੇ ਅਪਣੱਤ ਪਾ ਸਕਦੇ ਹਾਂ, ਪਰ ਖ਼ਾਤਰਾਂ ਦੇ ਪੁਜਾਲੇ ਸਾਡੇ ਪਾਸ਼ ਨਹੀਂ ਹਨ। ਬਾਕੀ ਦਾਤਾ ਗੁਰੂ ਹੈ, ਜੀਵ ਸਭ ਅਸੀਂ ਭਿਖਾਰੀ ਹਾਂ'। ਨੰਦ ਕੌਰ ਸਜਾਣੀ ਸੀ ਪਤੀ ਦੇ ਭਾਵ ਨੂੰ ਸਮਝਦੀ ਸੀ।

ਹੁਣ ਸੁਭਾਗ ਨਵੇਂ ਘਰ ਵਿਚ ਹੈ, ਚਾਰ ਵਜੇ ਨੰਦ ਕੌਰ ਦੇ ਨਾਲ ਹੀ ਜਾਗਦੀ ਹੈ, ਉਹ ਪਾਠ ਕਰਦੀ ਹੈ, ਇਹ ਸੁਣਦੀ ਹੈ। ਉਹ ਨਾਮ ਜਪਦੀ ਹੈ, ਇਹ ਭੀ ਜਪਦੀ ਹੈ। ਧਰਮਸਾਲੇ ਕੀਰਤਨ ਸੁਣਨ ਦੋਵੇ ਜਾਂਦੀਆਂ ਹਨ। ਜਦ ਨੰਦ ਕੌਰ ਰੋਟੀ ਟੁੱਕ ਕਰਦੀ ਹੈ ਤਾਂ ਸੁਭਾਗ ਨਾਲ ਲਗ ਪੈਂਦੀ ਹੈ। ਜਦ ਓਹ ਬਾਹਰ ਪੈਲੀਆਂ ਵਿਚ ਜਾਂਦੀ ਹੈ ਤਾਂ ਘਰ ਦਾ ਕੰਮ ਇਹ ਸਾਂਭਦੀ ਹੈ। ਤ੍ਰਿਕਾਲਾਂ ਵੇਲੇ ਧਰਮਸਾਲਾ ਰਹਰਾਸਿ ਦਾ ਦੀਵਾਨ ਲਗਦਾ ਹੈ, ਸਾਰੇ ਮਰਦ ਤ੍ਰੀਮਤਾਂ ਆ ਜੁੜਦੇ ਹਨ। ਬਾਬਾ ਨੌਧ ਸਿੰਘ ਦੇ ਪ੍ਰੇਮ ਦਾ ਲੋਕਾਂ ਤੇ ਇਹ ਅਸਰ ਹੈ ਕਿ ਲਗਦੇ ਚਾਰੇ ਸਾਰੇ ਪਿੰਡ ਦੇ ਲੋਕੀਂ ਰਹਿਰਾਸਿ ਦਾ ਦੀਵਾਨ ਘੁਸਾਉਂਦੇ ਨਹੀਂ। ਇਸ ਦੀਵਾਨ ਵਿਚ ਵੀ ਸੁਭਾਗ ਜਾਂਦੀ ਹੈ।

ਘਰ ਦੇ ਵਰਤਾਉ ਵਿਚ ਸੁਭਾਗ ਕੀ ਦੇਖਦੀ ਹੈ ਕਿ ਮੇਰੀ ਕੋਈ ਵੱਖਰੀ ਖ਼ਾਤਰ ਨਹੀਂ, ਕੋਈ ਵੱਡਾ ਆਸਰਾ ਨਹੀਂ ਬਨ੍ਹਾਉਂਦਾ, ਕੋਈ ਸੋਭਾ ਮਹਿਮਾਂ ਨਹੀਂ ਕਰਦਾ, ਪਰ ਘਰ ਵਿਚ ਉਸ ਨਾਲ ਵਰਤਾਉ ਐਉਂ ਹੈ ਕਿ ਜਿੱਕੂੰ ਘਰ ਵਿਚ ਜੰਮੀ ਪਲੀ ਹੈ। ਕੰਮ ਕਰਦੀ, ਖਾਂਦੀ ਪੀਂਦੀ ਉਸੇ ਤਰ੍ਹਾਂ ਹੈ ਜਿਵੇਂ ਓਪਰੀ ਨਹੀਂ। ਉਹ ਘਰ ਵਿਚ ਪ੍ਰਾਹੁਣੇ ਯਾ ਖ਼ਾਤਰਾਂ ਵਾਲੇ ਮਿਹਮਾਨ ਦੀ ਸੂਰਤ ਵਿਚ ਵੀ ਨਹੀਂ, ਪਰ ਉਸ ਨਾਲ ਦੁਜੈਗੀ ਵੀ ਕੋਈ ਨਹੀਂ। ਸੁਭਾਗ ਸੁਖੀ ਹੈ, ਦਿਲ ਨਾਮ ਵਿਚ ਪਰਚਿਆ ਹੈ, ਬਾਣੀ ਦਾ ਰਸ ਬੱਝਦਾ ਹੈ, ਸਰੀਰ ਘਰ ਦੇ ਕੰਮ ਕਾਜ ਕਰ ਲੈਂਦਾ ਹੈ, ਰਾਤ ਦੁਪਹਿਰੇ ਏਕਾਂਤ ਭਜਨ ਲਈ ਮਿਲਦੀ ਹੈ। ਆਖਦੀ ਹੈ: ਏਥੇ ਕੋਈ ਮੁਕਤੀ ਦਾ ਲੋਭ ਨਹੀਂ ਦੇਂਦਾ, ਕੋਈ ਬਹਿਸ਼ਤਾਂ ਦੇ ਬਾਗ ਨਹੀਂ ਦਿਖਾਉਂਦਾ, ਕੋਈ ਪਤੀ ਮਿਲਾਉਣ ਦੀ ਆਸ ਨਹੀਂ ਬਨ੍ਹਾਉਂਦਾ, ਕੋਈ ਵਿਆਹ ਦੀ ਗੱਲ ਨਹੀਂ ਆਖਦਾ, ਆਖਦੇ ਹਨ ਕੰਮ ਕਰੋ, ਨੇਕ ਰਹੋ, ਨੇਕੀ ਕਰੋ, ਇਸਦਾ ਫਲ ਏਥੇ ਓਥੇ ਚੰਗਾ ਮਿਲੇਗਾ। ਸਾਰੇ ਗਰੀਬ ਹਨ, ਪਰ ਖਿੜੇ ਦਿਲ ਹਨ। ਸਹਿ ਸੁਭਾ ਐਉਂ ਆਕੇ ਟਿਕ ਗਈ ਹਾਂ ਜਿੱਕੂੰ ਮੇਰਾ ਘਰ ਹੀ ਇਹ ਸੀ। ਹੁਣ ਤੌਖਲਾ ਨਹੀਂ ਪੈਂਦਾ ਪਰ ਹਾਂ ਕਦੇ ਚੇਤਾ ਆ ਜਾਂਦਾ ਹੈ ਕਿ ਮੇਰੀ ਕਿਸਮਤ ਕੋਈ ਭੈੜਾ ਪਲਟਾ ਨਾ ਦੇ ਦੇਵੇ। ਇਕ ਦੋ ਵੇਰੀ ਇਸ ਨੇ ਬਾਬਾ ਨੌਧ ਸਿੰਘ ਨਾਲ, ਜਿਸ ਨੂੰ ਬਾਪੂ ਜੀ ਆਖਦੀ ਹੈ, ਗਲ ਬਾਤ ਛੇੜੀ ਬੀ ਹੈ, ਪਰ ਉਹ ਅੱਗੋਂ ਮੋਟਾ ਉੱਤਰ ਦੇਂਦਾ ਹੈ, "ਕਾਕੀ! ਇਹ ਜਨਮ 'ਨਾਮ ਬਾਣੀ' ਵਾਸਤੇ ਮਿਲਿਆ ਹੈ। 'ਆਇਓ ਸੁਨਨ ਪੜਨ ਕਉ ਬਾਣੀ॥' ਇਸ ਦਾ ਫਲ ਸੁਖ ਹੈ, ਬਾਕੀ ਮਾਯਾ ਨਿਰਬਾਹ ਮਾਤ੍ਰ ਹੈ। ਨੇਕ ਗੁਜ਼ਰਾਨ ਹੈ ਤੇ ਖੁਸ਼ ਗੁਜ਼ਰਾਨ ਹੈ, ਹੋਰ ਲੰਮੇ ਝੇੜੇ ਸਾਨੂੰ ਲੋਕਾਂ ਨੂੰ ਨਹੀਂ ਆਉਂਦੇ, ਸੁਖੀ ਰਹਿਣਾ ਤੇ ਸੁਖ ਦੇਣਾ"।

ਥੋੜੇ ਹੀ ਦਿਨ ਸੁਭਾਗ ਨੂੰ ਇਸ ਤਰ੍ਹਾਂ ਬੀਤੇ ਸਨ ਕਿ ਇਕ ਦਿਨ ਨੰਦ ਕੌਰ ਨੇ ਘਰ ਵਾਲੇ ਨੂੰ ਪੁੱਛਿਆ ਕਿ ਜੀ! ਅਸੀਂ ਸਾਰੇ "ਗੁਰਮੁਖਿ ਨਾਮੁ ਦਾਨੁ ਇਸਨਾਨੁ" ਦੀ ਕਰਨੀ ਵੱਲ ਸਦਾ ਸਤਿਗੁਰ ਦੀ ਮਿਹਰ ਨਾਲ ਲੱਗੇ ਰਹਿੰਦੇ ਹਾਂ, ਪਰੰਤੂ ਪਾਠ ਵਿਚ ਕਈ ਥਾਂ ਆਉਂਦਾ ਹੈ ਕਿ ਹਰੀ ਚੰਦ ਵਰਗਿਆਂ ਨੇ ਦਾਨ ਕੀਤੇ, ਪਰ ਓਹ ਸਫਲੇ ਨਾ ਹੋਏ। ਇਸ਼ਨਾਨ ਬਾਬਤ ਆਉਂਦਾ ਹੈ ਕਿ ਡੱਡੂ ਮੱਛੀਆਂ ਬਥੇਰਾ ਨ੍ਹਾਉਂਦੇ ਹਨ।

ਨੌਧ ਸਿੰਘ— ਸਿੰਘਣੀਏਂ! ਤੂੰ ਖਿੜੀ ਖੁਸ਼ ਰਹਿਨੀ ਏਂ, ਇਹ ਸੰਸਾ ਕਿਥੋਂ ਆ ਗਿਆ? ਨਾਮ ਚਿੱਤ ਰਹੇ, ਅਸੀਂ ਤਾਂ ਠੁੱਲ੍ਹੇ ਤੇ ਸਿੱਧੇ ਲੋਕ ਹਾਂ। ਕਿਰਤ ਕਰਨੀ, ਵੰਡ ਛਕਣਾ ਤੇ ਨਾਮ ਜਪਣਾ ਇਹ ਸਾਡੀ ਵਰਤੋਂ ਹੈ। ਹੋਰ ਗੱਲਾਂ ਨਾਲ ਸਾਨੂੰ ਕੀਹ? ਸੰਸਾ

ਸਾਡੇ ਘਰ ਕਿੱਥੋਂ ਆ ਗਿਆ? ਸੰਸੇ ਨਾਲ ਜੀਉ ਮਲੀਨ ਹੁੰਦਾ ਹੈ।

ਨੰਦ ਕੌਰ— ਸਿੰਘ ਜੀ! ਕੀ ਏਹ ਮਾੜੀ ਗੱਲ ਹੈ? ਮੈਂ ਤਾਂ ਗਲ ਚੰਗੀ ਸਮਝੀ ਸੀ। ਸਵੇਰੇ ਅੱਜ ਧਰਮਸਾਲੇ ਗਈ ਹਾਂ ਤਾਂ ਇਕ ਮੋਟੇ ਠੁਲ੍ਹੇ ਜਿਹੇ ਆਦਮੀ ਵੇਖੇ, ਰਾਤ ਕਿਤੋਂ ਆਏ ਸਨ, ਓਹ ਸਵੇਰੇ ਗ੍ਰੰਥੀ ਸਿੰਘ ਨਾਲ ਗੱਲਾਂ ਕਰ ਰਹੇ ਸਨ!

ਨੌਧ ਸਿੰਘ— ਠੀਕ ਹੈ, ਸਮਝ ਆ ਗਈ ਹੈ। ਚੰਗਾ ਹੁੰਦਾ ਇਹ ਗੱਲ ਬਾਤ ਤੁਸੀਂ ਨਾ ਸੁਣਦੇ। ਅਸੀਂ ਸਿੱਧੇ ਲੋਕ ਹਾਂ, ਸਾਨੂੰ ਸਤਿਗੁਰ ਨੇ ਜੋ 'ਗਾਡੀ ਰਾਹ' ਬਣਾ ਦਿਤਾ ਹੈ, ਉਸ ਪਰ ਟੁਰੇ ਜਾਣਾ, ਬੱਸ ਇਹੋ ਸਾਡਾ ਧਰਮ ਹੈ, ਇਹੋ ਸਾਡੀ ਕਲਿਆਣ ਹੈ; ਇਸੇ ਲਈ ਅਸੀਂ ਆਏ ਹਾਂ। ਉਹ ਲੋਕ ਜੋ ਧਨਾਢ ਹਨ ਯਾ ਵਿਦਯਾ ਆਸਰੇ ਪ੍ਰਸ਼ਾਦੇ ਛਕਦੇ ਹਨ, ਵਿਦਯਾ ਦੀਆਂ ਤਰਕ ਵਿਤਰਕਾਂ ਵਿਚ ਸਮਾ ਲਾ ਸਕਦੇ ਹਨ, ਅਸਾਂ ਜ਼ਿਮੀਂਦਾਰਾਂ ਮਰਦ ਤ੍ਰੀਮਤਾਂ ਪਿਛਲੀ ਰਾਤੀਂ ਜਾਗ ਕੇ ਸਾਰਾ ਦਿਨ ਕੰਮ ਕਰਨੇ ਤੇ ਰੋਟੀ ਕਮਾਉਣੀ ਹੈ ਸਾਨੂੰ ਤਾਂ ਉਹ ਧਰਮ ਚਾਹੀਏ ਜੋ ਕਿਰਤ ਬੀ ਕਰੀਏ ਤੇ ਧਰਮ ਬੀ। ਹਲ ਬੀ ਵਾਹੁੰਦੇ ਰਹੇ ਤੇ ਬਾਣੀ ਪੜ੍ਹਦੇ ਰਹੇ ਯਾ ਨਾਮ ਜਪਦੇ ਰਹੇ। ਤੁਸੀਂ ਰੇੜਕਾ ਪਾਇਆ ਕਿ ਰੋਟੀ ਪਕਾਈ ਨਾਲ ਨਾਲ ਪਾਠ ਕਰਦੇ ਕਿ ਸਿਮਰਦੇ ਰਹੇ, ਏਕ ਪੰਥ ਦੋ ਕਾਜ ਹੁੰਦੇ ਰਹੇ। ਸਮੇਂ ਨਾਲ ਮਨ ਬੀ ਨਿਰਮਲ ਤੇ ਸੁਖੀ ਹੋ ਗਿਆ ਤੇ ਪਿਆਰ ਦਾ ਸੁਭਾਉ ਬੀ ਹੋ ਗਿਆ।

ਸੰਸਾਰ ਇਕ ਬਨ ਹੈ ਭੀਹਾਵਲਾ, ਇਸ ਵਿਚ ਥਾਂ ਥਾਂ ਕਾਮ ਕ੍ਰੋਧ ਲੋਭ ਮੋਹ ਆਦਿਕ ਘਾਤਕ ਪਸ਼ੂ ਵੱਸਦੇ ਹਨ। ਇਸ ਬਨ ਵਿਚ ਸਭ ਲੋਕ ਭੁੱਲੀ ਪਏ ਹੋਏ ਹਨ। ਰਾਹੇ ਕੁਰਾਹੇ, ਵੇਲੇ ਕੁਵੇਲੇ ਲੋਕੀ ਇਨ੍ਹਾਂ ਅਤੇ ਹੋਰ ਕਈ ਇਕ ਘਾਤਕ ਪਸ਼ੂਆਂ ਦੇ ਢਹੇ ਚੜ੍ਹਕੇ ਦੁਖ ਪਾਉਂਦੇ ਤੇ ਭੁੱਲੀ ਪਏ ਭੰਬਲਭੂਸੇ ਖਾਂਦੇ ਹਨ। ਜੇ ਕੋਈ ਬਨ ਦੇ ਏਸ ਹਿੱਸੇ ਵਿਚੋਂ ਲੰਘ ਜਾਵੇ ਤੇ ਪਸ਼ੂਆਂ ਤੋਂ ਬਚ ਰਹੇ ਤਾਂ ਉਹ ਇਕ ਘੁਸਮੁਸੇ ਜੰਗਲ ਵਿਚ ਜਾਂਦਾ ਹੈ, ਜਿਥੇ ਸੋਚਾਂ, ਫਿਕਰਾਂ, ਸੰਸਿਆਂ ਦੇ ਭੁਲੇਵੇ ਹਨ, ਜਿਨ੍ਹਾਂ ਵਿਚ ਆਦਮੀ ਗੁਆਚ ਜਾਂਦਾ ਹੈ। ਸਾਡੇ ਸਤਿਗੁਰ ਨੇ ਇਕ ਪੱਕਾ ਸ਼ਾਹ ਰਾਹ ਬਨਾਯਾ ਹੈ, ਜੋ ਇੰਨਾਂ ਖੁੱਲ੍ਹਾ ਤੇ ਵੱਡਾ ਹੈ ਕਿ ਭਾਈ ਗੁਰਦਾਸ ਜੀ ਓਸ ਨੂੰ ਗਾਡੀ ਰਾਹ ਆਖਦੇ ਹਨ। ਮਨੁੱਖ, ਪਸ਼ੂ ਤੇ ਗੱਡੇ ਸਭ ਉਸ ਸੜਕ ਪਰ ਚਲ ਸਕਦੇ ਹਨ। ਸੜਕ ਸਿੱਧੀ ਟੁਰੀ ਜਾਂਦੀ ਹੈ ਤੇ ਧੁਰਾਂ ਤਕ ਜਾਂਦੀ ਹੈ। ਇਸ ਸੜਕੇ ਚੜ੍ਹਿਆ ਕਦੇ ਗੁਆਚਦਾ ਨਹੀਂ, ਭੁੱਲੀ ਨਹੀਂ ਪੈਂਦਾ, ਘਾਤਕ ਪਸ਼ੂਆਂ ਤੇ ਚੋਰਾਂ ਡਾਕੂਆਂ ਤੋਂ ਬਚਿਆ ਰਹਿੰਦਾ ਹੈ, ਕਦੇ ਸੰਸੇ ਦੇ ਬਨ ਵਿਚ ਕਿ ਸ਼ਾਸਤ੍ਰਾਂ ਦੇ ਬਨ ਵਿਚ ਕਿਤੇ ਭੀ ਨਹੀਂ ਗੁਆਚਦਾ। ਉਹ ਸੜਕ 'ਨਾਮ' ਦੀ ਹੈ ਤੇ 'ਨਾਮ ਤੁਲਿ ਕਛੁ ਅਵਰੁ ਨ ਹੋਇ' ਇਹ ਹੁਕਮ ਹੈ:-

ਜਪਿ ਜਨ ਸਦਾ ਸਦਾ ਦਿਨੁ ਰੈਣੀ॥
ਸਭ ਤੇ ਊਚ ਨਿਰਮਲ ਇਹ ਕਰਣੀ॥

ਨਾਮ ਸਭ ਤੋਂ ਉੱਚਾ, ਸੁੱਚਾ, ਕਦੇ ਨਾਂ ਭੁੱਲਣ ਵਾਲਾ ਰਸਤਾ ਹੈ। ਬੱਸ ਸਾਨੂੰ ਕਿਸੇ ਸੰਸੇ ਵਾਲੀ ਸੜਕ ਨਾਲ ਕੋਈ ਪ੍ਰੋਜਨ ਨਹੀਂ।

ਸਭ ਕਰਮ ਨਿਹਫਲ ਮਾਨ॥ ਸਭ ਧਰਮ ਫੋਕਟ
ਜਾਨ॥ ਬਿਨ ਸਰਨ ਇਕ ਭਗਵਾਨ॥

ਨੰਦ ਕੌਰ— ਪਰ ਦਾਨ ਤੇ ਇਸ਼ਨਾਨ ਕੁਛ ਨਹੀਂ?

ਨੌਧ ਸਿੰਘ— ਨਾਮ ਦੇ ਨੁਕਤੇ ਤੋਂ ਵਿਹੂਣੇ 'ਦਾਨ' ਤੇ 'ਇਸ਼ਨਾਨ' ਦੁਨੀਆਂ ਦੇ ਨਾਮਣੇ ਲਈ ਚੰਗੇ ਹਨ, ਪਰ ਕਲਿਆਨ ਲਈ ਘੱਟ।

ਨੰਦ ਕੌਰ— ਇਹ ਮੇਰੀ ਸਮਝ ਵਿਚ ਨਹੀਂ ਆਈ।

ਨੌਧ ਸਿੰਘ— ਡੱਡੂਆਂ ਮੱਛੀਆਂ ਦਾ ਇਸ਼ਨਾਨ ਨਾਮ ਵਿਹੂਣਾ ਇਸ਼ਨਾਨ ਹੈ। ਹੰਕਾਰੀਆਂ, ਮਾਨੀਆਂ, ਨਾਮਣੇ ਪਿੱਛੇ ਪੁੰਨ ਕਰਨ ਵਾਲਿਆਂ ਦੇ ਦਾਨ ਸਭ ਨਾਮ ਵਿਹੂਣੇ ਦਾਨ ਹਨ। ਇਨ੍ਹਾਂ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਦਰ ਨਹੀਂ, ਪਰ ਨਾਮ ਵਾਲੇ ਦੇ ਦਾਨ ਤੇ ਇਸ਼ਨਾਨ ਦਾ ਫਲ ਸ਼ੁਭ ਲਿਖਿਆ ਹੈ।

ਜੋ ਨਾਮ ਵਿਚ ਲਿਵਧਾਰੀ ਤੇ ਤੁਰਿਆ ਰਹਿੰਦਾ ਹੈ, ਉਹ ਦੂਸਰਿਆਂ ਨਾਲ ਜੋ ਵਰਤੋਂ ਵਰਤਦਾ ਹੈ 'ਦਾਨ' ਦੀ ਵਰਤਦਾ ਹੈ। ਉਹ ਸਹਿਜ ਸੁਭਾਵ ਹੰਕਾਰ, ਮਾਨ, ਨਾਮਣਾ ਤੇ ਜਗਤ ਦੇ ਲਾਭ ਕੁਛ ਨਹੀਂ ਸੋਚਦਾ। ਆਪਣੇ ਸਰੀਰ ਨੂੰ ਮੈਲ ਤੋਂ ਸਾਫ ਰਖਦਾ ਹੈ, ਮੈਲੇ ਕਰਮਾਂ ਤੋਂ ਤੇ ਵਿਕਾਰੀ ਕਰਮਾਂ ਤੋਂ ਵੀ ਸਰੀਰ ਨੂੰ ਸੁਥਰਾ ਰਖਦਾ ਹੈ। ਉਹ ਮਨ ਨੂੰ ਮੰਦੀਆਂ ਸੋਚਾਂ ਤੋਂ ਪਵਿੱਤ੍ਰ ਰਖਦਾ ਹੈ। ਕਿਸੇ ਹੰਕਾਰ ਨਾਲ ਨਹੀਂ, ਪਰ ਨਾਮ ਦੇ ਪ੍ਰਵਾਹ ਨੂੰ ਸਾਫ ਚਲਦਾ ਰੱਖਣ ਵਾਸਤੇ ਉਹ ਨਾਮ ਵਾਲਾ ਇਸ਼ਨਾਨ ਕਰਦਾ ਹੈ। ਇਸ ਕਰਕੇ ਸਤਿਗੁਰ ਨੇ ਲਿਖਿਆ ਹੈ ਕਿ ਗੁਰਮੁਖ ਹੋਕੇ ਤੇ ਗੁਰੂ

ਦੀ ਟੇਕ ਲੈ ਕੇ ਨਾਮ ਵਿਚ ਵੱਸੇ ਤੇ ਨਾਮ ਵਾਲਾ ਦਾਨ ਤੇ ਇਸ਼ਨਾਨ ਕਰੇ। ਦਾਨ ਤੇ ਇਸ਼ਨਾਨ ਨਾਮ ਦੀ ਸਵਾਰੀ ਹੁੰਦੇ ਹਨ। ਸਰੀਰ ਤੇ ਮਨ ਜਿਨ੍ਹਾਂ ਦੇ ਇਸ਼ਨਾਨੀ ਹਨ, ਉਹਨਾਂ ਪਰ ਮੈਲ ਨਹੀਂ ਪੈਂਦੀ, ਉਨ੍ਹਾਂ ਵਿਚ ਨਾਮ ਦਾ ਪ੍ਰਵਾਹ ਸਾਫ ਟੁਰਦਾ ਹੈ ਤੇ ਰਸ ਪੈਂਦਾ ਹੈ। ਜਿਨ੍ਹਾਂ ਦੇ ਅੰਦਰ ਪੂਰਨ ਦਾਨ ਹੈ, ਉਨ੍ਹਾਂ ਦੇ ਅੰਦਰ ਤ੍ਰਿਸ਼ਨਾਂ ਨਹੀਂ, ਤ੍ਰਿਸ਼ਨਾਂ ਦਾ ਦਾਰੂ ਹੈ ਦਾਨ। ਸੋ ਦਾਨੀ ਪੁਰਖ ਦਾਨ ਨਾਲ ਆਪਣੇ ਅੰਦਰੋਂ ਤ੍ਰਿਸ਼ਨਾ ਕੱਟ ਸੁਟਦਾ ਹੈ। ਇਹ ਤੁਸਾਨੂੰ ਪਤਾ ਹੈ ਤ੍ਰਿਸ਼ਨਾ ਲਿਵ ਦੀ ਵੈਰਨ ਹੈ*, ਇਸ ਕਰਕੇ ਦਾਨ ਨਾਮ ਦੀ ਅਸਵਾਰੀ ਹੈ ਕਿ ਇਸ ਨਾਲ ਤ੍ਰਿਸ਼ਨਾਂ ਕੱਟੀ ਗਈ। ਮਨ ਤ੍ਰਿਸ਼ਨਾ ਤੋਂ ਛੁੱਟ ਕੇ ਖਿੜਦਾ ਹੈ, ਖਿੜਿਆ ਤੇ ਤ੍ਰਿਸ਼ਨਾ ਤੋਂ ਛੁੱਟਾ ਮਨ ਨਾਮ ਦੇ ਪ੍ਰਵਾਹ ਤੇ ਰਸ ਵਿਚ ਸੌਖਾ ਤੁਰਿਆ ਰਹਿੰਦਾ ਹੈ; ਤ੍ਰਿਸ਼ਨਾ ਹੀ ਜਗਤ ਵਿਚ ਵਖੇਵੇਂ ਪੁਆਉਂਦੀ ਹੈ ਤੇ ਮਨੁੱਖ ਨਾਲ ਮਨੁੱਖ ਲੜਦਾ ਤੇ ਵੈਰ ਕਰਦਾ ਹੈ। ਦਾਨ ਕਰੇ ਤਾਂ ਤ੍ਰਿਸ਼ਨਾ ਬੀ ਘਟ ਜਾਂਦੀ ਹੈ ਤੇ ਪਜਾਰ ਵਧਦਾ ਹੈ। ਸੋ ਤੁਸਾਂ ਸਮਝ ਲਿਆ ਕਿ ਨਾਮ ਵਾਲੇ ਦਾ 'ਇਸ਼ਨਾਨ' ਸਰੀਰ ਤੇ ਮਨ ਦੀ ਮੈਲ ਨੂੰ ਕੱਟਦਾ ਹੈ, ਨਾਮ ਵਾਲੇ ਦਾ 'ਦਾਨ' ਤ੍ਰਿਸ਼ਨਾਂ ਨੂੰ ਕੱਟਦਾ ਹੈ ਤੇ 'ਨਾਮ' ਉਸ ਨੂੰ ਲਿਵ ਵਿਚ ਰੱਖਦਾ ਹੈ।

ਨੰਦ ਕੌਰ ਸੁਣਕੇ ਖਿੜ ਆਈ, ਅੱਜ ਸਵੇਰ ਤੋਂ ਜੀ ਵਿਚ ਸੋਚ ਪੈ ਰਹੀ ਸੀ, ਦਿਲ ਬਾਣੀ ਵਿਚ ਚਾ ਨਾਲ ਨਹੀਂ ਸੀ ਲੱਗਦਾ। ਉਸ ਸਿੱਧੀ ਤੇ ਸਾਈਂ ਦੇ ਰਸਤੇ ਬੇਗੁਮਰਾਹ ਟੁਰੀ ਜਾਂਦੀ ਬੀਬੀ ਅੱਜ ਕੁਝ ਉਦਾਸ ਉਦਾਸ ਹੋ ਰਹੀ ਸੀ। ਇਹ ਸੰਸੇ ਦਾ ਪ੍ਰਤਾਪ ਸੀ, ਜਿਸ ਨੇ ਲਿਵ ਦੀ ਡੋਲ ਢਿੱਲੀ ਕਰ ਛੱਡੀ ਸੀ। ਆਪਣੇ ਸਿੱਧੇ ਪਰ ਕਰਨੀ ਵਾਲੇ ਪਤੀ ਦੀ ਗੱਲ ਸੁਣਕੇ ਖਿੜ ਪਈ ਤੇ ਲਿਵ ਦੀ ਤਣੀ ਫੇਰ ਕੱਸ ਖਾ ਗਈ। ਇਹ ਸਾਰੀ ਗੱਲ ਬਾਤ ਸੁਭਾਗ ਨੇ ਭੀ ਸੁਣੀ। ਉਸ ਨੂੰ ਯਾਦ ਆਯਾ, ਹੇ ਭਗਵੰਤ! ਕਦੇ ਉਸ ਵੇਲੇ, ਜਦ ਮੈਂ ਮਾਂਦ੍ਰੀ ਦੇ ਕਹੇ ਤੇ ਨਿਸਚਾ ਕੀਤਾ ਸੀ, ਮੈਨੂੰ ਇਹ ਗ਼ਰੀਬ ਘਰ ਨਸੀਬ ਹੁੰਦਾ ਤਾਂ ਮੈਂ ਕਿਤਨੇ ਭਾਗਾਂ ਵਾਲੀ ਹੋ ਜਾਂਦੀ। ਮੈਂ ਭੀ ਸੰਸਾਰ ਦੀਆਂ ਬੇਇਤਬਾਰੀਆਂ, ਧ੍ਰੋਹ, ਲੋਭ, ਲਾਲਚ ਤੇ ਹੇਰ ਫੇਰ ਨਾ ਦੇਖਦੀ; ਪਰ ਸ਼ੁਕਰ, ਲੱਖ ਲੱਖ ਸ਼ੁਕਰ ਕਿ ਮੈਨੂੰ ਕਿਸੇ ਗ਼ੈਬੀ ਆਵਾਜ਼ ਨੇ ਧ੍ਰੂਹ ਕੇ ਕੱਢਿਆ, ਸੰਸੇ ਤੋਂ ਕੱਢਿਆ ਰੁਲਣ ਤੋਂ ਕੱਢਿਆ; ਮਤੌ ਤੋਂ ਕੱਢਿਆ ਤੇ ਨਾਮ ਬਖਸ਼ਿਆ। ਨਾਮ ਦਾ ਪ੍ਰਤਾਪ ਦੇਖੋ ਕਿ ਨਾਮ ਪ੍ਰਾਪਤ ਹੁੰਦੇ ਸਾਰ ਮੈਨੂੰ ਮਾਪਿਆਂ ਤੋਂ ਭੀ ਉੱਤਮ ਘਰ ਲੱਝਾ। ਇਸ ਘਰ ਵਿਚ ਗ਼ਰੀਬੀ ਹੈ, ਪੰਡਿਤਾਈ ਨਹੀਂ, ਪਰ ਕਿੰਨਾਂ ਸੁਖ ਹੈ ਤੇ ਕਿੰਨੀ ਠੰਢ ਹੈ, ਕਿੰਨਾ ਪਜਾਰ, ਨਿਰਵੈਰਤਾ, ਅਭੈਤਾ ਤੇ ਰਸ ਹੈ। ਸਾਰੇ ਕਿਰਤ ਕਰਦੇ ਹਾਂ, ਰੋਟੀ ਖਾਂਦੇ ਸ਼ੁਕਰਾਨੇ ਨਾਲ ਭਰੇ ਰਹਿੰਦੇ ਹਾਂ ਤੇ ਕੰਮ ਕਾਜ ਕਰਦੇ ਸਤਿਗੁਰ ਸੱਚੇ ਦੇ ਇਸ ਹੁਕਮ ਨੂੰ:-

'ਆਇਓ ਸੁਨਨ ਪੜਨ ਕਉ ਬਾਣੀ॥ ਨਾਮੁ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮੁ ਪਰਾਣੀ॥' ਕਮਾਉਂਦੇ ਹਾਂ।

'ਨਾਮ ਬਾਣੀ' ਦੇ ਝੂਟੇ ਮਾਣਦੇ ਰਹਿੰਦੇ ਹਾਂ। ਸੁਆਦ ਆਉਂਦਾ ਹੈ, ਟਿਕਾਉ ਬਨਿਆਂ ਰਹਿੰਦਾ ਹੈ। ਇਕ ਉਮਾਹ ਅੰਗ ਅੰਗ, ਮਨ, ਚਿੱਤ, ਸਾਰੇ ਭਰਪੂਰ ਰਹਿੰਦਾ ਹੈ। ਕਿਸੇ ਦੀ ਸਾਨੂੰ ਤਾਤ ਨਹੀਂ, ਕਿਸੇ ਦਾ ਡਰ ਨਹੀਂ। ਸਰੇ ਤਾਂ ਵਰੋਸਾ ਛਡਦੇ ਹਾਂ, ਨਹੀਂ ਤਾਂ ਸਰਬੱਤ ਦੇ ਭਲੇ ਦੀ ਚਿਤਵਨੀ ਤੋਂ ਬਿਨਾਂ ਕਿਸੇ ਦੇ ਮੰਦੇ ਦੀ ਮਾੜੀ ਚਿਤਵਨੀ ਅਸੀਂ ਨਹੀਂ ਚਿਤਵਦੇ। ਅੱਜ ਦੇਖੋ ਮੇਰੀ ਮਾਂ- ਧਰਮ ਦੀ ਮਾਂ, ਸੱਚ ਦੀ ਮਾਂ - ਨੂੰ ਰਤਾ ਕੁ ਸੰਸਾ ਪਿਆ ਹੈ, ਮੇਰੇ ਸਾਧ ਪਿਤਾ ਨੇ ਕੀਕੂੰ ਕੱਢਿਆ ਹੈ ਤੇ ਆਖਦਾ ਹੈ ਅਸੀਂ ਮੋਟੇ ਲੋਕ ਹਾਂ। ਮੈਨੂੰ ਕੀ ਪਤਾ ਸੀ ਕਿ ਇਸ ਧ੍ਰੋਹ ਭਰੇ, ਪਸ਼ੂ ਬ੍ਰਿਤੀ ਭਰੇ ਸੰਸਾਰ ਵਿਚ ਕਿਤੇ ਕੋਈ ਰੂਹ ਇਸ ਤਰ੍ਹਾਂ ਦੀ ਭੀ ਵਸਦੀ ਹੈ ਜੋ ਸਹਿ ਸੁਭਾ ਸੁਖ ਵਿਚ ਹੈ ਅਰ ਦੇਵਤਾ ਜੀਵਨ ਬਿਤੀਤ ਕਰ ਰਹੀ ਹੈ। ਸੁਭਾਗ ਦੇਖ ਦੇਖਕੇ ਹੈਰਾਨ ਹੁੰਦੀ ਹੈ ਕਿ ਏਹ ਸਿੱਧੇ ਖਰ੍ਹਵੇ ਪੇਂਡੂ ਕੀਕੂੰ ਦੇ ਹਨ? ਨੌਧ ਸਿੰਘ ਨੂੰ ਦਾਨ ਪੁੰਨ ਦਾ ਕੋਈ ਸ਼ੌਕ ਨਹੀਂ ਪਰ ਸਹਿ ਸੁਭਾ ਉਸ ਤੋਂ ਇਤਨਾ ਪੁੰਨ ਹੋ ਜਾਂਦਾ ਹੈ ਕਿ ਕੋਈ ਅਮੀਰ ਨਹੀਂ ਕਰ ਸਕਦਾ। ਪਿੰਡ ਵਿਚ ਕੋਈ ਬੀਮਾਰ ਹੋਵੇ ਤੇ ਦੁੱਧ ਦਾ ਛੰਨਾ ਮੰਗ ਘੱਲੇ ਤਾਂ ਨੌਧ ਸਿੰਘ ਦਾ ਘਰ ਹੈ ਕਿ ਜਿਥੋਂ ਬਿਨ ਤੀਊੜੀ ਪਾਏ ਦੁੱਧ ਮਿਲ ਜਾਂਦਾ ਹੈ। ਧਰਮਸਾਲ ਵਿਚ ਅੰਮ੍ਰਿਤ ਵੇਲੇ ਦੇ ਦੀਵਾਨ ਤੇ ਸੰਝ ਦੇ ਦੀਵਾਨ ਲਗਦੇ ਹਨ, ਕੀਰਤਨ ਹੁੰਦੇ

---

* ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥ (ਰਾਮ: ਮ: ੩ ਅਨੰਦੁ ੨੯)

ਹਨ, ਪਰ ਸਾਰੇ ਦਾ ਪ੍ਰਬੰਧ ਸਹਿਸੁਭਾ ਨੌਧ ਸਿੰਘ ਤੋਂ ਹੋ ਰਹਿੰਦਾ ਹੈ। ਕਦੇ ਬਾਬਾ ਰਹਰਾਸਿ ਦੇ ਭੋਗ ਮਗਰੋਂ ਦੋ ਇਕ ਖੁੱਲ੍ਹੇ ਬਚਨ ਕਰ ਛੱਡਦਾ ਹੈ ਤਾਂ ਸਾਰੇ ਪਿੰਡ ਉੱਤੇ ਅਸਰ ਪੈਂਦਾ ਹੈ। ਇਥੇ ਲੜਾਈ ਹੰਗਾਮੇਂ ਘੱਟ ਹੁੰਦੇ ਹਨ। ਜੇ ਕੋਈ ਝਗੜਾ ਬਾਬੇ ਤੱਕ ਅਪੱੜਦਾ ਹੈ ਤਾਂ ਕਹਿੰਦਾ ਹੈ, ਕਿਉਂ ਅਮੋਲਕ ਮਨੁੱਖਾ ਜਨਮ ਪਸ਼ੂਆਂ ਵਾਂਗੂੰ ਗੁਆਉਂਦੇ ਹੋ? ਨਾਮ ਜਪੋ, ਬਾਣੀ ਪੜ੍ਹੋ, ਖਿਮਾਂ ਕਰੋ ਤੇ ਵਧੋ ਫੁਲੋ। ਏਹ ਸੁਆਸ ਰਤਨਾਂ ਤੋਂ ਅਮੋਲਕ ਹਨ, ਮਰਨ ਸਮੇਂ ਕਾਰੂੰ ਨੂੰ ਇਕ ਇਕ ਖਜ਼ਾਨੇ ਦੇ ਬਦਲੇ ਇਕ ਇਕ ਪਲ ਜ਼ਿੰਦਗੀ ਵਾਧੂ ਨਾਂ ਮਿਲੀ, ਓਹ ਪਲ, ਓਹ ਦਮ, ਓਹ ਸੁਆਸ ਕਿੰਨੇ ਅਮੋਲਕ ਹੋਏ, ਜੋ ਮੋਹ, ਬਾਦ, ਈਰਖਾ, ਹੰਕਾਰ ਵਿਚ ਜਾਂਦੇ ਹਨ? ਅਕਾਰਥ ਜ਼ਿੰਦਾਂ ਤੇ ਹੋੜਾਂ ਬੱਨ੍ਹ ਕੇ ਕੀ ਕਰੋਗੇ? ਝਗੜੇ ਪਾ ਕੇ ਤੇ ਜਿੱਤ ਕੇ ਕੀਹ ਲਓਗੇ? ਜਦ ਕਰੋੜਾਂ ਰਤਨਾਂ ਤੋਂ ਅਮੋਲਕ ਸੁਆਸ ਐਵੇਂ ਲੰਘ ਗਏ ਤਾਂ। ਉੱਠੋ ਭਜਨ ਕਰੋ ਜੋ ਮੋਹ ਤੇ ਵੈਰ ਦੂਰ ਹੋਵੇ।

ਇਕ ਦਿਨ ਬਾਬਾ ਜੀ ਨੂੰ ਸੰਗਤ ਵਿਚੋਂ ਕਿਸੇ ਬਾਹਰੋਂ ਆਏ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਕਾਰਾਂ ਪਰ ਵਖਯਾਨ ਦਿਓ। ਬਾਬੇ ਨੇ ਆਖਿਆ ਭਈ:-

''ਗੁਰੂ ਨਾਨਕ ਜਗਤ ਵਿਚ ਆਇਆ,
ਅਸੀਂ ਪਸ਼ੂ ਸਾਂ
ਸਾਨੂੰ ਆਦਮੀ ਬਣਾਇਆ ਫੇਰ
ਆਦਮੀ ਤੋਂ ਉਸ ਨੇ ਸਾਨੂੰ
ਦੇਵਤਾ ਬਣਾ ਦਿੱਤਾ।
ਹੁਣ ਸਾਡਾ ਧਰਮ ਇਹ ਹੈ ਕਿ
ਧਰਮ ਦੀ ਕਿਰਤ ਕਰੀਏ,
ਵੰਡ ਛਕੀਏ
ਤੇ ਨਾਮ ਜਪੀਏ।"

ਇਥੇ ਬਾਬੇ ਦਾ ਲੈਕਚਰ ਮੁੱਕ ਗਿਆ। ਇਕ ਸਜਣ ਨੇ ਕਿਹਾ, ''ਬਾਬਾ ਜੀ! ਬੱਸ?" ਤਾਂ ਬਾਬੇ ਨੇ ਖਿੜਕੇ ਕਿਹਾ, ''ਭਈ! ਮੇਰੇ ਹੱਡ ਜੋ ਬੀਤਿਆ ਮੈਂ ਸੁਣਾ ਦਿੱਤਾ ਹੈ। ਇਹ ਤੁਸੀਂ ਜਾਣਦੇ ਹੀ ਹੋ ਕਿ ਮੈਂ ਅਨਪੜ੍ਹ ਰਾਹਕ ਹਾਂ, ਸੋ ਮੈਨੂੰ ਫਾਰਸੀਆਂ ਅੰਗ੍ਰੇਜ਼ੀਆਂ ਵਾਲੀ ਚਾਤਰੀ ਨਹੀਂ ਆਉਂਦੀ। ਇਕੋ ਗੱਲ ਜਾਣਦਾ ਹਾਂ ਕਿ ਗੁਰੂ ਜੀ ਐਸਾ ਆਦਮੀ ਬਨਾਉਣ ਵਾਲੇ ਕਾਰੀਗਰ ਸਨ ਕਿ ਜੇ ਉਹੋ ਜੇਹੇ ਆਦਮੀਆਂ ਦੀ ਸਾਰੀ ਧਰਤੀ ਹੋ ਜਾਵੇ ਤਾਂ ਧਰਤੀ ਹੀ ਬੈਕੁੰਠ ਬਣ ਜਾਵੇ। ਕਿਸੇ ਕੁਟਵਾਲ ਦੀ, ਹਵਾਲਾਤ ਦੀ, ਹੜ੍ਹੀ ਬੇੜੀ ਦੀ ਲੋੜ ਹੀ ਨਾਂ ਰਹੇ। ਜ਼ੋਰ ਜ਼ੁਲਮ ਦੂਰ ਹੋ ਜਾਵੇ। ਪਜਾਰ ਹੀ ਪਜਾਰ ਫੈਲ ਜਾਵੇ।

''ਹੋਰ ਬਈ ਸੱਜਣੋਂ! ਜੇ ਅਸਾਂ ਓਹੋਜਿਹੇ ਆਦਮੀ ਬਣਨ ਦਾ ਹੀਲਾ ਨਹੀਂ ਕਰਨਾ ਜੇਹੋ ਜੇਹੇ ਆਦਮੀ ਕਿ ਸਤਿਗੁਰ ਸਾਨੂੰ ਬਣਾਉਂਦਾ ਹੈ, ਤਦ ਅਸਾਂ ਉਪਕਾਰ ਗਿਣ ਛੱਡੇ ਤੇ ਓਸ ਰਾਹੇ ਨਾ ਟੁਰੇ ਤਾਂ ਮੇਰੀ ਜਾਚੇ ਬੇਅਦਬੀ ਹੀ ਹੈ। ਸੱਜਣੋਂ! ਰਤੀ ਰਵਾਲ, ਕਿਣਕਾ, ਭੋਰਾ, ਜਿੰਨਾ ਹੋ ਸਕੇ ਸਾਨੂੰ ਸਭ ਨੂੰ ਓਸੇ ਤੋਰੇ ਤੁਰਨਾਂ ਲੋੜੀਏ, ਜਿਸ ਤੋਰੇ ਸਤਿਗੁਰ ਤੋਰਨਾ ਚਾਹੁੰਦਾ ਹੈ। ਅੱਗੇ ਮਿਹਰ ਵਾਹਿਗੁਰੂ ਕਰੇ।"

ਇਸ ਤਰ੍ਹਾਂ ਦੇ ਜੀਵਨ ਤੇ ਖਿਆਲਾਂ ਵਾਲਾ ਇਹ ਬਾਬਾ ਸੀ ਨੌਧ ਸਿੰਘ। ਇਸ ਦੇ ਘਰ ਵਿਚ ਸੁਭਾਗ ਨੂੰ ਨਾਮ ਕੀ ਕਮਾਈ ਦਾ ਖੂਬ ਸਮਾਂ ਮਿਲਿਆ। ਨਿਸ਼ਚਿੰਤ ਆਪਣੇ ਆਹਰੇ ਲੱਗੀ ਰਹਿੰਦੀ, ਹੱਥਾਂ ਨਾਲ ਘਰ ਦਾ ਨਿੱਕਾ ਨਿੱਕਾ ਕੰਮ ਵੀ ਕਰਦੀ ਰਹਿੰਦੀ। ਨੰਦ ਕੌਰ ਤੋਂ ਸੂਤ ਕੱਤਣਾ, ਮੱਖਣ ਕੱਢਣਾ, ਘਿਉ ਬਣਾਉਣਾ ਆਦਿ ਸਿੱਖ ਗਈ ਸੀ, ਸੋ ਹੁਣ ਹੱਥ ਕਾਰ ਵੱਲ ਮਨ ਕਰਤਾਰ ਵੱਲ ਲੱਗਾ ਰਹਿੰਦਾ ਹੈ।

* * * * *

੯.

ਇਕ ਦਿਨ ਪਿੰਡ ਵਿਚ ਰੌਲਾ ਪੈ ਗਿਆ ਕਿ ਇਕ ਉਪਦੇਸ਼ਕ ਆਯਾ ਹੈ ਤੇ ਉਸ ਨੇ ਥੜੇ ਤੇ ਬਹਿਕੇ ਸ੍ਰੀ ਗੁਰੂ ਨਾਨਕ ਜੀ ਦੀ ਨਿੰਦਯਾ ਕੀਤੀ ਹੈ ਤੇ ਲੋਕੀ ਡਾਂਗਾਂ ਲੈਕੇ ਜਾ ਰਹੇ ਹਨ। ਕਿਤੇ ਉਸੇ ਰਸਤੇ ਨੌਧ ਸਿੰਘ ਆ ਨਿਕਲਿਆ, ਕੀ ਦੇਖੇ ਕਿ ਇਕ ਲੰਮੀ ਦਾੜ੍ਹੀ ਵਾਲਾ ਪਰ ਕੇਸਹੀਨ ਆਦਮੀ ਖੜਾ ਹੈ ਤੇ ਲੋਕੀ ਉਸ ਦੇ ਉਦਾਲੇ ਹਨ। ਬਾਬੇ ਨੇ ਪੁੱਛਿਆ ''ਭਾਈਆ! ਤੂੰ ਚਿੱਟੇ ਬਸਤਰਾਂ ਵਾਲਾ ਸਾਡੇ ਮੈਲੇ ਕੱਪੜਿਆਂ ਵਾਲਿਆਂ ਵਿਚ ਕਿਦਾਂ ਆ ਗਿਆ?" ਉਹ ਆਖਣ ਲੱਗਾ ''ਤੁਸਾਨੂੰ ਸਭਨਾਂ ਨੂੰ ਆਰੀਆ ਬਨਾਉਣ ਆਇਆ ਹਾਂ"। ਬਾਬੇ ਨੇ ਆਖਿਆ— ''ਕੀ ਤੂੰ ਸਾਨੂੰ ਪਸ਼ੂਆਂ ਨੂੰ ਆਦਮੀ ਬਣਾਵੇਂਗਾ?" ਉਹ ਕਹਿਣ ਲੱਗਾ ''ਪਸ਼ੂ ਪਸ਼ੂ ਹਨ, ਆਦਮੀ ਆਦਮੀ। ਮੈਂ ਕਰਾਮਾਤ ਦਾ ਕਾਇਲ ਨਹੀਂ"। ਨੌਧ ਸਿੰਘ ਨੇ ਕਿਹਾ, ''ਸੱਜਣਾਂ!

ਸਾਨੂੰ ਗ਼ਰੀਬਾਂ ਨੂੰ ਸਭ ਤੋਂ ਔਖਾ ਕੰਮ ਰਿਜ਼ਕ ਰੋਟੀ ਹੈ, ਜੋ ਅਸੀਂ ਮਿੱਟੀ ਨਾਲ ਮਿੱਟੀ ਹੌਕੇ ਕਮਾਉਂਦੇ ਹਾਂ। ਸਾਨੂੰ ਚਤੁਰਾਈਆਂ ਲਈ ਵੇਲਾ ਨਹੀਂ ਲੱਭਦਾ। ਤੁਸੀਂ ਕਿਰਪਾ ਕਰਕੇ ਸ਼ਹਿਰਾਂ ਨੂੰ ਭਾਗ ਜਾ ਲਾਓ"। ਉਹ ਆਖਣ ਲੱਗਾ, "ਅਸਾਂ ਸਾਰੇ ਦੇਸ਼ ਨੂੰ ਆਰੀਆ ਕਰਨਾ ਹੈ"। ਬਾਬੇ ਨੇ ਕਿਹਾ, "ਜੇ ਪਸ਼ੂਆਂ ਨੂੰ ਆਦਮੀ ਨਹੀਂ ਬਨਾਉਣਾ ਤਾਂ ਆਰੀਆ ਬਣਾਕੇ ਕੀ ਬਨਾਉਣਾਂ ਜੇ? ਜੇ ਅਸਾਂ ਪੱਠੇ ਖੋਹਕੇ ਹੀ ਖਾਣੇ ਹਨ ਤੇ ਆਪਣਿਆ ਤੇ ਸੰਤੋਖ ਨਹੀਂ ਕਰਨਾ, ਜੇ ਅਸਾਂ ਹੱਕ ਨਹੀਂ ਪਛਾਨਣਾ ਤੇ ਪਰਾਏ ਹੱਕ ਨੂੰ ਗਊ ਸੂਰ ਨਹੀਂ ਸਮਝਣਾ, ਜੇ ਅਸਾਂ ਵਰਤਣ ਦਇਆ ਵਾਲੀ ਨਹੀਂ ਕਰਨੀ ਤਾਂ ਅਸੀਂ ਆਰੀਆ ਕਹਾ ਲਿਆ ਤਦ ਕੀ ਤੇ ਜੇ ਹਿੰਦੂ ਮੁਸਲਮਾਨ ਕਹਾ ਲਿਆ ਤਦ ਕੀ, ਰਹੇ ਤਾਂ ਪਸ਼ੂ ਦੇ ਪਸ਼ੂ!" ਇਹ ਸੁਣ ਕੇ ਓਹ ਠਿਠੰਬਰ ਗਿਆ। ਕੁਛ ਬੋਲਨ ਲਗਾ ਸੀ, ਪਰ ਬਾਬਾ ਅਪਣੀ ਗੱਲ ਤੋਰੀ ਗਿਆ :-

"ਸੁਣ ਭਾਈਆ! ਪਸੂ ਨੂੰ ਤਾਂ ਭੁੱਖ ਲੱਗੇ ਤੇ ਆਪੂੰ ਨਾ ਲਭੇਸੁ ਤਾਂ ਦੂਜੇ ਦੇ ਪੱਠੇ ਨੂੰ ਮੂੰਹ ਮਾਰਦਾ ਹੈ ਤੇ ਆਦਮੀ ਰੱਜਿਆ ਬੀ ਬੱਸਨਹੀਂ ਕਰਦਾ; ਅਸੀਂ ਤਾਂ ਪਸੂ ਤੋਂ ਬੀ ਨੀਵੇਂ ਹਾਂ। ਸੱਜਣਾਂ! ਸਾਨੂੰ ਧੜੇਬੰਦੀ ਸਿਖਾਕੇ ਕੀ ਬਨਾਵੇਂਗਾ? ਸਾਨੂੰ ਕੋਈ ਐਸਾ ਦਾਰੂ ਦੇਹ ਕਿ ਅਸੀਂ ਉਹ ਦਾਰੂ ਪੀਕੇ ਆਪਣੀ ਲਹੂ ਚੋਵੀਂ ਕਮਾਈ ਭੰਗ ਦੇ ਭਾੜੇ ਨਾਂ ਰੋੜ੍ਹੀਏ। ਸਾਨੂੰ ਕੋਈ ਠੰਢ ਪਾ ਕਿ ਜ਼ਿੱਦਾਂ ਵਿਚ ਆਕੇ ਖੱਟਿਆ ਕਮਾਇਆ ਕਚਹਿਰੀਆਂ ਵਿਚ ਜਾਕੇ ਨਾਂ ਰੋੜ੍ਹੀਏ। ਸਾਨੂੰ ਕੋਈ ਮਤ ਦੇਹ ਕਿ ਵੱਟਾ ਨਾ ਮਾਰੀਏ, ਪਰਾਯਾ ਪੱਠਾ ਦੱਥਾ ਹਨੇਰੇ ਸਵੇਰੇ ਵੱਢ ਕੇ ਕਲੇਸ਼ ਨਾ ਵਧਾਈਏ। ਕਿਰਤ ਕਰੀਏ, ਵੰਡ ਛਕੀਏ ਤੇ ਨਾਮ ਜਪੀਏ, ਇਸ ਨਾਲ ਹਿੰਦੂ ਦੀ ਭੀ ਕੱਲਜਾਣ ਹੈ ਤੇ ਮੁਸਲਤਾਨ ਦੀ ਬੀ। ਸੱਜਣਾਂ! ਇਹ ਰਾਸ ਤੇਰੇ ਪੱਲੇ ਨਹੀਂ ਤਾਂ ਜਾਹ, ਅਸੀਂ ਸੁਖੀ ਵੱਸਦੇ ਹਾਂ। ਸਾਰੇ ਪਿੰਡ ਵਿਚ ਅਸੀਂ ਸਾਰੇ ਇਕੋ ਜੇਹੇ ਹਾਂ। ਪੰਜ ਦਸ ਘਰ ਮੁਸਲਮਾਨਾਂ ਦੇ ਬੀ ਹਨ ਓਹ ਵੀ ਸਾਡੇ ਨਾਲ ਰਲ ਵਰਤਦੇ ਹਨ। ਕੋਈ ਝੇੜਾ ਸਾਡੇ ਵਿਚ ਨਹੀਂ। ਤੂੰ ਸਾਡਾ ਹਉਮੈ ਰੋਗ ਤਾਂ ਕੱਟਣਾ ਨਹੀਂ, ਕਿਸੇ ਪਸੂ ਬਿਰਤੀ ਨੂੰ ਦੇਵ ਬਿਰਤੀ ਬਣਾਉਣਾ ਨਹੀਂ, ਦੋ ਚਾਰ ਮਾਲੀ ਢੱਟੇ ਲੜਨ ਘੁਲਣ ਜੋਗੇ ਬਣਾਕੇ ਟੁਰ ਜਾਵੇਂਗਾ, ਪਏ ਤੇਰੇ ਮਗਰੋਂ ਭਰਾ ਭਰਾ ਲੜਨਗੇ ਤੇ ਜਿੱਦਾਂ ਬੰਨ੍ਹਣਗੇ। ਤੇਰੇ ਵਰਗੇ ਪੰਡਤ ਆਇਆ ਕਰਨਗੇ, ਝਗੜਿਆਂ ਦੀਆਂ ਛਿੰਝਾਂ ਪਿਆ ਕਰਨਗੀਆਂ। ਪੱਤੀਆਂ ਵਿਚ ਤੇ ਬਿਰਾਦਰੀਆਂ ਵਿਚ ਟਾਕਰੇ ਟੁਰ ਪੈਣਗੇ। ...ਹੋਰ ਕੀ ਹੋਣਾ ਹੈ? ਮਿੱਤ੍ਰਾ! ਮੈਂ ਕੁਛ ਮਹੀਨੇ ਲਹੌਰ ਰਹਿ ਆਇਆ ਹਾਂ ਤੇ ਸਾਰੇ ਤਮਾਸ਼ੇ ਦੇਖ ਆਇਆ ਹਾਂ। ਜਾਹ ਵੀਰਾ! ਪੜ੍ਹਿਆਂ ਵਿਚ ਜਾਹ। ਸਾਨੂੰ ਮੂਰਖਾਂ ਨੂੰ ਤ੍ਰੈ ਗੱਲਾਂ ਵਿਚ ਰਹਿਣ ਦੇਹ-

ਕਿਰਤ ਕਰਨੀ,
ਵੰਡ ਛਕਣਾ ਤੇ
ਨਾਮ ਜਪਣਾ।

ਅਸੀਂ ਆਪਣੀ ਮੂਰਖਤਾ ਵਿਚ ਸੁਖੀ ਪਏ ਵੱਸਨੇ ਹਾਂ। ਹੁਣ ਸਾਡੇ ਪਿੰਡ ਦੇ ਲੋਕੀ ਤਸੀਲ ਤੇ ਠਾਣੇ ਦੇ ਪਹੇ ਮਸੇਂ ਮਸੇਂ ਭੁੱਲੇ ਹਨ ਤੇ ਕਲਾਲਖਾਨੇ ਠੇਕੇ ਦੀ ਹੱਟੀ ਅਸਾਂ ਸੌ ਸੁੱਖਣਾਂ ਸੁੱਖਕੇ ਆਪਣੇ ਪਿੰਡੋਂ ਵਿਦਾ ਕੀਤੀ ਹੈ ਤੇ ਖਹਿੜੇ ਛੁਡਾਏ ਹਨ। ਜਾਹ ਵੀਰਾ! ਅਸਾਂ ਹੁਣ ਜ਼ਹਿਰਾਂ ਦਾ ਚਸਕਾ ਛੱਡਕੇ ਮਸੇਂ ਮਸੇਂ ਦੁੱਧ ਨਾਲ ਪਿਆਰ ਪਾਇਆ ਹੈ। ਜਾਹ ਵੀਰਾ! ਅਸਾਂ ਹੁਣ ਮਸਾਂ ਮਸਾਂ ਆਪਣੀਆਂ ਕਮਾਈਆਂ ਨਾਲ ਵਕੀਲਾਂ ਮੁਨਸ਼ੀਆਂ ਦੇ ਘਰ ਭਰਕੇ ਆਪ ਸੁੱਕੇ ਟੁੱਕਰ ਖਾਣ ਦੀ ਬਾਣ ਛੱਡਕੇ ਪੈਸੇ ਘਰ ਰੱਖਕੇ ਚੋਪੜੀ ਰੋਟੀ ਦਾ ਸੁਆਦ ਸਿੱਖਜਾ ਹੈ। ਮਸਾਂ ਮਸਾਂ ਸਾਡੇ ਕਰਮ ਸੜੇ ਪੈਰਾਂ ਨੇ ਕਚਹਿਰੀਆਂ ਦੀ ਮਿੱਟੀ ਛਾਨਣੀ ਛੱਡੀ ਹੈ। ਜਾਹ ਵੀਰਾ! ਜਾਹ ਦੇਖ, ਸਾਡੇ ਖੂਹਾਂ, ਪੈਲੀਆਂ, ਬੰਨਿਆਂ ਤੇ ਦੇਖ ਕਿ ਅਸੀਂ ਮੂਰਖ ਲੋਕ ਕਿਰਤਾਂ ਕਰਦੇ ਸੁਖਮਨੀਆਂ ਪੜ੍ਹ ਰਹੇ ਹਾਂ, ਫਿਰ ਸਾਡੀ ਜੂਹ ਵਿਚ ਸਾਰੇ ਫਿਰਕੇ ਵੇਖ, ਚਾਰ ਚੁਫੇਰੇ ਪਰਮੇਸ਼ੁਰ ਦੇ ਜਸ ਦੀ ਧੁਨਿ ਕੰਨਾਂ ਵਿਚ ਪਏਗੀ। ਫੇਰ ਦੱਸ, ਸਾਨੂੰ ਤੇਰੀ ਪੰਡਤਾਈ ਦੀ ਲੋੜ ਹੈ?"

ਉਪਦੇਸ਼ਕ ਸਾਹਿਬ ਸ਼ਰਮਿੰਦੇ ਹੋ ਰਹੇ ਸਨ, ਸਿੱਧੇ ਠੁਲ੍ਹੇ ਪਰ ਕਰਨੀ ਵਾਲੇ ਆਦਮੀ ਦੇ ਵਰਤੋਂ ਦੇ ਵਾਕ-ਹੱਡ ਬੀਤੇ ਵਾਕ- ਘਾਉ ਕਰ ਰਹੇ ਸਨ, ਪਰ ਸੁਭਾਉ ਚਿੰਝੜੀਦਾਰ ਸੀ। ਕਹਿਣ ਲੱਗਾ:- ਕੀ ਤੁਸਾਂ ਅਨਪੜ੍ਹ ਹੀ ਰਹਿਣਾ ਹੈ, ਵਿਦਜਾ ਨਹੀਂ ਪਾਉਣੀ? ਜਗਤ ਵਿਦਵਾਨ ਹੋ ਕੇ ਸੁਖ ਪਾ ਰਿਹਾ ਹੈ।

ਬਾਬਾ— ਮੈਥੋਂ ਪੁੱਛਦਾ ਹੈਂ ਤੇ ਸਚੋ ਸੱਚ ਪੁੱਛਦਾ ਹੈਂ? ਮੈਂ ਉਸ ਵਿਦਜਾ ਨੂੰ ਵਿਹੁ ਸਮਝਦਾ ਹਾਂ ਜੋ

SIKHBOOKCLUB.COM

ਸੁਭਾਉ ਨਹੀਂ ਬਦਲਦੀ। ਵਿਦਜਾ ਇਕ ਸਾਣ ਹੈ, ਇਸ ਪਰ ਕਾਚੂ ਚੜ੍ਹੇ ਤਾਂ ਤਿੱਖਾ ਕਾਚੂ, ਕੈਂਚੀ ਚੜ੍ਹੇ ਤਾਂ ਤਿੱਖੀ ਕੈਂਚੀ। ਹਾਂ, ਐਸੀ ਵਿਦਜਾ ਜਿਸ ਨਾਲ ਸੁਭਾਉ ਨਹੀਂ ਮੁੜਦਾ, ਪਸੂ ਦਾ ਮਨੁੱਖ ਨਹੀਂ ਬਣਦਾ, ਮਨੁੱਖ ਦਾ ਦੇਵਤਾ ਨਹੀਂ ਬਣਦਾ ਸਾਨੂੰ ਨਹੀਂ ਲੋੜੀਂਦੀ। ਹਾਂ ਜੇ ਹੈ ਜੇ ਤਾਂ ਸਾਡੇ ਉੱਤੇ ਐਸੀ ਵਿਦਜਾ ਦੀ ਕ੍ਰਿਪਾ ਕਰੋ ਜੋ ਸੁਭਾਉ ਪਲਟ ਦੇਵੇ, ਨਹੀਂ ਤਾਂ ਅਸੀਂ ਮੂਰਖ ਚੰਗੇ ਹਾਂ, ਰੋਟੀ ਖਾ ਲੈਂਦੇ ਹਾਂ, ਆਪਨੀ ਨੀਂਦ੍ਰੇ ਸੌਂ ਲੈਂਦੇ ਹਾਂ, ਨਾਂ ਦੁਖਦੇ ਹਾਂ ਨਾਂ ਦੁਖਾਉਂਦੇ ਹਾਂ। ਜੇ ਭਾਈਆ! ਕੋਈ ਵਿਦਜਾ ਐਸੀ ਹਈ ਜੋ ਕਾਯਾਂ ਪਲਟੇ ਤਾਂ ਦੱਸ?

ਉਪਦੇਸ਼ਕ ਹੁਣ ਹਿੰਦੀ ਬੋਲੀ ਵਿਚ ਕਹਿਣ ਲੱਗਾ: ਤੁਮਾਰਾ ਗੁਰੂ ਬੀ ਅਨਪੜ੍ਹ ਥਾ, ਤਬੀ ਐਸਾ ਕਹਿਤਾ ਹੈ?

ਬਾਬਾ— ਕਿਉਂ ਨਾਂ ਹੋਵੇ! ਮੇਰਾ ਗੁਰੂ ਅਨਪੜ੍ਹ ਸੀ, ਵਾਹ! ਪਰ ਮੈਂ ਸਦਕੇ ਉਸ ਅਨਪੜ੍ਹਤਾ ਦੇ, ਸੂਰਜ ਵਲ ਮੈਂ ਤੱਕਿਆ ਮੇਰੇ ਨੈਣ ਬੰਦ ਹੋ ਗਏ, ਮੈਨੂੰ ਕੁਛ ਨਾਂ ਦਿੱਸਿਆ, ਮੈਂ ਸਦਕੇ ਏਸ ਹਨੇਰੇ ਦੇ! ਵਾਹ ਮੇਰੇ ਸਤਿਗੁਰਾ!

"ਬਲਿਹਾਰੀ ਗੁਰ ਆਪਣੇ
ਦਿਉਹਾੜੀ ਸਦ ਵਾਰ॥
ਜਿਨਿ ਮਾਣਸ ਤੇ ਦੇਵਤੇ ਕੀਏ
ਕਰਤ ਨ ਲਾਗੀ ਵਾਰ॥"

ਹੇ ਮੇਰੇ ਮਨੁੱਖ ਤੋਂ ਦੇਵਤਾ ਕਰਨ ਵਾਲੇ ਸਤਿਗੁਰੂ! ਤੇਰੀ ਵਿਦਜਾ ਤੋਂ ਬਲਿਹਾਰ!

ਬਾਬਾ ਤਾਂ ਅੱਖਾਂ ਮੀਟਕੇ ਇਸ ਰੰਗ ਵਿਚ ਰੱਤਾ ਕੁਛ ਸਿਫਤ ਸਲਾਹ ਦੇ ਘਰ ਵਿਚ ਬੋਲ ਰਿਹਾ ਸੀ, ਪਰ ਇਕ ਗੱਭਰੂ ਨੇ ਵੱਟ ਕੇ ਹੂਰਾ ਉਪਦੇਸ਼ਕ ਦੇ ਬੁਥਾੜ ਤੇ ਮਾਰਿਆ "ਕੂ ਤਾਂ ਓਇ, ਫੇਰ ਕੂ!'

ਬਾਬੇ ਦੀ ਅੱਖ ਖੁੱਲ੍ਹ ਗਈ, ਗੱਭਰੂ ਦਾ ਹੱਥ ਫੜ ਲਿਆ ਤੇ ਦੂਜਾ ਹੂਰਾ ਰੋਕ ਲਿਆ। ਫੇਰ ਉਪਦੇਸ਼ਕ ਨੂੰ ਗੱਲ ਲਾਇਆ, ਪਿਆਰ ਦਿੱਤਾ ਤੇ ਆਖਿਆ: 'ਖਿਮਾਂ ਕਰੋਂ'। ਪਰ ਉਪਦੇਸ਼ਕ ਜੋ ਹੂਰੇ ਨਾਲ ਸਹਿਮ ਗਿਆ ਸੀ, ਹੁਣ ਪਿਆਰ ਨਾਲ ਤ੍ਰੱਪ ਉਠਿਆ, ਤਦ ਬਾਬੇ ਕਿਹਾ— 'ਵੇਖ ਸਿਖਾਵਣ ਆਏ ਵੀਰਾ! ਤੇਰੀ ਬਿਰਤੀ ਹੁਣ ਕਿੱਥੇ ਹੈ? ਹੈ ਇਹ ਦੇਵ ਬਿਰਤੀ? ਲਹੂ ਨਾਲ ਲਹੂ ਨਹੀਂ ਧੋਪਦਾ। ਪਜਾਰ ਨਾਲ ਵੈਰ ਜਿੱਤੀਦਾ ਹੈ, ਮੈਂ ਪਹਿਲਾਂ ਆਖਿਆ ਸੀ ਕਿ ਤੂੰ ਸ਼ਹਿਰਾਂ ਵਿਚ ਵੱਸ, ਅਸੀਂ ਮੂਰਖ ਲੋਕ ਹਾਂ, ਸੁਖੀ ਬੈਠੇ ਹਾਂ।

ਹੁਣ ਡਾਂਗਾਂ ਵਾਲੇ ਬੀ ਪੁੱਜ ਪਏ ਸਨ, ਤੇ ਬੜੇ ਜੋਸ਼ ਵਿਚ ਕਹਿ ਰਹੇ ਸਨ,'ਉਹ' ਕੌਣ ਹੈ ਜਿਸਨੇ ਸਤਿਗੁਰ ਨਾਨਕ ਦੇਵ ਜੀ ਦੀ ਬੇਅਦਬੀ ਕੀਤੀ ਹੈ? ਪਰ ਬਾਬੇ ਨੂੰ ਵੇਖਕੇ ਠਹਿਰ ਗਏ। ਤਦੋਂ ਬਾਬੇ ਨੇ ਸਭਨਾਂ ਨੂੰ ਕਿਹਾ: 'ਵੀਰੋ! ਜੇਰਾ ਕਰੋ, ਇਹ ਆਦਮੀ ਪੜ੍ਹਿਆ ਹੋਇਆ ਹੈ ਐਸੀ ਵਿਦਜਾ ਜੋ ਵੈਰ ਦਾ ਸੁਭਾਉ ਨਹੀਂ ਮੋੜਦੀ। ਇਸ ਨੂੰ ਵਿਦਜਾ ਦੇ ਘੁਸਮਸਾਲੇ ਦੀ ਸੋਝੀ ਹੈ, ਪਰ ਪਜਾਰ ਦੇ ਚਾਨਣੇ ਦਾ ਪਤਾ ਨਹੀਂ, ਇਸ ਕਰਕੇ ਮਹਾਂ ਪੁਰਖਾਂ ਦੀ ਨਿੰਦਜਾ ਕਰਦਾ ਹੈ, ਸਾਨੂੰ ਚਾਹੀਦਾ ਹੈ ਏਸਦੀ ਭੁੱਲ ਕੱਢ ਦੇਈਏ। ਜੇ ਮਾਰ ਘੱਤਿਆ ਤਦ ਭੁੱਲ ਇਸ ਦੀ ਆਤਮਾਂ ਦੇ ਨਾਲ ਜਾਏਗੀ, ਦੂਰ ਤਾਂ ਨਾ ਹੋਊ। ਇਸ ਨੂੰ ਪਤਾ ਨਹੀਂ ਕਿ ਨਿੰਦਜਾ ਰੱਬੀ ਗੁਣ ਨਹੀਂ, ਨਿੰਦਜਾਕਰਨੀ ਸ਼ੁਭ ਗੱਲ ਨਹੀਂ; ਧਰਮ ਦੇ ਲੇਖੇ ਵਿਚ 'ਨਿੰਦਜਾ' ਨਹੀਂ ਗਿਣੀ ਗਈ, ਇਹ ਮਾੜੇ ਕਰਮਾਂ ਦੀ ਗੇਣਤੀ ਵਿਚ ਹੈ। ਇਸ ਨੂੰ ਚੇਤਾ ਨਹੀਂ ਕਿ ਇਹ ਧਰਮ ਦਾ ਉਪਦੇਸ਼ਕ ਹੈ, ਜੇ ਇਹ ਨਿੰਦਜਾ ਕਰੂ ਤਾਂ ਮਾੜਾ ਕੰਮ ਕਰੂ, ਜਦ ਮਾੜਾ ਕੰਮ ਕਰੂ ਤਦ ਧਰਮੀ ਨਾ ਰਿਹਾ ਫੇਰ ਜਦ ਧਰਮੀ ਨਾ ਰਿਹਾ ਤਾਂ ਅਧਰਮੀ ਹੋ ਗਿਆ, ਅਧਰਮੀ ਪਹਿਲਾਂ ਧਰਮੀ ਬਣੇ ਆਪ, ਤੇ ਪਿੱਛੋਂ ਕਿਸੇ ਨੂੰ ਮੱਤ ਦੇਵੇਂ।

ਬਾਬੇ ਦੀ ਸਿੱਧੀ ਪਰ ਤੁਲਵੀਂ ਗੱਲ ਨੇ ਅਸਰ ਕੀਤਾ। ਗੁੱਸੇ ਵਿਚ ਉਛਲਕੇ ਤੇ ਡਾਂਗਾਂ ਵੇਖਕੇ ਡਰਦੇ ਦੇ ਜੀ ਵਿਚ ਸੋਚ ਫੁਰ ਹੀ ਪਈ ਕਿ ਸੱਚਮੁੱਚ ਨਿੰਦਜਾ ਆਸੁਰੀ ਗੁਣ ਹੈ, ਦੈਵੀ ਗੁਣ ਨਹੀਂ ਤੇ ਜੇ ਮੈਂ ਆਸੁਰੀ ਗੁਣਾਂ ਦਾ ਪ੍ਰਚਾਰ ਕਰਾਂ ਤਾਂ ਮੈਂ ਕਾਹਦਾ ਭਲਾ ਹੋਯਾ, ਮੇਰੇ ਵਿਚ ਨਿੰਦਜਾ, ਗੁੱਸਾ, ਈਰਖਾ ਨਹੀਂ ਚਾਹੀਏ।

ਇਸ ਸੋਚ ਨੇ ਉਪਦੇਸ਼ਕ ਦਾ ਕਾਂਟਾ ਅੰਦਰੋਂ ਬਦਲਿਆ। ਬਾਹਰੋਂ ਬਾਬੇ ਨੇ ਕਿਹਾ 'ਸੱਜਣਾਂ! ਕੋਈ ਤੇਰਾ ਰੱਬ ਹੈ?' ਉਪਦੇਸ਼ਕ ਨੇ ਕਿਹਾ, 'ਇਕੋ ਰੱਬ ਹੈਂ'।

ਬਾਬਾ— ਉਹ ਆਖਦਾ ਹੈ: ਭਲਿਆਈ ਵਧੇ ਕਿ ਆਖਦਾ ਹੈ ਬੁਰਿਆਈ, ਨਿੰਦਜਾ, ਈਰਖਾ, ਲੜਾਈ ਵਧੇ?

SIKHBOOKCLUB.COM

ਉਪਦੇਸ਼ਕ— ਪਿਆਰ ਵਧੇ।

ਬਾਬਾ— ਫੇਰ ਤੁਸੀਂ ਏਥੇ ਆਕੇ ਅੱਗ ਪਾ ਦਿੱਤੀ, ਨਾਲ ਆਪਣੀ ਜਾਨ ਤੌਖਲੇ ਵਿਚ ਪਾ ਲਈ। ਇਨ੍ਹਾਂ ਲੋਕਾਂ ਦੇ ਅੰਦਰ ਤੁਸਾਂ ਇਨ੍ਹਾਂ ਦੇ ਪਜਾਰ ਨਾਲ ਭਰੇ ਮਰਮ ਦੇ ਥਾਂ ਛੇੜਕੇ ਆਪਣੇ ਲਈ ਮੌਤ ਤੇ ਇਨ੍ਹਾਂ ਲਈ ਰੰਜ ਨੂੰ ਸੱਦ ਘੱਲਿਆ। ਤੁਸਾਂ ਕੀਹ ਪ੍ਰਚਾਰ ਕੀਤਾ? ਰੱਬ ਦੇ ਗੁਣਾਂ ਦਾ ਕਿ ਰਾਖਸ਼ੀ ਗੁਣਾਂ ਦਾ?

ਉਪਦੇਸ਼ਕ— ਸਿੱਧੇ ਪਰ ਤ੍ਰਿੱਖੇ ਘਾਵ ਲਾਉਣ ਵਾਲਿਆ! ਮੈਨੂੰ ਤੇਰੀ ਸਮਝ ਪੈ ਗਈ ਹੈ, ਪਰ ਇਹ ਦੱਸ! ਹਰ ਧਰਮ ਵਾਲਾ ਕੀ ਆਪਣੀ ਤ੍ਰੱਕੀ ਨਹੀਂ ਲੋਚਦਾ? ਤੂੰ ਨਹੀਂ ਚਾਹੁੰਦਾ ਕਿ ਸਿੱਖ ਵਧ ਜਾਣ?

ਬਾਬਾ— ਠੀਕ! ਮੈਂ ਸਿੱਖਾਂ ਦਾ ਵਾਧਾ ਲੋਚਦਾ ਹਾਂ, ਕਿਉਂਕਿ ਸਿੱਖ ਉਹ 'ਨਮੂਨਾ' ਹੈ, ਉਹ 'ਵੰਨਗੀ' ਹੈ, ਉਹ 'ਪੂਰਨਾ' ਹੈ ਜਿਹੋ ਜਿਹੇ ਨਮੂਨੇ ਦਾ ਆਦਮੀ ਰੱਬ ਚਾਹੁੰਦਾ ਹੈ ਕਿ ਹਰ ਕੋਈ ਹੋਵੇ ਤੇ ਐਸੇ ਆਦਮੀ ਜੇ ਵਧ ਜਾਣ ਤਾਂ ਜਗਤ ਬੈਕੁੰਠ ਹੋ ਜਾਵੇ। ਇਹ ਮੈਂ ਨਹੀਂ ਚਾਹੁੰਦਾ ਕਿ ਸਾਰੇ ਨਿੰਦਕ, ਧਾੜਵੀ, ਠੱਗ, ਗੰਢੀਕੱਪ, ਚੋਰ, ਪਾਪੀ ਮੇਰੇ ਕੋਲ ਆ ਜਾਣ, ਤੇ ਮੈਂ ਉਹਨਾਂ ਦੇ ਮੱਥਿਆਂ ਤੇ ਲਿਖਦਿਆਂ 'ਸਿੱਖ' ਤੇ ਉਹ ਆਪਣੇ ਕਰਤੱਬ ਕਰੀ ਜਾਣ ਤੇ ਮੈਂ ਖੁਸ਼ ਹੁੰਦਾ ਜਾਵਾਂ ਕਿ ਇਹ ਸਿੱਖ ਹੋ ਗਏ। ਮੈਂ ਤੈਨੂੰ ਗੱਲ ਦਸਾਂ ਇਕ ਸਿੱਖ ਦੀ ਜਿਸਨੂੰ ਸਿੱਖ ਬਣਾਕੇ ਸਤਿਗੁਰ ਦੇ ਲੜ ਲਾਯਾ ਹੈ। ਉਹ ਵੱਢੀ ਲੈਂਦਾ ਹੁੰਦਾ ਸੀ, ਓਨ ਆਖਿਆ ਮੈਨੂੰ ਸਿੱਖ ਬਣਾਓ। ਅਸਾਂ ਸਭਨਾਂ ਕਿਹਾ ਵੱਢੀ ਛੱਡ। ਉਹਦੀ ਤਲਬ ਦਸ ਰੁਪਯੇ ਸੀ, ਵੱਢੀ ਬਿਨਾਂ ਉਸਦੀ ਗੁਜ਼ਰਾਨ ਨਹੀਂ ਸੀ ਟੁਰਦੀ, ਪਰ ਉਸ ਨੇ ਕਸੀਸ ਵੱਟ ਕੇ ਵੱਢੀ ਛੱਡ ਹੀ ਦਿੱਤੀ। ਪਰ ਫੇਰ ਓਸਨੂੰ ਮੈਂਹ ਵੇਚਣੀ ਪਈ, ਘੋੜੀ ਵੇਚਣੀ ਪਈ, ਨੌਕਰ ਹਟਾਉਣਾ ਪਿਆ। ਉਸਦੀ ਘਰ ਵਾਲੀ ਪੀਹੇ ਪਕਾਵੇ, ਕਪੜੇ ਧੋਵੇ, ਆਪ ਸਾਰਾ ਕੰਮ ਕਰੇ ਤਦ ਗੁਜ਼ਾਰਾ ਟੁਰੇ, ਪਰ ਦੇਖੋ ਉਸ ਦਾ ਮਨ ਨਿਰਮਲ ਹੋ ਗਿਆ। ਫੇਰ ਅਸਾਂ ਰਲਕੇ ਉਸ ਨੂੰ ਸਿੱਖ ਬਣਾਯਾ। ਹੁਣ ਉਹ ਵੱਡਾ ਧਰਮੀ ਹੈ। ਆਪਣੀ ਕਿਰਤ ਵਿਚ ਗੁਜ਼ਰਾਨ ਕਰਦਾ ਹੈ ਤੇ ਉਸ ਵਿਚੋਂ ਬੀ ਵੰਡ ਛਕਦਾ ਹੈ ਅਤੇ ਨਾਮ ਜਪਦਾ ਹੈ ਤੇ ਆਖਦਾ ਹੈ ਮੇਰਾ ਤਾਪ ਲਹਿ ਗਿਆ ਹੈ, ਮੈਂ ਹੁਣ ਸੁਖੀ ਹਾਂ, ਨਾਮ ਨੇ ਠੰਢ ਪਾ ਦਿੱਤੀ ਹੈ।

ਉਪਦੇਸ਼ਕ— ਕੀ ਤੁਸੀਂ ਮੈਨੂੰ ਸਿੱਖ ਬਣਾ ਸਕਦੇ ਹੋ?

ਬਾਬਾ— ਨਹੀਂ।

ਉਪਦੇਸ਼ਕ— (ਹੈਰਾਨ ਹੋਕੇ) ਕਿਉਂ?

ਬਾਬਾ— ਗੁੱਸਾ ਨਾਂ ਕਰੋਗੇ? ਸੱਚ ਸੁਣਕੇ ਝੱਲੋਗੇ? ਅਸੀਂ ਖਹੁਰੇ ਤੇ ਸਿੱਧੇ ਲੋਕ ਹਾਂ।

ਉਪਦੇਸ਼ਕ— ਨਹੀਂ ਜੀ।

ਬਾਬਾ— ਮੈਂ ਗੁਰ ਨਾਨਕ ਦੇ ਖਲਵਾੜੇ ਵਿਚ ਚਿਣਗ ਨਹੀਂ ਵਾੜਨੀ।

ਉਪਦੇਸ਼ਕ— ਮੈਂ ਚਿਣਗ ਹਾਂ?

ਬਾਬਾ— ਸੱਚ ਤਾਂ ਇਹੋ ਹੈ। ਸੱਚ, ਹੈ ਕੌੜਾ, ਪਰ ਕੀ ਕਰਾਂ ਮੈਨੂੰ ਸ਼ਹਿਰ ਵਾਸੀਆਂ ਵਾਂਗ ਕੂਣ ਦੀ ਜਾਚ ਨਹੀਂ! ਵੇਖ! ਤੂੰ ਆਰੀਯਾ ਅੱਜ ਸਿਖਾਂ ਦੇ ਪਿੰਡ ਆਇਆ ਤੂੰ ਸਾਰਿਆਂ ਨੂੰ ਤਪਾ ਦਿੱਤਾ ਹੈ, ਜਦੋਂ ਸਿੱਖ ਹੋਕੇ ਤੂੰ ਮੁਸਲਮਾਨਾਂ ਹਿੰਦੂਆਂ ਦੇ ਪਿੰਡ ਜਾਏਂਗਾ ਉਹਨਾਂ ਨੂੰ ਤਪਾਏਂਗਾ, ਪਰ ਗੁਰ ਨਾਨਕ ਦਾ ਘਰ ਹੈ ਇਆ:-

'ਪਿਆਰ'

ਉਪਦੇਸ਼ਕ— ਕੀ ਤੁਸੀਂ ਲੋਕਾਂ ਨੂੰ ਆਪਣੇ ਧਰਮ ਵਿਚ ਨਹੀਂ ਰਲਾਉਂਦੇ?

ਬਾਬਾ— ਅਸੀਂ ਲੋਕਾਂ ਨੂੰ ਸੱਚੀ ਮੁਚੀ ਸੁਖੀ ਹੋਣ ਦੀ ਜਾਚ ਦੱਸਦੇ ਹਾਂ। ਮੈਂ ਮੂਰਖ ਹਾਂ, ਪਰ ਸਾਡੇ ਵਿਚ ਜੋ ਕਰਨੀ ਦੇ ਪੂਰੇ ਲੋਕ ਹਨ, ਓਹ ਪਸ਼ੂ ਬਿਰਤੀਆਂ ਨੂੰ ਮਾਰਕੇ ਭਲੇ ਮਨੁਖ ਬਣਾ ਲੈਂਦੇ ਹਨ। ਫੇਰ ਉਹ ਆਪੇ ਪਏ ਸਿੱਖ ਅਖਵਾਉਂਦੇ ਤੇ ਅੰਮ੍ਰਿਤ ਲਈ ਤਰਲੇ ਕਰਦੇ ਹਨ।

ਉਪਦੇਸ਼ਕ— ਬਾਬਾ! ਮੈਨੂੰ ਸ਼ਰਮ ਲੱਗਦੀ ਹੈ, ਪਰ ਕੀ ਕਰਾਂ, ਤੇਰੇ ਵਾਕ ਬੜੇ ਚੰਗੇ ਹਨ। ਕੌੜੇ ਹਨ, ਪਰ ਹਨ ਸੱਚੇ। ਭਲਾ ਜੇ ਮੈਂ ਨੌਕਰੀ ਛੱਡ ਕੇ ਤੁਸਾਂ ਵਿਚ ਰਹਿ ਪਵਾਂ ਤੇ ਸਿੱਖ ਬਣ ਜਾਵਾਂ ਤਾਂ ਮੇਰੀ ਰੋਟੀ ਦਾ ਉਪਰਾਲਾ ਕਰ ਦਿਓਗੇ?

ਬਾਬਾ— ਨਾਂ ਸੱਜਣਾਂ! ਨਾਂ ਪਿੰਡ ਵਿਚ ਥਾਂ, ਨਾਂ ਤੇਰੇ ਜੋਗੀ ਰੋਟੀ, ਉਂਵ ਪ੍ਰਾਹੁਣਾ ਹੋਕੇ ਕੁਛ ਦਿਨ ਰਹਿ ਜਾ ਪਰ ਬਰਾਦਰੀ ਵਿਚ ਭਰਾ ਹੋਕੇ ਨਹੀਂ।

ਉਪਦੇਸ਼ਕ— ਕਿਉਂ?

ਬਾਬਾ— ਜਿਸਨੂੰ ਰੱਬ ਦੇ ਰਿਜ਼ਕ ਦਾਤੇ ਹੋਣ ਤੇ ਸਿਦਕ ਨਹੀਂ, ਉਹ ਸਿੱਖ ਕਾਹਦਾ? ਉਹਦੀ ਸਿੱਖੀ

ਜੋ ਰੋਟੀ ਪਹਿਲਾਂ ਖਰੀ ਕਰਦਾ ਹੈ ਬਜਗਾਰੀ ਕੰਮ ਹੈ, ਬਜ਼ਾਰੀ ਸੌਦਾ ਹੈ। ਹਾਂ, ਜਿਸਦੇ ਮਨ ਨੇ ਖ਼ੌਫ ਖਾਧਾ ਆਪਣੇ ਖੋਟੇ ਕਰਮਾਂ ਦਾ, ਜਿਸ ਨੇ ਰੱਬ ਨਾਲ ਪਿਆਰ ਪਾਯਾ ਆਪਣੀ ਕਲਜਾਨ ਵਾਸਤੇ, ਉਹ ਸਾਡੇ ਵਿਚ ਜ਼ਰੂਰ ਆਦਰ ਪਾਉਂਦਾ ਹੈ। ਰੋਟੀ ਉਸ ਨੂੰ ਸਾਹਿਬ ਦੇਵੇਗਾ, ਅਸਾਂ ਨਕਾਰਿਆਂ ਨੇ ਕੀ ਦੇਣਾ ਹੈ?

ਉਪਦੇਸ਼ਕ— ਅਨਪੜ੍ਹ ਤੇ ਠੁਲੇ ਬਾਬਿਆ ਤੂੰ ਬੜਾ ਦਾਨਾ ਹੈਂ।

ਬਾਬਾ— ਮੈਂ ਤਾਂ ਮੂਰਖ ਹਾਂ, ਪਰ ਸੱਜਣਾਂ 'ਸੱਚ ਬੜਾ ਦਾਨਾ ਹੈ' ਸੱਚ ਜੇਡਾ ਦਾਨਾ ਹੋਰ ਕੋਈ ਨਹੀਂ।

ਉਪਦੇਸ਼ਕ— ਹੇ ਖੁਰਦਰੇ ਪਰ ਖਰੇ ਬੰਦੇ! ਮੈਨੂੰ ਸੋਝੀ ਹੋ ਆਈ ਹੈ ਕਿ ਮੈਂ ਅੱਜ ਤੱਕ ਜਗਤ ਵਿਚ ਨਿੰਦਜਾ ਬਖੀਲੀ ਤੇ ਧੜੇਬੰਦੀ ਵਿਚ ਜੀਵਨ ਗੁਆਇਆ ਹੈ। ਮੈਂ ਸਭ ਨੂੰ ਮਤਲਬੀ, ਚੰਚਲ, ਠੱਗ ਤੇ ਚਲਾਕ ਡਿੱਠਾ ਸੀ, ਮੈਂ ਬੀ ਕਾਮਯਾਬੀ ਲਈ ਇਹੋ ਵਤੀਰੇ ਫੜੇ। ਹਾਂ ਮੈਂ ਦੋਸ਼ੀ, ਪਰ ਮੇਰੀਆਂ ਅੱਖਾਂ ਅਗੇ ਇਨਸਾਨੀ ਜੀਵਨ ਦਾ ਇਹ ਨਮੂਨਾ ਨਹੀਂ ਸੀ ਆਯਾ ਕਿ ਜਿਥੇ ਦਜਾਨਤਦਾਰੀ ਦਾ ਸਾਫ ਜੀਵਨ ਹੋਵੇ, ਧਰਮ ਦੀ ਕਿਰਤ ਹੋਵੇ ਤੇ ਵੰਡ ਖਾਣਾਂ ਹੋਵੇ, ਨਾਲ ਪਰਮੇਸ਼ੁਰ ਦਾ ਪਜਾਰ ਹੋਵੇ। ਅੱਜ ਮੇਰੀਆਂ ਅੱਖਾਂ ਅਗੇ ਇਕ ਖਰ੍ਹਵੇ ਪਰ ਸਾਫ ਗੋ, ਕਿਰਤੀ ਪਰ ਦਾਨੀ, ਧਰਮ ਪਰ ਸਹਾਰੇ ਤੇ ਖਿਮਾਂ ਪਿਆਰ ਵਾਲੇ ਜੀਵਨ ਦਾ ਨਮੂਨਾ ਆ ਖਲੋਤਾ ਹੈ। ਇਹ ਨਮੂਨਾ ਅਨੋਖਾ ਹੈ। ਮੈਂ ਜਿਸ ਨੇ ਅਨੇਕਾਂ ਦੰਗਲ ਜਿੱਤੇ ਤੇ ਮਾਅਰਕੇ ਮਾਰੇ ਅੱਜ ਆਪ ਇਸ ਨਮੂਨੇ ਦਾ ਕਾਇਲ ਹੋਇਆ ਹਾਂ। ਮੈਨੂੰ ਬਈ ਇਕ ਰੋਗੀ ਨੂੰ ਆਪਣੇ ਵਿਚ ਰਖ ਲਓ ਤੇ ਮੈਨੂੰ ਆਪਣੇ ਵਰਗਾ ਮੂਰਖ ਅਨਪੜ੍ਹ ਪਰ ਧਰਮੀ, ਕਿਰਤੀ, ਦਾਨੀ ਤੇ ਪ੍ਰੇਮੀ ਬਣਾ ਲਓ। ਮੁਬਾਰਕ ਹੈ ਇਹ ਪਿੰਡ ਜਿਥੋਂ ਸ਼ਰਾਬ ਟੁਰ ਗਈ ਹੈ, ਧੰਨ ਹੈ ਇਹ ਥਾਉਂ ਜਿਥੋਂ ਦੇ ਲੋਕਾਂ ਨੇ ਥਾਣੇ ਤੇ ਕਚਹਿਰੀ ਦਾ ਰਾਹ ਗੁੰਮ ਕਰ ਦਿੱਤਾ ਹੈ। ਮੈਨੂੰ ਬੀ ਹੁਣ ਏਸੇ ਥਾਂ ਵਿਚ ਹੀ ਰੱਖ ਲਵੋ?

ਹੁਣ ਡਾਂਗਾਂ ਨੀਵੀਆਂ ਹੋ ਗਈਆਂ ਤੇ ਮੱਥੇ ਸਾਫ ਹੋ ਗਏ। ਬਾਬੇ ਹੁਰੀਂ ਉਪਦੇਸ਼ਕ ਨੂੰ ਨਾਲ ਲੈ ਕੇ ਧਰਮਸਾਲਾ ਆ ਗਏ। ਸੰਗਤ ਦਾ ਦੀਵਾਨ ਲੱਗ ਗਿਆ। ਸਾਰਾ ਮਾਮਲਾ ਪੇਸ਼ ਹੋਇਆ। ਸੰਗਤ ਨੇ ਅਰਦਾਸਾ ਸੋਧਿਆ ਤੇ ਉਸ ਦੀਆਂ ਪਿਛਲੀਆਂ ਭੁੱਲਾਂ ਦੀ ਖਿਮਾਂ ਦਿਤੀ। ਅੱਗੇ ਨੂੰ ਨਿੱਤਨੇਮ ਸੁਖਮਨੀ ਦਾ ਪਾਠ ਇਹ ਕਾਰ ਮਿਲੀ। ਸਵੇਰੇ ਉੱਠਕੇ ਧਰਮਸਾਲਾ ਨੂੰ ਬੁਹਾਰਨਾ ਤੇ ਵਿਛਾਈ ਕਰਨੀ ਤੇ ਜਲ ਭਰਨਾਂ, ਇਹ ਸੇਵਾ ਮਿਲੀ ਤੇ ਰਿਜ਼ਕ ਵਾਸਤੇ ਇਹ ਹੋਇਆ ਕਿ ਸ਼ਾਮਲਾਤ ਵਿੱਚੋਂ ਕੁਛ ਭੋਂ ਦੇ ਦਿੱਤੀ ਜਾਏ ਤੇ ਵਾਹੀ ਸਿੱਖੇ, ਪਰ ਹਾਲੇ ਦੂਜੇ ਭਰਾ ਕੰਮ ਕਰਾ ਦਿਆ ਕਰਨ ਅਤੇ ਤਦ ਤਾਈਂ ਕਿ ਜਦ ਤਾਈਂ ਭਰਾਵਾਂ ਵਾਂਙ ਭਰਾ ਨਾ ਬਣ ਜਾਵੇ ਤੇ ਅਪਣੀ ਫਸਲ ਨਾ ਹੋ ਪਵੇ ਸੁ ਪ੍ਰਸ਼ਾਦ ਬਾਬਾ ਨੌਧ ਸਿੰਘ ਦੇ ਘਰ ਛਕੇ।

* * * * *

## ੧੦.

ਜੋ ਪ੍ਰਭੁ ਕਰੈ ਸੋਈ ਭਲ ਮਾਨਹੁ
ਸੁਖਿ ਦੁਖਿ ਓਹੀ ਧਿਆਈਐ ਰੇ"॥

ਕੁਛ ਸਮਾਂ ਬੀਤਿਆ ਕਿ ਬਰਖਾ ਨੇ ਜ਼ੋਰ ਆ ਪਾਇਆ, ਥਲ ਜਲ ਹੋ ਗਏ। ਪਹਿਲਾਂ ਤਾਂ ਬਰਖਾ ਦੀ ਲੋੜ ਹੋਣ ਕਰਕੇ ਖੁਸ਼ੀਆਂ ਤੇ ਮੰਗਲ ਸਨ, ਪਰ ਜਦੋਂ ਅਸਮਾਨ ਦੇ ਪਰਨਾਲਿਆਂ ਨੇ ਕਈ ਦਿਨ ਬੱਸ ਹੀ ਨਾਂ ਕੀਤੀ ਤਾਂ ਪੁਕਾਰਾਂ ਮਚ ਗਈਆਂ। ਬਾਬੇ ਨੌਧ ਸਿੰਘ ਪਾਸ ਲੋਕੀ ਭੱਜੇ ਆਉਣ। ਪਹਿਲਾਂ ਤਾਂ ਬਾਬੇ ਨੇ ਰਜ਼ਾ ਦਾ ਉਪਦੇਸ਼ ਕੀਤਾ, ਪਰ ਜਦ ਦੁਖੀ ਦਿਲ ਦੇਖੇ ਕਿ ਬਹੁਤ ਘਾਬਰ ਵਿਚ ਹਨ ਤਾਂ ਧਰਮਸਾਲੇ ਅਖੰਡ ਪਾਠ ਰਖਾ ਦਿੱਤਾ। ਵਾਹਿਗੁਰੂ ਨੇ ਮੇਹਰ ਕੀਤੀ, ਬਰਖਾ ਨੇ ਅੱਤ ਤੋਂ ਬੱਸ ਕੀਤੀ। ਇਧਰ ਭੋਗ ਪੈ ਚੁੱਕਾ ਸੀ, ਲੰਗਰ ਵਰਤੀਜ ਰਿਹਾ ਸੀ, ਸਾਰੇ ਪਿੰਡੋਂ ਆਏ ਤੇ ਬਾਹਰੋਂ ਆਏ ਗਏ ਅਤਿੱਥੀ ਮੁਸਾਫਰ ਹਰੇਕ ਪ੍ਰਸ਼ਾਦ ਛਕ ਰਹੇ ਸਨ, ਤਦ ਬਾਬੇ ਨੇ ਕੀਹ ਡਿੱਠਾ ਕਿ ਸਦਾ ਦੇ ਦਸਤੂਰ ਦੇ ਉਲਟ ਅੱਜ ਪਿੰਡ ਦੇ ਮੁਸਲਮਾਨ ਜੋ ਗਿਣਤੀ ਵਿਚ ਥੋੜੇ ਸਨ, ਪ੍ਰਸ਼ਾਦ ਛਕਣ ਨਾਂ ਆਏ। ਬਾਬੇ ਨੂੰ ਫਿਕਰ ਹੋਇਆ ਕਿ ਇਹ ਕੀ ਗੱਲ ਹੈ। ਫੇਰ ਬਾਬੇ ਨੇ ਉਹਨਾਂ ਨੂੰ ਬੁਲਾ ਘੱਲਿਆ, ਪਰ ਬੁਲਾਏ ਤੇ ਬੀ ਕੋਈ ਨਾਂ ਆਇਆ। ਜਦ ਫੇਰ ਇਕ ਦੋ ਸੱਦੇ ਗਏ ਤਾਂ ਨੱਥੂ ਮੋਚੀ ਆਇਆ ਤੇ ਆਖਣ ਲੱਗਾ, ਬਈ ਬਾਬਾ! ਪਿਛਲੀਆਂ ਬੀਤੀਆਂ ਬੀਤ ਗਈਆਂ ਹੁਣ ਅੱਗੋਂ ਨੂੰ ਬਰ ਨਹੀਂ ਮਿਚਦਾ।

ਬਾਬਾ— ਕਿਉਂ ਬਰਖੁਰਦਾਰਾ?

ਮੋਚੀ— ਪੁੱਛ ਕੁਛ ਨਾਂ।

ਬਾਬਾ— ਕਿਉਂ ਬਈ?

ਮੋਚੀ— ਅਸੀਂ ਥੋੜੇ ਤੁਸੀਂ ਬਹੁਤੇ, ਬਹੁਤਿਆਂ ਦੀ ਜੈ! ਜੇ ਅਸੀਂ ਮੂੰਹ ਖੋਲ੍ਹੀਏ ਤਾਂ ਮਾਰੇ ਪਏ ਹਾਂ। ਪੁੱਛ ਕੁਛ ਨਾਂ, ਤੇ ਬੱਸ ਹੋਣ ਦੇਹ। ਹੁਣ ਤੁਹਾਨੂੰ ਤੁਹਾਡਾ ਆਪਣਾ ਦੀਨ, ਸਾਨੂੰ ਆਪਣਾ।

ਬਾਬਾ— ਆਖਿਆ ਤਾਂ ਠੀਕ ਹਈ ਤੇ ਦੀਨ ਭੀ ਆਪੋ ਆਪਣਾ ਸਭ ਨੂੰ ਨਿਬਾਹੂ, ਪਰ ਬੱਚਾ ਨਵ੍ਹਾਂ ਤੋਂ ਪੋਟਿਆਂ ਦਾ ਮਾਸ ਕੀਕੂੰ ਅਵਾਜ਼ਾਰ ਹੋ ਸਕਦਾ ਹੈ? ਪੀੜ੍ਹੀਆਂ ਦੇ ਸਾਡੇ ਤੁਹਾਡੇ ਕੱਠੇ ਵਾਸ, ਸਾਂਝੇ ਭਾਈਚਾਰੇ, ਇਹ ਨੇਹੁੰ ਕੀਕੂੰ ਟੁੱਟ ਗਿਆ?

ਮੋਚੀ— ਆਪੋ ਆਪਣਾ ਦੀਨ ਪਿਆਰਾ ਹੈ। ਸਾਡੇ ਦੀਨ ਵਿਚ ਏਹ ਆਇਆ ਹੈ ਕਿ ਜੋ ਕਲਮੇ ਤੋਂ ਬਾਹਰ ਹਨ, ਕਾਫਰ ਹਨ ਤੇ ਉਹਨਾਂ ਨਾਲ ਨਹੀਂ ਵਰਤਣਾ।

ਬਾਬਾ— ਬੱਚਿਆ! ਇਹ ਦੀਨ ਪੁਰਾਣਾ ਹੈ ਕਿ ਨਵਾਂ?

ਮੋਚੀ— ਪੁਰਾਣਾ।

ਬਾਬਾ— ਤੇ ਫੇਰ ਅੱਗੇ ਤੁਸੀਂ ਸਾਡੇ ਨਾਲ ਕੀਕੂੰ ਵਰਤਦੇ ਰਹੇ?

ਮੋਚੀ— ਵਰਤਦੇ ਰਹੇ, ਬੇਥਵੇ ਜੁ ਸਾਂ, ਸਾਨੂੰ ਪਤਾ ਨਹੀਂ ਸੀ।

ਬਾਬਾ— ਤੇ ਹੁਣ ਪਤਾ ਕਿਵੇਂ ਲੱਗਾ?

ਮੋਚੀ— ਸੈਫ ਦੀਨ ਸਾਡਾ ਬਜ਼ੁਰਗ ਅੱਠ ਸੱਤ ਦਿਨਾਂ ਤੋਂ ਆਯਾ ਹੋਇਆ ਹੈ, ਓਸ ਨੇ ਸਾਡੀਆਂ ਅੱਖਾਂ ਖੋਹਲੀਆਂ ਹਨ।

ਬਾਬਾ— ਹੁਣ ਕਿਥੋਂ ਆਇਆ ਹੈ?

ਮੋਚੀ— ਹੁਣ ਤਾਂ ਲਾਹੌਰੋਂ ਆਯਾ ਹੈ ਪਰ ਪਿਛੋਂ ਓਹ ਅਲੀਗੜ੍ਹ ਤੇ ਹੋਰ ਦੂਰ ਦੂਰ ਥਾਈਂ ਰਹਿ ਰਹਿਕੇ ਤੇ ਫਿਕਹ ਸ਼ਰ੍ਹਾ ਪੜ੍ਹਕੇ ਆਇਆ ਹੈ।

ਬਾਬਾ— ਅੰਗਰੇਜੀ ਬੀ ਪੜ੍ਹੀ ਸੂ?

ਮੋਚੀ— ਤੇ ਹੋਰ।

ਬਾਬੇ ਨੇ ਹਾਹੁਕਾ ਲੀਤਾ ਤੇ ਆਖਿਆ:- ਹੈਂ, ਐਨਾ ਕੁਛ ਪੜ੍ਹ ਸੁਣਕੇ ਫੇਰ ਦੁਫੇੜ ਪੁਆਂਦਾ ਹੈ?

ਮੋਚੀ— ਮੈਂ ਜਾਵਾਂ?

ਬਾਬਾ— ਫੇਰ ਹੁਣ ਤੁਸੀਂ ਜੁੱਤੀਆਂ ਬੀ ਸਾਡੀਆਂ ਨਹੀਂ ਸੀਵੋਂਗੇ?

ਮੋਚੀ— ਕਿੱਤਾ ਤਾਂ ਨਹੀਂ ਨਾਂ ਛੁੱਟਦਾ, ਤੁਹਾਡੇ ਹੱਥ ਦਾ ਖਾਵਾਂ ਪੀਵਾਂਗੇ ਨਹੀਂ।

ਬਾਬਾ— ਤਾਂ ਸੁੱਖ ਬੱਚਾ, ਮੈਨੂੰ ਤਾਂ ਫਿਕਰ ਪੈਗਿਆ ਸੀ ਕਿ ਤੁਸੀਂ ਸਾਨੂੰ ਮੂਲੋਂ ਹੀ ਛੱਡ ਦਿੱਤਾ ਹੈ।

ਲੌਢਾ ਪਹਿਰ ਹੋ ਆਇਆ, ਕਈ ਦਿਨਾ ਪਿਛੋਂ ਸੂਰਜ ਨਿਕਲਿਆ ਸੀ, ਲੋਕੀਂ ਵੱਟਾਂ ਬੰਨਿਆਂ ਖੂਹਾਂ ਤੇ ਬੈਠੇ ਸਨ। ਪਿੰਡ ਦੇ ਮੁਸਲਮਾਨ ਕੋਈ ਦੋ ਕੁ ਘਰ ਤਾਂ ਜ਼ਿਮੀਦਾਰਾਂ ਦੇ ਸਨ, ਬਾਕੀ ਕੁਝ ਜੁਲਾਹੇ, ਮੋਚੀ, ਛੀਂਬੇ ਆਦਿਕ ਕਿਰਤੀ ਲੋਕ ਸਨ, ਇਹ ਸਾਰੇ ਖੂਹ ਤੇ ਜੁੜੇ ਬੈਠੇ ਸਨ। ਬਾਬਾ ਬੀ ਪੈਲੀ ਬੰਨੇ ਵੇਖਦਾ, ਪਾਣੀ ਦੀਆਂ ਰੌਆਂ ਤੱਕਦਾ ਆ ਨਿਕਲਿਆ। ਅੱਗੇ ਸੈਫਦੀਨ ਹੁਰਾਂ ਦੀ ਜ਼ੁਬਾਨ ਤਲਵਾਰ ਵਾਂਗ ਚਲ ਰਹੀ ਸੀ, ਉਹ ਪੁਰਾਣੇ ਕਿੱਸੇ ਸੁਣਾ ਰਿਹਾ ਸੀ ਕਿ ਹਿੰਦੂਆਂ ਨੂੰ ਕੀਕੂੰ ਸਾਡੇ ਮੁਗ਼ਲ ਪਠਾਣਾਂ ਨੇ ਵੱਢਿਆ ਤੇ ਮਾਰਿਆ, ਨਾਲੇ ਸਮਝਾ ਰਿਹਾ ਸੀ ਕਿ ਇਹ ਗੱਲ ਦੀਨ ਵਿਚ ਜਾਇਜ਼ ਹੈ। ਨਾਲੇ ਕਹਿ ਰਿਹਾ ਸੀ ਕਿ ਸਾਨੂੰ ਇਕ ਮੁੱਠ ਹੋਣਾ ਚਾਹੀਦਾ ਹੈ ਤੇ ਸਮਝਾ ਰਿਹਾ ਸੀ ਕਿ ਤੁਸੀਂ ਕਾਇਰ ਹੋ ਗਏ ਹੋ ਜੋ ਬਕਰੀਦ ਨੂੰ ਬੱਕਰਾ ਵੱਢਦੇ ਹੋ ਤੇ ਗਊ ਦੀ ਕੁਰਬਾਨੀ ਨਹੀਂ ਦੇਂਦੇ। ਬਾਬੇ ਦੇ ਕੰਨੀ ਇਹ ਗੱਲਾਂ ਦੂਰੋਂ ਪੈ ਗਈਆਂ ਸਨ, ਸੋ ਉਹ ਧਸੜਕੇ ਅਗੇ ਅਗੇ ਆ ਹੀ ਗਿਆ ਤੇ ਵਿਚ ਆ ਬੈਠਾ। ਭਾਵੇਂ ਸੈਫਦੀਨ ਕਈ ਦਿਨਾਂ ਤੋਂ ਵੈਰ ਦੀ ਅੱਗ ਮਘਾ ਰਿਹਾ ਸੀ, ਪਰ ਤਦ ਬੀ ਬਾਬੇ ਦੀ ਪਿਆਰੀ ਤੇ ਨੂਰਾਨੀ ਸੂਰਤ ਵੇਖ ਕੇ ਸਾਰਿਆਂ ਦੇ ਮੂੰਹੋਂ 'ਬਾਬਾ ਆਯਾ, ਬਾਬਾ ਆਯਾ' ਨਿਕਲ ਹੀ ਗਿਆ, ਚਿਹਰੇ ਖਿੜ ਹੀ ਪਏ ਤੇ 'ਆਓ ਬੈਠੋ' ਆਖ ਹੋ ਹੀ ਗਿਆ।

ਹੁਣ ਜਦ ਸੈਫਦੀਨ ਨੇ ਸੂਰਤ ਨਜ਼ਰ ਭਰਕੇ ਤੱਕੀ ਤਾਂ ਉਸਦੇ ਅੰਦਰ ਬੀ ਹੌਲ ਜਿਹਾ ਪਿਆ। ਸੁਹਣਾ ਇਕੋ ਜੇਹਾ, ਇਕ ਢਲਵੀਂ ਨਕਸ਼ਬੰਦੀ ਦੀ ਨੁਹਾਰ ਤੇ ਤ੍ਰਿਖੇ ਨੱਕ ਵਾਲਾ ਚਿਹਰਾ, ਬੀਬਾ ਦਾਹੜਾ, ਨੈਣਾਂ ਵਿਚ ਕੋਈ ਰਸੀਲੀ, ਭਰਵੱਟਿਆਂ ਵਿਚ ਕੋਈ ਰੋਅਬ ਤੇ ਮੱਥੇ ਵਿਚ ਕੋਈ ਖੇੜਾ, ਗੱਲ੍ਹਾਂ ਉੱਪਰ ਕੋਈ ਜਮਾਲ ਤੇ ਬੁੱਲ੍ਹਾਂ ਦੀ ਮੁਸਕ੍ਰਾਹਟ ਵਿਚ ਕੋਈ ਮਿਹਰ ਤੇ ਪਿਆਰ ਦਾ ਨਕਸ਼ਾ, ਇਹ ਸੀ ਬਾਬੇ ਦੀ ਸੂਰਤ। ਇਹ ਨੇਕੀ ਦੇ ਨਕਸ਼ ਵਾਲਾ ਚਿਹਰਾ ਉਸਨੂੰ ਘਬਰਾ ਗਿਆ, ਅੰਦਰਲੇ ਜ਼ਿਦ ਵਾਲੇ ਥਰ ਤੋਂ ਉਖੇੜ ਗਿਆ ਤੇ ਉਸ ਨੇ ਗੁਫਤਗੂ ਬਦਲ ਲਈ ਤੇ ਹੁਣ ਹਜ਼ਰਤ

SIKHBOOKCLUB.COM

ਉਮਰ ਦੀ ਸਾਖੀ ਸੁਨਾਉਣ ਲਗ ਪਿਆ। ਕੁਛ ਚਿਰ ਬੋਲਦਾ ਰਿਹਾ, ਪਰ ਖਿੜਕਦਾ ਖਿੜਕਦਾ। ਇਹ ਗੱਲ ਉਸਦੇ ਦੀਨ ਭਾਈਆਂ ਬੀ ਲਖ ਲਈ। ਜਦੋਂ ਉਸਦੀ ਵਾਅਜ਼ ਖਤਮ ਹੋਈ ਤਾਂ ਸੈਫਦੀਨ ਨੇ ਕਿਹਾ: ਬਾਬਾ! ਤੁਹਾਡੀ ਸੂਰਤ ਬੜੀ ਸੁਹਣੀ ਹੈ, ਪਰ ਕਾਸ਼! ਤੁਸੀਂ ਮੁਸਲਮਾਨ ਹੁੰਦੇ?

ਬਾਬਾ— ਭਾਈਆ! ਮੁਸਲਮਾਨ ਕਿਸਨੂੰ ਆਖਦੇ ਹਨ?

ਸੈਫਦੀਨ— ਈਮਾਨਦਾਰ ਨੂੰ।

ਬਾਬਾ— ਈਮਾਨਦਾਰ ਦਾ ਕੀ ਅਰਥ ਹੋਇਆ?

ਸੈਫਦੀਨ— ਜੋ ਇਕ ਅੱਲਾ ਤੇ ਭਰੋਸਾ ਰੱਖਦਾ ਹੈ ਤੇ ਸ਼ਿਰਕ ਤੇ ਕੁਫਰ ਤੋਂ ਪਾਕ ਹੈ।

ਬਾਬਾ— ਪਤਾ ਨਹੀਂ ਨਿਭੇ ਕਿ ਨਾਂ, ਪਰ ਮੈਂ ਬੀ ਤਾਂ ਅੱਲਾ ਨੂੰ ਹੀ ਮੰਨਣ ਵਾਲਾ ਹਾਂ ਤੇ ਨਿਰਾ ਇਕੋ ਉਸੇ ਦਾ ਹਾਂ।

ਸੈਫਦੀਨ— ਬੁੱਤ ਨਹੀਂ ਪੂਜਦਾ?

ਬਾਬਾ— ਕਈ ਵਾਰੀ ਵਹੁਟੀ, ਪੁਤ੍ਰ, ਇੱਜ਼ਤ, ਦੌਲਤ ਅੱਲਾ ਨਾਲੋਂ ਵਧੀਕ ਪਿਆਰੇ ਲੱਗ ਜਾਂਦੇ ਹਨ, ਫੇਰ ਮੈਂ ਅੱਲਾ ਅੱਗੇ ਅਰਦਾਸ ਕਰਕੇ ਹੰਭਲਾ ਮਾਰਦਾ ਹਾਂ ਜੋ ਅੱਲਾ ਨੂੰ ਬਹੁਤ ਪਿਆਰ ਕਰਾਂ। ਇਹੋ ਤੁਹਾਡਾ ਮਤਲਬ ਹੈ ਨਾਂ ਕਿ ਵਹੁਟੀ, ਪੁਤ੍ਰ, ਚਾਂਦੀ, ਪੱਥਰ, ਸਭ ਤੋਂ ਅੱਲਾ ਵੱਧ ਪਿਆਰਾ ਲਗੇ। ਤੇ ਜੇ ਓਸ ਅੱਲਾ ਨਾਲੋਂ ਕੁਛ ਹੋਰ ਵਧੇਰਾ ਪਿਆਰਾ ਲੱਗ ਗਿਆ ਤਾਂ ਬੁਤਪਰਸਤੀ ਹੋ ਗਈ। ਮੈਂ ਪੜ੍ਹਿਆ ਨਹੀਂ, ਪਰ ਮੇਰੀ ਜਾਚ ਵਿਚ ਇਉਂ ਹੀ ਆਉਂਦਾ ਹੈ।

ਸੈਫਦੀਨ ਕਦੇ ਬਾਬੇ ਦੇ ਮੂੰਹ ਵਲ ਤੱਕੇ, ਕਦੇ ਪੈਰਾਂ ਵੱਲ। ਆਖੇ ਤਾਂ ਹੁਣ ਕੀਹ ਆਖੇ। ਬਾਬੇ ਦੇ ਸਿੱਧੇ ਅੱਖਰਾਂ ਨੇ ਓਸਦੇ ਅੰਦਰ ਘਾਟ ਪਾ ਦਿੱਤੀ ਸੀ।

ਬਾਬਾ— ਦੱਸ ਬਈ ਸੱਜਣਾਂ! ਠੀਕ ਹੈ ਕਿ ਅਸੀਂ ਭੁੱਲ ਵਿਚ ਹਾਂ? ਪੇਂਡੂ ਹਾਂ ਅਨਪੜ੍ਹ ਹਾਂ।

ਸੈਫਦੀਨ— ਨਹੀਂ, ਠੀਕ ਹੈ, ਤੁਸੀਂ ਮੁਆਹਦ* ਤਾਂ ਹੋ, ਪਰ ਤੁਸੀਂ ਰਸੂਲ ਦੇ ਕਾਇਲ ਨਹੀਂ।

ਬਾਬਾ— ਰਸੂਲ ਕਿਸਨੂੰ ਆਂਹਦੇ ਹੋ?

ਸੈਫਦੀਨ— ਅੱਲਾ ਦੇ ਘੱਲੇ ਹੋਏ ਪੂਰੇ ਬੰਦੇ ਨੂੰ।

ਬਾਬਾ— ਤਾਂ ਮੈਂ ਰਸੂਲ ਨੂੰ ਬੀ ਮੰਨਦਾ ਹਾਂ।

ਸੈਫਦੀਨ— ਫੇਰ ਲਬਾਂ ਕਤਰੀਆਂ ਹੋਈਆਂ ਕਿਉਂ ਨਹੀਂ?

ਬਾਬਾ— ਸੱਜਣ ਜੀ! ਗੱਲ ਯਕੀਨ ਦੀ ਕਰਰਹੇ ਹੋ ਤੇ ਕੁਨਸ ਫੜਦੇ ਹੋ ਲਬਾਂ ਦੀ, ਇਹ ਕੀ ਹੋਇਆ?

ਸੈਫਦੀਨ— ਬਾਬਾ! ਤੁਸੀਂ ਅਪਣੇ ਰਸੂਲ ਦਾ ਨਾਂ ਤਾਂ ਦਸੋ।

ਬਾਬਾ— ਕੀ ਲੋੜ?

ਸੈਫਦੀਨ— ਮੈਨੂੰ ਪਤਾ ਲੱਗ ਜਾਵੇ।

ਬਾਬਾ— ਸੱਜਣਾਂ! ਕੀ ਕਰਨਾ ਈ ਪਤਾ ਲਾਕੇ।....(ਹਾਹੁਕਾ ਲੈ ਕੇ) ਪਿੰਡ ਸੁਖੀ ਪਿਆ ਵੱਸਦਾ ਸੀ, ਭਰਾਵਾਂ ਵਿਚ ਦੁਫੇੜ ਪਾ ਚਲਿਆ ਹੈਂ? ਚੰਗਾ, ਰੱਬ ਤੇਰਾ ਭਲਾ ਕਰੇ।

ਸੈਫਦੀਨ— ਕਿਉਂ, ਮੈਂ ਕੀ ਆਖਿਆ ਹੈ? ਆਪਣੇ ਦੀਨ ਦੀ ਮੱਤ ਨਾ ਦਿਆਂ?

ਬਾਬਾ— ਜੰਮ ਜੰਮ ਦਿਓ, ਪਰ ਸ਼ੈਤਾਨੀ ਵਹਿਬਤਾਂ ਕਿਉਂ ਸਿਖਾਓ?

ਸੈਫਦੀਨ— (ਤਮਕ ਕੇ) ਸ਼ੈਤਾਨੀ?

ਬਾਬਾ— ਗੁੱਸੇ ਨਾ ਹੋ, ਮੈਂ ਅਨਪੜ੍ਹ ਆਦਮੀ ਹਾਂ। ਮੈਂ ਗਾਲ ਨਹੀਂ ਦਿੱਤੀ, ਮੇਰੀ ਗਲ ਸੁਣ ਲੈ। ਤੁਸੀਂ ਇਕ ਖੁਦਾ ਤੇ ਇਕ ਸ਼ੈਤਾਨ ਮੰਨਦੇ ਹੋ ਕਿ ਨਹੀਂ?

ਸੈਫਦੀਨ— ਮੰਨਦੇ ਹਾਂ?

ਬਾਬਾ— ਨੇਕੀ, ਪਿਆਰ, ਉਪਕਾਰ, ਭਲਾ ਕਰਨਾ, ਬੰਦਗੀ ਕਰਨਾ ਇਹ ਗੱਲਾਂ ਰੱਬ ਦੀਆਂ ਹਨ ਕਿ ਨਹੀਂ?

ਸੈਫਦੀਨ— ਠੀਕ।

ਬਾਬਾ— ਚੁਗ਼ਲੀ, ਨਿੰਦਜਾ, ਮਾਰਨਾ, ਦੁਖ ਦੇਣਾ, ਵੈਰ ਕਰਨਾ, ਬੁਰਾ ਕਰਨਾ, ਬੰਦਗੀ ਤੋਂ ਗਾਫਲ ਹੋਣਾ ਏਹ ਸ਼ੈਤਾਨੀ ਵਹਿਬਤਾਂ ਹਨ ਕਿ ਨਹੀਂ?

ਸੈਫਦੀਨ— ਠੀਕ।

ਬਾਬਾ— ਫੇਰ ਤੁਸੀਂ ਇਨ੍ਹਾਂ ਸਾਡੇ ਹਮਸਾਇਆਂ ਮਾਂ ਪਿਉ ਜਾਇਆਂ ਨੂੰ ਸਾਡੇ ਨਾਲ ਵੈਰ ਕਰਨਾ, ਸਾਥੋਂ ਨੱਕ ਚਾੜ੍ਹਨਾ ਸਿਖਾ ਚੱਲੇ ਹੋ ਕਿ ਨਹੀਂ? ਤੇ ਇਹ ਵੈਰ ਕਰਨਾ ਤੇ ਸੂਗ ਵੱਟਣਾ ਸ਼ੈਤਾਨੀ ਵਹਿਬਤ ਹੈ ਕਿ ਨਹੀਂ?

ਬਾਬੇ ਦੀ ਜਟਕੀ ਤੇ ਖਰੀ ਖਰੀ ਗੱਲ ਸੈਫਦੀਨ ਨੂੰ ਚੁਭੀ, ਹੁਣ ਸੋਚੇ ਜਵਾਬ ਕੀ ਹੋਵੇ? ਲੱਗਾ ਭੋਂ ਵੱਲ ਤੱਕਣ।

ਬਾਬਾ— ਦੇਖ ਸੱਜਣਾਂ! ਰੱਬ ਇਕੋ ਹੈ ਤੇ ਸਭ ਦਾ ਸਾਂਝਾ ਹੈ ਤੇ ਸਾਰਿਆਂ ਓਸ ਦੀ ਬੰਦਗੀ ਕਰਨੀ ਹੈ, ਜਿੱਕੂੰ ਜਿਸ ਨੂੰ ਭਾਵੇ। ਫੇਰ ਅਸਾਂ ਆਪੋ ਵਿਚ

* ਇਕ ਰੱਬ ਨੂੰ ਮੰਨਣ ਵਾਲੇ।



SIKHBOOKCLUB.COM

ਰਲਕੇ ਵੱਸਣਾ ਹੈ। ਜੇ ਇਕ ਦੂਜੇ ਨਾਲ ਵੰਡ ਨਾ ਖਾਵਾਂਗੇ, ਦੁਖ ਸੁਖ ਸਾਂਝੇ ਨਾਂ ਕਰਾਂਗੇ, ਝਟ ਕੀਕੂੰ ਟੱਪੇਗਾ? ਜੇ ਰੱਬ ਸਭਨਾਂ ਦਾ ਸਾਂਝਾ ਬਾਪੂ ਹੈ ਤਾਂ ਦੱਸ ਕਿ ਅਸੀਂ ਸਾਰੇ ਭਰਾ ਨਹੀਂ? ਭਰਾਵਾਂ ਵਿਚ ਦੁਫੇੜ ਕਿਉਂ ਪੁਆ ਚੱਲਿਆ ਹੈਂ? ਤੈਨੂੰ ਪਤਾ ਹੈ ਕਿ ਸਾਡੀ ਧਰਮਸਾਲਾ ਦੀ ਮੁਰੰਮਤ ਹੋਈ ਤਾ ਪਿੰਡ ਦੇ ਸਾਰੇ ਮੁਸਲਮਾਨਾਂ ਨਿਉਂਦਰਾ ਪਾਇਆ ਸੀ ਤੇ ਜਦੋਂ ਮਸੀਤ ਉੱਸਰੀ ਸੀ ਤਾਂ ਸਿੱਖਾਂ ਤੇ ਹਿੰਦੁਆਂ ਸਾਰਿਆਂ ਨੇ ਸਹਾਇਤਾ ਦਿੱਤੀ ਸੀ। ਹੁਣ ਤੂੰ ਬੀਉ ਬੀਜ ਚੱਲਿਆ ਹੈਂ ਕਿ ਹਿੰਦੂ ਸਿੱਖ ਤਾਂ ਦਾ ਲੱਗੇ ਤੇ ਮਸੀਤ ਦੀ ਇੱਟ ਇੱਟ ਕਰਨਗੇ ਤੇ ਇਹੋ ਉਦਮ ਮੁਸਲਮਾਨਾਂ ਦੇ ਅੰਦਰ ਧਰਮਸਾਲਾ ਲਈ ਰਹੇਗਾ। ਤੁਸੀਂ ਪੜ੍ਹੇ ਹੋਏ ਕਿਉਂ ਸਾਡੇ ਸੁਖੀ ਵੱਸਦੇ ਪਸੂਆਂ ਵਿਚ ਆਕੇ ਸਾਨੂੰ ਢੁੱਡ ਮਾਰਨੇ ਸਿਖਾਲ ਜਾਂਦੇ ਹੋ? ਤੁਹਾਡੇ ਭਾਣੇ ਅਸੀਂ ਕੁਝ ਨਹੀਂ ਪੜ੍ਹੇ, ਨਾਂ ਸਾਨੂੰ ਸ਼ਰ੍ਹਾ ਫਿਕਹ ਦੀ ਸੋਝੀ ਹੈ, ਪਰ ਸੁਖੀ ਵੱਸਦੇ ਸਾਂ, ਤੁਸੀਂ ਦੁਖੀ ਕਰ ਚਲੇ ਹੋ। ਮੇਰੇ ਦੋ ਪੁਤ ਹੋਣ, ਮੈਂ ਤਾਂ ਕਦੇ ਨਹੀਂ ਚਾਹੁੰਦਾ ਕਿ ਮੇਰੇ ਪੁੱਤ ਆਪੋ ਵਿਚ ਵੈਰ ਕਰਨ। ਅੱਲਾ ਕੀਕੂੰ ਖੁਸ਼ ਹੈ ਕਿ ਓਸ ਦੇ ਬੇਟੇ ਆਪੋ ਵਿਚ ਵੈਰ ਤੇ ਸੂਗ ਰੱਖਣ?

ਸੈਫਦੀਨ— (ਬੜਾ ਸ਼ਰਮਿੰਦਾ ਤੇ ਕੱਚਾ ਹੋ ਕੇ) ਤੇਰਾ ਕੀ ਮਤਲਬ ਹੈ ਕਿ ਦੀਨ ਸਭ ਗੁੰਮ ਹੋ ਜਾਏ?

ਬਾਬਾ— ਇਹ ਮੈਂ ਕਦੋਂ ਆਖਿਆ ਹੈ? ਸੱਜਣਾਂ! ਮੇਰੀ ਗੱਲ ਤੇ ਰਿੰਜ ਨਾਂ ਹੋਵੀਂ। ਮੈਂ ਤਾਂ ਆਖਦਾ ਹਾਂ ਕਿ ਦੀਨ ਤੇ ਰੱਬ ਦਾ ਨਾਂ ਲੈਕੇ ਪਿਆਰ ਦਾ ਵਲੂੰਧਰਨਾ ਕਿਉਂ ਸਿਖਾਲਦੇ ਹੋ? ਜਿਸਨੂੰ ਕੁਰਾਨ ਚੰਗਾ ਲੱਗੇ ਕੁਰਾਨ ਪੜ੍ਹੇ, ਜਿਸ ਨੂੰ ਪੁਰਾਨ ਚੰਗਾ ਲੱਗੇ ਪੁਰਾਨ ਪੜ੍ਹੇ। ਜੇ ਕੁਰਾਨ ਵਾਲਾ ਚਾਹੁੰਦਾ ਹੈ ਕਿ ਪੁਰਾਨੀ ਕੁਰਾਨੀ ਹੋ ਜਾਏ ਤਾਂ ਪਿਆਰ ਨਾਲ ਪ੍ਰੇਰ ਲਵੇ; ਆਪੋ ਵਿਚ ਈਰਖਾ, ਵੈਰ ਤੇ ਸੂਗ ਕਿਉਂ ਹੋਵੇ? ਇਕ ਆਦਮੀ ਰਾਮ ਨੂੰ ਰਸੂਲ ਆਖਦਾ ਹੈ ਇਕ ਮੁਹੰਮਦ ਨੂੰ, ਏਹ ਦੋਵੇਂ ਬੇਸ਼ੱਕ ਇਕ ਦੂਜੇ ਨੂੰ ਆਪਣੇ ਮਗਰ ਲਾ ਲੈਣ, ਪਰ ਦੋਹਾਂ ਵਿਚ ਵੈਰ ਕਿਉਂ ਵੱਸੇ? ਮੈਂ ਤਾਂ ਜਟਕੀ ਗੱਲ ਜਾਣਦਾ ਹਾਂ ਕਿ ਜਿਸ ਸੀਨੇਂ ਵਿਚ ਵੈਰ ਹੈ ਓਹ ਸੁਖੀ ਨਹੀਂ, ਤੇ ਓਸ ਦੇ ਅੰਦਰ ਰੱਬ ਨਹੀਂ ਹੈ। ਜਿਸ ਦੇ ਅੰਦਰ ਰੱਬ ਹੈ ਉਹ ਪਿਆਰ ਵਿਚ ਵੱਸਦਾ ਹੈ, ਉਹ ਤੇਜ ਪ੍ਰਤਾਪ ਵਾਲਾ ਹੋ ਕੇ ਬੀ ਪਿਆਰ ਵਿਚ ਹੈ। ਜੇ ਉਹ ਕਿਸੇ ਨੂੰ ਭੁੱਲ ਵਿਚ ਸਮਝਦਾ ਹੈ ਤਾਂ ਪਿਆਰ ਨਾਲ ਸਮਝਾਉਂਦਾ ਹੈ। ਵੈਰ ਨਾਲ ਤਾਂ ਰੱਬ ਦੀ ਮਰਜ਼ੀ ਦੇ ਉਲਟ ਕੰਮ ਹੋ ਗਿਆ, ਕਿਤੇ ਕੁਰਾਨ ਵਿਚ ਹੈ ਲਿਖਿਆ ਕਿ ਵੈਰ ਵਿਰੋਧ ਅੱਲਾ ਨੂੰ ਪਿਆਰਾ ਹੈ? ਮੇਰੀ ਜਾਚੇ ਤਾਂ ਪਿਆਰ ਹੈ ਰੱਬ ਦਾ ਦਿਲ ਤੇ ਵੈਰ ਹੈ ਉਸ ਦਾ ਦਿਲ ਜਿਸਨੂੰ ਸ਼ੈਤਾਨ ਆਖਦੇ ਹਨ।

ਸੈਫਦੀਨ— ਬਾਬਾ! ਤੇਰਾ ਦੀਨ ਕੀ ਹੈ?

ਬਾਬਾ— ਜੇ ਤੂੰ ਮੇਰੇ ਦੀਨ ਦਾ ਨਾਮ ਪੁਛੇਂ ਤਾਂ ਉਹ ਮੇਰੇ ਮੱਥੇ ਦੇ ਉੱਤੇ ਲਿਖਿਆ ਹੈ, ਜੇ ਵਰਤੋਂ ਪੁੱਛੇਂ ਤਾਂ ਸੁਣ:-

ਕਿਰਤ ਕਰਨੀ,
ਵੰਡ ਛਕਣਾ ਤੇ
ਨਾਮ ਜਪਣਾ,

ਸੱਜਣਾਂ! ਇਹ ਗੱਲਾਂ ਤੇਰੇ ਕੁਰਾਨ ਵਿਚ ਨਿੰਦੀਆਂ ਹਨ?

ਸੈਫਦੀਨ— ਨਹੀਂ।

ਬਾਬਾ— ਫੇਰ ਸੱਚ ਦੱਸ ਤੂੰ ਸਾਡੇ ਭਰਾਵਾਂ ਨੂੰ ਸਾਥੋਂ ਕਿਉਂ ਵਿਛੋੜ ਚਲਿਆ ਹੈਂ। ਮੈਂ ਸੁਣਿਆਂ ਹੈ ਕਿ ਹੁਣ ਇਨ੍ਹਾਂ ਨੇ, ਜੋ ਥੋੜੀ ਜ਼ਿਮੀਂ ਵਾਲੇ ਹਨ ਸ਼ਾਮਲਾਟ ਵੰਡਣ ਲਈ ਤਸੀਲੇ ਜਾਣਾ ਹੈ ਤੇ ਥਾਣੇਦਾਰ ਮੁਸਲਮਾਨ ਆਇਆ ਹੈ, ਓਸ ਨੂੰ ਜਾ ਕੇ ਆਖਣਾ ਹੈ ਕਿ ਅਸੀਂ ਥੋੜੇ ਹਾਂ, ਸਾਡੀ ਧਿਰ ਰੱਖੋ। ਦੱਸ ਏਨ੍ਹਾਂ ਗੱਲਾਂ ਦੀ ਕੀ ਲੋੜ ਸੀ? ਅਸੀਂ ਅੱਗੇ ਟੱਬਰ ਵਾਂਗੂੰ ਵੱਸਦੇ ਸਾਂ, ਹੁਣ ਪਏ ਠਾਣਿਆਂ ਵਿਚ ਰੁਲਾਂਗੇ ਤੇ ਮੁਨਸ਼ੀਆਂ ਮੁਸੱਦੀਆਂ ਦੇ ਹੂਰੇ ਖਾਵਾਂਗੇ। ਅਗੇ ਹਿੰਦੂ ਸਿਖ, ਮੁਸਲਮਾਨ ਰਲ ਬੈਠਦੇ ਸਾਂ, ਹਰ ਗੱਲ ਪੰਚਾਇਤ ਵਿਚ ਮੁਕਾ ਲੈਂਦੇ ਸਾਂ, ਹੁਣ ਠਾਣੇ ਦੀ ਧੁਰ ਬੱਝੇਗੀ। ਫੇਰ ਸਿੱਖ ਠਾਣੇਦਾਰ ਆ ਗਿਆ ਤਾਂ ਸਿੱਖ ਤੇ ਹਿੰਦੂ ਤੇਰੇ ਦੀਨ ਭਾਈਆਂ ਦਾ ਮੱਕੂ ਬੰਨ੍ਹਣਗੇ। ਸੈਫਦੀਨਾਂ ਵੀਰਾ! ਹਲ ਅਸੀਂ ਵਾਹਾਂਗੇ, ਮੁੜ੍ਹਕੇ ਸਾਡੇ ਚੋਣਗੇ, ਸਿਆਲੇ ਦੀਆਂ ਕੱਕਰੀਆਂ ਰਾਤਾਂ ਅਸੀਂ ਜੱਫਰ ਜਾਲਾਂਗੇ, ਭੋਂ ਨਾਲ ਭੋਂ ਅਸੀਂ ਬਣਾਂਗੇ, ਪਰ ਸਾਡੀ ਐਸ ਤਰ੍ਹਾਂ ਦੀ ਦੁੱਖਾਂ ਦੀ ਕਮਾਈ ਸੱਤ ਸੱਤ ਰੁਪਏ ਦੇ ਸਿਪਾਹੀਆਂ ਦੇ ਘਰ ਜ਼ਰਦੇ ਪੁਲਾ ਰਿਨ੍ਹਾਵੇਗੀ, ਮੁਨਸ਼ੀਆਂ ਮੁਸੱਦੀਆਂ ਦੇ ਘਰ ਦੁੱਧ ਘੇਵਾਂ

SIKHBOOKCLUB.COM

ਦੀਆਂ ਨਦੀਆਂ ਚਲਾਵੇਗੀ। ਅਸੀਂ ਸੁੱਕੇ ਟੁੱਕਰ ਖਾਵਾਂਗੇ, ਭੋਆਂ ਗਹਿਣੇ ਪੈਣਗੀਆਂ, ਭਰਾ ਦੇ ਹੱਥੋਂ ਹੀਰੇ ਹਰਨ ਵਰਗੇ ਸੁਹਣੇ ਭਰਾ ਮਾਰੇ ਜਾਇਆ ਕਰਨਗੇ, ਤੇ ਸਾਡੀ ਓਸ ਕਠਨ ਕਮਾਈ ਤੋਂ ਡਿਪਟੀ ਤੇ ਵਕੀਲ ਬਣਨਗੇ ਤੇ ਮੋਟਰਾਂ ਤੇ ਸੈਲਾਂ ਲੁੱਟਣਗੇ। ਕੀ ਸੈਫ ਦੀਨਾਂ! ਬੀ ਬੀਜ ਚੱਲਿਓਂ? ਯਾਰਾ! ਵਿਦਜਾ ਤਾਂ ਸੁਹਣੀ ਚੀਜ਼ ਹੈ, ਪਰ ਤੁਹਾਨੂੰ ਲੜਨਾ ਹੀ ਕਿਉਂ ਸਿਖਾਲਦੀ ਹੈ? ਸੱਚ ਹੈ, ਕੈਰੋਂ ਪਾਂਡੋ ਪੜ੍ਹੇ ਪਰ ਵੈਰ ਨਾ ਮਾਰਿਓ ਨੇ, ਦੇਸ਼ ਗਾਲ ਘੱਤਿਆ। ਹੱਛਾ ਬਈ ਜਾਹ! ਸਾਡੇ ਭਾਗ! (ਮੁਸਲਮਾਨਾਂ ਵੱਲ ਤੱਕ ਕੇ) ਭਰਾਵੋ! ਸਲਾਮ, ਐਨੇਂ ਚਿਰ ਲੰਘ ਗਏ ਸੀ, ਸਾਰੇ ਸ਼ੀਰ ਸ਼ੱਕਰ ਰਹੇ ਸਾਂ, ਡਿਪਟੀ ਕਮਿਸ਼ਨਰ ਦੌਰੇ ਆਇਆ ਕਹਿ ਜਾਂਦਾ ਹੁੰਦਾ ਸੀ, "ਤੁਮਾਰੇ ਮਾਫਕ ਸਭ ਗਾਉਂ ਭਲਾ ਮਾਨਸ ਚਾਹੀਏ"। ਸਰਕਾਰ ਖੁਸ਼ੀ ਤੇ ਅਸੀਂ ਖੁਸ਼ ਸਾਂ, ਸਭ ਤੋਂ ਵੱਧ ਸਾਡੀ ਸੱਚੀ ਸਰਕਾਰ ਖੁਸ਼ ਸੀ। ਹੁਣ ਸੱਭੇ ਭੇਡਾਂ ਮੁਕਾਲੀਆਂ, ਜੇਹੇ ਹੋਰ ਪਿੰਡ ਤੇਹੇ ਅਸੀਂ ਹੋ ਜਾਵਾਂਗੇ, ਲਓ ਭਰਾਓ ਵਿਛੜਨ ਲੱਗੇ ਹੋ ਤਾਂ ਇਕ ਵੇਰੀ ਜੱਫੀ ਪਾਕੇ ਮਿਲ ਤਾਂ ਲਓ, ਇਹ ਅਰਮਾਨ ਤਾਂ ਨਾਂ ਰਹਿ ਜਾਏ ਕਿ ਸਾਡੇ ਭਰਾ ਵਿੱਛੜੇ ਤੇ ਗਲ ਲੱਗ ਕੇ ਬੀ ਨਾਂ ਵਿੱਛੜੇ।

ਉਸ ਪੱਕੇ ਹਿਰਦੇ ਬਾਬੇ ਦੇ ਨੈਨਾਂ ਵਿਚ ਇਸ ਵੇਲੇ ਇਕ ਅੱਥਰੂ ਆ ਗਿਆ ਸੀ, ਤੇ ਮੁਸਲਮਾਨਾਂ ਸਭਨਾਂ ਵਿਚੋਂ ਵੱਡਾ ਜ਼ਿਮੀਂਦਾਰ ਰਾਂਝਾ ਟੱਕ ਬੰਨ੍ਹੀ ਖੜਾ ਸੀ, ਭੁੱਬ ਮਾਰਕੇ ਰੋ ਪਿਆ ਤੇ ਬਾਬੇ ਦੀ ਗਲਵੱਕੜੀ ਵਿਚ ਆ ਗਿਆ। ਦੋਵੇਂ ਘੁੱਟ ਕੇ ਮਿਲੇ, ਤੇ ਕੁਛ ਐਸਾ ਰੱਬ ਦਾ ਕਰਨਾ ਹੋਇਆ ਕਿ ਸਭ ਦੇ ਨੈਣ ਭਰ ਗਏ ਤੇ ਰਾਂਝੇ ਨੇ ਹਾਹ ਮਾਰਕੇ ਕਿਹਾ: 'ਬਾਬਾ! ਅਸਾਂ ਨਹੀਓਂ ਲੜਨਾ, ਅਸਾਂ ਨਹੀਓਂ ਵਿਛੁੜਨਾ।' ਇਹ ਸੱਦ ਸੁਣਕੇ ਸਾਰੇ ਇਕ ਦੂਜੇ ਦੇ ਦੁਆਲੇ ਚੰਬੜਦੇ ਚੰਬੜਦੇ ਬਾਬੇ ਨੂੰ ਵਿਚਕਾਰ ਲੈਕੇ ਮਾਨੋਂ ਇਕ ਗੁੱਥਾ ਹੋ ਗਏ। ਇਕ ਸੈਫਦੀਨ ਖੜਾ ਵੱਖਰਾ ਤੱਕ ਰਿਹਾ ਸੀ ਤੇ ਇਕ ਅਨਪੜ੍ਹ ਪਰ ਸੱਚੇ ਸਾਫ ਰੱਬੀ ਜੀਵਨ ਵਾਲੇ ਖੁਰਦਰੇ ਬੰਦੇ ਦੇ ਪਿਆਰ ਦਾ ਜੀਉਂਦਾ ਅਸਰ ਤੱਕ ਰਿਹਾ ਸੀ, ਹਾਂ ਇਸ ਦਾ ਪੱਥਰ ਦਿਲ ਬੀ ਪੰਘਰ ਰਿਹਾ ਸੀ। ਉਹ ਬੀ ਜੋ ਤੀਰਾਹ ਵਿਚ ਜਾਕੇ ਜਹਾਦ ਦੇ ਹੋਕਰੇ ਦੇਕੇ ਬੰਦਿਆਂ ਦੇ ਖੂਨ ਦੇ ਉਪਦੇਸ਼ ਦੇਣ ਵਿਚ ਸਖਤ ਹੋ ਚੁੱਕਾ ਸੀ, ਇਸ ਵੇਲੇ ਪਿਆਰ ਦਾ ਇਹ ਨਕਸ਼ਾ ਤੱਕ ਕੇ ਪੰਘਰ ਰਿਹਾ ਸੀ। ਕੋਈ ਐਸੀ ਇਹ ਪਲ ਸੀ ਕਿ ਬਿਜਲੀ ਦੇ ਲਿਸ਼ਕਾਰੇ ਵਾਂਗੂੰ ਸੈਫਦੀਨ ਦੀਆਂ ਅੱਖਾਂ ਅਗੋਂ ਉਸਦੇ ਕੀਤੇ ਚਾਲਬਾਜ਼ੀ ਦੇ ਕਰਤਬ, ਤਅੱਸਬ ਤੇ ਵੈਰ ਦੇ ਕੰਮ, ਬੰਦਿਆਂ ਨੂੰ ਦਿਤੇ ਦੁੱਖ, ਚੋਪੜੀ ਰੋਟੀ ਖਾਣ ਖਾਤਰ ਪਰਜਾ ਦਾ ਅਮਨ ਭੰਗ ਕਰਨ ਵਾਲੇ ਦਿੱਤੇ ਉਪਦੇਸ਼ ਸਾਰੇ ਲੰਘ ਗਏ। ਆਪਣੇ ਅੰਦਰ ਕਲਹ ਦਾ ਵਾਸ ਡਿੱਠਾ, ਤੇ ਅਵਗੁਣਾਂ ਦੀ ਪੋਟ ਜੋ ਆਪ ਭਰੀ ਸੀ ਦਿੱਸੀ ਤੇ ਚੰਗੀ ਭਾਰੂ ਹੋ ਦਿਸੀ।

ਜਦੋਂ ਬਗਲਗੀਰੀ ਤੋਂ ਸਾਰੇ ਅੱਡ ਹੋਏ ਤਾਂ ਸੈਫਦੀਨ ਨੇ ਬਾਬੇ ਦੇ ਗੋਡਿਆਂ ਤੇ ਹੱਥ ਲਾ ਕੇ ਆਖਿਆ: 'ਬਾਬਾ ਆਉਂਦੀ ਤਾਂ ਸ਼ਰਮ ਹੈ ਪਰ ਤੇਰੇ ਪਿਆਰ ਨੇ ਮੈਨੂੰ ਬੀ ਅੱਜ ਹਿਲਾ ਦਿੱਤਾ ਹੈ। ਤੂੰ ਬੜਾ ਖਰਾ ਆਦਮੀ ਹੈਂ, ਤੇ ਇਹ ਤੇਰੀ ਗੱਲ ਲੱਖ ਰੁਪੈ ਦੀ ਹੈ ਕਿ ਰੱਬ ਦੇ ਕੰਮ ਕਰਨ ਵਾਲਿਆਂ ਵਿਚ ਮੁਹੱਬਤ ਚਾਹੀਦੀ ਹੈ, ਵੈਰ ਭੈੜੀ ਆਦਤ ਹੈ, ਇਹ ਇਲਾਹੀ ਖੂਬੀ ਨਹੀਂ ਹੈ, ਸ਼ੈਤਾਨੀ ਵਸਫ ਹੈ'।

ਬਾਬਾ— ਫੇਰ ਯਾਰਾ ਨਿੱਤਰ! ਤੂੰ ਬੀ ਪਿਆਰ ਕਰ।

ਸੈਫਦੀਨ— ਮੈਂ ਜਗਤ ਵਿਚ ਹਰ ਥਾਂ ਕਪਟ ਡਿੱਠਾ ਹੈ ਤੇ ਕਿਤੇ ਇਨਸਾਫ ਦਿੱਸਦਾ ਬੀ ਹੈ ਤਾਂ ਉਥੇ ਬੀ ਸਭ ਕੋਈ ਆਪਣੇ ਨਫ਼ੇ ਲਈ ਹੱਥ ਪੈਰ ਮਾਰ ਰਿਹਾ ਹੁੰਦਾ ਹੈ। ਕਿਵੇਂ ਕੋਈ ਟੁਰੇ, ਕਿਵੇਂ ਕੋਈ ਕਰੇ, ਸਭ ਦੇ ਹੇਠਾਂ ਆਪਣਾ ਮਤਲਬ ਹੁੰਦਾ ਹੈ। ਪਹਿਲੀ ਅਹਲ ਜੁਆਨੀ ਵਿਚ ਤਾਂ ਖਜਾਲ ਹੁੰਦਾ ਹੈ ਕਿ ਕਿਤੇ ਭਲਿਆਈ, ਨੇਕੀ ਹੋਵੇਗੀ, ਪਰ ਜਿਉਂ ਜਿਉਂ ਵਾਹ ਪੈਂਦੇ ਹਨ ਜਗਤ ਵਿਚ ਕਪਟ ਹੀ ਕਪਟ ਤੇ ਖ਼ੁਦਗਰਜ਼ੀ (ਸੁਆਰਥ) ਹੀ ਖ਼ੁਦਗਰਜ਼ੀ ਦੀਹਦੀ ਹੈ। ਫੇਰ ਤਬੀਅਤ ਬਦਲ ਜਾਂਦੀ ਹੈ, ਲੂਣ ਦੀ ਖਾਣ ਵਿਚ ਹਰ ਸ਼ੈ ਜੀਕੂੰ ਲੂਣ ਹੋ ਜਾਂਦੀ ਹੈ ਤੀਕੂੰ ਆਪ ਹੋ ਜਾਈਦਾ ਹੈ।

ਬਾਬਾ— ਸੱਚ ਹੈ (ਹਾਹੁਕਾ ਲੈਕੇ)

"ਲੋਭ ਲਹਰਿ ਅਤਿ ਨੀਝਰ ਬਾਜੈ॥
ਕਾਇਆ ਡੂਬੈ ਕੇਸਵਾ॥"

ਸੈਫਦੀਨਾ! ਜਗਤ ਵਿਚ ਤ੍ਰਿਸ਼ਨਾ ਦਾ ਰਾਜ ਹੈ, ਇਹ ਤ੍ਰਿਸ਼ਨਾ ਸਾਡੇ ਅੰਦਰ ਜੋ ਇਕ ਲਿਵ ਦੀ ਤਾਰ ਹੈ, ਜੋ ਸਾਨੂੰ ਅੱਲਾ ਨਾਲ ਬੰਨ੍ਹ ਰੱਖਦੀ ਹੈ, ਉਸਨੂੰ

SIKHBOOKCLUB.COM

ਤੋੜ ਦੇਂਦੀ ਹੈ। ਬੱਸ ਜਦ ਇਹ ਤਾਰ ਟੁੱਟੀ, ਤ੍ਰਿਸ਼ਨਾ ਵਰਤੀ, ਤਦ ਮਾਯਾ ਕਹੋ, ਹਉਮੈਂ ਕਹੋ, ਸ਼ੈਤਾਨ ਕਹੋ, ਬਦੀ ਕਹੋ, ਭੁਲੇਖਾ ਕਹੋ, ਦਿਲ ਪਰ ਜ਼ੋਰ ਪਾ ਘੱਤਦਾ ਹੈ; ਮਨੁੱਖ ਦੀ ਬਿਰਤੀ ਪਸ਼ੂ ਸਗੋਂ ਪਸ਼ੂ ਤੋਂ ਬੀ ਮਾੜੀ ਹੋ ਜਾਂਦੀ ਹੈ। ਤ੍ਰਿਸ਼ਨਾਂ ਦੇ ਜ਼ੋਰ ਹੇਠ ਬੰਦਾ ਬੰਦੇ ਦੇ ਹੱਕ ਮਾਰਦਾ ਤੇ ਵੈਰ ਵਿਰੋਧ ਕਰਦਾ ਹੈ। ਮੈਨੂੰ ਕਦੇ ਕਦੇ ਸੋਚ ਫੁਰਦੀ ਹੁੰਦੀ ਹੈ ਕਿ ਜੇ ਰਾਜਾ ਫੌਜਾਂ, ਪੁਲਸਾਂ ਤੇ ਜੇਲ੍ਹਖਾਨੇ ਬੰਦ ਕਰ ਦੇਵੇ ਤਦ ਇਸ ਪਸ਼ੂ ਬਿਰਤੀ ਦੇ ਕਾਰਨ ਜਗਤ ਵਿਚ ਬੱਸ ਘਮਸਾਨ ਮਚ ਜਾਵੇ ਤੇ ਪਿਆ ਬੰਦੇ ਨੂੰ ਬੰਦਾ ਵੱਢ ਵੱਢ ਖਾਵੇ। ਤੇ ਜੇ ਬੰਦਿਆਂ ਵਿਚ "ਨਿਆ" ਦੀ ਵਰਤੋਂ ਵੱਸ ਜਾਵੇ, ਧੱਕੇ ਧੋੜਾ ਪਸ਼ੂਆਂ ਵਾਲਾ ਨਾਂ ਕਰਨ, ਆਪਣਾ ਹੱਕ ਪਛਾਣਕੇ ਤੁਰਨ ਤੇ ਦੂਜੇ ਦੇ ਹੱਕ ਦਾ ਆਦਰ ਪਏ ਕਰਨ, ਤਦ ਪੁਲਸ ਤੇ ਜੇਲ੍ਹਖਾਨੇ ਦੀ ਲੋੜ ਹੀ ਨਾਂ ਰਹੇ। ਤੇ ਜੇ ਕਦੇ ਧਰਮ ਪਛਾਣ ਕੇ ਬੰਦਾ ਸੰਤੋਖ ਤੇ ਦਇਆ ਧਾਰ ਲਵੇ ਤਦ ਤਾਂ ਮਨੁੱਖ ਫਰਿਸ਼ਤਾ ਹੋ ਜਾਵੇ। ਸੈਫ ਦੀਨਾਂ! ਫੇਰ ਤਾਂ ਖਵਰੇ ਸਾਨੂੰ ਜੰਦਰਿਆਂ ਦੀ ਬੀ ਲੋੜ ਨਾਂ ਰਹੇ।

ਸੈਫਦੀਨ— ਇਹ ਬਿਲਕੁਲ ਠੀਕ ਹੈ, ਸਾਰੇ ਦੀਨਾਂ ਦੇ ਬਜ਼ੁਰਗ ਏਸੇ ਤਰ੍ਹਾਂ ਮੱਤ ਦੇਂਦੇ ਹਨ। ਪਰ ਫੇਰ ਕੀਹ ਧਾੜ ਪੈਂਦੀ ਹੈ ਕਿ ਪੜ੍ਹ ਸੁਣਕੇ ਸਮਝਕੇ ਸਾਰੇ ਖ਼ੁਦਗਰਜ਼ੀ ਪਰ ਟੁਟਦੇ ਹਨ, ਹੱਕ ਕੋਈ ਨਹੀਂ ਪਛਾਣਦਾ। ਦਇਆ ਕੋਈ ਨਹੀਂ ਕਰਦਾ, ਸੰਤੋਖ ਕਿਸੇ ਨੂੰ ਆਪਣੇ ਹੱਕ ਹਲਾਲ ਪਰ ਨਹੀਂ ਹੈ, ਨਾ ਵਿਹਾਰੀ, ਨਾ ਵਾਹੀ ਵਾਲੇ, ਨਾ ਧਰਮ ਦੇ ਆਗੂ, ਨਾ ਪੜ੍ਹੇ ਲਿਖੇ, ਨਾ ਨ- ਮੁੱਕਰ।

ਬਾਬਾ— ਇਹੋ ਔਖੀ ਘਾਟੀ ਹੈ, ਇਸੇ ਲਈ ਪੀਰ, ਪੈਗੰਬਰ, ਅਵਤਾਰ ਗੁਰੂ ਆਏ, ਇਹੋ ਉਨ੍ਹਾਂ ਦਾ ਮਤਲਬ ਸੀ ਕਿ ਪਿਆਰ ਵਿਚ ਵੱਸੋ, ਧੱਕੇ ਧੋੜੇ ਨਾ ਕਰੋ, ਹੱਕ ਨਾ ਮਾਰੋ, ਦਇਆ ਕਰੋ। ਮੇਰੇ ਰਸੂਲ ਨੇ ਆਖਿਆ ਹੈ:-

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥

(ਵਾਰ ਮਾਝ ਮ: ੧-੭)

ਪਰਾਇਆ ਹੱਕ ਮੁਰਦਾਰ ਹੈ, ਤੇ ਫੇਰ ਉਹਨਾਂ ਕਿਹਾ ਹੈ ਕਿ ਸੰਸਾਰ ਦਾ ਸੂਤ ਤਾਂ ਬੱਝਦਾ ਹੈ ਕਿ ਸਭ ਕੋਈ ਧਰਮ ਪਰ ਟੁਰੇ ਤੇ ਹੱਕ ਹਲਾਲ ਪਰ ਸੰਤੋਖ ਕਰੇ ਤੇ ਦੂਜਿਆਂ ਪਰ ਦਇਆ ਵਰਤੇ। ਇਸ ਗੱਲ ਨੂੰ ਸਾਰੇ ਖਰੀ ਮੰਨਦੇ ਹਨ, ਤੁਸਾਂ ਬੀ ਮੰਨਿਆ ਹੈ, ਪਰ ਹੁਣ ਦੁਖ ਇਹ ਹੈ ਕਿ ਪੜ੍ਹ ਸੁਣਕੇ ਫੇਰ ਨਹੀਂ ਟੁਰੀਦਾ। ਸੋ ਮੈਨੂੰ ਵਰਤ ਵਰਤ ਕੇ ਇਹ ਸੋਝੀ ਆਈ ਹੈ ਕਿ ਅੰਦਰ ਸਾਡੇ ਕਸਰ ਹੈ, ਸਾਡੇ ਅੰਦਰ ਇਕ ਕਿਣਕਾ ਤ੍ਰਿਸ਼ਨਾ ਦਾ ਹੈ, ਓਹ ਸਾਡੀ ਸਾਰੀ ਵਰਤੋਂ ਨੂੰ ਖੋਟ ਵਿਚ ਗੁਆਈ ਰੱਖਦਾ ਹੈ। ਜੇ ਪਰਮੇਸ਼ੁਰ ਨੂੰ ਯਾਦ ਕਰੀਏ, ਪਿਆਰ ਕਰੀਏ, ਜੇ ਉਸ ਵਿਚ ਸਾਡੀ ਲਿਵ ਲਗ ਜਾਵੇ ਤਾਂ ਉਸ ਅੰਦਰਲੀ ਲਿਵ ਦੇ ਜ਼ੋਰ ਤ੍ਰਿਸ਼ਨਾ ਘਟਦੀ ਹੈ ਤੇ ਬਾਹਰਲੀ ਵਰਤੋਂ ਸੂਤ ਹੋ ਜਾਂਦੀ ਹੈ। ਇਹ ਗੱਲ ਪੰਜਾਬ ਵਿਚ ਉੱਤਰੇ ਸੁਲਹ ਦੇ ਰਸੂਲ ਨੇ ਇਸ ਤਰ੍ਹਾਂ ਆਖੀ ਹੈ:-

ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥

ਸੈਫਦੀਨ— (ਝੂਪ ਕੇ) ਖੂਬ! ਬਾਬਾ ਇਹ ਲੱਖਾਂ ਦੀ ਇਕ ਗੱਲ ਆਖੀ ਹਈ, ਇਹ ਅੰਦਰ ਸੱਖਣਾ ਹੋਣ ਦੇ ਸਾਰੇ ਭੰਬਲਭੂਸੇ ਹਨ। ਠੀਕ, ਬਹੁਤ ਠੀਕ, ਫੇਰ ਕੀਕੂੰ ਹੋਵੇ?

ਬਾਬਾ— "ਰੱਬ ਦੀ ਲਿਵ ਵਾਲੇ ਬੰਦਿਆਂ ਦੀ ਸੁਹਬਤ ਤੇ ਅੱਲਾ ਦੀ ਯਾਦ"। ਇਸ ਨਾਲ ਅੰਦਰ ਸਾਬਤ ਹੋ ਜਾਂਦਾ ਹੈ, ਲਿਵ ਲੱਗ ਜਾਂਦੀ ਹੈ, ਫੇਰ ਬਾਹਰ ਦੀ ਵਰਤੋਂ ਧਰਮ ਤੇ ਦਇਆ ਵਾਲੀ ਹੋ ਜਾਂਦੀ ਹੈ। ਦੋਵੇਂ ਪਾਸੇ ਹੱਥ ਪੈਰ ਮਾਰੀ ਗਏ, ਸੁਖੀ ਹੋ ਗਏ। ਤੁਸਾਂ ਵਿਦਜਾ ਪਾਈ ਸੀ, ਵਿਦਜਾ ਦੱਸਦੀ ਹੈ ਕਿ ਸਭ ਨੇਕੀ ਕਰੋ ਤੇ ਸਭ ਨੇਕੀਆਂ ਦਾ ਅੰਤ ਹੈ ਸੱਚਾ ਗਿਆਨ ਤੇ ਸੁੱਚਾ ਜੀਵਨ।

ਸੈਫਦੀਨ— ਲਓ ਬਈ ਦੀਨ ਭਾਈਓ! (ਭਰਾਵਾਂ ਵੱਲ ਤੱਕ ਕੇ) ਸੱਚ ਅੱਗੇ ਕਾਹਦੀ ਸ਼ਰਮ, ਮੈਂ ਆਲਮ ਫਾਜ਼ਲ ਹਾਂ, ਨਮਾਜ਼, ਰੋਜ਼ਾ, ਜ਼ਕਾਤ ਹਰ ਗੱਲੇ ਪੂਰਾ ਹਾਂ, ਪਰ ਅੱਲਾ ਮੁਹੱਬਤ ਦਾ ਮਰਕਜ਼ ਹੈ ਤੇ ਅਸੀਂ ਜੋ ਅੱਲਾ ਦੇ ਹਾਂ ਤਾਂ ਸਾਡੇ ਹਰ ਫੇਅਲ (ਕਰਮ), ਵਾਕ, ਖਯਾਲ ਵਿਚ ਮੁਹੱਬਤ ਲੋੜੀਏ' ਇਹ ਮੇਰੇ ਵਿਚ ਕਸਰ ਸੀ। ਤੁਹਾਨੂੰ ਮੈਂ ਸ਼ਰਾ ਸਿਖਾਈ ਤੇ ਉਲਟਾ ਪੁਲਟਾ ਕੇ ਤੇ ਸ਼ਰਾ ਦੀ ਰੂਹ "ਮੁਹਬਤ" ਨਾਂ ਸਿਖਾਈ। ਮੈਨੂੰ ਅੱਜ ਇਸ ਜੀਉਂਦੇ ਸੱਚ ਦੇ ਮਿਕਨਾਤੀਸ ਬੰਦੇ ਨਾਲ ਮਿਲਕੇ ਜਾਗ ਆ ਗਈ


www.sikhbookclub.com

ਹੈ। ਮੈਂ ਜਾਣਦਾ ਹੋਇਆ ਸੁੱਤਾ ਪਿਆ ਸਾਂ, ਹੁਣ ਮੈਨੂੰ ਉਸ ਦੁਨੀਆਂ ਵਿਚ ਜਿਸ ਵਿਚ ਮੈਂ ਫਿਰਿਆ ਹਾਂ ਜਾਂਦਿਆਂ ਡਰ ਲਗਦਾ ਹੈ। ਅੱਜ ਮੇਰੇ ਦਿਲ ਵਿਚ ਇਕ ਅਸਮਤ (ਨਿਰਦੋਸ਼ਤਾ) ਜਾਗੀ ਹੈ, ਇਕ ਕਦਰਦਾਨੀ ਉਪਜੀ ਹੈ, ਇਕ ਸੁਖ ਤੇ ਸਾਬਤੀ ਦਾ ਜਲਵਾ ਵੱਜਾ ਹੈ, ਸੋ ਮੇਰਾ ਜੀ ਹੈ ਕਿ ਮੈਨੂੰ ਏਥੇ ਹੀ ਰੱਖ ਲਵੋ ਤੇ ਮੈਂ ਹੁਣ ਤੁਹਾਡੇ 'ਇਸ਼ਕ ਦੀ ਟੇਕ' ਵਾਲੇ ਮਕਤਬ ਵਿਚ ਹੀ ਰਹਿ ਪਵਾਂ। ਕੀ ਮੇਰੇ ਟੁੱਕ ਦਾ ਕੋਈ ਉਪਰਾਲਾ ਕਰ ਲਓਗੇ ਤੇ ਮੈਨੂੰ ਰੱਖ ਲਓਗੇ?

ਸਾਰੇ— ਜ਼ਰੂਰ, ਜ਼ਰੂਰ।

ਬਾਬਾ— ਨਹੀਂ, ਨਹੀਂ।

ਸੈਫਦੀਨ— ਕਿਉਂ ਜੀ?

ਬਾਬਾ— ਅਸੀਂ ਭਰਾਵਾ! ਰਾਜ਼ਕ ਨਹੀਂ। ਅਸਾਂ ਤੈਨੂੰ ਰਚਿਆ ਨਹੀਂ, ਅਸੀਂ ਤੇਰੇ ਰਾਜ਼ਕ ਨਹੀਂ ਬਣ ਸਕਦੇ। ਰਾਜ਼ਕ ਬਣੀਏਂ? ਝੂਠੀਆਂ ਗੱਲਾਂ। ਅਸੀਂ ਕੋਈ ਬੁਲਾਰੇ ਨਹੀਂ ਕਿ ਬਟੇਰੇ ਫਸਾਉਣੇ ਹਨ। ਅਸਾਂ ਤਾਂ ਗ਼ਲਤੀ ਕੱਢਕੇ ਸੱਚ ਤੇ ਖੜੋਣਾ ਹੈ ਤੇ ਸੱਚ ਨੇ ਸਾਨੂੰ ਸੁਖ ਦੇਣਾ ਹੈ। ਸੋ ਵੀਰਾ! ਗ਼ਰੀਬ ਰਾਹਕ ਤੇਰੇ ਲਈ ਸੌ ਦੋ ਸੌ ਕਿਥੋਂ ਕੱਢੀਏ? ਤੈਨੂੰ ਤੇਰੇ ਰੱਬ ਨੇ ਰਚਿਆ, ਤੇਰਾ ਰੱਬ ਰਾਜ਼ਕ ਹੈ. ਪੰਜਾਬ ਵਿਚ ਉੱਤਰੇ ਅਵਤਾਰ ਦਾ ਇਹ ਵਾਕ ਹੈ:-

ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ॥
ਸਭ ਘਟ ਭੀਤਰਿ ਹਾਟੁ ਚਲਾਵੈ॥

ਤੂੰ ਓਸ ਜੀਉਂਦੇ ਦਾਤੇ ਵਾਹਿਗੁਰੂ ਦਾ ਹੋ ਜਾਹ। ਓਹ ਵਾਹਿਗੁਰੂ ਤੇਰਾ ਰਾਜ਼ਕ ਤੈਨੂੰ ਰਿਜ਼ਕ ਦੇਵੇਗਾ। ਜਿਸਦੇ ਲੰਗਰੋਂ ਸਾਨੂੰ ਪ੍ਰਸ਼ਾਦਾ ਮਿਲਦਾ ਹੈ, ਤੈਨੂੰ ਬੀ ਮਿਲੇਗਾ। ਹੋਰ ਵੀਰਾ! ਦਾਤਾ ਕੌਣ, ਤੇ ਮੰਗਤਾ ਕੌਣ? ਇਕੋ ਉਹੋ ਦਾਤਾ ਹੈ। ਸਾਡੇ ਪਾਸ ਤਾ ਸਤਿਸੰਗ ਹੈ। ਦਿਲ ਸਾਬਤੀ ਦਾ ਹੀਲਾ ਤਰਲਾ ਹੈ। ਜੀਕੂੰ ਅਸੀਂ ਪਏ ਕਰਦੇ ਹਾਂ ਤੂੰ ਬੀ ਕਰ। ਦਿਲ ਸਾਬਤ ਹੋ ਗਿਆਂ ਖ਼ੁਦਾ ਮਿਲਦਾ ਹੈ। ਖ਼ੁਦਾ ਵਾਲੇ ਨੂੰ ਟੁੱਕ ਦੀ ਕੀ ਚਿੰਤਾ। ਵੇਖ! ਤੇਰੀ ਵਹੁਟੀ ਤੇਰੀ ਹੋ ਗਈ। ਕੀ ਉਹ ਕਾਰ ਵਿਹਾਰ, ਉਪਦੇਸ਼ ਤੇਰੇ ਨਾਲ ਮੇਹਨਤ ਮਜੂਰੀ ਕਰਦੀ ਹੈ? ਕੁਛ ਨਹੀਂ, ਉਹ ਤੇਰੀ ਹੋ ਗਈ, ਉਸਦੀ ਰੋਜ਼ੀ ਦਾ ਫਿਕਰ ਤੈਨੂੰ ਪੈ ਗਿਆ ਹੈ। ਏਸੇ ਤਰ੍ਹਾਂ ਤੂੰ ਅੱਲਾ ਦਾ ਹੋ, ਸੱਚ ਮੁੱਚ ਓਸਦਾ ਹੋ, ਗਲਾਂ ਨਾਲ ਨਹੀਂ ਫੋਕੇ ਇਲਮ ਤੇ ਹੁੱਜਤਾਂ ਨਾਲ ਨਹੀਂ, ਸਚੋ ਸੱਚ ਅੰਦਰੋਂ ਧੁਰ ਅੰਦਰੋਂ ਉਸ ਦਾ ਹੋ ਜਾਹ, ਤੇਰੇ ਸਭ ਫਿਕਰਾਨੇ ਅੱਲਾ ਨੂੰ। ਤੂੰ ਇਕ ਕੰਮ ਕਰ ਕਿ "ਅੱਲਾ ਨਾ ਭੁੱਲੇਂ"। ਅੱਲਾ ਦੇ ਡਾਢੇ ਪਿਆਰੇ ਨੇ ਆਖਿਆ ਹੈ:-

ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ॥ ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ॥੧॥ ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ॥ ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ॥੧॥ ਰਹਾਉ॥ ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸਕੀ ਧਰਿਆ॥ ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ॥੨॥ ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ॥ ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ॥੩॥ ਸਭਿ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ॥ ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ ਤੇਰਾ ਅੰਤੁ ਨ ਪਾਰਾ ਵਰਿਆ॥੪॥

(ਗੂਜਰੀ ਮ: ੫)

ਸੋ ਵੀਰਾ! ਅੱਲਾ ਨੂੰ ਪਜਾਰ ਕਰ ਤੇ ਸਭ ਫਿਕਰਾਨੇ ਛੱਡ ਦੇਹ।

ਸੈਫ ਦੀਨ— ਸ਼ਰਮਿੰਦਾ ਹਾਂ, ਮੇਰੇ ਪੜ੍ਹੇ ਪਰ ਖਾਕ ਹੈ, ਬਾਬਾ ਜੀਓ! ਤੇਰੇ ਵਿਚ ਅਮਲ ਹੈ ਖਰਾ ਖਰਾ, ਉਸ ਨੇ ਮੇਰੇ ਫੋਕੇ ਇਲਮ ਨੂੰ ਭੰਨ ਘੱਤਿਆ ਹੈ। ਤੁਹਾਡੇ ਪਿਆਰ ਵਾਲੇ ਭਾਈ ਚਾਰੇ ਵਿਚੋਂ ਹੁਣ ਨਿੱਖੜਨ ਨਹੀਂ ਹੁੰਦਾ। ਤੁਸੀਂ ਸਭ ਜਾਓ, ਸ਼ਾਮਾਂ ਹੋ ਗਈਆਂ ਹਨ, ਘਰੀਂ ਅੱਪੜੋ, ਮੈਂ ਹੁਣ ਏਸ ਖੂਹ ਤੇ ਹੀ ਰਹਾਂਗਾ। ਅੱਲਾ ਨੂੰ ਯਾਦ ਕਰਾਂਗਾ ਤੇ ਆਪਣੀ ਮੈਲ ਧੋਵਾਂਗਾ। ਜੋ ਓਹ ਘੱਲੇਗਾ ਸੋ ਖਾਵਾਂਗਾ, ਤੇ ਜੋ ਤੁਸੀਂ ਆਖਿਆ ਕਰੋਗੇ ਸੋ ਕਰਿਆ ਕਰਾਂਗਾ। ਬਾਬਾ! ਇਲਮ ਦੀ ਮਗ਼ਰੂਰੀ ਮਰਜ਼ ਵਿਚੋਂ ਧੋਣੀ ਬੜੀ ਔਖੀ ਹੈ, ਮੈਨੂੰ ਇਹ ਸ਼ਾਬਾਸ਼ ਤਾਂ ਦੇ ਜਾਹ ਕਿ ਮੈਂ ਓਸ ਮਗ਼ਰੂਰੀ ਨੂੰ ਧੋ ਘੱਤਿਆ ਹੈ।

ਬਾਬੇ ਨੇ ਹੁਣ ਅਗੇ ਹੋਕੇ ਸੈਫਦੀਨ ਨੂੰ ਗਲ ਲਾ ਲਿਆ ਤੇ ਆਖਿਆ, ਤੇਰੇ ਪਰ ਵਾਹਿਗੁਰੂ ਦੀ ਮਿਹਰ ਹੋਈ ਹੈ, ਵੀਰਾ! ਇਸਨੂੰ ਮੇਹਰ ਆਖੀਦਾ ਹੈ, ਵੀਰਾ!


www.sikhbookclub.com
SIKHBOOKCLUB.COM

ਇਹੋ ਉਸਦਾ ਫਜ਼ਲ ਹੈ, ਵੀਰਾ! ਇਹੋ ਅੱਲਾ ਦਾ ਪਿਆਰ ਹੈ। ਦਿਲ ਸਾਬਤ ਹੋ ਜਾਏ, ਲਿਵ ਪਾ ਜਾਏ, ਫੇਰ "ਇਹ ਲੋਕ ਸੁਖੀਏ ਪਰਲੋਕ ਸੁਹੇਲੇ।"

* * * * *

੧੧.

"ਮਨ ਰੇ ਕਿਉ ਛੂਟਹਿ ਬਿਨੁ ਪਿਆਰ॥"

ਇਕ ਦਿਨ ਬਾਬਾ ਵਾਂਢਿਓਂ ਜੁ ਮੁੜਿਆ ਤੇ ਪਿੰਡ ਪਹੁੰਚਾ ਤਾਂ ਅਗੇ ਕੀ ਵੇਖੇ ਕਿ ਡਿਉਢੀ ਦੇ ਬਾਹਰ ਭੀੜ ਲਗੀ ਹੋਈ ਹੈ ਤੇ ਕੁਛ ਰੌਲਾ ਭੀ ਹੈ। ਬਾਬੇ ਦਾ ਮੱਥਾ ਠਣਕਿਆ ਕਿ ਹੋਵੇ ਨਾ ਤਾਂ ਅੱਜ ਪਿੰਡ ਵਿਚ ਸੁਖ ਨਹੀਂ। ਇਹ ਜੋ ਆਏ ਦਿਨ ਫੋਕੀ ਵਿਦਜਾ ਦੇ ਨਵੇਂ ਪੜ੍ਹਾਕੂਆਂ ਦਾ ਸਾਡੇ ਪਿੰਡ ਫੇਰਾ ਪੈ ਜਾਂਦਾ ਹੈ, ਕੋਈ ਨਾਂ ਕੋਈ ਬਖੇੜਾ ਖੜਾ ਹੋ ਜਾਂਦਾ ਹੈ। ਪਰ ਅਚਰਜ ਹੈ ਕਿ ਏਹ ਜੋ ਵਿਦਜਾਵਾਨ ਕਹਾਉਂਦੇ ਹਨ, ਏਹ ਪੜ੍ਹਕੇ ਮਨ ਦਾ ਸੁਖ ਤੇ ਆਤਮਾ ਦਾ ਸੁਖ ਤੇ ਮਨੁੱਖ ਜਾਤੀ ਦਾ ਪ੍ਰੇਮ ਕਿਉਂ ਨਹੀਂ ਸਮਝਦੇ। ਝਗੜਨਾ, ਲੜਨਾ, ਵਾਦ, ਈਰਖਾ ਤੇ ਬਖੀਲੀਆਂ ਨਾਲ ਇਹਨਾਂ ਦੇ ਦਿਲ ਘਾਬਰਦੇ ਕਿਉਂ ਨਹੀਂ। ਪ੍ਰੇਮ, ਮੈਤ੍ਰੀ ਖਿਮਾਂ, ਦੇਖਕੇ ਅਣਡਿੱਠ ਕਰਨਾ, ਇਨ੍ਹਾਂ ਗੱਲਾਂ ਦੇ ਸੁਖਾਂ ਦਾ ਇਹਨਾਂ ਨੂੰ ਰਸ ਕਿਉਂ ਨਹੀਂ ਪੈਂਦਾ? ਇਹ ਕਿਸ ਆਸ ਉਮੈਦ ਵਿਚ ਜੀਉਂਦੇ ਹਨ? ਜੋ ਲੋਕ ਈਰਖਾ ਤੇ ਵੈਰ ਵਿਰੋਧ ਅੰਦਰ ਰੱਖਕੇ ਝਗੜੇ ਝਾਂਜੇ ਛੇੜਕੇ ਇਹ ਜੀਵਨ ਬਿਤਾ ਰਹੇ ਹਨ ਪਤਾ ਨਹੀਂ ਓਹ ਇਸਦਾ ਲਾਭ ਕੀਹ ਵੇਖਦੇ ਹਨ। ਵਿਦਜਾ ਪਾ ਕੇ ਮਾਨੋ ਦੀਵਾ ਤਲੀ ਤੇ ਰੱਖ ਕੇ ਫੇਰ ਜੀਉਣ ਪ੍ਰੇਮ ਦੀ ਧੁਰ ਉੱਤੇ ਨਹੀਂ ਆਉਂਦਾ*! ਪਰ ਹੱਛਾ, ਜੋ ਗੁਰੂ ਕਰੇ। ਇਸ ਤਰ੍ਹਾਂ ਸੋਚਦਾ ਬਾਬਾ ਘਰ ਵਲ ਨਾਂ ਪਰਤਿਆ ਤੇ ਭੀੜ ਵੱਲ ਗਿਆ। ਅੱਗੇ ਵੇਖੇ ਤਾਂ ਪਿੰਡ ਦੇ ਮੁਸਲਮਾਨ ਜ਼ਿਮੀਂਦਾਰ 'ਰਾਂਝੇ' ਨੂੰ ਹਥਕੜੀ ਲੱਗੀ ਹੋਈਹੈ ਤੇ ਪੁਲੀਸ ਦੇ ਆਦਮੀ ਉਸ ਨੂੰ ਨਾਲ ਲਿਜਾਉਣਾ ਚਾਹੁੰਦੇ ਹਨ। ਪਿੰਡ ਦੇ ਲੋਕੀ, ਕੀ ਸਿੱਖ, ਕੀ ਹਿੰਦੂ ਤੇ ਕੀ ਮੁਸਲਮਾਨ ਪੁਲੀਸ ਵਾਲਿਆਂ ਨੂੰ ਸਮਝਾ ਰਹੇ ਹਨ ਕਿ ਇਹ ਦੋਸ਼ੀ ਨਹੀਂ ਹੈ ਇਸ ਨੂੰ ਨਾਂ ਲੈ ਜਾਓ ਪਰ ਉਹ ਇਕ ਨਹੀਂ ਸੁਣਦੇ। ਜਾਂ ਬਾਬਾ ਅਗੇ ਵਧਿਆ ਤਾਂ ਮਾਨੋਂ ਸਾਰੇ ਲੋਕਾਂ ਦੇ ਦਿਲ ਨੂੰ ਢੱਕਣ ਆ ਗਿਆ, ਰਾਂਝੇ ਦਾ ਚਿਹਰਾ ਵੀ ਟਹਿਕ ਪਿਆ, ਪੁਲੀਸ ਵਾਲੇ ਭੀ ਉਸ ਨੂਰਾਨੀ ਚਿਹਰੇ ਨੂੰ ਵੇਖਕੇ ਰਤਾ ਠਿਠਰ ਗਏ। ਬਾਬੇ ਨੇ ਅੱਗੇ ਵਧਕੇ ਰਾਂਝੇ ਦੇ ਸਿਰ ਪਿਆਰ ਦੇਕੇ ਆਖਿਆ, "ਬੀਬਾ ਜੀਓ! ਕਿਉਂ ਸੁੱਖ ਹੈ?" ਉਸ ਨੇ ਕਿਹਾ: "ਬਾਬਾ! ਤੇਰੀਆਂ ਨਹੀਂ ਮੰਨੀ ਦੀਆਂ ਤਾਂ ਦੁਖ ਪਾਈਦੇ ਹਨ। ਆਹ ਜੋ ਸਾਹਮਣੇ ਬਾਬੂ ਖੜਾ ਹੈ, ਇਸ ਨੇ ਮੇਰੇ ਸਿਰ ਠਾਣੇ ਜਾਕੇ ਝੂਠੀ ਰਪਟ ਲਿਖਾਈ ਹੈ ਤੇ ਇਹ ਮੈਨੂੰ ਫੜ ਲਿੱਚਲੇ ਹਨ। ਇਹ ਕਈ ਦਿਨਾਂ ਤੋਂ ਪਿੰਡ ਆਉਂਦਾ ਸੀ, ਵਾਜਾ ਵਜਾਉਂਦਾ ਸੀ, ਈਸਾ ਮਸੀ ਦੇ ਗੀਤ ਗਾਉਂਦਾ ਸੀ, ਪਰ ਨਾਲ ਵੱਧ ਘੱਟ ਗੱਲਾਂ ਬੀ ਆਖਦਾ ਸੀ। ਰਾਮ ਤੇ ਕ੍ਰਿਸ਼ਨ ਦੀਆਂ ਕੁਨਸਾਂ ਕੱਢਦਾ ਸੀ। ਇਕ ਦਿਨ ਏਸ ਨੇ ਸਾਡੇ ਰਸੂਲ ਨੂੰ ਗਾਲ੍ਹ ਦਿੱਤੀ, ਮੈਂ ਸੱਚੀ ਆਖਦਾ ਹਾਂ, ਮੈਥੋਂ ਜਰਿਆ ਨਾਂ ਗਿਆ, ਫੇਰ ਮੈਂ ਇਕ ਦੋ ਔਗਣ ਈਸਾ ਦੇ ਸੁਣਾ ਦਿੱਤੇ, ਬੱਸ ਫੇਰ ਕੀ ਸੀ, ਇਹ ਲੋਹਾ ਲਾਖਾ ਹੋ ਚਲਾ ਗਿਆ ਤੇ ਕਹਿੰਦਾ ਗਿਆ ਠਾਣਾ ਲੈਕੇ ਆਉਂਦਾ ਹਾਂ। ਦੇਖ ਬਾਬਾ! ਇਸ ਤਰ੍ਹਾਂ ਗੱਲੋ ਗੱਲੀਂ ਵੱਧ ਘੱਟ ਹੋ ਪਿਆਂ ਕਦੇ ਕੋਈ ਠਾਣੇਂ ਚਾੜ੍ਹ ਲਿਆਉਂਦਾ ਹੈ? ਇਸ ਭਲੇ ਲੋਕ ਨੇ ਸਾਡੇ ਨਾਲ ਕਰ ਵਿਖਾਈ"।

ਬਾਬੇ ਨੇ ਸਾਰਜੰਟ ਵਲ ਤੱਕ ਕੇ ਕਿਹਾ "ਸੱਜਣਾਂ! ਤੁਸੀਂ ਇਸ ਵੇਲੇ ਸਰਕਾਰੀ ਆਦਮੀ ਹੋ ਤੇ ਸਰਕਾਰੀ ਕੰਮ ਉੱਤੇ ਆਏ ਹੋ, ਪਰ ਹਓ ਤਾਂ ਸਾਡੇ ਭਰਾ ਵੀਰ ਨਾਂ। ਜੇ ਤੁਸੀਂ ਗੁੱਸੇ ਨਾਂ ਹੋਵੋ ਤਾਂ ਮੈਂ ਇਕ ਗੱਲ ਕਰਾਂ"।

ਸਾਰਜੰਟ ਮੁਸਲਮਾਨ ਸੀ; ਪੁਰਾਣਾ ਪੁਲਸੀਆ ਸੀ, ਬਾਬੇ ਦੇ ਚਿਹਰੇ ਤੇ ਉਸ ਦੇ ਨੂਰ ਵੱਲ ਤੱਕ ਕੇ ਬੋਲਿਆ: "ਕਾਹਲੀ ਹੈ, ਪਰ ਤੁਸੀਂ ਬਜ਼ੁਰਗ ਹੋ, ਕਰੋ ਗੱਲ"।

ਬਾਬਾ— ਭਾਈਆ ਜੀ! ਅਸੀਂ ਪਿੰਡ ਦੇ ਗੁਆਰ ਪਸੂ ਲੋਕ ਹਾਂ, ਗੱਲ ਗੱਲ ਤੇ ਆਪੋ ਵਿਚ ਲੜ ਬੋਲ ਪੈਂਦੇ ਹਾਂ, ਕਦੇ ਠਾਣਿਆਂ ਨੂੰ ਖੇਚਲਾਂ ਨਹੀਂ ਪਾਉਂਦੇ, ਅਸੀਂ ਆਪੋ ਵਿਚ ਹੀ ਨਿੱਬੜ ਲੈਂਦੇ ਹਾਂ।

* ਪੜਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ॥
(ਆਸਾ ਦੀ ਵਾਰ ਮ:੧)

 www.sikhbookclub.com

ਹੁਣ ਇਸ ਬਾਬੂ ਨੇ ਪਹਿਲਾਂ ਮੁਸਲਮਾਨਾਂ ਦੇ ਰਸੂਲ ਨੂੰ ਮਾੜੇ ਵਾਕ ਆਖੇ ਤਾਂ ਅਗੋਂ ਰਾਂਝੇ ਨੇ ਭੀ ਲਹੂ ਨਾਲ ਲਹੂ ਧੋਤਾ, ਦੋਹਾਂ ਨੇ ਮਾੜੀ ਗੱਲ ਕੀਤੀ। ਪਰ ਹੈਰਾਨੀ ਇਹ ਹੈ ਕਿ ਇਹ ਦੀਨਦਾਰ ਉਪਦੇਸ਼ਕ ਹੈ ਤੇ ਇਸ ਦਾ ਧਰਮ ਖਿਮਾ ਲੋੜੀਏ, ਇਹ ਖਿਮਾਂ ਕਰਨ ਦੀ ਥਾਂ ਸਾਡੇ ਜੇਹੇ ਪਸ਼ੂਆਂ ਜਿੰਨਾਂ ਜੇਰਾ ਭੀ ਨਹੀਂ ਜਰ ਸਕਿਆ। ਦੱਸੋ ਹੁਣ ਬਣੇ ਕੀ? ਅਸੀਂ ਪਿੰਡਾਂ ਦੇ ਗੁਆਰ ਲੋਕ ਠਹਿਰੇ, ਇਹ ਕਾਨੂੰਨ ਪੜ੍ਹੇ ਹੋਏ ਠਹਿਰੇ, ਗੱਲ ਗੱਲ ਤੇ ਏਹਨਾਂ ਠਾਣੇ ਚਾੜ੍ਹ ਆਂਦੇ, ਅਸਾਂ ਗੁਆਰਪੁਣਾ ਕਰਨਾ ਤੇ ਏਹਨਾਂ ਤੁਹਾਨੂੰ ਖੇਚਲ ਜਾ ਪਾਣੀ, ਜੇ ਅਸੀਂ ਐਹੋ ਜੇਹਿਆਂ ਨੂੰ ਪਿੰਡ ਨਾਂ ਵੜਨ ਦੇਈਏ ਤਾਂ ਬੀ ਏਹ ਕੋਈ ਕਾਨੂੰਨ ਕੱਢ ਲੈਣਗੇ। ਜੇ ਅਸੀਂ ਉੱਤਰ ਨਾਲ ਉੱਤਰ ਦੇਈਏ ਤਾਂ ਇਨ੍ਹਾਂ ਕਾਨੂੰਨ ਛਾਂਟ ਕੇ ਸਾਨੂੰ ਦੋਸ਼ੀ ਬਣਾ ਲਿਆ, ਫਿਰ ਹੁਣ ਚੁੱਪ ਕਰਕੇ ਇਹਨਾਂ ਦੇ ਹੀਣੇ ਦਾਸ ਬਣਿਆਂ ਹੀ ਛੁਟਕਾਰਾ ਹੋਇਆ ਨਾਂ। ਦੱਸੋ ਅਸੀਂ ਕੀ ਕਰੀਏ? ਪੜ੍ਹੇ ਅਸੀਂ ਨਾਂ ਜੋ ਕਾਨੂੰਨ ਛਾਂਟ ਲੈਂਦੇ, ਤੇ ਸੱਚੀ ਗੱਲ ਇਹ ਹੈ ਕਿ ਜੋ ਵਿਦਜਾ ਇਹ ਲੋਕ ਪੜ੍ਹੇ ਹਨ, ਓਹ, ਸਾਈਂ ਤੇਰਾ ਭਲਾ ਕਰੇ, ਸਾਨੂੰ ਨਾ ਹੀ ਲੱਭੇ ਤਾਂ ਚੰਗੀ ਗੱਲ ਹੈ। ਸਾਡਾ ਪਿੰਡ ਰੇਲੋਂ ਦੂਰ ਹੈ, ਵੱਡੀ ਸੜਕੋਂ ਦੁਰਾਡਾ ਹੈ, ਕੇਹੇ ਸੁਖੀ ਵੱਸਦੇ ਸਾਂ, ਇਹ ਪੜ੍ਹੇ ਹੋਏ ਲੋਕ ਪਤਾ ਨਹੀਂ ਕਿੱਥੋਂ ਸਾਨੂੰ ਆ ਹੁੱਜਾਂ ਮਾਰਦੇ ਹਨ।

ਸਾਰਜੰਟ ਬੜਾ ਪੁਰਾਣਾ ਤੇ ਜ਼ਰਾ ਕਰੜੇ ਦਿਲ ਵਾਲਾ ਸੀ ਪਰ ਬਾਬੇ ਦੀ ਖਰੀ ਖਰੀ ਗੱਲ ਨਾਲ ਕੁਛ ਪੰਘਰ ਪਿਆ ਤੇ ਆਖਣ ਲੱਗਾ, "ਬਾਬਾ! ਗੱਲ ਤਾਂ ਤੂੰ ਚਾਲੀ ਸੇਰੀ ਆਖੀ ਹੈ, ਪਰ ਅਸੀਂ ਕੀ ਕਰੀਏ? ਇਸ ਈਸਾਈ ਉਪਦੇਸ਼ਕ ਸਾਹਿਬ ਨੂੰ ਜੋ ਤਕਲੀਫ ਪਹੁੰਚੀ, ਏਸ ਨੇ ਆਪਣੇ ਸਾਹਿਬ ਨੂੰ ਦੱਸੀ, ਸਾਹਿਬ ਨੇ ਸਾਡੇ ਸਾਹਿਬ ਨੂੰ ਚਿੱਠੀ ਲਿਖੀ, ਹੁਕਮੀ ਬੱਧੇ ਅਸੀਂ ਆਏ ਹਾਂ। ਤੁਸੀਂ ਸਿਆਣੇ ਹੋ, ਅਸਾਂ ਹੁਕਮ ਬਜਾਵਣਾ ਹੈ।"

ਇਹ ਸੁਣਕੇ ਬਾਬਾ ਕੁਝ ਚਿਰ ਸੋਚੀਂ ਪੈ ਗਿਆ ਤੇ ਫੇਰ ਕਹਿਣ ਲੱਗਾ, "ਹੱਛਾ ਬਈ ਜਾਮਨੀ ਲੈ ਕੇ ਤਾਂ ਛੱਡ ਦਿਓਗੇ?"

ਸਾਰਜੰਟ— ਠਾਣੇ ਆਓ, ਏਥੇ ਨਹੀਂ, ਪਰ ਮੈਨੂੰ ਆਸ ਘੱਟ ਹੈ ਕਿ ਜਾਮਨੀ ਤੇ ਬੀ ਛੁਟਕਾਰਾ ਹੋਵੇ।

ਬਾਬੇ ਨੇ ਤਿਊੜੀ ਜੇਹੀ ਵੱਟ ਕੇ ਕਿਹਾ, "ਰਾਂਝਿਆ ਮਿੱਤ੍ਰਾ ਹੁਣ! ਫੇਰ ਮੱਥੇ ਦੀ ਲਿਖੀ ਅੱਲਾ ਦਾ ਹੁਕਮ ਸਮਝ ਕੇ ਝੱਲ; ਤੂੰ ਟੁਰ ਠਾਣੇ ਨੂੰ, ਤੇ ਅਸੀਂ ਕੁਛ ਹੀਲਾ ਕਰਦੇ ਹਾਂ। ਇਹ ਪੁਲਸ ਵਾਲੇ ਤੇਰੇ ਦੀਨ ਭਾਈ ਹਨ, ਜੇ ਹਥਕੜੀ ਤੋਂ ਬਿਨਾਂ ਲੈ ਜਾਣ ਤਾਂ ਇਹਨਾਂ ਦੀ ਮਿਹਰ, ਨਹੀਂ ਤਾਂ ਝੱਲ ਸਿਰੇ ਧਰ ਕੇ।"

ਹੁਣ ਰਾਂਝੇ ਹੁਰੀਂ ਤਾਂ ਠਾਣੇਂ ਨੂੰ ਗਏ, ਤੇ ਬਾਬੇ ਨੇ ਆਪਣਾ ਖੜੀਆ ਪੁਤ੍ਰ ਨੂੰ ਦਿਤਾ, ਜੋ ਇਸ ਭੀੜ ਵਿਚ ਆਇਆ ਖੜਾ ਸੀ ਤੇ ਆਪ ਓਸੇ ਥਾਂ ਤੋਂ ਹੀ ਇਕ ਜ਼ਿਮੀਂਦਾਰ ਦੀ ਘੋੜੀ ਤੇ ਚੜ੍ਹਕੇ ਵਾਗਾਂ ਮੋੜ ਲਈਆਂ ਤੇ ਇਧਰ ਪਿੰਡ ਵਿਚ ਸੋਗ ਵਰਤ ਗਿਆ। ਸਾਰਿਆਂ ਨੇ ਰਾਂਝੇ ਦੇ ਵਿਛੋੜੇ ਵਿਚ ਰੋਟੀ ਨਹੀਂ ਖਾਧੀ ਤੇ ਮੁਕੱਦਮੇਂ ਲਈ ਸਾਰਿਆਂ ਵੇਲ ਪਾਈ। ਕੋਈ ਪੰਜ ਕੁ ਸੌ ਰੁਪੱਯਾ ਤਾਂ ਕੱਠਾ ਓਸੇ ਵੇਲੇ ਕਰ ਲਿਆ ਤੇ ਬਾਬੇ ਦੀ ਉਡੀਕ ਵਿਚ ਲੱਗੇ।

ਬਾਬੇ ਹੁਰੀਂ ਘੋੜੀ ਨੂੰ ਸਰਪੱਟ ਦੁੜਾਉਂਦੇ ਵੀਹ ਮੀਲਾਂ ਤੇ ਗਏ, ਜਿੱਥੇ ਅੰਗਰੇਜ਼ ਪਾਦਰੀ ਸਾਹਿਬ ਦਾ ਬੰਗਲਾ ਸੀ। ਜਾ ਬਹਿਰੇ ਨੂੰ ਕਿਹਾ ਕਿ ਅੰਦਰ ਖ਼ਬਰ ਕਰੋ ਕਿ ਬਾਬਾ ਨੌਧ ਸਿੰਘ ਆਇਆ ਹੈ, ਕੁਛ ਵਕਤ ਦਿਓ। ਅੰਦਰੋਂ ਜਵਾਬ ਆਇਆ ਕਿ ਸਾਹਿਬ ਬੋਲਤੇ ਹੈਂ ਏਕ ਘੰਟਾ ਠਹਿਰੋ। ਸੌ ਬਾਬੇ ਹੁਰੀਂ ਪਰੇ ਘਾਹ ਤੇ ਜਾ ਬੈਠੇ ਤੇ ਸੁਖਮਨੀ ਸਾਹਿਬ ਦਾ ਪਾਠ ਕਰਨ ਰੁੱਝ ਗਏ। ਡੇਢ ਘੰਟੇ ਮਗਰੋਂ ਮੁਲਾਕਾਤ ਹੋਈ।

ਸਾਹਿਬ— ਵੈਲ! ਤੁਮਾਰਾ ਕਿਆ ਨਾਮ ਹੈ?

ਬਾਬਾ— ਨੌਧ ਸਿੰਘ।

ਸਾਹਿਬ— ਵੈਲ! ਤੁਮ ਕੈਸੇ ਆਯਾ ਹੈ?

ਬਾਬਾ— ਆਪ ਨਾਲ ਦਇਆ ਧਰਮ ਕੀ ਗੱਲ ਕਰਨ।

ਸਾਹਿਬ— ਬਹੁਤ ਅੱਛਾ।

ਹੁਣ ਸਾਹਿਬ ਨੇ ਬਾਬੇ ਨੂੰ ਇਕ ਬੈਂਚ ਤੇ ਬਹਾਲ ਲਿਆ ਤੇ ਆਪ ਕੁਰਸੀ ਤੇ ਬੈਠ ਗਿਆ। ਲੱਗਾ ਪੁੱਛਣ:-

ਬਪਤਿਸਮਾਂ ਮਾਂਗਤਾ?

ਬਾਬਾ— ਮੈਂ ਕੁਛ ਸਮਝਣਾ ਹੈ ਕਿ ਧਰਮ ਕੀ ਵਸਤੂ ਹੈ ਤੇ ਉਸ ਦੀ ਵਰਤੋਂ ਵਰਤਾਰਾ ਕੀ ਹੈ?

ਸਾਹਿਬ— ਹਮਾਰਾ ਦੀਨ ਹੈ ਖ਼ੁਦਾ ਪਰ ਈਮਾਨ, ਉਸ ਕੇ ਬੇਟੇ ਪਰ ਈਮਾਨ।

SIKHBOOKCLUB.COM

ਬਾਬਾ— ਲੋਕਾਂ ਨਾਲ ਕੀਕੂੰ ਦਾ ਵਰਤਾਓ?

ਸਾਹਿਬ— ਸਭ ਕੋ ਅਪਨੇ ਮਾਫਕ ਪਿਆਰ, ਜੈਸਾ ਅਪਨੇ ਕੋ ਪਿਆਰ, ਵੈਸਾ ਹਮਸਾਏ ਕੋ ਪਿਆਰ।

ਬਾਬਾ— ਬਹੁਤ ਹੱਛਾ ਹੈ। ਭਲਾ ਸਾਹਿਬ ਜੀ! ਜੇ ਮੈਂ ਆਪ ਨਾਲ ਕੁਛ ਚਿਰ ਗੱਲਾਂ ਕਰਾਂ ਤਾਂ ਖ਼ਫਾ ਤਾਂ ਨਾਂ ਹੋਵੋਗੇ?

ਸਾਹਿਬ— ਨਹੀਂ।

ਬਾਬਾ— ਭਲਾ ਜੇ ਲਿੱਖਣ ਘੜਨ ਲੱਗਿਆਂ ਤੁਸਾਡੇ ਸੱਜੇ ਹੱਥ ਵਿਚ ਫੜੇ ਚਾਕੂ ਨਾਲ ਖੱਬੇ ਹੱਥ ਦੀ ਉਂਗਲੀ ਵੱਢੀ ਜਾਵੇ ਤਾਂ ਕੀ ਸੱਜੇ ਹੱਥ ਨੂੰ ਡੰਨ ਦਿਓਗੇ?

ਸਾਹਿਬ— (ਹੈਰਾਨ ਹੋਕੇ) ਐਸਾ ਕਿਉਂ ਬੋਲਤਾ ਹੈ?

ਬਾਬਾ— ਮੈਂ ਸਮਝਣਾ ਚਾਹੁੰਦਾ ਹਾਂ ਕਿ ਆਪਣੇ ਹਮਸਾਏ ਨੂੰ ਆਪਣੇ ਵਰਗਾ ਪਿਆਰ ਐਸ ਤਰ੍ਹਾਂ ਹੀ ਕਰਨਾ ਹੈ ਨਾਂ ਕਿ ਜਿਸ ਤਰ੍ਹਾਂ ਸੱਜੇ ਹੱਥ ਪਾਸੋਂ ਖੱਬੇ ਹੱਥ ਨੂੰ ਸੱਟ ਲੱਗ ਜਾਵੇ ਤਾਂ ਖੱਬਾ ਹੱਥ ਸੱਜੇ ਹੱਥ ਨਾਲ ਲੜਾਈ ਨਹੀਂ ਕਰਦਾ, ਉਸ ਨੂੰ ਆਪਣਾ ਅੰਗ ਤੇ ਆਪਣਾ ਆਪ ਸਮਝ ਕੇ ਬਦਲਾ ਨਹੀਂ ਚੇਤੇ ਕਰਦਾ।

ਸਾਹਿਬ— ਵੈਲ ਬੁੱਢੇ! ਤੁਮ ਬਹੁਤ ਦਾਨਾ ਹੈ, ਠੀਕ ਹੈ ਐਸਾ।

ਬਾਬਾ— ਸਾਹਿਬ ਜੀ! ਮੈਂ ਇਕ ਗੱਲ ਸੁਣਾਵਾਂ ਜੀ! ਸ਼ਾਹਪੁਰ ਦੇ ਜ਼ਿਲੇ ਵਿਚ ਇਕ 'ਬੁੱਧੂ' ਨਾਮ ਦਾ ਆਦਮੀ ਹੋਇਆ ਹੈ, ਥੋੜੇ ਹੀ ਬਰਸ ਹੋਏ ਹਨ ਕਿ ਉਹ ਮਰਿਆ ਹੈ, ਤੇ ਲੋਕ ਉਸ ਨੂੰ ਬਜ਼ੁਰਗ ਸਮਝਦੇ ਸਨ ਤੇ ਦੋ ਲੱਖ ਆਦਮੀ ਉਸ ਨੂੰ ਮਹਾਤਮਾਂ ਤੇ ਸੰਤ ਜਾਣਦੇ ਸਨ। ਉਹਨਾਂ ਨੂੰ ਇਕ ਦਸਾਂ ਰੁਪੱਯਾਂ ਦੇ ਸਿਪਾਹੀ ਨੇ ਆਕੇ ਕਿਹਾ, ਮੈਨੂੰ ਰੋਟੀ ਪਕਾ ਦੇਹ। ਸਿਪਾਹੀ ਦਾ ਗੁੱਧਾ ਆਟਾ ਲੈ ਕੇ ਭਾਈ 'ਬੁੱਧੂ' ਨੇ ਰੋਟੀਆਂ ਤੰਦੂਰੇ ਲਾ ਦਿੱਤੀਆਂ। ਦੁਪਹਿਰਾਂ ਦਾ ਵੇਲਾ ਸੀ, 'ਬੁੱਧੂ' ਦੇ ਸਾਰੇ ਸੇਵਕ ਸੌਂ ਚੁਕੇ ਸਨ, ਹੁਨਾਲੇ ਦੀ ਬਹਾਰ ਸੀ, 'ਬੁੱਧੂ' ਨੂੰ ਇਹ ਖਿਆਲ ਆਇਆ ਕਿ ਇਕ ਮੇਰੇ ਵਰਗਾ ਬੰਦਾ ਭੁਖਾ ਹੈ ਤੇ ਰੋਟੀ ਤੰਦੂਰ ਲਾਣਾ ਨਹੀਂ ਜਾਣਦਾ, ਮੈਂ ਜ਼ਰੂਰ ਪਕਾ ਦਿਆਂ, ਇਹ ਐਉਂ ਹੀ ਭੁੱਖਾ ਹੈ ਨਾ ਜਿੰਦਾਂ ਮੈਂ ਭੁੱਖਾ ਹੁੰਦਾ ਹਾਂ, ਸੋ ਮੈਂ ਹੀ ਭੁੱਖਾ ਹਾਂ ਨਾਂ, ਮੈਂ ਆਪਣੇ ਲਈ ਰੋਟੀ ਪਕਾਉਂਦਾ ਹਾਂ। ਕਿਉਂ ਸਾਹਿਬ ਜੀ! ਇਸਨੂੰ ਤੁਸੀਂ ਆਖਦੇ ਹੋ ਨਾਂ ਆਪਣੇ ਵਰਗਾ ਪਿਆਰ ਕਰਨਾਂ?

ਸਾਹਿਬ— ਹਾਂ, ਜੈਸਾ ਹਮ ਚਾਹਤੇ ਹੈਂ ਲੋਕ ਹਮ ਲੋਕੋਂ ਸੇ ਪਿਆਰ ਕਰੇਂ।

ਬਾਬਾ— ਫੇਰ ਸਾਹਿਬ ਜੀ! ਓਸ ਆਦਮੀ ਬੁੱਧੂ ਪਾਸੋਂ ਰੋਟੀਆਂ ਵਧੇਰੇ ਪੱਕ ਕੇ ਕੁਛ ਸੜ ਗਈਆਂ, ਜਾਂ ਸਿਪਾਹੀ ਨੇ ਡਿੱਠਾ ਕਿ ਰੋਟੀਆਂ ਕੁਛ ਸੜ ਗਈਆਂ ਹਨ ਤਾਂ ਉਸ ਨੇ ਗੁੱਸੇ ਨਾਲ ਇਕ ਜ਼ੋਰ ਦੀ ਚਪੇੜ ਬੁੱਧੂ ਦੇ ਮੂੰਹ ਤੇ ਮਾਰੀ, ਤਾਂ ਸਾਹਿਬ ਜੀ! ਏਸ ਆਦਮੀ ਨੇ ਚਪੇੜ ਮਾਰੀ, ਏਸ ਬੁੱਧੂ ਨਾਲ ਪਿਆਰ ਨਹੀਂ ਨਾ ਕੀਤਾ, ਇਹੋ ਹੈ ਨਾਂ ਦੁਪਰਿਆਰ ਜੋ ਤੁਸੀਂ ਆਖਦੇ ਹੋ ਕਿ ਮਾੜਾ ਹੈ।

ਸਾਹਿਬ— ਵੈਲ! ਤੁਮ ਖ਼ੂਬ ਸਮਝਾ। ਠੀਕ ਹੈ।

ਬਾਬਾ— ਫੇਰ ਸਾਹਿਬ! ਮੈਂ ਅੱਗੇ ਗੱਲ ਸੁਣਾਵਾਂ?

ਸਾਹਿਬ— (ਘੜੀ ਵੇਖਕੇ) ਹਾਂ ਹਾਂ ਸੁਣਾਓ, ਪਰ ਜਲਦੀ ਜਲਦੀ।

ਬਾਬਾ— ਫੇਰ ਸਾਹਿਬ ਜੀ! ਬੁੱਧੂ ਨੇ ਕੀ ਕੀਤਾ, ਆਪਣੀ ਖੱਬੀ ਗੱਲ੍ਹ ਓਸ ਸਿਪਾਹੀ ਵਲ ਕਰਕੇ ਆਖਿਆ, ਭਰਾਵਾ! ਮੇਰਾ ਨਾਂ 'ਬੁੱਧੂ' (ਮੂਰਖ) ਤੇ ਮੇਰੇ ਕੰਮ ਭੀ ਬੁੱਧੂ, ਇਕ ਚਪੇੜ ਮੇਰੀ ਖੱਬੀ ਗੱਲ੍ਹ ਤੇ ਭੀ ਲਾ ਜੋ ਮੈਨੂੰ ਅਕਲ ਆ ਜਾਵੇ ਤੇ ਅੱਗੋਂ ਨੂੰ ਆਪਣੇ ਭਰਾਵਾਂ ਦੇ ਕੰਮ ਸੋਝੀ ਨਾਲ ਤੇ ਹੁਸ਼ਿਆਰੀ ਨਾਲ ਕਰਿਆ ਕਰਾਂ। ਤੂੰ ਵੱਡਾ ਭਰਾ ਜੋ ਹੋਇਆ, ਮੈਨੂੰ ਮੱਤ ਦੇਹ ਨਾਂ, ਮਾਰ ਹੋਰ ਇਕ ਚੰਡ ਮੇਰੀ ਖੱਬੀ ਗੱਲ੍ਹ ਉੱਤੇ। ਇਹ ਵੇਖਕੇ ਸਾਹਿਬ ਜੀ! ਉਸ ਸਿਪਾਹੀ ਨੂੰ ਹੋਸ਼ ਆ ਗਈ ਕਿ ਮੈਂ ਪਾਪ ਕੀਤਾ ਹੈ, ਤੇ ਓਧਰੋਂ ਕਈ ਸੇਵਕ ਆ ਗਏ, ਜਿਨ੍ਹਾਂ ਨੇ ਸਿਪਾਹੀ ਨੂੰ ਫੜ ਲਿਆ ਕਿ ਇਸਨੇ ਇੱਡੇ ਵੱਡੇ ਭਲੇ ਪੁਰਖ ਦੀ ਬੇਅਦਬੀ ਕੀਤੀ ਹੈ। ਤਦੋਂ ਸਾਹਿਬ ਜੀ! 'ਬੁੱਧੂ' ਨੇ ਸਿਪਾਹੀ ਨੂੰ ਛੁਡਵਾ ਦਿੱਤਾ ਤੇ ਆਖਿਆ, ਇਹ ਮੇਰਾ ਵੱਡਾ ਭਰਾ ਹੈ, ਇਸ ਨੂੰ ਨਾ ਮਾਰੋ। ਏਸ ਨੇ ਮੈਨੂੰ ਮੱਤ ਦਿੱਤੀ ਹੈ।

ਸਾਹਿਬ— ਵੈਲ! ਯੇਹ ਬੁੱਧੂ ਜ਼ਰੂਰ 'ਈਸਾਈ' ਥਾ।

ਬਾਬਾ— ਸਾਹਿਬ ਜੀ! ਕੀ ਤੁਸੀਂ ਇਸ ਨੂੰ ਜਾਣਦੇ ਹੋ, ਈਸਾਈ ਜੁ ਕਹਿੰਦੇ ਹੋ?

ਸਾਹਿਬ— ਜੋ ਉਸ ਕਾ ਖ਼ੂਬੀ ਤੁਮ ਨੇ ਕਹਾ,


www.sikhbookclub.com

ਵੁਹ ਖੂਬੀ ਈਸਾਈ ਕਾ ਹੈ।

ਬਾਬਾ— ਸਾਹਿਬ ਜੀ! ਧੰਨ ਹੈ ਉਹ ਖੂਬੀ ਜਿਸ ਕਰਕੇ ਆਪ ਉਸ ਨੂੰ ਅਪਣਾ ਦੀਨ ਭਾਈ ਸਮਝਦੇ ਹੋ ਤੇ ਸੱਚ ਭੀ ਇਹੋ ਹੈ, ਕਿ 'ਗੁਣਾਂ' ਦਾ ਹੀ ਨਾਮ ਦੀਨ ਹੈ, ਪਰ ਉਂਞ ਸਾਹਿਬ ਜੀ! ਉਸ ਬੁੱਧੂ ਨੂੰ ਸ੍ਰੀ ਈਸਾ ਜੀ ਦੇ ਨਾਮ ਦਾ ਪਤਾ ਨਹੀਂ ਸੀ ਤੇ ਓਸ ਨੇ ਕਦੇ ਕਿਸੇ ਪਾਦਰੀ ਦੀ ਗੱਲ ਭੀ ਨਹੀਂ ਸੁਣੀ ਸੀ।

ਸਾਹਿਬ— ਫਿਰ ਵੁਹ ਕੈਸੇ ਐਸਾ ਕਰਤਾ ਥਾ? ਵੁਹ ਕੌਣ ਥਾ?

ਬਾਬਾ— ਉਹ ਗੁਰੂ ਨਾਨਕ ਦਾ 'ਸਿੱਖ' ਸੀ ਤੇ ਉਸ ਦੀ ਬੰਦਗੀ ਤੇ ਪਿਆਰ ਕਰਕੇ ਲੋਕ ਉਸ ਨੂੰ 'ਭਾਈ ਬੁੱਧੂ ਸਾਹਿਬ,' ਆਖਦੇ ਸਨ ਤੇ 'ਬੰਦਗੀ ਤੇ ਪਿਆਰ' ਉਸਨੇ ਗੁਰੂ ਨਾਨਕ ਪਾਸੋਂ ਸਿੱਖਿਆ ਸੀ।*

ਸਾਹਿਬ— ਵੈਲ! ਬਾਬਾ ਨਾਨਕ ਅੱਚਾ ਥਾ, ਬਹੁਤ ਅੱਚਾ ਥਾ, ਵੁਹ ਆਪ ਮੁਕਤੀ ਪਾ ਗਿਆ।

ਬਾਬਾ— ਸਾਹਿਬ ਜੀ! ਮੈਂ ਇਕ ਬੇਨਤੀ ਕਰਨੀ ਹੈ। ਤੁਸੀਂ ਗੁੱਸੇ ਤਾਂ ਨਾਂ ਹੋਵੋਗੇ?

ਸਾਹਿਬ— ਨਹੀਂ, ਬੋਲੋ।

ਬਾਬਾ— ਅਸੀਂ ਸਾਰੇ ਮਨੁੱਖ ਹਾਂ ਤੇ ਭੁੱਲਣਹਾਰ ਹਾਂ ਤੇ ਸਾਰੇ ਇਕ ਦੂਜੇ ਦੇ ਅੰਗ ਹਾਂ। ਮਨੁੱਖ ਦਾ ਮਨੁੱਖ ਦਾਰੂ ਤੇ ਬੰਦੇ ਦਾ ਬੰਦਾ ਸੰਦਾ ਹੈ। ਆਪੇ ਵਿਚ ਭੁੱਲਣਾ ਭੀ ਹੋਇਆ ਤੇ ਨਿਰਬਾਹ ਖਿਮਾਂ ਨਾਲ ਹੀ ਹੋ ਸਕਦਾ ਹੈ ਤੇ ਦੀਨ ਧਰਮ ਖਿਮਾਂ ਹੀ ਸਿਖਾਲਦਾ ਹੈ।

ਸਾਹਿਬ— ਵੈਲ! ਹਮਾਰਾ ਦੀਨ ਬੋਲਤਾ ਕਿ ਸਾਤ ਦਫਾ ਮਾਫ ਕਰੋ, ਸੱਤਰ ਦਫਾ ਮਾਫ ਕਰੋ।

ਬਾਬਾ— ਜੀ, ਬਹੁਤ ਹੀ ਚੰਗਾ ਹੈ, ਪਰ ਗੁਰੂ ਨਾਨਕ ਬੋਲਦਾ ਹੈ ਜਿੰਨੀ ਵੇਰ ਕੋਈ ਮਾਫੀ ਮੰਗੇ ਉੱਨੀ ਵੇਰ ਮਾਫ ਕਰੋ, ਭਰਾਵਾਂ ਨਾਲ ਲੇਖਾ ਭੀ ਛੋੜ ਦਿਓ।

ਸਾਹਿਬ— ਬਹੁਤ ਅੱਛਾ ਹੈ। ਵੁਹੀ ਬਾਤ ਹੈ।

ਬਾਬਾ— ਫੇਰ ਸਾਹਿਬ ਜੀ! ਤੁਸੀਂ ਰਾਂਝੇ ਨੂੰ ਮਾਫ ਕਰ ਦਿਓ।

ਸਾਹਿਬ— ਕੌਣ ਰਾਂਝਾ?

ਬਾਬੇ ਨੇ ਰਾਂਝੇ ਦੇ ਪਿੰਡ ਦਾ ਨਾਂ ਤੇ ਪਤਾ ਦੱਸਿਆ। ਇਹ ਸੁਣਕੇ ਸਾਹਿਬ ਤਮਕ ਉਠਿਆ:- ਵੈਲ ਕਭੀ ਨਹੀਂ, ਰਾਂਝਾ ਬਹੁਤ ਖਰਾਬ, ਸਾਰਾ ਗਾਉਂ ਖਰਾਬ।

ਬਾਬਾ— ਨਹੀਂ ਸਾਹਿਬ ਜੀ, ਓਹ ਅਨਪੜ੍ਹ ਹਨ।

ਸਾਹਿਬ— ਨਹੀਂ! ਵੋ ਮਾਰਤਾ, ਔਰਤ ਲੋਕ ਕੋ ਪੀਟਤਾ, ਗਾਲੀ ਦੇਤਾ।

ਬਾਬਾ— ਨਹੀਂ ਜੀ; ਐਸਾ ਨਹੀਂ ਹੈ।

ਸਾਹਿਬ— ਤੁਮ ਝੂਠ ਬੋਲਤਾ।

ਬਾਬਾ— ਮੈਂ ਝੂਠ ਕਦੇ ਨਹੀਂ ਬੋਲਿਆ।

ਇਹ ਕਹਿੰਦਿਆਂ ਬਾਬੇ ਦੇ ਚਿਹਰੇ ਤੇ ਇਕ ਗੁੱਸੇ ਦੀ ਲਾਲੀ ਫਿਰ ਗਈ, ਜਿਸਨੂੰ ਤੱਕਕੇ ਪਾਦਰੀ ਕੁਛ ਸ਼ਰਮ ਜੇਹੀ ਖਾਕੇ ਝੁੱਕ ਗਿਆ।

ਸਾਹਿਬ— ਹੈਂ? ਪਰ ਉਸ ਨੇ ਗਾਲੀ ਬੋਲਾ, ਉਸ ਨੇ ਮਾਰਾ, ਉਸ ਨੇ ਮੇਮ ਸਾਹਿਬ ਕੋ ਪੀਟਾ।

ਬਾਬਾ— ਜੇ ਤੁਸੀਂ ਇਸ ਨੂੰ ਸੱਚ ਹੀ ਮੰਨ ਲਿਆ ਹੈ ਤਾਂ ਫੇਰ ਮਾਫ ਕਰ ਦਿਓ। ਮੈਂ ਉਸ ਵਲੋਂ ਮਾਫੀ ਮੰਗਦਾ ਹਾਂ।

ਸਾਹਿਬ— ਨਹੀਂ।

ਬਾਬਾ— ਆਪ ਅਪਨੇ ਦੀਨ ਦੇ ਸੰਤ ਹੋ, ਮਹਾਤਮਾਂ ਹੋ, ਖਿਮਾਂ ਵੱਡਾ ਧਰਮ ਹੈ, ਅਸੀਂ ਸਾਰੇ ਭੁੱਲਣਹਾਰ ਹਾਂ ਤੇ ਰੱਬ ਬਖਸ਼ਿੰਦ ਹੈ। ਉਸ ਰੱਬ ਦੇ ਨਾ ਤੇ ਬਖਸ਼ ਦਿਓ।

ਸਾਹਿਬ— (ਲਾਲ ਹੋ ਕੇ) ਕੈਸੇ ਮਾਫ ਕਰੇਗਾ? ਵੁਹ ਹਮਾਰੇ ਵਾਅਜ਼ ਕੋ ਮਾਰੇਗਾ, ਉਸਕੇ ਮੇਮ ਸਾਹਿਬ ਕੋ ਮਾਰੇਗਾ, ਆਜ ਮਾਰੇਗਾ ਹਮ ਮਾਫ ਕਰ ਦੇਗਾ। ਕਲ੍ਹ ਫਿਰ ਐਸਾ ਕਰੇਗਾ।

ਬਾਬਾ— ਸਾਹਿਬ! ਮਾਫ ਕਰਨਾ ਹੀ ਸਾਧੂ ਦਾ ਧਰਮ ਹੈ। ਤੁਸੀਂ ਸਾਧੂ ਜੁ ਹੋਏ।

ਸਾਹਿਬ— ਐਸੇ ਤੋ ਹਮ ਕੋ ਬੀ ਖਾ ਜਾਏਗਾ।

ਬਾਬਾ— ਨਹੀਂ ਸਾਹਿਬ! ਆਪ ਜਿਸ ਪਰਮੇਸ਼ੁਰ ਦੀ ਸੇਵਾ ਕਰੋਗੇ ਉਸ ਦੇ ਦੂਤ ਆਪ ਦੀ ਰਾਖੀ ਕਰਨਗੇ। ਸਾਧੂ ਦੀ ਟੇਕ ਅਕਾਲ ਪੁਰਖ ਪਰ ਹੁੰਦੀ ਹੈ, ਉਸਦਾ ਰਾਖਾ ਵਾਹਿਗੁਰੂ ਆਪ ਹੁੰਦਾ ਹੈ।

ਸਾਹਿਬ— (ਬੁੱਲ੍ਹ ਚਿੱਥ ਕੇ ਤੇ ਝਿਜਕ ਕੇ) ਤੁਮ ਹਮਾਰੇ ਸਾਥ ਲੜਨੇ ਆਯਾ ਹੈ?

ਬਾਬਾ— ਨਹੀਂ ਸਾਹਿਬ ਜੀ, ਤੁਸੀਂ ਇਸ ਵੇਲੇ ਬਲਵਾਨ ਹੋ, ਰਾਜਾ ਦੀ ਕੌਮ ਦੇ ਹੋ ਤੇ ਉਸ ਦੇ ਧਰਮ ਦੇ ਆਗੂ ਹੋ, ਤੁਸਾਂ ਪਾਸੋਂ ਰਾਂਝੇ ਵਾਸਤੇ ਖਿਮਾਂ ਲੈਣ ਆਇਆ ਹਾਂ।

---

* ਸ਼ਾਹਪੁਰ ਵਿਚ ਸੰਤ ਭਾਈ ਬੁੱਧੂ ਜੀ ਅਡਨ ਸ਼ਾਹੀ ਮਹਾਂਪੁਰਸ਼ ਹੋਏ ਹਨ। ਉੱਪਰ ਲਿਖੀ ਵਾਰਤਾ ਆਪ ਦੀ ਹੂਬਹੂ ਵਰਤੀ ਹੈ। ਦੇਖੋ ਸੰਤ ਗਾਥਾ।

SIKHBOOKCLUB.COM

ਸਾਹਿਬ— ਨਹੀਂ, ਹਮ ਇਨਸਾਫ ਮਾਂਗਤਾ ਹੈ।

ਬਾਬਾ— ਫੇਰ ਜੀ ਜੇ ਕੁਛ ਮੈਂ ਇਨਸਾਫ ਉੱਤੇ ਆਖਾਂ? ਆਪ ਸੁਣੋਂਗੇ, ਗੁੱਸੇ ਤਾਂ ਨਹੀਂ ਹੋਵੋਗੇ?

ਸਾਹਿਬ— ਨਹੀਂ ਬੋਲੋ।

ਬਾਬਾ— ਇਨਸਾਫ ਇਹ ਹੈ ਕਿ ਆਪ ਆਪਣੇ ਨਿਜ ਦੇ ਤੌਰ ਤੇ ਸਾਬਤ ਕਰਦੇ ਕਿ ਰਾਂਝੇ ਨੇ ਠੀਕ ਮਾਰਿਆ ਹੈ ਤੇ ਉਪਦੇਸ਼ਕ ਦੀ ਵਹੁਟੀ ਨੂੰ ਮਾਰਿਆ ਹੈ, ਫੇਰ ਆਪ ਰਾਂਝੇ ਨੂੰ ਆਖਦੇ ਕਿ ਦੱਸ ਬਈ ਰਾਂਝਿਆ! ਤੇਰੇ ਜ਼ਿੰਮੇ ਇਹ ਦੋਸ਼ ਲੱਗਦਾ ਹੈ, ਫੇਰ ਉਸ ਦਾ ਸਾਰਾ ਹਾਲ ਸੁਣਕੇ ਜੇ ਦੋਸ਼ ਨਿਤਰ ਆਉਂਦਾ ਤਾਂ ਤੁਸੀਂ ਅਮੰਨਾ ਕਰਦੇ ਕਿ ਠੀਕ ਰਾਂਝਾ ਦੋਸ਼ੀ ਹੈ ਪਰ ਸਾਹਿਬ ਜੀ ਹੋਇਆ ਇਹ ਹੈ ਕਿ

ਦੋਸ਼ੀ ਦਾ ਦੋਸ਼ ਹਰ ਤਰ੍ਹਾਂ
ਸਬੂਤ ਨਹੀਂ ਕੀਤਾ ਗਿਆ

ਤੇ ਦੋਸ਼ੀ ਨੂੰ ਆਪਣੇ ਜ਼ਿੰਮੇ ਲੱਗੇ ਦੋਸ਼ ਦਾ ਉੱਤਰ ਦੇਣ ਦਾ ਸਮਾਂ ਨਹੀਂ ਦਿੱਤਾ ਗਿਆ ਤੇ ਤੁਸਾਂ ਓਸ ਨੂੰ ਦੋਸ਼ੀ ਮੰਨ ਲਿਆ ਹੈ।

ਸੋ ਇਹ ਦੋਵੇਂ ਕੰਮ ਆਪ ਨੇ ਨਹੀਂ ਕੀਤੇ, ਕੇਵਲ ਆਪਣੇ ਉਪਦੇਸ਼ਕ ਦੇ ਆਖੇ ਤੇ ਸੱਚ ਮੰਨ ਲਿਆ ਹੈ। ਇਸ ਤਰ੍ਹਾਂ ਜੇ ਕਿਸੇ ਇਕ ਦੇ ਆਖੇ ਨੂੰ ਮੰਨ ਕੇ ਦੂਜੇ ਦੇ ਉਲਟ ਖਿਆਲ ਬਣਾ ਲਈਏ ਤਾਂ ਇਹ ਖਿਆਲ ਨਿਆਂ ਵਾਲਾ ਨਹੀਂ ਤੇ ਨਿਆਂ ਦੇ ਖਿਆਲ ਨਾਲ ਹੀ ਅਸੀਂ ਆਦਮੀ ਹਾਂ। ਅਤੇ ਜਦੋਂ ਨਿਆਂ ਦੇ ਨਾਲ ਅਸੀਂ ਦਇਆ ਅਤੇ ਸੰਤੋਖ ਰਲਾ ਲਈਏ ਤਾਂ ਦੇਉਤੇ ਹੋ ਜਾਈਦਾ ਹੈ ਤੇ ਸੰਸਾਰ ਸੁਖੀ ਵੱਸਣ ਲੱਗ ਪੈਂਦਾ ਹੈ। ਸਾਰੇ ਸੂਤ ਕਾਇਮ ਹੋ ਜਾਂਦਾ ਹੈ।*

ਸਾਹਿਬ— ਤੁਮ ਲੜਨੇ ਆਇਆ ਹੈ? ਬਹਿਰਾ!

ਬਾਬਾ— ਜੀ ਨਹੀਂ, ਮੈਂ ਤਾਂ ਇਹ ਸਮਝ ਕੇ ਆਇਆ ਹਾਂ ਕਿ ਜੀਕੂੰ ਸਾਡੇ ਦੇਸ਼ ਦੇ ਸਾਧੂ ਹੁੰਦੇ ਹਨ, ਜੋ ਸੰਸਾਰ ਨਾਲ ਮੋਹ ਮਾਇਆ ਤੋੜਕੇ ਰੱਬ ਅਰਥੀ ਦਿਨ ਕੱਟਦੇ ਹਨ, ਇਸ ਤਰ੍ਹਾਂ ਆਪ ਆਪਣੇ ਦੇਸ਼ ਦੇ ਸਾਧੂ ਹੋ। ਵੈਰਾਗ ਕਰਕੇ ਆਪ ਨੇ ਹਕੂਮਤ ਦਾ ਕੰਮ ਨਹੀਂ ਕੀਤਾ ਤੇ ਸੰਤ ਮਤਾ ਧਾਰਿਆ ਹੈ; ਨਹੀਂ ਤਾਂ ਤੁਹਾਡਾ ਰੰਗ ਰੂਪ ਤਾਂ ਜ਼ਿਲੇ ਦੇ ਡਿਪਟੀ ਕਮਿਸ਼ਨਰ ਵਰਗਾ ਹੀ ਹੈ, ਜ਼ਾਤ ਬਰਾਦਰੀ ਭੀ ਓਹੋ ਹੈ ਤੇ ਪੜ੍ਹੇ ਗੜ੍ਹੇ ਭੀ ਹੋ, ਆਪ ਨੇ ਭੀ ਕੋਈ ਡਿਪਟੀ ਕਮਿਸ਼ਨਰ ਹੀ ਬਣਨਾ ਸੀ, ਪਰ ਪਰਮੇਸ਼ਰ ਦੇ ਪਿਆਰ ਨੇ ਜਾਂ ਮਾਯਾ ਵਲੋਂ ਵਿਰਾਗ ਨੇ ਆਪ ਨੂੰ ਸਾਧੂ ਬਿਰਤੀ ਵਾਲਾ ਕੀਤਾ ਹੋਊ। ਸੋ ਇਹ ਸਮਝ ਕੇ ਜਦੋਂ ਮੈਂ ਸੁਣਿਆਂ ਕਿ ਰਾਂਝੇ ਦੀ ਜਾਨ ਬਖਸ਼ੀ ਤੁਹਾਡੀ ਕੋਮਲਤਾਈ ਨਾਲ ਹੋ ਸਕਦੀ ਹੈ ਤਾਂ ਮੈਂ ਹੰਮਾ ਬੰਨ੍ਹਕੇ ਭੱਜਾ ਆਇਆ, ਭਈ ਸਾਧੂ ਬ੍ਰਿਤੀ ਵਾਲੇ ਤਾਂ ਦਇਆਵਾਨ ਹੁੰਦੇ ਹਨ। ਹੋਰ ਸਾਹਿਬ ਜੀ! ਸਾਡੇ ਗ਼ਰੀਬ ਪੇਂਡੂਆਂ ਦਾ ਧੱਕਾ ਤੇ ਜ਼ੋਰ ਤਾਂ ਨਹੀਂ ਹੈ ਕੋਈ। ਅਸਾਂ

ਧਰਮ ਦੀ ਕਿਰਤ ਕਰਨੀ ਹੈ,
ਵੰਡ ਛਕਣਾ ਹੈ,
ਨਾਮ ਜਪਣਾ ਹੈ ਤੇ

ਨਾਮ ਦੇ ਆਸਰੇ ਨਿਰਭੈ ਰਹਿਕੇ ਦੁਖ ਸੁਖ, ਜੋ ਭੋਗ ਆਵੇ ਝੱਲਣੇ ਹਨ; ਪਰ ਦਿਲਗੀਰ ਨਹੀਂ ਹੋਣਾ। ਨਿਆਂ ਨਾਲ ਨਿਆਂ ਦੀ ਗਲ ਕਰਨੀ ਹੈ ਧਰਮ ਨਾਲ ਧਰਮ ਦੀ।

ਸਾਹਿਬ ਜੀ ਕੁਛ ਖੁਸ਼ ਜਿਹੇ ਹੋ ਗਏ। ਸਿੱਧੇ ਜਿਹੇ ਪੇਂਡੂ ਵੱਲ ਤੱਕਦੇ ਸਨ, ਅਨਪੜ੍ਹ ਗਵਾਰ ਦੀਆਂ ਖਰੀਆਂ ਸਿੱਧੀਆਂ ਗੱਲਾਂ ਨੂੰ ਸੋਚਦੇ ਸਨ ਤੇ ਕਦੀ ਬਾਬੇ ਵਲ ਅਰ ਕਦੀ ਬਹਿਰੇ ਵੱਲ ਤੱਕਦੇ ਸਨ, ਜੋ ਹੁਕਮ ਦੀ ਉਡੀਕ ਵਿਚ ਖੜਾ ਸੀ। ਪਲ ਮਗਰੋਂ ਬਹਿਰੇ ਵੱਲ ਤੱਕ ਕੇ ਬੋਲੇ:— ਵੈਲ! ਟਿਫਨ ਤਿਆਰ ਹੈ?

ਬਹਿਰਾ— ਜੀ ਹਜ਼ੂਰ।

ਸਾਹਿਬ— ਜਾਓ, ਆਧ ਘੰਟੇ ਕੋ।

ਬਹਿਰਾ ਸਿਰ ਝੁਕਾ ਕੇ 'ਅੱਛਾ ਹਜ਼ੂਰ' ਕਹਿ ਕੇ ਚਲਾ ਗਿਆ।

ਬਾਬਾ— ਫੇਰ ਸਾਹਿਬ ਜੀਉ!

ਸਾਹਿਬ— ਤੁਮ ਕੌਣ?

ਬਾਬਾ— ਮੈਂ ਇਕ ਜ਼ਿਮੀਂਦਾਰ ਹਾਂ। ਆਪਣੀ ਵਾਹੀ ਕਰਦਾ ਤੇ ਟੱਬਰ ਪਾਲਦਾ ਹਾਂ। ਪਰਮੇਸ਼ੁਰ ਤੋਂ ਡਰਦਾ ਹਾਂ ਤੇ ਭਰਾਵਾਂ ਨਾਲ ਬੁਰਾ ਕਰਨੋਂ ਸੰਕੋਚ ਕਰਦਾ ਹਾਂ।

ਸਾਹਿਬ— ਹਮਾਰੇ ਪਾਸ ਈਸਾਈ ਹੋਣੇ ਕੋ ਆਯਾ ਹੈ ਕਿ ਸਿਪਾਰਸ਼ ਕੋ?

---

* ਧੌਲੁ ਧਰਮੁ ਦਇਆ ਕਾ ਪੂਤੁ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥ (ਜਪੁਜੀ)

ਬਾਬਾ— ਸਾਹਿਬ ਜੀ! ਦਇਆ ਧਰਮ ਦੀ ਬਾਤ ਕਰਨ ਨੂੰ। ਦੀਨ ਇਹੋ ਹੈ ਨਾ ਕਿ ਕਿਸੇ ਦਾ ਬੁਰਾ ਨਾ ਕਰਨਾ, ਹੋ ਸਕੇ ਤਾਂ ਭਲਾ ਕਰਨਾ, ਪਰਮੇਸ਼ੁਰ ਨੂੰ ਪਿਤਾ ਜਾਣਨਾ, ਸ੍ਰਿਸ਼ਟੀ ਨੂੰ ਭਰਾ ਜਾਣਨਾ।

ਸਾਹਿਬ— (ਬੁੱਲ੍ਹ ਟੁੱਕਕੇ) ਹਮ ਸਮਝੇ ਥੇ ਕਿ ਤੁਮ ਈਸਾਈ ਹੋਣਾ ਮਾਂਗਤਾ?

ਬਾਬਾ— ਸਾਹਿਬ ਜੀ, ਅਮਲਾਂ ਨਾਲ ਇਸਾਈ, ਅਮਲਾਂ ਨਾਲ ਮੂਸਾਈ, ਅਮਲਾਂ ਬਾਝ ਛਾਈ।

ਸਾਹਿਬ— ਨਹੀਂ ਨਹੀਂ, ਅਮਲ ਨਹੀਂ ਗ੍ਰੇਸ। ਗ੍ਰੇਸ- ਅ-ਅ-ਅ ਫ-ਫ। ਫਜ਼ਲ, ਫਜ਼ਲ।

ਬਾਬਾ— ਜੀ ਸਾਈਂ ਦਾ ਫਜ਼ਲ! ਫਜ਼ਲ ਸਾਈਂ ਦਾ ਕੰਮ, ਸ਼ੁਭ ਅਮਲ ਸਾਡਾ ਕੰਮ ਤੇ ਸਾਈਂ ਨਾਲ ਪਿਆਰ, ਇਹ ਸਾਡਾ ਉਸ ਨਾਲ ਸਾਕ।

ਸਾਹਿਬ— (ਕਾਹਲਾ ਹੋਕੇ) ਛੋੜੋ, ਯਿਹ ਬੋਲੋ ਅਬ ਤੁਮ ਕਿਆ ਚਾਹਤਾ?

ਬਾਬਾ— ਰਾਂਝੇ ਪਰ ਆਪ ਦਾ ਫਜ਼ਲ।

ਸਾਹਿਬ— ਹਮ ਇਨਸਾਫ ਚਾਹਤਾ।

ਬਾਬਾ— ਆਪ ਧੱਕਾ ਤਾਂ ਨਹੀਂ ਚਾਹੁੰਦੇ? ਜ਼ੁਲਮ ਤਾਂ ਨਹੀਂ ਚਾਹੁੰਦੇ?

ਸਾਹਿਬ— ਨਹੀਂ।

ਬਾਬਾ— ਫੇਰ ਜੇ ਨਿਆਂ ਚਾਹੁੰਦੇ ਹੋ ਤਾਂ ਖੇਚਲ ਕਰਕੇ ਉਪਦੇਸ਼ਕ ਤੇ ਓਹਦੀ ਮੇਮ ਸਾਹਿਬ ਨੂੰ ਨਾਲ ਲੈ ਕੇ ਸਾਡੇ ਪਿੰਡ ਚੱਲੋ, ਤੇ ਆਮ੍ਹੋ ਸਾਹਮਣੇ ਗੱਲਾਂ ਕਰ ਕਰਾ ਲਓ। ਜੇ ਰਾਂਝਾ ਦੋਸ਼ੀ ਹੋਯਾ ਤਾਂ ਅਸੀਂ ਆਪ ਦੇ ਨਾਲ ਟੋਰ ਦਿਆਂਗੇ, ਜੋ ਜੀ ਆਵੇ ਉਸ ਨਾਲ ਕਰਨੀ। ਜੇ ਰਾਂਝਾ ਦੋਸ਼ੀ ਨਾ ਹੋਇਆ ਤਾਂ ਮਾਫ ਕਰ ਦੇਣਾ। ਹੁਣ ਠਾਣੇ ਤੋਂ ਓਸਨੂੰ ਛੁਡਾ ਦਿਓ।

ਸਾਹਿਬ— ਵੈਲ! ਟੁਮ ਰਾਂਝੇ ਕਾ ਕਿਆ ਲਗਤਾ?

ਬਾਬਾ— ਸਾਹਿਬ 'ਹਮਸਾਇਆ, ਮਾਂ ਪਿਉ ਜਾਇਆ।'

ਸਾਹਿਬ— ਹਮ ਸਮਝੇ ਤੁਮਾਰਾ ਰਿਸ਼ਤੇਬੰਦ ਹੈ, ਉਸਕਾ ਕਿਆ ਜਾਤ, ਤੁਮਾਰਾ ਕਿਆ?

ਬਾਬਾ— ਸਾਰੇ ਬੰਦੇ ਰਿਸ਼ਤੇਬੰਦ ਹਨ ਪਰ ਉਂਵ ਉਹ ਮੁਸਲਮਾਨ ਹੈ, ਮੈਂ ਸਿਖ ਹਾਂ।

ਸਾਹਿਬ— ਹੈਂ! ਹੈਂ!! ਹੈਂ!!! ਤੁਮ ਸੀਕ (ਸਿੱਖ) ਹੋ ਕਰ ਮੁਸਲਮਾਨ ਕੀ ਸਿਪਾਰਸ਼ ਕਰਤਾ, ਤਾਜਬ ਕਾ ਬਾਤ?

ਬਾਬਾ— ਉਹ ਬੜਾ ਚੰਗਾ ਆਦਮੀ ਹੈ।

ਸਾਹਿਬ— ਹਮ ਹੈਰਾਨ ਹੈਂ, ਸੀਕ ਮੁਸਲਮਾਨ ਕੀ ਸਿਪਾਰਸ਼ ਕਰਤਾ ਹੈ ਕੁਛ ਬਾਤ ਜ਼ਰੂਰੀ ਹੈ। ਤੁਮ ਕੋ ਕੋਈ ਪੈਸਾ ਮਿਲਾ?

ਬਾਬਾ— ਸਾਹਿਬ! ਤੁਸਾਂ ਕਿਸੇ ਪੋਥੀ ਵਿਚ ਨਹੀਂ ਪੜ੍ਹਿਆ ਕਿ ਸਿੱਖ ਖਰੇ ਹੁੰਦੇ ਹਨ, ਖੋਟੇ ਨਹੀਂ ਹੁੰਦੇ।

ਸਾਹਿਬ— ਹਾਂ, ਸੀਕ ਬਹੁਤ ਅੱਚਾ ਲੋਕ ਹੈ, ਹਮ ਪਸੰਦ ਕਰਤਾ, ਸੀਕ ਖਰਾਬ ਨਹੀਂ। ਅੱਚਾ, ਤਬ ਕੁਛ ਬਾਤ ਹੈ ਕਿ ਸੀਕ ਲੋਕ ਮੁਸਲਮਾਨ ਕੇ ਲੀਏ ਬੋਲਤਾ, ਅਬ ਤੁਮ ਕਿਆ ਚਾਹਤਾ?

ਬਾਬਾ— ਰਾਂਝੇ ਦੀ ਜਾਨ ਬਖਸ਼ੀ।

ਸਾਹਿਬ— ਵੈਲ! ਹਮ ਤੁਮਾਰੇ ਗਾਉਂ ਆਤਾ, ਪਰ ਲੋਕ ਬੜਾ ਖਰਾਬ ਫਸਾਦ ਗਾਉਂ ਹੈ।

ਬਾਬਾ— ਨਹੀਂ ਸਾਹਿਬ, ਤੁਸੀਂ ਪੁਲਸ ਵਾਲੇ ਸਾਹਿਬ, ਜਾਂ ਡਿਪਟੀ ਕਮਿਸ਼ਨਰ ਤੋਂ ਪੁੱਛ ਲਓ, ਜੇ ਉਹਨਾਂ ਨੇ ਤੁਹਾਨੂੰ ਸਾਡੇ ਪਿੰਡ ਬਾਬਤ ਦੱਸਿਆ ਕਿ ਓਥੇ ਕਦੇ ਫੌਜਦਾਰੀ ਨਹੀਂ ਹੋਈ, ਦਾਰੂ ਦੀ ਹੱਟੀ ਚਾਈ ਗਈ ਹੈ, ਠਾਣਾ ਕਦੇ ਨਹੀਂ ਓਥੇ ਗਿਆ, ਤਸੀਲੇ ਕਦੇ ਕੋਈ ਮੁਕੱਦਮਾਂ ਲੈ ਕੇ ਨਹੀਂ ਆਯਾ, ਮਾਮਲਾ ਵੇਲੇ ਸਿਰ ਆਪੇ ਉੱਗਰਦਾ ਹੈ ਤਾਂ ਮੇਰੀਆਂ ਗੱਲਾਂ ਦਾ ਅਮੰਨਾਂ ਕਰ ਲੈਣਾ, ਨਹੀਂ ਤਾਂ ਨਾਂ। ਸਾਹਿਬ ਜੀ! ਆਪ ਦੇ ਕੰਨੀ ਝੂਠੀ ਗੱਲ ਬਾਤ ਪਈ ਹੈ, ਸਾਡਾ ਪਿੰਡ ਤਾਂ ਸਰਕਾਰੇ ਭਲਾਮਾਨਸ ਲਿਖਿਆ ਹੈ।

ਸਾਹਿਬ— ਅੱਛਾ। ਹਮ ਦਰਿਆਫਤ ਕਰੇਗਾ, ਚਾਰ ਰੋਜ਼ ਕੋ ਹਮ ਆਏਗਾ, ਤੁਮਾਰਾ ਨਾਮ? ਤੁਮ ਸੇ ਹਮ ਖੁਸ਼ ਹੈ।

ਬਾਬਾ— ਤੇ ਕੀ ਇਹ ਚਾਰ ਦਿਨ ਰਾਂਝਾ ਗ਼ਰੀਬ ਹਵਾਲਾਟੇ ਰਹੇਗਾ?

ਸਾਹਿਬ ਸੋਚੀਂ ਪੈ ਗਿਆ।

ਬਾਬਾ— ਦੋ ਉਂਗਲਾਂ ਦਾ ਕਾਗਤ ਥਾਣੇਦਾਰ ਵੱਲ ਲਿਖ ਦਿਓ ਜੋ ਕਿਸੇ ਦੀ ਜ਼ਾਮਨੀ ਲੈਕੇ ਰਾਂਝੇ ਨੂੰ ਛੱਡ ਦੇਵੇ। ਫੇਰ ਜਦੋਂ ਆਪ ਆਓਗੇ, ਤਦੋਂ ਆਪ ਨੇ ਦੇਖ ਲੈਣਾ।

ਸਾਹਿਬ— ਅੱਛੀ ਬਾਤ।

ਇਹ ਕਹਿਕੇ ਸਾਹਿਬ ਆਪਣੇ ਗੋਲ ਕਮਰੇ ਜਾ ਵੜਿਆ, ਬਾਬਾ ਵੀ ਮਗਰੇ ਗਿਆ। ਵਾਹ! ਵਾਹ!! ਅੰਦਰ ਜਾ ਕੇ ਬਾਬੇ ਦਾ ਥਕੇਵਾਂ ਲਹਿ ਗਿਆ। ਠੰਢਾ

SIKHBOOKCLUB.COM

ਠਾਰ ਕਮਰਾ, ਕੰਧਾਂ ਪਰ ਨੀਲੀ ਕਲਈ ਦਾ ਸੀਤਲ ਰੰਗ, ਸੁਹਾਵੀਆਂ ਮੂਰਤਾਂ, ਬੂਹਿਆਂ ਨੂੰ ਅਜੈਬ ਪਰਦੇ, ਕੁਰਸੀਆਂ ਵਲੈਤੀ, ਫਰਸ਼ ਈਰਾਨੀ, ਸੁਰਗ ਦਾ ਝੂਟਾ ਆ ਗਿਆ। ਚਿੱਤ ਵਿਚ ਫੁਰਿਆ ਕਿ ਧਰਤੀ ਪਰ ਸੁਰਗ ਪੁਰੀ ਇਹੋ ਹੈ। ਕਿਨ੍ਹਾਂ ਪੁੰਨਾਂ ਕਰਕੇ ਇਨ੍ਹਾਂ ਨੂੰ ਇਹ ਕੁਛ ਪ੍ਰਾਪਤ ਹੋਇਆ ਹੈ। ਪਰ ਦੂਸਰੀ ਛਿਨ ਵਿਚ ਬਾਬੇ ਦੇ ਬੁੱਲ੍ਹ ਫਰਕ ਪਏ ਤੇ ਅੰਦਰ ਪੜ੍ਹਨ ਲੱਗ ਪਿਆ-

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥ ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥੧॥ ਹਰਿ ਬਿਨੁ ਜੀਉ ਜਲਿ ਬਲਿ ਜਾਉ॥ ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥੧॥ ਰਹਾਉ॥ ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ॥ ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥੨॥

(ਸਿਰੀ ਰਾਗ ਮਹਲਾ ੧)

ਫਿਰ ਬਾਬੇ ਨੇ ਵਾਹਿਗੁਰੂ ਦਾ ਸ਼ੁਕਰ ਕੀਤਾ ਕਿ ਤੂੰ ਧੰਨ ਹੈਂ ਜਿਸ ਨੇ ਮੈਨੂੰ ਸੰਸਾਰ ਵਿਚ ਆਪਣਾ ਨਾਮ, ਸਿਰ ਦਾਤਾਂ ਦੇ ਦਾਤ ਬਖਸ਼ੀ ਹੈ, ਜਿਸ ਨਾਲ ਮੈਂ ਅੰਦਰੋਂ ਸੁਖੀ ਹਾਂ, ਮੇਰਾ ਦਿਲ ਸਾਬਤ ਹੈ, ਤੇ ਮੇਰੇ ਮਨ ਵਿਚ ਟੋਆ ਤੇ ਸੱਖਣਾਪਨ ਨਹੀਂ ਹੈ। ਸ਼ੁਕਰ ਹੈ। ਹੇ ਵਾਹਿਗੁਰੂ! ਤੂੰ ਧੰਨ ਹੈਂ ਜਿਸ ਨੇ ਮੈਨੂੰ ਰਿਜ਼ਕ ਰੋਟੀ ਸੰਸਾਰ ਵਿਚ ਬਖਸ਼ੀ ਹੈ, ਤੂੰ ਧੰਨ ਹੈਂ! ਤੂੰ ਧੰਨ ਹੈਂ!! ਜੋ ਰੋਟੀ ਸਾਨੂੰ ਮਿਲਦੀ ਹੈ ਉਹ ਸਾਡੀ ਆਪਣੀ ਕਮਾਈ ਹੈ, ਤੇ ਇਹ ਜੋ ਸਾਮਾਨ ਹਨ ਏਥੇ ਇਹ ਇਹਨਾਂ ਦੇ ਦੇਸ਼ ਦੇ ਦਾਨੀਆਂ ਦੀ ਕਮਾਈ ਹੈ। ਪਾਦਰੀ ਦੀ ਆਪਣੀ ਕਮਾਈ ਨਹੀਂ, ਆਪਣੀ ਕਮਾਈ ਚੰਗੀ, ਭਾਵੇਂ ਥੋੜੀ ਹੋਵੇ।

ਸਾਹਿਬ ਜੀ ਨੇ ਚਿੱਠੀ ਮੁਕਾ ਲਈ ਸੀ, ਪਰ ਬਾਬਾ ਅੱਖਾਂ ਮੀਟੀ 'ਤੂੰ ਧੰਨ! ਤੂੰ ਧੰਨ' ਵਿਚ ਲੱਗ ਰਿਹਾ ਸੀ, ਚਿਹਰੇ ਪਰ ਇਕ ਸੁਰਖੀ ਸੀ ਤੇ ਇਕ ਸਲੋਣਾਪਨ ਸੀ, ਸਾਹਿਬ ਭੀ ਤੱਕ ਰਿਹਾ ਸੀ ਕਿ ਇੰਨੇ ਨੂੰ ਬਾਬੇ ਦੇ ਮੂੰਹੋਂ 'ਤੂੰ ਧੰਨ ਹੈਂ ਜ਼ਰਾ ਉੱਚੀ ਨਿਕਲ ਗਿਆ ਤੇ ਅੱਖ ਖੁੱਲ੍ਹ ਗਈ। ਤਦ ਸਾਹਿਬ ਨੇ ਕਿਹਾ 'ਵੈਲ, ਕਿਆ ਹੈ?' ਬਾਬੇ ਨੇ ਕਿਹਾ, 'ਸਾਹਿਬ! ਉਸ ਪਰਮੇਸ਼ਰ ਦਾ ਸ਼ੁਕਰ ਹੈ ਜਿਸ ਨੇ ਸਾਨੂੰ ਪੈਦਾ ਕੀਤਾ ਤੇ ਰਿਜ਼ਕ ਰੋਟੀ ਤੇ ਸੁਖ ਦਿੱਤਾ ਹੈ ਤੇ ਆਪਣਾ ਪਿਆਰ ਬਖਸ਼ਿਆ ਹੈ'। ਸਾਹਿਬ ਬੋਲਿਆ 'ਬਹੁਤ ਅੱਛਾ! ਯੇ ਲੋ ਚਿੱਟੀ, ਥਾਣੇਦਾਰ ਕੋ ਹਮਾਰਾ ਸਲਾਮ ਬੋਲੋ'। ਬਾਬੇ ਨੇ ਚਿੱਠੀ ਲੈ ਲਈ ਤੇ ਆਖਿਆ, 'ਸਾਹਿਬ ਜੀ! ਤੁਸੀਂ ਬੜੇ ਬੀਬੇ ਹੋ'। ਇਹ ਕਹਿਕੇ ਟੁਰ ਪਿਆ, ਬਾਹਰ ਆਕੇ ਘੋੜੀ ਖੋਲ੍ਹੀ, ਅਗੋਂ ਫੜਕੇ ਨਾਲ ਦੇ ਪਿੰਡ ਆਇਆ। ਘੋੜੀ ਨੂੰ ਨਿਹਾਰੀ ਖੁਲਾਈ ਤੇ ਆਪ ਪੈਸੇ ਦੇ ਛੋਲੇ ਲੈਕੇ ਚੱਬੇ, ਪਾਣੀ ਦੇ ਦੋ ਬੁਕ ਪੀਤੇ ਤੇ ਘੋੜੀ ਦੀ ਪਿੱਠ ਤੇ ਪਲਾਕੀ ਮਾਰ ਕੇ ਬੁੱਢਾ ਜੁਆਨ ਪਰਤਪਿਆ। ਠਾਣੇ ਦਾ ਪਿੰਡ ਰਸਤੇ ਵਿਚ ਸੀ; ਆਪ ਓਥੇ ਅੱਪੜੇ। ਸਾਹਿਬ ਦੀ ਚਿੱਠੀ ਦਿੱਤੀ। ਥਾਣੇਦਾਰ ਨੇ ਕਿਹਾ:-

ਬਾਬਾ! ਤੂੰ ਬੜਾ ਮਰਦ ਹੈਂ। ਮੈਂ ਨਹੀਂ ਸਾਂ ਸਮਝ ਸਕਦਾ ਹੁੰਦਾ ਕਿ ਤੁਹਾਡੇ ਪਿੰਡ ਵਿਚ ਸ਼ਰਾਰਤ ਕਿਉਂ ਨਹੀਂ। ਇਹ ਤੇਰੇ ਦਮ ਦੀ ਬਰਕਤ ਹੈ ਜਿਸ ਨੂੰ ਹਿੰਦੂ ਮੁਸਲਮਾਨ ਐਨੇਂ ਪਿਆਰੇ ਹਨ, ਜਿੰਨੇ ਕਿ ਆਪਣੇ ਘਰ ਦੇ ਬੰਦੇ ਹੁੰਦੇ ਹਨ। ਸੱਚ ਕਹਿੰਦੇ ਹਨ ਕਿ ਬੇਲੇ ਵਿਚ ਇਕ ਸ਼ੇਰ ਤੇ ਜੂਹ ਵਿਚ ਇਕ ਮਰਦ ਰਾਜ ਕਰਦਾ ਹੈ। ਤੇਰਾ ਰਾਜ ਮਨੁੱਖਾਂ ਦੇ ਦਿਲਾਂ ਪਰ ਹੈ, ਤੇਰੇ ਵਰਗੇ ਪਿਆਰ ਵਾਲੇ ਬੰਦੇ ਜੇ ਪਿੰਡ ਪਿੰਡ ਹੋਣ ਤਾਂ ਸਾਡੀ ਲੋੜ ਕਾਈ ਨਾਂ ਰਹੇ। ਜਾਓ ਬਈ ਰਾਂਝੇ ਨੂੰ ਲੈ ਆਓ! ਗੱਲ ਕੀ ਰਾਂਝਾ ਆਂਦਾ ਗਿਆ, ਉਸ ਦੇ ਸਾਹਮਣੇ ਬਾਬੇ ਦੀ ਜ਼ਾਮਨੀ ਲਿਖੀ ਗਈ ਤੇ ਹਥਕੜੀ ਲਾਹੀ ਗਈ। ਰਾਂਝਾ ਫੇਰ ਖੁਲ੍ਹਾ ਹੋ ਗਿਆ, ਤੇ ਅੱਥਰੂ ਭਰ ਕੇ ਬਾਬੇ ਦੇ ਚਰਨੀਂ ਢੈ ਪਿਆ। 'ਬਾਬਾ! ਤੂੰ ਮੇਰਾ ਪਿਉ ਹੈਂ ਤੇ ਮੈਂ ਤੇਰਾ ਪੁਤ ਹਾਂ। ਤੂੰ ਬਿਨ ਦੰਮਾਂ ਸਾਨੂੰ ਮੁੱਲ ਲੈ ਲਿਆ ਹੈ, ਅੱਲਾ ਰਹਿੰਦੀ ਦੁਨੀਆਂ ਤਕ ਜੀਵੇਂ'। ਪਰ ਬਾਬੇ ਨੇ ਰਾਂਝੇ ਨੂੰ ਗਲ ਲਾਯਾ ਤੇ ਆਖਿਆ, 'ਹੱਥ ਜਦੋਂ ਮੂੰਹ ਨੂੰ ਧੋਂਦੇ ਹਨ ਤਾਂ ਮੂੰਹ ਦੇ ਸਿਰ ਹਸਾਨ ਕਰਦੇ ਹਨ? ਕਿ ਅੱਖਾਂ ਜਦੋਂ ਰਸਤਾ ਦਸਦੀਆਂ ਹਨ ਤਾਂ ਪੈਰਾਂ ਦੇ ਸਿਰ ਹਸਾਨ ਕਰਦੀਆਂ ਹਨ?' ਇਹ ਕਹਿਕੇ ਬਾਬਾ ਰਾਂਝੇ ਨੂੰ ਨਾਲ ਲੈਕੇ ਟੁਰ ਪਿਆ। ਪਿੰਡ ਆ ਕੇ ਸਾਂਝ ਵਾਲੇ ਤੋਂ ਇਕ ਹੋਰ ਘੋੜੀ ਮੰਗਵੀਂ ਲਈ, ਕੁਝ ਆਪ ਖਾਧਾ ਪੀਤਾ ਤੇ ਰਾਂਝੇ ਨੂੰ ਖੁਲਾਯਾ ਪਿਲਾਯਾ


SIKHBOOKCLUB.COM

ਤੇ ਦੁਇ ਜਣੇ ਪਲਾਕੀ ਮਾਰ ਆਪਣੇ ਪਿੰਡ ਨੂੰ ਟੁਰ ਪਏ। ਡੂੰਘੀਆਂ ਤ੍ਰਿਕਾਲਾਂ ਪਈਆਂ ਤੇ ਪਿੰਡ ਅੱਪੜੇ।

ਅੱਗੇ ਸਾਰੇ ਪਿੰਡ ਦੇ ਆਦਮੀ ਡੇਉਢੀ ਵਿਚ ਜੁੜੇ ਬੈਠੇ ਸਨ। ਸਾਰੇ ਬਾਬੇ ਦਾ ਰਾਹ ਤੱਕ ਰਹੇ ਸਨ, ਕਿਸੇ ਅੰਨ ਜਲ ਨਹੀਂ ਖਾਧਾ ਪੀਤਾ ਸੀ। ਉਹ ਪਿਆਰ ਦੀ ਝਰਨਾਟ ਜੋ ਇਕ 'ਨਾਮੀਂ' ਪੁਰਖ ਦੇ ਦਮ ਨੇ ਪਿੰਡ ਵਿਚ ਭਰ ਰੱਖੀ ਸੀ, ਸਾਰੇ ਦਿਲਾਂ ਵਿਚ ਛਿੜ ਰਹੀ ਸੀ। ਹੁਣ ਦਸ ਪੰਜ ਗੱਭਰੂ ਤੁਰ ਪਏ ਸਨ ਕਿ ਠਾਣੇ ਚੱਲੀਏ ਤੇ ਪਤਾ ਕੱਢੀਏ ਮਤੇ ਬਾਬਾ, ਜੁ ਮੁੜਿਆ ਨਹੀਂ, ਉਹ ਬੀ ਕਿਸੇ ਬਲਾ ਵਿਚ ਨਾ ਫਸ ਗ਼ਿਆ ਹੋਵੇ, ਪਰ ਉਹਨਾਂ ਦੇ ਭਾਗਾਂ ਨੂੰ ਰਾਂਝਾ ਤੇ ਬਾਬਾ ਦੋਵੇਂ ਆਉਂਦੇ ਦਿੱਸ ਪਏ। ਜਦੋਂ ਦੋਵੇਂ ਡੇਉਢੀ ਵੜੇ ਉਹ ਖੁਸ਼ੀਆਂ ਹੋਈਆਂ ਕਿ ਜਿਸਦਾ ਪਾਰਾਵਾਰ ਨਹੀਂ। ਵਾਹ 'ਬਾਬਾ' ਨੌਧ ਸਿੰਘ! ਤੇਰੇ ਪ੍ਰਤਾਪ ਨੇ ਸਭ ਹਦ ਬੰਨੇ ਮੇਟਕੇ ਪਿਆਰ ਦੀ ਬੂਟੀ ਦੀ ਮੁਸ਼ਕ ਏਸ ਪਿੰਡ ਵਿਚ ਮਚਾ ਛੋੜੀ ਹੈ।

ਤਿੰਨ ਚਾਰ ਦਿਨ ਲੰਘ ਗਏ। ਇਕ ਦਿਨ ਪਾਦਰੀ ਸਾਹਿਬ, ਨਾਲ ਵਾਇਜ਼ ਸਾਹਿਬ, ਉਹਨਾਂ ਦੀ ਮੇਮ ਤੇ ਇਕ ਦੋ ਨੌਕਰ ਚਾਕਰ ਦੋ ਟਾਂਗਿਆਂ ਵਿਚ ਚੜ੍ਹੇ ਹੋਏ ਪਿੰਡ ਆ ਗਏ। ਬੋੜ੍ਹਾਂ ਦੀ ਛਾਵੇਂ ਇਹਨਾਂ ਨੇ ਡੇਰਾ ਪਾ ਲਿਆ ਤੇ ਬਾਬੇ ਨੌਧ ਸਿੰਘ ਨੂੰ ਸੱਦ ਭੇਜਿਆ। ਮਗਰੇ ਰਾਂਝਾ ਤੇ ਪਿੰਡ ਦੇ ਚੰਗੇ ਚੰਗੇ ਸੱਜਣ ਟੁਰ ਪਏ। ਸਾਹਿਬ ਜੀ ਅਜ ਬਾਬੇ ਨੂੰ ਬੜੇ ਖਿੜ ਕੇ ਮਿਲੇ, ਹੱਥ ਨਾਲ ਹੱਥ ਮਿਲਾਇਆ, ਤੇ ਆਖਣ ਲੱਗੇ, 'ਬਾਬਾ ਤੁਮ 'ਸੀਕ' ਹੈ, ਸੀਕ ਲੋਕ ਬਹੁਤ ਅੱਚਾ। ਹਮ ਨੇ ਡਿਪਟੀ ਕਮਿਸ਼ਟਰ ਸੇ ਪੂਛਾ ਵੋਹ ਬੋਲਾ ਤੁਮਾਰਾ ਗਾਉਂ ਭਲਾਮਾਨਸ, ਤੁਮ ਬਹੁਤ ਅੱਚਾ, ਸਾਹਿਬ ਬੋਲਤਾ ਤੁਮ ਬਹੁਤ ਨੇਕ, ਹਮ ਬਹੁਤ ਖੁਸ਼। ਲੇਕਨ ਰਾਂਝਾ, ਖਰਾਬ ਆਦਮੀ ਗਾਲੀ ਬੋਲਾ, ਮਾਰਾ, ਵਾਇਜ਼ ਕੀ ਮੇਮ ਸਾਹਿਬ ਕੋ ਪੀਟਾ। ਯਿਹ ਬੁਰਾ, ਬਹੁਤ ਬੁਰਾ'।

ਬਾਬਾ— ਸਾਹਿਬ ਜੀ! ਤੁਸੀਂ ਬੜੇ ਚੰਗੇ ਹੋ, ਰਾਂਝੇ ਨੂੰ ਮਾਫ ਕਰ ਦਿਓ, ਨਹੀਂ ਤਾਂ ਹੁਣ ਪੁੱਛ ਭਾਲ ਕਰ ਲਓ।

ਪਾਦਰੀ ਨੇ ਕਿਹਾ— ਬਹੁਤ ਅੱਚਾ।

ਹੁਣ ਪੁੱਛ ਭਾਲ ਸ਼ੁਰੂ ਹੋਈ। ਵਾਇਜ਼ ਦੇਸੀ ਹੀ ਸੀ, ਤੇ ਪਹਿਲਾਂ ਮੁਸਲਮਾਨ ਸੀ ਥੋੜੇ ਚਿਰ ਦਾ ਈਸਾਈ ਹੋਇਆ ਸੀ ਤੇ ਵਹੁਟੀ ਉਸ ਦੀ ਮਿਸ ਭਾਗਣ ਹੁਣੇ ਹੀ ਉਸ ਨਾਲ ਵਿਆਹੀ ਸੀ।

ਬਾਬੇ ਨੇ ਸਾਹਿਬ ਨੂੰ ਹੁਣ ਕੰਨ ਵਿਚ ਕਿਹਾ ਕਿ ਆਪ ਸੱਚ ਝੂਠ ਨਿਤਾਰਨਾ ਚਾਹੁੰਦੇ ਹੋ ਤਾਂ ਵਾਇਜ਼ ਸਾਹਿਬ ਨੂੰ ਜ਼ਰਾ ਦੁਰਾਡੇ ਟੋਰ ਦਿਓ ਤੇ ਫੇਰ ਸਦਵਾ ਲੈਣਾ। ਸਾਹਿਬ ਨੂੰ ਬਾਬੇ ਤੇ ਹੁਣ ਭਰੋਸਾ ਹੋ ਚੁਕਾ ਸੀ, ਮੰਨ ਗਿਆ, ਤੇ ਆਪਣੇ ਵਾਇਜ਼ ਨੂੰ ਦੁਰੇਡੇ ਘੱਲ ਦਿੱਤਾ। ਪਿਛੋਂ ਬਾਬੇ ਨੇ ਕਿਹਾ, ਸਾਹਿਬ ਜੀ! ਤੁਸੀਂ ਹੁਣ ਮੇਮ ਸਾਹਿਬ ਨੂੰ ਆਖੋ ਜੋ ਇਹਨਾਂ ਮਨੁਖਾਂ ਵਿਚੋਂ ਰਾਂਝੇ ਉਤੇ ਹੱਥ ਧਰੇ ਜਿਸ ਨੇ ਇਸ ਨੂੰ ਮਾਰਿਆ ਸੀ। ਸਾਹਿਬ ਦੇ ਕਹਿਣ ਤੇ ਭਾਗਣ ਨੇ ਖੜੋਤੇ ਮਨੁੱਖਾਂ ਵਿਚੋਂ ਤੱਕ ਤੱਕ, ਜੱਕ ਜੱਕ, ਰੁਕ ਰੁਕ ਕੇ ਬਾਬੇ ਦੇ ਪੁਤ ਦੇ ਮੋਢੇ ਤੇ ਹੱਥ ਧਰ ਦਿੱਤਾ ਕਿ ਇਹ ਰਾਂਝਾ ਹੈ ਜਿਸ ਮੈਨੂੰ ਮਾਰਿਆ ਸੀ। ਬਾਬੇ ਨੇ ਪੁੱਤ ਨੂੰ ਬਾਹੋਂ ਫੜਕੇ ਸਾਹਿਬ ਦੇ ਕੋਲ ਖੜਾ ਕਰ ਦਿੱਤਾ ਤੇ ਕਿਹਾ ਇਹ ਵੱਖਰਾ ਖੜਾ ਰਹੇ, ਮਤਾਂ ਹੋਰਨਾਂ ਵਿਚ ਰਲ ਜਾਵੇ ਤੇ ਭੁਲੇਖਾ ਪੈ ਜਾਵੇ।

ਫਿਰ ਬਾਬੇ ਨੇ ਕਿਹਾ, ਮੇਮ ਸਾਹਿਬ! ਰਾਂਝੇ ਨੇ ਤੁਹਾਨੂੰ ਚਪੇੜਾਂ ਮਾਰੀਆਂ ਸਨ ਕਿ ਘਸੁੰਨ? ਤੇ ਕਿੱਥੇ ਮਾਰੀਆਂ ਸਨ?

ਭਾਗਣ— ਮੈਨੂੰ ਬਾਹੋਂ ਫੜਕੇ ਘਸੁੰਨਾਂ ਨਾਲ ਪਿੱਠ ਤੇ ਮਾਰਿਆ ਸੀ ਤੇ ਫੇਰ ਠੁਡਾ ਮਾਰ ਕੇ ਪਟਕਾ ਡੇਗਿਆ ਸੀ।

ਬਾਬਾ— ਸਾਹਿਬ ਜੀ! ਇਹ ਲਿਖ ਲਓ।

(ਫੇਰ ਭਾਗਣ ਵਲ) ਫੇਰ ਭਲਾ ਹੋਵੀ, ਦੱਸ, ਜਿਸ ਵੇਲੇ ਰਾਂਝੇ ਤੈਨੂੰ ਮਾਰਿਆ, ਦਿਨ ਦਾ ਕੇਹੜਾ ਕੁ ਵੇਲਾ ਸੀ?

ਭਾਗਣ— ਅਜੇ ਦੁਪੈਹਰ ਨਹੀਂ ਸੀ ਹੋਈ, ਮੇਰੀ ਘੜੀ ਵਿਚ ਯਾਰਾਂ ਵਜੇ ਸੀ।

ਬਾਬਾ— ਸਾਹਿਬ ਜੀ! ਲਿਖ ਲੈਣਾ।

(ਭਾਗਣ ਨੂੰ) ਫੇਰ ਸਾਈਂ ਤੇਰਾ ਭਲਾ ਕਰੇ, ਤੈਨੂੰ ਪਿੰਡ ਦਿਆਂ ਲੋਕਾਂ ਰਾਂਝੇ ਤੋਂ ਛੁਡਾਯਾ ਸੀ ਕਿ ਆਪੇ ਨੱਸ ਗਈ ਸੈਂ?

ਭਾਗਣ— ਨਹੀਂ, ਮੈਨੂੰ ਰਾਂਝੇ ਨੇ ਆਪੇ ਛੱਡ ਦਿੱਤਾ ਸੀ, ਕਿਸੇ ਨੇ ਛੁਡਾਯਾ ਨਹੀਂ ਸੀ।

ਹੁਣ ਬਾਬੇ ਨੇ ਕਿਹਾ ਸਾਹਿਬ ਜੀ! ਵਾਅਜ਼ ਜੀ ਨੂੰ ਸੱਦ ਲਓ। ਜਦ ਵਾਅਜ਼ ਜੀ ਆਏ। ਤਦ ਬਾਬੇ ਨੇ ਪੁਛਿਆ:-

'ਵਾਅਜ਼ ਜੀ! ਤੁਸੀਂ ਰਾਂਝੇ ਨੂੰ ਪਛਾਣਦੇ ਹੋ ਤਾਂ ਉਸ ਦੇ ਮੋਢੇ ਤੇ ਹੱਥ ਧਰ ਦਿਓ।

ਵਾਅਜ਼ ਨੇ ਅੱਗੇ ਹੋ ਕੇ ਰਾਂਝੇ ਦੇ ਮੋਢੇ ਤੇ ਹੱਥ ਧਰ ਦਿੱਤਾ। ਬਾਬੇ ਨੇ ਕਿਹਾ, ਹੱਛੀ ਤਰ੍ਹਾਂ ਵੇਖ ਲਓ, ਕਿਤੇ ਭੁਲੇਖਾ ਨਾਂ ਲੱਗਦਾ ਹੋਵੇ, ਪਰ ਵਾਅਜ਼ ਨੇ ਕਿਹਾ, ਇਹੋ ਰਾਂਝਾ ਹੈ ਠੀਕ। ਹੁਣ ਸਾਹਿਬ ਜੀ ਦਾ ਰੰਗ ਬਦਲਿਆ।

ਬਾਬਾ— ਵਾਅਜ਼ ਸਾਹਿਬ ਜੀ, ਮੇਮ ਸਾਹਿਬ ਨੂੰ ਰਾਂਝੇ ਨੇ ਕਿੱਥੇ ਤੇ ਕਿੱਦਾਂ ਮਾਰਿਆ ਸੀ?

ਵਾਅਜ਼— ਚਪੇੜਾਂ ਨਾਲ ਮਾਰ ਮਾਰ ਕੇ ਦੋਵੇਂ ਗੱਲ੍ਹਾਂ ਉੱਡਾ ਦਿੱਤੀਆਂ ਸਨ।

ਬਾਬਾ— ਫੇਰ ਜੇ ਤੁਸੀਂ ਨਾਂ ਛੁਡਾਉਂਦੇ ਤਾਂ ਰਾਂਝਾ ਮਾਰੀ ਜਾਂਦਾ ਕਿ ਆਪੇ ਤੀਮੀਂ ਜ਼ਾਤ ਤੇ ਤਰਸ ਕਰ ਕੇ ਛੱਡ ਦੇਂਦਾ?

ਵਾਅਜ਼— ਮੈਂ ਨਾਂ ਛੁਡਾਉਂਦਾ ਤਾਂ ਉਹ ਮੇਮ ਸਾਹਿਬ ਨੂੰ ਮਾਰ ਹੀ ਸੱਟਦਾ।

ਬਾਬਾ— ਉਸ ਵੇਲੇ ਜੋ ਲੋਕ ਖੜੇ ਸਨ ਉਹਨਾਂ ਵਿਚੋਂ ਕਿਸੇ ਨੇ ਤ੍ਰੀਮਤ ਨੂੰ ਨਾਂ ਛੁਡਾਇਆ?

ਵਾਅਜ਼— ਕਿਸੇ ਨੇ ਨਹੀਂ ਛੁਡਾਇਆ ਸਗੋਂ ਚਿੱਘੀਆਂ ਕਰਦੇ ਸਨ।

ਬਾਬਾ— ਕਿਸ ਕੁ ਵੇਲੇ ਦੀ ਇਹ ਮਾਰ ਪਿਟਾਈ ਦੀ ਗੱਲ ਹੈ?

ਵਾਅਜ਼— ਲੌਢੇ ਪਹਿਰ ਕੋਈ ਤ੍ਰੈ ਕੁ ਵਜੇ ਦੀ।

ਬਾਬਾ— ਤੈਨੂੰ ਭੀ ਰਾਂਝੇ ਮਾਰਿਆ ਸੀ?

ਵਾਅਜ਼— ਹਾਂ ਜੀ, ਜਦ ਮੈਂ ਮੇਮ ਸਾਹਿਬ ਨੂੰ ਛੁਡਾਉਣ ਲੱਗਾ ਤਾਂ ਮੈਨੂੰ ਭੀ ਹੂਰੇ ਮਾਰੇ ਸੀ।

ਬਾਬਾ— ਪਹਿਲਾਂ ਲੜਾਈ ਦੀ ਗੱਲ ਬਾਤ ਰਾਂਝੇ ਦੀ ਤੁਹਾਡੇ ਨਾਲ ਹੋਈ ਸੀ ਕਿ ਮੇਮ ਸਾਹਿਬ ਨਾਲ?

ਵਾਅਜ਼— ਗੱਲ ਤਾਂ ਮੇਰੇ ਨਾਲ ਹੋਈ ਸੀ, ਪਰ ਰਾਂਝਾ ਭੂਏ ਹੋ ਕੇ ਮੇਮ ਸਾਹਿਬ ਦੇ ਗਲ ਜਾ ਪਿਆ।

ਬਾਬਾ— ਸਾਹਿਬ ਜੀ, ਹੁਣ ਆਪ ਵੇਖ ਲਓ। ਜਿਸ ਨੂੰ ਭਾਗਣ ਨੇ ਪਛਾਤਾ ਜੇ ਉਹ ਤਾਂ ਮੇਰਾ ਪੁੱਤ ਹੈ, ਸਿੱਖ ਹੈ ਤੇ ਜਿਸ ਨੂੰ ਵਾਅਜ਼ ਜੀ ਨੇ ਪਛਾਤਾ ਹੈ ਉਹ ਠੀਕ ਰਾਂਝਾ ਹੈ। ਸਾਰੇ ਪਿੰਡ ਤੋਂ ਪੁਛ ਲਓ, ਤੇ ਜਿਹੜਾ ਪੁਲਸ ਦਾ ਸਿਪਾਹੀ ਖੜਾ ਹੈ ਇਹ ਰਾਂਝੇ ਨੂੰ ਜਾਣਦਾ ਹੈ, ਇਸ ਨੂੰ ਪੁੱਛ ਲਓ ਤੇ ਸਿਖ ਮੁਸਲਮਾਨ ਦੀ ਸੂਰਤ ਦਾ ਫਰਕ ਤੁਸੀਂ ਆਪ ਵੀ ਤੱਕ ਲਓ। ਫੇਰ ਦੇਖ ਲਓ, ਭਾਗਣ ਕਹਿੰਦੀ ਹੈ: ਮੈਨੂੰ ਪਿੱਠ ਤੇ ਮਾਰਿਆ, ਵਾਅਜ਼ ਕਹਿੰਦਾ ਹੈ ਚਪੇੜਾਂ ਮੂੰਹ ਤੇ। ਉਹ ਦੱਸਦੀ ਹੈ ਦੁਪਹਿਰਾਂ ਤੋਂ ਪਹਿਲੋਂ, ਉਹ ਕਹਿੰਦਾ ਹੈ ਲੌਢੇ ਪਹਿਰ। ਫੇਰ ਉਹ ਕਹਿੰਦੀ ਹੈ ਮੈਨੂੰ ਕਿਸੇ ਨਹੀਂ ਛੁਡਾਯਾ। ਇਹ ਕਹਿੰਦਾ ਹੈ ਮੈਂ ਛੁਡਾਇਆ, ਫੇਰ ਇਹ ਆਖਦਾ ਹੈ ਬੋਲ ਚਾਲ ਮੇਰੇ ਨਾਲ ਹੋਈ ਤੇ ਰਾਂਝਾ ਜਾ ਪਿਆ ਮੇਮ ਦੇ ਗਲ, ਹੁਣ ਸੱਚ ਨਿਆਂ ਤੁਸੀਂ ਆਪ ਸੋਚ ਲਓ।

ਸਾਹਿਬ— (ਲਾਲ ਅੰਗਾਰਾ ਹੋ ਕੇ)- ਵਾਅਜ਼, ਤੁਮ ਨੇ ਹਮ ਕੋ ਬਹੁਤ ਦੋਕਾ (ਧੋਖਾ) ਦੀਆ। ਵੈਲ ਬਾਬਾ! ਤੁਮ ਬਤਾਓ! ਅਸਲ ਬਾਤ ਕਿਆ ਹੈ?

ਬਾਬਾ— ਗੱਲਾਂ ਕਰਦਿਆਂ ਵਾਅਜ਼ ਜੀ ਨੇ ਮੁਸਲਮਾਨਾਂ ਦੇ ਰਸੂਲ ਤੇ ਬੀਬੀ ਆਇਸ਼ਾਂ ਨਾਲ ਵਿਆਹ ਦੀ ਗਲ ਬਹੁਤ ਬੇਅਦਬੀ ਨਾਲ ਕੀਤੀ, ਤੇ ਰਾਂਝੇ ਨੇ ਤਮਕ ਖਾ ਕੇ ਈਸਾ ਜੀ ਦੇ ਜਨਮ ਬਾਬਤ ਬੇਅਦਬੀ ਦੇ ਵਾਕ ਆਖੇ, ਪਰ ਇਸ ਤੋਂ ਵੱਧ ਕੁਛ ਨਹੀਂ ਹੋਇਆ, ਸਾਰੇ ਪਿੰਡ ਨੂੰ ਪੁੱਛ ਲਓ। ਇਸ ਵੇਲੇ ਸਾਰੇ ਖੜੇ ਲੋਕ ਬੋਲ ਪਏ ਕਿ ਠੀਕ ਸਾਹਿਬ ਜੀ! ਏਤਨੀ ਬਾਤ ਹੀ ਹੋਈ ਹੈ।

ਸਾਹਿਬ— ਵੈਲ ਬਾਬਾ! ਰਾਂਝੇ ਨੇ ਹਮਾਰੇ ਖ਼ੁਦਾ ਕੇ ਬੇਟੇ ਕੋ ਗਾਲ ਦੀ, ਇਸ ਕੋ ਸਜ਼ਾ ਚਾਹੀਏ।

ਬਾਬਾ— ਇਸ ਨੇ ਮਾੜਾ ਕੀਤਾ। ਇਸ ਗੱਲ ਦਾ ਡੰਡ ਦਿਓ। ਤੁਸੀਂ ਨਾਂ ਦਿਓਗੇ ਤਾਂ ਅਸੀਂ ਬਿਰਾਦਰੀ ਵਿਚ ਦਿਆਂਗੇ। ਗਾਲ ਦੇਣੀ ਸਾਡੇ ਪਿੰਡ ਵਿਚ ਮਨ੍ਹੇਂ ਹੈ ਤੇ ਫੇਰ ਕਿਸੇ ਧਰਮ ਦੇ ਵਡੇ ਨੂੰ?

ਸਾਹਿਬ— ਤੁਮ ਬਹੁਤ ਅੱਛਾ ਹੈ।

ਰਾਂਝਾ— ਸਾਹਿਬ ਜੀ! ਈਸਾ ਜੀ ਨੂੰ ਅਸੀਂ ਮੁਸਲਮਾਨ ਪਿਕੰਬਰ ਮੰਨਦੇ ਹਾਂ, ਮੇਰੇ ਕੋਲੋਂ ਉਸ ਵੇਲੇ ਗੁੱਸੇ ਵਿਚ ਬੇਅਦਬੀ ਹੋ ਗਈ ਹੈ; ਮੈਂ ਹੁਣ ਸਮਝਦਾ ਹਾਂ, ਮੈਂ ਆਪਣੇ ਪਿਕੰਬਰ ਦੀ ਕਾਸ ਨੂੰ ਬੇਅਦਬੀ ਕੀਤੀ, ਪਰ ਗੁੱਸਾ ਬੁਰਾ ਹੈ, ਇਹ ਭੁੱਲਾਂ ਕਰਾ ਦੇਂਦਾ ਹੈ।

ਸਾਹਿਬ— ਫਿਰ ਤੁਮ ਕੋ ਕਿਆ ਸਜ਼ਾ?

ਰਾਂਝਾ— ਜੋ ਜੀ ਕਰੇ।

SIKHBOOKCLUB.COM

ਸਾਹਿਬ— ਬਾਬਾ! ਤੁਮ ਬੋਲੋ।

ਬਾਬਾ— ਇਹ ਆਪ ਤੋਂ ਮਾਫੀ ਮੰਗ ਲਵੇ ਤੇ ਆਪ ਮਾਫ ਕਰ ਦਿਓ।

ਗੱਲ ਕੀ ਰਾਂਝੇ ਮਾਫੀ ਮੰਗ ਲਈ, ਸਾਹਿਬ ਨੇ ਮਾਫ ਕਰ ਦਿਤਾ।

ਹੁਣ ਸਾਹਿਬ ਨੇ ਵਾਅਜ਼ ਨੂੰ ਕਿਹਾ, ਤੁਮ ਮੌਕੂਫ, ਚਲੇ ਜਾਓ, ਹਮ ਨਾਰਾਜ਼।

ਵਾਅਜ਼ ਤੇ ਭਾਗਣ ਦਾ ਰੰਗ ਪੀਲਾ ਹੋ ਗਿਆ। ਗਿੱਚੀ ਸੁਟ ਕੇ ਜ਼ਰਾ ਪਰੇ ਹੋ ਗਏ।

ਬਾਬਾ— ਸਾਹਿਬ ਜੀ! ਜੇ ਮੇਰੀ ਗੱਲ ਸੁਣੋ ਤਾਂ ਇੰਞ ਨਾ ਕਰੋ। ਇਸ ਨੂੰ ਭੀ ਮਾਫ ਕਰੋ।

ਸਾਹਿਬ— ਇਸਨੇ ਝੂਠ ਬੋਲਾ। ਝੂਠੇ ਕੋ ਕੈਸੇ ਮਾਫ ਕਰੇਗਾ।

ਬਾਬਾ— ਠੀਕ ਹੈ! ਪਰ ਬੰਦਾ ਭੁੱਲਣਹਾਰ ਹੈ। ਸਾਡੇ ਰਾਂਝੇ ਕਰਕੇ ਇਸ ਬੰਦੇ ਨੂੰ ਦੁੱਖ ਮਿਲਦਾ ਹੈ। ਤੁਸੀਂ ਸਾਡੀ ਖ਼ਾਤਰ ਮਾਫ ਕਰੋ ਤੇ ਮੱਤ ਦੇ ਕੇ ਸੱਚ ਦਾ ਪਿਆਰਾ ਬਨਾਓ। ਮੇਰੀ ਸਮਝੇ ਇਹ ਆਯਾ ਹੈ ਕਿ ਮਨੁੱਖ ਇਕ ਪਸ਼ੂ ਹੈ ਤੇ ਅਕਲ ਪਾ ਕੇ ਭੀ ਆਪਣੀ ਬਿਰਤੀ ਨੂੰ ਪਸ਼ੂ ਰੱਖਦਾ ਹੈ। ਨਾਂ ਤਾਂ ਧਰਮ ਤੇ ਟੁਰਦਾ ਹੈ, ਨਾਂ ਸੰਤੋਖ ਅਤੇ ਦਇਆ ਤੇ ਟੁਰਦਾ ਹੈ, ਇਸ ਕਰਕੇ ਨਾਂ ਮਨੁੱਖ ਬਣਦਾ ਹੈ ਨਾਂ ਦੇਵਤਾ। ਕੀ ਹਿੰਦੂ ਕੀ ਮੁਸਲਮਾਨ, ਕੀ ਈਸਾਈ ਤੇ ਕੀ ਹੋਰ ਮਤਾਂ ਦੇ ਲੋਕੀ ਅਕਸਰ ਬਿਰਤੀਆਂ ਪਸ਼ੂਆਂ ਵਰਗੀਆਂ ਰਖਦੇ ਹਨ, ਢੁੱਡ ਮਾਰਕੇ ਦੂਸਰੇ ਦਾ ਹੱਕ ਖੋਹ ਲੈਂਦੇ ਹਨ, ਧੱਕਾ ਕਰਦੇ ਹਨ ਤੇ ਕਾਮ, ਕ੍ਰੋਧ, ਲੋਭ ਮੋਹ, ਹੰਕਾਰ ਪੰਜਾਂ ਦੇ ਵੱਸ ਵਿਚ ਪਏ ਫਿਰਦੇ ਹਨ। ਕਿਤੇ ਕਿਤੇ ਕੋਈ ਹੈ ਜਿਸ ਨੂੰ ਧਰਮ, ਦਇਆ ਤੇ ਸੰਤੋਖ ਦੀ ਸੋਝੀ ਆਈ ਹੈ, ਸੋ ਉਹ ਸੁਖੀ ਹੈ ਤੇ ਸੱਚ ਨੂੰ ਪਿਆਰ ਕਰਦਾ ਹੈ। ਸਾਹਿਬ ਜੀ! ਅਸੀਂ ਲੋਕ ਜੋ ਕਿਸੇ ਨੂੰ ਸਿਖ, ਕਿਸੇ ਨੂੰ ਈਸਾਈ, ਕਿਸੇ ਨੂੰ ਮੁਸਲਮਾਨ ਤੇ ਕਿਸੇ ਨੂੰ ਆਰਯਾ ਬਣਾ ਲੈਂਦੇ ਹਾਂ ਐਵੇਂ ਸੂਰਤਾਂ ਬਦਲਦੇ ਹਾਂ, ਸੁਭਾਉ ਨਹੀਂ ਕਿਸੇ ਦਾ ਬਦਲਦੇ। ਇਸੇ ਭੁੱਲ ਕਰਕੇ ਸਾਰੇ ਧਰਮਾਂ ਦੇ ਉਪਦੇਸ਼ਕ ਆਪੋ ਵਿਚ ਪਏ ਡਾਂਗੋ ਡਾਂਗੀ ਹੁੰਦੇ ਹਨ, ਵਿਦਯਾ ਭੀ ਪਾਉਂਦੇ ਹਨ, ਪਰ ਵਿਦਯਾ ਸੁਭਾਵ ਨਹੀਂ ਪਈ ਬਦਲਦੀ, ਉਹੋ ਜਿਹੀ ਬਿਰਤੀ ਰਹਿੰਦੀ ਹੈ, ਸਗੋਂ ਪਸ਼ੂ ਬਿਰਤੀ ਤ੍ਰਿਖੀ ਹੋ ਜਾਂਦੀ ਹੈ। ਸੰਸਾਰ ਵਿਚ ਕਾਲੀ ਰਾਤ ਪੈ ਰਹੀ ਹੈ। ਸੁਹਣੀਆਂ ਸੂਰਤਾਂ, ਸੁਹਣੇ ਕਪੜੇ, ਸੁਹਣੀਆਂ ਗੱਲਾਂ ਦਿੱਸਦੀਆਂ ਹਨ, ਸਮਝੀਦਾ ਹੈ ਇਹ ਬੜੇ ਚੰਗੇ ਹਨ, ਪਰ:-

''ਬਾਹਰਿ ਦਿਸੈ ਚਾਨਣਾ
ਦਿਲਿ ਅੰਧਿਆਰੀ ਰਾਤਿ॥''

ਕਿਸੇ ਨੂੰ ਸ਼ੌਕ ਨਹੀਂ ਜੋ ਮੇਰਾ ਦਿਲ ਸਾਬਤ ਹੋ ਜਾਵੇ, ਤੇ ਸਾਬਤ ਦਿਲ ਬਿਨਾਂ ਨਾਂ ਖ਼ੁਦਾ ਨਾਂ ਸੁਖ। ਸੋ ਜਦ ਸਾਰੇ ਇਹੋ ਗੱਲ ਵਰਤ ਰਹੀ ਹੈ ਤਾਂ ਕੀ ਗੁੱਸਾ। ਮਾਫ ਕਰਨਾ ਤੇ ਸਮਝਾਉਣਾ ਤੇ ਸਿੱਧੇ ਰਸਤੇ ਟੋਰਨਾ, ਇਹੋ ਹੀ ਚੰਗੀ ਗੱਲ ਹੈ। ਵਾਅਜ਼ ਜੀ ਨੂੰ ਆਖੋ ਕਿ ਰਾਂਝੇ ਦੇ ਰਸੂਲ ਨੂੰ ਜੋ ਗਾਲੀ ਦਿਤੀ ਸੂ ਇਸ ਦੀ ਮਾਫੀ ਮੰਗੇ ਤੇ ਜੋ ਤੁਸਾਂ ਪਾਸ ਝੂਠ ਬੋਲਿਆ ਸੂ ਤੁਸਾਂ ਤੋਂ ਮਾਫੀ ਮੰਗੇ। ਅੱਗੇ ਨੂੰ ਜੇ ਇਸ ਵਿਚ ਵੈਰਾਗ ਤੇ ਪਰਮੇਸ਼ਰ ਦਾ ਪਿਆਰ ਆ ਜਾਵੇ ਤਾਂ ਧਰਮ ਦਾ ਕੰਮ ਲਓ, ਨਹੀਂ ਤਾਂ ਕੋਈ ਹੱਟੀ ਪੱਟੀ ਕਿਰਤ ਲਾ ਦਿਓ ਸੂ ਜੋ ਦਸਾਂ ਨਵ੍ਹਾਂ ਦੀ ਕਿਰਤ ਕਰਕੇ ਖਾਵੇ ਤੇ ਧਰਮ ਦੀ ਪਛਾਣ ਆਵੇ।* ਅਸਲ ਵਿਚ 'ਮਾੜਿਆਂ ਕੰਮਾਂ ਵਲੋਂ ਵੈਰਾਗ ਬਿਰਤੀ' ਹੋਏ ਤੋਂ ਬਿਨਾਂ ਤੇ ''ਵਾਹਿਗੁਰੂ ਨਾਲ ਪਿਆਰ'' ਲੱਗੇ ਤੋਂ ਬਿਨਾਂ ਤੇ ਅੱਠ ਪਹਿਰ ਪਰਮੇਸ਼ਰ ਦੀ ਹਜ਼ੂਰੀ ਵਿਚ ਵੱਸੇ ਤੋਂ ਬਿਨਾਂ ਜੋ ਉਪਦੇਸ਼ ਕਰੇਗਾ, ਚਾਹੇ ਕਿਸੇ ਮਤ ਦਾ ਹੋਵੇ; ਸੋ ਹੱਟੀ ਟੋਰੇਗਾ, ਧਰਮ ਦਾ ਪ੍ਰਚਾਰ ਨਹੀਂ ਕਰੇਗਾ, ਲੋਕਾਂ ਦੇ ਸੁਭਾਵ ਨਹੀਂ ਬਦਲਾਏਗਾ, ਪਸੂ ਬਿਰਤੀਆਂ ਨੂੰ ਦੇਵ ਬਿਰਤੀਆਂ ਨਹੀਂ ਬਨਾਏਗਾ। ਹੁਣ ਅੱਜ ਕੱਲ ਸਾਰੇ ਧਰਮਾਂ ਵਾਲੇ ਮਾੜੇ ਕਰਮਾਂ ਤੋਂ ਵੈਰਾਗ ਤੇ ਭਲਿਆਂ ਕਰਮਾਂ ਨਾਲ ਪ੍ਰੇਮ ਤੋਂ ਖਾਲੀ ਪੁਰਖਾਂ ਨੂੰ ਨਿਰੀਆਂ ਚਾਤੁਰੀਆਂ ਸਿਖਾ ਕੇ ਧਰਮ ਦੀ ਗਾਧੀ ਤੇ ਬਿਠਾ ਦੇਂਦੇ ਹਨ। ਓਹ ਬੈੜ ਬੀ ਤੋੜ ਘੱਤਦੇ ਹਨ, ਮਾਹਲ ਬੀ ਅੜਾ ਦੇਂਦੇ ਹਨ, ਢੋਲ ਝੁਹੱਕਲੀ ਵੀ ਭੰਨ ਘੱਤਦੇ ਹਨ, ਬੌਲਦ ਬੀ ਨਸਾ ਦੇਂਦੇ ਹਨ ਤੇ ਆਪ ਭੀ ਸੱਟਾਂ ਨਾਲ ਚੂਰ ਹੋ ਜਾਂਦੇ ਹਨ। ਅੱਗੋਂ ਆਪ ਸਿਆਣੇ ਹੋ, ਜਿਵੇਂ ਚਿਤ ਕਰੇ ਕਰੋ। ਮੈਂ ਤਾਂ ਇੱਹੋ ਗੱਲ ਜਾਣਦਾ ਹਾਂ ਕਿ:-

ਕਿਰਤ ਕਰਨੀ,
ਵੰਡ ਛਕਣਾ ਤੇ
ਨਾਮ ਜਪਣਾ

---

* ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥ (ਸਾਰੰ:ਕੀ ਵਾਰ ਸ: ੧-੨੨)

ਇਹ ਸਿੱਧਾ ਰਸਤਾ ਹੈ, ਲੋਕ ਭੀ ਸੁਖੀ ਤੇ ਪਰਲੋਕ ਭੀ ਸੁਖੀ, ਹੁਣ ਆਪ ਇਸ ਨੂੰ ਮਾਫ ਕਰੋ, ਅਸਾਂ ਮਾਫ ਕੀਤਾ।

ਸਾਹਿਬ— ਬਾਬਾ! ਤੁਮ ਅੱਚਾ ਲੋਗ ਹੈ, ਵਾਅਜ਼! ਰਾਂਝੇ ਸੇ ਮਾਫੀ ਮਾਂਗੋ।

ਜਾਂ ਵਆਜ਼ ਨੇ ਮਾਫੀ ਮੰਗੀ ਤਾਂ ਰਾਂਝਾ ਬਾਬੇ ਦੀਆਂ ਸੋਹਬਤਾਂ ਵਿਚ ਪਿਆਰ ਦਾ ਜਾਣੂੰ ਸੀ, ਜੱਫੀ ਪਾ ਬੈਠਾ ਤੇ ਬੋਲਿਆ:- ਤੂੰ ਮੈਨੂੰ ਬਖਸ਼ਿਆ ਮੈਂ ਤੈਨੂੰ। ਰੱਬ ਸਾਥੋਂ ਫੇਰ ਭੁੱਲ ਨਾ ਕਰਾਵੇ।

ਹੁਣ ਸਾਹਿਬ ਨੇ ਭੀ ਮਾਫੀ ਦਿੱਤੀ, ਪਰ ਆਖਿਆ ਕਿ "ਫਿਰ ਕਬੀ ਝੂਟ ਬੋਲਾ ਤੋ ਕੈਦ ਕਰਾਏਗਾ"।

ਇਸ ਤਰ੍ਹਾਂ ਇਹ ਗੱਲ ਮੁੱਕੀ। ਸਾਹਿਬ ਜੀ ਨੂੰ ਇਸ ਪਿੰਡ ਦਾ ਪਿਆਰ ਵੇਖਕੇ ਪੰਜਾਬੀ ਸਿੱਧੇ ਪੱਧਰੇ ਪੁਰਾਣੇ ਲੋਕਾਂ ਦਾ ਵਤੀਰਾ ਪਸੰਦ ਆਇਆ। ਉਹ ਜੋ ਸਮਝਦਾ ਸੀ ਕਿ ਪੁਰਾਣੇ ਪੰਜਾਬੀ ਵਹੂਸ਼ ਜੇਹੇ ਹਨ, ਅਜ ਸਮਝਿਓਸੁ ਕਿ ਇਹ ਲੋਕ ਸਾਫ ਦਿਲ ਹਨ ਤੇ ਪਿਆਰ ਵਾਲੇ ਹਨ। ਪਰ ਉਹ ਜੋ ਆਪਣੇ ਧਰਮ ਲਈ ਤਅੱਸਬ ਦਾ ਭਾਵ ਸੀ ਉਹ ਪਾਦਰੀ ਦੇ ਅੰਦਰ ਬੀ ਕਾਫੀ ਸੀ ਤੇ ਕਈ ਵੇਰ ਪਾਟ ਨਿਕਲਦਾ ਸੀ, ਏਸੇ ਕਰਕੇ ਉਸ ਦੇ ਮਾਤਹਿਤ ਭੂਏ ਹੋ ਜਾਂਦੇ ਤੇ ਵਧੀਕੀਆਂ ਕਰ ਬੈਠਦੇ ਸਨ। ਗੱਲ ਕੀ, ਪਾਦਰੀ ਜੀ ਖ਼ਾਤਰ ਨਾਲ ਵਿਦਾ ਹੋਏ, ਪਰ ਜਾਣ ਲੱਗੇ ਸਾਹਿਬ ਨੇ ਬਾਬੇ ਨੂੰ ਪੁੱਛਿਆ, ਤੁਮ ਨਹੀਂ ਚਾਹਤਾ ਕਿ ਸਭ ਲੋਕ ਸੀਕ (ਸਿੱਖ) ਹੋ ਜਾਏਂ, ਹਮ ਤੋ ਸਾਰੇ ਜਹਾਨ ਕੋ ਈਸਾਈ ਕਰੇਗਾ।

ਬਾਬਾ— ਮੈਂ ਚਾਹੁੰਦਾ ਹਾਂ ਸਭ ਕੋਈ ਸਿਖ ਹੋਵੇ, ਪਰ ਮੈਂ ਬੰਦੇ ਨੂੰ ਸਿੱਖ ਇਸ ਲਈ ਕਰਨਾ ਚਾਹੁੰਦਾ ਹਾਂ ਕਿ ਉਹ ਲੋਕ ਪ੍ਰਲੋਕ ਦੋਹੀਂ ਥਾਈਂ ਸੁਖੀ ਹੋਵੇ। ਬੰਦਾ ਸੁਖੀ ਪਿਆਰ ਨਾਲ ਹੁੰਦਾ ਹੈ, ਸੋ ਸਿੱਖੀ ਦਾ ਪ੍ਰਚਾਰ ਮੈਂ ਪਿਆਰ ਨਾਲ ਚਾਹੁੰਦਾ ਹਾਂ। ਕਿਉਂਕਿ ਸਿੱਖ ਉਹੋ ਹੈ ਜੋ ਪਿਆਰ ਤੇ ਸੱਚ ਸਿਖਦਾ ਹੈ। ਧਰਮ ਦੇ ਪ੍ਰਚਾਰ ਵਿਚ ਧੱਕਾ ਤੇ ਕੋਈ ਐਸਾ ਕੰਮ-ਜੋ ਧਰਮ ਦਾ ਨਹੀਂ-ਮੈਂ ਪਸੰਦ ਨਹੀਂ ਕਰਦਾ, ਕਿਉਂਕਿ ਫੇਰ ਬਿਰਤੀ ਤਾਂ ਧਰਮ ਵਾਲੀ ਨਾਂ ਬਣੀ। ਆਪੋ ਵਿਚ ਜੋ ਧਰਮ ਦੇ ਪ੍ਰਚਾਰਕਾਂ ਵਿਚ ਈਰਖਾ, ਵੈਰ, ਮਾੜੇ ਵਾਕ, ਨਿੰਦਯਾ ਤੇ ਸੂਗ ਹੈ, ਇਹ ਮੈਂ ਰੱਬ ਦੇ ਗੁਣ ਨਹੀਂ ਸਮਝਦਾ ਇਹ ਮਾੜੇ ਕਰਮ ਹਨ। ਰੱਬ ਦੇ ਸਿਪਾਹੀ ਮਾੜੇ ਕਰਮਾਂ ਦਾ ਦਾਰੂ ਸਿੱਕਾ ਨਹੀਂ ਵਰਤ ਸਕਦੇ, ਜੇ ਵਰਤਦੇ ਹਨ ਤਾਂ ਉਹ ਰੱਬ ਜੀ ਦੇ ਨਹੀਂ ਹਨ।

ਸਾਹਿਬ— ਬਹੁਤ ਠੀਕ ਹੈ। ਸੀਕ ਲੋਕ ਅੱਚਾ ਹੈ, ਸੱਚਾ ਹੈ, ਬਹਾਦਰ ਹੈ, ਹਮਾਰੀ ਫੌਜ ਮੇਂ ਖੂਬ ਲੜਤਾ ਹੈ। ਤੁਮ ਹਮ ਦੋਸਤ। ਹਮ ਮਿਲਾ ਕਰੇਂਗੇ।

ਐਉਂ ਬਾਬਾ ਜੀ ਤੇ ਸਾਹਿਬ ਜੀ ਮਿੱਤ੍ਰ ਬਣਕੇ ਵਿਦਾ ਹੋਏ, ਤੇ ਪਿੰਡ ਵਿਚ ਠੰਢ ਵਰਤੀ।

* * * * *

## ੧੨.

"ਧਰਿ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ॥
ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ॥"

ਪਿੰਡ ਵਿਚ ਇਸ ਤਰ੍ਹਾਂ ਦੇ ਕਈ ਨਵੇਂ ਨਵੇਂ ਮਾਮਲੇ ਵਰਤੇ, ਘਰ ਵਿਚ ਹਰ ਗੱਲ ਦੀ ਖਬਰ ਹੁੰਦੀ ਹੀ ਸੀ, ਸੋ ਸੁਭਾਗ ਜੀ ਭੀ ਸਭ ਕੁਛ ਜਾਣਦੇ ਸੇ। ਇਹ ਜੋ ਰਾਂਝੇ ਵਾਲਾ ਮਾਮਲਾ ਵਰਤਿਆ ਸੀ ਏਸ ਨੇ ਸੁਭਾਗ ਜੀ ਨੂੰ ਫਿਕਰ ਵਿਚ ਪਾ ਦਿੱਤਾ ਸੀ, ਉਹ ਆਪਣੇ ਜੀਵਨ ਵਿਚ ਮਾਂਦ੍ਰੀ ਜੀ ਦੇ ਭੁਲੇਖੇ ਤੋਂ ਮਗਰੋਂ ਨਾਮ ਧ੍ਰੀਕ ਲੋਕਾਂ ਦੇ ਅੰਦਰ ਰਹਿਕੇ ਸਾਰੇ ਹਾਲਾਤ ਵੇਖ ਆਈ ਸੀ। ਉਸ ਨੂੰ ਪਤਾ ਸੀ ਕਿ ਧਰਮ ਦਾ ਪ੍ਰਚਾਰ, ਜੋ ਅੱਜ ਕੱਲ ਹੋ ਰਿਹਾ ਹੈ, ਧਰਮ ਦੀਆਂ ਲੀਹਾਂ ਤੇ ਨਹੀਂ। ਅਸਲ ਵਿਚ ਇਸ ਸਮੇਂ ਦਾ ਧਰਮ ਪ੍ਰਚਾਰ ਇਸ ਅਸੂਲ ਤੇ ਟੇਕ ਨਹੀਂ ਰੱਖਦਾ ਕਿ ਇਕ ਆਦਮੀ ਨੂੰ ਆਪਣੇ ਆਤਮਾਂ ਦੀ ਅਕਹਿ ਤ੍ਰੇਹ ਤੇ ਨਾ ਸਮਝੇ ਜਾਣ ਵਾਲੇ ਅੰਦਰਲੇ ਸੱਖਣਾਪਨ ਨੂੰ ਕਿਸੇ ਅੰਮ੍ਰਤ ਕੁੰਡ ਤੋਂ ਠੰਢ ਪਈ ਹੈ ਤੇ ਉਹ 'ਠੰਢ ਪ੍ਰਾਪਤ ਸੱਜਣ' ਹੋਰਨਾ ਨੂੰ ਤਪਸ਼ ਵਿਚ ਵੇਖਕੇ ਉਸ ਠੰਢ ਨਾਲ ਸੁਖੀ ਕਰਨ ਵਾਸਤੇ ਉਨ੍ਹਾਂ ਨੂੰ ਅੰਮ੍ਰਿਤ ਚਸ਼ਮੇ ਦੇ ਪਤੇ ਦੱਸਦਾ ਹੈ, ਸਗੋਂ ਹੁਣ ਤਾਂ ਇਉਂ ਹੋ ਰਿਹਾ ਹੈ ਕਿ ਨਿਰੀ ਗੇਣਤੀ ਵਧੇ ਤੇ ਅਖ਼ਬਾਰਾਂ ਵਿਚ ਰਿਪੋਰਟ ਨਿਕਲੇ ਕਿ ਫਲਾਣੇ ਮਤ ਵਿਚ ਅਮਕੇ ਆਦਮੀ ਨੇ ਐਨੇਂ ਆਦਮੀ ਨਵੇਂ ਰਲਾਏ। ਜਿਸ ਤਰ੍ਹਾਂ ਕਾਰਖਾਨੇਦਾਰ ਨੇ ਕਾਰੀਗਰਾਂ ਦੀ ਗੇਣਤੀ ਵਧਾਉਣੀ ਹੁੰਦੀ ਹੈ ਤਾਂ ਉਹ ਕਾਰਖਾਨੇ ਦਾ ਮਾਲਕ ਉਪਰਾਲੇ ਕਰਦਾ ਹੈ ਯਾ ਰਾਜਾ ਨੂੰ ਫੌਜ ਵਧਾਉਣ ਲੱਗਿਆਂ

SIKHBOOKCLUB.COM

ਉਪਰਾਲੇ ਕਰਨੇ ਪੈਂਦੇ ਹਨ, ਉਸੇ ਤਰ੍ਹਾਂ ਦੇ ਉਪਰਾਲਿਆਂ ਨਾਲ ਹੀ ਧਰਮ ਦੇ ਵਾੜੇ ਵਿਚ ਬੀ ਲੋਕਾਂ ਨੂੰ ਵਾੜਿਆ ਜਾਂਦਾ ਹੈ। ਕਾਮਯਾਬੀ ਲਈ ਜੀਕੂੰ ਕਈ ਵੇਰ ਸੰਸਾਰੀ ਲੋਕ ਪਰਵਾਹ ਨਹੀਂ ਕਰਦੇ ਕਿ ਉਹ ਕਿਨ੍ਹਾਂ ਵਸੀਲਿਆਂ ਨੂੰ ਵਰਤ ਰਹੇ ਹਨ, ਇਕੁਰ ਹੀ ਇਨ੍ਹਾਂ ਧਰਮੀ ਕਾਮਯਾਬੀਆਂ ਦੇ ਅਭਿਲਾਖੀਆਂ ਵਿਚ ਭੀ ਕਈ ਵਾਰ ਵਸੀਲਿਆਂ ਦੀ ਵੀਚਾਰ ਤੇ ਪਰਵਾਹ ਨਹੀਂ ਹੁੰਦੀ। ਉਂਞ ਤਾਂ ਆਦਮੀ ਇਕ ਭਾਈਚਾਰਕ ਜੀਵ ਹੈ, ਇਹ ਆਪਣੇ ਸਾਰੇ ਮਾਮਲੇ ਭਾਈਚਾਰਕ ਪੱਧਰ ਤੇ ਲੈ ਆਉਂਦਾ ਹੈ। ਹਾਂ, ਆਦਮੀ ਇਸੀ ਤਰ੍ਹਾਂ ਧਰਮ ਦੇ ਉੱਚ ਭਾਵ ਨੂੰ, ਜਿਨ੍ਹਾਂ ਦਾ ਮੰਡਲ ਬੜਾ ਖੁੱਲ੍ਹਾ ਤੇ ਉੱਚਾ ਹੈ, ਤੇ ਜਿਨ੍ਹਾਂ ਪਰ ਟਿਕੀ ਸੁਰਤ ਬੁੱਧੀ ਦੇ ਮੰਡਲਾਂ ਨੂੰ ਹੇਠਾਂ ਛੱਡਕੇ ਇਕ ਅਕਹਿ ਰਸ ਵਿਚ ਜਾ ਉਡਾਰੀਆਂ ਮਾਰਦੀ ਹੈ, ਇਸੇ ਭਾਈਚਾਰਕ ਪੱਧਰ ਤੇ ਧਰ ਦੇਂਦਾ ਹੈ, ਸਗੋਂ ਕਈ ਵੇਰ ਇਸ ਤੋਂ ਨੀਵਾਂ ਲਹਿ ਜਾਂਦਾ ਹੈ। ਆਦਮੀਅਤ ਦੀ ਉਚਜਾਈ ਨੂੰ ਬੀ ਭੁੱਲ ਜਾਂਦਾ ਹੈ। ਭਾਈਚਾਰਕ ਪੱਧਰ ਬੀ ਜੇ ਨਿਆਂ ਵਾਲੀ ਹੋਵੇ ਤਦ ਬੀ ਸੁਖ ਨਿਕਲੇ, ਪਰ ਉਹ ਬੀ ਧੱਕੇ ਧੋੜੇ ਵਾਲੀ ਹੋ ਰਹੀ ਹੈ। ਭਾਵੇਂ ਸੁਭਾਗ ਨੂੰ ਪਹਿਲਾਂ ਕੋਈ ਪਤਾ ਨਹੀਂ ਸੀ ਕਿ ਧਰਮ ਕੀ ਵਸਤੂ ਹੈ, ਪਰ ਸੱਚ ਦੀ ਟੇਕ ਤੇ ਪਵਿੱਤ੍ਰਤਾ ਦੀ ਕਣੀ ਜੋ ਕਿਸੇ ਸ਼ਕਲ ਵਿਚ ਉਸ ਦੇ ਅੰਦਰ ਦਮਕਦੀ ਸੀ ਉਸ ਨੂੰ ਸਲਾਮਤੀ ਨਾਲ ਹਰ ਦੁਖ ਵਿਚੋਂ ਕੱਢਦੀ ਛੇਕੜ ਉੱਥੇ ਲੈ ਗਈ ਸੀ ਕਿ ਜਿਥੇ ਕੁਦਰਤ ਨੇ ਉਸ ਨੂੰ ਇਕ ਸੱਚ ਮੁੱਚ ਦੇ ਧਰਮ ਵਾਲੇ ਆਦਮੀ ਦਾ ਦਰਸ਼ਨ ਕਰਾਇਆ ਤੇ ਜਿਸ ਨੇ ਉਸ ਦੇ ਅੰਦਰ ਆਤਮ - ਅਨੁਭਵ ਦਾ ਲਿਸ਼ਕਾਰਾ ਦੇ ਕੇ ਉਸ ਦੇ ਦ੍ਰਿਸ਼ਟੀ - ਮੰਡਲ ਨੂੰ ਉੱਚਾ ਕਰ ਦਿਤਾ। ਫਿਰ ਸੁਭਾਗ ਨੂੰ ਉਸੇ ਦਾਤੇ ਦੇ ਵਰੋਸਾਏ ਇਕ ਉੱਚ ਜੀਵਨ ਵਾਲੇ ਦਾ ਸਤਿਸੰਗ ਮਿਲ ਗਿਆ ਸੀ।

ਮਨੁੱਖ ਬੇਸ਼ੱਕ ਚਤਰ ਹੋ ਗਿਆ ਹੈ, ਪਰ ਸੁਖੀ ਨਹੀਂ ਹੋਇਆ। ਭਾਵੇਂ ਭੋਗਾਂ ਤੇ ਮੌਜਾਂ ਤੇ ਸਰੀਰਕ ਸੁਖਾਂ ਦੇ ਸਾਮਾਨ ਵਧ ਗਏ ਹਨ ਪਰ ਬਿਰਤੀ ਆਪਣੇ ਸੁਖ ਵਿਚ ਨਹੀਂ, ਉਹੋ ਲੋਂ ਲਈ ਤ੍ਰਿਸ਼ਨਾ, ਉਹੋ ਦੂਏ ਦਾ ਹੱਕ ਮਾਰਨਾ, ਉਹੋ ਸਾਰੀ ਵਿੱਦਜਾ ਤੇ ਬਲ ਨੂੰ ਦੂਸਰੇ ਦੇ ਦੁਖ ਲਈ ਖਰਚ ਕਰਨਾ, ਉਹੋ ਆਪ ਨੂੰ ਲੋਚਨਾਂ ਤੇ ਹੋਰਨਾਂ ਨੂੰ ਦਬੋਚਨਾ ਦਿਲਾਂ ਵਿਚ ਤੇ ਕੌਮਾਂ ਵਿਚ ਭਰਿਆ ਪਿਆ ਹੈ।

ਜਿਸ ਵੇਲੇ ਬਾਬਾ ਚਲਾ ਗਿਆ ਸੀ, ਸੁਭਾਗ ਨੇ ਉਸ ਵੇਲੇ ਤੋਂ ਉਦਾਸੀ ਦਾ ਫੇਰ ਰੰਗ ਡਿੱਠਾ, ਨਹੀਂ ਤਾਂ ਦਰਯਾ ਵਿਚੋਂ ਨਿਕਲਕੇ ਸੁਰਜੀਤ ਹੋਣ ਮਗਰੋਂ ਫੇਰ ਉਸ ਨੇ ਦਿਲਗੀਰੀ ਨਹੀਂ ਸੀ ਦੇਖੀ। ਉਹ ਸਦਾ ਖਿੜੀ ਤੇ ਟਿਕਵੀਂ ਖੁਸ਼ੀ ਵਿਚ ਰਹਿੰਦੀ ਸੀ, ਮਨ ਉਸ ਦਾ ਸਦਾ ਅਨੰਦ ਵਾਹਿਗੁਰੂ ਦੀ ਯਾਦ ਵਿਚ ਰਹਿੰਦਾ ਸੀ ਹੱਥ ਉਸ ਦੇ ਕਾਰ ਕਰਦੇ ਸਨ। ਪਰ ਅੱਜ ਦਿਲਗੀਰ ਹੋਈ ਕਿ ਪਿਤਾ ਜੀ, ਪਿਆਰੇ ਧਰਮ ਸਰੂਪ ਪਿਤਾ ਜੀ, ਪਤਾ ਨਹੀਂ ਘਰ ਸਲਾਮਤ ਆਉਂਦੇ ਹਨ ਕਿ ਕਿਸੇ ਖੇਚਲ ਦਾ ਮੂੰਹ ਵੇਖਦੇ ਹਨ। ਇਨ੍ਹਾਂ ਫਿਕਰਾਂ ਵਿਚ ਉਸ ਦੀਆਂ ਅੱਖਾਂ ਅਗੋਂ ਆਪਣੇ ਸਾਰੇ ਤਜਰਬੇ ਲੰਘੇ। ਦੋ ਕੁ ਘੰਟੇ ਉਦਾਸ ਰਹੀ, ਫੇਰ ਨੰਦ ਕੌਰ ਨੇ ਆਕੇ ਕਿਹਾ, 'ਬੱਚੀ! ਤੂੰ ਅੱਜ ਕਿਵੇਂ ਦਿਲਗੀਰੀ ਵਿਚ ਪੈ ਰਹੀ ਹੈਂ? ਸੱਚ ਹੈ, ਤੇਰੇ ਪਿਤਾ ਜੀ ਕਿਸੇ ਔਖੇ ਕੰਮ ਗਏ ਹਨ, ਪਰ ਮਰਦ ਹੀ ਔਖੇ ਕੰਮ ਕਰਦੇ ਹਨ ਨਾਂ।'

ਸੁਭਾਗ— ਅੰਮਾ ਜੀ! ਤੁਸਾਨੂੰ ਪਤਾ ਨਹੀਂ ਕਿ ਮੈਂ ਸੰਸਾਰ ਦੇ ਕਿਨ੍ਹਾਂ ਚੱਕ੍ਰਾਂ ਵਿਚੋਂ ਲੰਘਕੇ ਆਈ ਹਾਂ, ਮੈਨੂੰ ਪਤਾ ਹੋਣ ਕਰਕੇ ਤੌਖਲਾ ਵਧੇਰਾ ਖਾ ਰਿਹਾ ਹੈ।

ਨੰਦ ਕੌਰ— ਸੁਣ ਬੱਚੀ! ਤੌਖਲਾ ਤੇ ਸਿੱਖ!! ਦੋਹਾਂ ਨੂੰ ਕੱਠਿਆਂ ਨਹੀਂ ਕਰਨਾ ਚਾਹੀਦਾ। ਭਾਵੇਂ ਸੱਚ ਹੈ ਕਿ ਦਿਲ ਔਖੀ ਵੇਲੇ ਹੌਲ ਖਾਧੇ ਬਿਨਾਂ ਰਹਿ ਨਹੀਂ ਸਕਦਾ, ਪੱਕੀਆਂ ਹੋਈਆਂ ਸੁਰਤਾਂ ਭੀ ਹਿੱਲ ਜਾਂਦੀਆਂ ਹਨ ਤੇ ਦਿਲ ਦਿਲਗੀਰੀਆਂ ਵਿਚ ਜਾ ਢਹਿੰਦਾ ਹੈ, ਪਰ ਸਿੱਖ ਦਾ ਧਰਮ ਇਹ ਤਾਂ ਨਹੀਂ ਨਾਂ ਕਿ ਰੁੜ੍ਹ ਜਾਵੇ ਤੇ ਹੌਲ ਨੂੰ ਆਖੇ ਕਿ ਆ ਮੇਰੇ ਕਾਲਜੇ ਨੂੰ ਖਾ ਜਾਹ, ਮੈਂ ਨਿਤਾਣਾ ਹੋ ਪਿਆ ਹਾਂ ਤੇ ਤੇਰਾ ਸ਼ਿਕਾਰ ਬਣ ਗਿਆ ਹਾਂ।

ਸੁਭਾਗ— ਤੇ ਫੇਰ ਅੰਮਾਂ ਜੀ! ਕੀ ਕਰੀਏ? ਜਿਸ ਨਿਖੁੱਟੀ ਨੂੰ ਘਰ ਬਾਰ, ਦੇਸ਼ ਵਤਨ, ਮਾਪੇ, ਸੱਜਣ ਗੁਆਕੇ ਤੇ ਪਦਾਰਥ ਵਞਾ ਕੇ ਆਪ ਦੇ ਘਰ ਦਾ ਆਸਰਾ ਮਿਲਿਆ ਹੋਵੇ, ਓਹ ਘਰ ਦੇ ਪਿਤਾ ਨੂੰ ਕਿਸੇ ਔਖ ਵਿਚ ਜਾਂਦਿਆਂ ਵੇਖੇ ਤਾਂ ਉਹ ਹੌਲ ਤੋਂ ਕੀਕੂੰ ਕਾਲਜੇ ਨੂੰ ਬਚਾ ਸਕੇ?



SIKHBOOKCLUB.COM

ਨੰਦ ਕੌਰ - ਬੱਚੀ!

ਅਰਦਾਸ ਨਾਲ,

ਸਿਦਕ ਨਾਲ,

ਚੜ੍ਹਦੀਆਂ ਕਲਾਂ ਨਾਲ।

ਤ੍ਰੈ ਦਾਰੂ ਗੁਰਸਿਖਾਂ ਦੇ ਪਾਸ ਹਨ।

ਅਰਦਾਸ ਕਰ ਕਿ "ਹੇ ਵਾਹਿਗੁਰੂ! ਮੇਰੇ ਪਿਤਾ ਦੇ ਅੰਗ ਸੰਗ ਹੋ"।

ਭਰੋਸਾ ਕਰ ਕਿ "ਮੇਰੇ ਪਿਤਾ ਨੇ ਕਦੇ ਵਾਹਿਗੁਰੂ ਨੂੰ ਨਹੀਂ ਭੁਲਾਇਆ, ਵਾਹਿਗੁਰੂ ਉਨ੍ਹਾਂ ਦੇ ਅੰਗ ਸੰਗ ਹੈ, ਕਦੇ ਦੂਰ ਨਹੀਂ ਹੋ ਸਕਦਾ।"

ਚੜ੍ਹਦੀਆਂ ਕਲਾਂ ਵਿਚ ਉੱਠ ਤੇ ਦੇਖ ਕਿ "ਅਰਸ਼ਾਂ ਦੇ ਫਰੇਸ਼ਤੇ, ਅਣਡਿੱਠ ਜਗਤ ਦੀਆਂ ਗੁਪਤ ਤਾਕਤਾਂ, ਗੁਰੂ ਕਲਗੀਆਂ ਵਾਲੇ ਦੇ ਅਕਾਲੀ ਬੇੜੇ ਦੇ ਅਣਦਿੱਸਦੇ ਮਹਾਂ ਪੁਰਖ ਪਰੋਪਕਾਰੀ ਸਿੱਖ ਤੇਰੇ ਪਿਤਾ ਦੇ ਨਾਲ ਨਾਲ ਜਾ ਰਹੇ ਹਨ। ਵਾਹਿਗੁਰੂ ਨੇ ਆਪਣੇ ਪਿਆਰੇ ਉਨ੍ਹਾਂ ਦੀ ਰਾਖੀ ਲਈ ਘੱਲੇ ਹਨ ਤੇ ਓਹ ਉਨ੍ਹਾਂ ਦੀ ਛਾਵੇਂ ਟੁਰ ਰਹੇ ਹਨ"।

ਕਾਕੀ— ਉਨ੍ਹਾਂ ਦੀ ਵਾ ਵੱਲ ਕੌਣ ਤੱਕਣ ਵਾਲਾ ਜੰਮ ਪਿਆ ਹੈ? ਕੋਈ ਔਖ ਉਨ੍ਹਾਂ ਨੂੰ ਨਪ ਨਹੀਂ ਸਕਦਾ, ਉਨ੍ਹਾਂ ਅੱਗੇ ਹਰ ਬਲਾ ਜੋ ਆਵੇਗੀ ਰੱਦ ਹੋ ਜਾਵੇਗੀ। ਭੋਲੀਏ! 'ਜੀਉਂਦੇਂ' ਨੂੰ 'ਮੁਰਦਾ' ਮਾਰ ਸਕਦਾ ਹੈ? ਤੇਰੇ ਪਿਤਾ ਜੀ ਦੇ ਅੰਦਰ ਜੀਵਨ ਦੀ ਕਣੀ ਹੈ, ਉਹ ਕਣੀ ਹੈ:-

"ਕਿਨਕਾ ਏਕ ਜਿਸੁ ਜੀਅ ਬਸਾਵੈ॥

ਤਾ ਕੀ ਮਹਿਮਾ ਗਨੀ ਨ ਆਵੈ॥"

ਉਸ ਜੀਉਂਦੇ ਕਿਣਕੇ ਨੇ ਉਹਨਾਂ ਨੂੰ 'ਜੀਵਾ' ਕੀਤਾ ਹੈ, ਤੂੰ ਆਪ ਉਹ ਕਿਣਕਾ ਪਾਇਆ ਹੈ, ਤੂੰ ਜੀਵੀ ਹੋਈ ਹੈਂ, ਤੈਨੂੰ ਪਤਾ ਹੈ; ਫੇਰ ਚੜ੍ਹਦੀਆਂ ਕਲਾਂ ਵਿਚ ਆ ਤੇ ਸੋਚ ਕਿ ਤੇਰੇ ਪਿਤਾ ਜੀ ਜੀਂਵਦੇ ਹਨ ਤੇ ਮੁਰਦੇ ਲੋਕ ਜਿਨ੍ਹਾਂ ਦੇ ਅੰਦਰ ਲਿਵ ਨਹੀਂ ਹੈ ਓਹ ਜੀਉਂਦੇ ਦਾ ਕੀਹ ਕਰ ਸਕਦੇ ਹਨ?

"ਸਾਚੀ ਲਿਵੈ ਬਿਨੁ ਦੇਹ ਨਿਮਾਣੀ"

ਲਿਵ ਤੋਂ ਸੱਖਣੀ ਦੇਹ ਨਿਮਾਣੀ ਹੋ ਚੁਕੀ ਹੈ, ਨਿਮਾਣਿਆਂ ਨੇ ਤੇਰੇ ਪਿਤਾ ਨੂੰ ਕੀ ਕਰ ਸੱਕਣਾ ਹੈ? ਕੌਣ ਹੈ ਜੋ ਉਹਨਾਂ ਪਰ ਭਾਰੂ ਹੈ:-

"ਹਾਥੁ ਪਸਾਰਿ ਸਕੈ ਕੋ ਜਨ ਕਉ

ਬੋਲਿ ਸਕੈ ਨ ਅੰਦਾਜਾ॥"

ਕਿਉਂ ਆਪਣੇ ਸੁਹਣੇ ਬਾਬਲ ਨੂੰ ਤੂੰ ਵਾਹਿਗੁਰੂ ਤੋਂ ਭੁੱਲੇ, ਲਿਵ ਛੁਟਕੇ, ਨਿਤਾਣੇ ਜੀਵਾਂ ਵਾਂਗੂੰ ਸਮਝਕੇ ਅਪਣੇ ਢੱਠੇ ਧਿਆਨ ਨਾਲ ਉਹਨਾਂ ਦੀ ਸੁਰਤ ਨੂੰ ਡੇਗਣ ਦਾ ਜਤਨ ਕਰ ਰਹੀ ਹੈਂ?

ਸੁਭਾਗ— ਅੰਮਾਂ! ਮੈਂ ਇਹ ਗਲ ਨਹੀਂ ਸਮਝੀ।

ਨੰਦ ਕੌਰ— ਬੱਚੀ! ਪਿਆਰ ਤੇ ਭੈ ਦੇ ਕਾਰਨ ਤੇਰੇ ਮਨ ਅੱਗੇ ਤੇਰੇ ਪਿਤਾ ਦਾ ਦ੍ਰਿੜ੍ਹ ਧਿਆਨ ਬੱਝ ਗਿਆ ਹੈ ਤੇ ਤੂੰ ਕਰ ਰਹੀ ਹੈਂ ਫਿਕਰ ਤੇ ਤੌਖਲਾ, ਇਸ ਤਰ੍ਹਾਂ ਤੇਰੇ ਫਿਕਰ ਤੌਖਲੇ ਦੀਆਂ ਲਹਿਰਾਂ ਉਨ੍ਹਾਂ ਦੇ ਮਨ ਤੇ ਪੈ ਰਹੀਆਂ ਹਨ ਤੇ ਚਾਹੀਦਾ ਇਹ ਹੈ ਕਿ ਅਸੀਂ ਐਸੀਆਂ ਲਹਿਰਾਂ ਘੱਲੀਏ ਕਿ ਜੋ ਉਹਨਾਂ ਦੀ ਸੁਰਤ ਨੂੰ ਉੱਚਾ ਕਰਨ ਵਿਚ ਡਾਢ ਦੇਣ।

ਸੁਭਾਗ— ਕਿਵੇਂ?

ਨੰਦ ਕੌਰ— ਬੱਚੀ! ਜੇ ਤਾਂ ਮਨ ਆਪਣਾ ਉੱਚਾ ਨਹੀਂ ਹੁੰਦਾ ਤਾਂ ਵਾਹਿਗੁਰੂ, ਗੁਰੂ ਕਲਗੀਆਂ ਵਾਲੇ ਦਾ ਧਿਆਨ ਕਰਕੇ ਉਹਨਾਂ ਦੇ ਚਰਨਾਂ ਵਿਚ ਅਰਦਾਸ ਕਰੋ ਕਿ "ਹੇ ਸੱਚੇ ਪਾਤਸ਼ਾਹ! ਤੁਸੀਂ ਮੇਰੇ ਬਾਬਲ ਦੇ ਅੰਗ ਸੰਗ ਹੋ ਕੇ ਉਹਨਾਂ ਦੇ ਸਹਾਈ ਹੋਵੋ"।

ਜੇ ਸੁਰਤ ਸਿਦਕ ਵਿਚ ਆਕੇ ਚੰਗੀ ਜੁੜਨ ਲੱਗ ਗਈ ਹੈ ਤਾਂ ਇਹ ਤੱਕੋ ਕਿ ਬਾਬਲ ਜੀ ਦੇ ਸਿਰ ਤੇ - "ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ ॥ ਪ੍ਰਤਿਪਾਲੈ ਨਿਤ ਸਾਰਿ ਸਮਾਲੈ" ਖੜਾ ਹੈ। ਹਾਂ "ਸਾਣਥ ਮੇਰੀ ਆਪ ਖੜਾ" ਨਾਲ ਨਾਲ ਜਾ ਰਿਹਾ ਹੈ। ਨਹੀਂ ਨਹੀਂ, ਅੱਗੇ ਅੱਗੇ ਜਾਕੇ ਕੰਮ ਕਾਜ ਸੁਆਰ ਰਿਹਾ ਹੈ :- "ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥੧॥ ਸੇਵਕ ਕਉ ਨਿਕਟੀ ਹੋਇ ਦਿਖਾਵੈ॥"

ਗੁਰੂ ਵਾਕ ਹੈ:-

"ਊਠਤ ਸੁਖੀਆ ਬੈਠਤ ਸੁਖੀਆ॥ ਭਉ ਨਹੀ ਲਾਗੈ ਜਾਂ ਐਸੇ ਬੁਝੀਆ॥੧॥ ਰਾਖਾ ਏਕੁ ਹਮਾਰਾ ਸੁਆਮੀ॥ ਸਗਲ ਘਟਾ ਕਾ ਅੰਤਰਜਾਮੀ॥੧॥ ਰਹਾਉ॥ ਸੋਇ ਅਚਿੰਤਾ ਜਾਗਿ ਅਚਿੰਤਾ॥ ਜਹਾ ਕਹਾਂ ਪ੍ਰਭੁ ਤੂੰ ਵਰਤੰਤਾ॥੨॥ ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ॥ ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ"॥੩॥੨॥

SIKHBOOKCLUB.COM

ਸੁਭਾਗ— (ਲੰਮਾਂ ਸਾਹ ਲੈ ਕੇ ਤੇ ਅੰਮਾਂ ਨੂੰ ਗਲੱਕੜੀ ਪਾ ਕੇ) ਮਾਂ ਜੀ! ਤੁਸਾਂ ਮੇਰੇ ਕਾਲਜੇ ਨੂੰ ਠੰਢ ਪਾ ਦਿੱਤੀ ਹੈ। ਮੈਂ ਕੇਡੀ ਮੂਰਖ ਹਾਂ ਜੋ ਆਪਣੇ ਐਸੇ ਬਾਬਲ ਲਈ ਤੌਖਲਾ ਕਰ ਰਹੀ ਹਾਂ ਕਿ ਜਿਸ ਦੇ ਅੰਦਰ ਸੱਚੇ ਗੁਰੂ ਨੇ 'ਨਾਮ' ਦਾ ਮਹਾਂ ਮੰਤ੍ਰ ਦ੍ਰਿੜ ਕਰ ਦਿੱਤਾ ਹੈ; ਉਨ੍ਹਾਂ ਲਈ 'ਘਰਿ ਸੁਖਿ ਵਸਿਆ' ਤੇ ਉਨ੍ਹਾਂ ਨੇ 'ਬਾਹਰਿ ਸੁਖੁ ਪਾਇਆ' ਹੈ। ਅੰਮਾਂ ਮੈਂ ਭੁਲਿਆਂ ਵਿਚੋਂ ਹਾਂ, ਤੁਸਾਂ ਮੋਈ ਨੂੰ ਜਿਵਾ ਕੇ ਗੋਦੀ ਪਾਯਾ ਹੈ, ਪਰ ਮੈਨੂੰ ਪੁਰਾਣਾ ਸੁਭਾਉ 'ਤੌਖਲੇ ਦਾ' ਆ ਹੀ ਜਾਂਦਾ ਹੈ। ਮੈਂ ਕੀ ਕਰਾਂ?

ਅੰਮਾਂ— ਬੱਚਾ! ਤਕੜੀ ਹੋ। ਜੋ 'ਲਿਵ' ਤੋਂ ਖਾਲੀ ਹੈ, ਤ੍ਰਿਸ਼ਨਾ ਵਿਚ ਹੈ, ਉਹ ਤੌਖਲੇ ਵਿਚ ਹੈ। ਜਾਂ ਢੱਠੇ ਹੋਏ ਤੌਖਲੇ ਵਿਚ, ਜਾਂ ਹੰਕਾਰ ਭਰੇ ਤੌਖਲੇ ਵਿਚ। ਅਸਲ ਤਾਕਤ ਲਿਵ ਵਾਲੇ ਵਿਚ ਹੈ। ਤੈਨੂੰ ਜੋ ਹੌਲ ਪਿਆ ਹੈ ਇਹ ਲਿਵ ਛੁੱਟਣ ਦਾ, ਜਾਂ ਭੈ ਭਰਮ ਦਾ ਪੈਦਾ ਕੀਤਾ ਤੌਖਲਾ ਨਹੀਂ, ਤੇ ਨਾ ਹੀ ਇਹ ਵਹਿਮ ਤੇ ਈਰਖਾ ਦਾ ਤੌਖਲਾ ਹੈ। ਤੈਨੂੰ ਪਿਤਾ ਦੇ ਪਿਆਰ ਨੇ ਘਬਰਾਯਾ ਹੈ ਤੇ ਉਸ ਘਬਰਾ ਕਰਕੇ ਤੇਰੀ ਸੁਰਤ ਨਾਮ ਤੋਂ ਹਿੱਲਕੇ ਭੈ ਦੇ ਘਰ ਜਾ ਵੜੀ, ਫੇਰ ਤੌਖਲੇ ਨੇ ਤੈਨੂੰ ਨੱਪ ਲਿਆ। ਮੈਂ ਸਮਝਦੀ ਹਾਂ ਇਹ ਮੋਹ ਤੇ ਪਿਆਰ ਦਾ ਮਾਮਲਾ ਹੈ। ਜੇ ਤੈਨੂੰ ਪਿਤਾ ਵਿਚ ਕੋਈ ਹੁੱਬ ਨਾਂ ਹੁੰਦੀ ਤੇ ਤੂੰ ਬੇਅਸਰ ਦਿਲ ਰਹਿੰਦੀਓਂ ਤਾਂ ਮੈਂ ਤੈਨੂੰ ਖਰਫ਼ ਗਿਆਨਣ ਤੇ ਕੋਰੜੂ ਪੰਡਤ ਆਖਦੀ, ਜਿਸ ਦੇ ਮਨ ਵਿਚ ਅਸਲੀ ਖ਼ੁਸ਼ਬੋ ਨਹੀਂ। ਪਿਆਰ ਹੋਵੇ, ਪਿਆਰ ਦੇ ਵਲਵਲੇ ਉੱਠਣ, ਪਰ ਪਿਆਰ ਦੇ ਵਲਵਲੇ ਉੱਠ ਕੇ ਸਾਨੂੰ ਉੱਚਾ ਲੈ ਜਾਣ, ਸਿਦਕ ਭਰੋਸੇ ਚੜ੍ਹਦੀਆਂ ਕਲਾਂ ਵਿਚ ਲੈ ਜਾਣ, ਇਹ ਅਸਲ 'ਜੀਵੇਂ' ਹੋਣਾ ਹੈ।

ਸੁਭਾਗ— ਪਰ ਅੰਮਾਂ! ਜਦੋਂ ਇਹੋ ਜੇਹੀ ਠੁਹਕਰ ਵੱਜੇ ਤਾਂ ਉੱਠੇ ਕੀਕੂੰ, ਜਿਵੇਂ ਜੇ ਤੁਸੀਂ ਅੱਜ ਮੈਨੂੰ ਨਾਂ ਉਠਾਲਦੇ ਤਾਂ ਮੈਂ ਅਪਣੇ ਵਹਿਮਾ ਵਿਚ ਰੁੜ੍ਹੀ ਹੀ ਜਾਂਦੀ ਤੇ ਬਾਪੂ ਜੀ ਨੂੰ ਆਪਣੇ ਤੌਖਲੇ ਵਾਲੇ ਖਿਯਾਲਾਂ ਦੀਆਂ ਰੌਆਂ ਘੱਲੀ ਜਾਂਦੀ ਤੇ ਸਗੋਂ ਪਿਆਰ ਦੀ ਥਾਂ ਭੁਲੇਵੇ ਵਿਚ ਪਈ ਇਕ ਤਰ੍ਹਾਂ ਵੈਰ ਕਰੀ ਜਾਂਦੀ।

ਅੰਮਾਂ— ਤੁਸੀਂ ਹੌਲੇ ਹੌਲੇ ਤਕੜੇ ਹੋ ਜਾਉਗੇ, ਚੇਤੇ ਰਖੋ, ਮਨ ਕਦੇ ਨਾ ਡੋਲੇ। ਜੇ ਡੋਲੇ ਤਾਂ ਅਰਦਾਸ ਕਰੇ; ਗੁਰਬਾਣੀ ਦਾ ਵਿਚਾਰ ਕਰੇ, ਗੁਰ ਸਿੱਖਾਂ ਦੀਆਂ ਕਰਨੀਆਂ ਸਿਦਕ ਤੇ ਭਰੋਸਿਆਂ ਦਾ ਚੇਤਾ ਕਰੇ। ਕੋਈ ਪ੍ਰੇਮੀ ਨਾਮ ਪਿਆਰ ਵਾਲਾ ਨੇੜੇ ਹੋਵੇ ਤਾਂ ਉਸ ਨਾਲ ਦੁੱਖ ਵੰਡੇ, ਬੱਸ ਕਾਰਜ ਰਾਸ ਹੈ। ਸਤਿਸੰਗ ਹੀ ਸਦਾ ਸੱਚਾ ਆਸਰਾ ਪਰਨਾ ਹੈ।

ਕਾਕੋ! ਇਹ ਵੀ ਇਕ ਵਿਦਜਾ ਹੈ, ਇਹ ਵਿਦਜਾ ਸਮੇਂ ਸਿਰ ਆਉਂਦੀ ਹੈ। ਏਸ ਵਿਦਜਾ ਨਾਲ ਸਾਡੇ 'ਅੰਦਰਲੇ' ਨੂੰ ਉਚਜਾਣਾਂ ਲਭਦੀਆਂ ਹਨ। ਜਿਉਂ ਜਿਉਂ ਹੱਡੀਂ ਵਾਪਰਨ, ਤਿਉਂ ਤਿਉਂ ਸਤਿਸੰਗ ਦੀ ਮਿਹਰ ਨਾਲ ਵੱਧ ਤੋਂ ਵੱਧ ਇਹ ਵਿਦਜਾ ਆਉਂਦੀ ਜਾਂਦੀ ਹੈ। ਸੋ ਅੱਜ ਤੂੰ ਕਾਕੋ! ਇਕ ਸਿਖਜਾ ਹੋਰ ਸਿੱਖੀ ਹੈ।

ਸੁਭਾਗ— ਹੁਣ ਮਾਂ ਜੀ! ਫੇਰ ਮੇਰੀਆਂ ਅੱਖਾਂ ਅੱਗੇ ਬਾਬਲ ਜੀ ਘੋੜੇ ਤੇ ਚੜ੍ਹੇ ਜਾ ਰਹੇ ਦਿੱਸਦੇ ਹਨ। ਲਾਲ ਚਿਹਰਾ ਹੈ, ਬੜੇ ਖ਼ੁਸ਼ ਹਨ ਤੇ ਉਚੇ ਰੰਗ ਵਿਚ ਹਨ। ਵਾਹਿਗੁਰੂ ਵਲ ਉਨ੍ਹਾਂ ਦਾ ਧਿਆਨ ਹੈ ਤੇ ਉਤੋਂ ਵਾਹਿਗੁਰੂ ਦੀ ਮਿਹਰ ਦਾ ਮੀਂਹ ਉਨ੍ਹਾਂ ਉਤੇ ਵੱਸ ਰਿਹਾ ਹੈ। ਹਰ ਸ਼ੈ, ਹਰ ਜੀਵ, ਹਰ ਆਦਮੀ ਉਨ੍ਹਾਂ ਦੇ ਅੱਗੇ ਝੁਕ ਰਿਹਾ ਹੈ ਤੇ ਉਹ ਸ਼ੇਰ ਵਾਂਗੂੰ ਨਿਰਭੈ ਜਾ ਰਹੇ ਹਨ।

ਅੰਮਾ— ਬੱਸ ਬੱਚਾ, ਇਹ ਹੈ ਧਿਆਨ ਜੋ ਤੇਰੇ ਬਾਬਲ ਜੀ ਨੂੰ ਸੁਖ ਦੇਵੇਗਾ, ਉਹਨਾਂ ਨਾਲ ਤੇਰੇ ਪਯਾਰ ਦਾ ਇਹ ਸੁਖਦਾਈ ਹਿੱਸਾ ਹੈ। ਲਿਵ ਵਾਲਿਆਂ ਦਾ ਇਹੋ ਪਿਆਰ ਹੈ, ਆਪ ਉੱਚਾ ਰਹਿਣਾ ਲਿਵ ਵਿਚ, ਚੜ੍ਹਦੀਆਂ ਕਲਾਂ ਵਿਚ ਤੇ ਪਿਆਰੇ ਦੇ ਮਨ ਨੂੰ ਉੱਚਾ ਰੱਖਣ ਦਾ ਤੋਸ਼ਾ ਘੱਲੀ ਜਾਣਾ। ਪਿਆਰ ਬੜਾ ਉਡਣ ਪੰਖੇਰੂ ਹੈ, ਖਿਆਲ ਨਾਲ ਪਿਆਰ ਨੂੰ, ਬੱਚਾ! ਸੈਆਂ ਕੋਹਾਂ ਤੇ ਟੋਰ ਦੇਈਦਾ ਹੈ ਤੇ ਪਿਆਰ ਨਾਲ ਪਿਆਰ ਦੀ ਸੁਰਤ ਨੂੰ ਉੱਚਾ ਕਰੀ ਜਾਈਦਾ ਹੈ।

ਇਸ ਤਰ੍ਹਾਂ ਬਚਨ ਬਿਲਾਸ ਪਿੰਡ ਦੀ ਇਕ ਸਿਆਣੀ, ਸਿੱਧੀ ਸਾਦੀ, ਪਰ ਸੁਰਜੀਤ ਅੰਦਰਲੇ ਵਾਲੀ, ਗੁਰਬਾਣੀ ਦੀ ਗੂਹੜੀ ਵਰਤੋਂ ਤੇ ਸਮਝ ਵਾਲੀ ਮਾਈ ਆਪਣੀ ਪਿਆਰੀ ਪੁੱਤ੍ਰੀ ਨਾਲ ਕਰਦੀ ਰਹੀ। ਆਪ ਭੀ ਤੇ ਕਾਕੀ ਭੀ ਇਹ ਸੁਹਣਾ ਸਹਾਰਾ, ਆਪਣੇ ਪਰਉਪਕਾਰ ਦੇ ਕੰਮ ਤੇ ਗਏ ਜੀਉਂਦੇ ਪਿਆਰੇ ਨੂੰ ਘੱਲਦੀਆਂ ਰਹੀਆਂ। ਅਗੋਂ ਪਾਠਕਾਂ ਨੂੰ ਪਤਾ ਹੀ ਹੈ ਕਿ ਕੀਕੂੰ ਬਾਬੇ ਹੁਰੀਂ ਜਿਣ ਘਰ ਆਏ ਸਨ।

ਇਸ ਤੋਂ ਮਗਰੋਂ ਜਦ ਤਕ ਕਿ ਮਾਮਲੇ ਦਾ ਫੈਸਲਾ ਨਹੀਂ ਹੋ ਗਿਆ ਕਈ ਵੇਰ ਸੁਭਾਗ ਜੀ ਨੂੰ ਤੌਖਲਾ ਉਠ ਖੜੋਂਦਾ, ਪਰ ਉਹ ਝਟ ਦੂਰ ਹੋ ਜਾਂਦਾ, ਕਿਉਂਕਿ ਹੁਣ ਉਸ ਨੂੰ - ਜੋ ਬਾਣੀ ਦੀ ਰਸੀਆ ਹੋ ਚੁਕੀ ਸੀ, ਜਿਸ ਦੇ ਅੰਦਰ ਨਾਮ ਦੀ ਲਿਵ ਆ ਗਈ ਸੀ - ਇਹ ਜਾਚ ਭੀ ਆ ਗਈ ਸੀ ਕਿ ਨਾਮੀ ਪੁਰਖ ਦੀ ਸੁਰਤ ਜਦੋਂ ਕਿਸੇ ਹੀ ਕਾਰਨ ਕਰਕੇ 'ਖੇੜੇ' ਦੇ ਘਰ ਵਿਚੋਂ ਨਿਕਲਕੇ 'ਤੌਖਲੇ' ਦੇ ਘਰ ਚਲੀ ਜਾਵੇ ਤਾਂ ਕੀਕੂੰ ਉਸ ਨੂੰ ਉਥੋਂ ਕੱਢ ਕੇ ਫੇਰ ਅਸਲੀ ਚੜ੍ਹਦੀਆਂ ਕਲਾਂ ਦੀ ਉਚਿਆਈ ਤੇ ਪੁਚਾ ਲਈਦਾ ਹੈ। ਉਸ ਨੂੰ 'ਅਰਦਾਸ ਕਿਸ ਵੇਲੇ ਦਾ ਦਾਰੂ ਹੈ' ਸਮਝ ਆ ਗਈ। ਬਾਣੀ ਦੀ ਵਿਚਾਰ ਤੇ ਗੁਰ-ਸਿਖਾਂ ਦੀਆਂ ਸਾਖੀਆਂ ਤੋਂ ਕੀਕੂੰ ਸੁਰਤ ਚੜ੍ਹਦੀਆਂ ਕਲਾਂ ਵਿਚ ਲਿਜਾਈਦੀ ਹੈ, ਇਹ ਸੋਝੀ ਤੇ ਅਮਲੀ ਵਰਤੋਂ ਆ ਗਈ। ਹਾਂ, ਕੀਕੂੰ ਦੁਖ ਵੇਲੇ ਆਪ ਉੱਚੇ ਰਹੀਦਾ ਹੈ ਤੇ ਕੀਕੂੰ ਪਿਆਰਿਆਂ ਦੀ ਸੁਰਤ ਨੂੰ ਦੁਖ ਵੇਲੇ ਆਪਣੀ ਸੁਰਤ ਨਾਲ, ਕਿ ਅਰਦਾਸ ਨਾਲ, ਤੁਲ੍ਹਾ ਦੇਈਦਾ ਹੈ। ਉਸ ਨੂੰ ਸਿਦਕ ਦੀ ਸਮਝ ਪੈ ਗਈ ਕਿ ਵਾਹਿਗੁਰੂ ਅੰਗ ਸੰਗ ਹੈ ਤੇ ਸਾਡਾ ਪਿਤਾ ਹੈ ਤੇ ਸਾਡਾ ਉਸ ਦਾ ਨਿਜ ਦਾ ਸੰਬੰਧ ਹੈ। ਜਿੱਦਾਂ ਜਗਤ ਵਾਲਾ ਸਰੀਰਕ ਪਿਤਾ ਪਿਆਰ ਕਰਦਾ ਹੈ ਏਦਾਂ ਰਬ ਸਾਡੇ ਨਾਲ ਪਿਆਰ ਕਰਦਾ ਹੈ। ਹਰ ਪ੍ਰਾਣੀ ਉਸ ਦਾ ਪੁੱਤ ਹੈ ਤੇ ਇਸ ਪਿਆਰ ਵਾਲੇ ਨਾਤੇ ਦਾ ਨਿਜ ਦਾ ਸੰਬੰਧ ਇਹ ਸੱਚਾ ਸੁਖ ਹੈ। ਉਹ ਪਿਆਰ ਕਰਦਾ ਹੈ, ਅਸੀਂ ਉਸ ਨੂੰ ਯਾਦ ਨਹੀਂ ਰਖਦੇ, ਉਸ ਦੀ ਯਾਦ ਨੂੰ, ਉਸ ਦੇ ਪਿਆਰ ਨੂੰ ਅੰਦਰ ਵਸਾਉਣਾ ਸਾਡਾ ਕੰਮ ਹੈ, ਉਸ ਦੀ ਸ਼ਰਨ ਰਹਿਣਾ, ਉਸ ਨਾਲ ਲਿਵ ਵਿਚ ਵੱਸਣਾ, ਉਸ ਦੀ ਹਜ਼ੂਰੀ ਵਿਚ ਵਿਚਰਨਾ ਵਰਤੋਂ ਹੈ। ਫੇਰ:-

"ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ॥ ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ॥੧॥ ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ॥ ਰਾਮ ਨਾਮ ਅਉਖਧੁ ਦੀਆ ਏਕਾ ਲਿਵ ਲਾਈ॥੧॥ਰਹਾਉ॥ ਰਾਖਿ ਲੀਏ ਤਿਨਿ ਰਖਨਹਾਰਿ ਸਭ ਬਿਆਧਿ ਮਿਟਾਈ॥ ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ"॥੨॥

(ਬਿਲਾਵਲੁ ਮ:੫੨੯)

* * * * *

੧੩.

"ਹੋਇ ਸਤਾਣਾ ਘੁਰੈ ਨ ਮਾਵੈ
ਸਾਹਿ ਗਇਐ ਪਛੁਤਾਇ।"

ਇਕ ਦਿਨ ਬਾਬਾ ਖੂਹ ਤੇ ਬੈਠਾ ਸੁਖਮਨੀ ਸਾਹਿਬ ਦਾ ਪਾਠ ਕਰ ਰਿਹਾ ਸੀ। ਦੁਪਹਿਰਾਂ ਦਾ ਵੇਲਾ ਤੇ ਵਿਸਾਖ ਦੀ ਰੁੱਤ ਸੀ, ਪੱਛੋਂ ਦੀ ਸੁਹਾਵੀ ਹਵਾ ਰੁਮਕ ਰਹੀ ਸੀ ਕਿ ਗਾਮਾਂ ਮੋਚੀ ਭੱਜਾ ਆਯਾ ਤੇ ਆਖਣ ਲੱਗਾ: 'ਬਾਬਾ! ਢੇਰੀਆਂ ਕੋਲ ਮੱਕੂ ਬੱਝਾ ਪਿਆ ਈ।'

ਬਾਬਾ— ਕੌਣ ਕੌਣ ਲੜ ਪਏ ਹਨ?

ਗਾਮਾ— ਲੜੇ ਤਾਂ ਕੋਈ ਨਹੀਂ। ਉਹ ਬਾਬਾ! ਧੂਤੂ ਕਰਦੀ ਗੱਡੀ ਪੁੱਠੀ ਹੋਈ ਪਈ ਹੈ! ਹੇਠਾਂ ਇਕ ਸਾਹਿਬ ਤੇ ਮੇਮ ਤੇ ਇਕ ਗੱਡੀਵਾਨ ਪਏ ਚੂੰ ਚੂੰ ਕਰਦੇ ਹਨ। ਖੂਬ ਮੱਕੂ ਬੱਝਾ ਏ।

ਬਾਬਾ— ਫੇਰ ਤੂੰ ਕੱਢਣਾ ਸੀ?

ਗਾਮਾ— ਲੈ ਕੱਢਣਾ ਸੀ! ਅੱਗੇ ਰਾਂਝਾ ਮਸੀਂ ਮਸੀਂ ਛੁੱਟਾ ਹੈ, ਉਤੋਂ ਹੁਣ ਮੈਂ ਫਸ ਜਾਵਾਂ? ਫੇਰ ਬਾਬਾ! ਤੂੰ ਸਾਡਾ ਬਾਪੂ ਹੋਯਾ, ਤੈਨੂੰ ਹੀ ਭੱਜਣਾ ਪੈਂਦਾ।

ਬਾਬਾ— ਕਿਉਂ ਬਈ, ਇਹ ਤਾਂ ਮਾੜਾ ਕੰਮ ਨਹੀਂ ਸੀ?

ਗਾਮਾ— ਬਾਬਾ! ਏਹਨਾਂ ਲੋਕਾਂ ਦਾ ਕੀ ਪਤਾ ਹੈ। ਖਬਰੇ ਪਿੱਛੋਂ ਆਖ ਦੇਣ ਕਿ ਏਸ ਨੇ ਹੀ ਗੱਡ ਪਾਸ ਪਾਈ ਹੈ ਤੇ ਪੁਲਸ ਪਈ ਪੁੱਛੇ ਸਬੂਤ ਕਰੋ ਕਿ ਗੱਡ ਤੁਸਾਂ ਨਹੀਂ ਡੇਗੀ? ਤੇ ਜੇ ਕਿਤੇ ਮਰ ਜਾਣ ਤਾਂ ਪਈ ਚੋਰੀ ਲੱਗੇ ਕਿ ਏਹਨਾਂ ਦੇ ਖੀਸੇ ਵਿਚੋਂ ਹੀਰੇ ਕੱਢ ਲਏ ਨੇ। ਬਾਬਾ! ਮੇਰੀ ਕੌਣ ਉਗਾਹੀ ਭਰੂ ਜੋ ਮੈਂ ਤਾਂ ਨੇਕੀ ਕੀਤੀ ਸੀ? ਦੱਸ ਖਾਂ?

ਬਾਬਾ ਉਸ ਦੀ ਸੋਚ ਪਰ ਹੱਸ ਪਿਆ ਤੇ ਆਖਣ ਲੱਗਾ; 'ਗਾਮਿਆਂ! ਸੱਚ ਆਖਿਆ ਈ। ਅਸੀਂ ਲੋਕ ਅਨਪੜ੍ਹ ਸਾਂ ਪਰ ਸੱਚ ਬੋਲਦੇ ਸਾਂ। ਸਿੱਖਾਂ ਦੇ ਵੇਲੇ ਬੜੇ ਘੱਟ ਮੁਕੱਦਮੇਂ ਹੁੰਦੇ ਸਨ, ਲੋਕੀ ਕੂੜ ਨਹੀਂ ਸੀ ਮਾਰਦੇ ਤੇ ਪੰਚੈਤਾਂ ਵਾਲੇ ਘਰਾਂ ਵਿਚ ਨਿਬੇੜੇ ਕਰ ਦੇਂਦੇ ਸਨ। ਐਹੋ ਜਿਹੀਆਂ ਊਜਾਂ ਕੋਈ ਨਹੀਂ ਸੀ ਦੇਂਦਾ ਤੇ ਲੋਕੀ ਬਿਨਾਂ


SIKHBOOKCLUB.COM

ਝੱਕ ਨੇਕੀਆਂ ਕਰ ਲੈਂਦੇ ਸਨ। ਹੁਣ ਤਾਂ ਕੂੜ ਹੀ ਪਰਧਾਨ ਹੋ ਗਿਆ ਹੈ। ਕੂੜ ਪਰਧਾਨ ਹੋਣ ਕਰਕੇ ਇਕ ਦੂਜੇ ਤੇ ਅਮੰਨਾਂ ਨਹੀਂ ਆਉਂਦਾ। ਸ਼ੱਕ ਤੇ ਸ਼ੁਬੇ ਭਰਮ ਤੇ ਭਰਮ ਹੀ ਪਏ ਸਭ ਨੂੰ ਖਾਂਦੇ ਹਨ। ...ਜਾਹ ਖਾਂ ਗਾਹ ਤੌਂ ਦੋ ਚਾਰ ਭਰਾਵਾਂ ਨੂੰ ਹਾਕ ਮਾਰ ਲਿਆ, ਵੀਰਾ! ਚੱਲੀਏ ਤੇ ਭਲਾ ਕਰੀਏ, ਓਹ ਜਾਣੇ ਅੱਗੋਂ ਮੰਦਾ ਪੱਲੇ ਪਿਆ ਤਾਂ ਸਾਡਾ ਗੁਰੂ ਰਾਖਾ!'

ਗੱਲ ਕੀ ਪੰਜ ਸੱਤ ਜਣੇਂ ਕੱਠੇ ਹੋ ਕੇ ਗਏ। ਅੱਗੇ ਵਾਹਣ ਦੇ ਵਿਚ ਮੋਟਰਕਾਰ ਢੱਠੀ ਪਈ ਸੀ, ਹੇਠਾਂ ਇਕ ਸਾਹਿਬ ਜੀ ਤੇ ਇਕ ਮੇਮੜੀ ਜੇਹੀ ਤੇ ਇਕ ਕਾਲਾ ਧੂਤ ਕ੍ਰਾਂਟਾ ਜੇਹਾ ਦਬੇ ਪਏ ਸਨ। ਉਂਵ ਉਹ ਮੋਟਰ ਦੇ ਪੁਲਾੜ ਵਿਚ ਸਨ, ਹਵਾ ਲਗਦੀ ਸੀ, ਪਰ ਘੁੱਟੇ ਨੱਪੇ ਐਸੇ ਪਏ ਸਨ ਕਿ ਨਿਕਲ ਨਹੀਂ ਸਨ ਸਕਦੇ।

ਪੰਜਾਂ ਸੱਤਾਂ ਆਦਮੀਆਂ ਨੇ 'ਧੂਤੂ ਗੱਡੀ' ਨੂੰ ਇਕ ਪਾਸਿਓਂ ਚਾਇਆ ਤੇ ਤ੍ਰੈ ਬੰਦੇ ਹੇਠੋਂ ਕੱਢੇ। ਤਿੰਨਾਂ ਨੂੰ ਸੱਟਾਂ ਲੱਗੀਆਂ ਸਨ, ਜ਼ਖਮ ਸਨ, ਲਹੂ ਚੋ ਰਹੇ ਸਨ, ਝਰੀਟਾਂ ਬੀ ਬੇਅੰਤ ਸਨ, ਪਰ ਤਤਫੱਟ ਮਾਰੂ ਸੱਟ ਕੋਈ ਨਹੀਂ ਸੀ। ਉਂਵ ਚਿਹਰੇ ਪੀਲੇ ਡੱਡ ਹੋ ਰਹੇ ਸਨ ਤੇ ਦਮ ਜ਼ਰਾ ਘੁਟ ਘੁਟ ਕੇ ਆ ਰਿਹਾ ਸੀ। ਜ਼ਨਾਨੀ ਤਾਂ ਨੀਮ ਬਿਹੋਸ਼ ਸੀ ਤੇ ਮਰਦ ਸਿਸਕਦੇ ਪਰ ਹੋਸ਼ ਵਿਚ ਸਨ। ਬਾਬੇ ਹੁਰੀਂ ਇਨ੍ਹਾਂ ਦੀ ਦਾਰੀ ਤੇ ਆਰਾਮ ਦਾ ਫ਼ਿਕਰ ਕਰ ਰਹੇ ਸਨ ਕਿ ਏਨੇਂ ਨੂੰ ਇਕ ਵਾਹਰ ਆ ਗਈ ਮੋਢੇ ਡਾਂਗਾਂ ਰਖੀਆਂ ਹੋਈਆਂ ਤੇ ਕੂਕਦੇ ਆ ਰਹੇ ਸਨ, "ਮਾਰੋ ਮਾਰੋ ਮਾਰੋ, ਜਾਣਾ ਨਾ ਪਾਵੇ, ਅੰਤ ਦੇਖੋ 'ਧੂਤੂ ਗੱਡੀ' ਢੈ ਪਈ ਜੇ 'ਪਾਪੀ ਕੇ ਮਾਰਨੇ ਕੋ ਪਾਪ ਮਹਾਂ ਬਲੀ ਹੈਂ।" ਜਦ ਇਹ ਬਾਉਲੀ ਹੋਈ ਭੀੜ ਨੇੜੇ ਆਈ ਤਾਂ ਬਾਬਾ ਤਾੜ ਗਿਆ ਕਿ ਧੂਤੂ ਗੱਡੀ ਦੇ ਸਵਾਰਾਂ ਦੀ ਸੁੱਖ ਨਹੀਂ ਤੇ ਜੇ ਹੁਣ ਕੋਈ ਮਾਰਿਆ ਗਿਆ ਤਾਂ ਗਾਮੇਂ ਦੀ ਗੱਲ ਸੱਚ ਹੋਊ ਸਾਰੇ ਬੱਧੇ ਜਾਣਗੇ, ਅਗੋਂ ਹੈ ਟੋਪੀ ਵਾਲਾ, ਅਨਰਥ ਹੀ ਹੋ ਜਾਊ। ਸਚੀ ਮੁਚੀਂ ਮੈਨੂੰ ਭੀ ਨੇਕੀ ਦੀ ਕੇਹੀ ਬਾਣ ਪੈ ਗਈ ਹੈ? ਸਭ ਤੋਂ ਉੱਚਾ ਕੰਮ ਵਾਹਿਗੁਰੂ ਦਾ ਸਿਮਰਨ ਹੈ, ਮੈਂ ਉੱਠ ਕੇ ਇਨ੍ਹਾਂ ਆਪਣੇ ਕੀਤੇ ਤੇ ਆਪਣੇ ਫੇੜੇ ਦੇ ਦੁਖ ਪਾਉਂਦੇ ਦੁਖੀਆਂ ਨੂੰ, ਇਨ੍ਹਾਂ ਦੇ ਕੀਤੇ ਫਲ ਤੋਂ, ਜੋ ਭੂੰਡਾਂ ਵਾਂਗ ਇਨ੍ਹਾਂ ਦੇ ਉਦਾਲੇ ਹੁੰਦੇ ਹਨ, ਛੁਡਾਉਣ ਟੁਰ ਪੈਂਦਾ ਹਾਂ। ਸੋ ਭੂੰਡ ਫੇਰ ਮੇਰੇ ਉਦਾਲੇ ਹੋ ਜਾਂਦੇ ਹਨ, ਪਰ ਹੱਛਾ ਵਾਹ ਵਾਹ, ਸਿੰਘ ਧਰਮ ਹੈ, ਓ ਦਿਲਾ! ਕਾਂਪ ਨਾਂ ਖਾਹ, ਤਕੜਾ ਹੋ, ਜਦ ਸਿੰਘ ਆ ਖੜੋਤਾ ਤਾਂ ਫੇਰ ਕੀ। ਤਕੜਾ ਹੋ, ਸੱਚ ਨੂੰ ਕਾਹਦਾ ਡਰ ਹੈ? ਤੇ ਸੱਚ ਪਰ ਜਾਨ ਜਾਏ ਤਾਂ ਜਾਏ। ਐਉਂ ਤਕੜੇ ਹੋ ਕੇ, ਆਪਾ ਸੰਭਾਲ ਕੇ ਬਾਬੇ ਨੇ ਵਾਹਰ ਨੂੰ ਕਿਹਾ, ਮਿਤਰੋ! ਖੜੋ ਜਾਓ, ਕਾਹਲੀ ਨਾ ਕਰੋ, ਤੁਹਾਡੀਆਂ ਢੱਕਾਂ ਕਾਬੂ ਹਨ, ਹੁਣ ਖਬਰਦਾਰ! ਡਾਂਗਾਂ ਨੀਵੀਆਂ ਕਰੋ।

ਵਾਹਰ ਵਿਚੋਂ ਇਕ— ਕੌਣ ਹੈ ਓਏ ਡਾਂਗਾਂ ਨੀਵੀਆਂ ਕਰਾਉਣ ਵਾਲਾ? ਮਾਰੋ, ਪਹਿਲੇ ਏਸੇ ਨੂੰ ਪਾਰ ਕਰੋ।

ਦੂਜਾ— ਨਾ ਓਏ, ਬਾਬਾ ਆ ਗਿਆ ਜੇ, ਬਾਬਾ।

ਤੀਜਾ— ਬਾਬਾ ਆ ਗਿਆ?

ਚੌਥਾ— ਓਏ ਸੰਭਲੋ, ਭਰਾਵੋ ਬਾਬੇ ਨੇ ਸਾਹਿਬ ਨੂੰ ਫੜ ਲਿਆ ਜੇ, ਬੱਲੇ ਓਇ ਬਾਬਾ! ਵਾਹ ਬਈ ਬਾਬਾ!

ਐਉਂ ਪਲੋ ਪਲੀ ਵਿਚ ਬਾਬੇ ਦੇ ਨਾਮ ਦੀ ਤਾਰ ਫਿਰ ਗਈ ਤੇ ਸਭ ਐਉਂ ਖੜੋ ਗਏ ਜੀਕੂੰ ਗਿੱਝੇ ਹੋਏ ਸ਼ੇਰ ਆਪਣੇ ਪਾਲੂ ਪਾਸ ਖੜੋ ਜਾਂਦੇ ਹਨ।

ਬਾਬਾ— (ਗੱਜ ਕੇ) ਭਰਾਵੋ! ਧੂਤੂ ਗੱਡੀ ਡਿੱਗ ਪਈ ਹੈ, ਵਿਚ ਚੜ੍ਹੇ ਸਾਡੇ ਪਾਸ ਹਨ। ਹੁਣ ਆਓ ਸਹਿਜ ਨਾਲ ਦੱਸੋ ਕੀ ਗੱਲ ਹੇ ਤੇ ਕੀ ਚਾਹੁੰਦੇ ਹੋ?

ਏਨੇ ਨੂੰ ਨੱਥੂ ਅਗੇ ਵਧਿਆ, ਤੇ ਆਪਣਾ ਮੋਇਆ ਪੁਤਰ, ਜੋ ਅੱਠਾਂ ਕੁ ਬਰਸਾਂ ਦਾ ਸੀ, ਬਾਬੇ ਦੇ ਅੱਗੇ ਸੁੱਟ ਕੇ ਹਾਲ ਹਾਲ ਪਾਕੇ ਪਿੱਟਣ ਲੱਗ ਪਿਆ, 'ਆਹ ਵੇਖ ਧੂਤੂ ਗੱਡੀ ਵਾਲਾ ਮੈਨੂੰ ਅੱਨ੍ਹਾਂ ਕਰ ਆਇਆ ਹੈਂ। ਇੰਨੇ ਨੂੰ ਇਕ ਹੋਰ ਘਸੀਟਾ ਅੱਗੇ ਵਧਿਆ, ਕਹਿਣ ਲੱਗਾ। 'ਮੇਰੇ ਪੁਤਰ ਦੀ ਟੰਗ ਵੱਢ ਆਇਆ ਜੇਂ। ਪਿੱਛੋਂ ਇਕ ਕਸਾਈ ਹੱਥ ਛੁਰੀ ਲਈ ਆ ਗਿਆ, 'ਮੇਰੀਆਂ ਬੱਕਰੀਆਂ ਨੂੰ ਪਿੰਜਾਂ ਹੇਠ ਰਗੜ ਕੇ ਨਾਸ਼ ਕਰ ਆਇਆ ਜੇਂ।

ਹੁਣ ਬਾਬੇ ਨੇ ਗੱਲ ਸਮਝ ਲਈ। ਬੜੀ ਮੁਸ਼ਕਲ ਦਾ ਮਾਮਲਾ ਆ ਗਿਆ। ਇਹ ਵਾਹਰ ਦੂਸਰੇ ਪਿੰਡ ਦੀ ਹੈ। ਆਪਣਾ ਪਿੰਡ ਹੁੰਦਾ ਤਾਂ ਬਾਬਾ

 www.sikhbookclub.com

ਛੇਤੀ ਨਜਿੱਠ ਲੈਂਦਾ। ਭਾਵੇਂ ਦੂਜੇ ਪਿੰਡ ਵਾਲੇ ਬੀ ਬਾਬੇ ਦਾ ਮਾਣ ਰੱਖਦੇ ਹਨ ਪਰ ਫਿਰ ਬੀ ਬਾਬਾ ਸੋਚੀਂ ਪੈ ਗਿਆ। ਪਲ ਮਗਰੋਂ ਕਹਿਣ ਲੱਗਾ, 'ਆਲਾ ਸਿੰਘਾ ਲੰਬਰਦਾਰਾ! ਬਈ ਹੁਣ ਦੱਸ ਜੋ ਸਾਡੇ ਭਰਾ ਕੀ ਕਰਨਾ ਲੋੜਦੇ ਹਨ?'

ਆਲਾ ਸਿੰਘ— ਮੈਂ ਕੀ ਦੱਸਾਂ? ਮੇਰੀ ਤਾਂ ਅੱਜ ਲੰਬਰਦਾਰੀ ਗਈ। ਓਧਰ ਉਹ ਸਾਹਿਬ ਹਨ, ਜੇ ਉਹਨਾਂ ਦਾ ਵਾਲ ਵਿੰਗਾ ਹੋ ਗਿਆ ਤਾਂ ਸਰਕਾਰ ਨੇ ਮੈਨੂੰ ਨਹੀਂ ਛੱਡਣਾ। ਏਧਰ ਭਰਾਵਾਂ ਦੇ ਜਿਗਰ ਵੱਢੇ ਗਏ ਹਨ, ਇਹ ਮੇਰੀ ਇਕ ਨਹੀਂ ਸੁਣਦੇ ਸਗੋਂ ਮਾਰਨ ਨੂੰ ਤਿਆਰ ਹਨ।

ਨੱਥੂ— ਫੇਰ ਜੇ ਸਾਡੇ ਪੁੱਤ ਮੋਇਆਂ ਭੀ ਤੇਰਾ ਕਾਲਜਾ ਨਹੀਂ ਪਾਟਦਾ ਤਾਂ ਤੈਨੂੰ ਅਸਾਂ ਵੱਢ ਕੇ ਨੀਂਹ ਹੇਠਾਂ ਦੇਣਾ ਹੈ?

ਬਾਬਾ— ਵੀਰਾ ਨੱਥਿਆ! ਜੇਰਾ ਕਰ, ਭਰਾਵਾ! ਤੇਰਾ ਕਾਲਜਾ ਨਹੀਂ ਪਾਟਾ, ਸਾਡਾ ਪਾਟਾ ਹੈ, ਤੇਰਾ ਪੁੱਤਰ ਨਹੀਂ ਮੋਯਾ ਸਾਡਾ ਮੋਇਆ ਹੈ, ਅਸੀਂ ਭਰਾ ਜੋ ਹੋਏ, ਆਲਾ ਸਿੰਘ ਨੂੰ ਤੂੰ ਕੋਈ ਦੁਪਰਿਆਰਾ ਹੈਂ? ਜੇਹਾ ਤੇਰਾ ਪੁੱਤ ਤੇਹਾ ਆਲਾ ਸਿੰਘ ਦਾ।

ਨੱਥੂ— ਤੇਰੇ ਬਚੜੇ ਜੀਉਣ, ਚਾਲੀ ਸੇਰੀ ਗੱਲ ਕੀਤੀ ਆ। ਹੁਣ ਤੇਰਾ ਭਲਾ ਹੋਵੇ, ਇਨ੍ਹਾਂ ਨੂੰ ਮੇਰੇ ਅੱਗੇ ਰੱਖ, ਮੈਂ ਇਨ੍ਹਾਂ ਤ੍ਰੈਆਂ ਨੂੰ ਮਾਰ ਲਵਾਂ ਤੇ ਪੁੱਤ੍ਰ ਦੇ ਨਾਲ ਚਾਰ ਲੋਥਾਂ ਕੱਠੀਆਂ ਦਫਨਾਵਾਂ। ਬੱਸ ਬਾਬਾ ਠੰਢ ਪਾ ਦੇਹ।

ਬਾਬਾ— ਪੁੱਤ੍ਰ! ਹੋਊ ਤਾਂ ਖਬਰੇ ਏਸੇ ਤਰ੍ਹਾਂ ਕਿ ਰਤਾ ਘੱਟ ਵੱਧ, ਕਿਉਂਕਿ ਰਾਜੇ ਦਾ ਨਿਆਂ ਇਹੋ ਹੈ ਕਿ ਖੂਨੀ ਖੂਨ ਦੇ ਬਦਲੇ ਆਪਣੀ ਜਾਨ ਦੇਂਦਾ ਹੈ, ਪਰ ਪਲ ਭਰ ਇਕ ਗੱਲ ਸੋਚ ਲੈ ਕਿ ਹੁਣ ਬਦਲਾ ਲੈਣਾ ਹਈ ਕਿ ਪਲ ਠਹਿਰ ਕੇ?

ਨੱਥੂ— ਹੁਣੇ।

ਗਾਮਾ— ਹੁਣੇ।

ਘਸੀਟਾ— ਹੁਣੇ।

ਬਾਬਾ— ਵੀਰੋ! ਰਤਾ ਸੋਚ ਕਰ ਲਓ।

ਘਸੀਟਾ— ਕੋਈ ਸੋਚ ਨਹੀਂ। ਬਾਬਾ! ਢਿਲ ਨਾਂ ਕਰ।

ਬਾਬਾ— ਹੁਣ ਇਹ ਦੋਸ਼ੀ ਹਨ ਤੇ ਤੁਸੀਂ ਬੇਦੋਸ਼ ਹੋ ਜਿਨ੍ਹਾਂ ਪਰ ਜ਼ੁਲਮ ਹੋਇਆ ਹੈ, ਜੇ ਤੁਸਾਂ ਹੁਣ ਆਪ ਇਨ੍ਹਾਂ ਨੂੰ ਡੰਡ ਦੇ ਦਿੱਤਾ ਤਾਂ ਤੁਸੀਂ ਨਾਲ ਦੋਸ਼ੀ ਹੋ ਜਾਓਗੇ, ਫੇਰ ਸਰਕਾਰੇ ਇਨ੍ਹਾਂ ਨੂੰ ਭੀ ਡੰਡ ਮਿਲੂ ਤੇ ਤੁਸਾਨੂੰ ਭੀ।

ਨੱਥੂ— ਦੇਖੀ ਜਾਊ। ਹੱਥੋ ਹੱਥ ਨਬੇੜੇ। ਬਾਬਾ! ਸੋਚਾਂ ਨਾਂ ਸੋਚ। ਹੁਣ ਵੇਲਾ ਏ, ਪਿੱਛੋਂ ਟੋਪੀ ਵਾਲੇ ਨੂੰ ਕਿਨ੍ਹ ਕੁਛ ਆਖਣਾ ਏ? ਇਹ ਵੇਲਾ ਫੇਰ ਹੱਥ ਨਹੀਂ ਆਉਣਾ। ਕੱਢ ਲੈਣ ਦੇਹ ਜੀ ਦਾ ਗੁੰਮਰ।

ਬਾਬਾ— "ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥"

ਜੇ ਤੁਸੀਂ ਨਿਆਂ ਕਰਾਉਣਾ ਹੈ ਤਾਂ ਸਰਕਾਰ ਤੋਂ ਕਰਾਓ, ਜੋ ਤੁਸੀਂ ਸਲਾਮਤ ਰਹੋ ਤੇ ਦੋਸ਼ੀ ਨੂੰ ਡੰਡ ਮਿਲੇ। ਜੋ ਮਰ ਚੁਕੇ ਹਨ ਓਹ ਕਿਸੇ ਭੀ ਤਰ੍ਹਾਂ ਜੀਉ ਨਹੀਂ ਸਕਦੇ। ਮੈਂ ਤੁਹਾਡੀ ਸਲਾਮਤੀ ਲਈ ਆਖਦਾ ਹਾਂ। ਜੋ ਮਰੇ ਸੋ ਭਾਣਾ ਵਰਤ ਗਿਆ, ਹੁਣ ਤੁਸੀਂ ਨਾਲ ਕਿਉਂ ਮਰਦੇ ਹੋ?

ਘਸੀਟਾ— ਸਾਡੀ ਕੌਣ ਸੁਣੇਗਾ?

ਬਾਬਾ— ਜਦੋਂ ਸਾਰਾ ਪਿੰਡ ਇਕੋ ਉਗਾਹੀ ਦੇਵੇਗਾ ਤਦ ਸਰਕਾਰ ਕੀ ਕਰੇਗੀ? ਐਵੇਂ ਛੱਡ ਦੇਵੇਗੀ?

ਗਾਮਾ— ਬਾਬਾ! ਗੱਲ ਜਦ ਸ਼ਹਿਰੀਂ ਜਾ ਵੜੀ ਤੇ ਲੰਮੇ ਲੰਮੇ ਟੋਪਾਂ ਵਾਲੇ ਬਲਿਸ਼ਟਰ ਬੋਰੀਆਂ ਦੰਮਾਂ ਦੀਆਂ ਲੈ ਕੇ ਆ ਗਏ ਤਾਂ ਧੂਤੂ ਗੱਡੀ ਵਾਲੇ ਬਰੀ!

ਬਾਬਾ— ਉਗਾਹੀ ਕਿਸ ਦੀ ਲੈਣਗੇ?

ਗਾਮਾ— ਸਾਡੀ।

ਬਾਬਾ— ਤੁਸੀਂ ਕੂੜ ਬੋਲੋਗੇ?

ਗਾਮਾ— ਸਾਰਾ ਪਿੰਡ ਇਕ ਅਵਾਜ਼ ਬੋਲੇਗਾ।

ਬਾਬਾ— ਫੇਰ ਬਲਿਸ਼ਟਰ ਕੀ ਕਰ ਲੈਣਗੇ?

ਨੱਥੂ— ਹਾਇ ਰੱਬਾ! ਹੁਣ ਫੇਰ ਕੀ ਕਰੀਏ?

ਬਾਬਾ— ਮੈਥੋਂ ਪੁੱਛਦੇ ਹੋ?

ਨੱਥੂ— ਹੋਰ ਕਿਸ ਤੋਂ ਪੁੱਛੀਏ? (ਕਲੇਜੇ ਮੁੱਕੀ ਮਾਰ ਕੇ) ਹਾਇ ਮੇਰੇ ਲਾਲ! ਹਾਇ ਓਏ ਰੱਬਾ!

ਬਾਬਾ— ਜੇ ਤਾਂ ਵੱਡਾ ਜੇਰਾ ਕਰੋ, ਤਾਂ ਮਾਫ ਕਰੋ। ਹੋਣਹਾਰ ਹੋ ਗਈ। ਬਦਲੇ ਲੀਤਿਆਂ ਕੋਈ ਮੋਏ ਜੀਉਂ ਨਹੀਂ ਪੈਣੇ, ਸਾਨੂੰ ਠੰਢ ਨਹੀਂ ਪੈਣੀ। ਤੇ ਜੇ ਮਾਫ ਨਾਂ ਕਰੋ, ਤਾਂ ਧਰਮ ਨਿਆਂ ਦਾ ਰਸਤਾ ਫੜੋ। ਠਾਣੇ ਜਾਓ, ਰਪੋਟ ਲਿਖਾਓ ਢੱਕਾਂ ਨੂੰ ਨਾਲ ਲੈ ਜਾਓ, ਚਾਹੇ ਮੇਰੇ ਕੋਲ ਛੱਡ ਜਾਓ, ਮੈਂ ਮਜਾਲ ਹੈ ਇਹਨਾਂ ਨੂੰ ਇਕ ਕਦਮ ਪੁੱਟਣ ਦਿਆਂ। ਠਾਣਾ

SIKHBOOKCLUB.COM

ਚਲਾਨ ਕਰੇਗਾ, ਤੁਸੀ ਉਗਾਹੀਆਂ ਦੇਣੀਆਂ, ਇਨ੍ਹਾਂ ਨੂੰ ਡੰਡ ਮਿਲੇਗਾ ਕੈਦ, ਕਾਲੇ ਪਾਣੀ, ਫਾਂਸੀ, ਜਿੱਦਾਂ ਦਾ ਅਪਰਾਧ ਸਾਬਤ ਹੋਊ।

ਖੈਰਾ— ਬਾਬਾ! ਤੂੰ ਠੰਡਾ ਘੜਾ, ਆਪਣੇ ਪਿੰਡ ਨੂੰ ਬੀ ਤੂੰ ਖੱਸੀ ਕਰ ਘੱਤਿਆ ਤੇ ਅੱਜ ਸਾਨੂੰ ਵੀ ਅੰਦਰਾਣੀ ਘੋਟ ਪਿਲਾਈ ਹਈ। ਕੇਹੀਆਂ ਬਰਫ ਦੀਆਂ ਢੀਮਾਂ ਸੱਟੀਆਂ ਨੀ, ਸਾਡੇ ਰੋਹ ਦੇ ਭਾਂਬੜ ਨੂੰ ਨਾਸ਼ ਕਰ ਦਿੱਤਾ ਹਈ? ਚੜ੍ਹੇ ਰੰਗ ਵਿਚ ਜਰਵਾਣਿਆਂ ਦਾ ਲਹੂ ਪੀ ਲੈਂਦੇ ਠੰਢ ਪੈ ਜਾਂਦੀ। ਹੁਣ ਸਾਰਿਆਂ ਨੂੰ ਸੋਚੀਂ ਪਾ ਦਿੱਤਾ ਈ, ਸਾਰੇ ਪਏ ਮੇਮਣਿਆਂ ਵਾਂਙੂ ਤੱਕਦੇ ਹਨ, ਉਠ ਕੇ ਗਿੱਚੀਆਂ ਨਹੀਂ ਨੱਪ ਦੇਂਦੇ।

ਬਾਬਾ— ਆਉਲੇ ਦਾ ਖਾਧਾ ਸਿਆਣੇ ਦਾ ਕਿਹਾ ਪਿੱਛੋਂ ਪਤਾ ਲੱਗਦਾ ਹੈ।

ਖੈਰਾ— ਹੁਣੇ ਲੱਗ ਗਿਆ ਹੈ ਕਿ ਬੱਕਰੀਆਂ ਬਣਾ ਛੋੜਿਆ ਈ। ਹੁਣ ਦੱਸ ਕੀ ਕਰੀਏ?

ਇਸ ਤਰ੍ਹਾਂ ਦੀਆਂ ਗੱਲਾਂ ਬਾਤਾਂ ਵਿਚ ਦੂਰੋਂ ਧੂੜ ਦਿੱਸੀ ਤੇ ਸਭ ਦੇ ਧਿਆਨ ਓਧਰੇ ਹੋ ਗਏ। ਗੱਲ ਇਹ ਸੀ ਕਿ ਪਿੰਡ ਦੇ ਇਕ ਜੁਲਾਹੇ ਨੇ ਇਹ ਜਾਣ ਕੇ ਕਿ ਲੋਕੀ ਇਕ ਸਾਹਿਬ ਨੂੰ ਮਾਰਨ ਚੱਲੇ ਹਨ, ਅੱਬਲ ਤਾਂ ਇਹ ਵਾਹਰ ਧੂਤੂ ਗੱਡੀ ਨੂੰ ਅੱਪੜਨ ਨਹੀਂ ਲੱਗੀ ਪਰ ਜੇ ਕਿਤੇ ਜਾ ਭੀ ਮਿਲੇ ਤਾਂ ਸਾਰਾ ਪਿੰਡ ਮਾਰਿਆ ਜਾਊ ਤੇ ਜੇ ਮੈਂ ਠਾਣਾਂ ਲੈ ਆਵਾਂ ਤੇ ਵੇਲੇ ਸਿਰ ਅਪੜਾ ਦਿਆਂ ਤੇ ਸਾਹਿਬ ਬਚ ਜਾਏ ਤਾਂ ਖਬਰੇ ਮੁਰੱਬੇ ਲੱਝ ਜਾਣ, ਮੈਂ ਭੀ ਰੱਛ ਪੈਂੜੇ ਖੱਡੀਆਂ ਛੱਡ ਕੇ ਜ਼ਿਮੀਦਾਰ ਬਣ ਜਾਵਾਂ।

ਸੋ ਇਹ ਇਕ ਘੋੜੀ ਲੈ ਕੇ ਆਪਣੇ ਪਿੰਡ ਦੇ ਠਾਣੇ ਵੱਲ ਗਿਆ ਸੀ ਤੇ ਉਥੋਂ ਸਾਂਢਣੀਆਂ ਤੇ ਚੜ੍ਹ ਕੇ ਗਾਰਦ ਭੱਜੀ ਆ ਰਹੀ ਸੀ। ਜਿਸ ਵੇਲੇ ਪੁਲਸ ਪਹੁੰਚੀ, ਅਜੇ ਸਾਰੇ ਓਥੇ ਹੀ ਸਨ। ਠਾਣੇਦਾਰ ਨੇ ਬਾਬੇ ਨੂੰ ਡਿੱਠਾ ਤੇ ਤਾੜ ਗਿਆ ਕਿ ਏਸ ਸੋਹਣੇ ਮਨੁੱਖ ਨੇ ਕੋਈ ਸੁਹਣੀ ਗੱਲ ਕੀਤੀ ਹੋਊ। ਸੋ ਉਸ ਨੇ ਸਾਰਾ ਹਾਲ ਬਾਬੇ ਦੀ ਜ਼ਬਾਨੀ ਸੁਣ ਲਿਆ। ਫੇਰ ਹੋਰਨਾਂ ਨੂੰ ਪੁੱਛਿਆ, ਜਾਂ ਸਭ ਦੀ ਉਗਾਹੀ ਇਕੋ ਨਿਕਲੀ ਤਾਂ ਉਸ ਨੇ ਰਪਟ ਲਿਖ ਲਈ ਤੇ ਆਖਿਆ, ਕਿ ਹੁਣ ਮੈਂ ਸਾਹਿਬ ਜੀ ਤੋਂ ਹਾਲ ਪੁੱਛਾਂ।

ਸਾਹਿਬ ਜੀ ਹੁਣ ਰੂੰ ਵਰਗੇ ਚਿੱਟੇ ਹੋ ਰਹੇ ਸਨ। ਓਹ ਬਾਬੇ ਤੇ ਗੁੱਸੇ ਭਰੇ ਜ਼ਿਮੀਦਾਰਾਂ ਦੀਆਂ ਗੱਲਾਂ ਤੋਂ ਕੰਬ ਰਹੇ ਸਨ ਕਿ ਹੁਣ ਬਚਣਾ ਔਖਾ ਹੈ, ਪੁਲਸ ਆਈ ਵੇਖ ਕੇ ਕੁਝ ਢਾਰਸ ਬੱਝੀ, ਪਰ ਕਲੇਜਾ ਉਵੇਂ ਕੰਬ ਰਿਹਾ ਸੀ। ਇਕ ਖ਼ੂਨ ਹੋਏ, ਦੂਜੇ ਮੋਟਰ ਤੋਂ ਢੱਠੇ, ਸੱਟਾਂ ਖਾਧੀਆਂ, ਤੀਜੇ ਜਾਨ ਜੋਖੋਂ ਪਈ ਸੀ। ਖ਼ੈਰ! ਪੁਲਸ ਨੇ ਜਦ ਨਾਮ ਹੁਲੀਆ ਲਿਖਿਆ ਤਾਂ ਪਤਾ ਲੱਗਾ ਕਿ ਆਪ ਮਾਧੋ ਦਾਸ ਹਿੰਦੂ ਹਨ, ਬਰਿਸਟਰ ਹਨ, ਯੂਰਪੀਨ ਨਹੀਂ, ਐਵੇਂ ਵਲੈਤ ਗਏ ਟੋਪੀ ਪਾਉਣੀ ਸਿੱਖ ਆਏ ਹਨ। ਠਾਣੇਦਾਰ ਦਾ ਜੋਸ਼ ਤਾਂ ਹੁਣ ਮੱਧਮ ਪੈ ਗਿਆ, ਤੇ ਤਫਤੀਸ਼ ਦਾ ਫਰਜ਼ ਪੂਰਾ ਕਰਨ ਲੱਗੇ। ਸਾਰੀ ਗੱਲ ਲਿਖ ਲਿਖਾ ਕੇ ਆਪ ਨੇ ਬੈਰਿਸਟਰ ਜੀ ਨੂੰ ਕਿਹਾ ਕਿ ਆਪ ਨੂੰ ਠਾਣੇ ਲੈ ਚੱਲਣਾ ਹੈ।

ਬਾਬੇ ਨੇ ਆਖਿਆ— ਠਾਣੇਦਾਰ ਜੀ! ਤੁਸੀਂ ਹੁਣ ਏਨ੍ਹਾਂ ਨੂੰ ਕੀ ਕਰੋਗੇ?

ਠਾਣੇਦਾਰ— ਲੋਥਾਂ, ਵਾਰਸ ਤੇ ਮੁਲਜ਼ਮ, ਸਾਰੇ ਹਸਪਤਾਲ ਘੱਲੇ ਜਾਣਗੇ।

ਬਾਬਾ— ਏਹ ਸਾਰੇ ਫੱਟੜ ਹਨ ਤੇ ਮਰ ਰਹੇ ਹਨ, ਜ਼ਾਮਨੀ ਤੇ ਛੱਡ ਸਕਦੇ ਹੋ ਕਿ ਲੈ ਹੀ ਜਾਸੋ?

ਠਾਣੇਦਾਰ— ਜ਼ਾਮਨੀ ਤੇ ਛੱਡਣਾ ਔਖਾ ਹੈ।

ਬਾਬਾ— ਫੇਰ ਜੇ ਦੋ ਘੜੀਆਂ ਤੁਸੀਂ ਠਹਿਰ ਜਾਓ ਤਾਂ ਪਿੰਡੋਂ ਰੋਟੀ ਪਾਣੀ ਆ ਜਾਵੇ, ਤੁਸੀਂ ਬੀ ਛਕ ਲਓ ਤੇ ਇਹ ਸਾਡੇ ਦੁਖੀ ਭਰਾ ਭੀ ਛਕ ਲੈਣ ਤੇ ਧੂਤੂ ਗੱਡੀ ਵਾਲਿਆਂ ਨੂੰ ਵੀ ਕੁਛ ਪਾਣੀ ਧਾਣੀ ਪਿਵਾ ਦੇਈਏ, ਆਖਰ ਰੱਬ ਦੇ ਬੰਦੇ ਹਨ ਤੇ ਇਨ੍ਹਾਂ ਤੋਂ ਮੂਰਖਤਾ ਹੋਈ ਹੈ, ਹੋਰ ਕੋਈ ਬੰਦੇ ਮਾਰਨ ਤਾਂ ਏਹ ਸ਼ਹਿਰੋਂ ਨਹੀਂ ਸਨ ਆਏ?

ਠਾਣੇਦਾਰ ਮੰਨੂੰ ਤਾਂ ਨਹੀਂ ਸੀ ਤੇ ਉਹ ਮਾਧੋ ਦਾਸ ਨੂੰ ਬੈਰਿਸਟਰ ਸੁਣ ਕੇ ਵੀ ਕਰੜਾਈ ਤੇ ਹੀ ਸੀ ਪਰ ਬਾਬੇ ਦੇ ਕਹਿਣ ਕਹਾਉਣ ਤੇ ਆਪਣੀ ਭੁੱਖ ਦੇ ਕਾਰਨ ਅਟਕਣਾ ਮੰਨ ਗਿਆ। ਹੁਣ ਬਾਬੇ ਦੇ ਪਿੰਡੋਂ ਰੋਟੀ, ਦੁੱਧ, ਮੱਖਣ, ਲੱਸੀ ਆ ਗਿਆ। ਸਾਰੇ ਖਾਣ ਪੀਣ ਲੱਗੇ। ਨੱਥੂ ਤੇ ਗਾਮੇ ਆਦਿਕਾਂ ਦੇ ਸੰਘੋਂ ਗ੍ਰਾਹੀ ਨ ਲਹੇ, ਪਰ ਬਾਬੇ ਨੇ ਪਿਆਰ ਦੇ ਦੇ ਕੇ ਥੋੜਾ ਅੰਨ ਪਾਣੀ ਖੁਆਇਆ। ਉਧਰ ਬਾਬੇ ਦੇ ਪੁੱਤ ਤੇ ਹੋਰਨਾਂ ਨੇ ਮੋਟਰ ਵਾਲਿਆਂ ਦੇ ਜ਼ਖਮ ਪਾਣੀ ਵਿਚ ਫਟਕੜੀ ਪਾ ਕੇ ਧੋਤੇ ਤੇ ਘਿਉ ਵਿਚ ਹਲਧੀ ਸਾੜਕੇ

SIKHBOOKCLUB.COM

ਫੇਹੇ ਧਰ ਕੇ ਬੰਨ੍ਹ ਦਿਤੇ ਤੇ ਗਰਮ ਦੁੱਧ ਪਿਲਾਇਆ।

ਬਾਬੇ ਨੇ ਠਾਣੇਦਾਰ ਨੂੰ ਪੁੱਛਿਆ: 'ਠਾਣੇਦਾਰ ਜੀ! ਹੁਣ ਤੁਸੀਂ ਕੀ ਕਰੋਗੇ?' ਉਸ ਨੇ ਕਿਹਾ ਕਿ 'ਠਾਣੇ ਜਾਕੇ ਜ਼ਖਮੀਆਂ ਨੂੰ ਹਸਪਤਾਲ ਭੇਜਸਾਂ'।

ਬਾਬਾ— ਹਸਪਤਾਲ ਕਿੰਨੀ ਦੂਰ ਹੈ?

ਠਾਣੇਦਾਰ— ਪੰਦਰਾਂ ਮੀਲ ਤੇ।

ਬਾਬਾ— ਇੰਨੀ ਦੂਰ ਜ਼ਖਮੀਆਂ ਦਾ ਪਹੁੰਚਣਾ ਖਰਾ ਔਖਾ ਕੰਮ ਹੋਵੇਗਾ, ਜੇਕਰ ਤੁਸੀਂ ਮੇਰੀ ਜ਼ਾਮਨੀ ਲੈਕੇ ਫੱਟੜਾਂ ਨੂੰ ਮੇਰੇ ਪਾਸ ਛੱਡ ਦਿਓ ਤਾਂ ਏਥੇ ਸਾਡੇ ਨਾਲ ਦੇ ਪਿੰਡ ਦਾ ਡਾਕਟਰ ਬੱਗਾ ਸਿੰਘ ਦਾਰੂ ਕਰੇਗਾ, ਉਹ ਘਰ ਛੁਟੀ ਆਇਆ ਹੋਇਆ ਹੈ ਤੇ ਹੁਣੇ ਏਥੇ ਪੁੱਜਾ ਚਾਹੁੰਦਾ ਹੈ, ਮੈਂ ਸਦਵਾ ਘੱਲਿਆ ਹੈ। ਇਉਂ ਫੱਟੜਾਂ ਦਾ ਇਲਾਜ ਮਾਲਜਾ ਚੰਗਾ ਹੋ ਜਾਊ। ਦੂਜੇ ਓਹ ਡਾਕਟਰ ਸਰਕਾਰੀ ਨੌਕਰ ਹੈ, ਤੁਹਾਨੂੰ ਕੋਈ ਤੌਖਲਾ ਉਸ ਦੇ ਸਪੁਰਦ ਕਰਨ ਵਿਚ ਨਹੀਂ।

ਠਾਣੇਦਾਰ ਇਹ ਗੱਲ ਮੰਨਣੀ ਚਾਹੁੰਦਾ ਨਹੀਂ ਸੀ, ਪਰ ਬਾਬੇ ਦਾ ਰੋਅਬ ਦਾਬ ਬੜਾ ਭਾਰਾ ਸੀ, ਕੁਛ ਉਹ ਪੈ ਰਿਹਾ ਸੀ ਤੇ ਕੁਛ ਇਹ ਭੀ ਖਿਆਲ ਆ ਰਿਹਾ ਸੀ ਕਿ ਜ਼ਖਮੀ ਬਰਿਸਟਰ ਹੈ, ਸ਼ਹਿਰ ਪਹੁੰਚਕੇ ਆਖ਼ਰ ਅਦਾਲਤਾਂ ਵਿਚ ਜਾਣਾ ਹੈ, ਇਹ ਕੋਈ ਬਣੀਆਂ ਬਕਾਲ ਹੈ ਨਹੀਂ ਕਿ ਇਸ ਵੇਲੇ ਕੁਛ ਝੜ ਜਾਏਗਾ ਤੇ ਫੇਰ ਮਿੰਨਤਾਂ ਕਰਦਾ ਰਹੇਗਾ। ਇਹ ਕੁਛ ਸੋਚ ਕੇ ਉਸ ਨੇ ਬਾਬੇ ਤੋਂ ਜ਼ਾਮਨੀ ਲਿਖਾ ਲਈ ਤੇ ਜ਼ਖਮੀਆਂ ਨੂੰ ਡਾਕਟਰ ਬੱਗਾ ਸਿੰਘ-ਜੋ ਹੁਣ ਆ ਪਹੁੰਚਾ ਸੀ-ਦੇ ਸਪੁਰਦ ਕਰ ਦਿਤਾ ਤੇ ਹੋਰ ਡਾਕਟਰੀ ਦੇਖ ਭਾਲ ਭੀ ਸਭਨਾਂ ਦੀ ਕਰਵਾ ਲਈ ਤੇ ਕਿਹਾ, ਆਪਣੀ ਰਪੋਟ ਸਾਨੂੰ ਘੱਲ ਦੇਣੀ। ਫਿਰ ਠਾਣੇਦਾਰ ਨੇ ਟੁੱਟੀ ਮੋਟਰ ਨੂੰ ਨੰਬਰਦਾਰ ਦੇ ਸਪੁਰਦ ਕੀਤਾ।

ਜਿਸ ਪਿੰਡ ਦੇ ਆਦਮੀ ਹੱਲਾ ਕਰਕੇ ਆਏ ਸਨ, ਉਹ ਬਹੁਤ ਰਾਜ਼ੀ ਨਹੀਂ ਸਨ। ਜੁਲਾਹੇ ਦੇ ਹੱਥ ਵੀ ਕੁਛ ਨਾਂ ਆਇਆ, ਧੂਤੂ ਗੱਡੀ ਵਾਲਾ ਤਾਂ ਸਾਹਿਬ ਜੀ ਨਾਂ ਨਿਕਲਿਆ, ਉਹ ਤਾਂ ਟੋਪੀ ਹੀ ਨਿਕਲੀ, ਉਹ ਨੂੰ ਗੁੱਸਾ ਅਜੇ ਚੋਖਾ ਆ ਰਿਹਾ ਸੀ ਕਿ ਜੋ ਰੇਜ਼ ਨਹੀਂ ਤੇ ਟੋਪੀ ਪਾਉਂਦਾ ਹੈ ਓਸਨੂੰ ਡੰਡ ਮਿਲਣਾ ਚਾਹੀਦਾ ਹੈ, ਜੋ ਮੇਰੇ ਵਰਗੇ ਟਪਲਾ ਨਾਂ ਖਾਇਆ ਕਰਨ।

ਓਧਰ ਦੁਖੀਆਂ ਨੂੰ ਇਹ ਗੁੱਸਾ ਆ ਰਿਹਾ ਸੀ ਕਿ ਬਾਬੇ ਨੇ ਧੂਤੂ ਗੱਡੀ ਵਾਲੇ ਦੇ ਫੱਟ ਕਿਉਂ ਬੱਧੇ। ਉਸ ਨੂੰ ਰੋਟੀ ਦੁੱਧ ਕਿਉਂ ਦਿੱਤਾ ਤੇ ਹੁਣ ਘਰ ਕਿਉਂ ਲੈ ਗਿਆ ਹੈ? ਪਰ ਓਹ ਗੁੱਸੇ ਭਰੇ ਨਹੀਂ ਸਮਝਦੇ ਸਨ ਕਿ ਬਾਬਾ ਸਭਨਾਂ ਨਾਲ ਇਕਸਾਰ ਹਮਦਰਦੀ ਕਰ ਰਿਹਾ ਸੀ ਅਰ ਉਸ ਨੂੰ ਇਹ ਦ੍ਰਿਸ਼ਟੀ ਆ ਰਿਹਾ ਸੀ:-

ਬਿਸਰਿ ਗਈ ਸਭ ਤਾਤਿ ਪਰਾਈ॥
ਜਬ ਤੇ ਸਾਧਸੰਗਤਿ ਮੋਹਿ ਪਾਈ॥੧॥ ਰਹਾਉ॥
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ
ਕਉ ਬਨਿ ਆਈ॥੧॥ ਜੋ ਪ੍ਰਭ ਕੀਨੋ ਸੋ ਭਲ
ਮਾਨਿਓ ਏਹ ਸੁਮਤਿ ਸਾਧੂ ਤੇ ਪਾਈ॥੨॥ ਸਭ
ਮਹਿ ਰਵਿ ਰਹਿਆ ਪ੍ਰਭ ਏਕੈ ਪੇਖਿ ਪੇਖਿ ਨਾਨਕ
ਬਿਗਸਾਈ॥੩॥

ਉਹ ਦੁਖ ਦਾ ਦਾਰੂ ਕਰ ਰਿਹਾ ਸੀ ਉਸਦਾ ਵਾਹਿਗੁਰੂ, ਕਾਤਲ ਮਕਤੂਲ ਸਭ ਨੂੰ ਰੋਟੀ ਦੇਣੋਂ ਸਿਰ ਨਹੀਂ ਫੇਰਦਾ, ਉਹ ਉਸ ਵਾਹਿਗੁਰੂ ਦਾ ਸਿੱਖ ਉਸ ਪਿਤਾ ਦੇ ਹੁਕਮ ਨੂੰ ਦੇਖਦਾ ਹੈ ਤੇ ਦੁਖ ਹਰਨ ਵਿਚ ਕਿਸੇ ਤੋਂ ਸੂਗ ਨਹੀਂ ਕਰਦਾ।

* * * * *

## ੧੪.

"ਮਨਮੁਖੁ ਬਿਦਿਆ ਬਿਕ੍ਰਦਾ
ਬਿਖੁ ਖਟੇ ਬਿਖੁ ਖਾਇ॥"

ਹੁਣ ਬਾਬੇ ਦਾ ਅਨੰਦੀ ਘਰ ਹਸਪਤਾਲ ਬਣ ਰਿਹਾ ਹੈ। ਡਾਕਟਰ ਬੱਗਾ ਸਿੰਘ ਨੇ ਸਭ ਦੇ ਜ਼ਖਮ ਬੰਨ੍ਹੇ ਹਨ, ਮੰਜੀਆਂ ਤੇ ਚੁਤੱਹੀਆਂ ਵਿਛੀਆਂ ਹਨ, ਉਤੇ ਤ੍ਰੈਏ ਦੁਖਿਆਰ ਪਏ ਹਾਏ ਹਾਏ ਕਰ ਰਹੇ ਹਨ। ਮੋਟਰ ਨਾਲ ਫੱਟੜ ਹੋਏ ਹੋਏ ਜ਼ਖਮ ਬੰਨ੍ਹਵਾ ਕੇ ਆਪਣੇ ਪਿੰਡ ਚਲੇ ਗਏ ਹਨ! ਡਾਕਟਰ ਸਾਹਿਬ ਨੇ ਸਭ ਦੇ ਫੱਟਾਂ ਦੀ ਰਪੋਟ ਆਪਣੇ ਪਾਸ ਲਿਖ ਲਈ ਹੈ ਕਿ ਸਰਕਾਰੇ ਉਗਾਹੀ ਭਰਨੀ ਪਊ। ਹੁਣ ਬਾਬਾ ਸੋਚਦਾ ਹੈ ਕਿ ਸੱਚ ਮੁਚ ਕਲਜੁਗ ਆ ਗਿਆ ਹੈ, ਐਵੇਂ ਪੁਰਾਣੇ ਸਮੇਂ ਦੇ ਲੋਕੀਂ ਸਤਿਵਾਦੀ ਸਮੇਂ ਵਿਚ ਸਾਧੂ ਮਨੁਖਾਂ ਨੂੰ ਛੱਡਕੇ ਬਨਾਂ ਨੂੰ ਨੱਸਦੇ ਰਹੇ, ਬਨਾਂ ਨੂੰ ਨੱਸਣ ਦਾ ਸਮਾਂ ਹੁਣ ਹੈ ਕਿ ਜਦੋਂ ਜੀਵਾਂ ਵਿਚ

SIKHBOOKCLUB.COM

'ਨਿਆਂ ਤੇ 'ਮਾਫੀ' ਨਹੀਂ ਰਹੀ, ਜਦੋਂ ਆਪਸ ਦੀਆਂ ਭੁੱਲਾਂ ਤੇ ਵਧੀਕੀਆਂ ਆਪੋ ਵਿਚ ਨਜਿੱਠਣ ਦੀ ਥਾਂ ਸਾਨੂੰ ਠਾਣਿਆਂ ਤੇ ਅਦਾਲਤਾਂ ਦੀ ਲੋੜ ਪੈਂਦੀ ਹੈ, ਜਿਥੇ ਜਾਕੇ ਆਪਣੀ ਪਾਣਪਤ ਕੌਡੀ ਦੀ ਨਹੀਂ ਰਹਿੰਦੀ। ਪੰਜ ਪੰਜ ਰੁਪੈ ਦੇ ਚਪੜਾਸੀ ਓਇ ਓਇ ਕਰਦੇ ਹਨ। ਵਕੀਲਾਂ ਦੇ ਮੁਨਸ਼ੀ ਦੁਰਕਾਰਦੇ ਤੇ ਅਮਲੇ ਦੇ ਮੁਸੱਦੀ ਨੱਕ ਚਾੜ੍ਹੇ ਬਿਨਾਂ ਕੂੰਦੇ ਨਹੀਂ। ਅਦਾਲਤਾਂ ਨੂੰ ਆਪ ਪਤਾ ਕੁਛ ਨਹੀਂ ਹੁੰਦਾ, ਉਗਾਹ ਵੱਢੀਆਂ ਖਾ ਕੇ ਕੂੜ ਮਾਰਦੇ ਹਨ ਤੇ ਵਕੀਲ ਖੁੰਦਰਾਂ ਕੱਢ ਕੱਢ ਕੇ ਅਦਾਲਤ ਨੂੰ ਸੱਚ ਲੱਭਣ ਦੀ ਮੱਦਦ ਨਹੀਂ ਦੇਂਦੇ। ਆਪੋ ਆਪਣੇ ਪੱਖ ਸਿੱਧ ਕਰਨ ਲਈ ਅਦਾਲਤ ਨੂੰ ਭੁਲੇਖੇ ਵਿਚ ਪਾਉਣ ਦੇ ਯਤਨ ਕਰਦੇ ਹਨ। ਕਿਉਂ ਕਿ ਸਾਨੂੰ ਸੋਝੀ ਨਹੀਂ ਆਉਂਦੀ ਕਿ ਅੰਦਰ ਵੜਕੇ ਭਰਾਵਾਂ ਵਿਚ ਬੈਠਕੇ ਨਜਿੱਠ ਲਿਆ ਕਰੀਏ?

ਸੁਣੀਂਦਾ ਹੈ ਕਿ ਸ਼ਹਿਰਾਂ ਵਿਚ ਪੂਰਬ ਦੇ ਚਮਿਆਰ ਤੇ ਘਸਿਆਰੇ ਸਾਈਸ ਹੁੰਦੇ ਹਨ, ਉਹ ਕਦੇ ਭੀ ਕਚਹਿਰੀ ਵਿਚ ਨਹੀਂ ਚੜਦੇ। ਉਨ੍ਹਾਂ ਵਿਚ ਜੇ ਕੋਈ ਹੋਣੀ ਹੋ ਜਾਵੇ ਤਾਂ ਪੰਚੈਤ ਬੈਠਕੇ ਫੈਸਲਾ ਕਰ ਦੇਂਦੀ ਹੈ ਤੇ ਦੋਵੇਂ ਧਿਰਾਂ ਸਿਰ ਮੱਥੇ ਤੇ ਕਬੂਲ ਕਰ ਲੈਂਦੀਆਂ ਹਨ। ਸ਼ੋਕ ਹੈ ਸਾਡੇ ਜ਼ਿਮੀਦਾਰਾਂ, ਖੱਤ੍ਰੀਆਂ, ਮਹਾਜਨਾਂ ਤੇ ਕਿ ਸਾਡੇ ਵਿਚ ਚਮਜਾਰਾਂ ਜਿੰਨਾਂ ਭੀ ਆਪਣੇ ਭਾਈਚਾਰੇ ਤੇ ਭਰੋਸਾ ਨਹੀਂ ਹੈ! ਹੇ ਵਾਹਿਗੁਰੂ! ਸਮੇਂ ਵਿਚ ਕੀ ਹੋ ਗਿਆ ਹੈ? ਚਤੁਰਾਈਆਂ ਵਧ ਗਈਆਂ ਹਨ, ਤ੍ਰਿਸ਼ਨਾਂ ਖਿੰਡ ਪਈ ਹੈ, ਝੂਠ ਕੁਸੱਤ ਫੈਲ ਗਿਆ ਹੈ। ਹੁਣ ਸਾਨੂੰ ਭੀ ਉਗਾਹੀ ਭਰਨੀ ਪਊ। ਸਾਡੇ ਬੇਲੀ ਨੇ ਸੱਚ ਹੀ ਕਿਹਾ ਸੀ ਕਿ ਬਾਬਾ! ਮੈਂ ਤਾਂ ਧੂਤੂ ਗੱਡੀ ਕੋਲੋਂ ਨੱਸ ਆਇਆ ਹਾਂ ਜੋ ਕਿਤੇ ਮੈਂ ਹੀ ਨਾ ਧਰਿਆ ਜਾਵਾਂ। ਸੋ ਕੁਛ ਕੁਛ ਸੱਚ ਹੀ ਹੋ ਗਿਆ। ਹੋਰ ਨਹੀਂ ਤਾਂ ਹੁਣ ਸ਼ਹਿਰ ਨੂੰ ਚੱਲਾਂਗੇ, ਸ਼ਹਿਰ ਦੀਆਂ ਮੋਰੀਆਂ ਦੀਆਂ ਮੁਸ਼ਕਾਂ ਸੁੰਘਾਂਗੇ, ਸਾਰਾ ਦਿਨ ਧੁੱਪੇ ਕਚਹਿਰੀ ਦੇ ਬਾਹਰ ਰੁਲਾਂਗੇ, ਕਦੇ ਕਿਸੇ ਬੂਟੇ ਹੇਠ ਕਦੇ ਕਿਸੇ ਬੂਟੇ ਹੇਠ ਨਿਘਰੇ ਕਾਂ ਵਾਂਗੂੰ ਤਾਂਘਾਂਗੇ ਕਿ ਕਦੋਂ ਵਾਜ ਪੈਂਦੀ ਹੈ। ਫੇਰ ਕਈ ਦਿਨ ਇਸ ਤਰ੍ਹਾਂ ਦੁੱਖ ਪਾ ਪਾ ਕੇ ਵਾਜ ਪਏਗੀ 'ਓ ਕੋਈ ਹੈ, ਓਇ ਕੋਈ ਨੌਧ ਸਿੰਘ, ਓਇ ਨੌਧ ਸਿੰਘ' ਇਸ ਅਨਾਦਰ ਤੇ ਝਿੜਕ ਭਰੀ ਸੱਦ ਦੇ ਮੂਹਰੇ ਈਦਗਾਹ ਨੂੰ ਜਾ ਰਹੇ ਬੱਕਰੇ ਵਾਂਗੂੰ ਅਸੀਂ ਅੰਦਰ ਜਾਵਾਂਗੇ, ਕਹਾਂਗੇ: ਹਜ਼ੂਰ! ਤੇ ਅੱਗੋਂ ਕੁਰਸੀ ਤੇ ਬੈਠਾ ਸਾਨੂੰ ਪਹਿਲਾਂ ਝੂਠ ਦਾ ਪੁਤਲਾ ਸਮਝ ਕੇ ਸ਼ੱਕ ਤੇ ਕਹਿਰ ਜਹੇ ਨਾਲ ਤੱਕ ਕੇ ਕਹੇਗਾ, ਓਇ ਬੁੱਢਿਆ! ਸੱਚ ਬੋਲੀਂ, ਓਇ, ਖਾਹ ਸਹੁੰ। ਆਦਿ ਜੁਗਾਦਿ ਕਦੇ ਸੁਗੰਦ ਨਾ ਖਾਧੀ, ਓਥੇ ਅਸੀਂ ਸੁਗੰਦਾਂ ਖਾਵਾਂਗੇ। ਫੇਰ ਵਕੀਲ ਖੁੰਦਰਾਂ ਪੁੱਟਣਗੇ, ਜਿਸ ਤਰ੍ਹਾਂ ਬਿੱਲੀ ਚੂਹੇ ਨੂੰ ਮਾਰਨ ਤੋਂ ਪਹਿਲਾਂ ਝੱਝੋਲਦੀ ਹੈ, ਓਕਰ ਸਾਨੂੰ ਵਕੀਲ ਝੱਝੋਲਣਗੇ, ਤੇ ਕਿਸੇ ਨਾਂ ਕਿਸੇ ਹੀਲੇ ਝੂਠਾ ਸਾਬਤ ਕਰਨ ਦਾ ਜਤਨ ਕਰਨਗੇ। ਮਸਾਂ ਕਿਤੇ ਖਹਿੜਾ ਛੁੱਟੂ ਤੇ ਘਰ ਆਵਾਂਗੇ। ਸੱਚ ਸੱਚ ਬੋਲੀ ਗਏ ਤਾਂ ਹਮਸਾਏ ਪਿੰਡ ਦੇ ਨਾਰਾਜ਼ ਹੋਣਗੇ। ਖਵਰੇ ਠਾਣੇਦਾਰ ਕਈ ਗੱਲਾਂ ਅਪਣੇ ਰੁਖ ਦੀਆਂ ਚਾਹੂ, ਉਸਦੀ ਨਾਂ ਮੰਨੀਂ ਤਾਂ ਉਹ ਖਫ਼ੇ ਹੋ ਜਾਊ। ਏਧਰ ਇਹ ਭੀ ਬਰਿਸਟਰ ਹੈ, ਇਸਨੇ ਸੇਵਾ ਕਰ ਕਰਾਕੇ ਇਹ ਸਮਝਣਾ ਹੈ ਕਿ ਬਾਬਾ ਮੇਰੀ ਬਰਿਸਟਰੀ ਤੇ ਮੋਹਤ ਹੋ ਗਿਆ ਹੈ। ਇਹ ਦਾਵਾ ਬੰਨ੍ਹਕੇ ਇਹ ਚਾਹੇਗਾ ਕਿ ਮੈਂ ਝੂਠ ਬੋਲਾਂ, ਨਾਂ ਬੋਲਿਆ ਤਾਂ ਕਹੂ: ਹੱਛਾ ਬੱਚਾ! ਕਦੇ ਤਾਂ ਮੁਕੱਦਮਾ ਪਊਗਾ ਨਾਂ, ਸ਼ਹਿਰ ਆਵੇਂਗਾ ਹੀ ਨਾਂ, ਮੇਰੇ ਜਾਂ ਕਿਸੇ ਵਕੀਲ ਭਰਾ ਦੇ ਢਹੇ ਚੜ੍ਹੇਂ ਹੀ ਗਾ ਨਾਂ ਤਦੋਂ ਤੈਨੂੰ ਦੱਸੂੰ ਤੇ ਸਾਰਾ ਮੁੱਲ ਪੁਆ ਦਿਊਂ। ਸੋ ਮੈਂ ਕੀ ਲੀਤਾ? ਮੁਖਤ ਦੀ ਬਿਪਤਾ ਸਹੇੜ ਲੀਤੀ।

ਇਸ ਤਰ੍ਹਾਂ ਦੀਆਂ ਸੋਚਾਂ ਵਿਚ ਬਾਬਾ ਪੈ ਰਿਹਾ ਸੀ। ਜਿਹੜਾ ਕਦੇ ਵਹਿਣੀ ਨਹੀਂ ਸੀ ਪਿਆ, ਜਿਸਨੇ ਕਦੇ ਡੱਕੋ ਡੋਲਾ ਨਹੀਂ ਸੀ ਖਾਧਾ, ਉਹ ਅੱਜ ਕਿਨ੍ਹਾਂ ਵਹਿਣਾਂ ਵਿਚ ਹੈ? ਬਾਬੇ ਦੀਆਂ ਏਹ ਸੋਚਾਂ ਸੁਣਕੇ ਕਚਹਿਰੀ ਦਾ ਇਕ ਮੁਨਸ਼ੀ ਯਾ ਪਜਾਦਾ ਕਹੇਗਾ, ਵਾਹ! ਬਾਬਾ ਨੌਧ ਸਿੰਘ ਕੇਡਾ ਬਹਾਦਰ ਹੈ, ਜੋ ਇਨ੍ਹਾਂ ਵਹਿਣਾਂ ਵਿਚ ਹੈ? ਕਚਹਿਰੀ ਮੌਜ ਦੀ ਥਾਂ ਹੈ, ਕੋਈ ਸੂਲੀ ਹੈ? ਸਾਰਾ ਦਿਨ ਹੱਸਦੇ ਹਾਂ, ਖੇਡਦੇ ਹਾਂ, ਤਲਬਾਂ ਪਾਉਂਦੇ ਹਾਂ, ਨਜ਼ਰਾਂ ਲੈਂਦੇ ਹਾਂ, ਮੌਜ ਨਾਲ ਖੱਟ ਕਮਾ ਕੇ ਘਰ ਆਉਂਦੇ ਹਾਂ। ਪਰ ਉਹਨਾਂ ਨੂੰ ਪਤਾ ਨਹੀਂ ਕਿ ਬਾਬੇ ਦੇ ਅੰਦਰ ਸੱਚ ਦੀ ਪ੍ਰਤੀਤੀ (ਅਹਿਸਾਸ)

SIKHBOOKCLUB.COM

ਕਾਇਮ ਹੈ। ਉਹ ਕੂੜ ਕੁਸੱਤ ਤੋਂ ਡਰ ਰਿਹਾ ਹੈ, ਆਪਣੀ ਹੱਤਕ ਤੋਂ ਡਰ ਰਿਹਾ ਹੈ, ਹੋਰ ਬਾਬਾ ਕਾਇਰ ਨਹੀਂ ਹੈ। ਇੰਨੇ ਨੂੰ ਸੁਭਾਗ ਦਲਾਨ ਵਿਚ ਆ ਗਈ, ਜਿੱਥੇ ਬਾਬਾ ਬੈਠਾ ਸੀ। ਸੁਭਾਗ ਆਸਾ ਦੀ ਵਾਰ ਦਾ ਪਾਠ ਬੜੀ ਮਿੱਠੀ ਸੁਰ ਵਿਚ ਕਰ ਰਹੀ ਸੀ, ਅੰਦਰ ਵੜਦਿਆਂ ਹੀ ਇਕ ਸੁਹਣਾ ਪ੍ਰਭਾਉ ਛਾ ਗਿਆ ਤੇ ਮਿੱਠੀ ਪਿਆਰੀ ਸੁਰ ਨੇ ਬਾਬੇ ਦਾ ਧਜਾਨ ਉੱਚਾ ਕਰ ਦਿੱਤਾ ਸੁਭਾਗ ਇਸ ਵੇਲੇ ਇਹ ਤੁਕਾਂ ਪੜ੍ਹ ਰਹੀ ਸੀ:-

ਸਲੋਕ ਮਹਲਾ ੧॥

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ॥
ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨਣਹਾਰੁ॥
ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ॥
ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ॥
ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ॥
ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ॥ ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ॥ ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ॥੧॥ਮ:੧॥ ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥ ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ॥ ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ॥ ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ॥ ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ॥ ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ॥ ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ॥ ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥ ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥ ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ॥ ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥ ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥੨॥

ਗੁਰਬਾਣੀ, ਗੁਰੂ ਰੂਪ ਬਾਣੀ ਦਾ ਬਾਬੇ ਦੇ ਅੰਦਰ ਅਸਰ ਹੋ ਗਿਆ। ਬਾਬੇ ਦੀ ਸੋਚਾਂ ਦੀ ਤਾਣੀ ਨੂੰ ਗੁਰੂ ਬਾਬੇ ਨੇ ਸੁਲਝਾ ਦਿੱਤਾ। ਬਾਬੇ ਨੂੰ ਸਭ ਗੱਲਾਂ ਦਾ ਇਕੋ ਦਾਰੂ ਯਾਦ ਆ ਗਿਆ:-

'ਸੱਚ'

''ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥''

ਜਦ ਸਤਿਗੁਰ ਦਾ ਬਖਸ਼ਿਆ ਸੱਚ ਪੱਲੇ ਹੈ ਤਾਂ ਕਾਹਦਾ ਡਰ ਹੈ? ਇਹ ਸੋਚ ਆਈ, ਬਾਬੇ ਦੇ ਧਿਆਨ ਨੇ ਮੋੜਾ ਖਾਧਾ। ਧਜਾਨ ਆਯਾ, ਸੁਰਤ ਉੱਚੀ ਹੋ ਗਈ, ਨਾਮ ਦਾ ਵੇਗ ਤਾਂ ਜਾਰੀ ਹੀ ਸੀ, ਕੇਵਲ ਬੇ-ਮਲੂਮਾ ਸੀ। ਗੱਲ ਕੀ ਪਲੋ ਪਲੀ ਵਿਚ ਉਹੋ ਬਾਬਾ, ਉਹੋ ਬਾਬੇ ਦੇ ਰੰਗ, ਓਹੋ ਚੜ੍ਹਦੀਆਂ ਕਲਾਂ।

ਬਾਬੇ ਨੂੰ ਦੁੱਖ ਉੱਠੇ ਕਿ ਐਡਾ ਰਸੀਆ ਹੋ ਕੇ ਮੈਂ ਭੀ ਕਾਂਪ ਖਾ ਗਿਆ, ਪਰ ਫੇਰ ਰਜ਼ਾ ਦਾ ਸਬਕ ਯਾਦ ਆਯਾ, ਫੇਰ ਚੇਤੇ ਆਯਾ ਕਿ ਸਾਰਾ ਸੁਖ 'ਮਿਹਰ' ਹੈ, 'ਮਿਹਰ' ਇਕ ਛਿਨ ਪਰੇ ਹਟੇ ਤਾਂ ਕੀ ਹਾਲ ਹੋ ਜਾਂਦਾ ਹੈ? ਤਾਂਤੇ:-

'ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥'

ਐਉਂ 'ਤੇਰਾ' ਵਿਚ 'ਮੈਂ' ਰੰਗੀ ਗਈ ਤੇ ਬਾਬਾ ਫੇਰ ਸੁਖੀ ਹੋ ਗਿਆ।

ਇਕ ਦਿਨ ਬਰਿਸਟਰ ਤੇ ਬ੍ਰਿਸਟਰਾਣੀ ਜੋ ਹੁਣ ਕੁਛ ਸੁਖੀ ਸਨ ਆਪੋ ਵਿਚ ਗੱਲੀਂ ਲੱਗੇ ਹੋਏ ਸਨ।

ਬ੍ਰਿਸਟਰ— ਪਿਆਰੀ! ਇਹ ਕੇਹੀ ਆਫਤ ਸਾਡੇ ਸਿਰ ਆਈ?

ਵਹੁਟੀ— ਕੋਈ ਖੋਟੇ ਕਰਮ ਉੱਗ ਪਏ।

ਬ੍ਰਿਸਟਰ— ਕਰਮ ਕਾਹਦੇ? ਐਵੇਂ ਹੋ ਜਾਂਦਾ ਹੈ।

ਵਹੁਟੀ— ਐਵੇਂ ਹੀ ਐਨੀ ਮੁਸੀਬਤ ਆ ਗਈ?

ਬ੍ਰਿਸਟਰ— ਐਵੇਂ ਹੀ ਹੋ ਜਾਂਦਾ ਹੈ, ਹੋਰ ਕੀ ਹੈ?

ਵਹੁਟੀ— ਕਰਮਾਂ ਦਾ ਫਲ ਨਹੀਂ?

ਬ੍ਰਿਸਟਰ— ਕਰਮ ਕੈਸੇ?

ਵਹੁਟੀ— ਜੋ ਪੂਰਬਲੇ ਜਨਮਾਂ ਵਿਚ ਕੀਤੇ।

ਬ੍ਰਿਸਟਰ— ਸ਼ਿਹ, ਜਨਮ ਕੈਸੇ ਤੇ ਕਰਮ ਕੈਸੇ?

ਵਹੁਟੀ— ਪਰ ਜਿਸ ਵੇਲੇ ਵਾਹਰ ਆਈ ਹੋਈ ਸੀ ਤੇ ਜਾਨ ਜੋਖੋਂ ਵਿਚ ਸੀ ਉਸ ਵੇਲੇ ਤਾਂ ਤੁਸੀਂ ਇਸ ਦਲੇਰੀ ਵਿਚ ਨਹੀਂ ਸੇ, ਅਤਿ ਡਰੇ ਹੋਏ ਸੇ।

ਬ੍ਰਿਸਟਰ— ਹਾਂ, ਸੀ ਤਾਂ ਏਸੇ ਤਰ੍ਹਾਂ।

SIKHBOOKCLUB.COM

ਵਹੁਟੀ— ਫੇਰ ਉਸ ਵੇਲੇ ਰੱਬ ਬਹੁੜਿਆ, ਨਹੀਂ ਤਾਂ ਕੋਈ ਹਾਲ ਸੀ?

ਬ੍ਰਿਸਟਰ— ਸ਼ਿਹ, ਰੱਬ ਕੈਸਾ ਤੇ ਬਹੁੜਨਾ ਕੀਹ?

ਵਹੁਟੀ— ਖਬਰੇ ਸਾਡੇ ਇਹੋ ਹੀ ਭੈੜੇ ਕਰਮ ਹਨ ਜੋ ਸਾਨੂੰ ਖੁਆਰ ਕਰਦੇ ਰਹੇ ਹਨ।

ਬ੍ਰਿਸਟਰ— ਮੈਂ ਤੈਨੂੰ ਵਲੈਤ ਬੀ ਲੈ ਗਿਆ, ਪੜ੍ਹਾਯਾ ਬੀ, ਪਰ ਹਿੰਦੁਸਤਾਨ ਦੀਆਂ ਤ੍ਰੀਮਤਾਂ ਦੇ ਖਮੀਰ ਵਿਚ ਧਰਮ ਦਾ ਐਸਾ ਅਸਰ ਹੈ ਕਿ ਨਿਕਲਦਾ ਹੀ ਨਹੀਂ।

ਵਹੁਟੀ— ਧਰਮ ਤੋਂ ਤੁਹਾਨੂੰ ਬੜੀ ਘ੍ਰਿਣਾ ਹੈ?

ਬ੍ਰਿਸਟਰ— ਧਰਮ ਨੇ ਹਿੰਦੁਸਤਾਨ ਨੂੰ ਡਬੋਯਾ ਹੈ।

ਵਹੁਟੀ— ਧਰਮ ਨੇ ਕਿ ਅਧਰਮ ਨੇ?

ਬ੍ਰਿਸਟਰ— ਧਰਮ ਨੇ। ਦੇਖੋ ਇੰਗਲੈਂਡ, ਫ੍ਰਾਂਸ ਜਰਮਨੀ ਜਾਪਾਨ ਕਿੰਨੇ ਮੌਜਾਂ ਵਿਚ ਹਨ ਤੇ ਹਿੰਦੁਸਤਾਨ ਗ੍ਰੀਬ ਹੈ। ਧਰਮੀ ਦੁਖੀ ਹਨ ਤੇ ਧਰਮ ਤੋਂ ਬੇਪ੍ਰਵਾਹ ਸੁਖੀ।

ਵਹੁਟੀ— ਫੇਰ ਹਿੰਦੁਸਤਾਨ ਵਿਚ ਪਿਆਰ, ਮੈਤ੍ਰੀ, ਕੁਰਬਾਨੀ ਨਹੀਂ?

ਬ੍ਰਿਸਟਰ— ਨਹੀਂ, ਹਿੰਦੁਸਤਾਨ ਵਿਚ ਭਰਮ, ਵਹਿਮ, ਡਰ, ਪਖੰਡ ਪੂਜਾ ਬਹੁਤ ਹੈ।

ਵਹੁਟੀ— ਪਰ ਭਰਮ, ਵਹਿਮ, ਡਰ, ਪਾਖੰਡ ਤਾਂ ਸਾਰੇ ਅਧਰਮ ਹਨ। ਤੁਸੀਂ ਕਹਿੰਦੇ ਹੋ ਧਰਮ ਨੇ ਡੋਬਿਆ ਹੈ।

ਬ੍ਰਿਸਟਰ— ਹਾਂ, ਇਸੇ ਨੇ ਡੋਬਿਆ ਜੋ ਧਰਮ ਸਮਝਿਆ ਜਾਂਦਾ ਹੈ।

ਵਹੁਟੀ— ਫੇਰ ਧਰਮ ਨੇ ਤਾਂ ਨਾ ਡੋਬਿਆ ਅਧਰਮ ਨੇ ਡੋਬਿਆ ਜੋ ਗ਼ਲਤੀ ਨਾਲ ਧਰਮ ਸਮਝਿਆ ਜਾਂਦਾ ਹੈ, ਸੋ ਅਧਰਮ ਹੀ ਡੋਬਣਹਾਰਾ ਹੋਇਆ ਨਾਂ।

ਬ੍ਰਿਸਟਰ— ਏਸੇ ਤਰ੍ਹਾਂ ਹੀ ਸਹੀ।

ਵਹੁਟੀ— ਪਰਤੱਖ ਵੇਖੋ ਖਾਂ, ਸਾਡੀ ਜਾਨ ਜਿਨ੍ਹਾਂ ਨੇ ਬਚਾਈ ਹੈ ਤੇ ਆਪਣੀ ਜਾਨ ਹੂਲ ਕੇ ਬਚਾਈ ਹੈ ਅਰ ਹੁਣ ਕਿੰਨਾ ਪਿਆਰ ਕਰ ਰਹੇ ਹਨ, ਕੌਣ ਹਨ? ਮੈਨੂੰ ਇਸ ਘਰ ਵਿਚ ਇਹੋ ਮੁਸ਼ਕ ਆਉਂਦੀ ਹੈ ਕਿ ਏਹ ਧਰਮੀ ਲੋਕ ਹਨ।

ਬ੍ਰਿਸਟਰ— ਇਹ ਜਾਂਗਲੀ ਲੋਕ ਹਨ, ਵਹਿਸ਼ੀ, ਇਨ੍ਹਾਂ ਨੂੰ ਸਿੱਖ ਆਖਦੇ ਹਨ।

ਵਹੁਟੀ— ਜੇਹੋ ਜੇਹੇ ਸ਼ਹਿਰਾਂ ਵਿਚ ਵੀ ਹੁੰਦੇ ਹਨ?

ਬ੍ਰਿਸਟਰ— ਹਾਂ ਓਹੋ ਜੇਹੇ, ਪਰ ਏਹ ਵਧੇਰੇ ਜਾਂਗਲੀ ਹਨ।

ਵਹੁਟੀ— ਲੰਮੇ ਲੰਮੇ ਸੁਹਣੇ ਕੇਸਾਂ ਵਾਲੇ ਜਿਹੜੇ ਤੜਕੇ ਉੱਠਕੇ ਬਾਣੀਆਂ ਪੜ੍ਹਦੇ ਹਨ?

ਬ੍ਰਿਸਟਰ— ਓਹੋ; ਨਾਂ ਆਪ ਸੌਂਦੇ ਹਨ ਨਾਂ ਹਮਸਾਇਆਂ ਨੂੰ ਸੌਣ ਦੇਂਦੇ ਹਨ, ਨੀਂਦਰ ਦੇ ਵੈਰੀ।

ਵਹੁਟੀ— ਕੀ ਏਹ ਬਿਲਕੁਲ ਵਹਿਸ਼ੀ ਹਨ?

ਬ੍ਰਿਸਟਰ— ਕੇਸ ਜੁ ਰਖਦੇ ਹਨ, ਵਹਿਸ਼ੀ ਹੀ ਹੋਏ ਨਾਂ।

ਵਹੁਟੀ— ਸਿਰਫ ਏਨੀਂ ਗੱਲ ਪਿਛੇ? ਕੇਸ ਤਾਂ ਰਾਮ ਕ੍ਰਿਸ਼ਨ ਦੇ ਭੀ ਸਨ। ਬੁੱਧ ਤੋਂ ਪਹਿਲੇ ਤੇ ਬੁੱਧ ਆਪ ਸਾਰੇ ਸਾਡੇ ਵੱਡੇ ਕੇਸਾਧਾਰੀ ਸਨ, ਤੇ ਸਾਡੇ ਸਿਰ ਭੀ ਕੇਸ ਹਨ।

ਬ੍ਰਿਸਟਰ— ਹਾਂ, ਹੈ ਠੀਕ, ਪਰ ਇਹ ਬੜੇ ਮੈਲੇ ਲੋਕ ਹਨ।

ਵਹੁਟੀ— ਇਸ਼ਨਾਨ ਤਾਂ ਰੋਜ਼ ਕਰਦੇ ਹਨ, ਰਹਿੰਦੇ ਭੀ ਸੁਥਰੇ ਹਨ। ਇਹ ਘਰ ਤਾਂ ਸਾਡੀ ਕੋਠੀ ਨਾਲੋਂ ਭੀ ਸੁਥਰਾ ਹੈ, ਹਾਂ, ਗ਼ਰੀਬੀ ਹੈ। ਸਾਮਾਨ ਨਹੀਂ ਹੈ। ਤੁਸੀਂ ਦੱਸੋ ਇਨ੍ਹਾਂ ਨੂੰ ਮੈਲਾ ਕਿਉਂ ਆਖਦੇ ਹੋ? ਏਥੇ ਭਾਂਡੇ, ਬਰਤਨ, ਦੁੱਧ, ਮੰਜਾ, ਵਿਛਾਈ ਸਭ ਕੁਛ ਸੁਥਰਾ ਹੈ।

ਬ੍ਰਿਸਟਰ— ਬਈ ਸੱਚੀ ਗੱਲ ਇਹ ਹੈ ਕਿ ਮੈਨੂੰ ਆਪ ਤਾਂ ਪਤਾ ਕੁਛ ਨਹੀਂ। ਬਾਰ ਰੂਮ (ਵਕੀਲਾਂ ਦੇ ਕਮਰੇ) ਵਿਚ ਸਾਰੇ ਹਿੰਦੂ ਵਕੀਲ ਸਿੱਖਾਂ ਨੂੰ ਬੁਰਾ ਆਖਦੇ ਰਹਿੰਦੇ ਹਨ। ਮੇਰੇ ਜੀ ਵਿਚ ਭੀ ਬੁਰੇ ਬੈਠ ਗਏ ਹਨ, ਉਹ ਸਬੱਬ ਸ਼ਾਇਦ ਇਹ ਹੈ ਕਿ ਅਕਸਰ ਵਕੀਲ ਆਰਯਾ ਹਨ ਤੇ ਆਰਯਾ ਤੇ ਸਿੱਖਾਂ ਦੀ ਕੁਛ ਬਣਦੀ ਘੱਟ ਹੈ।

ਵਹੁਟੀ— ਪਰ ਪਰਤੱਖ ਨੂੰ ਕੀ ਪ੍ਰਮਾਣ ਹੈ? ਅੱਜ ਜੋ ਸਾਡੇ ਨਾਲ ਵਰਤੀ ਹੈ ਉਹ ਤਾਂ ਇਹ ਦੱਸਦੀ ਹੈ ਕਿ ਇਹ ਲੋਕ ਆਮ ਸ਼੍ਰੇਣੀ ਤੋਂ ਉੱਚੇ ਹਨ। ਅਸੀਂ ਇਨ੍ਹਾਂ ਦੇ ਕੀ ਲੱਗਦੇ ਹਾਂ ਜੋ ਇਹਨਾਂ ਨੇ ਸਾਨੂੰ ਐਨਾਂ ਪਿਆਰ ਕੀਤਾ ਹੈ? ਜੇ ਇਹ ਲੋਕ ਵਹਿਸ਼ੀ ਹਨ ਤਾਂ ਸਾਡੀ ਸਭਜਤਾ ਤੋਂ ਉਚੇਰੇ ਵਹਿਸ਼ੀ ਹਨ।

ਬ੍ਰਿਸਟਰ— (ਹੱਸ ਕੇ) ਸ਼ਾਇਦ ਏਸ ਕਰਕੇ ਕਿ ਮੈਂ ਬ੍ਰਿਸਟਰ ਹਾਂ ਤੇ ਇਨ੍ਹਾਂ ਲੋਕਾਂ ਦੇ ਸ਼ਹਿਰਾਂ ਵਿਚ ਮੁਕੱਦਮੇ ਰਹਿੰਦੇ ਹਨ, ਇਹ ਬੁੱਢਾ ਖਿਆਲ

SIKHBOOKCLUB.COM

ਕਰਦਾ ਹੋਊ ਕਿ ਕਦੇ ਸ਼ਹਿਰ ਜਾਊ ਤਾਂ ਕਿਸੇ ਮੁਕੱਦਮੇਂ ਵਿਚ ਇਹ ਬ੍ਰਿਸਟਰ ਕੰਮ ਆ ਜਾਊ, ਹੋਰ ਕੀ ਹੋ ਸਕਦਾ ਹੈ?

ਵਹੁਟੀ— ਤਾਂ ਤੁਹਾਡੇ ਖਿਆਲ ਵਿਚ ਕੋਈ ਆਦਮੀ ਜਦ ਕਿਸੇ ਨਾਲ ਨੇਕੀ ਕਰਦਾ ਹੈ ਤਾਂ ਕੋਈ ਆਪਣੀ ਗਰਜ਼ ਰੱਖ ਲੈਂਦਾ ਹੈ, ਐਵੇਂ ਭਲੇ ਕਰਨ ਦੇ ਸ਼ੌਕ ਵਿਚ ਕੋਈ ਭਲਿਆਈ ਨਹੀਂ ਕਰਦਾ?

ਬ੍ਰਿਸਟਰ— ਹੋਰ ਕੀਹ ਹੈ?

ਵਹੁਟੀ— ਮੇਰੀ ਜਾਚੇ ਅਸਾਂ ਯੂਰਪ ਵਿਚ ਜਾ ਕੇ ਇਹੋ ਸਬਕ ਸਿੱਖਿਆ ਹੈ ਕਿ ਗਰਜ਼ ਤੇ ਕਾਮਨਾ ਬਿਨਾਂ ਕੋਈ ਨੇਕੀ ਨਹੀਂ। ਉਥੇ ਮਾਦਾ ਪ੍ਰਸਤੀ ਪ੍ਰਧਾਨ ਹੈ ਤੇ ਲੋਕੀਂ ਨਿਜ ਸੁਖ ਦੇ ਵਾਸਤੇ ਸ੍ਰੀਰਕ ਤੇ ਪਦਾਰਥਕ ਲਾਭ ਵਾਸਤੇ ਸਾਰੀ ਆਯੂ ਜਤਨ ਕਰਦੇ ਹਨ। ਅਸੀਂ ਆਪ ਏਸੇ ਤਰ੍ਹਾਂ ਦੇ ਹਾਂ, ਅਸਾਂ ਕਦੇ ਬਿਨਾਂ ਮਤਲਬ ਕਿਸੇ ਨੂੰ ਪਾਣੀ ਦਾ ਗਲਾਸ ਬੀ ਨਹੀਂ ਪਿਲਾਇਆ। ਇਸ ਬੁੱਢੇ ਨੂੰ ਕੋਈ ਮਤਲਬ ਸਾਡੇ ਨਾਲ ਨੇਕੀ ਕਰਨ ਦਾ ਨਜ਼ਰ ਨਹੀਂ ਪੈਂਦਾ। ਇਸ ਨੇ ਦੂਸਰੇ ਪਿੰਡ ਦੇ ਲੋਕਾਂ ਦੀ ਕੁਛ ਨਰਾਜ਼ਗੀ ਭੀ ਝੱਲੀ ਹੈ। ਠਾਣੇਦਾਰ ਨਾਲ ਭੀ ਵਿਤੋਂ ਵੱਧ ਵਾਹ ਲਾਈ ਹੈ, ਸਿਰਫ ਏਨੀਂ ਗੱਲ ਲਈ ਕਿ ਕਦੇ ਮੁਕੱਦਮਾ ਪਵੇਗਾ ਤੇ ਸ਼ਹਿਰ ਵਿਚ ਤੁਸੀਂ ਕੰਮ ਆਵੋਗੇ? ਹੈਂ, ਨਿਰੀ ਐਨੀਂ ਗਲ ਲਈ ਇਸ ਨੇ ਤੁਹਾਡੇ ਨਾਲ ਐਨੀਂ ਕੁਰਬਾਨੀ ਤੇ ਨੇਕੀ ਕੀਤੀ ਹੈ? ਮੇਰੀ ਸਮਝੇ ਇਹ ਗੱਲ ਨਹੀਂ ਆਉਂਦੀ। ਜੇ ਇਸ ਨੂੰ ਇਹ ਸਮਝ ਹੈ ਕਿ ਤੁਸੀਂ ਕਦੇ ਕੰਮ ਆਓਗੇ, ਤਾਂ ਇਸਨੂੰ ਇਹ ਸਮਝ ਭੀ ਜ਼ਰੂਰ ਹੋਣੀ ਚਾਹੀਦੀ ਹੈ ਕਿ ਵਕੀਲ ਕਦੇ ਭੀ ਕਿਸੇ ਦੇ ਮੁਫਤ ਕੰਮ ਨਹੀਂ ਆ ਸਕਦੇ। ਆਮ ਤੌਰ ਤੇ ਤੁਹਾਡਾ ਫਿਰਕਾ ਨੇਕ ਨਾਮ ਨਹੀਂ ਹੈ। ਖੁਦਗਰਜ਼ੀ ਲਈ ਤੇ ਕੋਰੇਪਨ ਲਈ ਤੁਹਾਡਾ ਦ੍ਰਿਸ਼ਟਾਂਤ ਦਿੱਤਾ ਜਾਂਦਾ ਹੈ। ਸੋ ਮੈਂ ਨਹੀਂ ਸਮਝ ਸਕਦੀ ਕਿ ਜੇ ਇਹ ਗ਼ਰਜ਼ ਨਾਲ ਨੇਕੀ ਕਰਨ ਦੀ ਚਲਾਕੀ ਰੱਖਦਾ ਹੈ ਤਾਂ ਤੁਹਾਡੀ ਜਾਤ ਬਿਰਾਦਰੀ ਦੀ ਆਮ ਖੂਬੀ ਨੂੰ ਨਹੀਂ ਪਛਾਣਦਾ?

ਬ੍ਰਿਸਟਰ— (ਰੰਗ ਬਦਲ ਕੇ) ਤੇਰੀ ਗੱਲ ਵਿਚ ਕੁਛ ਦਲੀਲ ਤਾਂ ਦਿੱਸਦੀ ਹੈ।

ਵਹੁਟੀ— ਫੇਰ ਕਿਉਂ ਇਸ ਨੇ ਨੇਕੀ ਕੀਤੀ?

ਇੰਨੇ ਨੂੰ ਸੁਭਾਗ ਦੁੱਧ ਲੈ ਕੇ ਆ ਗਈ, ਉਸ ਨੇ ਬੜੇ ਪਿਆਰ ਨਾਲ ਦੋਹਾਂ ਨੂੰ ਦੁੱਧ ਪਿਲਾਇਆ ਤੇ ਚਲੀ ਗਈ। ਡਾਕਟਰ, ਦੱਸ ਗਿਆ ਸੀ ਕਿ ਰਾਤੀਂ ਇਨ੍ਹਾਂ ਨੂੰ ਨੀਂਦ ਨਹੀਂ ਆਵੇਗੀ ਤੇ ਸ਼ਾਇਦ ਤਪ ਹੋ ਜਾਵੇ, ਤੁਸਾਂ ਖਿਆਲ ਰੱਖਣਾ, ਪਾਣੀ ਪਿਲਾ ਦੇਣਾ। ਸੋਈ ਗੱਲ ਹੋਈ। ਰਾਤ ਇਨ੍ਹਾਂ ਨੂੰ ਨੀਂਦ ਨਾਂ ਆਈ, ਪਰ ਟੱਬਰ ਦੇ ਚਾਰੇ ਆਦਮੀ ਪਹਿਰ ਪਹਿਰ ਭਰ ਵਾਰੋ ਵਾਰੀ ਇਨ੍ਹਾਂ ਦੇ ਕੋਲ ਜਾਗਦੇ ਰਹੇ ਤੇ ਹਸਪਤਾਲਾਂ ਦੀਆਂ ਸਿੱਖੀਆਂ ਨਰਸਾਂ (ਦਾਈਆਂ) ਕੋਲੋਂ ਵਧੀਕ ਪਿਆਰ ਨਾਲ ਸੇਵਾ ਕਰਦੇ ਰਹੇ। ਸਵੇਰ ਸਾਰ ਦੋਹਾਂ ਦਾ ਤਪ ਉਤਰਿਆ ਤੇ ਦੋਹਾਂ ਨੂੰ ਨੀਂਦ ਪੈ ਗਈ।

ਜਦ ਜਾਗ ਖੁੱਲ੍ਹੀ ਤਾਂ ਵਹੁਟੀ ਨੇ ਫੇਰ ਪੁਛਿਆ ਕਿ ਸਾਡੀ ਸੇਵਾ ਇਹ ਕਿਉਂ ਟੱਬਰ ਦੇ ਜੀਆਂ ਵਾਂਗ ਪਿਆਰ ਨਾਲ ਕਰ ਰਹੇ ਹਨ?

ਬ੍ਰਿਸਟਰ ਨੇ ਕਿਹਾ: ਮੇਰੀ ਅਕਲ ਕੰਮ ਨਹੀਂ ਕਰਦੀ, ਮੈਂ ਅੱਜ ਤੱਕ ਜੋ ਤਜਰਬਾ ਕੀਤਾ ਹੈ ਕਿ:- 'ਦੁਨੀਆਂ ਮਤਲਬ ਦੀ'

ਉਹ ਮੈਨੂੰ ਭੀ ਏਥੇ ਨਜ਼ਰ ਨਹੀਂ ਪੈਂਦਾ। ਅੱਜ ਮੇਰੀ ਸਲਾਹ ਹੈ ਕਿ ਡਾਕਟਰ ਆਵੇਗਾ ਤਾਂ ਪੁੱਛਾਂਗਾ। ਹੋਰ ਤਾਂ ਅਜੇ ਏਥੇ ਸਾਡਾ ਕੋਈ ਜਾਣੂੰ ਨਹੀਂ ਹੈ ਜੋ ਪੜ੍ਹਿਆ ਹੋਇਆ ਹੋਵੇ।

ਦੁਪਹਿਰੇ ਜਦ ਡਾਕਟਰ ਜੀ ਆਏ ਤੇ ਦੋਹਾਂ ਦੇ ਜ਼ਖਮ ਬੰਨ੍ਹ ਚੁਕੇ ਤਾਂ ਬ੍ਰਿਸਟਰ ਨੇ ਕਿਹਾ, 'ਡਾਕਟਰ ਜੀ! ਇੱਥੇ ਮੇਰੇ ਪਾਸ ਰੁਪਏ ਨਾਲ ਨਹੀਂ ਹਨ, ਆਪ ਨੇ ਕਿਰਪਾ ਕਰ ਕੇ ਆਪਣੇ ਫੇਰੇ ਲਿਖੀ ਜਾਣੇ ਤੇ ਬਿੱਲ ਬਣਾ ਘੱਲਣਾ, ਸ਼ਹਿਰੋਂ ਰਕਮ ਘੱਲ ਦਿਆਂਗਾ'।

ਡਾਕਟਰ— ਮੈਨੂੰ ਨਹੀਂ ਸੀ ਪਤਾ ਕਿ ਬਾਬੇ ਦੇ ਘਰ ਐਸੇ ਖਜਾਲਾਂ ਦੇ ਲੋਕੀਂ ਭੀ ਛਤਰ ਛਾਯਾ ਪ੍ਰਾਪਤ ਕਰ ਸਕਦੇ ਹਨ?

ਬ੍ਰਿਸਟਰ— ਕਿਉਂ ਜੀ, ਇਸ ਵਿਚ ਕੀਹ ਹੈ? ਆਪ ਦਾ ਕਮਾਮ ਹੈ, ਕੋਈ ਮਿਹਣਾ ਹੈ?

ਡਾਕਟਰ— ਮਿਹਣਾ ਕਾਹਦਾ? ਪਰ ਮੈਂ ਛੁੱਟੀ ਪਰ ਹਾਂ ਤੇ ਏਥੇ ਬਾਬੇ ਦੇ ਪਿਆਰ ਖਾਤਰ ਉਸ ਦੀ ਪ੍ਰੇਮ ਭਰੀ ਸੇਵਾ ਵਿਚ ਹਿੱਸਾ ਲੈਣ ਆਯਾ ਹਾਂ। ਰੁਪੱਯਾਂ ਦੀ ਖ਼ਾਤਰ ਮੈਂ ਐਨੀਂ ਦੂਰ ਰੋਜ਼ ਆਪਣੀ ਛੁੱਟੀ ਦਾ

ਅਰਾਮ ਬਰਬਾਦ ਕਰਨ ਵਾਸਤੇ ਕਦੇ ਨਹੀਂ ਆ ਸਕਦਾ, ਨਾਂ ਰੁਪੱਯਾਂ ਦੀ ਖ਼ਾਤਰ ਇਸ ਉਗਾਹੀਆਂ ਭਰਨ ਵਾਲੇ ਕੰਮ ਵਿਚ ਮੈਂ ਦਖ਼ਲ ਦੇਣਾ ਪਸੰਦ ਕਰ ਸਕਦਾ ਹਾਂ, ਜਦ ਕਿ ਮੇਰਾ ਫਰਜ਼ ਮੈਨੂੰ ਵੰਗਾਰ ਨਹੀਂ ਰਿਹਾ। ਮੈਂ ਤਾਂ ਇਸ ਬਾਬੇ ਦੇ ਅਮਲੀ ਜੀਵਨ ਦਾ ਕਦਰਦਾਨ ਹਾਂ ਤੇ ਇਸ ਦੀ ਆਗਯਾ ਪਾਲਣ ਵਿਚ ਆਪ ਦੀ ਸੇਵਾ ਕਰ ਰਿਹਾ ਹਾਂ।

ਬ੍ਰਿਸਟਰ— ਇਹ ਬਾਬਾ ਸਾਡੀ ਸੇਵਾ ਕਿਉਂ ਕਰ ਰਿਹਾ ਹੈ?

ਡਾਕਟਰ— ਹੱਛਾ, ਆਪਨੂੰ ਇਹ ਬੀ ਪਤਾ ਨਹੀਂ? ਤਾਂ ਮੈਂ ਭੀ ਭੁਲੇਵੇ ਵਿਚ ਰਿਹਾ। ਮੈਂ ਜਾਤਾ ਤੁਸੀਂ ਸਤਿਸੰਗੀ ਪੁਰਸ਼ ਹੋ ਤੇ ਬਾਬਾ ਉਸ ਪਿਆਰ ਕਰ ਕੇ ਤੁਹਾਡੇ ਸਦਕੇ ਹੋ ਰਿਹਾ ਹੈ। ਤੁਸੀਂ ਬਿਲਕੁਲ ਓਪਰੇ ਹੋ ਤੇ ਮਲੂਮ ਹੁੰਦਾ ਹੈ ਕਿ ਉੱਚ ਜੀਵਨ ਦੇ ਜਾਣੂੰ ਭੀ ਨਹੀਂ ਹੋ ਤੇ ਫੇਰ ਵੀ ਬਾਬਾ ਤੁਸਾਂ ਨਾਲ ਪ੍ਰੇਮ ਕਰ ਰਿਹਾ ਹੈ। ਵਾਹ ਬਈ ਬਾਬਾ! ਤੇਰੀ ਰਾਤ ਤੂੰਹੋਂ ਜੰਮਿਆਂ ਹੈਂ।

ਵਹੁਟੀ— ਡਾਕਟਰ ਜੀ! ਮਾਫ ਕਰਨਾ ਅਸੀਂ ਢੇਰ ਸਾਰਾ ਹਿੱਸਾ ਉਮਰ ਦਾ ਯੂਰਪ ਵਿਚ ਲਾਯਾ ਹੈ ਤੇ ਅਸਾਂ ਸਿੱਖਯਾ ਹੈ ਕਿ ਜਗਤ ਵਿਚ ਬਿਨਾਂ ਗਰਜ਼ੋਂ ਕੋਈ ਕਿਸੇ ਦਾ ਕੰਮ ਨਹੀਂ ਕਰਦਾ, ਸਭ ਥਾਈਂ ਪਦਾਰਥ ਅਤੇ ਸ੍ਰੀਰਕ ਲਾਭ ਹੀ ਜੀਵਨ ਦਾ ਮਨੋਰਥ ਹਨ। ਮਾਲੀ ਤ੍ਰੱਕੀ ਕਰਨੀ ਤੇ ਵੱਡਾ ਹੋਣਾ ਇਹ ਸਭ ਦਾ ਧਰਮ ਹੈ, ਗਰਜ਼ੇ ਕਿ ਕੇਵਲ ਮਾਲੀ ਤ੍ਰੱਕੀ ਲਈ ਮਨੁੱਖ ਜੀਉਂਦਾ ਹੈ। ਸਾਨੂੰ ਸਮਝ ਨਹੀਂ ਪੈਂਦੀ ਕਿ ਸਾਡੇ ਨਾਲ ਇੰਨਾ ਪਿਆਰ ਕਿਉਂ ਹੋਇਆ ਹੈ?

ਡਾਕਟਰ— ਸ਼ਾਇਦ ਇਸ ਲਈ ਹੋ ਰਿਹਾ ਹੋਵੇ ਕਿ ਤੁਸੀਂ ਅਮੀਰ ਆਦਮੀ ਹੋ, ਮੋਟਰਾਂ ਪੁਰ ਚੜ੍ਹਦੇ ਹੋ, ਵਕੀਲ ਹੋ, ਕਦੇ ਬਾਬੇ ਨੂੰ ਲੋੜ ਪਈ ਤਾਂ ਕੰਮ ਆਵੋਗੇ।

ਬ੍ਰਿਸਟਰ— (ਵਹੁਟੀ ਵਲ ਤੱਕ ਕੇ ਤੇ ਸੈਨਤ ਮਾਰ ਕੇ) ਡਾਕਟਰ ਸਾਹਿਬ ਸਾਨੂੰ ਕੁਛ ਹੰਸੀ ਕਰਦੇ ਹਨ।

ਡਾਕਟਰ— ਫੇਰ ਜੀਓ! ਅੱਜ ਕਲ ਦੀ ਦੁਨੀਆਂ ਵਿਚ ਤਾਂ ਇਹੋ ਹੀ ਹਿਸਾਬ ਹੈ। ਕੌਣ ਯਕੀਨ ਕਰ ਸਕਦਾ ਹੈ ਕਿ ਬਾਬੇ ਨੇ ਇਹ ਸਭ ਕੁਛ ਆਪਣੇ ਵਾਹਿਗੁਰੂ ਦੇ ਪਿਆਰ ਵਿਚ ਬਿਲਕੁਲ ਨਿਸ਼ਕਾਮ ਕੀਤਾ ਹੈ? ਇਹ ਕਹਿਣਾ ਅਜ ਕੱਲ ਆਪਣੇ ਆਪ ਨੂੰ ਪਾਗਲ ਬਨਾਉਣਾ ਹੈ, ਕੋਈ ਯਕੀਨ ਨਹੀਂ ਕਰ ਸਕਦਾ, ਕਿਉਂਕਿ ਖੁਦਗਰਜ਼ੀ ਬਹੁਤ ਵਧ ਗਈ ਹੈ। ਸੰਸਾਰ ਤੋਂ ਉਚੇਰੀ ਨਜ਼ਰ ਉਠਦੀ ਹੀ ਨਹੀਂ, ਹਰ ਕੋਈ ਸ੍ਵਾਰਥ ਵਿਚ ਕੁੱਠਾ ਪਿਆ ਹੈ। ਸੋ ਸੁਆਰਥੀ ਦੇ ਭਾਣੇ ਪਰਸੁਆਰਥੀ ਕੋਈ ਹੋ ਨਹੀਂ ਸਕਦਾ, ਉਹ ਪਰਸੁਆਰਥੀ ਨੂੰ ਸੁਆਰਥੀ ਸਮਝਦਾ ਹੈ, ਸਗੋਂ ਦੁੱਖ ਦੇਂਦਾ ਹੈ। ਮੈਂ ਕਈ ਮਾਯਾ-ਧਾਰੀਆਂ ਨੂੰ ਡਿੱਠਾ ਹੈ ਕਿ ਅਕਾਰਣ ਭਲੇ ਪੁਰਖਾਂ ਨੂੰ ਦੁੱਖ ਦੇਂਦੇ ਹਨ।

ਬ੍ਰਿਸਟਰ— (ਜ਼ਰਾ ਕੋਮਲ ਸੁਰ ਵਿਚ) ਤੁਸੀਂ ਠੀਕ ਕਿਹਾ ਹੈ, ਮੇਰੇ ਹੁਣ ਹਡ ਵਰਤੀ ਹੈ। ਇਸ ਤੋਂ ਪਹਿਲਾਂ ਮੈਨੂੰ ਬ੍ਰਹਮਾਂ ਵੀ ਆ ਕੇ ਆਖਦਾ ਕਿ ਕੋਈ ਆਦਮੀ ਪਰਸੁਆਰਥ ਕਰ ਰਿਹਾ ਹੈ ਜਾਂ ਰੱਬ ਤਰਸੀ ਕੰਮ ਕਰ ਰਿਹਾ ਹੈ ਤਾਂ ਮੈਂ ਉਸਨੂੰ ਪਾਗਲ ਸਮਝਦਾ। ਹੁਣ ਮੇਰੇ ਹੱਡੀਂ ਆ ਵਰਤੀ ਹੈ ਤਾਂ ਬੀ ਮੈਂ ਬਾਬੇ ਨੂੰ ਪਰਸੁਆਰਥੀ ਨਹੀਂ ਸਮਝ ਸਕਿਆ। ਤੁਹਾਡੇ ਕਹਣਿ ਨਾਲ ਹੁਣ ਮੇਰੀ ਸਮਝ ਵਿਚ ਆ ਗਿਆ ਹੈ, ਪਰ ਅਜੇ ਭੀ ਸ਼ੱਕ ਉਪਜਦਾ ਹੈ ਕਿ ਖ਼ਬਰੇ ਕੋਈ ਗੱਲ ਨਿਕਲ ਨਾਂ ਆਵੇ।

ਡਾਕਟਰ— ਇਹ ਉਸ ਵਿੱਦਯਾ ਦਾ ਫਲ ਹੈ ਜੋ ਦਿਮਾਗ਼ ਨੂੰ ਨੇਕੀ ਨਾਲ, ਗੁਣਾਂ ਨਾਲ ਭਰਨ ਦੀ ਥਾਂ 'ਮਨ ਦੀ ਮੱਤ' ਨਾਲ, - ਜੇਹੀ ਉਹ ਹੋਵੇ-ਤ੍ਰਿੱਖਯਾਂ ਤੇ ਵਧੇਰੇ ਤ੍ਰਿੱਖਯਾਂ ਕਰ ਦੇਣ ਦਾ ਕੰਮ ਕਰਦੀ ਹੈ। ਅਕਲ ਨੂੰ ਉੱਜਲ ਤੇ ਭਰੋਸੇ ਵਾਲਾ ਕਰਨ ਦੀ ਥਾਂ ਸ਼ੱਕ ਦਾ ਮਾਦਾ ਕੁੱਟ ਕੁੱਟ ਕੇ ਭਰ ਦੇਂਦੀ ਹੈ। ਐਸੀ ਵਿੱਦਯਾ ਸੁਭਾਵ ਨਹੀਂ ਪਲਟਦੀ ਸਗੋਂ ਜੇਹੇ ਸੁਭਾਵ ਹੋਣ ਉਹਨਾਂ ਨੂੰ ਸਾਣ ਤੇ ਚਾੜ੍ਹ ਦੇਂਦੀ ਹੈ। ਜਿਨ੍ਹਾਂ ਦੇਸ਼ਾਂ ਵਿਚ ਆਪ ਫਿਰਕੇ ਆਏ ਹੋ ਉਹ ਪਸੂ ਬ੍ਰਿਤੀ ਨੂੰ ਨਹੀਂ ਜਿੱਤ ਰਹੇ, ਸਗੋਂ ਪਸ਼ੂ ਬ੍ਰਿਤੀ ਨੂੰ ਵਧੇਰੇ ਜ਼ਬਰਦਸਤ ਤ੍ਰੀਕਿਆਂ ਨਾਲ ਸਿਰੇ ਚਾੜ੍ਹ ਰਹੇ ਹਨ। ਜੇ ਅਨਪੜ੍ਹ ਆਦਮੀ ਤਲਵਾਰ ਨਾਲ ਮਾਰਦਾ ਸੀ ਤਾਂ ਇਕ ਆਦਮੀ ਨੂੰ ਮਾਰਦਾ ਸੀ, ਹੁਣ ਪੱਛਮੀ ਵਿਦਵਾਨ ਬੜੀ ਅਕਲ ਵਾਲੀ ਤੋਪ ਤੇ ਹੋਰ ਤ੍ਰੀਕਿਆਂ ਨਾਲ ਹਜ਼ਾਰਾਂ ਦੇ ਆਹੂ ਲਾਹ ਧਰਦਾ ਹੈ। ਪਰਾਏ ਦੇਸ ਖੋਹ ਲੈਣ ਦੇ ਤ੍ਰੀਕੇ ਵਧੇਰੇ ਗੁੰਝਲਦਾਰ ਨਿਕਲ

ਪਏ ਹਨ। ਜੀਵਨ ਉਹੋ ਦਾ ਉਹੋ ਪਸ਼ੂ ਜੀਵਨ ਹੈ। ਜੀਕੁਰ ਜਾਨਵਰ ਆਪਣੇ ਖਾਣ ਪੀਣ ਲਈ ਦੂਜੇ ਨੂੰ ਢੁੱਡ ਮਾਰ ਕੇ ਨਸਾਉਂਦਾ ਤੇ ਆਪਣਾ ਪੇਟ ਭਰਦਾ ਹੈ, ਇਸ ਤਰ੍ਹਾਂ ਉਸ ਵਿਦਯਾ ਵਾਲਾ ਮਨੁੱਖ ਕਰ ਰਿਹਾ ਹੈ ਜੋ ਵਿਦਯਾ ਕਿ ਹਮਦਰਦੀ ਤੇ ਪਯਾਰ ਨਾ ਸਿਖਾਉਂਦੀ। ਜੇ ਵਿਦਯਾ ਸੁਭਾਉ ਨੂੰ ਪਲਟਾ ਦੇਂਦੀ ਤਾਂ ਮਨੁਖ ਆਪਣੇ ਵਿਚ ਜਾਨਵਰਾਂ ਨਾਲੋਂ ਕੁਛ ਵਾਧਾ ਵੇਖਦਾ ਤਾਂ ਇਨਸਾਫ ਅਥਵਾ ਧਰਮ ਉੱਤੇ ਖੜੋਂਦਾ, ਆਪਣੇ ਹੱਕ ਵਿਚਾਰਦਾ, ਆਪਣੇ ਹੱਕ ਦੀ ਰਾਖੀ ਕਰਦਾ, ਪਰ ਨਾਲ ਹੀ ਪਰਾਏ ਦੇ ਹੱਕਾਂ ਦਾ ਸਤਿਕਾਰ ਕਰਨਾ ਆਪਣਾ ਫਰਜ਼ ਸਮਝਦਾ। ਜੇ ਮਨੁੱਖ ਨੂੰ ਹੱਕ ਦੀ ਸਮਝ ਆ ਗਈ ਤੇ ਉਸ ਲਈ ਦ੍ਰਿੜ੍ਹ ਹੋ ਰਿਹਾ ਹੈ ਤਾਂ ਅਜੇ ਪਸ਼ੂਪੁਨੇ ਤੋਂ ਬਹੁਤ ਉੱਚਾ ਨਹੀਂ ਹੋਇਆ। ਹਾਂ, ਜੇ ਉਸਨੇ ਆਪਣਾ ਫ਼ਰਜ਼ ਬੀ ਪਛਾਣਿਆ ਹੈ, ਅਰਥਾਤ ਦੂਸਰੇ ਦੇ ਹੱਕ ਦਾ ਸਤਿਕਾਰ ਕਰਨਾ ਭੀ ਸਿੱਖ ਲਿਆ ਹੈ ਤਾਂ ਉਹ ਮਨੁੱਖਤਾਈ ਵਿਚ ਆਇਆ ਹੈ, ਉਹ ਸੁਖ ਪਾਵੇਗਾ, ਸੁਖ ਦੇਵੇਗਾ। ਦੂਸਰੇ, ਜੇ ਉਸ ਨੇ ਦਇਆ ਤੇ ਸੰਤੋਖ ਸਿੱਖਾ ਲਿਆ ਹੈ ਤਾਂ ਉਹ ਉੱਤਮ ਮਨੁੱਖ ਜਾਂ ਦੇਵਤਾ ਹੋ ਗਿਆ ਹੈ। ਸੰਤੋਖ ਇਹ ਕਿ ਆਪਣੇ ਹੱਕ ਤੋਂ ਵਧੀਕ ਬਿਨਹੱਕਾ ਕੁਛ ਨਹੀਂ ਲੈਂਦਾ, ਤੇ ਘੱਟ ਮਿਲ ਜਾਂਦਾ ਹੈ ਤਾਂ ਭੀ ਸੰਤੁਸ਼ਟ ਰਹਿੰਦਾ ਹੈ ਤੇ ਦਇਆ ਇਹ ਕਿ ਦੂਸਰੇ ਵਲੋਂ ਜੇ ਆਪ ਨੂੰ ਦੁਖ ਪੁੱਜਦਾ ਹੈ ਤਾਂ ਉਸ ਨਾਲ ਬੁਰਾ ਨਹੀਂ ਕਰਦਾ, ਮਨ ਕਿਰਪਾ ਦੇ ਘਰ ਵਿਚ ਰੱਖਦਾ ਹੈ। ਦੂਜੇ ਨੂੰ ਉਸਦੇ ਹੱਕ ਬਿਨਾਂ ਭੀ, ਪਿਆਰ ਨਾਲ, ਜੇ ਲੋੜ ਸਮਝਦਾ ਹੈ ਤਾਂ ਦੇਂਦਾ ਹੈ, ਪਰ ਇਹ ਵਿਦਯਾ ਦੇਣ ਦੇ ਤ੍ਰੀਕੇ ਦਾ ਨੁਕਸ ਹੈ। ਵਿਦਯਾ ਉਸ ਤਰ੍ਹਾਂ ਦੇਣੀ ਚਾਹੀਏ ਕਿ ਉਸ ਨਾਲ ਹਮਦਰਦੀ ਵਧੇ, ਪਯਾਰ ਵਧੇ ਤੇ ਸਚ ਆਵੇ।

ਬ੍ਰਿਸਟਰ— ਡਾਕਟਰ ਜੀ! ਮਾਫ ਕਰਨਾ ਮੈਂ ਗੱਲ ਟੁੱਕਦਾ ਹਾਂ, ਜੈਸਾ ਕੋਈ ਵਰਤੇ ਵੈਸਾ ਅਗੋਂ ਵਰਤਣਾ, ਇਹ ਤਾਂ ਮੈਂ ਸਮਝਦਾ ਹਾਂ, ਯਾ ਹੱਕ ਤੇ ਫਰਜ਼ ਨੂੰ ਭੀ ਮੈਂ ਸਮਝਦਾ ਹਾਂ, ਇਨ੍ਹਾਂ ਨਾਲ ਹੀ ਭਾਈਚਾਰਾ ਤੇ ਰਾਜ ਪ੍ਰਬੰਧ ਟੁਰਦਾ ਹੈ ਤੇ ਮਨੁੱਖ ਨੂੰ ਵੱਧ ਤੋਂ ਵੱਧ ਸੁਖ ਮਿਲਦਾ ਹੈ, ਪਰ ਆਪ ਦੁੱਖ ਪਾ ਕੇ ਸੁਖ ਦੇਣਾ, ਕੁਛ ਨਾ ਆਸ ਕਰ ਕੇ ਦੂਜੇ ਨੂੰ ਸੁਖ ਪੁਚਾਉਣਾ, ਇਹ ਨੇਕ ਖਿਆਲ ਹੈ, ਪਰ ਅਮਲੀ ਦੁਨੀਆਂ ਵਿਚ ਕਿਤੇ ਵਰਤ ਰਿਹਾ ਨਹੀਂ ਦਿੱਸਦਾ ਤੇ ਹੋ ਹੀ ਨਹੀਂ ਸਕਦਾ। ਇਹ ਖਿਆਲ ਹੀ ਖਿਆਲ ਹੈ, ਕੁਦਰਤ ਵਿਚ ਸੁਤੇ ਇਹ ਹੈ ਹੀ ਨਹੀਂ।

ਡਾਕਟਰ— ਤੁਹਾਨੂੰ ਆਪਣੀ ਮਾਤਾ ਦੀ ਸੰਭਾਲ ਹੈ?

ਬ੍ਰਿਸਟਰ— ਹੈ।

ਡਾਕਟਰ— ਉਸ ਨੇ ਤੁਹਾਡੇ ਨਾਲ ਆਪ ਦੁਖ ਪਾ ਕੇ ਤੁਹਾਨੂੰ ਸੁਖ ਦੇਣ ਦਾ ਵਰਤਾਉ ਕੀਤਾ ਹੈ ਕਿ ਨਹੀਂ? ਉਹ ਬਚਪਨ ਵਿਚ ਕਿਸ ਤਰ੍ਹਾਂ ਦੀ ਕੁਰਬਾਨੀ ਤੇ ਨਿਸ਼ਕਾਮਤਾ ਨਾਲ ਤੁਹਾਨੂੰ ਪਾਲਦੀ ਰਹੀ ਹੈ। ਜੇ ਕਹੋ ਉਸ ਨੂੰ ਕਾਮਨਾਂ ਹੁੰਦੀ ਹੈ ਕਿ ਪੁਤ੍ਰ ਵੱਡਾ ਹੋ ਕੇ ਮੇਰੀ ਸੇਵਾ ਕਰੇਗਾ ਤਾਂ ਨਜ਼ੀਰਾਂ ਮੌਜੂਦ ਹਨ ਕਿ ਮਾਵਾਂ ਨੇ ਸਾਰੀ ਉਮਰ ਦੇ ਰੋਗੀ ਪੁਤ੍ਰਾਂ ਦੀ ਉਸ ਪਿਆਰ ਨਾਲ ਸੇਵਾ ਪਾਲਨਾ ਕੀਤੀ ਜੀਕੂੰ ਦੂਜਿਆਂ ਦੀ। ਚੋਰ, ਜੁਆਰੀਏ ਤੇ ਖਾਨਦਾਨ ਬਰਬਾਦ ਕਰਨ ਵਾਲੇ ਪੁੱਤ੍ਰਾਂ ਨੂੰ ਮਾਵਾਂ ਨੇ ਉਸੇ ਕੋਮਲਤਾ ਤੇ ਆਦਰ ਨਾਲ ਪਿਆਰਿਆ, ਜਿਸ ਨਾਲ ਨੇਕ ਪੁੱਤ੍ਰਾਂ ਨੂੰ ਮਾਵਾਂ ਨੇ ਪਾਲਿਆ। ਕਈ ਵੇਰ ਖੋਟੇ ਪੁੱਤ੍ਰਾਂ ਨੂੰ ਮਾਵਾਂ ਨੇ ਖਰਿਆਂ ਨਾਲੋਂ ਵਧੇਰੇ ਪਿਆਰ ਕੀਤਾ ਹੈ। ਇਨ੍ਹਾਂ ਨਜ਼ੀਰਾਂ ਦੇ ਮੁਤਾਲਆ ਕਰਨ ਤੋਂ ਬ੍ਰਿਸਟਰ ਸਾਹਿਬ! ਆਪ ਨੂੰ ਪਤਾ ਲੱਗ ਜਾਏਗਾ ਕਿ ਅਮਲੀ ਜ਼ਿੰਦਗੀ ਵਿਚ ਮਾਂ ਦਾ ਵਰਤਾਉ ਪ੍ਰਤੱਖ ਸਬੂਤ ਨਿਸ਼ਕਾਮ ਪਿਆਰ ਦਾ ਹੈ। ਦੁੱਖ ਪਾ ਕੇ ਸੁਖ ਦੇਣ ਦਾ ਅਮਲੀ ਵਤੀਰਾ ਤੇ ਨਮੂਨਾ ਮਾਤਾ ਹੈ, ਜਿਸਨੇ ਜਗਤ ਨੂੰ ਪਾਲਿਆ ਹੈ। ਮਾਵਾਂ ਇਹ ਗੁਣ ਵਿਦਯਾ ਪਾ ਕੇ, ਯਾ ਕਿਸੇ ਬਾਹਰਲੇ ਉਪਦੇਸ਼ ਨਾਲ ਨਹੀਂ ਸਿੱਖਦੀਆਂ, ਉਹਨਾਂ ਦੇ ਜੀਵਨ ਵਿਚ ਇਹ ਸੁਭਾਵਕ ਹੁੰਦਾ ਹੈ। ਤਾਂ ਤੇ ਕੁਦਰਤ ਨੇ ਦੁਖ ਪਾ ਕੇ ਸੁਖ ਦੇਣ ਦਾ, ਕਾਮਨਾਂ ਰਹਿਤ ਹੋ ਕੇ ਭਲਾ ਕਰਨ ਦਾ ਖਿਆਲ ਤੇ ਵਰਤਾਉ ਨਿਰੇ ਖਿਆਲੀ ਮੰਡਲ ਵਿਚ ਵਿਚਾਰ ਵਾਨ ਲੋਕਾਂ ਵਾਸਤੇ ਲੁਕੋ ਨਹੀਂ ਸੀ ਰਖਿਆ, ਸਗੋਂ ਮਾਤਾ ਦੇ ਅਮਲੀ ਜੀਵਨ ਵਿਚ ਪਾ ਦਿੱਤਾ ਸੀ। ਕੁਦਰਤ ਨੇ ਉਸ ਦੇ ਖ਼ਮੀਰ ਵਿਚ ਨਾਲ ਹੀ ਲਿਖ ਦਿੱਤਾ ਸੀ, ਜੋ ਇਸ ਸ੍ਰਿਸ਼ਟੀ ਦੀ ਪਾਲਣਾਂ ਦਾ ਅਸਲੀ ਥੰਮ੍ਹ ਤੇ ਸਹਾਰਾ ਹੈ। ਜੇ ਇਹ ਦੂਸਰੇ ਦੇ ਭਲਾ ਕਰਨ ਦਾ ਭਾਵ- ਜੋ ਮਾਤਾ ਵਿਚ ਹੈ-ਭਲੇ ਪੁਰਖਾਂ ਵਿਚ

SIKHBOOKCLUB.COM

ਆਪਣੇ ਬਿਗਾਨੇ ਸਭ ਨਾਲ ਵਰਤੋਂ ਵਿਚ ਆ ਜਾਵੇਗਾ, ਤਾਂ ਓਹ ਭਲੇ ਨਤੀਜੇ ਪੈਦਾ ਕਰੇਗਾ। ਜੇ ਇਹ ਮਾਂ ਵਿਚ ਨਿਵਾਸ ਪਾ ਕੇ ਸ਼ੁਭ ਨਤੀਜੇ ਪੈਦਾ ਕਰਦਾ ਹੈ ਤਾਂ ਹਰ ਪ੍ਰਾਣੀ ਵਿਚ ਨਿਵਾਸ ਪਾ ਕੇ ਭਲੇ ਫਲ ਲਿਆਵੇਗਾ, ਜਗਤ ਨੂੰ ਵੈਕੁੰਠ ਬਣਾ ਦੇਵੇਗਾ। ਇਸ ਗੁਣ ਨੂੰ 'ਪਰ ਸੁਆਰਥ' ਦਾ ਨਿਰਾ ਖ਼ਿਆਲ ਕਹਿਣਾ ਭੁਲ ਹੈ! ਇਹ ਅਮਲੀ ਗੁਣ ਹੈ ਜੋ ਜਗਤ ਨੂੰ ਸੁਰਗ ਬਣਾਉਂਦਾ ਹੈ, ਇਹੀ ਵਸਤੂ ਹੈ ਜੋ ਜਗਤ ਪੀੜਾ ਨੂੰ ਘਟਾਉਂਦੀ ਹੈ।

ਬ੍ਰਿਸਟਰ— (ਹੋਰ ਕੋਮਲ ਹੋ ਕੇ) ਡਾਕਟਰ ਜੀ! ਆਪ ਨੇ ਮੈਨੂੰ ਬਹੁਤ ਖ਼ੂਬੀ ਨਾਲ ਸਮਝਾਇਆ ਹੈ, ਬੇਸ਼ੱਕ ਇਹ ਗੁਣ ਜਗਤ ਲਈ ਬੜਾ ਸੁਖਦਾਈ ਹੈ, ਪਰ ਇਸ ਦਾ ਨਿਵਾਸ ਆਮ ਜੀਵਾਂ ਵਿਚ ਨਹੀਂ, ਮਾਂ ਵਿਚ ਹੈ ਆਪਣੇ ਪੁੱਤ ਲਈ। ਪਰ ਇਹ ਕਿਉਂ ਸਭ ਵਿਚ ਨਹੀਂ, ਜੇ ਹੈ ਤਾਂ ਕਿਨ੍ਹਾਂ ਵਿਚ ਹੈ?

ਡਾਕਟਰ— ਸੁਤੇ ਤਾਂ ਅਸੀਂ ਜੀਵ ਸ਼੍ਰੇਣੀ ਵਿਚ ਹਾਂ, ਪਸ਼ੂ ਹਾਂ, ਅਕਲ ਦਾ ਵਾਧਾ ਹੈ ਜੋ ਸਾਨੂੰ ਪਸ਼ੂਆਂ ਤੋਂ ਉੱਚਾ ਕਰਦਾ ਹੈ। ਅਕਲ ਸਾਨੂੰ 'ਕਿਉਂ' ਤੇ 'ਕਿਉਂ' ਦੇ ਉੱਤਰ ਦੀ ਖੋਜ ਸਿਖਾਲਦੀ ਹੈ। ਅਕਲ ਨੇ ਸਾਨੂੰ ਸਰਬ ਦੇ ਸੁਖ ਲਈ 'ਫਰਜ਼' ਤੇ 'ਹੱਕ' ਦਾ ਪਤਾ ਦਿੱਤਾ ਤੇ ਇਨਸਾਫ ਦਾ ਤੱਕੜ ਹੱਥ ਫੜਾਯਾ ਹੈ। ਜਦ ਸਾਡੇ ਸੁਖਨ ਵਿਚ, ਖਿਆਲ ਵਿਚ, ਵਰਤੋਂ ਵਿਚ ਅਦਲ ਵੱਸ ਗਿਆ, ਸਾਰੇ ਸੁਖੀ ਹੋ ਗਏ। 'ਭਾਈਚਾਰਾ'[1] ਤੇ 'ਰਜ਼ਾਮਤ'[2] ਦੋਵੇਂ ਇਨਸਾਨ ਦੇ ਆਸ਼੍ਰਮ ਸਿਰੇ ਚੜ੍ਹੇ। ਇਸ ਤੋਂ ਉੱਚਾ ਗੁਣ ਦੁਖ ਪਾ ਕੇ ਸੁਖ ਦੇਣ ਦਾ, ਯਾ ਸੁਖ ਨਾਂ ਲੈਣਾ ਪਰ ਸੁਖ ਦੇਣਾ, ਕਾਮਨਾਂ ਰਹਿਤ ਭਲਾ ਕਰਨਾ, ਯਾ ਆਪਣੇ ਹੱਕ ਦੇ ਤਿਆਗ ਵਿਚ ਰਹਿਕੇ ਫਰਜ਼ ਪੂਰੇ ਕਰਨੇ, ਅਰਥਾਤ ਪਰਸੁਆਰਥ ਕਰਨਾ ਇਹ ਗੁਣ ਅਮਲੀ ਦੁਨੀਆਂ ਵਿਚ ਮਾਂ ਵਿਚ ਹੈ ਤੇ ਇਨਸਾਨ ਨੂੰ ਮਾਂ ਦੇ ਅਮਲੀ ਜੀਵਨ ਵਿਚ ਇਹ ਦਿੱਸਿਆ ਸੀ। ਜਦੋਂ ਇਹ ਗੁਣ ਇਨਸਾਨ ਨੇ ਸਰਬ ਸਾਧਾਰਨ (ਆਮ) ਨਾਲ ਵਰਤ ਕੇ ਡਿੱਠਾ ਤਾਂ ਵੈਕੁੰਠ ਦੇ ਨਜ਼ਾਰੇ ਦੇਖੇ। ਜੇ ਇਹ ਗੁਣ ਸਭ ਵਿਚ ਆ ਜਾਵੇ ਤਾਂ ਪੁਲਸ, ਜੇਲ੍ਹਖਾਨੇ, ਕੋਟੜੇ, ਤਲਵਾਰ, ਬੰਦੂਕ ਕਿਸੇ ਸ਼ੈ ਦੀ ਲੋੜ ਨਾ ਰਹੇ। ਜੇ ਇਹ ਸਭ ਵਿਚ ਨਹੀਂ, ਤਾਂ ਜਿਨ੍ਹਾਂ ਥੋੜਿਆਂ ਵਿਚ ਹੈ ਓਹ ਜਗਤ ਦਾ ਸੁਖ ਵਧਾ ਰਹੇ ਹਨ ਚਾਹੋ ਸਾਰਾ ਦੁਖ ਦੂਰ ਨਹੀਂ ਕਰ ਰਹੇ। ਦੇਖੋ, ਇਕ ਪਾਸੇ ਪਾਤਸ਼ਾਹ ਤੋਪਾਂ ਨਾਲ ਲੋਕਾਂ ਨੂੰ ਜ਼ਖਮੀ ਕਰ ਰਹੇ ਹਨ, ਦੂਜੇ ਪਾਸੇ ਪਰਸੁਆਰਥੀ ਘਰੋਂ ਖਾ ਕੇ ਉਹਨਾਂ ਮੈਦਾਨ ਜੰਗਾਂ ਵਿਚ ਜ਼ਖਮੀਆਂ ਦੀ ਮਲ੍ਹਮ ਪੱਟੀ ਕਰਕੇ ਸੁਖ ਦੇ ਰਹੇ ਹਨ।

ਥੋੜਿਆਂ ਵਿਚ ਇਹ ਗੁਣ ਇਸ ਲਈ ਹੈ ਕਿ ਸਾਨੂੰ ਜੋ ਵਿਦਯਾ ਮਿਲਦੀ ਹੈ ਉਹ ਇਸ ਦੀ ਜ਼ਿੰਮੇਵਾਰ ਹੈ, ਉਸ ਵਿਚ ਇਸ ਨੂੰ ਥਾਂ ਘੱਟ ਹੈ। ਇਸ ਖ਼ੂਬੀ ਦਾ ਨਿਵਾਸ ਉੱਚੇ ਤੇ ਖੁੱਲੇ ਦਿਲ ਵਾਲਿਆਂ ਵਿਚ ਹੁੰਦਾ ਹੈ, ਜਿਨ੍ਹਾਂ ਨੂੰ ਮਾਤਾ ਪਿਤਾ ਜਾਂ ਕਿਸੇ ਸੁਹਬਤ ਸਤਿਸੰਗ ਤੋਂ ਇਨਸਾਨੀ ਮਸਲੇ ਦੇ ਡੂੰਘੇ ਭਾਵਾਂ ਤੇ ਲੋੜਾਂ ਵਲ ਖਿਆਲ ਗਿਆ ਹੈ, ਪਰ ਕਮਾਲ ਦਾ ਨਿਵਾਸ ਇਸ ਗੁਣ ਦਾ ਉਹਨਾਂ ਵਿਚ ਹੈ, ਜਿਨ੍ਹਾਂ ਦੇ ਅੰਦਰਲੇ ਦੀ ਆਸ ਤੇ ਯਕੀਨ 'ਅਣਦਿਸਦੇ ਜਗਤ' ਵਿਚ ਗਏ ਹਨ, ਜਿਨ੍ਹਾਂ ਨੂੰ ਮੌਤ ਦੇ ਮਗਰੋਂ ਜੀਉਂਦੇ ਰਹਿਣ ਦਾ ਭਰੋਸਾ ਹੈ ਤੇ ਇਸ ਕੁਦਰਤ ਦੇ ਕਾਦਰ ਵਿਚ ਸਿਦਕ ਹੈ। ਓਹ ਉਸ ਖਿੱਚ ਵਿਚ ਦਿਲੋਂ ਉੱਚੇ ਤੇ ਸੁੱਚੇ ਰਹਿੰਦੇ ਹਨ ਤੇ ਉਹਨਾਂ ਦੇ ਅੰਦਰ ਇਕ ਪਿਆਰ ਆਉਂਦਾ ਹੈ ਜੋ ਵਿਤਕਰੇ ਦਾ ਹੱਦ ਬੰਨਾ ਕੱਟ ਦੇਂਦਾ ਹੈ। ਉਹ ਚਾਹੋ ਪੁੱਜ ਕੇ, ਜਾਣ ਕੇ, ਜ਼ੋਰ ਧਾਰ ਕੇ ਪਰਸੁਆਰਥ ਨਹੀਂ ਕਰਦੇ ਪਰ ਉਹਨਾਂ ਵਿਚ ੧. ਸੁਤੇ ਖਿਮਾਂ ਦਾ ਵਾਸ ਹੁੰਦਾ ਹੈ, ੨. ਓਹ ਔਗੁਣ ਨਹੀਂ ਚਿਤਾਰਦੇ, ੩. ਆਪਣੇ ਦੁੱਖ ਭੁੱਲਦੇ ਹਨ ਤੇ ਦੂਜੇ ਦੇ ਦੁੱਖ ਹਰਨ ਲਈ ਸੁਤੇ ਸਿੱਧ ਭਲਾਈ ਕਰ ਜਾਂਦੇ ਹਨ। ਰਹਿੰਦੇ ਉਹ ਇਕ ਅੰਦਰਲੇ ਦੀ ਉਚਜਾਣ ਵਿਚ ਹਨ, ਇਸ ਉਚਜਾਣ ਵਿਚ ਵੱਸਣ ਕਰਕੇ ਉਹਨਾਂ ਵਿਚ ਪਿਆਰ ਹੁੰਦਾ ਹੈ ਉਹ ਪਯਾਰ ਉਨ੍ਹਾਂ ਤੇ ਉਹ ਪਯਾਰ ਉਨ੍ਹਾਂ ਤੋਂ ਸੁਤੇ ਸਿਧ ਨੇਕੀ ਕਰਾਉਂਦਾ ਹੈ, ਨਿਸ਼ਕਾਮ ਨੇਕੀ[੧] ਉਨ੍ਹਾਂ ਦਾ ਸੁਭਾਵ ਹੋ ਜਾਂਦਾ ਹੈ,[੨] ਨੇਕੀ ਦਾ ਉਮਾਹ ਸੁਤੇ ਉਹਨਾਂ ਵਿਚ ਹੁੰਦਾ ਹੈ[੩]

1. Society. 2. State.

੧. ਪ੍ਰਭ ਕੈ ਸਿਮਰਨਿ ਹੋਇ ਸੁ ਭਲਾ॥...

੨. ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ॥

੩. ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥ (ਸੁਖਮਨੀ)

SIKHBOOKCLUB.COM

ਵਹੁਟੀ— (ਅਸਚਰਜ ਹੋ ਕੇ) ਠੀਕ ਹੈ! (ਪਤੀ ਵਲ) ਦੇਖੋ! ਜਿਨ੍ਹਾਂ ਗੱਲਾਂ ਨੂੰ ਮਖ਼ੌਲ ਕਰਦੇ ਹੁੰਦੇ ਸਾਓ. ਡਾਕਟਰ ਜੀ ਨੇ ਕਿਸ ਖ਼ੂਬੀ ਨਾਲ ਸਮਝਾਈਆਂ ਹਨ! ਤੁਸੀਂ ਰੱਬ ਤੋਂ ਭੀ ਨਮੁੱਕਰ ਤੇ ਨੇਕੀ ਤੋਂ ਭੀ ਨਮੁੱਕਰ। ਵੇਖੋ! ਅੱਜ ਰੱਬ ਵਾਲਿਆਂ ਤੇ ਨੇਕੀ ਵਾਲਿਆਂ ਦੇ ਹਾਲ ਕਿਸ ਤਰ੍ਹਾਂ ਦੇ ਦੱਸੇ ਹਨ। ਉਨ੍ਹਾਂ ਦੀ ਵਰਤੋਂ ਵਿਚ ਕਿਤਨੇ ਗੁਣ ਤੇ ਕਿਤਨੇ ਲਾਭ ਹਨ?

ਬ੍ਰਿਸਟਰ— ਮੈਂ ਯੂਰਪ ਵਿਚ ਵੀ ਪਰਉਪਕਾਰੀ ਵੇਖੇ ਹਨ।

ਡਾਕਟਰ— ਮੈਂ ਨਹੀਂ ਕਿਹਾ ਕਿ ਯੂਰਪ ਨੇਕੀ ਤੋਂ ਸੁੰਞਾ ਹੈ, ਪਰ ਤੁਸੀਂ ਉਥੋਂ ਇਹ ਗੁਣ ਕਿਉਂ ਨਹੀਂ ਸਿਖਯਾ? ਨੇਕੀ ਕਰਨੀ ਨੇਕ ਹੈ ਚਾਹੇ ਕੋਈ ਕਰੇ। ਪਰ ਮਨ ਨੂੰ ਉੱਚਾ ਕਰਕੇ ਜੋ ਨਿਸ਼ਕਾਮ ਨੇਕੀ ਕਰਦੇ ਹਨ ਉਨ੍ਹਾਂ ਦੀ ਚਿਤ ਬ੍ਰਿਤੀ ਯੋਗੀਆਂ ਵਰਗੀ ਹੋ ਜਾਂਦੀ ਹੈ, ਓਹ ਆਪ ਟਿਕੇ ਹੁੰਦੇ ਹਨ, ਸੁਖੀ ਹੁੰਦੇ ਹਨ ਤੇ ਦੂਜਿਆਂ ਨੂੰ ਸੁਖ ਦੇਂਦੇ ਹਨ।

ਵਹੁਟੀ— ਸੁਣਿਆ ਜੇ ਪਤੀ ਜੀ?

ਬ੍ਰਿਸਟਰ— ਮੈਂ ਚੰਗੀਆਂ ਗੱਲਾਂ ਦਾ ਸਦਾ ਕਾਇਲ ਹਾਂ, ਮੈਂ ਤਾਂ ਪੰਡਤਾਂ ਤੇ ਕਾਜ਼ੀਆਂ ਦੀਆਂ ਗੱਲਾਂ ਤੋਂ ਘਬਰਾਇਆ ਕਰਦਾ ਹਾਂ, ਜੋ ਐਵੇਂ ਮਸਲੇ ਘੜ ਘੜਕੇ ਖੁਆਰ ਕਰਦੇ ਹਨ। ਮੈਂ ਫੋਕੇ ਰੱਬ ਤੇ ਨੇਕੀ ਕੂਕਣ ਵਾਲਿਆਂ ਤੋਂ ਉਕਸਾਉਂਦਾ ਹਾਂ।

ਡਾਕਟਰ— ਵਾਹਿਗੁਰੂ! ਤਦ ਸਾਨੂੰ ਅੱਜ ਨਾਸਤਕਾਂ ਦੀ ਸੇਵਾ ਦਾ ਸਮਾਂ ਮਿਲਿਆ ਹੈ! ਅਸੀਂ ਆਪਣੇ ਪਰਮੇਸ਼ਰ ਦੇ ਵੈਰੀਆਂ ਦੀ ਦਾਰੀ ਕਰ ਰਹੇ ਹਾਂ! ਪਰ ਹੱਛਾ! ਬਾਬਾ ਸੁਹਣਾ ਜੀਵਨ ਬਿਤਾਉਣਾ ਸਾਥੋਂ ਚੰਗਾ ਜਾਣਦਾ ਹੈ, ਉਹ ਦੇ ਮਗਰ ਹਾਂ।

(ਬ੍ਰਿਸਟਰ ਵਲ)-ਬਾਬੂ ਸਾਹਿਬ! ਪੰਡਤ, ਮੁੱਲਾਂ ਬਹੁਤ ਲੋਕਾਂ ਨੂੰ ਗੁਮਰਾਹ ਕਰਦੇ ਹਨ, ਰੱਬ ਦੇ ਸਿੱਧੇ ਭੇਤ ਨਹੀਂ ਦੱਸਦੇ, ਗੁੰਝਲਾਂ ਪਾ ਧਰਦੇ ਹਨ। ਕਰਕੇ ਨਹੀਂ ਦੱਸਦੇ ਤੇ ਝਗੜਾ ਪਾ ਦੇਂਦੇ ਹਨ। ਸਾਡਾ ਬਈ ਧਰਮ ਉਹ ਧਰਮ ਨਹੀਂ। ਸਾਡਾ ਧਰਮ ਤਾਂ ਵਰਤੋਂ ਦਾ ਹੈ, ਜੋ ਇਹ ਹੈ:-

ਕਿਰਤ ਕਰਨੀ,
ਵੰਡ ਛਕਣਾ ਤੇ
ਨਾਮ ਜਪਣਾ।

ਬਾਬੇ ਹੋਰਾਂ ਵਲ ਵੇਖ, ਵਾਹੀ ਕਰਦੇ ਹਨ, ਦਸਾਂ ਨਵ੍ਹਾਂ ਦਾ ਕਮਾਯਾ ਘਰ ਲਿਆਉਂਦੇ ਹਨ। ਜੀਕੂੰ ਆਪ ਦੀ ਸੇਵਾ ਹੋ ਰਹੀ ਹੈ, ਇਕੁਰ ਕਈ ਤਰੀਕਿਆਂ ਨਾਲ ਵੰਡ ਛਕਦੇ ਹਨ ਤੇ ਕੰਮ ਕਾਜ ਕਰਦੇ ਟੁਰਦੇ ਫਿਰਦੇ ਅੱਠ ਪਹਿਰ ਆਪਣੇ ਸਿਰਜਨਹਾਰ ਨਾਲ ਅੰਦਰਲੇ ਨੂੰ ਲਾਈ ਰੱਖਦੇ ਹਨ।

ਬ੍ਰਿਸਟਰ— ਮੈਂ ਤੀਜੀ ਗੱਲ ਨਹੀਂ ਸਮਝੀ।

ਡਾਕਟਰ— ਤੁਸੀਂ ਫਿਲਾਸਫੀ ਪੜ੍ਹੀ ਹੈ?

ਬ੍ਰਿਸਟਰ— ਥੋੜੀ ਜੇਹੀ।

ਡਾਕਟਰ— ਤੁਹਾਨੂੰ ਪਤਾ ਹੈ ਕਿ ਇਹ ਜਗਤ ਕਿਸੇ 'ਇਕ'-ਜੋ ਅਸਲ ਵਿਚ ਹੈ, ਸੱਚਮੁਚ ਹੈ ਤੇ ਸਾਡੀ ਸਮਝ ਤੋਂ ਪਰੇ ਹੈ-ਦਾ 'ਪ੍ਰਕਾਸ਼' ਹੈ।

ਬ੍ਰਿਸਟਰ— ਹਾਂ ਜੀ! (ਹੱਸਕੇ) ਕਿੱਡੇ ਵੱਡੇ ਵੱਡੇ ਫਿਲਾਸਫੀ ਦੇ ਭਾਵਾਂ ਨੂੰ ਡਾਕਟਰ ਸਾਹਿਬ ਨੇ ਪੰਜਾਬੀ ਦੇ ਇਕ ਫਿਕਰੇ ਵਿਚ ਕਹਿ ਦਿੱਤਾ ਹੈ।

ਡਾਕਟਰ— ਸੋ ਆਪਣੇ ਅੰਦਰਲੇ ਨੂੰ ਉਸ ਅਸਲ ਏਕੇ ਵਿਚ, ਜੋ ਸਚਮੁਚ ਹੈ ਤੇ ਸਮਝੋਂ ਪਰੇ ਹੈ, ਹਾਂ, ਉਸ ਵਿਚ ਲਾਈ ਰੱਖਣਾ, ਮਨ ਦਾ ਝੁਕਾਉ ਯਾ ਰੁਖ ਉਸ ਵਲ ਲਿਵ ਵਾਲਾ ਰੱਖਣਾ ਇਹ ਜਤਨ ਹੈ। ਇਸ ਨਾਲ ਦਿਲ ਉੱਚਾ ਤੇ ਹਰ ਸ਼ੈ ਤੋਂ ਵੱਖਰਾ ਤੇ ਹਰ ਸ਼ੈ ਦੇ ਅਸਰ ਕਬੂਲਣ ਤੋਂ ਉਚੇਰਾ ਰਹਿੰਦਾ ਹੈ ਤੇ ਆਪਣਾ ਉੱਤਮ ਅਸਰ ਹਰ ਸ਼ੈ ਤੇ ਪਾਉਂਦਾ ਹੈ। ਜਾਂ ਇਉਂ ਸਮਝੋ ਕਿ ਆਪਣੇ ਮਨ ਤੇ ਉਸ ਸਤਿ ਵਸਤੂ ਵਿਚ ਵਿੱਥ ਨਾ ਪੈਣ ਦੇਣੀ ਇਸ ਨੂੰ 'ਨਾਮ' ਆਖਦੇ ਹਨ। ਵਿਸਥਾਰ ਇਸ ਦਾ ਬੜਾ ਹੈ, ਪਰ ਮੋਟਾ ਜਿਹਾ ਮੈਂ ਆਪ ਨੂੰ ਇਸ ਦਾ ਇਕ ਪੱਖ ਸਮਝਾਇਆ ਹੈ।

ਇਹ ਗੱਲਾਂ ਹੋ ਹੀ ਰਹੀਆਂ ਸਨ ਕਿ ਡਾਕਟਰ ਸਾਹਿਬ ਨੂੰ ਅਵਾਜ਼ ਪੈ ਗਈ। ਉਹ ਤਾਂ ਬਾਹਰ ਚਲੇ ਗਏ ਤੇ ਬ੍ਰਿਸਟਰ ਜੀ ਨੂੰ ਸੋਚਾਂ ਪੈ ਗਈਆਂ ਕਿ ਮੇਰੀ ਪਿਛਲੀ ਉਮਰ ਭਾਵੇਂ ਤਾਂ ਗ਼ਲਤੀ ਵਿਚ ਬੀਤੀ ਹੈ। ਉਧਰ ਵਹੁਟੀ ਅਪਣੇ ਵਹਿਮਾਂ ਵਿਚ ਗ਼ਰਕ ਹੋ ਗਈ ਕਿ ਸਾਡਾ ਪੁਰਾਣਾ ਪੰਜਾਬ, ਜਿਸ ਨੂੰ ਅਸੀਂ ਜੰਗਲੀ ਸਮਝ ਰਹੇ ਹਾਂ ਅਰ ਪੱਛੋਂ ਕਿ ਜਿੱਥੇ ਜਾਕੇ ਅਸੀਂ ਬੜੇ ਅਕਲੱਈਏ ਹੋਕੇ ਮੁੜੇ ਹਾਂ, ਕਿੰਨਾਂ ਕੁ ਫਰਕ ਰੱਖਦੇ ਹਨ। ਵਿਦਜਾ ਵਿਗਜਾਨ ਤਾਂ ਉਥੇ ਕਮਾਲ ਦਾ ਹੈ, ਪਰ ਵਿਦਜਾ ਵਿਗਜਾਨ ਨਾਲ ਉਨ੍ਹਾਂ ਨੇ ਜੰਗ ਦੇ ਸਾਮਾਨ ਵਧਾਏ ਹਨ ਤੇ ਲੜਾਈ ਦੇ ਸੰਦ

SIKHBOOKCLUB.COM

ਤ੍ਰਿਖੇ ਕੀਤੇ ਹਨ। ਉਨ੍ਹਾਂ ਨੇ ਆਪਣੀਆਂ ਅਡ ਅਡ ਕੌਮਾਂ ਵਿਚ ਬੀ ਪਿਆਰ ਤੇ ਹਿਤ ਨਹੀਂ ਵਧਾਯਾ, ਲੜਾਈ ਲਈ ਤੁਲੇ ਰਹਿੰਦੇ ਹਨ। ਰੰਗ ਦੀ ਨਫਰਤ ਬੀ ਉਨ੍ਹਾਂ ਵਿਚ ਹੈ, ਪਰ ਸਾਡੇ ਪਿਛਲੇ ਲੋਕਾਂ ਵਿਚ ਪਿਆਰ ਦੀਆਂ ਖ਼ਸਲਤਾਂ ਹਨ ਤੇ ਇਹ ਕਿੰਨੀਆਂ ਕੀਮਤੀ ਹਨ। ਹੁਣ ਪੰਜਾਬ ਵਿਚ ਵਿਦਯਾ ਤਾਂ ਵਧ ਰਹੀ ਹੈ ਪਰ ਪਿਆਰ ਤੇ ਪਰਉਪਕਾਰ, ਹਮਦਰਦੀ ਤੇ ਸਾਦਗੀ ਵਿਦਾ ਹੋ ਰਹੇ ਹਨ। ਮਾਨੋਂ ਪੰਜਾਬ ਵਿਚੋਂ ਪੰਜਾਬ ਵਿਦਾ ਹੋ ਰਿਹਾ ਹੈ। ਚਾਹੀਦਾ ਇਹ ਸੀ ਕਿ ਸਾਡੇ ਦਾਨੇ ਪੱਛੋਂ ਦੇ ਵਿਗਯਾਨ ਨੂੰ ਤਾਂ ਲੈਂਦੇ, ਵਿਦਯਾ ਬੀ ਵਧਾਉਂਦੇ ਪਰ ਆਪਣੇ ਦੇਸ਼ ਦੀ ਖਸਲਤ, ਪਿਆਰ, ਹਮਦਰਦੀ ਤੇ ਰਲਵਰਤਨ ਦਾ ਬੀ ਵਾਧਾ ਕਰਦੇ, ਜਿਸ ਨਾਲ ਕਿ ਅਸਲੀ ਇਨਸਾਨੀਅਤ ਵਧਦੀ ਹੈ।

ਉਧਰ ਡਾਕਟਰ ਸਾਹਿਬ ਨੇ ਜਦ ਬਾਬੇ ਦੀ ਉਹ ਲੋੜ ਪੂਰੀ ਕਰ ਲਈ ਜਿਸ ਵਾਸਤੇ ਕਿ ਬਾਬੇ ਨੇ ਉਸਨੂੰ ਕੁਆਇਆ ਸੀ, ਤਾਂ ਡਾਕਟਰ ਜੀ ਨੇ ਰਤਾਕੁ ਤ੍ਰਿਖੀ ਸੁਰ ਵਿਚ ਕਿਹਾ, ਬਾਬਾ ਜੀ! ਆਪਦਾ ਪਵਿਤ੍ਰ ਘਰ, ਸਤਿਸੰਗ ਦਾ ਦਰ, ਵਾਹਿਗੁਰੂ ਦੇ ਜਲਾਲ ਦਾ ਮੰਡਲ ਆਪ ਨੇ ਨਾਸਤਕਾਂ ਨੂੰ ਪਨਾਹ ਦੇ ਕੇ ਮੈਲਾ ਕਰ ਲਿਆ ਹੈ। ਮੈਂ ਕਦੇ ਸੁਪਨੇ ਵਿਚ ਵੀ ਖ਼ਿਆਲ ਨਹੀਂ ਕਰ ਸਕਦਾ ਸਾਂ ਕਿ ਆਪ ਕਦੇ ਐਸੇ ਆਦਮੀ ਨੂੰ ਆਸਰਾ ਦਿਓਗੇ ਕਿ ਜੋ ਆਪ ਦੇ ਸੁਆਮੀ ਤੇ ਪ੍ਰੀਤਮ ਅਕਾਲ ਪੁਰਖ ਤੋਂ ਨਮੁੱਕਰ ਹੋਵੇ, ਜੋ ਸ੍ਰੀ ਹਨ ਉਸਦੀ ਹੱਤਕ ਕਰਦਾ ਹੋਵੇ, ਆਪ ਨੂੰ ਸੁਆਰਥੀ ਤੇ ਮਤਲਬੀ ਸਮਝਦਾ ਹੋਵੇ, ਸਤਿਸੰਗ ਨੂੰ ਇਕ ਬੇਵਕੂਫੀ ਖ਼ਿਆਲ ਕਰਦਾ ਹੋਵੇ ਤੇ ਜਿਸਦੇ ਦਿਮਾਗ ਵਿਚ ਮਾਦਾ-ਪਰੱਸਤੀ (ਦੁਨਯਾਵੀ ਤੁੱਕੀ ਦੀ ਪੂਜਾ) ਦਾ ਇਕੋ ਖਯਾਲ ਨਿਵਾਸ ਕਰਦਾ ਹੋਵੇ। ਕੀ ਆਪ ਨੇ ਇਹ ਉਕਾਈ ਨਹੀਂ ਖਾਧੀ?

ਬਾਬਾ ਜੀ ਇਹ ਸੁਣਕੇ ਮੁਸਕਰਾ ਪਏ ਤੇ ਕਹਿਣ ਲੱਗੇ: 'ਡਾਕਟਰ ਜੀ! ਜੇ ਆਪ ਨੇ ਸਾਰੀ ਗਲ ਸਹੀ ਕਰ ਲਈ ਹੈ ਤਾਂ ਤੁਸੀਂ ਮੰਨ ਲਓ ਕਿ ਮੈਂ ਭੁੱਲ ਕੀਤੀ ਹੈ ਕਿ ਜਿਸ ਮਾਲਕ ਪਾਲਕ ਵਾਹਿਗੁਰੂ ਦਾ ਮੈਂ ਮੁੱਲ ਖ਼ਰੀਦੀ ਲਾਲਾ ਗੋਲਾ ਹਾਂ ਉਸ ਤੋਂ ਨਮੁੱਕਰ ਅਰ ਉਸਦੀ ਹੱਤਕ ਕਰਨ ਵਾਲੇ ਨੂੰ ਇਸ ਕੁਟੀਆ ਵਿਚ ਥਾਂ ਦਿੱਤੀ ਹੈ। ਸਿਆਣਿਆਂ ਨੇ ਵੈਰੀ ਤਿੰਨ ਪ੍ਰਕਾਰ ਦੇ ਗਿਣੇ ਹਨ:-

ਇਕ ਆਪਣਾ ਵੈਰੀ।
ਇਕ ਆਪਣੇ ਮਿੱਤ੍ਰ ਦਾ ਵੈਰੀ।
ਇਕ ਆਪਣੇ ਵੈਰੀ ਦਾ ਮਿੱਤ੍ਰ।

ਇਹ ਸੱਜਣ ਮੇਰੇ ਮਿੱਤ੍ਰ ਵਾਹਿਗੁਰੂ ਜੀ ਦਾ ਵੈਰੀ ਹੈ ਤਾਂ ਮੇਰਾ ਵੈਰੀ ਹੈ। ਇਹ ਕਹਿਕੇ ਬਾਬੇ ਦੇ ਨੈਣਾਂ ਵਿਚ ਜਲ ਭਰ ਆਯਾ, ਪੰਜ ਚਾਰ ਟੇਪੇ ਅੱਖਾਂ ਤੋਂ ਕਿਰ ਪਏ, ਤੇ ਕਿੰਨਾਂ ਚਿਰ ਚੁਪ ਛਾਈ ਰਹੀ। ਫਿਰ 'ਵਾਹਿਗੁਰੂ ਵਾਹਿਗੁਰੂ' ਦੀ ਅਵਾਜ਼ ਆਈ ਤੇ ਬਾਬੇ ਨੇ ਆਪਾ ਸੰਭਾਲ ਕੇ ਕਿਹਾ: ਡਾਕਟਰ ਜੀ! ਸੁਹਣੇ ਵੀਰ ਜੀ! ਪਰ ਮੈਂ ਤਾਂ ਦੁਖੀਆਂ ਦੀ ਦਾਰੀ ਕੀਤੀ ਹੈ ਤੇ ਦੁਖੀ ਦੇਖਕੇ ਦੁਖ ਵਿਚ ਸਹਾਈ ਹੋਣ ਲਈ ਇਨ੍ਹਾਂ ਨੂੰ ਘਰ ਲੈ ਆਇਆ ਸਾਂ। ਦੁਖ ਵੇਲੇ ਇਸ ਪੜਤਾਲ ਦੀ ਲੋੜ ਨਹੀਂ ਹੁੰਦੀ ਕਿ ਏਹ ਕੌਣ ਹਨ। ਕਿਸੇ ਬੰਦੇ ਨੂੰ ਦੁਖੀ ਦੇਖਣਾਂ ਤੇ ਦੁਖ ਹਰਨਾ ਇਹੋ ਧਰਮ ਹੁੰਦਾ ਹੈ। ਜਗਤ ਦੁਖੀ ਹੈ, ਦੁਖੀ ਦਾ ਦੁਖ ਹਰਨਾ ਹਰ ਧਰਮੀ ਪੁਰਖ ਦਾ ਧਰਮ ਹੈ। ਮੈਂ ਪਾਤਸ਼ਾਹ ਦੇ ਵੈਰੀ ਨੂੰ ਵੈਰ ਵਿਚ ਪੱਕਾ ਕਰਨ ਲਈ ਨਹੀਂ ਲਿਆਂਦਾ, ਸਗੋਂ ਹੁਣ ਮੇਰੀ ਕੋਸ਼ਿਸ਼ ਇਹ ਹੋਵੇਗੀ ਕਿ ਇਕ ਮਾਇਆ ਨਾਲ ਚੁੱਧਜਾਏ ਵੀਰ ਨੂੰ ਔਸਰ ਦਿਆਂ ਕਿ ਓਹ ਪਰਮੇਸ਼ਰ ਦੇ ਜਲਾਲ ਦਾ ਦਰਸ਼ਨ ਕਰੇ ਅਰ ਉਸਦੇ ਅੰਦਰ ਪਿਆਰ ਫੇਰਾ ਪਾਵੇ, ਉਸ ਨੂੰ ਆਪਣੀ ਕਠੋਰ, ਬੇਰੱਸ ਤੇ ਬੇ-ਦੀਨ ਦਸ਼ਾ ਬੁਰੀ ਲੱਗੇ। ਹੁਣ ਅਸੀਂ ਪਾਤਸ਼ਾਹ ਦੇ ਵੈਰੀ ਨੂੰ ਪਾਤਸ਼ਾਹ ਦੀ ਸ਼ਰਨ ਪਾਉਣ ਵਾਸਤੇ ਜਤਨ ਕਰਾਂਗੇ। ਭੁੱਲੇ ਹੋਏ ਲੋਕਾਂ ਨੂੰ ਜੇ ਸਮਾਂ ਹੀ ਨਾ ਮਿਲੇ ਕਿ 'ਉੱਚ-ਜੀਵਨ' ਦਾ ਦਰਸ਼ਨ ਕਰਨ ਤਾਂ ਉਨ੍ਹਾਂ ਦੇ ਅੰਦਰ ਉਸਦੀ ਮੂਰਤ ਕਿੱਕੂੰ ਖਿਚੀਵੇ? ਤੇ ਮੂਰਤ ਖਿਚੀਜੇ ਬਿਨਾਂ ਉਨ੍ਹਾਂ ਵਿਚ ਉਸ ਲਈ ਪਿਆਰ ਕਿਸ ਤਰ੍ਹਾਂ ਉਪਜ ਪਵੇ? ਨਾਲੇ ਡਾਕਟਰ ਜੀ! ਰੱਬ ਇਨ੍ਹਾਂ ਅਪਣੇ ਤੋਂ ਨਮੁੱਕਰਾਂ ਨੂੰ ਬੀ ਪਾਲਦਾ ਹੈ, ਜੇ ਮੈਂ ਦੁਖ ਵੇਲੇ ਸੇਵਾ ਕੀਤੀ ਤਾਂ ਰੱਬੀ ਰੌ ਦੇ ਮਗਰ ਹੀ ਟੁਰਿਆ ਹਾਂ।

ਬਾਬੇ ਦੇ ਉੱਚ ਖਿਆਲ ਸੁਣਕੇ ਡਾਕਟਰ ਜੀ ਦੇ ਦੰਦ ਜੁੜ ਗਏ, ਪਰ ਜਗਤ ਦੇ ਲਹਾਵਾਂ ਚੜ੍ਹਾਵਾਂ ਦਾ ਖਯਾਲ ਕਰਕੇ ਡਾਕਟਰ ਸਾਹਿਬ ਆਖਣ ਲੱਗੇ: 'ਬਾਬਾ ਜੀ! ਆਪ ਧੰਨ ਹੋ ਤੇ ਆਪ ਦੇ ਵਿਚਾਰ

SIKHBOOKCLUB.COM

ਧੰਨ ਹਨ, ਪਰ ਕੀ ਇਹ ਠੀਕ ਨਹੀਂ ਕਿ ਜੋ ਕੋਈ ਬਘਿਆੜ ਪਾਲੇਗਾ ਅੰਤ ਕਿਸੇ ਦਿਨ ਉਸ ਤੋਂ ਆਪਣਾ ਤਨ ਪੜਵਾਏਗਾ? ਜੋ ਸੱਪਾਂ ਨੂੰ ਦੁੱਧ ਪਿਲਾਏਗਾ, ਉਹ ਅੰਤ ਆਪਣੇ ਬੱਚੇ ਉਨ੍ਹਾਂ ਤੋਂ ਡੰਗਵਾਏਗਾ? ਸੇਵਾ ਕਰੀਏ ਤਾਂ ਆਦਮੀ ਦੀ। ਜਦੋਂ ਹੀ ਪਸ਼ੂਆਂ, ਮਾਨਸ ਖਾਣਿਆਂ ਦੀ ਸੇਵਾ ਕਰਾਂਗੇ, ਓਹ ਪਲਕੇ ਮੋਟੇ ਹੋਕੇ ਆਪਣੇ ਸੁਭਾਓ ਮੂਜਬ ਹੀ ਸਾਡੇ ਨਾਲ ਵਰਤਾਉ ਕਰਨਗੇ। ਆਪਨੂੰ ਪਤਾ ਹੈ ਕਿ ਸੰਸਕ੍ਰਿਤ ਵਿਚ ਇਕ ਕਥਾ ਹੈ ਕਿ ਕਿਸੇ ਸੱਪ ਨੂੰ ਇਕ ਮਨੁੱਖ ਨੇ ਬਲਦੀ ਅੱਗ ਵਿਚੋਂ ਕਢਿਆ ਸੀ ਤੇ ਬਾਹਰ ਆਕੇ ਉਹ ਸੱਪ ਉਸੇ ਨੂੰ ਡੰਗ ਮਾਰਨ ਲੱਗਾ ਸੀ। ਸ਼ੇਖ ਸਾਅਦੀ ਨੇ ਭੀ ਲਿਖਿਆ ਹੈ ਕਿ ਬਦਾਂ ਨਾਲ ਨੇਕੀ ਕਰਨੀ ਐਸੀ ਹੈ ਜੈਸੀ ਨੇਕਾਂ ਨਾਲ ਬਦੀ ਕਰਨੀ। ਉਸਨੇ ਨਾ-ਲਾਇਕਾਂ ਬਾਬਤ ਆਪਣਾ ਇਹ ਤਜਰਬਾ ਬੀ ਦਿੱਤਾ ਹੈ ਕਿ ਜਿਨ੍ਹਾਂ ਨੂੰ ਮੈਂ ਤੀਰਅੰਦਾਜ਼ੀ ਦੀ ਵਿਦਜਾ ਸਿਖਾਈ ਆਖਰ ਉਨ੍ਹਾਂ ਨੇ ਹੀ ਮੈਨੂੰ ਆਪਣੇ ਤੀਰਾਂ ਦਾ ਨਿਸ਼ਾਨਾ ਬਣਾਇਆ। ਹਾਂ ਮੈਂ ਹੁਣ ਆਪਣੀ ਅੱਖੀਂ ਅੰਮ੍ਰਿਤਸਰ ਵਿਚ ਵੇਖ ਆਯਾ ਹਾਂ, ਕਿ ਇਕ ਸਿੰਘ ਦੇ ਅਨੇਕ ਦੁਸ਼ਮਨ ਹੋ ਕੇ ਉਸ ਨੂੰ ਤਸੀਹੇ ਦੇ ਰਹੇ ਹਨ, ਉਸ ਨੂੰ ਬਦਨਾਮ ਕਰ ਰਹੇ ਤੇ ਕਲੇਸ਼ਾਂ ਵਿਚ ਪਾ ਰਹੇ ਹਨ। ਮੈਂ ਚੁਪਕੇ ਚੁਪਕੇ ਸਾਰੇ ਹਾਲਾਤ ਪਤਾ ਕੀਤੇ ਤਾਂ ਸਿੰਘ ਜੀ ਅਤਿ ਗੁਰਮੁਖ ਹਨ ਤੇ ਏਹ ਸਾਰੇ ਲੋਕ ਓਹ ਹਨ ਜਿਨ੍ਹਾਂ ਨੂੰ ਕਿਸੇ ਨਾ ਕਿਸੇ ਸ਼ਕਲ ਵਿਚ ਉਨ੍ਹਾਂ ਤੋਂ ਲਾਭ ਪਹੁੰਚ ਚੁਕਾ ਹੈ। ਆਪ ਨੂੰ ਪਤਾ ਹੈ ਕਿ ਪਾਰਸਭਾਗ ਵਿਚ ਲਿਖਿਆ ਹੈ ਕਿ ਇਕ ਮਹਾਂ ਪੁਰਖ ਖੂਹ ਵਿਚ ਢੈ ਪਏ ਤੇ ਜਦੋਂ ਲੋਕੀ ਪੀੜ੍ਹੀ ਲਮਕਾਕੇ ਉਨਾਂ ਨੂੰ ਕੱਢਣ ਲਗੇ ਤਾਂ ਉਨ੍ਹਾਂ ਨੇ ਅੰਦਰੋਂ ਅਵਾਜ਼ ਦਿੱਤੀ ਕਿ ਓਪਰੇ ਆਦਮੀ ਮੈਨੂੰ ਕੱਢਣ, ਕੋਈ ਐਸਾ ਆਦਮੀ ਮੇਰੇ ਰੱਸੇ ਨੂੰ ਹੱਥ ਨ ਲਾਵੇ ਕਿ ਜਿਸਨੇ ਕਦੇ ਮੈਥੋਂ ਕੋਈ ਲਾਭ ਪਾਇਆ ਹੋਵੇ। ਕਾਰਨ ਇਹ ਸੀ ਕਿ ਇਹ ਸੱਜਣ ਨੇਕੀ ਕਰਕੇ ਜਿਨ੍ਹਾਂ ਨਾਲ ਨੇਕੀ ਕਰਦੇ ਸਨ ਉਨ੍ਹਾਂ ਦੀ ਸਿਆਣ ਨਹੀਂ ਸਨ ਰਖਦੇ; ਕਿਉਂਕਿ ਓਹ ਜਾਣਦੇ ਸਨ ਕਿ ਨੇਕੀ ਪਾਕੇ ਲੋਕੀਂ ਸ਼ੁਕਰ ਨਹੀਂ ਕਰਦੇ, ਅੱਗੋਂ ਨੇਕੀ ਨਹੀਂ ਕਰਦੇ, ਪਰ ਬਦੀ ਕਰਦੇ ਹਨ ਤੇ ਫੇਰ ਨੇਕੀ ਕਰਨ ਵਾਲੇ ਦਾ ਦਿਲ ਤੰਗ ਪੈਂਦਾ ਹੈ। ਏਸੇ ਕਰਕੇ ਹਾਤਮਤਾਈ ਕਿਹਾ ਕਰਦਾ ਸੀ ਕਿ 'ਨੇਕੀ ਕਰ ਔਰ ਦਰਯਾ ਮੇਂ ਡਾਲ'। ਮਤਲਬ ਇਹ ਸੀ ਕਿ ਜਿਨ੍ਹਾਂ ਨਾਲ ਨੇਕੀ ਕਰਦੇ ਹੋ, ਜੇ ਵਾਕਬੀ ਰੱਖੀ ਤਾਂ ਓਹ ਦੁਖ ਦੇਣਗੇ, ਫੇਰ ਨੇਕੀ ਕੀਤੀ ਦਾ ਪਛੁਤਾਵਾ ਲੱਗੇਗਾ। ਇਸ ਲਈ ਜਿਨ੍ਹਾਂ ਦਾ ਖਯਾਲ ਨੇਕੀ ਕਰਨ ਦਾ ਹੁੰਦਾ ਹੈ ਓਹ ਲੋਕਾਂ ਵਲੋਂ ਨੇਕੀ ਦੇ ਬਦਲੇ ਬਦੀ ਮਿਲਨ ਦੇ ਕਾਰਨ ਅੰਤ ਨੇਕੀ ਕਰਨ ਤੋਂ ਅੱਕ ਜਾਂਦੇ ਹਨ ਤੇ ਨੇਕੀ ਤੋਂ ਲਾਂਭੇ ਹੋ ਜਾਂਦੇ ਹਨ। ਇਸਤੋਂ ਮੇਰਾ ਸਿੱਧਾਂਤ ਇਹ ਹੈ ਜੋ ਸ਼ੇਖ ਸਾਅਦੀ ਦਾ ਹੈ ਕਿ ਬਦਾਂ ਨਾਲ ਨੇਕੀ ਕਰਨੀ ਹੀ ਨਹੀਂ ਚਾਹੀਏ।

ਬਾਬਾ— (ਸਿਰ ਹਿਲਾਕੇ) ਦ੍ਰਿਸ਼ਟਾਂਤ ਮੈਂ ਸਮਝੇ, ਪਰ ਕਿਉਂ ਲੋਕੀ ਨੇਕੀ ਦੇ ਬਦਲੇ ਬਦੀ ਕਰਦੇ ਹਨ, ਕਿਉਂ ਸ਼ੇਖ ਸਾਅਦੀ ਦੇ ਚੇਲੇ ਉਸੇ ਨੂੰ ਤੀਰ ਮਾਰਦੇ ਹਨ?

ਡਾਕਟਰ— ਇਸ ਲਈ ਕਿ ਆਦਮੀਆਂ ਵਿਚ ਆਦਮੀ ਘੱਟ ਹਨ। ਸਿੰਗ, ਪੂਛ ਬਿਨਾਂ ਪਸ਼ੂ ਆਦਮੀ ਦੀ ਸ਼ਕਲ ਵਿਚ ਫਿਰ ਰਹੇ ਹਨ। ਆਮ ਸੁਭਾਵ ਪਸ਼ੂ ਹਨ। ਅਰਥਾਤ ਢੁੱਡ ਮਾਰਨਾ ਤੇ ਦੂਜੇ ਦਾ ਹੱਕ ਖੁਹ ਲੈਣਾ। ਮੈਨੂੰ ਨੇਕੀ ਦਾ ਬੜਾ ਮੌਕਾ ਮਿਲਿਆ ਹੈ ਅਰ ਮੈਂ ਹਜ਼ਾਰਾਂ ਲੋਕਾਂ ਦਾ ਜਾਣੂੰ ਹੋਇਆ ਹਾਂ। ਆਪ ਦੀ ਕਿਰਪਾ ਨਾਲ ਜੋ ਮੈਨੂੰ 'ਉੱਚ-ਜੀਵਨ' ਦੀ ਸੋਝੀ ਆਈ ਹੈ ਤੇ ਸਤਿਗੁਰ ਦੀ ਮਿਹਰ ਨਾਲ ਮੇਰੇ ਅੰਦਰ ਜੀਵਨ ਦੀ ਰੌ ਰੁਮਕੀ ਹੈ, ਮੈਂ ਪ੍ਰਤੀਤ ਕੀਤਾ ਹੈ ਕਿ ਆਦਮੀ 'ਦਿੱਸਦੇ ਆਦਮੀ' ਹਨ, ਪਰ ਸੁਭਾਵ ਅਕਸਰ ਬਘਿਆੜਾਂ, ਲੂੰਬੜੀਆਂ, ਬਾਂਦਰਾਂ ਆਦਿਕ ਪਸ਼ੂਆਂ ਦੇ ਰਖਦੇ ਹਨ। ਹੁਣ ਜਦ ਏਹਨਾਂ ਨੂੰ ਪਾਲੋਗੇ ਤਾਂ ਇਹ ਤਕੜੇ ਹੋਕੇ ਆਪਣੇ ਸੁਭਾਵ ਅਨੁਸਾਰ ਪਸ਼ੂ ਬ੍ਰਿਤੀ ਦਾ ਵਰਤਾਉ ਕਰਨਗੇ। ਜਦੋਂ ਕਿਸੇ 'ਆਦਮੀ' ਨਾਲ ਨੇਕੀ ਕਰੀਦੀ ਹੈ ਤਾਂ ਉਹ ਅਗੋਂ ਆਦਮੀਅਤ ਦਾ ਵਰਤਾਉ ਕਰਦਾ ਹੈ। ਤੁਸੀਂ ਚਾਹੋ ਗੁੱਸੇ ਹੋਵੋ, ਮੇਰਾ ਤਜਰਬਾ ਇਹ ਹੈ ਕਿ ਨੇਕੀ ਨੇਕਾਂ ਨਾਲ ਕਰਨੀ ਚਾਹੀਏ, ਬਦਾਂ ਨਾਲ ਨੇਕੀ ਕਰਨੀ ਬਦੀ ਹੈ, ਨੇਕੀ ਨਹੀਂ ਹੈ। ਮੈਨੂੰ ਬੜਾ ਗੁੱਸਾ ਆਇਆ ਹੈ ਜਿਸ ਵੇਲੇ ਉਸ ਪੱਥਰਚਿੱਤ ਦਾ ਖਯਾਲ ਮੈਨੂੰ ਇਹ ਮਲੂਮ ਹੋਇਆ ਹੈ ਕਿ ਤੁਸੀਂ ਉਸ ਨਾਲ ਨੇਕੀ ਕਿਸੇ ਐਸੇ ਇਰਾਦੇ ਨਾਲ ਕਰ ਰਹੇ ਹੋ ਕਿ ਕਿਸੇ ਵੇਲੇ ਉਸ

ਤੋਂ ਲਾਭ ਉਠਾਓਗੇ। ਉਹ ਮਾਇਆ ਦਾ ਵੇੜ੍ਹਿਆ ਨਹੀਂ ਸਮਝ ਸਕਦਾ ਕਿ ਸਾਡੀਆਂ ਧੀਆਂ ਤੇ ਮਾਵਾਂ ਉਸਦੀ ਸੇਵਾ ਇਸ ਲਈ ਨਹੀਂ ਕਰ ਰਹੀਆਂ ਕਿ ਉਹ ਬੜਾ ਅਮੀਰ ਹੈ ਤੇ ਅਸੀਂ ਸ੍ਵੈ ਸਤਿਕਾਰ ਦੇ ਮਾਦੇ ਤੋਂ ਖਾਲੀ ਹਾਂ। ਆਪਣੇ ਘਰ ਹਰ ਕੋਈ ਪਾਤਸ਼ਾਹ ਹੈ; ਉਸ ਨੇ ਸਾਨੂੰ ਕੀ ਜਾਤਾ ਹੈ? ਸੱਚ ਹੈ, ਬਾਬਾ ਜੀ! ਜੇ ਤੁਸੀਂ ਉਸਦੀ ਮਦਦ ਨੂੰ ਨਾਂ ਜਾਂਦੇ ਤਾਂ ਉਸ ਨੂੰ ਲੋਕਾਂ ਨੇ ਚੀਰ ਚੀਰਕੇ ਖਾ ਜਾਣਾ ਸੀ। ਏਹਨਾਂ ਫੋਕੀ ਵਿਦਜਾ ਦੇ ਵਿਦਵਾਨਾਂ ਦੀ ਇਹੋ ਵਿੱਦਜਾ ਹੈ ਕਿ ਪ੍ਰਤੱਖ ਮੌਤ ਦੇ ਪੰਜੇ ਵਿਚੋਂ ਬਚਕੇ, ਪੁਲਸ ਦੇ ਹੱਥੋਂ ਛੁੱਟਕੇ ਅਤੇ ਪ੍ਰਦੇਸ ਵਿਚ ਘਰ ਪ੍ਰਾਪਤ ਕਰਕੇ, ਮਾਵਾਂ, ਭੈਣਾਂ, ਧੀਆਂ ਤੋਂ ਪਿਆਰ ਭਰੀ ਸੇਵਾ ਲੈਕੇ, ਉਹਨਾਂ ਦੇ ਅੰਦਰ ਕੋਈ ਉੱਚ ਭਾਵ ਪੈਦਾ ਨਹੀਂ ਹੁੰਦਾ। ਐਸੇ ਕਠੋਰ ਹੋ ਗਏ ਮਨਾਂ ਤੇ ਨੀਵੀਂ ਬੁੱਧੀ ਵਾਲੇ ਲੋਕਾਂ ਨੂੰ ਆਪਣੀ ਮੌਤੇ ਮਰਨ ਦੇਣਾ ਪੁੰਨ ਹੈ। ਇਹ ਧਰਤੀ ਦਾ ਭਾਰ ਹੌਲਾ ਕਰਨਾ ਹੈ ਅਰ ਅੰਨ ਪਾਣੀ ਨੂੰ ਵਿਅਰਥ ਜਾਣ ਤੋਂ ਬਚਾਉਣਾ ਹੈ। ਮਾਫ ਕਰਨਾ, ਮੈਂ ਆਪ ਦੇ ਚਰਨਾਂ ਦੀ ਧੂੜ ਹਾਂ, ਪਰ ਮੈਥੋਂ ਆਪ ਦੀ ਨਿੰਦਿਆ ਤੇ ਵਾਹਿਗੁਰੂ ਦੀ ਬੇਅਦਬੀ ਝੱਲੀ ਨਹੀਂ ਗਈ। ਮੈਨੂੰ ਆਗਜਾ ਦਿਓ ਕਿ ਮੈਂ ਐਸੇ ਵਾਹਿਗੁਰੂ-ਬਿਮੁਖ ਦੇ ਜ਼ਖਮ ਬੰਨ੍ਹਕੇ ਫੇਰ ਆਪਣੇ ਹੱਥ ਅਪਵਿਤ੍ਰ ਨਾਂ ਕਰਾਂ, ਮੈਂ ਸੱਪਾਂ ਨੂੰ ਪਾਲਣ ਲਈ ਤਜਾਰ ਨਹੀਂ ਹਾਂ, ਮੈਨੂੰ ਪਤਾ ਹੈ ਕਿ ਐਸੇ ਲੋਕਾਂ ਨੇ ਜਗਤ ਨੂੰ ਨਰਕ ਬਣਾ ਰਖਿਆ ਹੈ।

ਬਾਬਾ— ਤੁਹਾਨੂੰ 'ਨੇਕੀ ਭਰਿਆ ਰੋਹ' ਆਇਆ ਹੈ। ਬਰਕਤਾਂ ਵਾਲਾ ਹੈ, ਹਾਂ ਭਾਗੇ ਭਰਿਆ ਹੈ ਆਪ ਦਾ ਦਿਲ ਕਿ ਜਿਸ ਵਿਚ ਵਾਹਿਗੁਰੂ ਲਈ ਅਣਖ ਹੈ, ਇਹ ਜੀਵਨ ਦੀ ਨਿਸ਼ਾਨੀ ਹੈ! ਪਰ ਮੇਰੇ ਪ੍ਰਸ਼ਨ ਦਾ ਉੱਤਰ ਦਿਓ ਕਿ ਕਿਉਂ ਇਹ ਲੋਕ ਨੇਕੀ ਦੇ ਬਦਲੇ ਬਦੀ ਕਰਦੇ ਹਨ? ਮੈਂ ਮੰਨਿਆਂ ਕਿ ਧਰਤੀ ਦੇ ਤਖਤੇ ਉਸ ਖ਼ੂਨ ਨਾਲ ਰੱਤੇ ਹੋਏ ਪਏ ਹਨ ਜੋ ਬਦਾਂ ਨੇ ਆਪਣੇ ਨਾਲ ਨੇਕੀ ਕਰਨ ਵਾਲਿਆਂ ਦੀਆਂ ਨਾੜਾਂ ਤੋਂ ਵਗਾਇਆ। ਜਿਨ੍ਹਾਂ ਨੂੰ ਫ਼ਾਰਸੀ ਵਾਲੇ 'ਮੁਹਸਨ ਕੁਸ਼' ਆਖਦੇ ਹਨ। ਉਹਨਾਂ ਦੀਆਂ ਕਰਤੂਤਾਂ ਨੇ ਜਗਤ ਕਾਲਾ ਕਰ ਰੱਖਿਆ ਹੈ, ਪਰ ਆਖ਼ਰ ਇਸਦਾ ਕੋਈ ਕਾਰਨ ਭੀ ਤਾਂ ਹੈ ਨਾਂ?

ਡਾਕਟਰ— ਇਹੀ ਕਿ ਓਹ ਮਨੁੱਖ ਨਹੀਂ ਹਨ, ਓਹ ਬਕੌਲ ਭਰਥਰੀ ਸਿੰਗਾਂ ਤੇ ਪੂਛਾਂ ਤੋਂ ਹੀਨ ਪਸ਼ੂ ਹਨ, ਆਦਮੀ ਨਹੀਂ ਹਨ, ਜਾਂ ਪਸ਼ੂਆਂ ਦੀਆਂ ਰੂਹਾਂ ਆਦਮੀਆਂ ਦੇ ਢਾਂਚੇ ਵਿਚ ਪੈ ਗਈਆਂ ਹਨ, ਹੋਰ ਕਾਰਨ ਕੀ ਹੋ ਸਕਦਾ ਹੈ?

ਬਾਬਾ— ਤੁਮਾਡਾ ਮਤਲਬ ਇਹ ਹੈ ਕਿ ਮਨੁਖ ਦਾ ਸੁਭਾਵ 'ਲੈਣ' ਦਾ ਹੈ 'ਦੇਣ' ਦਾ ਨਹੀਂ। ਹਰ ਕੋਈ ਲੈਣਾ ਚਾਹੁੰਦਾ ਹੈ, ਸੋ ਜਦ ਉਸ ਨਾਲ ਨੇਕੀ ਹੁੰਦੀ ਹੈ ਤਾਂ ਉਸ ਨੂੰ ਕੁਛ ਮਿਲਦਾ ਹੈ, ਉਹ ਲੈਕੇ ਖੁਸ਼ ਹੁੰਦਾ ਹੈ। ਪਰ ਉਹ ਚਾਹੁੰਦਾ ਹੈ ਕਿ ਦਾਤਾ ਮੈਨੂੰ ਸਦਾ ਦੇਂਦਾ ਹੀ ਰਹੇ, ਫਿਰ ਉਹ ਚਾਹੁੰਦਾ ਹੈ ਕਿ ਦਾਤਾ ਸਾਰਾ ਕੁਛ ਮੈਨੂੰ ਹੀ ਦੇਵੇ, ਹੋਰ ਕਿਸੇ ਨੂੰ ਕੁਛ ਨਾਂ ਦੇਵੇ। ਜਦੋਂ ਕਿ ਦਾਤਾ ਦਸ ਵੇਰੀ ਦੇਵੇ ਯਾ ਦਸ ਵੇਰੀ ਕੰਮ ਸੁਆਰੇ ਤੇ ਇਕ ਵੇਰ ਕਿਸੇ ਕਾਰਨ ਉਹ ਸਹਾਯਤਾ ਨਾ ਕਰ ਸਕੇ ਤਾਂ ਲੈਣਹਾਰ ਯਾ ਜਿਸ ਤੇ ਪਰ-ਉਪਕਾਰ ਹੁੰਦਾ ਰਿਹਾ ਹੈ, ਉਹ ਦਸ ਨੇਕੀਆਂ ਭੁਲਾਕੇ ਇਕ ਨਾ ਹੋ ਸਕੀ ਨੇਕੀ ਦਾ ਗੁੱਸਾ ਬਣਾਕੇ ਅੰਦਰ ਰੱਖ ਲੈਂਦਾ ਹੈ ਤੇ ਨੇਕੀ ਕਰਨ ਵਾਲੇ ਨਾਲ ਉਸ ਗੁੱਸੇ ਨੂੰ ਵਰਤੋਂ ਵਿਚ ਕੱਢਦਾ ਹੈ। ਯਾ ਜੇ ਨੇਕੀ ਕਰਨ ਵਾਲਾ ਸਾਰਾ ਕੁਛ ਉਸਦੇ ਅਰਪਨ ਨਹੀਂ ਕਰਦਾ ਕਿਸੇ ਆਪਣੇ ਹਿਸਾਬ ਮੂਜਬ ਉਸ ਨਾਲ ਬੀ ਨੇਕੀ ਕਰਦਾ ਹੈ ਤੇ ਹੋਰਨਾਂ ਨਾਲ ਬੀ, ਉਹ ਲੈਣਹਾਰ ਇਕ ਈਰਖਾ ਵਿਚ ਭਰਕੇ ਦਾਤੇ ਨਾਲ ਗੁੱਸੇ ਹੋ ਜਾਂਦਾ ਹੈ ਕਿ ਇਹ ਮੇਰੀਆਂ ਸਾਰੀਆਂ ਲੋੜਾਂ ਤੇ ਆਪਣਾ ਸਭ ਕੁਛ ਕਿਉਂ ਨਹੀਂ ਵਾਰਦਾ? ਇਸ ਅੰਦਰਲੀ ਈਰਖਾ ਨੂੰ ਉਹ ਦਾਤੇ ਨਾਲ ਵਰਤਦਾ ਹੈ। ਕਈ ਵੇਰ, ਨੇਕੀ ਜਦ ਕਰੀਦੀ ਹੈ ਤਾਂ ਜਿਸਤੇ ਕਰੀਦੀ ਹੈ ਉਸ ਵਿਚ ਉਹ ਪਹਿਲਾਂ ਤਾਂ ਸ਼ੁਕਰ ਦਾ ਭਾਵ ਪੈਦਾ ਕਰਦੀ ਹੈ, ਪਰ ਫੇਰ ਉਹ ਉਸ ਨੇਕੀ ਦੇ ਵਰਤਾਉ ਨੂੰ ਆਪਣੇ ਤੇ ਹਿਸਾਨ ਨਹੀਂ ਸਮਝਦਾ, ਸਗੋਂ ਆਪਣਾ ਹੱਕ ਸਮਝਦਾ ਹੈ। ਹੱਕ ਵਿਚ ਦਾਅਵਾ ਪੈਦਾ ਹੋ ਜਾਂਦਾ ਹੈ, ਦਾਅਵੇ ਵਿਚ ਦਾਝਨ ਹੁੰਦਾ ਹੈ। ਉਹ ਦਾਝਨ ਫੇਰ ਉਨ੍ਹਾਂ ਤੋਂ, ਕਿ ਜਿਨ੍ਹਾਂ ਤੇ ਨੇਕੀ ਹੋਈ ਹੈ, ਨੇਕੀ ਕਰਨ ਵਾਲਿਆਂ ਨਾਲ ਬਦੀਆਂ ਕਰਵਾ ਦੇਂਦਾ ਹੈ। ਐਉਂ ਕਈ ਤਰ੍ਹਾਂ ਨਾਲ ਜਗਤ ਵਿਚ ਨੇਕੀ ਦੇ ਬਦਲੇ ਬਦੀ ਹੋ ਰਹੀ ਦਿੱਸ ਪੈਂਦੀ ਹੈ।

ਡਾਕਟਰ— ਇਹ ਸੁਭਾਵ ਪਸ਼ੂ ਦਾ ਹੈ ਨਾਂ।

ਬਾਬਾ— ...ਹ..., ਹ..., ...ਹ। ਇਹ ਸੁਭਾਵ ਸਿਖਜਾ ਵਿਹੂਣੇ ਤੇ ਉੱਚੀ ਸਮਝ ਤੋਂ ਵਿਹੂਣੇ ਮਨੁੱਖਾਂ ਦਾ ਹੈ। ਜਿਨ੍ਹਾਂ ਨੇ ਸ਼ੁਕਰ ਕਰਨ ਦੀ ਜਾਚ ਨਹੀਂ ਸਿੱਖੀ ਤੇ ਕੀਤਾ ਜਾਣਨਾ ਜਿਨ੍ਹਾਂ ਨੇ ਨਹੀਂ ਪੜ੍ਹਿਆ। ਆਪਣੇ ਨਾਲ ਹੋਈ ਨੇਕੀ ਦਾ 'ਸ਼ੁਕਰ' ਇਕ ਕਰਜ਼ਾ ਹੈ ਜਿਸਦੀ ਹਦ ਦਾ ਪਤਾ ਨਹੀਂ, ਪਰ ਜੋ ਸੁਹਣੇ ਦਿਲ ਆਪੋ ਆਪਣੀ ਸੁਹਲੱਪ ਦੇ ਮੁਜਬ ਅਦਾ ਕਰਦੇ ਹਨ। ਸਾਡੇ ਨਾਲ ਜੇ ਕੋਈ ਨੇਕੀ ਕਰੇ ਤਾਂ ਅੰਦਰੋਂ ਬਾਹਰੋਂ ਸ਼ੁਕਰ ਕਰਨਾ ਚਾਹੀਏ। ਜੇ ਅਸੀਂ ਸੇਰ ਸੁਖ ਮੰਗੀਏ ਤੇ ਕੋਈ ਸਾਨੂੰ ਛਟਾਂਕ ਦੇ ਸਕੇ ਤਾਂ ਛਟਾਂਕ ਦਾ ਸ਼ੁਕਰ ਪੁੱਜਕੇ ਕਰੀਏ, ਪਰ ੧੫ ਛਟਾਂਕਾਂ ਜੋ ਨਹੀਂ ਮਿਲੀਆਂ ਉਸਦਾ ਨਾਸ਼ੁਕਰੀਆ ਕਦੇ ਨਾ ਕਰੀਏ। ਜੇ ਕੋਈ ਇਕ ਨੇਕੀ ਕਰਾਕੇ ਫੇਰ ਨਾ ਕਰੇ ਤਾਂ ਇਕ ਨੂੰ ਨਾ ਭੁੱਲੀਏ ਤੇ ਹੋਰ ਨਾ ਹੋ ਸਕੀ ਤੋਂ ਗੁੱਸੇ ਨਾ ਹੋਈਏ। ਇਸ ਪ੍ਰਕਾਰ ਦੀ ਸਿੱਖਿਆ ਸਿੱਖਣੀ ਚਾਹੀਏ, ਚਾਹੇ ਵਿਦਜਾ ਪਾ ਕੇ, ਚਾਹੇ ਕਰਨੀ ਵਾਲੇ ਭਲੇ ਪੁਰਖਾਂ ਦੀ ਸੁਹਬਤ ਤੋਂ, ਚਾਹੇ ਮਾਤਾ ਪਿਤਾ ਬਚਪਨ ਤੋਂ ਇਹੋ ਜਿਹੀ ਸਿਖਜਾ ਸਿਖਾ ਦੇਣ। ਬਿਨਾਂ ਸਿਖਜਾ ਦੇ ਕੁਦਰਤੀ ਸੁਭਾਵ ਸ਼ੁਕਰ ਵਾਲਾ, ਕੀਤਾ ਜਾਣਨ ਵਾਲਾ ਹੋਣਾਂ, ਇਹ ਕੋਈ ਦਾਤ ਹੈ ਤੇ ਵਿਰਲਿਆਂ ਵਿਚ ਲਭਦੀ ਹੈ।

ਡਾਕਟਰ— ਤੁਸਾਂ ਜ਼ਿੰਦਗੀ ਦੇ ਬੜੇ ਸੁਹਣੇ ਗੁਰ ਇਸ ਪੱਖ ਦੇ ਸੁਣਾਏ ਹਨ, ਇਹ ਹਡ ਬੀਤੀਆਂ ਤੇ ਅਮਲੀ ਵਰਤਾਰਿਆਂ ਤੋਂ ਲੱਭੇ ਹੋਏ ਗੁਰ ਹਨ। ਪਰ ਗਲ ਤਾਂ ਉਹੋ ਹੈ ਨਾ ਕਿ ਨਾ ਸਿੱਖੇ ਮਨ ਵਾਲੇ ਕਿ ਪਸ਼ੂ ਮਨ ਵਾਲੇ ਹੀ ਨੇਕੀ ਦੇ ਬਦਲੇ ਬਦੀ ਕਰਦੇ ਹਨ।

ਬਾਬਾ— ਪਸ਼ੂ ਸ਼ਰੀਰ ਵਿਚ 'ਪਸ਼ੂ ਬ੍ਰਿਤੀ' ਮਨੁੱਖ ਬ੍ਰਿਤੀ ਬਣ ਸਕਦੀ ਹੈ?

ਡਾਕਟਰ— ਨਹੀਂ।

ਬਾਬਾ— ਪਰ ਮਨੁੱਖ ਢਾਂਚੇ ਵਿਚ ਤਾਂ 'ਪਸ਼ੂ ਬ੍ਰਿਤੀ' 'ਮਨੁੱਖ ਬ੍ਰਿਤੀ' ਬਣ ਸਕਦੀ ਹੈ।

ਡਾਕਟਰ— ਹਾਂ ਬਣ ਸਕਦੀ ਹੈ, ਪਰ ਤੁਸੀਂ ਬਾਹਰ ਦੇ ਦਾਨੇ ਛਡੋ, ਭਾਈ ਗੁਰਦਾਸ ਜੀ ਨੂੰ ਹੀ ਪੜ੍ਹੋ, ਓਹ ਦੱਸਦੇ ਹਨ ਕਿ ਨਹੀਂ 'ਮਨਮੁਖ ਅਸਾਧ ਸ਼ੈ ਹੈਂ'।

ਬਾਬਾ— ਠੀਕ ਹੈ, ਪਰ ਮੈਂ ਤਾਂ ਇਹ ਪੁੱਛਦਾ ਹਾਂ ਕਿ ਮਨੁੱਖ ਸਰੀਰ ਵਿਚ ਆਏ ਪਸ਼ੂ ਬ੍ਰਿਤੀ ਵਾਲੇ ਸੁਧਰ ਸਕਦੇ ਹਨ ਕਿ ਨਹੀਂ?

ਡਾਕਟਰ— ਹਾਂ, ਸੁਧਾਰ ਸੰਭਵ ਤਾਂ ਹੈ, ਪਰ ਹੁੰਦਾ ਨਹੀਂ।

ਬਾਬਾ— ਅਸੀਂ, ਮੈਂ, ਤੁਸੀਂ, ਸਾਰੇ ਪਸ਼ੂ ਬ੍ਰਿਤੀ ਵਾਲੇ ਸਾਂ, ਸਤਿਸੰਗ ਦੀ ਤੁਫ਼ੈਲ ਅਸੀਂ ਮਨੁੱਖ ਬ੍ਰਿਤੀ ਵਾਲੇ ਹੋ ਗਏ।

ਡਾਕਟਰ— ਠੀਕ!

ਬਾਬਾ— ਏਸੇ ਤਰ੍ਹਾਂ ਹੋਰ ਭੀ ਸੁਧਰ ਸਕਦੇ ਹਨ?

ਡਾਕਟਰ— ਹਾਂ ਜੀ!

ਬਾਬਾ— ਫੇਰ ਸਾਨੂੰ ਨਿਰਾਸ ਨਹੀਂ ਹੋਣਾ ਚਾਹੀਦਾ।

ਡਾਕਟਰ— ਪਰ ਅਸਾਧ ਰੋਗਾਂ ਦਾ ਕੀ ਦਾਰੂ?

ਬਾਬਾ— ਕੁਛ ਨਹੀਂ, ਇਲਾਜ ਕੀਤਾ, ਅੱਗੋਂ ਰੋਗੀ ਦੇ ਭਾਗ!

ਡਾਕਟਰ— ਤੁਹਾਡਾ ਕੀ ਮਤਲਬ ਹੈ?... ਖਿਮਾ ਕਰਨੀ। ਮੈਂ ਅਜੇ ਤੋੜੀ ਗੁੱਸੇ ਵਿਚ ਹਾਂ।

ਬਾਬਾ— ਤੁਸੀਂ ਠੀਕ ਹੋ। ਡਾਕਟਰ ਜੀ! ਜੋ ਜੋ ਪ੍ਰੀਖਿਆ ਤੇ ਪਰਤਾਵੇ ਇਸ ਜਗਤ ਵਿਚ ਵਾਪਰਦੇ ਹਨ ਉਹਨਾਂ ਤੋਂ ਦਿਲ ਉਦਾਸ ਹੋ ਹੋ ਕੇ ਗਮਰੁੱਠ ਹੋ ਜਾਂਦਾ ਹੈ। ਅੰਦਰ 'ਉੱਚ ਭਾਵ' ਉੱਠਣੇ ਬੰਦ ਹੋ ਜਾਂਦੇ ਹਨ ਤੇ ਮਨ ਕਠੋਰ ਹੋ ਕੇ ਜਗਤ ਤੋਂ ਮੂੰਹ ਮੋੜ ਕੇ ਵੱਖਰਾ ਰਹਿਣਾ ਪਸੰਦ ਕਰਦਾ ਹੈ। ਅਨੇਕਾਂ 'ਉਪਕਾਰੀ' ਇਸ ਤਰ੍ਹਾਂ ਦੇ ਕੌੜੇ ਕੌੜੇ ਵਰਤਾਉ ਝੱਲ ਝੱਲ ਕੇ ਅੰਤ ਨੂੰ 'ਅਪਕਾਰੀ' ਹੋ ਗਏ, ਪਰ ਸਾਡੇ ਲਈ ਸੋਚਣ ਦੀ ਗਲ ਇਹ ਹੈ ਕਿ ਇਹ ਵਰਤਾਰੇ, ਜੋ ਵਾਪਰਕੇ ਮਨ ਨੂੰ ਅੰਦਰਲੇ ਉੱਚ ਭਾਵਾਂ ਤੇ ਸੁਹਣੇ ਵਲਵਲਿਆਂ ਨੂੰ ਬੰਦ ਕਰਦੇ ਹਨ, ਇਹ ਸਾਡਾ ਹੀ ਨੁਕਸਾਨ ਹੈ, ਸਾਡੇ ਹੀ ਅੰਦਰਲੇ ਨੂੰ ਘਾਟਾ ਪੈਂਦਾ ਹੈ। ਜੇ ਅਸੀਂ ਐਸੇ ਦਾਨੀ ਹੋ ਜਾਈਏ ਕਿ ਕਿਸੇ ਦਾ ਧੋਖਾ ਨਾ ਖਾਈਏ ਤੇ ਕਦੇ ਕਿਸੇ ਥਾਂ ਨਾਂ ਪਸੀਜੀਏ ਤਾਂ ਅਸੀਂ ਕੋਰੜੂ ਮੋਠ ਹੋ ਗਏ। ਫੇਰ ਬਦੀਆਂ ਤਾਂ ਲੋਕਾਂ ਕੀਤੀਆਂ ਤੇ ਮਨ ਸਾਡਾ ਦ੍ਰਵਣੋਂ ਤੇ ਉਚਾ ਹੋਣੋਂ ਰਹਿ ਗਿਆ ਹੈ! ਇਸ ਲਈ ਮੈਂ ਆਖਦਾ ਹਾਂ, ਜੋ ਹੋਵੇ, ਸੋ ਹੋਵੇ; ਅਸੀਂ ਨੇਕੀ ਕਰੀਏ, ਦੇਖੀਏ, ਸਮਝੀਏ ਪਰ ਸਾਡੇ ਅੰਦਰਲੇ ਦੀ ਉਚਿਆਈ, ਵਡਿਆਈ,


www.sikhbookclub.com

ਬਜ਼ੁਰਗੀ, ਮੌਲਣਾ, ਖਿੜਨਾ, ਉਚੇ ਵਲਵਲਿਆਂ ਵਿਚ ਜਾਣਾ ਬੰਦ ਨਾ ਹੋਵੇ।

ਡਾਕਟਰ— ਸਭ ਕੁਛ ਠੀਕ ਹੈ, ਪਰ-

ਸਪੈ ਦੁਧੁ ਪਿਆਲੀਐ
ਵਿਹੁ ਮੁਖਹੁ ਸਟੈ।

ਬਾਬਾ— ਠੀਕ ਹੈ! ਮੈਂ ਜਗਤ ਵਿਚ ਨੇਕੀਆਂ ਦੇ ਬਦਲੇ ਬੜੇ ਦੁੱਖ ਝੱਲੇ ਹਨ, ਪਰ ਮੈਂ ਨੇਕੀ ਕਿਸੇ ਪ੍ਰਯੋਜਨ ਲਈ ਨਹੀਂ ਕਰਦਾ, ਨਾ ਨੇਕੀ ਨੂੰ ਮੈਂ ਸਭ ਤੋਂ ਉੱਚੀ ਗੱਲ ਸਮਝਦਾ ਹਾਂ। ਸਭ ਤੋਂ ਉੱਚੀ ਗੱਲ ਤਾਂ 'ਨਾਮ' ਹੈ ਤੇ ਨਾਮ ਦੇ ਆਇਆਂ ਨੇਕੀ ਬੰਦੇ ਤੋਂ ਸਹਿ ਸੁਭਾ ਹੁੰਦੀ ਹੈ। ਅਰਥਾਤ ਨਾਮੀ ਪੁਰਖ ਦਾ ਸੁਭਾਵ ਹੀ ਨੇਕੀ ਦਾ ਹੋ ਜਾਂਦਾ ਹੈ। ਨਾਮ ਐਸੀ ਸ਼ੈ ਹੈ ਕਿ ਇਹ ਬਦੀ ਨਹੀਂ ਕਰਨ ਦੇਂਦਾ, ਫੇਰ ਸੁਭਾ ਹੀ ਨੇਕੀ ਹੋ ਜਾਂਦਾ ਹੈ, ਸੋ ਆਪਣਾ ਸੁਭਾ ਕਰੀ ਜਾਈਦਾ ਹੈ। ਨੇਕੀ ਉਤੇ ਕੋਈ ਧੁਰ ਟੇਕ ਰੱਖਕੇ ਇਸ ਨੂੰ ਕਿਸੇ ਪ੍ਰੀਸ਼ਰਮ ਨਾਲ ਅਕੇਵੇਂ ਦੇ ਘਰ ਵਿਚ ਵੱਸਕੇ ਨਹੀਂ ਕਰੀਦਾ। ਨੇਕੀ ਨਿਸ਼ਕਾਮ ਕਰੀਦੀ ਹੈ।

ਡਾਕਟਰ— ਬੇਅਦਬੀ ਮਾਫ ਕਰਨੀ, ਤੁਸੀਂ ਮੈਨੂੰ ਗੁਰੂ ਸਾਹਿਬਾਂ ਦੀ ਸਿੱਖਯਾ ਦੇ ਨਚੋੜ ਦੱਸ ਰਹੇ ਹੋ, ਗੁਰਮਤ ਸਿਖਾਲ ਰਹੇ ਹੋ। ...ਪਰ ਬੇਅਦਬੀ ਮਾਫ ਕਰਨੀ ਜੇ ਮੈਂ ਆਪਣੇ ਰੋਹ ਵਿਚ ਬੇਅਦਬੀ ਨਾਲ ਕੁਛ ਪੁੱਛ ਬੈਠਾਂ ਤਾਂ, ਤੁਸਾਂ ਹੀ ਤੋਂ ਸਿੱਖਯਾ ਹੈ ਨਾ। ਜੇ ਮੈਨੂੰ ਮੁਰਦੇ ਜਿਵਾ ਦੇਣ ਦੀ ਸ਼ਕਤੀ ਮਿਲ ਜਾਵੇ ਤੇ ਮੈਂ ਇਕ ਮੋਏ ਪਏ ਸ਼ੇਰ ਨੂੰ ਜਿਵਾ ਦਿਆਂ ਤਾਂ ਉਹ ਨਵਾਂ ਨਰੋਆ ਹੋ ਕੇ ਜਿਸ ਵੇਲੇ ਉੱਠੇਗਾ ਕੀਹ ਉਹ ਆਪਣੀ ਭੁੱਖ ਮਿਟਾਉਣ ਲਈ ਮੈਨੂੰ ਆਪਣਾ ਹੀ ਭੋਜਨ ਨਾ ਬਣਾਏਗਾ? ...ਯਾ ਮੈਂ ਐਉਂ ਬੇਨਤੀ ਕਰਾਂ ਕਿ ਜੇ ਸੱਪਾਂ ਵਿਚ ਮਰੀ ਪਵੇ ਤਾਂ ਡਾਕਟਰ ਇਲਾਜ ਵਾਸਤੇ ਘੱਲਣੇ ਆਦਮੀ ਦੀ ਵੰਸ਼ ਕੁਹਾਉਣ ਵਾਸਤੇ ਜ਼ਹਿਰ ਘੱਲਣ ਤੁੱਲ ਹੈ ਕਿ ਨਹੀਂ?

ਬਾਬਾ— ਤੁਸੀਂ ਠੀਕ ਆਖਦੇ ਹੋ ਪਰ ਮੈਂ ਹੋਰ ਗੱਲ ਆਖਦਾ ਹਾਂ। ਸੱਪਾਂ ਨੂੰ ਪਾਲਣਾਂ ਤਾਂ ਜ਼ਹਿਰ ਵਧਾਉਣੀ ਹੈ ਪਰ ਸੱਪਾਂ ਦੇ ਦੰਦਾਂ ਦੇ ਪਿੱਛੇ ਵਿਹੁ ਦੀਆਂ ਥੈਲੀਆਂ ਵਿਚ ਅੰਮ੍ਰਿਤ ਭਰ ਦੇਣਾ ਕੀ ਸੱਪਾਂ ਨਾਲ ਇਹ ਨੇਕੀ ਕਰਨੀ ਭੀ ਬਦੀ ਹੈ?

ਹੁਣ ਡਾਕਟਰ ਸਾਹਿਬ ਸੋਚੀਂ ਪੈ ਗਏ।

ਡਾਕਟਰ— ਹੂੰ, ਪਰ ਇਹ ਅਸੰਭਵ ਦੇ ਨੇੜੇ ਤੇੜੇ ਦਾ ਕੰਮ ਹੈ।

ਬਾਬਾ— ਇਹ ਸੱਚ ਹੈ, ਪਰ ਹੈ ਤਾਂ ਸੰਭਵ?

ਡਾਕਟਰ— ਹਾਂ, ਹੈ ਤਾਂ ਸਹੀ।

ਬਾਬਾ— ਮੈਂ ਆਪਣੀ ਜਾਣਦਾ ਹਾਂ, ਜੇ ਕਿਸੇ ਵਾਹਿਗੁਰੂ ਦੇ ਪਿਆਰੇ, ਨਾਮ ਦੇ ਪਿਆਰੇ ਗੁਰ ਸਿੱਖ ਨੂੰ ਮੇਰੇ ਤੇ ਤਰਸ ਨਾ ਆਉਂਦਾ ਤੇ ਮੈਨੂੰ ਉਹ ਨਾ ਸੁਆਰਦਾ ਤਾਂ ਮੈਂ 'ਦੁਖਦਾਈ ਜੰਤ' ਹੀ ਜਗਤ ਵਿਚ ਰਹਿ ਜਾਂਦਾ। ਜੇ ਓਹ ਆਪਣੀ ਨੇਕੀ ਨਾਲ ਮੇਰੀ ਬਦੀ ਨੂੰ ਨੇਕੀ ਨਾ ਬਣਾਉਂਦਾ ਤਾਂ ਮੈਂ ਕਦ ਬਦਲਦਾ? ਸੋ ਜਿਵੇਂ ਕਿਸੇ ਗੁਰਸਿੱਖ ਨੇ ਮੈਨੂੰ ਸਤਿਗੁਰ ਦੇ ਘਰ ਜਨਮ ਦੇ ਕੇ ਮੇਰਾ ਬਦੀ ਵਿਚ ਗਵਨ ਮਿਟਾਇਆ[1] ਤਿਵੇਂ ਮੇਰੀ ਗੁਰਸਿੱਖੀ ਮੈਨੂੰ ਆਖਦੀ ਹੈ; ਗੁਰ ਵਾਕ ਪੜ੍ਹ:-

'ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥'

ਮੇਰਾ ਯਤਨ ਹੈ ਕਿ ਹੋਰਨਾਂ ਨੂੰ ਨਾਮ ਜਪਾਵਾਂ, ਜਪਾਂ ਤੇ ਜਪਾਵਾਂ। ਸੋ ਇਹ ਨੇਕੀ ਜੇ ਹੋ ਜਾਵੇ ਤਾਂ ਸੱਪ ਦਾ ਸੁਭਾਉ ਬਦਲ ਦੇਂਦੀ ਹੈ, ਬਘਿਆੜ ਦੀ ਬਦੀ ਉਲਟਾ ਦੇਂਦੀ ਹੈ। ਸਤਿਗੁਰੂ ਨੇ ਇਸੇ ਕਰਕੇ ਹੋਰ ਸਭ ਨੇਕੀਆਂ ਨੂੰ ਊਣੇ ਦੱਸਿਆ ਹੈ, ਇਹ ਨੇਕੀ ਪੂਰਣ ਨੇਕੀ ਦੱਸੀ ਹੈ। ਨਾਮ ਨਾਲ ਮਨੁਖ ਦਾ ਅੰਦਰ ਬਦਲਦਾ ਹੈ। ਫਿਰ ਉਸ ਤੋਂ ਜੋ ਹੁੰਦਾ ਹੈ, ਸੋ ਨੇਕੀ ਹੁੰਦਾ ਹੈ।[2] ਵਾਹਿਗੁਰੂ ਮੈਥੋਂ ਕਦੇ ਕਿਸੇ ਦੀ ਸੇਵਾ ਕਰਾਉਂਦਾ ਹੈ ਤਾਂ ਮੇਰਾ ਪ੍ਰਯੋਜਨ ਇਹ ਹੁੰਦਾ ਹੈ ਕਿ ਕਿਵੇਂ ਇਸ ਨੂੰ ਮੈਂ 'ਨਾਮ' ਦਾ ਮਹਾਤਮ ਦਿਖਾ ਸਕਾਂ ਤੇ ਇਸ ਨੂੰ ਨਾਮ ਪਿਆਰਾ ਲੱਗੇ ਤੇ ਇਹ ਇਸ ਉੱਤਮ ਜੀਵਨ ਵਿਚ ਆ ਜਾਵੇ-ਇਹ ਉੱਚ ਜੀਵਨ ਵਾਲਾ ਹੋ ਜਾਵੇ। ਹਾਂ ਸੁਰਤ ਉੱਚੀ ਰਹੇ ਸੂ, ਤੇ ਮਨ ਵਿਚ ਨੇਕੀ ਆ ਜਾਵੇ ਸੁ ਤੇ ਹੱਥਾਂ ਤੋਂ ਭਲਾ ਕਰੇ। ਮੂਲ ਕੀ ਇਸ ਦਾ ਜਨਮ ਪਲਟ ਜਾਵੇ ਤੇ ਇਹ ਦੇਉਤਾ ਬਿਰਤੀ ਵਾਲਾ ਹੋ ਜਾਵੇ।

ਡਾਕਟਰ— (ਝਿਜਕ ਕੇ) ਠੀਕ ਹੈ, ਬਾਬਾ ਜੀ!

---

੧ ਸਤਿਗੁਰ ਕੈ ਜਨਮੇ ਗਵਨੁ ਮਿਟਾਇਆ॥

੨ ਪ੍ਰਭ ਕੈ ਸਿਮਰਨਿ ਹੋਇ ਸੁ ਭਲਾ॥

SIKHBOOKCLUB.COM

ਪਰ ਕੀ ਤੁਸੀਂ ਆਸ ਕਰਦੇ ਹੋ ਕਿ ਇਹ ਨਾਸਤਕ ਕਦੇ ਨਾਮ ਜਪੇਗਾ?

ਬਾਬਾ— ਆਸ ਘੱਟ ਹੈ, ਸ਼ਾਇਦ ਨਾ ਉਮੈਦੀ ਹੈ, ਪਰ ਮੈਨੂੰ ਅਵਸਰ ਮਿਲਿਆ ਹੈ, ਮੈਂ ਯਤਨ ਕਰਨਾ ਹੈ। ਭਗਵੰਤ ਦੇ ਘਰ ਦਾ ਕੀ ਪਤਾ ਹੈ ਕਿ ਇਸ ਨੇ ਮੇਰੇ ਤੇਰੇ ਨਾਲੋਂ ਵਧੀਕ ਸਾਈਂ ਦਾ ਪਿਆਰਾ ਬਣ ਜਾਣਾ ਹੈ? ਕੀ ਜਾਣੀਏਂ ਸਾਈਂ ਘੇਰ ਘਾਰ ਕੇ ਇਸ ਨੂੰ ਏਥੇ ਏਸੇ ਲਈ ਲੈ ਆਇਆ ਹੈ ਕਿ ਇਹ ਆਪਣੇ ਆਪੇ ਨਾਲ ਆਪ ਦੁਸ਼ਮਨੀ ਕਰਨੀ ਛੋੜ ਦੇਵੇ ਤੇ ਭਲੇ ਰਸਤੇ ਲੱਗ ਜਾਵੇ।

ਡਾਕਟਰ— ਤਾਂ ਕੀ ਤੁਸੀਂ ਇਸ ਨੂੰ ਵਾਹਿਗੁਰੂ ਵੱਲ ਲਾਉਣ ਦਾ ਯਤਨ ਕਰੋਗੇ?

ਬਾਬਾ— ਵਾਹਿਗੁਰੂ ਦੀ ਮਿਹਰ ਨਾਲ?

ਡਾਕਟਰ— ਜੇ ਇਹ ਨਾ ਲੱਗਾ ਤਾਂ ਤੁਸਾਂ ਇਕ ਪਾਪੀ ਨੂੰ ਮੌਤ ਤੋਂ ਛੁਡਾ ਕੇ ਬਦੀ ਕਰਨ ਲਈ ਜਾਨ ਪਾ ਦਿੱਤੀ।

ਬਾਬਾ— ਨਹੀਂ, ਜਾਨ ਪਾਉਣ ਕੱਢਣ ਵਾਲਾ ਰੱਬ ਹੈ, ਮੈਨੂੰ ਇਕ ਬੰਦਾ ਦੁੱਖ ਵਿਚ ਦਿੱਸਿਆ, ਮੈਂ ਉਸ ਦਾ ਦੁੱਖ ਹਰਨ ਦਾ ਉਪਰਾਲਾ ਕੀਤਾ, ਚਾਹੇ ਕੋਈ ਸੀ। ਵਾਹਿਗੁਰੂ ਜੀ ਭੀ ਖ਼ੂਨੀਆਂ, ਡਾਕੂਆਂ, ਚੋਰਾਂ ਸਭ ਨੂੰ ਰੋਟੀ ਦੇਂਦੇ ਹਨ, ਕਿਸੇ ਦਾ ਆਹਾਰ ਬੰਦ ਨਹੀਂ ਕਰਦੇ। ਮੈਨੂੰ ਵਾਹਿਗੁਰੂ ਨੇ ਹਮਦਰਦ ਮਾਨੁੱਖ ਬਣਾਇਆ ਹੈ, ਮੈਂ ਹਮਦਰਦੀ ਕਰਨੀ ਹੈ। ਨਿਆਂ ਕਰਨਾ ਉਸ ਦੇ ਆਪਣੇ ਹੱਥ ਹੈ। ਫਿਰ ਡਾਕਦਾਰਾ! ਬਦੀ ਆਪਣੀ ਆਪ ਸਜ਼ਾ ਹੈ, ਬਦੀ ਕਰਨ ਵਾਲੇ ਨੂੰ ਆਪਣਾ ਮਨ ਵੱਢ ਵੱਢ ਖਾਂਦਾ ਹੈ, ਬਦੀ ਕਰਨ ਵਾਲਾ ਕਦੇ ਅੰਦਰੋਂ ਠੰਢਾ ਨਹੀਂ, ਬਦੀ ਉਲਟ ਫੇਰ ਖਾ ਕੇ ਬਦੀ ਕਰਨ ਵਾਲੇ ਦੇ ਸਿਰ ਪੈਂਦੀ ਹੈ। ਜਦੋਂ ਬਦਾਂ ਨੂੰ ਦੁੱਖ ਪੈਂਦਾ ਹੈ, ਹਾਂ ਜਦੋਂ ਬਦ ਆਪਣੀ ਬਦੀ ਦੇ ਜਾਲ ਵਿਚ ਫਸਦੇ ਤੇ ਸੜਦੇ ਹਨ ਉਹੋ ਸਮਾਂ ਉਨ੍ਹਾਂ ਦੇ ਸੁਧਾਰ ਦਾ ਹੁੰਦਾ ਹੈ। ਉਹੋ ਵੇਲਾ ਹੁੰਦਾ ਹੈ ਜਦੋਂ ਉਨ੍ਹਾਂ ਦਾ ਅਮੋੜ ਮਨ ਸਿੱਖਿਆ ਸੁਣ ਸਕਦਾ ਹੈ, ਉਸ ਵੇਲੇ ਨੂੰ ਵਰਤ ਲੈਣਾ ਚਾਹੀਏ। ਇਸ ਕਰਕੇ ਡਾਕਟਰ ਜੀ ਮੇਰਾ ਜੀ ਹੁਣ ਇਹ ਚਾਹੁੰਦਾ ਹੈ ਕਿ ਆਪਣੇ ਘਰ ਆਏ ਦੁਖੀਏ ਦੇ ਵੈਰ ਵਾਲੇ ਸੁਭਾਵ ਨੂੰ ਪਿਆਰ ਨਾਲ ਜਿੱਤਾਂ, ਇਸ ਦੇ ਵਿਤਕਰੇ ਨੂੰ ਮੁਹੱਬਤ ਨਾਲ ਫਤਹ ਕਰਾਂ, ਇਸ ਦੀ ਨਮੁਕਰਤਾਈ ਨੂੰ ਵਾਹਿਗੁਰੂ-ਪ੍ਰੇਮ ਨਾਲ ਜੈ ਕਰਾਂ। ਡੰਡ ਦੇਣਾ ਮੇਰਾ ਕਰਮ ਨਹੀਂ, ਕਰਮ ਤੋਲਣੇ ਮੇਰਾ ਧਰਮ ਨਹੀਂ, ਮੇਰਾ ਧਰਮ ਹੈ ਗੁਰਸਿਖੀ, ਤੇ ਗੁਰਸਿੱਖੀ ਹੈ:-

'ਜੋ ਆਪਿ ਜਪੈ ਅਵਰਹ ਨਾਮੁ ਜਪਾਵੈ।'

ਹਾਂ ਜੀ, ਦਾਤਾ ਸਤਿਗੁਰ ਆਖਦਾ ਹੈ:-

'ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥

ਮੈਂ ਇਸ ਯੋਗ ਨਹੀਂ, ਮੈਂ ਨੀਵਾਂ ਹਾਂ, ਆਪ ਭੁੱਲਣਹਾਰ ਹਾਂ, ਆਪ ਅਪੂਰਨ ਤੇ ਅਧੂਰਾ ਹਾਂ, ਪਰ ਸੰਗਤ ਨੇ ਮੈਨੂੰ 'ਸਿੱਖ' ਆਖਿਆ ਹੈ, 'ਗੁਰੂ ਦਾ ਸਿੱਖ' ਆਖਿਆ ਹੈ, ਅੰਮ੍ਰਿਤ ਛਕਾ ਕੇ ਕਿਹਾ ਹੈ 'ਤੂੰ ਗੁਰੂ ਦਾ ਸਿੱਖ ਹੈਂ' ਹੁਣ ਜਪਣਾ ਤੇ ਜਪਾਉਣਾ ਗੁਰਸਿੱਖੀ ਦਾ ਫਰਜ਼ ਹੈ, ਹੁਣ ਦੱਸੋ ਮੈਂ ਕੀ ਕਰਾਂ?

ਡਾਕਟਰ— ਬਲਿਹਾਰ, ਪਰ ਬਾਬਾ ਜੀ! ਇਹ ਕੰਮ ਸੌਖਾ ਨਹੀਂ ਹੈ।

ਬਾਬਾ— ਖਰਾ ਕਠਨ, ਜਦ ਦੇ ਇਹ ਆਏ ਹਨ ਸਾਡੇ ਸਾਰੇ ਘਰ ਵਿਚ ਇਨ੍ਹਾਂ ਦਾ ਪ੍ਰਭਾਵ ਪੈਂਦਾ ਹੈ। ਜਦ ਇਹ ਜ਼ਖਮੀ ਬੜਾਉਂਦੇ ਹਨ ਤਾਂ ਭੈੜੇ ਵਾਕ ਬੋਲਦੇ ਹਨ, ਪਰ ਹੁਣ ਆ ਜੋ ਮਿਲੇ! ਸਾਈਂ ਨੇ ਮੇਲ ਕਰਾਏ, ਸੰਜੋਗੀ ਮੇਲੇ ਹਨ। ਡਾਕਦਾਰਾ! ਓਦਰ ਨਾ, ਯਾਰਾ! ਤਕੜਾ ਹੋ। ਅਸੀਂ ਸਤਿਗੁਰ ਦੇ ਸਿੱਖ ਹਾਂ, ਅਸਾਂ ਜਗਤ ਵਿਚ ਵਾਹਿਗੁਰੂ ਦਾ ਰਾਜ ਸਥਾਪਨ ਕਰਨਾ ਹੈ, ਅਸਾਂ ਚੜ੍ਹਦੀਆਂ ਕਲਾਂ ਦਾ ਸੂਰਜ ਚਾੜ੍ਹਨਾ ਹੈ, ਅਸਾਂ ਪ੍ਰੇਮ ਦਾ ਰੰਗ ਜਮਾਉਣਾ ਹੈ, ਜਪਣਾ ਤੇ ਜਪਾਉਣਾ ਹੈ, ਅਸਾਂ ਉੱਚ ਜੀਵਨ ਦਾਨ ਕਰਨਾ ਹੈ; ਸ਼ੇਰ ਹੋ ਜਾ, ਗੁੱਸੇ ਗਿਲੇ ਛੱਡ ਕੇ ਹਿੰਮਤ ਕਰ। ਜੇ ਇਹ ਸ਼ਰਨ ਆ ਜਾਣ ਤਾਂ ਦੋ ਬੰਦੇ ਰੱਬ ਦੇ ਮੰਡਲ ਦੇ ਹੋਰ ਜਗਤ ਵਿਚ ਹੋ ਜਾਣਗੇ, ਸੁਖ ਪਾਉਣਗੇ, ਸੁਖ ਦੇਣਗੇ।

ਡਾਕਟਰ— ਮੈਂ ਕੀ ਕਰਾਂ? ਮੇਰਾ ਗੁੱਸਾ ਮੁੜ ਮੁੜ ਉਛਲਦਾ ਹੈ, ਮੈਨੂੰ ਆਪਣੇ ਤੇ ਗੁੱਸਾ ਹੈ ਕਿ ਮੈਂ ਆਪ ਦੀ ਤੇ ਰੱਬ ਦੀ ਬੇਅਦਬੀ ਸੁਣੀ ਤੇ ਠੁਕਸ ਨਾ ਕੀਤੀ।

ਬਾਬਾ— ਤੁਸਾਂ ਬੜਾ ਚੰਗਾ ਕੀਤਾ ਜੋ ਉਸ ਵੇਲੇ ਸਹਾਰਾ ਕੀਤਾ। ਸਹਾਰਾ ਰੱਬੀ ਖਸਲਤ ਹੈ। ਹੁਣ ਅਸੀਂ ਯਤਨ ਕਰਾਂਗੇ ਕਿ ਇਹਨਾਂ ਦੇ ਦਿਲ

SIKHBOOKCLUB.COM

ਵਿਚ ਪ੍ਰੇਮ ਦਾ ਵਾਸ ਹੋਵੇ ਤੇ ਮਾਇਆ ਦੀ ਕਾਈ ਕੱਟੀ ਜਾਵੇ, ਇਹ ਲੋਕਾਂ ਨੂੰ ਮੋਟਰਕਾਰਾਂ ਹੇਠ ਦਲਣ ਦੀ ਥਾਂ ਕੁਛੜ ਚਾ ਕੇ ਪਿਆਰ ਕਰਨਾ ਸਿੱਖ ਜਾਣ।

ਡਾਕਟਰ— ਸੱਤਿ ਬਚਨ! ਜਿਵੇਂ ਆਖਸੋ ਕਰਸਾਂ, ਪਰ ਆਪ ਦਾ ਧੰਨ ਜਿਗਰਾ ਹੈ, ਮੈਂ ਤਾਂ ਬਦਾਂ ਦੇ ਹੱਥੋਂ ਤੇ ਖਾਸ ਕਰ ਨੇਕੀ ਦੇ ਬਦਲ ਬਦੀ ਕਰਨ ਵਾਲਿਆਂ ਦੇ ਹੱਥੋਂ ਤੰਗ ਹਾਂ।

ਬਾਬਾ— ਇਹ ਠੀਕ ਹੈ! ਪਰ ਮਾੜਿਆਂ ਨੂੰ ਸਿੱਖਿਆ ਨਹੀਂ ਮਿਲੀ, ਇਸ ਲਈ ਉਹਨਾਂ ਦਾ ਵਰਤਾਉ ਠੀਕ ਨਹੀਂ। ਇਕ ਆਦਮੀ ਸਵੇਰੇ ਉੱਠ ਕੇ ਛੱਪੜ ਵਿਚ ਜਾ ਕੇ ਛਾਬੇ ਜਾਲੀ ਪਾਕੇ ਪੰਜ ਸੌ ਨਿੱਕੀਆਂ ਨਿੱਕੀਆਂ ਟਿੱਚਰਾਂ ਫੜਦਾ ਹੈ, ਪੰਜ ਸੌ ਜਾਨ ਉਸ ਦੇ ਸਾਹਮਣੇ ਤੜਫ ਕੇ ਮਰਦੀ ਹੈ ਤੇ ਸ਼ਹਿਰ ਲਿਆ ਕੇ ਓਹ ਵੇਚਦਾ ਤੇ ਚੁਆਨੀ ਖੱਟਦਾ ਹੈ। ਦੂਜਾ ਆਦਮੀ ਚਾਰ ਆਨੇ ਦੇ ਛੋਲੇ ਉਬਾਲ ਕੇ ਘੁੰਗਣੀਆਂ ਵੇਚ ਕੇ ਚਾਰ ਆਨੇ ਕਮਾ ਲੈਂਦਾ ਹੈ। ਪਹਿਲੇ ਨੂੰ ਸਿਖਿਆ ਨਹੀਂ ਮਿਲੀ ਕਿ ਪੰਜ ਸੌ ਨੂੰ ਕਲੇਸ਼ ਕਲਪਨਾ ਦਿੱਤੇ ਬਿਨਾਂ ਭੀ ਮੈਂ ਚੁਆਨੀ ਕਮਾ ਸਕਦਾ ਹਾਂ, ਮੇਰੇ ਨਾਲ ਦਾ ਹਮਸਾਯਾ ਘੁੰਗਣੀਆਂ ਵੇਚ ਕੇ ਬਿਨਾਂ ਜੀਵ ਕਲਪਾਏ ਚੁਆਨੀ ਕਮਾ ਲੈਂਦਾ ਹੈ। ਉਸ ਦੀ ਸਮਝ ਵਿਚ ਨਹੀਂ ਆਉਂਦਾ ਕਿ ਮੈਂ ਭੀ ਇਤਨਾ ਦੁਖ ਦਿੱਤੇ ਬਿਨਾਂ ਰੋਜ਼ੀ ਟੋਰ ਸਕਦਾ ਹਾਂ। ਇਹ ਗਲ ਮੈਂ ਇਕ ਦ੍ਰਿਸ਼ਟਾਂਤ ਵਜੋਂ ਕਹੀ ਹੈ, ਮਤਲਬ ਇਹ ਹੈ ਕਿ ਜੇ ਕਿਸੇ ਤਰ੍ਹਾਂ ਦੁਖ ਦੇਣ ਵਾਲਿਆਂ ਨੂੰ ਕੋਈ ਸਮਝਾ ਸਕੇ ਤੇ ਉਨ੍ਹਾਂ ਦਾ ਸੁਭਾਉ ਪਲਟਾ ਸਕੇ ਤਾਂ ਇਹ ਨੇਕੀ ਹੈ।

ਅਨੇਕਾਂ ਆਦਮੀ ਐਸੇ ਹਨ ਜੋ ਦੂਸਰੇ ਆਦਮੀਆਂ ਦੇ ਦਿਲ ਤਪਾਉਂਦੇ, ਦੁਖ ਦੇਂਦੇ, ਜਲਨ ਤੇ ਸਾੜੇ ਪੈਦਾ ਕਰਦੇ ਟੁਰੀ ਜਾਂਦੇ ਹਨ। ਓਹ ਐਸੇ ਕੰਮ ਕਦੇ ਭੈੜੇ ਸੁਭਾ ਕਰਕੇ ਤੇ ਕਦੇ ਰੋਟੀ ਟੋਰਨ ਲਈ ਕਰਦੇ ਹਨ। ਨਿੰਦਿਆ ਕਰਦੇ ਹਨ, ਨੁਕਸ ਛਾਂਟਦੇ ਹਨ। ਹੋਰਨਾਂ ਕਈ ਤ੍ਰੀਕਿਆਂ ਨਾਲ ਓਹ ਭਰਾਵਾਂ ਦੇ ਦਿਲ ਦੁਖਾਉਂਦੇ ਧ੍ਰੋਹ ਕਮਾਉਂਦੇ ਤੇ ਕਲੇਸ਼ ਦੇਂਦੇ ਹਨ। ਤਰ੍ਹਾਂ ਤਰ੍ਹਾਂ ਦੇ ਛਲਾਂ ਤੇ ਜ਼ੁਲਮਾਂ ਨਾਲ ਦੂਸਰਿਆਂ ਦੇ ਧਨ ਪਦਾਰਥ ਖੋਹ ਲੈਂਦੇ ਹਨ*। ਹੁਣ ਤੁਸੀਂ ਦੱਸੋ ਜੇ ਐਸੇ ਆਦਮੀ ਆਪਣੇ ਭਰਾਵਾਂ ਨੂੰ ਦੁੱਖ ਦੇਣੋਂ ਹਟ ਕੇ ਸੁਖ ਦੇਣਾ ਤੇ ਸੁਖ ਨਾਲ ਰੋਜ਼ੀ ਕਮਾਉਣੀ ਸਿੱਖ ਜਾਣ ਤਾਂ ਮਾੜਾ ਹੈ? ਜੇ ਇਹ ਮਾਣਸਾਂ ਦੀ ਰੱਤ ਪੀਣ ਵਾਲੇ ਰੱਤ ਡੁੱਲ੍ਹੀ ਤੇ ਮਲ੍ਹਮ ਲਾਉਣ ਵਾਲੇ ਹੋ ਜਾਣ ਤਾਂ ਚੰਗਾ ਹੈ ਕਿ ਨਹੀਂ?

ਡਾਕਟਰ— ਬਹੁਤ ਹੀ ਚੰਗਾ ਹੈ, ਪਰ ਸੁਆਲ ਹੈ ਤਾਂ ਇਹ ਕਿ ਇਹ ਕਦੇ ਸਿੱਖਦੇ ਹਨ? ਇਹ ਲੋਕ ਜਾਣਦੇ ਹਨ ਫੇਰ ਕਰਦੇ ਹਨ; ਤਲੀ ਤੇ ਦੀਵਾ ਰੱਖਦੇ ਹਨ, ਫੇਰ ਡਿੱਗਦੇ ਹਨ। ਮੈਂ ਜਿਨ੍ਹਾਂ ਆਦਮੀਆਂ ਬਾਬਤ ਕਹਿ ਰਿਹਾ ਹਾਂ, ਉਹਨਾਂ ਬਾਬਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭੀ ਲਿਖਿਆ ਹੈ।

ਬਾਬਾ— ਮੈਂ ਤੁਹਾਡੇ ਨਾਲ ਅਜੋੜ ਤਾਂ ਨਹੀਂ ਕਰ ਰਿਹਾ; ਤੁਸੀਂ ਠੀਕ ਕਹਿ ਰਹੇ ਹੋ। ਮੇਰਾ ਮਤਲਬ ਨਿਰਾ ਇਹ ਹੈ ਕਿ ਕਿਵੇਂ ਜਾਣੀਏਂ ਕਿ ਇਹ ਪੁਰਸ਼ ਸੁਧਰ ਸਕਦਾ ਹੈ ਜਾਂ ਨਹੀਂ? ਤਰੀਕਾ ਇਹੋ ਹੈ:- ਕਿ ਮੈਂ ਸੱਚੇ ਦਿਲ ਸੇਵਾ ਕਰਾਂ, ਯਤਨ ਕਰਾਂ, ਜੇ ਇਹ ਸੁਧਰ ਗਿਆ ਵਾਹ ਵਾਹ, ਨਾ ਸੁਧਰ ਗਿਆ ਤਾਂ ਸਮਝ ਲੈਸਾਂ ਕਿ ਇਹ ਅਸਾਧਜ ਰੋਗੀ ਸੀ। ਦੋਹੀਂ ਗਲੀਂ ਮੈਂ ਤਾਂ ਨੇਕੀ ਦੇ ਸੰਕਲਪ ਵਿਚ ਹਾਂ।

ਡਾਕਟਰ— ਹਾਂ, ਆਪ ਠੀਕ ਹੋ, ਜਗਤ ਵਿਚ ਸੁਧਾਰ ਕਰਨ ਵਾਲੇ ਦਾ ਏਹੀ ਇੰਦੀਆ ਠੀਕ ਹੈ, ਪਰ ਮੈਂ ਤਾਂ ਵਾਹ ਪਏ, ਕੀਤੇ ਤਜਰਬੇ ਅਤੇ ਹੱਡੀਂ ਵਰਤੇ ਮਾਮਲੇ ਦੱਸਦਾ ਹਾਂ ਕਿ ਇਹਨਾਂ ਲੋਕਾਂ ਨਾਲ ਨੇਕੀ ਫਲਦੀ ਨਹੀਂ।

ਇਸ ਤਰ੍ਹਾਂ ਦੀਆਂ ਗੱਲਾਂ ਬਾਤਾਂ ਕਰਦੇ ਡਾਕਟਰ ਸਾਹਿਬ ਟੁਰ ਗਏ। ਓਹ ਬਾਬੇ ਦਾ ਬੜਾ ਸਤਿਕਾਰ ਕਰਦੇ ਸਨ, ਬਾਬੇ ਤੋਂ ਉਹਨਾਂ ਨੂੰ ਬੜਾ ਲਾਭ ਪੁੱਜਾ ਸੀ। ਬਾਬੇ ਦੇ ਗੁਣਾਂ ਤੋਂ ਓਹ ਵਰੋਸਾਏ ਸਨ, ਓਹਨਾਂ ਨੂੰ ਪਤਾ ਸੀ ਕਿ ਅਸਲੀ ਸਿੱਖ ਜੀਵਨ 'ਉਚ-ਜੀਵਨ' ਦਾ ਬਾਬਾ ਇਕ ਸਿਰੇ ਦਾ ਨਮੂਨਾ ਹੈ। ਗੁਰੂ ਸਾਹਿਬ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜਿਸ 'ਮਰਦ' ਦੀ ਵੰਨਗੀ ਦੱਸਦੇ ਹਨ, ਜਿਸ ਦਾ ਰੂਪ ਬੰਨ੍ਹਦੇ ਹਨ, ਦਸਮੇਂ ਜਾਮੇਂ ਜਿਸ ਨੂੰ ਮਾਨੋਂ ਸੱਚੇ ਵਿਚ ਢਾਲਕੇ ਬਣਾਕੇ ਰਖ ਦਿੱਤਾ ਤੇ ਆਖਿਆ ਕਿ ਹਰ ਪ੍ਰਾਣੀ ਐਸੇ ਨਮੂਨੇ ਦਾ ਹੋਵੇ ਓਹ ਬਾਬਾ ਹੈ। ਬਾਬਾ ਨਾ ਕੇਵਲ ਆਪਣੇ

---

* ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥

ਪਿੰਡ ਬਲਕਿ ਇਲਾਕੇ ਵਿਚ ਇਕ ਬਰਕਤ ਹੈ, ਇਕ ਕਲਪ ਬ੍ਰਿਛ ਹੈ। ਬਾਬੇ ਦੇ ਖਿਆਲਾਂ ਅਗੇ ਡਾਕਟਰ ਸਾਹਿਬ ਦੇ ਖਜਾਲਾਤ ਝੁਕਦੇ ਸਨ, ਪਰ ਜਗਤ ਨਾਲ, ਦੇਸ਼ ਪ੍ਰਦੇਸ਼, ਵਾਹ, ਮਾਮਲੇ ਪੈ ਕੇ ਡਾਕਟਰ ਨੂੰ ਦਿੱਸ ਪਿਆ ਸੀ ਕਿ ਜਗਤ ਵਿਚ ਸੱਚ ਦੀ, ਪਿਆਰ ਦੀ ਤੇ ਇਨਸਾਫ ਦੀ ਕਾਲੀ ਰਾਤ ਪੈ ਰਹੀ ਹੈ। ਕਈ ਮਰਨਹਾਰਾਂ ਨੂੰ ਡਾਕਟਰ ਨੇ ਮੌਤ ਦੇ ਮੂੰਹੋਂ ਵੱਲ ਕੀਤਾ, ਫੀਸ ਲੈਣੀ ਤਾਂ ਕਿਤੇ ਰਹੀ ਦਵਾ ਤੇ ਭੋਜਨ ਬੀ ਕੋਲੋਂ ਦਿੱਤਾ ਸੀ, ਓਹਨਾਂ ਨੇ ਹੀ ਡਾਕਟਰ ਸਾਹਿਬ ਦੇ ਵਿਰੁੱਧ ਅਫਸਰਾਂ ਪਾਸ ਚੁਗਲੀਆਂ ਮਾਰੀਆਂ ਸਨ। ਇਕ ਆਦਮੀ ਤ੍ਰੈ ਵੇਰੀ ਸੰਖੀਆ ਖਾ ਕੇ ਖੁਦਕਸ਼ੀ ਕਰਨ ਲੱਗੇ ਨੂੰ ਡਾਕਟਰ ਸਾਹਿਬ ਨੇ ਬਚਾਯਾ ਸੀ, ਉਸੇ ਨੇ ਸਾਰੇ ਇਲਾਕੇ ਵਿਚ ਘਰ ਘਰ ਫਿਰ ਕੇ ਡਾਕਟਰ ਸਾਹਿਬ ਦੀ ਨਿੰਦਾ ਕੀਤੀ ਸੀ। ਇਕ ਆਦਮੀ ਬੇਰੁਜ਼ਗਾਰ ਤ੍ਰੈ ਦਿਨ ਦੇ ਭੁੱਖੇ ਮੌਤ ਦੇ ਮੂੰਹ ਪਏ ਨੂੰ ਡਾਕਟਰ ਸਾਹਿਬ ਜੀ ਨੇ ਜਗਤ ਵਿਚ ਕਿਸੇ ਮੁਰਾਤਬੇ ਚੜ੍ਹਾ ਦਿੱਤਾ ਸੀ, ਉਸ ਨੇ ਡਾਕਟਰ ਜੀ ਦਾ ਦਮ ਨੱਕ ਵਿਚ ਲੈ ਆਂਦਾ ਸੀ। ਇਕ ਬੱਚੇ ਨੂੰ ਹੱਥੀਂ ਪਾਲਿਆ, ਪੜ੍ਹਾਇਆ, ਲਾਇਕ ਕੀਤਾ, ਜਦ ਰੁਜ਼ਗਾਰ ਤੇ ਗਿਆ ਡਾਕਟਰ ਜੀ ਦੀ ਹੀ ਸੰਘੀ ਨਹੁੰ ਦੇ ਦਿੱਤਾ। ਕਈ ਧਰਮੀ ਕਹਿਲਾਉਣ ਵਾਲੇ ਲੋਕਾਂ ਨਾਲ ਉਪਕਾਰ ਕਮਾਏ, ਸਭਨਾਂ ਵਲੋਂ ਠੁਹਕਰ ਖਾਧੀ। ਡਾਕਟਰ ਦੀ ਵਹੁਟੀ ਤਾਂ ਹੁਣ ਇਹ ਕਹਿਣ ਲੱਗ ਪਈ ਸੀ ਕਿ ਸਾਡਾ ਲੂਣ ਖ਼ਰਾਬ ਹੈ, ਜਿਸਦੇ ਹੱਡੀਂ ਲੱਗਦਾ ਹੈ ਓਹੋ ਵੈਰੀ ਹੋ ਜਾਂਦਾ ਹੈ, ਇਸ ਕਰਕੇ ਓਹ ਤਾਂ ਹੁਣ ਕਿਸੇ ਨਾਲ ਨੇਕੀ ਕਰ ਕੇ ਰਾਜ਼ੀ ਨਹੀਂ ਸੀ, ਸਦਾ ਏਹੋ ਕਹਿੰਦੀ ਸੀ ਕਿ ਹਰ ਆਦਮੀ ਨੂੰ ਸਵਾ ਹੱਥ ਦੀ ਵਿੱਥ ਉਤੇ ਰੱਖੋ ਤੇ ਕਿਸੇ ਨਾਲ ਮੱਥਿਓਂ ਤਿਊੜੀ ਲਾਹਕੇ ਗਲ ਨਾ ਕੀਤਾ ਕਰੋ। ਡਾਕਟਰ ਸਾਹਿਬ ਨੇ ਏਸ ਅਮਲ ਨਾਲ ਕੁਛ ਸੁਖ ਬੀ ਪਾਇਆ ਸੀ, ਪਰ ਉਹਨਾਂ ਦੇ ਅੰਦਰ ਜੋ ਨਾਮ ਦੀ ਕਣੀ ਦਗਦਗ ਕਰਦੀ ਦਮਕਦੀ ਸੀ ਉਹ ਉਹਨਾਂ ਤੋਂ ਸੁਤੇ ਤੇ ਸਹਿ ਸੁਭਾ ਨੇਕੀ ਦਾ ਵਰਤਾਉ ਕਦ ਛੁੱਟਣ ਦੇਂਦੀ ਸੀ? ਪਰ ਠੁਹਕਰਾਂ ਬੀ ਇੰਨੀਆਂ ਕੁ ਆਈਆਂ ਸਨ ਕਿ ਜੇ ਕਦੇ ਅੰਦਰ ਨਾਮ ਨਾ ਹੁੰਦਾ ਤਾਂ ਨੇਕੀ ਕਰਨ ਦੀ ਇੱਛਾ ਐਉਂ ਸੜ ਕੇ ਕੋਲੇ ਹੋ ਜਾਂਦੀ ਜਿਸ ਤਰ੍ਹਾਂ ਖੰਡ ਦੇ ਕਵਾਮ ਨੂੰ ਜੇ ਪੂਰੇ ਸੇਕ ਨਾਲੋਂ ਵਧੀਕ ਸੇਕ ਲੱਗ ਜਾਵੇ ਤਾਂ ਮਿਸਰੀ ਦੀ ਥਾਂ ਕੋਲੇ ਬਣ ਜਾਂਦਾ ਹੈ। ਪਰ ਸਭ ਨੇਕੀਆਂ ਜਿਸ ਤੋਂ ਐਉਂ ਨਿਕਲਦੀਆਂ ਹਨ ਜਿੱਕੂੰ ਅੱਗ ਤੋਂ ਕਿਰਨਾਂ, ਉਹ ਚਮਕਦਾ ਸੂਰਜ 'ਨਾਮ' ਅੰਦਰ ਵੱਸ ਰਿਹਾ ਸੀ। ਨੇਕੀ ਕਰਦੇ ਸਨ, ਪਰ ਬਚ ਬਚਕੇ। ਸਵਾ ਹੱਥ ਦੀ ਵਿੱਥ ਤੇ ਜ਼ਰੂਰ ਰਹਿੰਦੇ ਸਨ, ਪਰ ਸੁਭਾ ਨਹੀਂ ਸੀ ਛੁੱਟਦਾ। ਅੱਜ ਡਾਕਟਰ ਜੀ ਨੇ ਬਾਬੇ ਦੀ ਬੇਅਦਬੀ ਨਹੀਂ ਕੀਤੀ, ਉਨ੍ਹਾਂ ਨੇ ਡਾਢੇ ਪਿਆਰ ਵਿਚ ਵਾਹਿਗੁਰੂ ਤੇ ਬਾਬੇ ਦੀ ਬੇਅਦਬੀ ਨਹੀਂ ਸਹਾਰੀ ਤੇ ਬਾਬੇ ਨੂੰ ਕਿਸੇ ਮੁਸ਼ਕਲ ਦੇ ਵਿਚ ਫਸ ਜਾਣ ਤੋਂ ਬਚਾਉਣ ਲਈ ਬੇਝਕੇ ਹੋ ਕੇ ਗੱਲਾਂ ਕੀਤੀਆਂ ਹਨ ਅਰ ਜਾਂਦੇ ਹੋਏ ਬੀ ਏਹ ਸੋਚਦੇ ਗਏ ਹਨ ਕਿ ਕੀਕੂੰ ਬਾਬਾ ਜੀ ਕਿਸੇ ਆਫਤ ਵਿਚ ਪੈਣੋਂ ਬਚ ਰਹਿਣ; ਇਹ ਬੜੇ ਸੂਧੇ ਤੇ ਧੁਰੋਂ ਨੇਕ ਹਨ ਤੇ ਜਗਤ ਵਿਚ ਜੋ ਵਰਤਾਰਾ ਵਰਤ ਰਿਹਾ ਹੈ ਉਸਦਾ ਪਤਾ ਨਹੀਂ ਰਖਦੇ ਹਨ।

* * * * *

## ੧੫.

"ਮਨਮੁਖ ਮੂਲਹੁ ਭੁਲਿਆ
ਵਿਚਿ ਲਬੁ ਲੋਭੁ ਅਹੰਕਾਰੁ॥"

ਏਧਰ ਡਾਕਟਰ ਜੀ ਦੇ ਜਾਣ ਮਗਰੋਂ ਬ੍ਰਿਸਟਰਾਣੀ ਨੇ ਬ੍ਰਿਸਟਰ ਜੀ ਨੂੰ ਕਿਹਾ, ਦੱਸੋ ਤੁਸੀਂ ਸਿਖਾਂ ਨੂੰ ਵਹਿਸ਼ੀ ਤੇ ਰੱਬ ਨੂੰ ਵਹਿਮ ਤੇ ਨੇਕੀ ਨਿਰਾ ਨੂੰ ਨਿਰਾ ਖਿਆਲ ਕਹਿੰਦੇ ਸਾਓ, ਜੋ ਇਹ ਇਕ ਖ਼ੁਦਗਰਜ਼ੀ ਦਾ ਹਥਿਆਰ ਹੈ, ਹੁਣ ਦੱਸੋ ਅਜੇ ਬੀ ਉਹੀ ਖਿਆਲ ਹਨ?

ਬ੍ਰਿਸਟਰ— ਨਹੀਂ, ਖਿਆਲਾਂ ਵਿਚ ਤਬਦੀਲੀ ਹੈ, ਪਰ ਮੈਂ ਤੇਰੇ ਵਾਂਗੂੰ ਛੇਤੀ ਮੰਨਣ ਵਾਲਾ ਨਹੀਂ, ਕੁਛ ਸਮਾਂ ਬੀਤੇਗਾ ਤਾਂ ਨਿਸ਼ਚੇ ਕਰਾਂਗਾ। ਮੇਰਾ ਅਸੂਲ ਤਾਂ ਏਹੋ ਹੈ ਕਿ ਬੰਦਾ ਆਪਣੇ ਫਾਇਦੇ ਦਾ ਕੰਮ ਕਰੇ, ਝੂਠ ਕੁਸੱਤ, ਦਗੇ ਫ਼ਰੇਬ ਦਾ ਕੁਛ ਡਰ ਨਹੀਂ, ਨਿਰਾ ਐਨਾਂ ਕਰੇ ਕਿ ਕੋਈ ਤਰੀਕਾ ਐਸਾ ਨਾ ਵਰਤ ਬੈਠੇ ਕਿ ਕਾਨੂੰਨ ਦੇ ਫੰਧੇ ਵਿਚ ਫਸ ਜਾਵੇ ਤੇ ਦੁਖ ਪਾਵੇ। ਬਾਕੀ ਖ਼ੁਦਗਰਜ਼ੀ ਹੀ ਅਸਲ ਪੁੰਨ ਹੈ। ਮੈਂ, ਦੇਖ ਲੈ, ਇਸ ਬਿਪਤਾ ਵਿਚ ਬੀ ਮਿੱਠੇ ਬਣ ਕੇ ਆਪਣਾ ਮਤਲਬ ਕੱਢ ਲਿਆ ਹੈ।

ਵਹੁਟੀ— ਪਰ ਜਿਨ੍ਹਾਂ ਦੇ ਘਰ ਅਸੀਂ ਉਤਰੇ ਹਾਂ ਏਹਨਾਂ ਦਾ ਜੀਵਨ ਸਾਥੋਂ ਚੰਗਾ ਹੈ ਕਿ ਮਾੜਾ?



SIKHBOOKCLUB.COM

ਬ੍ਰਿਸਟਰ— ਮੈਂ ਕੀ ਕਹਿ ਸਕਾਂ? ਮੇਰੇ ਤੇ ਅਸਰ ਤਾਂ ਚੰਗਿਆਈ ਦਾ ਪੈਂਦਾ ਹੈ, ਪਰ ਮੈਨੂੰ ਉਹ ਕਾਰਣ, ਉਹ ਧੁਰਾ, ਨਜ਼ਰ ਨਹੀਂ ਪੈਂਦਾ, ਜਿਸ ਕਰਕੇ ਕਿ ਕੋਈ ਆਪਣੀ ਹਾਨੀ ਕਰਕੇ ਦੂਸਰੇ ਦਾ ਭਲਾ ਕਰ ਸਕਦਾ ਹੈ?

ਬ੍ਰਿਸਟਰਾਣੀ— ਡਾਕਟਰ ਸਾਹਿਬ ਦੱਸ ਜੋ ਗਏ ਹਨ?

ਬ੍ਰਿਸਟਰ— ਬੇਸ਼ੱਕ ਦੱਸ ਗਏ ਹਨ, ਉਨ੍ਹਾਂ ਦਾ ਤੇ ਬਾਬੇ ਦਾ ਵਰਤਾਰਾ ਭੀ ਦੱਸ ਰਿਹਾ ਹੈ, ਇਨ੍ਹਾਂ ਵਿਚ ਸਚਾਈ ਦਿੱਸਦੀ ਭੀ ਹੈ, ਪਰ ਮੈਂ ਇਕ ਵਾਰਗੀ ਕੀਕੂੰ ਮੰਨ ਜਾਵਾਂ। ਬੇਸ਼ੱਕ ਬਾਬੇ ਨੇ ਨਿਧੜਕ ਆਪਣੇ ਘਰ ਵਿਚ ਸਾਨੂੰ ਵਾੜਕੇ ਆਪਣੇ ਬੀਵੀ ਬੱਚਿਆਂ ਵਿਚ ਬਿਨਾਂ ਪੜਦੇ ਟਿਕਾਣਾ ਦੇ ਕੇ ਬੜੀ ਭਾਰੀ ਮਿਹਰ ਕੀਤੀ ਹੈ, ਵਰਤਾਉ ਦੀ ਨੇਕੀ ਵਰਤੀ ਹੈ, ਜਾਨ ਬਚਾਈ ਹੈ। ਡਾਕਟਰ ਸਾਹਿਬ ਭੀ ਬੜੇ ਚੰਗੇ ਤੇ ਪੜ੍ਹੇ ਲਿਖੇ ਜਾਪਦੇ ਹਨ, ਪਰ ਮੈਂ ਆਪਣੇ ਨੁਕਤੇ ਤੇ ਹਾਂ ਇਹ ਹੋ ਸਕਦਾ ਹੈ ਕਿ ਕੋਈ ਜਗਤ ਵਿਚ ਜਗਤ ਦੀ ਖੁਦਗਰਜ਼ੀ ਦੀ ਮ੍ਰਿਯਾਦਾ ਤੋਂ ਇਕ ਘਰ ਵੱਖਰੇ ਨਮੂਨੇ ਦਾ ਹੋਵੇ, ਪਰ ਇਹ ਆਮ ਵਰਤਾਰਾ ਨਹੀਂ ਹੈ। ਇਕ ਹੋਰ ਗੱਲ ਭੀ ਹੈ ਕਿ ਇਕ ਰਿਲੀਜਸ ਮੇਨੀਆ (ਧਾਰਮਕ ਸ਼ੁਦਾ) ਭੀ ਹੁੰਦਾ ਹੈ, ਸ਼ਾਇਦ ਇਨ੍ਹਾਂ ਨੂੰ ਉਹ ਸ਼ੁਦਾ ਹੀ ਹੋਵੇ।

ਇਹ ਵਾਕ ਸੁਣਕੇ ਬ੍ਰਿਸਟਰਾਣੀ ਨੇ ਹਾਹੁਕਾ ਲੀਤਾ। ਜੇ ਕਦੀ ਬ੍ਰਿਸਟਰਾਣੀ ਨੇ ਬਾਬੇ ਤੇ ਡਾਕਟਰ ਦੀ ਗੱਲ ਬਾਤ ਸੁਣੀ ਹੁੰਦੀ ਤਾਂ ਉਸ ਨੂੰ ਸਮਝ ਆ ਜਾਂਦੀ ਕਿ ਡਾਕਟਰ ਆਪਣੇ ਤਜਰਬੇ ਵਿਚ ਕਿੰਨਾਂ ਕੁਛ ਸੱਚਾ ਸੀ ਤੇ ਬਾਬਾ ਕਿਤਨੇ ਗੰਭੀਰ ਤੇ ਉੱਚੇ ਆਸ਼ੇ ਵਾਲਾ ਹੈ ਜੋ ਸਾਰੇ ਤਜਰਬੇ ਦੇ ਸਾਹਮਣੇ ਅਹਿੱਲ ਚਟਾਨ ਵਾਂਙੂ ਕਿਸੇ ਆਪਣੇ ਅਸੂਲ ਤੇ ਖੜਾ ਹੈ। ਬਦਲੇ ਦੀ ਚਾਹ ਨਹੀਂ ਰੱਖਦਾ, ਨਿੰਦਾ ਤੋਂ ਡਰਦਾ ਨਹੀਂ, ਵੈਰੀਆਂ ਦੇ ਵੈਰ ਤੋਂ ਸੰਕੋਚਦਾ ਨਹੀਂ, ਨੇਕੀ ਕਰਕੇ ਬਦੀ ਨਾਲ ਟਿੱਕਿਆ ਜਾਂਦਾ ਹੈ, ਪਰ ਪਰਵਾਹ ਨਹੀਂ ਕਰਦਾ, ਹਰ ਹਾਲ ਕਿਸੇ ਆਪਣੇ ਅਸੂਲ ਤੇ ਨਿਰਭੈ ਟੁਰ ਰਿਹਾ ਹੈ।

ਰਾਤ ਆ ਗਈ, ਸੇਵਾ ਹੋ ਗਈ, ਬ੍ਰਿਸਟਰ ਸਾਹਿਬ ਨੂੰ ਤਪ ਚੜ੍ਹ ਗਿਆ। ਬ੍ਰਿਸਟਰਾਣੀ ਦੇ ਜ਼ਖਮ ਖੁਸ਼ਕ ਸਨ, ਉਹ ਤਾਂ ਸੌਂ ਗਈ, ਪਰ ਬ੍ਰਿਸਟਰ ਸਾਹਿਬ ਬੜਾਉਂਦੇ ਰਹੇ। ਬਾਬਾ, ਬਾਬੇ ਦੀ ਵਹੁਟੀ, ਪੁੱਤ੍ਰ ਤੇ ਸੁਭਾਗ ਜੀ ਵਾਰੋ ਵਾਰੀ ਪਹਿਰ ਪਹਿਰ ਭਰ ਪਹਿਰਾ ਦੇਂਦੇ ਰਹੇ ਤੇ ਸਾਰੇ ਜਣੇ ਇਨ੍ਹਾਂ ਦਾ ਬੜਾਉਣਾ ਸੁਣਦੇ ਰਹੇ ਜੋ ਇਸ ਪ੍ਰਕਾਰ ਦਾ ਸੀ:-

"ਭਲਾ ਜਗ ਕਿੰਨਾ ਮੂਰਖ ਹੈ?....
ਖੁਦਗਰਜ਼ੀ ਤਾਂ ਅਸਲ ਪੁੰਨ ਹੈ! ....
ਮਨ! ਅਪਣਾ ਭਲਾ ਲੋਚ....
ਨੇਕੀ ਕੋਈ ਸ਼ੈ ਨਹੀਂ।"
"ਸ਼ਿਹ, ਮੂਰਖ! ਵਲੈਤ ਫਿਰ ਆਈ....
ਪਦਾਰਥ ਤੋਂ ਬਿਨਾਂ ਕੋਈ ਰੱਬ ਢੂੰਡਦੀ ਹੈ...।
ਸ਼ਿਹ, 'ਤਨ ਸੁਖ' ਤੋਂ ਅੱਗੇ ਕੋਈ ਹੋਰ 'ਸੁਖ'...ਮੂਰਖ ਹੈ।"
"ਜੋ ਹੈ ਸੋ ਗਰਜ਼ੀ।
ਗਰਜ਼ ਨੂੰ ਰੱਖ ਮੂਹਰੇ।
ਗਰਜ਼ ਦੇ ਟੁਰ ਮਗਰੇ।...
ਨਾ ਖੁਦਾ ਨਾ ਨੇਕੀ।
ਇਕ ਮੈਂ ਤੇ ਮੇਰਾ ਸੁਖ।..."
"ਸ਼ਿਹ, ਮੂਰਖ! ਕੌਣ? ਕੋਈ ਨਹੀਂ।
ਡਾਕਟਰ ਮੂਰਖ! ਬਾਬਾ ਸੁਦਾਈ!
ਦਾਨਾ ਮੈਂ, ਪਰਦੇਸ਼ ਵਿਚ ਸੁਖੀ।
ਜਾਂਗਲੀ ਲੋਕ ਕਾਬੂ ਕੀਤੇ।
ਹੈ ਨਾ ਅਕਲ; ਦੂਰ ਦੀ ਸੋਝੀ?"

ਇਸ ਪ੍ਰਕਾਰ ਦੇ ਬਕਵਾਸ ਕਈ ਵੇਰ ਹੋਏ, ਡਾਕਟਰ ਜੀ ਦੇ ਕਹਿਣੇ ਮੂਜਬ ਪਾਣੀ ਦੀ ਟਾਕੀ ਮੱਥੇ ਤੇ ਧਰਕੇ ਸੇਵਾ ਵਾਲੇ ਸਿਰ ਠੰਢਾ ਕਰਦੇ ਰਹੇ ਪਰ ਤਦ ਵੀ ਕਈ ਵੇਰ ਐਸੇ ਬਕੜਵਾਦ ਹੋਏ। ਏਹ ਬਕਵਾਸ ਬਾਬੇ ਜੀ ਨੂੰ ਤੇ ਪਰਵਾਰ ਨੂੰ ਦੱਸ ਗਏ ਕਿ ਕਿਉਂ ਡਾਕਟਰ ਜੀ ਅੱਜ ਰੋਹ ਵਿਚ ਭਰੇ ਹੋਏ ਸਨ?

ਸਵੇਰਾ ਹੋਇਆ ਡਾਕਟਰ ਜੀ ਬਾਬੇ ਦੇ ਪਿਆਰ ਬੱਧੇ ਆ ਗਏ। ਫਤਹ ਬੁਲਾ ਕੇ ਕਹਿਣ ਲੱਗੇ: 'ਬਾਬਾ ਜੀ! ਖਿਮਾਂ ਕਰਨੀ, ਮੈਂ ਕਲ੍ਹ ਬੜੀ ਬੇ-ਅਦਬੀ ਕਰਦਾ ਰਿਹਾ ਹਾਂ।'

ਬਾਬਾ— ਨਹੀਂ, ਬਰਖੁਰਦਾਰ ਜੀ! ਇਹ ਤਾਂ ਵੀਚਾਰ ਸੀ, ਕੋਈ ਗੱਲ ਨਹੀਂ।

ਡਾਕਟਰ— ਮੇਰਾ ਅਜ ਬੀ ਜੀ ਨਹੀਂ ਸੀ ਕਰਦਾ ਆਉਣ ਨੂੰ, ਮੇਰਾ ਪਾਮਰ ਮਨ ਚਾਹੁੰਦਾ ਹੈ

ਕਿ ਇਨ੍ਹਾਂ ਨੂੰ ਪੁਲਸ ਲੈ ਜਾਵੇ ਤੇ ਕਿਸੇ ਹਸਪਤਾਲ ਵਿਚ ਰਖੇ। ਆਪ ਦੇ ਸ਼ਾਂਤਿ ਸਰੋਵਰ ਘਰ ਵਿਚ ਮਘਦੇ ਕੋਲੇ ਨਹੀਂ ਚਾਹੀਦੇ। ...ਅਸਾਂ ਕੋਈ ਦੁਨੀਆਂ ਦਾ ਠੇਕਾ ਲੀਤਾ ਹੈ?

ਬਾਬਾ— ਡਾਕਟਰ ਜੀ! ਤੁਸੀਂ ਜਗਤ ਦੇ ਹਥੋਂ ਬੜੇ ਸਤੇ ਹੋਏ ਹੋ। ਅਸੀਂ ਜਗਤ ਦਾ ਭਾਰ ਹਰ ਬੀ ਨਹੀਂ ਸਕਦੇ। ਜਗਤ ਹੈ ਬੀ ਦੁਖੀ, ਸੜ ਰਿਹਾ ਹੈ, ਪਰ ਸਾਡੇ ਮਨ ਦੀ ਅਰਦਾਸ ਇਹ ਹੈ ਨਾ ਕਿ:-

''ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥''

(ਬਿ: ਕੀ ਵਾਰ ਮ: ੪ ਸਲੋਕ ਮ: ੩)

ਇਹ ਜੋ ਸੁਆਰਥੀ ਲੋਕ ਹਨ ਤੇ ਪਾਪ ਵਿਚ ਫਸੇ ਲੋਕ ਹਨ, ਬੀਮਾਰ ਹਨ, ਮਨ ਦੇ ਰੋਗੀ ਹਨ। ਜੀਕੂੰ ਸਰੀਰ ਰੋਗੀ ਹੁੰਦਾ ਹੈ, ਉੱਕਰ ਮਨ ਭੀ ਰੋਗੀ ਹੋ ਜਾਂਦਾ ਹੈ। ਜਿਨ੍ਹਾਂ ਦੀ ਨਜ਼ਰ 'ਤਨ ਸੁਖ' ਤੋਂ ਅਗੇ ਨਹੀਂ ਉਠਦੀ ਓਹ ਰੋਗੀ ਹਨ, ਜੋ ਖ਼ੁਦਗਰਜ਼ੀ ਦੇ ਕਿੱਲੇ ਨਾਲ ਬੱਝੇ ਪਏ ਹਨ! ...ਸਰਬੱਤ ਦਾ ਭਲਾ।

ਡਾਕਟਰ— ਬਾਬਾ ਜੀ! ਇਕ ਆਦਮੀ ਬੜਾ ਗ਼ਰੀਬ ਸੀ, ਉਸਦਾ ਇਕ ਪੁਤ੍ਰ ਸੀ ਜੋ ਪੜ੍ਹਦਾ ਸੀ। ਗ਼ਰੀਬੀ ਦੇ ਕਾਰਨ ਉਸ ਦਾ ਨਿਰਬਾਹ ਨਹੀਂ ਸੀ ਟੁਰਦਾ। ਉਹ ਸਵੇਰੇ ਬਾਣੀ ਪੜ੍ਹਦਾ ਤੇ ਅਰਦਾਸੇ ਕਰਦਾ ਸੀ ਕਿ ਹੇ ਗੁਰੂ ਕੋਈ ਟਾਹਣ ਨਿਵਾ। ਉਸ ਪਰ ਗੁਰੂ ਨੇ ਕਿਰਪਾ ਕੀਤੀ, ਇਕ ਅਮੀਰ ਸਿੰਘ ਜੀ ਨੂੰ ਰਹਿਮ ਆਇਆ, ਉਸ ਨੇ ਰੁਪੱਯਾ ਖਰਚ ਕੇ ਉਸ ਨੂੰ ਪੜ੍ਹਾਯਾ। ਮੁੰਡਾ ਪੜ੍ਹਕੇ ਨੌਕਰ ਹੋ ਗਿਆ, ਹੁਣ ਉਹ ਹਜ਼ਾਰ ਰੁਪੱਯਾ ਮਹੀਨਾ ਕਮਾਉਂਦਾ ਹੈ। ਇਸ ਨੇ ਹੁਣ ਰੱਬ ਤੋਂ ਨਮੁੱਕਰੀ ਧਾਰੀ ਹੈ। ਜਿਸ ਨੇ ਰੁਪੱਯਾ ਦੇਕੇ ਪੜ੍ਹਾਯਾ ਸੀ, ਉਸ ਦਾ ਕਦੇ ਸ਼ੁਕਰੀਆ ਨਹੀਂ ਕੀਤਾ। ਜੇ ਕਦੇ ਜਤਾਓ ਕਿ ਫਲਾਣੇ ਨੇ ਤੈਨੂੰ ਪੜ੍ਹਾਯਾ ਸੀ ਤਾਂ ਅੱਖਾਂ ਨੀਲੀਆਂ ਪੀਲੀਆਂ ਕਰਕੇ ਲੜਨ ਨੂੰ ਆਉਂਦਾ ਹੈ। ਕਈ ਸਿੱਖਾਂ ਦੇ ਕੇਸ ਕਤਲ ਕਰ ਚੁਕਾ ਹੈ। ਮੈਨੂੰ ਆਖਦਾ ਸੀ ਕਿ ਵਾਹ ਚੱਲੇ ਤਾਂ ਕੇਸ ਕਿਸੇ ਦੇ ਨਾ ਰਹਿਣ ਦਿਆਂ, ਪਰ ਆਪ ਰੱਖਦਾ ਹੈ। ਪੁੱਛੋ ਕਿਉਂ? ਤਾਂ ਕਹਿੰਦਾ ਹੈ ਫੇਰ ਸਿਖ ਮੇਰਾ ਇਤਬਾਰ ਨਹੀਂ ਕਰਨਗੇ। ਇਸ ਆਦਮੀ ਦੀ ਕੋਸ਼ਿਸ਼ ਆਪਣੇ ਸੁਆਰਥ ਦੀ ਐਤਨੀ ਹੈ ਕਿ ਹੱਦ ਹਿਸਾਬ ਨਹੀਂ ਹੈ। ਮੈਨੂੰ ਇਕ ਵੇਰੀ ਸੰਗਲਾਦੀਪ ਵਿਚ ਇਸ ਦਾ ਮੇਲ ਹੋਆ, ਤਾਂ ਡਿੱਠਾ ਕਿ ਇਹ ਨਿਰਾ ਪੂਰਾ ਮਾਇਆ ਦਾ ਉਪਾਸਕ, ਪਰਮੇਸ਼ੁਰ, ਗੁਰੂ ਤੇ ਪੰਥ ਦਾ ਵੈਰੀ ਹੈ। ਜ਼ਾਹਰਾ ਮੋਮੋ ਠਗਣਾ ਹੈ। ਮੈਂ ਭੀ ਭੁੱਲ ਗਿਆ ਸਾਂ, ਪਰ ਫੇਰ ਗੱਲੀਂ ਬਾਤੀਂ ਪਾਜ ਉੱਘੜ ਆਇਆ। ਉਸ ਜਾਤਾ ਮੈਨੂੰ ਪ੍ਰੇਰ ਚੁਕਾ ਹੈ, ਪਰ ਮੈਂ ਗੁੱਸੇ ਦੇ ਮਾਰੇ ਚੁੱਪ ਸਾਂ। ਦੱਸ ਬਾਬਾ! ਜਿਸ ਨੇ ਇਸ ਨੂੰ ਪੜ੍ਹਾਇਆ ਉਸ ਸਿੱਖ ਨੇ ਕੀ ਨੇਕੀ ਕੀਤੀ?

ਬਾਬਾ— ਉਸ ਨੇ ਤਾਂ ਨੇਕੀ ਕੀਤੀ ਸੀ। ਚੰਗਾ ਹੁੰਦਾ ਕਿ ਉਹ ਇਸ ਦੇ ਮਨ ਦੇ ਸੁਧਾਰ ਦਾ ਬੀ ਕੋਈ ਜਤਨ ਕਰਦਾ। ਇਸੇ ਕਰਕੇ ਹੀ ਮੈ ਮਨਾਂ ਦੇ ਸੁਧਾਰ ਦੇ ਮਗਰ ਹਾਂ।

ਡਾਕਟਰ— ਤੁਸੀਂ ਤਾਂ ਦਰੁਸਤੀ ਪਰ ਹੋ, ਪਰ ਮੈਨੂੰ ਮੇਰੇ ਤਜਰਬੇ ਨੇ ਕੁਛ ਹੋਰ ਦਰਸਾਇਆ ਹੈ।

ਬਾਬਾ— (ਮੁਸਕ੍ਰਾ ਕੇ) 'ਤੁਜਰਬੇ ਕਰਕੇ ਤੇ ਦੁੱਖ ਪਾਕੇ ਫੇਰ ਭਲੇ ਰਹੀਏ' ਨੇਕੀ ਇਸਦਾ ਨਾਮ ਹੈ।' ਦੇਖ ਭਾਈ ਗੁਰਦਾਸ ਜੀ ਕਹਿੰਦੇ ਹਨ:-

ਹਉ ਤਿਸਦੈ ਚਉਖੰਨੀਐ
ਆਪ ਠਗਾਏ ਲੋਕਾ ਭਾਣੇ।

(ਭਾ: ਗੁ:)

ਜੇ ਉੱਲੂ ਦਿਨ ਨੂੰ ਅੱਖ ਨਹੀਂ ਖੋਲ੍ਹਦਾ ਤਾਂ ਸੂਰਜ ਤਾਂ ਲੋਪ ਨਹੀਂ ਹੋ ਗਿਆ, ਜੇ ਕੋਈ ਨਾਸਤਕ ਵਾਹਿਗੁਰੂ ਤੋਂ ਅਤੇ ਨੇਕੀ ਤੋਂ ਮੁੱਕਰਦਾ ਹੈ ਤਾਂ ਉਸ ਦੇ ਮਨ ਦੇ ਲੋਇਣ ਅੰਧੇ ਹਨ, ਵਾਹਿਗੁਰੂ ਤੇ ਨੇਕੀ ਤਾਂ ਲੋਪ ਨਹੀਂ ਹੋ ਗਏ। ਤਕੜਾ ਹੋ ਯਾਰਾ! ਢਹਿੰਦੀਆਂ ਕਲਾਂ ਵਿਚ ਕਿਉਂ ਜਾਂਦਾ ਹੈਂ! ਸ਼ੇਰ ਮਰਦ ਹੋ ਭਲਿਆਈ ਵਾਸਤੇ।

ਏਸੇ ਤਰ੍ਹਾਂ ਗੱਲੀਂ ਜੁਟੇ ਹੋਏ ਦੋਵੇਂ ਜਣੇਂ ਅੰਦਰ ਗਏ। ਡਾਕਟਰ ਨੇ ਜ਼ਖਮ ਖੁਹਲੇ, ਇਕ ਥਾਂ ਪੀਪ ਰੁਕ ਰਹੀ ਸੀ, ਸੋ ਚੀਰਾ ਦੇ ਕੇ ਕੱਢੀ। ਚੀਰੇ ਨਾਲ ਠੰਢ ਬੀ ਪੈ ਗਈ ਤੇ ਤਪ ਬੀ ਲੱਥਾ। ਅੱਜ ਬ੍ਰਿਸਟਰ ਸਾਹਿਬ ਕਮਜ਼ੋਰ ਬੀ ਸਨ।

ਜਦੋਂ ਪੱਟੀ ਆਦਿਕ ਹੋ ਚੁਕੇ, ਬਿਸਤਰੇ ਕੱਪੜੇ ਬਦਲੇ ਗਏ, ਦੁੱਧ ਪੀਣ ਨੂੰ ਦਿੱਤਾ ਗਿਆ ਤਦ ਡਾਕਟਰ ਸਾਹਿਬ ਚੱਲੇ। ਉਸ ਵੇਲੇ ਬ੍ਰਿਸਟਰ ਨੇ ਵਾਜ ਮਾਰੀ ਕਿ ਆਪ ਟੁਰ ਚੱਲੇ ਹੋ, ਕੱਲ ਵਾਂਗੂੰ ਕੁਛ ਗੱਲਾਂ ਨਹੀਂ ਸੁਣਾਉਣੀਆਂ?

ਡਾਕਟਰ— ਮੈਨੂੰ ਗੱਲਾਂ ਦਾ ਠਰਕ ਘੱਟ ਹੈ। ਕਲ੍ਹ ਤਾਂ ਛਿੜ ਪਈ ਸੀ ਤਾਂ ਗੱਲ ਬਾਤ ਹੋ ਗਈ

ਸੀ। ਮੈਨੂੰ ਜਗਤ ਦਾ ਤਜਰਬਾ ਸ਼ੋਕਦਾਇਕ ਹੋਇਆ ਹੈ। ਮੈਂ ਸਮਝਦਾ ਹਾਂ ਕਿ ਪਿਆਰ ਦਾ ਸੰਸਾਰ ਵਿਚ ਕਾਲ ਹੈ, ਇਨਸਾਫ ਦੀ ਵਰਤੋਂ ਦੀ ਮੁਸ਼ਕ ਨਹੀਂ ਤੇ ਸੱਚ ਲੱਭਦਾ ਨਹੀਂ, ਬਾਕੀ ਇਕ ਸ਼ਤ੍ਰੰਜ ਜਾਰੀ ਹੈ। ਕੀ ਮਿੱਤਰ ਤੇ ਕੀ ਸਾਕ, ਕੀ ਪੰਡਤ ਤੇ ਕੀ ਮੂਰਖ, ਕੀ ਆਪਣੇ ਤੇ ਕੀ ਪਰਾਏ ਜੋ ਆਪੋ ਵਿਚ ਮਿਲਦੇ ਹਨ, ਉੱਤੋਂ ਹੋਰ ਤਰ੍ਹਾਂ, ਪਰ ਅੰਦਰੋਂ ਸਾਰੇ ਆਪੋ ਆਪਣੀ ਖਿੱਚਾ- ਖਿੱਚੀ ਵਿਚ ਹੁੰਦੇ ਹਨ। ਮੈਂ ਜਦ ਦੋ ਮਿਤ੍ਰਾਂ ਨੂੰ ਜੱਫੀ ਪਾਏ ਵੇਖਦਾ ਹਾਂ ਤਾਂ ਹੱਸਦਾ ਹਾਂ ਕਿ ਇਨ੍ਹਾਂ ਦੋਹਾਂ ਦੇ ਦਿਲ ਤਾਂ ਖੁਦਗਰਜ਼ੀ ਵਲ ਜਾ ਰਹੇ ਹਨ, ਇਕ ਦੂਜੇ ਤੋਂ ਵਧੀਕ ਲਾਭ ਉਠਾਉਣਾ ਚਾਹੁੰਦੇ ਹਨ ਤੇ ਮਿਲੇ ਐਉਂ ਹਨ ਕਿ ਮਾਨੋ ਇਕ ਦੂਜੇ ਲਈ ਪਿਆਰ ਹੈ ਤੇ ਕੁਛ ਕੁਰਬਾਨੀ ਕਰ ਰਹੇ ਹਨ।

ਬ੍ਰਿਸਟਰ— ਠੀਕ! ਮੇਰਾ ਬੀ ਇਹੋ ਤਜਰਬਾ ਹੈ। ਤੁਸੀਂ ਤੇ ਮੈਂ ਇਕੋ ਟਿਕਾਣੇ ਹਾਂ। (ਵਹੁਟੀ ਵੱਲ ਤੱਕ ਕੇ) ਡਿੱਠਾ ਹਈ?

ਡਾਕਟਰ— ਤੁਹਾਡਾ ਤੇ ਮੇਰਾ ਫਰਕ ਹੈ। ਮੈਂ ਇਸ ਹਾਲਤ ਨੂੰ ਦੇਖਕੇ ਇਨਸਾਨ ਦੀ ਇਕ ਬੀਮਾਰੀ ਸਮਝਦਾ ਹਾਂ। ਇਸ ਨੂੰ ਮਾੜਾ ਜਾਣਦਾ ਹਾਂ, ਅਰ ਇਸ ਤੋਂ ਉੱਚੀ, ਸੁੱਚੀ ਤੇ ਸੱਚੀ ਇਕ ਹਾਲਤ ਸੰਭਵ ਸਮਝਦਾ ਹਾਂ ਜੋ ਮੈਨੂੰ ਪਿਆਰੀ ਲਗਦੀ ਹੈ। ਤੁਸੀਂ ਇਸ ਹਾਲਤ ਨੂੰ ਚੰਗਾ ਸਮਝਦੇ ਹੋ, ਇਸ ਵਿਚ ਵਰਤਦੇ ਹੋ ਤੇ ਇਸ ਤੋਂ ਉੱਚੀ ਹਾਲਤ ਨੂੰ ਮੰਨਣ ਵਾਲੇ ਨਹੀਂ ਹੋ, ਸੋ ਮੇਰਾ ਤੁਹਾਡਾ ਜ਼ਿਮੀਂ ਅਸਮਾਨ ਦਾ ਫਰਕ ਹੈ। ਮੈਂ ਇਸ ਹਾਲਤ ਪਰ ਅੱਥਰੂ ਕੇਰਦਾ ਹਾਂ, ਤੁਸੀਂ ਏਸ ਹਾਲਤ ਪਰ ਪ੍ਰਸੰਨ ਤੇ ਸੰਤੁਸ਼ਟ ਹੋ। ਲਓ ਮੈਨੂੰ ਅੱਜ ਕਾਹਲ ਹੈ, ਫੇਰ ਕਦੇ ਸਹੀ।

ਅਸੰਤੁਸ਼ਟ ਹਿਰਦੇ ਡਾਕਟਰ ਬਾਹਰ ਆਇਆ, ਕਮਲ ਫੁਲ ਵਿਚ ਕੋਲੇ ਮਘਦੇ ਦੇਖ ਜੀਕੂੰ ਕੋਈ ਉਦਾਸ ਹੋਵੇ, ਇਸ ਤਰ੍ਹਾਂ ਬਾਬੇ ਲਈ ਡਾਕਟਰ ਸਾਹਿਬ ਉਦਾਸ ਸਨ। ਅੱਗੋਂ ਬਾਬਾ ਜੀ ਮਿਲੇ ਟਿਕਵੇਂ ਮੱਥੇ ਵਾਲੇ।

ਬਾਬਾ— ਜੈਸਾ ਮਨ ਆਪਨਾ ਪਰਮਨ ਤੈਸਾ, ਦੇਖੋ! ਇਹ ਇਕ ਅਸੂਲ ਹੈ। ਆਪਣੇ ਵਰਗਾ ਸਭ ਨੂੰ ਦੇਖੋ। ਜਿਹੋ ਜਿਹਾ ਤੁਹਾਨੂੰ ਆਪਣਾ ਆਪ ਪਿਆਰਾ ਹੈ, ਇਸ ਤਰ੍ਹਾਂ ਸੱਭਨਾਂ ਵਿਚ ਆਪਣੇ ਆਪ ਦਾ ਪ੍ਰਤਿਬਿੰਬ ਦੇਖੋ। ਪਰ ਡਾਕਟਰ ਜੀ! ਇਸ ਤੋਂ ਇਕ ਉੱਚਾ ਅਸੂਲ ਹੋਰ ਹੈ ਜੋ ਗੁਰੂ ਬਾਬੇ ਨੇ ਕਿਹਾ ਹੈ:-

"ਉਰਿ ਧਾਰੈ ਜੋ ਅੰਤਰਿ ਨਾਮੁ॥
ਸਰਬ ਮੈ ਪੇਖੈ ਭਗਵਾਨੁ॥"

ਜਿਸਦੇ ਅੰਦਰ ਨਾਮ ਦਾ ਨਿਵਾਸ ਹੋ ਗਿਆ ਹੈ, ਉਹ ਸਭ ਘਟਾਂ ਵਿਚ ਵਾਹਿਗੁਰੂ ਵਿਆਪਕ ਨੂੰ ਵੇਖਦਾ ਹੈ।

ਡਾਕਟਰ ਜੀ! ਸਤਿਗੁਰ ਦੇ ਏਸ ਆਦਰਸ਼ ਪਰ ਬੀ ਵਿਚਾਰ ਕਰਨੀ।

ਡਾਕਟਰ ਸਾਹਿਬ ਨੂੰ ਕਾਹਲ ਸੀ ਸੋ ਬਾਬਾ ਜੀ ਤੋਂ ਅਦਬ ਨਾਲ, ਪਰ ਛੇਤੀ ਵਿਦਾ ਹੋ ਗਏ। ਕੁਛ ਚਿਰ ਮਗਰੋਂ ਇਕ ਪੁਲਸ ਦਾ ਸਿਪਾਹੀ ਬਾਬੇ ਦਾ ਘਰ ਪੁੱਛਦਾ ਆਯਾ ਤੇ ਥਾਣੇਦਾਰ ਦਾ ਪਰਵਾਨਾ ਲਿਆਇਆ ਕਿ ਬ੍ਰਿਸਟਰ ਕਚਹਿਰੀ ਜਾਣ ਜੋਗਾ ਹੋਇਆ ਹੈ ਕਿ ਨਹੀਂ, ਅਸੀਂ ਮੁਕੱਦਮੇ ਨੂੰ ਅੱਗੇ ਟੋਰਨਾਂ ਹੈ। ਇਸਦਾ ਜੁਵਾਬ ਬਾਬਾ ਡਾਕਟਰ ਜੀ ਤੋਂ ਦਿਵਾਉਣਾ ਚਾਹੁੰਦਾ ਸੀ, ਪਰ ਡਾਕਟਰ ਟੁਰ ਚੁਕਾ ਸੀ, ਸੋ ਆਪਣੇ ਪੁਤ ਨੂੰ ਘੋੜੀ ਤੇ ਚਾੜ੍ਹਕੇ ਤੇ ਸੰਦੇਸਾ ਦੇਕੇ ਟੋਰ ਦਿੱਤਾ ਕਿ ਡਾਕਟਰ ਜੀ ਤੋਂ ਜਵਾਬ ਲਿਖਵਾ ਲਿਆਵੇ ਜੋ ਥਾਣੇਦਾਰ ਵੱਲ ਘੱਲਿਆ ਜਾਵੇ। ਬਾਬੇ ਦੀ ਮਰਜ਼ੀ ਸੀ ਕਿ ਬੀਮਾਰ ਨੂੰ ਇਸ ਗੱਲ ਦਾ ਪਤਾ ਨਾ ਲੱਗੇ, ਪਰ ਬ੍ਰਿਸਟਰਾਣੀ ਨੇ ਸੁਭਾਗ ਜੀ ਤੋਂ ਪਤਾ ਕਰ ਲਿਆ ਸੀ ਤੇ ਬ੍ਰਿਸਟਰ ਸਾਹਿਬ ਸੁਣਕੇ ਬੜੇ ਤਿਲਮਿਲ ਤਿਲਮਿਲ ਕਰ ਰਹੇ ਸਨ ਅਰ ਉਡੀਕ ਰਹੇ ਸਨ ਕਿ ਬਾਬਾ ਆਵੇ ਤਾਂ ਪੱਕਾ ਪਤਾ ਕਰੇ, ਪਰ ਬਾਬਾ ਉਸ ਵੇਲੇ ਤਕ ਅੰਦਰ ਨਾ ਆਇਆ ਜਿਸ ਵੇਲੇ ਤਾਈਂ ਕਿ ਡਾਕਟਰ ਵੱਲੋਂ ਜਵਾਬ ਨਾ ਆ ਗਿਆ। ਜੋ ਇਹ ਸੀ ਕਿ ਬੀਮਾਰ ਅਜੇ ਸਫਰ ਕਰਨ ਲਾਇਕ ਨਹੀਂ ਹਨ। ਸੋ ਬਾਬੇ ਨੇ ਪੁਲਸ ਵਾਲੇ ਨੂੰ ਇਹ ਉੱਤਰ ਦੇਕੇ ਟੋਰ ਦਿੱਤਾ ਸੀ। ਹੁਣ ਦਿਨ ਢਲਣ ਦਾ ਵੇਲਾ ਹੋ ਗਿਆ ਸੀ, ਬਾਬਾ ਅੰਦਰ ਗਿਆ। ਅੱਗੋਂ ਬ੍ਰਿਸਟਰ ਨੇ ਸਾਰਾ ਹਾਲ ਪੁੱਛਿਆ ਤਦ ਬਾਬੇ ਨੇ ਦੱਸ ਦਿੱਤਾ ਕਿ ਇਸ ਤਰ੍ਹਾਂ ਪਰਵਾਨਾਂ ਆਇਆ ਸੀ ਤੇ ਐਉਂ ਉੱਤਰ ਘਲਵਾ ਦਿੱਤਾ ਗਿਆ ਹੈ। ਇਸ ਪਰ ਬ੍ਰਿਸਟਰ ਸਾਹਿਬ ਕੁਛ ਤਾਂ ਬਾਬੇ ਦੀ ਅਕਲ ਤੇ ਹਮਦਰਦੀ ਪਰ ਖੁਸ਼ ਹੋਏ ਤੇ ਕੁਛ ਪੁਲਸ ਦੀ ਸਖਤੀ ਤੇ ਬੇਦਰਦੀ ਪਰ ਤ੍ਰੁੱਪੇ। ਕਈ ਗਾਲੀਆਂ ਦੇਕੇ

SIKHBOOKCLUB.COM

ਕਹਿ ਉਠੇ ਮੈਨੂੰ ਸਮਝ ਨਹੀਂ ਆਉਂਦੀ ਕਿ ਪੁਲਸ ਇਤਨਾ ਦੁਖ ਕਿਉਂ ਦੇਂਦੀ ਹੈ? ਇਸ ਪਰ ਬਾਬਾ ਮੁਸਕ੍ਰਾ ਪਿਆ। ਬਾਬੇ ਨੂੰ ਮੁਸਕ੍ਰਾਉਂਦਾ ਦੇਖਕੇ ਬ੍ਰਿਸਟਰ ਸਾਹਿਬ ਦਾ ਜ਼ਰਾ ਗੁੱਸਾ ਹੋਰ ਵਧ ਗਿਆ, ਪਰ ਆਵਾਜ਼ ਚੰਗੀ ਬਣਾ ਕੇ ਕਹਿਣ ਲੱਗੇ-ਬਾਬਾ ਜੀ! ਆਪ ਕਿਉਂ ਹੱਸ ਪਏ ਹੋ, ਆਪ ਨੂੰ ਤਾਂ ਜ਼ੁਲਮ ਪਰ ਰੋਣ ਆਉਣਾ ਚਾਹੀਏ?

ਬਾਬਾ— ਜ਼ੁਲਮ ਪਰ ਤਾਂ ਮੈਂ ਸਦਾ ਮੋਮ ਦਿਲ ਹੋਕੇ ਅਰਦਾਸ ਕਰਦਾ ਹਾਂ ਕਿ ਵਾਹਿਗੁਰੂ ਬਖਸ਼ ਲਵੇ। ਹਾਸਾ ਮੈਨੂੰ ਜ਼ੁਲਮ ਪਰ ਤਾਂ ਨਹੀਂ ਆਇਆ, ਆਪ ਦੀ ਆਸ ਉਮੈਦ ਪਰ ਆਇਆ ਹੈ।

ਬ੍ਰਿਸਟਰ— ਉਹ ਕਿਵੇਂ?

ਬਾਬਾ— ਇਸ ਤਰ੍ਹਾਂ ਜਿਸ ਤਰ੍ਹਾਂ ਸਾਡੇ ਵਿਚੋਂ ਕੋਈ ਚੀਣਾਂ ਬੀਜੇ, ਜਦੋਂ ਚੀਣਾਂ ਲੱਗੇ ਤਾਂ ਉਹ ਵੇਖ ਕੇ ਖਫਾ ਹੋਵੇ ਕਿ ਕਣਕ ਕਿਉਂ ਨਹੀਂ ਲੱਗੀ। ਉਸ ਦੀ ਇਸ ਕਣਕ ਨਾਂ ਲੱਗਣ ਦੀ ਨਿਰਾਸਤਾ ਪਰ ਜਿਸ ਤਰ੍ਹਾਂ ਹਾਸਾ ਆਉਂਦਾ ਹੈ ਮੈਨੂੰ ਇਸ ਤਰ੍ਹਾਂ ਦਾ ਹਾਸਾ ਆਇਆ ਹੈ।

ਬ੍ਰਿਸਟਰ— ਮੈਂ ਨਹੀਂ ਸਮਝ ਸਕਿਆ।

ਬਾਬਾ— ਤੇ ਬਰੀਕੀਆਂ ਨਾਲ ਮੈਂ ਨਹੀਂ ਸਮਝਾ ਸਕਦਾ, ਇਕ ਕਥਾ ਸੁਣਾ ਦੇਂਦਾ ਹਾਂ, ਆਸ ਹੈ ਆਪ ਉਸ ਤੋਂ ਸਮਝ ਜਾਓਗੇ:-

ਇਕ ਆਦਮੀ ਨੇ ਕਿਸੇ ਜ਼ੁਲਮ ਤੋਂ ਸਤ ਕੇ ਆਪਣਾ ਕਮਾਮ ਛੱਡਕੇ ਡਾਕੂ ਹੋਣਾ ਪਸੰਦ ਕਰ ਲਿਆ। ਪਹਿਲਾਂ ਤਾਂ ਇਕੱਲਾ ਰਾਹ ਮਾਰਦਾ ਰਿਹਾ, ਪਰ ਜਦ ਕੁਛ ਵਰਗਸ ਆ ਗਈ ਤੇ ਰੁਪਏ ਹੋ ਗਏ ਤਾਂ ਜੱਥਾ ਬਨਾਉਣ ਲੱਗਾ। ਸਹਿਜੇ ਸਹਿਜੇ ਇਸ ਨੇ ਇਕ ਤਕੜਾ ਟੋਲਾ ਬਣਾ ਲਿਆ। ਆਪ ਤਾਂ ਇਹ ਸਰਦਾਰ ਬਣਿਆ ਤੇ ਆਪਣੇ ਮਗਰ ਵਾਲਿਆਂ ਨੂੰ ਖੂਬ ਰਾਹ ਮਾਰੀ ਦੇ ਹੁਨਰ ਸਿਖਾ ਸਿਖਾਕੇ ਇਸ ਨੇ ਦੌਲਤ ਕਮਾਈ। ਪਹਾੜਾਂ ਦੀਆਂ ਗਾਰਾਂ ਤੇ ਚਟਾਨਾਂ ਦੇ ਓਹਲੇ ਧਨ ਛਿਪਾਏ ਤੇ ਨਿੱਤ ਨਵੇਂ ਧਾੜੇ ਮਾਰੇ। ਇਕ ਦਿਨ ਸਰਦਾਰ ਆਪਣਾ ਹਿੱਸਾ ਛੁਪਾਉਣ ਗਿਆ ਸੀ ਤਾਂ ਟੋਲੇ ਦੇ ਸਾਰੇ ਰਾਹਮਾਰਾਂ ਨੇ ਸਲਾਹ ਕੀਤੀ ਕਿ ਲੜਦੇ ਮਾਰਦੇ ਜੋਖੋਂ ਅਸੀਂ ਪੈਂਦੇ ਹਾਂ ਤੇ ਸਾਰਿਆਂ ਤੋਂ ਵੱਡਾ ਹਿੱਸਾ ਇਹ ਲੈ ਜਾਂਦਾ ਹੈ, ਇਹ ਚਾਚਾ ਲੱਗਦਾ ਹੈ। ਆਓ ਅੱਜ ਏਸੇ ਨੂੰ ਲੁੱਟੀਏ, ਸਾਰੀ ਦੌਲਤ ਖੋਹਕੇ ਆਪੋ ਵਿਚ ਇਕੋ ਜੇਹੀ ਵੰਡ ਲਈਏ। ਇਹ ਮਤਾ ਪਕਾਕੇ ਉਹਨਾ ਨੇ ਰਾਤ ਨੂੰ ਸਰਦਾਰ ਤੋਂ ਉਸ ਦੀ ਦੌਲਤ ਦਾ ਪਤਾ ਪੁੱਛਿਆ, ਉਸ ਨੇ ਨਾ ਦੱਸਿਆ, ਇਸ ਪਰ ਬੋਲ ਬੁਲਾਰਾ ਤੇ ਲੜਾਈ ਛਿੜ ਪਈ। ਚਿਰ ਤਾਈਂ ਡਾਕੂ ਲੜਦਾ ਰਿਹਾ, ਪਰ ਆਖਰ ਇਕੱਲਾ ਸੀ, ਘਾਇਲ ਹੋ ਕੇ ਢੈ ਪਿਆ। ਡਾਕੂਆਂ ਜਾਤਾ ਕਿ ਮਰ ਗਿਆ ਹੈ, ਓਧਰੋਂ ਜੰਗਲ ਵਿਚ ਕੁਛ ਚਾਨਣਾਂ ਦਿੱਸਿਆ ਤੇ ਟਾਪਾਂ ਦੀ ਆਵਾਜ਼ ਆਈ। ਡਾਕੂਆਂ ਨੂੰ ਪਤਾ ਸੀ ਕਿ ਰਾਜਾ ਤੇ ਸੈਨਾ ਨੇ ਅੱਜ ਲੰਘਣਾ ਹੈ, ਓਹ ਛੇਤੀ ਨਾਲ ਨੱਸ ਗਏ। ਜਦੋਂ ਰਾਜਾ ਦੀ ਸੈਨਾਂ ਲੰਘੀ ਤਾਂ ਨਾਲ ਇਕ ਸਾਧੂ ਜਾ ਰਿਹਾ ਸੀ, ਉਸ ਨੇ ਇਕ ਮਰਦ ਘਾਇਲ ਵੇਖਕੇ ਆਪਣੇ ਸੇਵਕ ਸਰਦਾਰ ਦੇ ਰਥ ਤੋਂ ਛਾਲ ਮਾਰੀ ਤੇ ਸੇਵਾ ਲਈ ਜੁੱਟ ਪਿਆ। ਇਹ ਸਾਧੂ ਸੇਵਾ ਕਰਨ ਲਈ ਉਥੇ ਹੀ ਰਹਿ ਪਿਆ। ਕੁਛ ਦਿਨ ਪਾਕੇ ਉਸ ਦੀ ਮਿਹਨਤ ਤੇ ਸੇਵਾ ਨਾਲ ਡਾਕੂ ਇੰਨਾਂ ਵੱਲ ਹੋ ਗਿਆ ਕਿ ਉਸ ਨੂੰ ਹੋਸ਼ ਆ ਗਈ ਤੇ ਉੱਠਣ ਬੈਠਣ ਲੱਗ ਪਿਆ; ਤਾਂ ਉਸ ਨੇ ਕੀ ਡਿੱਠਾ ਕਿ ਬੀਮਾਰ ਵੱਲ ਹੋ ਕੇ ਆਪਣੇ ਸਾਥੀਆਂ ਨੂੰ ਗਾਲ੍ਹਾਂ ਦੇਣ ਲੱਗ ਪਿਆ ਹੈ। ਸਾਧੂ ਨੇ ਜਦ ਸਾਰਾ ਪਤਾ ਕਰ ਲਿਆ ਕਿ ਇਹ ਡਾਕੂਆਂ ਦਾ ਸਰਦਾਰ ਹੈ ਤੇ ਆਪਣੇ ਡਾਕੂ ਤਾਬੇਦਾਰਾਂ ਨੂੰ ਉਹਨਾਂ ਦੀ ਪਹੇਮਾਨਗੀ ਤੇ ਧ੍ਰੋਹ ਪਰ ਗੁੱਸੇ ਹੋ ਰਿਹਾ ਹੈ ਤਾਂ ਹੱਸ ਪਿਆ। ਸਰਦਾਰ ਨੇ ਕਿਹਾ, ਤੂੰ ਕਿਉਂ ਹੱਸਿਆ ਹੈਂ? ਸਾਧੂ ਨੇ ਕਿਹਾ, ਤੇਰੀ ਆਸ ਪਰ। ਬੀਜਦਾ ਤੂੰ ਕਿਕਰ ਰਿਹਾ ਤੇ ਫਲ ਹੁਣ ਤੂੰ ਦਾਖਾਂ ਟੋਲਦਾ ਹੈਂ, ਇਹ ਸਪਸ਼ਟ ਹਾਸੇ ਦੀ ਗੱਲ ਹੈ। ਸਰਦਾਰ ਨੇ ਕਿਹਾ, ਕੀਕੂੰ? ਸਾਧੂ ਬੋਲਿਆ, ਜਦ ਤੂੰ ਆਪਣੇ ਚੇਲਿਆਂ ਨੂੰ ਦੂਸਰੇ ਦੇ 'ਹੱਕ' ਦੀ ਇਜ਼ਤ ਨਾ ਕਰਨੀ ਸਿਖਾਈ ਹੈ, ਜਦ ਸਾਰੀ ਉਮਰ ਤੂੰ ਇਹ ਮੱਤ ਉਨ੍ਹਾਂ ਨੂੰ ਦਿੱਤੀ ਹੈ ਕਿ ਦੂਸਰੇ ਦਾ ਮਾਲ ਜਾਨ ਮਾਰਕੇ ਬੀ ਖੋਹ ਲਵੋ, ਜਦ ਤੂੰ ਉਨ੍ਹਾਂ ਦੇ ਦਿਲ ਵਿਚੋਂ ਨਿਆਂ ਜਾਂ ਇਨਸਾਫ ਦਾ ਖਿਆਲ ਹੀ ਮਾਰਦਾ ਰਿਹਾ ਹੈਂ ਤੇ ਧੱਕਾ ਸਿਖਾਲਦਾ ਰਿਹਾ ਹੈਂ ਤਦ ਹੁਣ ਜੋ ਤੂੰ ਓਹਨਾਂ ਤੋਂ ਇਨਸਾਫ ਅਰ ਸਤਿਕਾਰ ਦੀ ਆਸ ਕਰਦਾ ਹੈਂ ਇਹ ਭੁੱਲ ਹੈ ਕਿ ਨਹੀਂ? ਉਨ੍ਹਾਂ ਤਾਂ ਇਹ ਮੱਤ ਸਿੱਖੀ ਹੈ ਕਿ ਦੂਸਰੇ ਦੇ 'ਹੱਕ ਨੂੰ ਸਤਿਕਾਰਨਾ' ਨਹੀਂ, ਪਰ ਹੱਕ ਮਾਰਨਾ

SIKHBOOKCLUB.COM

ਹੈ, ਤਦ ਓਹ ਤੇਰਾ ਹੱਕ ਕੀਕੂੰ ਪਛਾਣਨ? ਜਦ ਉਨ੍ਹਾਂ ਤੈਥੋਂ ਸਿਖਯਾ ਹੀ ਇਹ ਪਾਈ ਹੈ ਕਿ ਰਾਜਾ ਦੇ ਹੁਕਮ ਨੂੰ ਕਿ ਦੇਸ਼ ਦੇ ਕਾਨੂੰਨ ਕਿ ਨੇਕੀ ਨੂੰ ਨਹੀਂ ਮੰਨਣਾ ਤਦ ਉਹ ਤੇਰੀ ਆਗਜਾ ਵਿਚ ਟੁਰਨਾ ਕਿੱਥੋਂ ਸਿੱਖ ਲੈਣ। ਤੂੰ ਉਨ੍ਹਾਂ ਨੂੰ ਧੱਕਾ ਜ਼ੁਲਮ, ਤੱਦੀ, ਬੇਇਨਸਾਫੀ ਸਿਖਾਈ ਉਹੋ ਵਰਤਾਉ ਉਨ੍ਹਾਂ ਨੇ ਤੇਰੇ ਨਾਲ ਵਰਤਿਆ। ਹੁਣ ਤੂੰ ਹੈਰਾਨ ਕਿਉਂ ਹੁੰਦਾ ਹੈਂ? ਬੀਜ ਕੇ ਜ਼ੁਲਮ ਤੇ ਅਨਾਦਰ, ਫਲ ਚਾਹੁੰਦਾ ਹੈਂ ਲੱਗੇ ਇਨਸਾਫ ਤੇ ਸਤਿਕਾਰ*?

ਬ੍ਰਿਸਟਰ— (ਘਬਰਾਕੇ)- ਬਾਬਾ ਜੀ! ਪੁਲਸ ਵਾਲੇ ਮੈਂ ਤਾਂ ਨਹੀਂ ਸਿਖਾਏ। ਮੈਂ ਪੁਲੀਸ ਅਫਸਰ ਤਾਂ ਨਹੀਂ ਹਾਂ?

ਬਾਬਾ— ਮੈਂ ਨਾ ਪੁਲਸ ਨੂੰ ਮਾੜਾ ਕਹਿ ਰਿਹਾ ਹਾਂ ਨਾ ਵਕੀਲਾਂ ਨੂੰ। ਕਿਸੇ ਮਨੁੱਖ ਯਾ ਕਿਸੇ ਕਮਾਮ ਵਾਸਤੇ ਮੇਰੀ ਜੀਭ ਨਿੰਦਾ ਦਾ ਵਾਕ ਕਹਿ ਹੀ ਨਹੀਂ ਸਕਦੀ। ਮੈਂ ਤਾਂ ਇਕ ਰਾਹ ਦੀ ਗੱਲ ਕੀਤੀ ਹੈ। ਆਪ ਦਾ ਅਸੂਲ ਹੈ 'ਖ਼ੁਦਗਰਜ਼ੀ'। ਜੀਕੂੰ ਹੋ ਸਕੇ ਆਪਣਾ ਫਾਇਦਾ ਕਰਨਾ, ਧਰਮ ਤੇ ਸਦਾਚਾਰ ਦੀ ਬੀ ਪ੍ਰਵਾਹ ਨਾ ਕਰਨੀ। ਫੇਰ ਜਦ ਆਪ ਦਾ ਏਹ ਅਸੂਲ ਹੈ ਤਾਂ ਹਰ ਇਕ ਆਦਮੀ ਜੋ ਇਹ ਅਸੂਲ ਧਾਰਨ ਕਰੇ ਤਾਂ ਆਪਨੂੰ ਕਿਉਂ ਗੁੱਸਾ? ਆਪ ਜੋ ਆਪਣੇ ਲਈ ਠੀਕ ਤੇ ਚੰਗਾ ਸਮਝਦੇ ਹੋ ਤੇ ਕਰਦੇ ਹੋ, ਜਦ ਕੋਈ ਹੋਰ ਉਹੋ ਗੱਲ ਆਖੇ ਤੇ ਕਰੇ ਤਦ ਆਪ ਨੂੰ ਕਿਉਂ ਰੰਜ ਹੈ? ਆਪ ਖੁਸ਼ ਹੋਵੋ ਕਿ ਜਿਸ ਅਸੂਲ ਉੱਤੇ ਤੁਸੀਂ ਟੁਰਦੇ ਹੋ, ਜੋ ਵਰਤਾਰਾ ਤੁਸੀਂ ਚੰਗਾ ਸਮਝਦੇ ਹੋ, ਸਾਰੇ ਉਸੇ ਪਰ ਟੁਰ ਰਹੇ ਹਨ। ਮੈਂ ਸਮਝਦਾ ਹਾਂ ਕਿ 'ਨਾਮ' ਸਿਰ ਸ਼ੁਭ ਕਰਮਾਂ ਦੇ ਸ਼ੁਭ ਕਰਮ ਹੈ। ਮੈਂ 'ਨਾਮ' ਵਾਲੇ ਸੱਜਣਾਂ ਨੂੰ ਦੇਖਕੇ ਖੁਸ਼ ਹੁੰਦਾ ਹਾਂ। ਤੁਸਾਂ ਜੋ ਥਾਣੇਦਾਰ ਵਿਚ ਖ਼ੁਦਗਰਜ਼ੀ ਤੱਕੀ ਹੈ, ਉਸ ਵਿਚ ਆਪਣੇ ਫੈਦੇ ਦੀ ਲਾਲਸਾ ਡਿੱਠੀ ਹੈ ਤਾਂ ਉਹ ਉਸੇ ਅਸੂਲ ਪਰ ਟੁਰ ਰਿਹਾ ਹੈ ਕਿ ਜਿਸ ਪਰ ਤੁਸੀਂ ਟੇਕ ਧਾਰੀ ਤੁਰ ਰਹੇ ਹੋ। ਜੇ ਉਹ ਅਸੂਲ ਠੀਕ ਹੈ ਤਾਂ ਸਾਰੇ ਜਗਤ ਲਈ ਠੀਕ ਹੈ। ਉਸ ਦਾ ਪ੍ਰਚਾਰ ਵੇਖਕੇ ਖੁਸ਼ ਹੋਵੋ। ਹੁਣ ਤੁਸੀਂ ਮੇਰੇ ਹਾਸੇ ਦਾ ਕਾਰਨ ਸਮਝ ਗਏ ਹੋ ਕਿ ਨਹੀਂ? ਮੇਰਾ ਕੁਛ ਹੋਰ ਮਤਲਬ ਨਹੀਂ ਸੀ।

ਇਸ ਪਰ ਬ੍ਰਿਸਟਰਾਣੀ ਤਾਂ ਖਿੜ ਖਿੜ ਹੱਸ ਪਈ, ਪਰ ਬ੍ਰਿਸਟਰ ਬੁੱਲ੍ਹ ਟੁੱਕਦਾ ਸੋਚੀਂ ਪੈ ਰਿਹਾ ਸੀ। ਫੇਰ ਕਹਿਣ ਲੱਗਾ:- ਹਾਂ ਬਾਬਾ ਜੀ! ਮੈਂ ਨਹੀਂ ਸਮਝਿਆ, ਇਕ ਵੇਰੀ ਫੇਰ।

ਬਾਬਾ— ਫੇਰ ਕੀ, ਜੇ ਖ਼ੁਦਗਰਜ਼ੀ ਠੀਕ ਅਸੂਲ ਹੈ ਤਾਂ ਥਾਣੇਦਾਰ ਨੇ ਕੀ ਬੁਰਾ ਕੀਤਾ ਹੈ? ਤੁਸੀਂ ਆਪਣੇ ਫੈਦੇ ਦੇ ਫਿਕਰ ਵਿਚ, ਉਹ ਆਪਣੇ ਫੈਦੇ ਦੇ ਫਿਕਰ ਵਿਚ। ਤੁਸੀਂ ਆਪਣੇ ਫੈਦੇ ਲਈ ਧਰਮ ਦੀ ਵਿਚਾਰ ਨੂੰ ਕਮਜ਼ੋਰੀ ਤੇ ਕਾਇਰਤਾ ਸਮਝਦੇ ਹੋ, ਉਸਨੇ ਅਪਣੇ ਫੈਦੇ ਵਿਚ ਧਰਮ ਦੀ ਵਿਚਾਰ ਨੂੰ ਥਾਂ ਨਹੀਂ ਦਿੱਤੀ ਤਾਂ ਕੋਈ ਅਚਰਜ ਗੱਲ ਨਹੀਂ ਕੀਤੀ।

ਬ੍ਰਿਸਟਰ— ਫਿਰ ਆਪ ਦਾ ਸਿੱਧਾਂਤ ਕੀ ਹੈ?

ਬਾਬਾ— ਸਿੱਟਾ ਇਹ ਹੈ ਕਿ ਮਨੁਖ ਮਾਤ੍ਰ ਦੇ ਸੁਖ ਲਈ ਆਪ ਦਾ ਅਸੂਲ ਖੁੰਢਾ ਕਾਚੂ ਹੈ। ਨੇਕੀ ਜਾਂ ਭਲੀ ਵਰਤਣ, ਜਾਂ ਜਿਸ ਨੂੰ ਤੁਸੀਂ ਖਲਾਕ (ਇਖ਼ਲਾਕ[1]) ਕਹਿੰਦੇ ਹੋ ਉਸ ਦਾ ਫਲ ਘੱਟ ਤੋਂ ਘੱਟ ਇਹ ਤਾਂ ਹੋਣਾ ਚਾਹੀਏ ਕਿ ਮਨੁੱਖ ਮਾਤ੍ਰ ਦਾ ਸੁਖ ਖ਼ਰਾਬ ਨਾ ਹੋਵੇ। ਜੇ ਸਾਰੇ ਜਣੇ ਧੱਕੇ ਧੋੜੇ ਤੇ ਆਪਣੇ ਫੈਦੇ ਵੱਲ— ਦੂਜੇ ਦੀ, ਗੁਪਤ, ਪ੍ਰਗਟ ਸੀਨੇ ਜ਼ੋਰੀ ਨਾਲ ਜਾਂ ਛਲ ਕਪਟ ਨਾਲ ਹਾਨੀ ਕਰਕੇ— ਲੱਗੇ ਰਹੇ ਤਾਂ ਮਨੁੱਖ ਤੋਂ ਮਨੁੱਖ ਨੂੰ ਸੁਖ ਮਿਲ ਸਕਣਾ ਕਿੱਥੇ ਰਿਹਾ? ਨਾ ਭਾਈਚਾਰਾ[2] ਰਿਹਾ, ਨਾ ਰਿਆਸਤ[3] ਤੇ ਨਾ ਰਾਜ ਸੁਖ। ਜੇ ਇਕ ਡੰਗਰ ਦੂਜੇ ਡੰਗਰ ਨੂੰ ਢੁੱਡ ਮਾਰਕੇ ਖੁਰਲੀ ਤੋਂ ਪਰੇ ਧੱਕ-ਕੇ ਉਸ ਦੇ ਪੱਠੇ ਆਪ ਖਾ ਜਾਂਦਾ ਹੈ ਤਾਂ ਕਿਸੇ ਮਨੁੱਖ ਨੇ ਦੂਜੇ ਨੂੰ ਜ਼ੋਰ ਨਾਲ ਯਾ ਤ੍ਰਿੱਖੀ ਅਕਲ ਦੀ ਚਾਲਬਾਜ਼ੀ ਨਾਲ ਧੱਕਾ ਮਾਰਕੇ ਪਰੇ ਧੱਕ ਕੇ ਉਸ ਦਾ ਜੋ ਸੀ ਆਪਣਾ ਕਰ ਲਿਆ ਹੈ ਤਾਂ ਦੋਹਾਂ ਦਾ ਪਸੂ ਬਿਰਤੀ ਵਿਚ ਕਿੱਥੇ ਫਰਕ ਹੈ ਤੇ ਮਨੁੱਖ ਦੀ ਮਨੁੱਖਤਾਈ ਕਿਹੜੀ ਗੱਲ ਵਿਚ ਹੈ?

ਬ੍ਰਿਸਟਰ— ਤੁਸੀਂ ਕੀ ਚਾਹੁੰਦੇ ਹੋ?

ਬਾਬਾ— ਹਰ ਕੋਈ ਆਪਣੇ ਹੱਕ ਪਛਾਣੇ ਪਰ ਆਪਣੇ ਫਰਜ਼ ਨੂੰ ਵੀ ਪਛਾਣੇ ਜੋ ਉਸਦਾ ਹੋਰਨਾ

---

* ਬੁਧ ਸਮੇਂ ਦੀ ਇਹ ਵਾਰਤਾ ਕਈ ਜ਼ੁਬਾਨਾਂ ਵਿਚ ਛਪ ਚੁਕੀ ਹੈ। ਪੰਜਾਬੀ ਵਿਚ ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ ਤੋਂ ਮਿਲਦੀ ਹੈ, ਨਾਮ ਹੈ, 'ਸ਼੍ਰਮਣ ਨਾਰਦ'।

1. Morality. 2. Society. 3. State


www.sikhbookclub.com

ਵੰਨੇ ਹੈ। ਦੋਹਾਂ ਦਾ ਸਤਿਕਾਰ ਕਰੇ। ਮਤਲਬ ਕੀ ਕਿ ਧਰਮ ਪੁਰ ਟੁਰੇ, ਇਹ ਮਨੁੱਖਤਾਈ ਹੈ। ਫੇਰ ਆਪਣੇ ਘੱਟ ਵੱਧ ਉਪਰ ਸੰਤੋਖ ਕਰੇ, ਦੂਸਰੇ ਪਰ ਦਇਆ ਕਰੇ, ਇਹ ਦੇਵਤਾ ਪੁਣਾ ਹੈ। ਜੇ ਧਰਮ, ਸੰਤੋਖ ਤੇ ਦਇਆ ਤ੍ਰੈਏ ਹਰ ਪ੍ਰਾਣੀ ਵਰਤੇ ਤਾਂ ਜਗਤ ਦਾ ਸੂਤ* (ਇਕ-ਤੋਲ) ਅਡੋਲ ਹੋ ਜਾਏ, ਅਰ ਵਧੀਕ ਤੋਂ ਵਧੀਕ ਸੁਖ ਜੋ ਇਸ ਧਰਤੀ ਤੇ ਮਨੁੱਖ ਨੂੰ ਪ੍ਰਾਪਤ ਹੋ ਸਕਦਾ ਹੈ ਸਭ ਨੂੰ ਪ੍ਰਾਪਤ ਹੋ ਜਾਵੇ।

ਬ੍ਰਿਸਟਰ— (ਸੋਚਾਂ ਵਿਚੋਂ ਤ੍ਰਬ੍ਰਕ ਕੇ) ਤੁਸੀ ਕੁਛ ਅੰਗ੍ਰੇਜ਼ੀ ਸੰਸਕ੍ਰਿਤ ਕਿ ਫਾਰਸੀ ਦੀ ਵਿੱਦਯਾ ਬੀ ਪਾਈ ਹੈ?

ਬਾਬਾ— ਨਹੀਂ।

ਬ੍ਰਿਸਟਰ— ਗੱਲਾਂ ਡਾਢੇ ਵਿਦਵਾਨਾਂ ਵਾਙੂ ਕਰਦੇ ਹੋ।

ਬਾਬਾ— ਜੀ ਮੈਂ ਪੜ੍ਹਿਆ ਪੰਡਤ ਨਹੀਂ ਹਾਂ, ਮੈਂ ਤਾਂ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਏਸ ਤੁਕ ਦੇ ਅਰਥ ਸੁਣਾਏ ਹਨ:-

"ਧੌਲੁ ਧਰਮੁ ਦਇਆ ਕਾ ਪੂਤੁ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥"

ਤੇ ਇਕ ਹੋਰ ਤੁਕ ਹੈ:-

"ਹਕੁ ਪਰਾਇਆ ਨਾਨਕਾ
ਉਸੁ ਸੂਅਰ ਉਸੁ ਗਾਇ॥"

ਤੇ ਇਕ ਹੋਰ:-

"ਖਿਮਾ ਵਿਹੂਣੇ ਖਪਿ ਗਏ
ਖੂਹਣਿ ਲਖ ਅਸੰਖ॥"

ਤੇ ਇਕ ਹੋਰ ਹੈ:-

"ਫਰੀਦਾ ਬੁਰੇ ਦਾ ਭਲਾ ਕਰਿ
ਗੁਸਾ ਮਨਿ ਨ ਹਢਾਇ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥"

ਮੈਂ ਆਪ ਨੂੰ, ਜਗਤ ਵਿਚ ਸੂਤ* ਕੀਕੂੰ ਕਾਇਮ ਰਹੇ, ਓਹੋ ਗੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਤ ਮੂਜਬ ਤੇ ਸਤਿਸੰਗ ਵਿਚੋਂ ਪਾਈ ਸਿੱਖਿਆ ਮੂਜਬ ਦੱਸੀ ਹੈ। ਮੈਂ ਵਿੱਦਯਾ ਨਹੀਂ ਪਾਈ, ਪਰ ਸਤਿਸੰਗ ਦੀ ਟਕਸਾਲ ਵਿਚ ਸਿਖ੍ਯਾ ਪਾਈ ਹੈ।

ਬ੍ਰਿਸਟਰ— ਕੀ ਆਪ ਨੂੰ ਇਕ ਹੋਰ ਖਿਆਲ ਦਾ ਬੀ ਪਤਾ ਹੈ ਕਿ ਜੋ ਚੀਜ਼ ਜ਼ੋਰਾਵਰ ਹੈ ਓਹ ਰਹਿੰਦੀ ਹੈ, ਦੂਜੀ ਨਸ਼ਟ ਹੋ ਜਾਂਦੀ ਹੈ।

ਬਾਬਾ— ਇਹ ਤਾਂ ਸਿੱਧੀ ਗੱਲ ਹੈ।

ਬ੍ਰਿਸਟਰ— ਫੇਰ ਜ਼ੋਰਾਵਰ ਦਾ ਹੱਕ ਹੈ ਕਿ ਕਮਜ਼ੋਰੇ ਨੂੰ ਖੱਸ ਲਵੇ?

ਬਾਬਾ— ਨਹੀਂ, ਮੰਨ ਲਓ ਕਿ ਇਕ ਜਣਾ 'ਜ਼ੋਰ ਵਾਲਾ' ਹੈ, ਤੁਸੀਂ ਆਖਦੇ ਹੋ ਇਹ ਚੰਗਾ ਹੈ, ਮੈਂ ਪੁੱਛਦਾ ਹਾਂ ਜੇ ਚੀਜ਼ ਚੰਗੀ ਹੈ, ਉਹ ਵਧੇ ਕਿ ਘਟੇ?

ਬ੍ਰਿਸਟਰ— ਵਧੇ।

ਬਾਬਾ— ਫੇਰ ਜ਼ੋਰ ਵਾਲੇ ਨੂੰ ਚਾਹੀਏ ਕਿ ਹੋਰਨਾ ਵਿਚ ਜ਼ੋਰ ਭਰੇ ਕਿ ਆਪਣੇ ਜ਼ੁਲਮ ਤੇ ਧੱਕੇ ਨਾਲ ਹੋਰਨਾਂ ਨੂੰ ਨਿਤਾਣੇ ਕਰੇ?

ਬ੍ਰਿਸਟਰ— ਹੈਂ! ਹੈਂ!! ਮੈਂ ਤੁਹਾਡੇ ਮਗਰ ਨਹੀਂ ਟੁਰ ਸਕਿਆ, ਫੇਰ ਕਹਿਣਾ।

ਬਾਬਾ— ਤੁਸਾਂ ਕਿਹਾ ਕਿ ਕਮਜ਼ੋਰ ਹੋਣਾ ਬੁਰਾ ਹੈ ਤੇ ਜ਼ੋਰ ਵਾਲੇ ਹੋਣਾ ਚੰਗਾ ਹੈ, ਮੈਂ ਕਹਿੰਦਾ ਹਾਂ ਕਿ ਜੇ ਕਮਜ਼ੋਰ ਹੋਣਾ ਚੰਗਾ ਨਹੀਂ ਤਾਂ ਜੋ ਜ਼ੋਰ ਵਾਲਾ ਹੋ ਕੇ ਲੋਕਾਂ ਨੂੰ ਅਪਣੇ ਧੱਕੇ ਨਾਲ ਨਿਤਾਣੇ ਬਣਾ ਰਿਹਾ ਹੈ ਉਹ ਚੰਗਾ ਕਰ ਰਿਹਾ ਹੈ ਕਿ ਮਾੜਾ?

ਬ੍ਰਿਸਟਰ— ਮਾੜਾ ਹੀ ਕਹਿਣਾ ਪਏਗਾ।

ਬਾਬਾ— ਬੱਸ ਮੇਰਾ ਮਤਲਬ ਆ ਗਿਆ।

ਬ੍ਰਿਸਟਰ— ਕਿਸ ਤਰ੍ਹਾਂ?

ਬਾਬਾ— 'ਜ਼ੋਰਵੰਦ' ਹੋਣਾ ਚੰਗਾ ਹੈ 'ਕਮਜ਼ੋਰ' ਹੋਣਾ ਮਾੜਾ ਹੈ। ਚੰਗੇ ਨੂੰ ਮਾੜਾ ਕੰਮ ਨਹੀਂ ਕਰਨਾ ਚਾਹੀਦਾ; ਜ਼ੋਰਵੰਦ ਨੂੰ ਨਹੀਂ ਚਾਹੀਦਾ ਕਿ ਲੋਕਾਂ ਨੂੰ ਕਮਜ਼ੋਰ ਕਰੇ। ਸੋ ਜ਼ੋਰ ਵਾਲਾ ਜਦੋਂ ਜ਼ੁਲਮ, ਜ਼ੋਰ, ਤੱਦੀ, ਧੱਕੇ ਧੋੜੇ ਕਰਦਾ ਹੈ, ਤਾਂ ਦੂਸਰਿਆਂ ਨੂੰ ਨਿਤਾਣੇ ਕਰਦਾ ਹੈ ਜਾਂ ਜਿਵੇਂ ਤੁਸਾਂ ਕਿਹਾ ਹੈ ਕਮਜ਼ੋਰ ਕਰਦਾ ਹੈ, ਪਰ ਉਸ ਨੂੰ ਚਾਹੀਦਾ ਸੀ ਕਿ ਹੋਰਨਾਂ ਨੂੰ ਜ਼ੋਰ ਵਾਲੇ ਬਣਾਵੇ। ਅਸੀਂ ਆਦਮੀ ਹਾਂ, ਅਸੀਂ ਭਾਈਚਾਰੇ ਵਿਚ ਵੱਸਦੇ ਹਾਂ, ਬੰਦੇ ਦਾ ਬੰਦਾ ਸੰਦਾ ਹੈ। ਸੰਗ, ਸਤਿਸੰਗ, ਭਾਈਚਾਰਾ, ਰਾਜ, ਰਿਆਸਤ ਸਭ ਦੀ ਸਾਨੂੰ ਸੋਝੀ ਹੈ। ਜੋ ਮਨੁੱਖ ਜਿਸ ਗੱਲ ਨੂੰ ਚੰਗਾ ਸਮਝਦਾ ਹੈ ਉਹ ਚਾਹੁੰਦਾ ਹੈ ਕਿ ਇਹ ਚੰਗਿਆਈ ਸਭ ਵਿਚ ਵਰਤ ਜਾਵੇ। ਫੇਰ ਜ਼ੋਰਵੰਦ ਇਹ ਕਿਉਂ ਚਾਹੁੰਦਾ ਹੈ ਕਿ ਮੈਂ ਆਪਣੇ ਜ਼ੋਰ ਨਾਲ ਜਾਂ ਚਤੁਰਾਈ ਨਾਲ ਹੋਰਨਾ ਨੂੰ ਕਮਜ਼ੋਰ ਕਰਾਂ? ਐਸਾ ਕਰਨ ਵਿਚ

* Harmony

ਜ਼ੋਰਵੰਦ ਇਹ ਦੱਸ ਰਿਹਾ ਹੈ ਕਿ ਉਹ ਆਪਣੇ ਅਸੂਲ ਦਾ ਆਪ ਘਾਤ ਕਰ ਰਿਹਾ ਹੈ; ਕਿਉਂਕਿ ਉਹ ਆਖਦਾ ਤਾਂ ਇਹ ਹੈ ਕਿ ਜ਼ੋਰਵੰਦ ਹੋਣਾ ਚੰਗਾ ਹੈ, ਪਰ ਆਪਣੇ ਧੱਕੇ ਨਾਲ ਜੋ ਆਦਮੀ ਉਹ ਬਣਾ ਰਿਹਾ ਹੈ ਉਹ ਨਿਤਾਣੇ ਬਣਾ ਰਿਹਾ ਹੈ! ਇਸੀ ਤਰ੍ਹਾਂ ਜਦ ਕੋਈ ਹੋਰ ਜ਼ੋਰਵੰਦ ਜੰਮ ਪੈਂਦਾ ਹੈ ਤੇ ਉਸਦੀ ਖ਼ਬਰ ਲੈਂਦਾ ਤੇ ਭੁਗਤ ਸੁਆਰਦਾ ਹੈ, ਤਾਂ ਉਹ ਆਖਦਾ ਹੈ ਕਿ ਇਹ ਮਾੜਾ ਕਰ ਰਿਹਾ ਹੈ।

ਬ੍ਰਿਸਟਰ— ਤੁਹਾਨੂੰ ਸਿੱਖਾਂ ਅਨਪੜ੍ਹਾਂ ਨੂੰ ਇਹ ਅਕਲਾਂ ਕੀਕੂੰ ਆ ਗਈਆਂ?

ਬਾਬਾ— ਅਸੀਂ ਪਿੰਜਰਿਆਂ ਵਿਚ ਨਹੀਂ ਪਏ ਤੇ ਲਟਪਟ ਪੈਤੀਆਂ ਨਹੀਂ ਪੜ੍ਹੇ, ਪਰ ਅਸੀਂ ਵਰਤਾਰੇ ਦੀ ਭੱਠੀ ਵਿਚ ਵਰਤਕੇ ਤੇ ਸਤਿਸੰਗ ਦੀ ਟਕਸਾਲ ਵਿਚ ਘੜੇ ਜਾਕੇ ਬਾਹਰ ਨਿਕਲੇ ਹਾਂ। ਅਸੀਂ ਸਿੱਖ ਹਾਂ, ਅਸਾਂ ਸਿਖਜ਼ਾ ਪਾਈ ਹੈ। ਹਿੰਦੁਸਤਾਨ ਵਿਚ ਜ਼ੁਲਮ ਪ੍ਰਧਾਨ ਸੀ ਤੇ ਜ਼ੋਰਵੰਦਾਂ ਨੇ ਸ੍ਰਿਸ਼ਟੀ ਨਿਤਾਣੀ ਕਰ ਦਿੱਤੀ ਸੀ, ਸਾਡੇ ਹਾਦੀ ਨੇ ਆਖਿਆ:—

"ਭੈ ਕਾਹੂ ਕਉ ਦੇਤ ਨਹਿ
ਨਹਿ ਭੈ ਮਾਨਤ ਆਨ।"

ਚੰਗਾ ਸੋ ਜੋ ਨਾ ਭੈ ਮੰਨੇ ਤੇ ਨਾ ਭੈ ਦੇਵੇ। ਜੋ ਭੈ ਨਹੀਂ ਮੰਨੇਗਾ ਉਹ ਜ਼ੋਰਵੰਦ ਹੋਵੇਗਾ, ਜੇ ਅੱਗੋਂ ਭੈ ਨਹੀਂ ਦੇਵੇਗਾ, ਉਹ ਆਪਣੇ ਵਰਗੇ ਹੋਰ ਪ੍ਰਾਣੀ ਬਣਨ ਵਿਚ ਮਦਦ ਦੇਵੇਗਾ, ਜੋ ਜ਼ੋਰ ਵਾਲੇ ਹੋਣਗੇ, ਭੈ ਨਹੀਂ ਖਾਣਗੇ ਤੇ ਭੈ ਨਹੀ ਦੇਣਗੇ।

ਸੋ ਸਾਨੂੰ ਗੁਰੂ ਨੇ ਜ਼ੋਰਾਵਰ ਬਣਾਇਆ, ਇੰਨੇ ਜ਼ੋਰਾਵਰ ਕਿ ਅਸੀਂ ਜ਼ੋਰਾਵਰਾਂ ਤੋਂ ਵਧ ਬਲ ਪ੍ਰਾਪਤ ਕੀਤਾ। ਅਸਾਂ ਉਨ੍ਹਾਂ ਜੋਰਾਵਰਾਂ ਨੂੰ ਕਿਹਾ ਕਿ ਤੁਸੀਂ ਸ੍ਰਿਸ਼ਟੀ ਪਰ ਜ਼ੁਲਮ ਨਾਂ ਕਰੋ। 'ਆਦਮੀ' ਨੂੰ ਜੋ ਕੁਦਰਤ ਵਿਚ ਸਭ ਤੋਂ ਉਚਾ ਨਮੂਨਾ ਹੈ, ਭੈ ਦੇਕੇ, ਜ਼ੁਲਮ ਕਰ ਕਰ ਕੇ ਨਿਤਾਣੇ ਹੀਣੇ ਨਾ ਬਣਾਓ। ਇਹਨਾਂ ਉਤੋਂ ਭੈ ਦਾ ਕੁੰਡਾ ਤੇ ਜ਼ੁਲਮ ਦਾ ਡੰਡਾ ਚਾ ਲਓ ਜਦ ਉਹਨਾਂ ਨਾ ਚਾਇਆ ਤਾਂ ਅਸਾਂ ਆਪਣੇ ਵਧਵੇਂ ਜ਼ੋਰ ਨਾਲ ਉਹਨਾਂ ਦਾ ਭੈ ਤੇ ਜ਼ੁਲਮ ਚਾ ਦਿਤਾ ਤੇ ਨਿਤਾਣਿਆਂ ਨੂੰ ਜੋ ਤਾਣ ਵਾਲੇ ਹੋਣ ਵਿਚ ਰੋਕ ਪੈ ਰਹੀ ਸੀ, ਦੂਰ ਕਰ ਦਿੱਤੀ। ਅਸੀਂ ਤਾਣ ਵਾਲੇ ਹੋ ਕੇ ਸ੍ਰਿਸ਼ਟੀ ਨੂੰ ਮਦਦ ਦਿੱਤੀ ਕਿ ਤਾਣ ਵਾਲੇ ਵਧਣ ਤੇ ਨਿਤਾਣੇ ਤਾਣ ਪਾਉਣ। ਇਸ ਤਰ੍ਹਾਂ ਅਸਾਂ ਵਰਤਾਰੇ ਵਿਚ ਸਾਰਾ ਕੁਝ ਸਿੱਖਿਆ ਸੀ। ਸਾਡੇ ਵਿਚ ਫੇਰ ਭੁੱਲ ਆ ਗਈ, ਅਸੀਂ ਆਪਣੇ ਨਿਸ਼ਾਨਿਆਂ ਤੋਂ ਉੱਕ ਗਏ, ਫੇਰ ਉਹ ਪ੍ਰਤਾਪ ਚਲਾ ਗਿਆ, ਪਰ ਅਸੂਲ ਤੇ ਵਰਤਾਰੇ ਸਾਡੇ ਪਾਸ ਹੈਨ ਤੇ ਅਸੀਂ ਜਗਤ ਵਿਚ ਮਹਾਨ ਸੁਖੀ ਹਾਂ ਤੇ ਸੁਖ ਦੇ ਦਾਤੇ ਹਾਂ।

ਬ੍ਰਿਸਟਰ— ਇਨ੍ਹਾਂ ਗੱਲਾਂ ਵਿਚ ਤੁਸੀਂ ਬੜੀ ਬੁੱਧੀ ਤੇ ਸੁਹਣੀ ਤੁਲਵੀਂ ਅਕਲ ਨਾਲ ਗੱਲਾਂ ਕੀਤੀਆਂ ਹਨ, ਪਰ ਤੁਸਾਂ ਕਿਤੇ ਰੱਬ ਦਾ ਜ਼ਿਕਰ ਨਹੀਂ ਕੀਤਾ?

ਬਾਬਾ— ਇਨ੍ਹਾਂ ਗੱਲਾਂ ਵਿਚ ਲੋੜ ਨਹੀਂ ਸੀ। ਅਸੀਂ ਜਗਤ ਪ੍ਰਬੰਧ ਤੇ ਵਿਚਾਰ ਕਰ ਰਹੇ ਸਾਂ, ਕਿ ਵਧੀਕ ਤੋਂ ਵਧੀਕ ਸੁਖ ਮਨੁੱਖ ਮਾਤ੍ਰ ਨੂੰ ਜ਼ੁਲਮ ਵਿਚ ਨਹੀਂ, ਪਰ ਨਿਆਂ (ਧਰਮ), ਸੰਤੋਖ ਤੇ ਦਇਆ ਵਿਚ ਮਿਲਦਾ ਹੈ।

ਬ੍ਰਿਸਟਰ— ਪਰ ਕੀ ਪਰਮੇਸ਼ੁਰ ਦਾ ਇਸ ਵਿਚ ਜ਼ਿਕਰ ਨਹੀਂ ਚਾਹੀਦਾ ਸੀ?

ਬਾਬਾ— ਤੁਸੀਂ, ਮੇਰੀ ਜਾਚੇ ਹੱਕ ਨਹੀਂ ਰੱਖਦੇ ਕਿ ਰੱਬ ਦਾ ਜ਼ਿਕਰ ਕਰੋ, ਜੀਕੂੰ ਬੀਮਾਰ ਹੱਕ ਨਹੀਂ ਰੱਖਦਾ ਕਿ ਮਿਠਾਈ ਦਾ ਜ਼ਿਕਰ ਕਰੇ, ਉਸ ਨੂੰ ਦੁੱਧ ਚੌਲ ਦੀ ਗੱਲ ਬਾਤ ਕਾਫੀ ਹੈ, ਜਦੋਂ ਅਰੋਗ ਹੋਵੇ ਤਦੋਂ ਪਿਆ ਪਕਵਾਨਾਂ ਦਾ ਖਿਆਲ ਕਰੇ।

ਬ੍ਰਿਸਟਰ— ਮੈਂ ਬੀਮਾਰ ਸਰੀਰ ਕਰਕੇ ਤਾਂ ਹਾਂ, ਪਰ ਹੋਰ ਰੋਗ ਕੀਕੂੰ ਹੈ?

ਬਾਬਾ— ਜੀਕੂੰ ਯੱਕੇ ਦੇ ਅੱਗੇ ਜੁੱਤਿਆ ਟੱਟੂ ਸਾਰਾ ਦਿਨ ਮਾਰਿਆ ਮਾਰਿਆ ਫਿਰਦਾ ਥੱਕਿਆ, ਚੂਰ ਹੋਇਆ 'ਮੱਚ' ਗੁਆਕੇ ਘੋੜਪਨ ਦੇ ਉੱਚੇ ਟਿਕਾਣੇ ਤੋਂ ਟੁੱਟ ਗਿਆ ਹੈ, ਉੱਕਰ ਮਨੁੱਖ ਸੋਚਾਂ, ਫਿਕਰਾਂ, ਚਿੰਤਾ, ਮਿਹਨਤਾਂ, ਗਮਾਂ, ਵਹਿਮਾਂ ਦਾ ਮਾਰਿਆ ਮਨੁੱਖ-ਪੁਨੇ ਦੇ ਮੱਚ ਤੋਂ ਵਿਰਵਾ ਹੋ ਚੁੱਕਾ ਹੈ। ਜੋ ਫਰਕ ਕੋਤਲ ਘੋੜੇ ਤੇ ਰੇੜ੍ਹੂ ਦੇ ਟੱਟੂ ਵਿਚ ਹੈ, ਸੋ ਫਰਕ ਇਕ ਸਾਬਤ ਦਿਲ, ਜੀਉਂਦੀ ਸੁਰਤ, ਰਸ ਮੰਡਲ ਵਿਚ ਵਸਦੇ ਮਨ ਵਾਲੇ ਮਨੁੱਖ ਤੇ ਸੋਚਾਂ, ਫਿਕਰਾਂ, ਵਹਿਮਾਂ, ਤ੍ਰਿਸ਼ਨਾਂ, ਆਮ ਸੰਸਾਰਕ ਸੰਕਲਪਾਂ ਵਿਕਲਪਾਂ ਦੇ ਕੁੱਠੇ ਹੋਏ ਦਿਲ ਵਾਲੇ ਇਨਸਾਨ ਵਿਚ ਹੈ। ਸੋ ਮਰੇ ਮਨ ਵਾਲਾ, ਟੁੱਟੇ ਹਿਰਦੇ ਵਾਲਾ ਪਹਿਲਾਂ ਦਿਲ ਸਾਬਤ ਕਰੇ, ਫੇਰ ਉਸ ਨੂੰ ਰੱਬ ਦੀ ਗੱਲ ਕਰਨ ਦਾ ਕੁਛ ਲਾਭ ਹੈ:-

www.sikhbookclub.com

ਕਬੀਰ ਜਾ ਕੀ ਦਿਲ ਸਾਬਤਿ ਨਹੀ
ਤਾ ਕਉ ਕਹਾਂ ਖੁਦਾਇ॥

ਬ੍ਰਿਸਟਰ— ਤੁਸੀਂ ਬੜੇ ਅਨੋਖੇ ਢੰਗ ਤੇ ਗੱਲਾਂ ਕਰਦੇ ਹੋ?

ਬਾਬਾ— ਜਿੱਥੇ ਉੱਕਾਂ ਓਥੇ ਠੀਕ ਕਰ ਦਿਓ, ਮੈਂ ਅੰਗਰੇਜ਼ੀਆਂ, ਫਾਰਸੀਆਂ ਪੜ੍ਹਿਆ ਹੋਇਆ ਨਹੀਂ ਹਾਂ। ਮੈਂ ਉਹ ਸਿਖਿਆ ਬਹੁਤ ਮਿਹਨਤਾਂ ਨਾਲ ਪਾਈ ਹੈ ਕਿ ਜਿਸ ਨਾਲ ਜਗਤ ਵਿਚ ਦੁਖ ਘਟੇ ਤੇ ਸੁਖ ਵਧੇ।

ਬ੍ਰਿਸਟਰ— ਤੁਹਾਡੇ ਪਾਸ ਕੀ ਹੈ ਜੋ ਇਸ ਤਰ੍ਹਾਂ ਦਾ ਸਾਫ ਤੁਹਾਡਾ ਦਿਮਾਗ ਹੈ?

ਬਾਬਾ— ਇਕ ਬੜੀ ਪੜ੍ਹੀ ਲਿਖੀ ਤ੍ਰੀਮਤ ਜਿਸ ਦੇ ਮਨ ਵਿਚ ਪਤੀ ਦਾ ਪ੍ਰੇਮ ਨਹੀਂ, ਪਤੀ ਨੂੰ ਬੜੀ ਸੁਹਣੀ ਬਣਾਕੇ ਚਿੱਠੀ ਲਿਖਦੀ ਹੈ ਤੇ ਇਕ ਮੂਰਖ ਅਨਪੜ੍ਹ ਪਰ ਪਤੀ ਪਿਆਰ ਨਾਲ ਕੁੱਠੀ ਪਈ ਇਸਤ੍ਰੀ ਆਪਣੇ ਪਤੀ ਨੂੰ ਨਿਰਾ ਸੁਖਸਾਂਦ ਦਾ ਸੁਨੇਹਾ ਘੱਲਦੀ ਹੈ, ਇਨ੍ਹਾਂ ਦੋਹਾਂ ਵਿਚ ਕੁਛ ਫਰਕ ਹੈ?

ਬ੍ਰਿਸਟਰ— ਹੈ।

ਬਾਬਾ— ਸਾਡੇ ਪਾਸ ਚਾਤੁਰੀ ਨਹੀਂ, ਬਣਾ ਬਣਾ ਕੇ ਗੱਲਾਂ ਕਰਨੀਆਂ ਅਸੀਂ ਨਹੀਂ ਜਾਣਦੇ ਪਰ ਗੁਰੂ ਤੇ ਪਰਮੇਸ਼ੁਰ ਦੀ ਮਿਹਰ ਨਾਲ ਸਾਡੇ ਅੰਦਰ ਪਿਆਰ ਹੈ, ਜੋ ਅੰਦਰ ਸਾਨੂੰ ਖੀਵੇ ਰੱਖਦਾ ਹੈ ਤੇ ਵਰਤੋਂ ਵਿਚ ਉਹ ਪਿਆਰ ਨੇਕੀ ਦੀ ਸੂਰਤ ਧਾਰਦਾ ਹੈ ਤੇ ਬਾਕੀ ਅਸੀਂ ਚੁੱਪ ਹਾਂ। ਅਸੀਂ ਆਪ ਜੈਸਿਆਂ ਨੂੰ ਗਲਾਂ ਨਾਲ ਤਸੱਲੀ ਨਹੀਂ ਦੇ ਸਕਦੇ, ਅਸੀਂ ਚਰਚਾ ਵਿਚ ਪੂਰੇ ਨਹੀਂ ਉਤਰ ਸਕਦੇ। ਪਰਮੇਸ਼ੁਰ ਹੈ ਕਿ ਨਹੀਂ? ਇਸ ਪਰ ਵਰਿਹਾਂ ਚਰਚਾ ਹੋ ਸਕਦੀ ਹੈ ਤੇ ਦਫਤਰ ਲਿਖੇ ਜਾ ਸਕਦੇ ਹਨ, ਪਰ ਇਸ ਨਾਲ ਕਿਸੇ ਕਲੇਜੇ ਵਿਚ ਪਰਮੇਸ਼ੁਰ ਪ੍ਰੇਮ ਦਾ ਦਗ ਦਗ ਕਰਦਾ ਚਿਣਗਾਰਾ ਮਘ ਨਹੀਂ ਉਠਦਾ। ਹੁਣ ਜੇ ਕੋਈ ਬੋਲ ਨਾ ਜਾਣੇ, ਪਰ ਉਸ ਦੇ ਦਿਲ ਦੇ ਅੰਦਰ 'ਸਾਈਂ ਦਾ 'ਪ੍ਰੇਮ' ਮਘ ਰਿਹਾ ਹੋਵੇ, ਉਹ ਆਪ ਸਾਹਿਬਾਂ ਨਾਲ ਕੀ ਗੱਲ ਕਰੇ? ਉਸ ਪਾਸ ਅੰਦਰ ਦਾ ਟਿਕਾਉ ਤੇ ਬਾਹਰ ਦਾ ਵਰਤਾਉ ਹੈ, ਜੇ ਇਹ ਕੁਛ ਵਖਿਆਨ ਦੇ ਰਿਹਾ ਹੋਵੇ ਤਾਂ ਦੇ ਰਿਹਾ ਹੋਵੇ। ਦਿਲ ਨੂੰ ਜ਼ੁਬਾਨ ਨਹੀਂ ਜੋ ਬੋਲਕੇ ਦੱਸੇ, ਛਾਤੀ ਨੂੰ ਛੇਕ ਨਹੀਂ ਜਿੱਥੋਂ ਦਿਲ ਦਿਖਾਇਆ ਜਾ ਸਕੇ। ਅੱਖਾਂ ਹਨ, ਚਿਹਰਾ ਹੈ, ਹੱਥ ਹਨ ਤੇ ਵਰਤਾਰਾ ਹੈ। ਮੂੰਹ ਦਾ ਕਿਹਾ ਵਾਉ ਹੈ:-

"ਜੋ ਜੀਇ ਹੋਇ ਸੁ ਉਗਵੈ
ਮੁਹ ਕਾ ਕਹਿਆ ਵਾਉ॥"

ਪੁਨਾ:-

"ਆਖਣੁ ਸੁਨਣਾ ਪਉਣ ਕੀ ਬਾਣੀ
ਇਹੁ ਮਨੁ ਰਤਾ ਮਾਇਆ॥"

ਬ੍ਰਿਸਟਰ— ਕੀ ਤੁਸੀਂ ਦਿਲ ਦੀ ਕੋਈ ਐਸੀ ਦਸ਼ਾ ਆਖ ਰਹੇ ਹੋ ਜੋ 'ਸਮਝ' ਤੋਂ ਕੁਛ ਹੋਰ ਹੈ?

ਬਾਬਾ— ਸਮਝ ਯਾ ਬੁਧ, ਯਾ ਵਿਚਾਰ ਸ਼ਕਤੀ ਮਨੁੱਖ ਦੇ ਅੰਦਰਲੇ ਦਾ ਇਕ ਅੰਗ ਹੈ, ਅੰਦਰਲਾ ਇਸ ਤੋਂ ਕੁਛ ਵੱਧ ਹੈ, ਹੋਰ ਹੈ। ਸਮਝ ਵਿਚ ਆਇਆ ਤਾਂ ਸਮਝ ਤ੍ਰਿੱਖੀ ਹੋ ਜਾਂਦੀ ਹੈ, ਸੁਭਾਵ ਨਹੀਂ ਬਦਲਦਾ। ਸਮਝ ਆਇਆਂ ਸੋਝੀ ਹੋ ਗਈ, 'ਅੰਦਰਲੇ ਨੂੰ ਪ੍ਰਾਪਤੀ ਹੋਈ ਕਿ ਨਹੀਂ ਇਹ ਦੂਜੀ ਗੱਲ ਹੈ। ਸੋਚਕੇ ਦੇਖੋ, ਜੇ ਕਿਸੇ ਦਾ ਪੁੱਤ੍ਰ ਮਰ ਜਾਏ ਤਦ ਸਾਰਾ ਜਹਾਨ ਆਕੇ ਸਮਝਾਉਂਦਾ ਤੇ ਦਿਲਬਰੀ ਦੀਆਂ ਸੋਝੀਆਂ ਦੇਂਦਾ ਹੈ, ਪਰ ਉਸ ਦੇ ਅੰਦਰ ਖੋਹ ਪਈ ਹੀ ਜਾਂਦੀ ਹੈ। ਜੇ ਸਮਝ ਹੀ ਸਭ ਕੁਝ ਸੀ ਤਾ ਲੋਕਾਂ ਦੇ ਸਮਝਾਉਣ ਨਾਲ ਖੋਹ ਕਿਉਂ ਨਾ ਮਿਟ ਗਈ, ਕਿਉਂਕਿ ਉਸਦੀ ਸਮਝ ਨੂੰ ਤਾਂ ਲੋਕਾਂ ਤੋਂ ਬਥੇਰੀ ਸੋਝੀ ਮਿਲੀ ਸੀ। ਕਦੇ ਅੰਦਰੋਂ ਸੁਰਤ ਕਿਸੇ ਉਚਿਆਣ ਤੇ ਹੁੰਦੀ ਹੈ ਤੇ ਨੁਕਸਾਨ ਹੋ ਜਾਂਦਾ ਹੈ, ਉਸ ਨੁਕਸਾਨ ਦੀ ਉਸ ਵੇਲੇ ਚੋਭ ਹੀ ਨਹੀਂ ਪੈਂਦੀ। ਉਸ ਵੇਲੇ ਨੁਕਸਾਨ ਦੀ ਸੋਝੀ ਤਾਂ ਹੁੰਦੀ ਹੈ, ਪਰ ਖੁੱਸਣ ਜਾਂ ਚੋਭ ਕਿਉਂ ਨਹੀਂ ਪੈਂਦੀ? ਸਿੱਧੀ ਗੱਲ ਹੈ ਕਿ ਸਾਡਾ ਅੰਦਰਲਾ ਨਿਰੀ ਸਮਝ ਹੀ ਨਹੀਂ, ਕੁਛ ਹੋਰ ਬੀ ਹੈ ਤੇ ਇਹ ਸੋਝੀ ਹੈ, ਇਹ ਅੰਦਰਲੇ ਦਾ ਇਕ ਹਿੱਸਾ ਹੈ, ਇਸ ਦਾ ਸਾਰਾ ਆਪਣਾ ਆਪ ਅਲੱਭ ਜਿਹਾ ਹੈ। ਇਸ ਦੇ ਅਲੱਭ ਹਿੱਸੇ ਵਿਚ (ਜਿਥੇ ਸੰਸਕਾਰ ਵੱਸਦੇ ਹਨ) ਜਦੋਂ ਰਸ ਭਰਦਾ ਤੇ ਉਚਿਆਣ ਆਉਂਦੀ ਹੈ, ਤਦੋਂ ਹੀ ਅੰਦਰ ਪ੍ਰਤੀਤੀ ਆ ਜਾਗਦੀ ਹੈ ਕਿ ਅਕਲਾਂ ਵਾਲੇ ਤੇ ਸੋਝੀਆਂ ਵਾਲੇ ਫੋਕੀਆਂ ਲੜਾਈਆਂ ਵਿਚ ਹਨ। ਗੁੱਸੇ ਨਹੀਂ ਹੋਣਾ, ਮੈਨੂੰ ਜਾਚ ਨਹੀਂ ਪਈ ਆਉਂਦੀ ਕਿ ਆਪ ਨੂੰ ਉਸ ਸੁਖ ਦਾ ਹਾਲ ਦੱਸਾਂ ਜੋ ਵਰਤੋਂ ਵਿਚ ਸਾਨੂੰ ਸਾਧ ਸੰਗਤ ਵਿਚੋਂ ਲੱਭਾ ਹੈ, ਜਿਸਦਾ ਵੇਰਵਾ ਕਥਾ ਤੇ ਵਿਆਖਿਆ ਵਿਚ

ਪੰਡਿਤ ਲੋਕ ਕਰਦੇ ਹਨ, ਪਰ ਮਾਣਦੇ ਨਹੀਂ। ਉਹ ਕੁਛ ਐਉਂ ਕਿਹਾ ਜਾ ਸਕਦਾ ਹੈ, ਜੀਕੂੰ ਵੈਦ ਦੁੱਧ ਦੇ ਗੁਣ ਜਾਣਦਾ ਹੈ ਤੇ ਦੱਸਦਾ ਹੈ, ਪਰ ਬੱਚਾ ਦੁੱਧ ਪੀਂਦਾ ਤੇ ਰਸ ਮਾਣਦਾ ਹੈ। ਵੈਦ ਦੁੱਧ ਨੂੰ ਜਾਣਦਾ ਹੈ, ਬੱਚਾ ਉਸ ਦੇ ਰਸ ਨੂੰ 'ਪ੍ਰਤੀਤ' ਕਰਦਾ ਹੈ, ਮਾਣਦਾ ਹੈ।

ਬ੍ਰਿਸਟਰ— ਮੈਨੂੰ ਜ਼ਰਾ ਖੋਹਲ ਕੇ ਦੱਸੋ ਕਿ 'ਸਮਝਣ' ਤੇ 'ਪ੍ਰਤੀਤੀ ਕਰ ਲੈਣ' ਤੋਂ ਤੁਹਾਡਾ ਕੀ ਮਤਲਬ ਹੈ?

ਬਾਬਾ— ਜਿੱਕੁਰ ਕਿਸੇ ਨੇ ਤਾਂ ਸੋਨੇ ਨੂੰ ਜਾਣ ਲਿਆ ਕਿ ਪੀਲਾ, ਭਾਰਾ ਤੇ ਮਹਿੰਗਾ ਹੁੰਦਾ ਹੈ, ਪਰ ਕਿਸੇ ਨੂੰ ਮੋਹਰਾਂ ਪ੍ਰਾਪਤ ਹੋ ਗਈਆਂ। ਕਿਸੇ ਨੇ ਲੂਣ ਦੇ ਗੁਣ ਸੁਣ ਤੇ ਜਾਣ ਲਏ ਪਰ ਕਿਸੇ ਨੇ ਲੂਣ ਚੱਖ ਲਿਆ।

ਬ੍ਰਿਸਟਰ ਬਹੁਤ ਸੋਚੀਂ ਪੈ ਗਿਆ ਸੀ, ਉਸ ਦੀਆਂ ਦਲੀਲਾਂ ਰੁਕਦੀਆਂ ਸਨ, ਬਾਬੇ ਵਲੋਂ ਕੁਛ ਕੋਰਾਪਨ ਬੀ ਸਮਝਦਾ ਸੀ ਪਰ ਬਾਬੇ ਦਾ ਖਹੁਰਾਪਨ ਤੇ ਪਤੇ ਦੀਆਂ ਗੱਲਾਂ ਉਸਨੂੰ ਵਧੀਕ ਤੋਂ ਵਧੀਕ ਸੋਚੀਂ ਪਾ ਰਹੀਆਂ ਸਨ। ਇਹ ਸੋਚਾਂ ਇਸ ਕਿਸਮ ਦੀਆਂ ਸਨ ਜਿਸ ਤਰ੍ਹਾਂ ਕੋਈ ਝਗੜੇ ਲਈ ਉੱਤਰ ਘੜਨ ਦੀ ਨਹੀਂ ਕਰਦਾ ਪਰ ਆਪਣੇ ਅੰਦਰ ਜੋ ਕੁਦਰਤ ਵਲੋਂ ਕਦੇ ਨਾ ਕਦੇ ਆਪਣੀ ਜ਼ਿੰਦਗੀ ਸੰਬੰਧੀ, 'ਇਹ ਕਿੱਥੋਂ ਆਈ ਹੈ?' 'ਇਹ ਕੀ ਹੈ?' 'ਇਸ ਦਾ ਅੰਤ ਕੀ ਹੈ?' ਪ੍ਰਸ਼ਨ ਆਪ ਉਠਦੇ ਹਨ ਤਾਂ ਆਦਮੀ ਕੋਈ ਨਾਂ ਕੋਈ ਹੱਲ ਅਰ ਫੈਸਲਾ ਸੋਚਦਾ ਹੈ ਕਿ ਠੀਕ ਟਿਕਾਣਾ ਕੀ ਹੈ? ਜਦੋਂ ਭੀ ਕੋਈ ਨਵੀਂ ਕਿਸਮ ਦਾ ਖਿਆਲ ਜਾਂ ਆਸ਼ਾ ਮਿਲੇ ਤਾਂ ਆਪਣੇ ਪਹਿਲੇ ਖਿਆਲਾਂ ਵਿਚ ਗੜਬੜ ਮਚਦੀ ਹੈ ਤੇ ਆਦਮੀ ਉਨ੍ਹਾਂ ਤੇ ਉਨ੍ਹਾਂ ਵਿਚ ਵਟਾਂਦ੍ਰੇ ਸਟਾਂਦ੍ਰੇ ਕਰਕੇ ਅੰਦਰ ਕੋਈ ਟੇਕ, ਕੋਈ ਧ੍ਰੁਵਾ ਬੰਨ੍ਹ ਲੈਂਦਾ ਹੈ, ਇਸ ਤਰ੍ਹਾਂ ਦੀਆਂ ਸੋਚਾਂ ਵਿਚ ਬ੍ਰਿਸਟਰ ਪੈ ਗਿਆ ਸੀ। ਗੱਲ ਕੀ ਅਜੇ ਤਕ ਉਸਤੇ ਸਿਰਫ ਇੰਨਾਂ ਅਸਰ ਪਿਆ ਹੈ ਕਿ ਉਹ ਜ਼ਿੰਦਗੀ ਦੇ ਇਸ ਪਹਿਲੂ ਸੰਬੰਧੀ ਅਗਲੇ ਨੂੰ ਹਰਾਉਣ ਲਈ ਤ੍ਰਿੱਖੀ ਤੋਂ ਤ੍ਰਿੱਖੀ ਗੱਲ ਸੋਚਣ ਦੀ ਥਾਂ ਵਾਸਤਵ ਦੀ ਸੋਚ ਵਿਚ ਪੈ ਗਿਆ ਹੈ ਕਿ ਸੱਚ ਮੁਚ 'ਸੱਚ' ਕੀ ਹੈ? ਅਰ ਅਸਲੀ ਗੱਲ, ਜਿਸ ਦੀ ਵੰਨਗੀ ਏਥੇ ਦਿੱਸ ਰਹੀ ਹੈ, ਮੇਰੇ ਅਗਲੇ ਖਿਆਲਾਂ ਨਾਲ ਕਿੱਥੇ ਮਿਲਦੀ ਹੈ, ਕਿੱਥੇ ਟਕਰਾਉਂਦੀ ਤੇ ਕਿੱਥੇ ਉਨ੍ਹਾਂ ਦੀ ਦਰੁਸਤੀ ਕਰਦੀ ਹੈ? ਇਸ ਤਰ੍ਹਾਂ ਦੀਆਂ ਸੋਚਾਂ ਵਿਚ ਬਹੁਤ ਟੁੱਭੀਆਂ ਮਾਰ ਮੁੜਕੇ ਉਸ ਨੂੰ ਅੰਦਰ ਇਹ ਦਿੱਸਿਆ ਕਿ ਅਜੇ ਇਸ ਬਾਬੇ ਕੋਲੋਂ ਹੋਰ ਵਾਕਫੀ ਕੱਢ ਲੈਣ ਦੀ ਲੋੜ ਹੈ। ਇਹ ਖਿਆਲ ਕਰਕੇ ਬੋਲਿਆ:-

ਬਾਬਾ ਜੀ! ਤੁਸੀਂ ਕਿਹਾ ਸੀ ਕਿ ਮੈਨੂੰ ਹੱਕ ਨਹੀਂ ਜਿ ਰੱਬ ਦੀ ਗੱਲ ਕਰਾਂ, ਕਿਉਂ ਹਰ ਇਕ ਪ੍ਰਾਣੀ ਨੂੰ ਇਹ ਹੱਕ ਨਹੀਂ?

ਬਾਬਾ— ਜੀਓ! 'ਗੱਲਾਂ ਕਰਨੋਂ' ਕੌਣ ਕੋਈ ਕਿਸੇ ਨੂੰ ਹੋੜ ਸਕਦਾ ਹੈ। ਪਰ ਜੇ ਕਿਸੇ ਗੱਲਾਂ ਹੀ ਨਹੀਂ ਪਰ ਕੁਛ 'ਪ੍ਰਾਪਤ' ਕਰਨਾਂ ਹੈ ਉਸਨੂੰ ਆਪਣੀ ਹਾਲਤ ਮੂਜਬ ਤੁਰਨਾ ਲੋੜੀਏ। ਬੀਮਾਰ ਘਿਉ ਦੇ ਪਕਵਾਨ ਤੇ ਮੇਵੇ ਨਹੀਂ ਖਾ ਸਕਦਾ ਉਸ ਨੂੰ ਚੌਲ, ਪਿੱਛ, ਦਾਲ ਤੇ ਤਰੀ ਹੀ ਮਾਫਕ ਹੈ। ਰੱਬ ਦਾ ਪਾਉਣਾ ਇਸ ਮਾਮੂਲੀ ਮਨੁੱਖਪੁਣੇ ਤੋਂ ਉੱਚਾ ਹੋ ਕੇ ਤਕੜੇ ਤੋਂ ਤਕੜੇ 'ਉੱਚੇ ਮਨੁੱਖਾਪਨ' ਵਿਚ ਜਾਣਾ ਹੈ। ਜਿਸ ਨੇ ਆਪਣਾ ਮਾਮੂਲੀ ਔਸਤ ਦਰਜੇ ਦਾ ਮਨੁੱਖਾਪਨ ਪ੍ਰਾਪਤ ਕਰ ਲਿਆ ਹੈ ਉਸਦਾ ਪਹਿਲਾ ਕੰਮ ਇਹ ਹੈ ਕਿ ਆਪਣੇ ਮੋਏ ਹੋਏ ਮੱਚ ਨੂੰ ਪੈਦਾ ਕਰੇ ਤੇ ਪੂਰਾ ਆਦਮੀ ਬਣੇ ਅਰਥਾਤ ਮਰਦ ਬਣੇ। ਜੀਕੂੰ ਕਿਸੇ ਰੇੜ੍ਹ ਦੇ ਮਰੀਅਲ ਟੱਟੂ ਨੂੰ ਕੋਤਲ ਘੋੜਾ ਬਣਾਉਣਾ ਹੋਵੇ ਤਾਂ ਪਹਿਲਾਂ ਉਸ ਵਿਚ ਉਸ ਦੇ ਮਰ ਗਏ ਮੱਚ ਨੂੰ ਜਿਵਾਉਣਾ ਚਾਹੀਏ।

ਬ੍ਰਿਸਟਰ— ਉਹ ਕੀਕੂੰ?

ਬਾਬਾ— ਮੈਂ ਦੱਸ ਚੁਕਾ ਹਾਂ; ਫੇਰ ਉਸੇ ਆਪਣੀ ਮੋਟੀ ਠੁੱਲੀ ਬੋਲੀ ਵਿਚ ਆਖਦਾ ਹਾਂ:-

(੧) ਸਾਡਾ ਅਪਣਾ ਅਸਲਾ ਹੈ:-

ਖੁਸ਼, ਖਿੜਿਆ, ਟਿਕਿਆ, ਰਸਮੱਤਾ।

(੨) ਅਸੀਂ ਬਣ ਰਹੇ ਹਾਂ ਸੋਚੂ, ਵਿਚਾਰੂ, ਸੰਕਲਪਾਂ ਵਿਕਲਪਾਂ ਵਿਚ ਢੱਠੇ ਹੋਏ ਤੇ ਹਰ ਵੇਲੇ ਫਿਕਰਾਂ ਨਾਲ ਦੱਬੇ ਹੋਏ। ਜੇ ਅਸੀਂ ਰੋਟੀ ਕਮਾਉਂਦੇ ਹਾਂ ਤਾਂ ਮਗ਼ਜ਼ ਸਾੜਕੇ। ਪੜ੍ਹਦੇ ਹਾਂ ਤਾਂ ਅੰਦਰ ਭੁੰਨਕੇ। ਵਹੁਟੀ ਲਿਆਉਂਦੇ ਹਾਂ ਤਾਂ ਪਰਸਪਰ ਖਿਝਦੇ ਹਾਂ। ਵਿਹਾਰ ਕਰਦੇ ਹਾਂ ਤਾਂ ਅੰਦਰ ਸਾਰਾ ਵਹਿਮਾਂ, ਸੋਚਾਂ ਵਿਚ ਰੁੜ੍ਹਦਾ ਫਿਰਦਾ ਹੈ। ਕਿਰਤ ਕਰਦੇ ਹਾਂ ਤਾਂ ਕੁੜ੍ਹਦੇ ਸੜਦੇ ਮਨ ਨਾਲ। ਜੇ ਨੌਕਰੀ ਕਰਦੇ


www.sikhbookclub.com

ਹਾਂ ਤਾਂ ਮਾਲਕਾਂ ਦੇ ਭੈ ਤੇ ਕ੍ਰੋਧ ਨਾਲ ਡਰ ਡਰ ਕੇ ਅੰਦਰੋਂ ਮਰੀਅਲ, ਨਿਤਾਣੇ ਤੇ ਮੁਰਦੇ ਹੋ ਜਾਂਦੇ ਹਾਂ। ਪਦਾਰਥ ਕਮਾਉਂਦੇ ਹਾਂ ਤਾਂ ਦੂਜਿਆਂ ਨਾਲ ਸਾੜਾ, ਅੰਦਰ ਵੜਕੇ ਨਿਰੇ ਪਦਾਰਥ ਰੂਪ ਹੋ ਕੇ ਮਿੱਟੀ ਨਾਲ ਮਿੱਟੀ ਜਾਂ ਵਹੀ ਨਾਲ ਕਾਗਜ਼, ਜਾਂ ਜੋ ਕਮਾਮ ਹੈ ਉਸੇ ਦਾ ਰੂਪ ਹੋਕੇ ਰੁੜ੍ਹ ਜਾਂਦੇ ਹਾਂ। ਜੇ ਵਿਦਵਾਨ ਹੋ ਜਾਂਦੇ ਹਾਂ ਤਾਂ ਦੂਜੇ ਵਿਦਵਾਨਾ ਦੀ ਪ੍ਰਭੁਤਾ ਵੇਖਕੇ ਭੁੱਜਦੇ ਰਹਿੰਦੇ ਹਾਂ, ਜੇ ਪੰਥ ਯਾ ਕੌਮ ਦੀ ਸੇਵਾ ਕਰਦੇ ਹਾਂ ਤਾਂ ਈਰਖਾ ਤੇ ਨਫਰਤ ਵਿਚ ਵੱਸਦੇ ਹਾਂ ਤੇ ਆਪਣੇ ਹਉਂ ਹੰਕਾਰ ਵਿਚ ਸੜਦੇ ਰਹਿੰਦੇ ਹਾਂ। ਕਿਸੇ ਦੇ ਅੰਦਰ ਆਪਣੇ ਆਪ ਦੀ ਸੁਤੰਤ੍ਰਤਾ, ਆਪਣੇ ਆਪ ਦਾ ਟਿਕਾਉ, ਖੇੜਾ ਤੇ ਰਸ ਕੁਛ ਨਹੀਂ ਦਿੱਸਦਾ। ਜਿਨ੍ਹਾਂ ਕੰਮਾਂ ਨੂੰ ਕਰਦੇ ਹਾਂ, ਓਹ ਭਾਰ ਰੂਪ ਹੋਕੇ ਸਾਡੇ ਆਪੇ ਤੇ ਛੱਟ ਪਾ ਲੈਂਦੇ ਹਨ ਤੇ ਸੋਚਾਂ, ਗਮਾਂ, ਚਿੰਤਾ, ਖਿਝਾਂ, 'ਹਾਇ! ਕੀ ਹੋਇਆ, ਹਾਇ! ਕੀ ਹੋਊ? ਦਿਆਂ ਹਾਵਿਆਂ ਦੀਆਂ ਚੂੰਢੀਆਂ ਵਢੀਂਦਿਆਂ ਰਹਿੰਦੀਆਂ ਹਨ। ਯਾ ਹਉਂ ਤੇ ਈਰਖਾ ਦੇ ਦਾਝਣ ਨਾਲ ਸਾਨੂੰ ਸੁਰਤ ਹੀ ਨਹੀਂ ਰਹਿੰਦੀ ਕਿ ਅਸੀਂ ਸੱਚ ਦੇ 'ਮਾਲਕ' ਹਾਂ, ਅਸੀਂ 'ਮਨ ਦੇ 'ਅਸਵਾਰ' ਹਾਂ। ਜ ਕੰਮ ਅਸਾਂ ਕਰਨੇ ਹਨ ਓਹ ਸਾਡੇ ਤਾਬੇ ਹਨ, ਅਸੀਂ ਕਿਸੇ ਵਿਚਾਰ ਦੇ, ਕਿਸੇ ਕੰਮ ਦੇ, ਕਿਸੇ ਗੱਲ ਦੇ ਤਾਬੇ ਨਹੀਂ। ਅਸਾਂ ਆਪ ਨੂੰ ਕਰਨਹਾਰ, ਕੌਤਕਹਾਰ ਤੇ ਫੇਰ ਵੱਖਰਾ ਰੱਖਣਾ ਹੈ। ਜਿਸ ਤਰ੍ਹਾਂ ਚਰਖਾ ਕੱਤਣ ਵਾਲੀ ਤ੍ਰੀਮਤ ਚਰਖਾ ਨਹੀਂ ਹੈ, ਜਦੋਂ ਜੀ ਆਵੇ ਚਰਖਾ ਕੱਤੇ, ਜਦੋਂ ਚਾਹੇ ਛੱਡ ਦੇਵੇ। ਇਸ ਤਰ੍ਹਾਂ ਸਾਡੇ ਅੰਦਰਲੇ ਨੇ ਸੋਚ ਦੀ ਹੱਥੀ ਨੂੰ ਭੁਆਕੇ ਸਾਰੀ 'ਵਿਚਾਰ'[1] ਤੇ 'ਕੰਮ ਯਾ ਕ੍ਰਿਆ'[2] ਦਾ ਚਰਖਾ ਕੱਤਣਾ ਹੈ, ਪਰ ਕਦੇ ਆਪ ਚਰਖੇ ਦਾ ਹਿੱਸਾ ਬਣ ਕੇ ਚਰਖੇ ਨਾਲ ਬੇਵੱਸ ਭੌਣ ਦੀ ਭੁੱਲ ਵਿਚ ਨਹੀਂ ਪੈ ਜਾਣਾ। ਕੋਈ ਤ੍ਰੀਮਤ ਕੱਤਦੀ ਕੱਤਦੀ ਇੰਨੀਂ ਚਰਖੇ ਨਾਲ ਚਰਖੇ ਦਾ ਹੀ ਰੂਪ ਹੋ ਜਾਵੇ ਕਿ ਉਹ ਕੱਤੀ ਹੀ ਜਾਏ, ਬਾਹਾਂ ਫੁੱਲ ਜਾਣ ਤਦ ਬੀ ਕੱਤੀ ਹੀ ਜਾਏ, ਇਹ ਸਮਝ ਤੇ ਤਾਣ ਗੁਵਾ ਬੈਠੇ ਕਿ ਮੈਂ ਚਰਖਾ ਨਹੀਂ ਮੈਂ ਕੱਤਣਹਾਰ ਹਾਂ, ਠੀਕ ਉਸ ਤਰ੍ਹਾਂ ਦੀ ਦਸ਼ਾ ਸਾਡੀ ਹੋ ਰਹੀ ਹੈ, ਜੋ ਅਸੀਂ 'ਆਪੇ ਦੀ ਸੁਤੰਤ੍ਰਤਾ' ਵਿਚ ਨਹੀਂ ਰਹੇ। ਅਸੀਂ ਆਪਣੇ ਧੰਦਿਆਂ ਦੇ ਚਰਖੇ ਦੇ ਤਾਬੇ ਹੋ ਗਏ ਚਰਖੇ ਦਾ ਰੂਪ-ਧੰਦਾ ਰੂਪ-ਹੋ ਗਏ ਹਾਂ। ਸਾਨੂੰ ਸੁਰਤ ਹੀ ਨਹੀਂ ਕਿ ਅਸੀਂ ਧੰਦਾ ਨਹੀਂ ਹਾਂ। ਸਾਨੂੰ ਪਹਿਲਾਂ ਇਹ ਸੁਰਤ ਆਵੇ ਕਿ ਅਸੀਂ ਕੱਤਣ ਵਾਲੇ ਹਾਂ, ਚਰਖਾ ਨਹੀਂ ਹਾਂ। ਆਪਾ ਦਬਾਵਾਂ ਹੇਠੋਂ ਨਿਕਲੇ, ਆਪੇ ਵਿਚ ਟਿਕੇ, ਗਿਆ ਤਾਣ ਮੁੜੇ, ਸਾਡੇ ਵਿਚ ਟਿਕਾਉ ਆਵੇ, ਖੇੜਾ ਆਵੇ, ਰਸ ਆਵੇ, ਬਲ ਭਰੇ, ਤਦੋਂ ਅਸੀਂ ਇਸ ਸੋਚ ਦੇ ਜੋਗ ਹੋਵਾਂਗੇ ਕਿ ਸਾਥੋਂ ਉੱਪਰ, ਸਾਥੋਂ ਵੱਡਾ, ਸਾਡਾ ਕਾਰਨ ਕੋਈ ਹੋਰ ਸ਼ਕਤੀ ਤੇ ਸ਼ਕਤੀ ਦਾ ਮਾਲਕ ਹੈ ਅਰ ਉਹ ਕੀਕੂੰ ਲੱਭਦਾ ਹੈ ਤੇ ਕਿੱਥੇ ਹੈ, ਉਸ ਵੇਲੇ ਜੋ ਰਸ ਆਉਂਦਾ ਹੈ ਉਹ ਪੰਜਾਂ ਇੰਦ੍ਰੀਆਂ ਦਾ ਰਸ ਨਹੀਂ ਹੈ ਅਰ ਨਾਂ ਮਨ ਦੀ ਉਧੇੜਬੁਨ ਦੀ ਬੁੱਧੀ ਦਾ ਰਸ ਹੈ। ਉਹ ਰਸ ਉਚੇਰਾ ਰਸ ਹੈ। ਉਸ ਰਸ ਤੋਂ ਗਿਆਤ ਹੁੰਦੀ ਹੈ ਕਿ ਇੰਦ੍ਰੇ ਤੇ ਮਨ ਬੁੱਧੀ ਤੋਂ ਪਰੇ ਬੀ ਕੁਛ ਹੈ। ਤਦੋਂ ਕੁਛ ਅੰਦਰ ਅਮੰਨਾ ਬਝਦਾ ਹੈ ਕਿ ਵਾਹਿਗੁਰੂ ਜਾਂ ਰੱਬ ਜਾਂ ਸੰਸਾਰ ਦੀ ਜੀਵਨ ਆਧਾਰ ਸ਼ਕਤੀ ਜ਼ਰੂਰ ਹੋ ਸਕਦੀ ਹੈ, ਫੇਰ ਅਨੁਭਵ ਵਧਦਾ ਤੇ ਉਸਦੀ ਸ਼ਰਨ ਪ੍ਰਾਪਤ ਹੁੰਦੀ ਹੈ। ਸੋ ਬ੍ਰਿਸਟਰ ਜੀਓ! ਜਦ ਕਿ ਆਪਾ ਦਿਨ ਰਾਤ ਸੋਚਾਂ ਦਾ ਗ਼ੁਲਾਮ ਹੋ ਰਿਹਾ ਹੈ, ਫਿਕਰਾਂ ਦਾ ਦਬੇਲ ਹੋ ਰਿਹਾ ਹੈ, ਆਪੇ ਨੂੰ ਆਪੇ ਦੀ ਸੁਤੰਤ੍ਰਤਾ ਤੇ ਉਚਿਆਣ ਪ੍ਰਾਪਤ ਨਹੀਂ ਹੈ, ਤਦ 'ਸੋਚ' ਦੀ ਵਹਿਣੀ ਵਿਚ ਢੱਠਾ ਆਪਣਾ ਆਪ ਆਕਾਸ਼ਾਂ ਤੋਂ ਬੀ ਪਰੇ ਦਾ ਕੀ ਥਹੁ ਕਰ ਸਕਦਾ ਹੈ? ਮੈਂ 'ਆਪ ਦਾ ਹੱਕ ਨਹੀਂ' ਇਸ ਕਰਕੇ ਕਿਹਾ ਸੀ ਕਿ ਇਸ ਪਰ ਆਪ ਛਾਤੀ ਠੋਕ ਕੇ ਰਾਵਾਂ ਦੇਣ ਤੇ ਝਗੜੇ ਕਰਨ ਪਰ ਲੱਗ ਜਾਓਗੇ, ਜੇ ਆਪ ਨੂੰ ਸਚ ਮੁਚ ਆਪੇ ਦੇ ਭੇਤ ਨੇ ਵਿਆਕੁਲ ਕੀਤਾ ਹੈ ਤੇ 'ਨਾਂ ਦਿਸਦੇ ਜਗਤ' ਵਿਚ ਝਾਤੀ ਮਾਰਨਾ ਚਾਹੁੰਦੇ ਹੋ ਤਾਂ ਉਸ ਰਸਤੇ ਟੁਰੋ, ਸਮਾਂ ਪਾ ਕੇ ਜਦ ਮਨ ਟਿਕੇਗਾ ਤਾਂ ਟਿਕਾਉ ਵਿਚੋਂ ਕੁਛ ਸੋਝੀ ਆਵੇਗੀ। ਨਿਰੀਆਂ ਗੱਲਾਂ ਜਾਂ ਬਹਿਸਾਂ ਨਾਲ ਕੀ ਬਣਦਾ ਹੈ?

ਬ੍ਰਿਸਟਰ— ਮੈਂ ਹੁਣ ਆਪ ਦੇ ਸਾਰੇ ਮਤਲਬ ਨੂੰ ਸਮਝਿਆ ਹੈ, (ਠੰਢਾ ਸਾਹ ਲੈ ਕੇ) ਬਾਬਾ ਜੀ! ਗੱਲ ਤਾਂ ਹੁਣ ਸਮਝੀ ਹੈ, ਪਰ ਪਹਿਲਾਂ ਕਦੇ ਸੋਚ ਵਿਚ ਨਹੀਂ ਸੀ ਆਈ। ਆਪ ਦਾ ਇਹ ਮਤਲਬ ਹੈ ਨਾ ਕਿ ਮਨ ਆਪਣੀਆਂ ਉਧੇੜਬੁਨਾਂ ਤੋਂ ਕਿਸੇ

1. Thought. 2. Action


SIKHBOOKCLUB.COM

ਵੇਲੇ ਚਾਹੇ ਤਾਂ ਆਜ਼ਾਦ ਹੋ ਕੇ ਆਪਣੇ ਆਪ ਵਿਚ ਆਪਣੀ ਟੇਕ ਤੇ ਆਵੇ ਤੇ ਟਿਕਿਆ ਰਹਿ ਸਕੇ? ਕੋਈ ਐਸੀ ਹਾਲਤ ਆਪੇ ਦੀ ਅੰਦਰਲੀ ਸੁਤੰਤ੍ਰਤਾ ਦੀ ਹੈ।

ਬਾਬਾ— ਜੀ ਇਹੋ ਗੱਲ ਹੀ ਜਗਤ ਦੀ ਸਮਝ ਵਿਚ ਨਹੀਂ ਆਉਂਦੀ। ਪੰਡਿਤ ਹਨ, ਹਰ ਗੱਲ ਦੀ ਵਜਾਖਜਾ ਕਰਦੇ ਹਨ, ਪਰ ਮਨੋਂ ਦੁਖੀ ਹਨ, ਕਿਉਂਕਿ ਓਹ ਅੰਦਰੋਂ ਸੋਚ— ਮੰਡਲ ਤੋਂ ਉੱਚੇ ਨਹੀਂ ਹੋ ਗਏ। ਜੋ ਅੰਦਰੋਂ ਉਚੇਰੇ ਹੋ ਜਾਂਦੇ ਹਨ ਓਹ ਸੋਚਦੇ ਤਾਂ ਹਨ, ਪਰ ਸੋਚਾਂ ਕੁਛ ਉਨ੍ਹਾਂ ਦੇ ਵੱਸ ਵਿਚ ਹੁੰਦੀਆਂ ਹਨ, ਓਹ ਉਚੇ ਉਠ ਕੇ ਟਿਕਾਉ ਵਿਚ ਜਾਂਦੇ ਹਨ, ਖਿੜਦੇ ਹਨ, ਇਕ ਰਸ ਮਾਣਦੇ ਹਨ ਜੋ ਆਪੇ ਦਾ ਰਸ ਹੈ। ਜਦ ਜ਼ੁਬਾਨੀ ਕਿਸੇ ਨੂੰ ਸਮਝਾਓ ਤਾਂ ਉਹ ਲੜਨ ਨੂੰ ਆਉਂਦਾ ਹੈ। ਝਗੜਦਾ ਹੈ, ਦਲੀਲਾਂ ਪੇਸ਼ ਕਰਦਾ ਹੈ, ਪਰ ਨਹੀਂ ਸਮਝਦਾ ਹੈ ਕਿ ਓਹ ਛੱਤ ਦੇ ਹੇਠਾਂ ਬੈਠਾ ਹੈ। ਜੇ ਉਹ ਛੱਤ ਪਾੜ ਕੇ ਛੱਤ ਉੱਤੇ ਜਾ ਬੈਠੇ ਤਾਂ ਅੱਖਾਂ ਨਾਲ ਸੂਰਜ, ਚੰਦ ਤਾਰੇ ਅਕਾਸ਼ ਵੇਖੇ, ਪ੍ਰਤੱਖ ਠੰਢੀ ਹਵਾ ਦਾ ਰਸ ਮਾਣੇ, ਖੁੱਲ੍ਹੇ ਮੰਡਲਾਂ ਦੀ ਖੁੱਲ੍ਹ ਵਿਚ ਖੁੱਲ੍ਹ ਪ੍ਰਤੀਤ ਕਰੇ, ਰੋਸ਼ਨੀ, ਪ੍ਰਕਾਸ਼ ਦਾ ਝਲਕਾ ਮਾਣੇ। ਲੋਕੀਂ ਛੱਤ ਦੇ ਅੰਦਰ, ਕੋਈ ਫਰਸ਼ ਤੇ, ਕੋਈ ਦੋ ਫੁੱਟ ਉੱਚਾ, ਕੋਈ ਚਾਰ ਫੁਟ ਉੱਚਾ, ਕੋਈ ਛੱਤ ਨਾਲ ਲੱਗ ਕੇ ਪਿਆ ਬਹਿਸਾਂ ਕਰਦਾ ਫੁੰਕਾਰਦਾ ਤੇ ਹੈਂਕੜਦਾ ਹੈ, ਪਰ ਇਹ ਪਤਾ ਨਹੀਂ ਨੇ ਲੱਗਦਾ ਕਿ ਗਿੱਠ ਭਰ ਛੱਤ ਤੋਂ ਪਾਰ ਹੋ ਕੇ ਛੱਤ ਦੇ ਉੱਪਰ ਗਿਆਂ ਸਾਰਾ ਨਕਸ਼ਾ ਹੀ ਬਦਲ ਜਾਣਾ ਹੈ। ਇਸ ਇਕ ਕੱਖ ਦੇ ਉਹਲੇ ਲੱਖ ਹੈ। ਛੱਤ ਦੇ ਅੰਦਰ ਬੈਠੇ ਨੂੰ ਚਾਹੇ ਫਰਸ਼ ਤੇ ਹੈ, ਚਾਹੇ ਛੱਤ ਦੇ ਨਾਲ, ਬਾਹਰ ਦੇ ਖੁੱਲ੍ਹੇ ਮੰਡਲਾਂ ਦੀ ਕੀ ਸਾਰ ਹੈ? ਜੋ ਸੋਚਾਂ ਵਿਚ ਹੈ ਓਹ ਅਡੋਲ ਟਿਕਾਉ ਦੀ ਦਸ਼ਾ ਨੂੰ ਤਾਂ ਹੀ ਸਮਝੇ ਜੇ ਕਦੇ ਟਿਕੇ ਤਾਂ, ਜੇ ਟਿਕੇ ਕਦੇ ਨਾ ਤੇ ਗੱਲਾਂ ਕਰੀ ਜਾਵੇ ਤਾਂ ਜੋ ਕੁਛ ਉਸ ਨੇ ਕਹਿਣਾ ਜਾਂ ਸਮਝਣਾ ਹੈ ਸਾਰਾ ਸੋਚ ਮੰਡਲ ਦੇ ਘੇਰੇ ਦਾ ਸਾਮਾਨ ਹੈ। ਸੋਚ ਮੰਡਲ ਦੇ ਘੇਰੇ ਅੰਦਰ ਰਹਿਣ ਵਾਲਾ 'ਰਸ ਮੰਡਲ' ਦੀ ਬਾਬਤ ਦਰੁਸਤ ਰਾਇ ਨਹੀਂ ਬਣਾ ਸਕਦਾ। ਪਾਣੀ ਵਿਚ ਸੁਆਹ ਪਾਕੇ ਹਿਲਾਈ ਜਾਓ, ਜਿੰਨੇ ਕੌਤਕ ਮਰਜ਼ੀ ਜੇ ਇਸ ਪਾਣੀ ਦੇ ਕਰੋ, ਇਹ ਠੰਢਾ ਬੀ ਹੈ, ਦੱਬਦਾ ਬੀ ਨਹੀਂ, ਜਿਸ ਭਾਂਡੇ ਪਾਓ ਓਸੇ ਰੂਪ ਦਾ ਬੀ ਹੈ, ਵਗਦਾ ਬੀ ਹੈ, ਬੇੜੀ ਪਾਓ ਤਾਂ ਤਾਰਦਾ ਬੀ ਹੈ, ਪਰ ਜਦ ਤਕ ਟਿਕੇ ਨਾ ਇਸ ਦਾ ਅਸਲੀ ਸਰੂਪ ਨਹੀਂ ਦਿੱਸ ਸਕਦਾ, ਇਸ ਦੇ ਪਾਰ ਦੁਸਾਰ ਨਜ਼ਰ ਨਹੀਂ ਆ ਸਕਦਾ ਤੇ ਇਸਦੇ ਅਸਲੇ ਦਾ ਪ੍ਰਕਾਸ਼ ਨਹੀਂ ਹੋ ਸਕਦਾ। ਜਦੋਂ ਪਾਣੀ ਨੂੰ ਟਿਕ ਜਾਣਦਿਓ ਤਦੋਂ ਇਹ ਸਾਫ (ਸ਼ਫਾਫ) ਹੋਕੇ ਆਪਣਾ ਸਰੂਪ ਦੱਸਦਾ ਹੈ ਤੇ ਇਸਦੇ ਵਿਚ ਅਸਮਾਨ, ਚੰਦ, ਸੂਰਜ, ਤਾਰੇ ਦਿੱਸਦੇ ਹਨ। ਇਸ ਤਰ੍ਹਾਂ ਜਦੋਂ ਮਨ ਟਿਕ ਜਾਂਦਾ ਹੈ, ਤ੍ਰਿਸ਼ਨਾਂ ਦੀ ਮੈਲ ਬੈਠ ਜਾਂਦੀ ਹੈ, ਤਦ ਇਸ ਦਾ ਆਪਣਾ ਰੂਪ ਸਾਫ ਤੇ ਸੀਤਲ ਦਿੱਸ ਪੈਂਦਾ ਹੈ ਤਾਂ, ਇਸ ਦੇ ਵਿਚ ਪਰਮੇਸ਼ੁਰ ਦਾ ਝਲਕਾ ਪੈਂਦਾ ਪ੍ਰਤੀਤ ਦੇ ਆਉਂਦਾ ਹੈ।

ਬ੍ਰਿਸਟਰ— ਆਪ ਨੇ ਜਿਵੇਂ ਦੱਸਿਆ ਹੈ ਨਵਾਂ ਤਰੀਕਾ ਹੈ ਤੇ ਦਿਲ ਮੰਨਦਾ ਹੈ।

ਬਾਬਾ— ਲਓ ਹੁਣ ਚੱਲੀਏ?

ਬ੍ਰਿਸਟਰ— ਰਤਾ ਕੁ ਹੋਰ ਠਹਿਰੋ।

ਬਾਬਾ— ਫੇਰ ਸਹੀ, ਹੁਣ ਦਿਹੁੰ ਲਹਿ ਚਲਿਆ ਹੈ ਤੇ ਮੈਂ ਜਾਕੇ ਪਾਣੀ ਦੀ ਸਾਰ ਲੈਣੀ ਹੈ ।

* * * * *

## ੧੬.

## 'ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥'

ਕੁਛ ਦਿਨ ਲੰਘੇ, ਬ੍ਰਿਸਟਰ ਦੇ ਘਾਉ ਚੰਗੇ ਹੁੰਦੇ ਗਏ, ਪਰ ਅਜੇ ਉੱਠ ਬਹਿ ਨਹੀਂ ਸੀ ਸਕਦਾ, ਪਰ ਬ੍ਰਿਸਟਰਾਣੀ ਹੁਣ ਵਿਹੜੇ ਤਾਈਂ ਜਾਣ ਜੋਗੀ ਹੋ ਪਈ ਹੈ।

ਇਕ ਦਿਨ ਧੁੱਪਾਂ ਢਲੀਆਂ ਤੇ ਇਹ ਸਹਿਜੇ ਸਹਿਜੇ ਵੇਹੜੇ ਵਿਚ ਜਾ ਬੈਠੀ, ਅੱਗੇ ਬਾਬਾ ਤੇ ਬਾਬੇ ਦਾ ਪੁੱਤ ਸਵੇਰ ਦੇ ਪੈਲੀਆਂ ਤੇ ਗਏ ਹੋਏ ਸਨ ਤੇ ਬਾਬੇ ਦੀ ਵਹੁਟੀ ਰੋਟੀਆਂ ਲੈ ਕੇ ਦੁਪਹਿਰੇ ਖੂਹ ਤੇ ਗਈ ਅਜੇ ਮੁੜੀ ਨਹੀਂ ਸੀ। ਸੁਭਾਗ ਇਕੱਲੀ ਬੈਠੀ ਸੂਤਰ ਅਟੇਰ ਰਹੀ ਸੀ ਤੇ ਨਾਲ ਹੀ ਸ੍ਰੀ ਅਨੰਦ ਸਾਹਿਬ ਜੀ ਦਾ ਕੰਠੋਂ ਪਾਠ ਕਰ ਰਹੀ ਸੀ। ਬ੍ਰਿਸਟਰਾਣੀ ਨੂੰ ਪੀਹੜੀ ਦੇ ਕੇ ਉਸਨੇ ਪਾਸ ਬਿਠਾਲ ਲਿਆ ਤੇ ਆਪ ਪਾਠ ਕਰਦੀ ਰਹੀ। ਜਦ ਤਕ ਪਾਠ ਦਾ ਭੋਗ ਨਾ ਪੈ ਗਿਆ, ਪਾਠ ਕਰਨ ਵਾਲੀ ਆਪਣੇ ਧਿਆਨ ਲੱਗੀ ਕਰੀ ਗਈ ਤੇ ਸੁਣਨ ਵਾਲੀ ਸੁਣੀ


www.sikhbookclub.com

ਗਈ। ਜਦੋਂ ਭੋਗ ਪੈ ਗਿਆ ਤਾਂ ਖ੍ਰਿਸਟਰਾਣੀ ਨੇ ਗੱਲਾਂ ਛੇੜ ਦਿੱਤੀਆਂ।

ਭੈਣ ਸੁਭਾਗ ਜੀਉ! ਤੁਸੀਂ ਬਾਬਾ ਜੀ ਦੇ ਬੱਚੇ ਹੋ?

ਸੁਭਾਗ— ਜੀ ਹਾਂ।

ਖ੍ਰਿਸਟਰਾਣੀ— ਨੁਹਾਰ ਨਹੀਂ ਮਿਲਦੀ?

ਸੁਭਾਗ— ਸੁਭਾਉ ਕੁਛ ਮਿਲਦਾ ਹੈ ਕਿ ਨਹੀਂ?

ਖ੍ਰਿਸਟਰਾਣੀ— ਸੁਭਾਉ ਤਾਂ ਬਹੁਤ ਮਿਲਦਾ ਹੈ।

ਸੁਭਾਗ— ਫੇਰ ਜੀਉ! ਜੇ ਮਨਾਂ ਦੀਆਂ ਨੁਹਾਰਾਂ ਮਿਲਦੀਆਂ ਹੋਣ ਤਾਂ ਸਰੀਰਾਂ ਦੀਆਂ ਨੁਹਾਰਾਂ ਦੇ ਮੇਲ ਨੂੰ ਕੀਹ ਟੋਲਣਾ ਹੋਇਆ?

ਖ੍ਰਿਸਟਰਾਣੀ— ਤੁਸੀਂ ਵਿਆਹੇ ਹੀ ਨਹੀਂ ਕਿ ਘਰ ਬਾਹਰ ਹੈ ਤੇ ਅੱਜ ਕੱਲ ਪੇਕੇ ਆਏ ਹੋ?

ਸੁਭਾਗ— ਮੈਨੂੰ ਵਿਆਹੁਣਹਾਰ ਜੀ ਇਸ ਜਗਤ ਤੋਂ ਟੁਰ ਗਏ ਹੋਏ ਹਨ।

ਖ੍ਰਿਸਟਰਾਣੀ— ਬੜਾ ਹੀ ਸ਼ੋਕ ਹੈ, ਕੋਈ ਬਾਲ ਬੱਚਾ ਹੈ?

ਸੁਭਾਗ— ਵਾਹਿਗੁਰੂ ਦਾ ਨਾਮ ਬਾਲਕਾ ਤੇ ਵਾਹਿਗੁਰੂ ਦੀ ਬਾਣੀ ਬਾਲਕੀ, ਦੋ ਰੱਬ ਦੇ ਬਾਲ ਮੇਰੇ ਆਤਮਾ ਦੀ ਗੋਦੀ ਵਿਚ ਦਿਨ ਰਾਤ ਖੇਡਦੇ ਰਹਿੰਦੇ ਹਨ ਤੇ ਮੈਥੋਂ ਪਾਲੇ ਜਾਣ ਦੀ ਥਾਂ ਮੈਨੂੰ ਪਾਲਦੇ ਰਹਿੰਦੇ ਹਨ।

ਖ੍ਰਿਸਟਰਾਣੀ— ਤੁਸੀਂ ਹੋ ਤਾਂ ਪੇਂਡੂ ਜਿਨ੍ਹਾਂ ਨੂੰ ਅਸੀਂ ਜੰਗਲੀ ਸਮਝਦੇ ਹਾਂ ਪਰ ਗੱਲਾਂ ਸਾਰੇ ਹੀ ਪੂਰੀਆਂ ਕਰਦੇ ਹੋ।

ਸੁਭਾਗ— ਵਾਹਿਗੁਰੂ ਦੀ ਮਿਹਰ ਹੈ। ਹੋਰ ਉਂਞ ਤਾਂ ਅਸੀਂ ਮੂੜ੍ਹ ਹੀ ਹਾਂ, ਭੁੱਲ ਜੂ ਜਾਂਦੇ ਹਾਂ।

ਖ੍ਰਿਸਟਰਾਣੀ— ਤੁਹਾਡੇ ਪਾਸ ਗਹਿਣਾ ਕਿੰਨਾਂਕੁ ਹੈ?

ਸੁਭਾਗ— ਮੈਂ ਜਾਤਾ ਸੀ ਤੁਸੀਂ ਵਲੈਤ ਹੋ ਕੇ ਆਏ ਹੋ ਤੇ ਕੁਛ ਹੋਰ ਹੋ ਗਏ ਹੋਵੋਗੇ, ਪਰ ਤੁਸਾਂ ਵੀ ਉਹੋ ਗਲ ਪੁੱਛੀ ਜੋ ਹਰ ਬੀਬੀ ਪੁੱਛਦੀ ਹੈ।

ਖ੍ਰਿਸਟਰਾਣੀ— ਕਿਉਂ?

ਸੁਭਾਗ— ਮੈਂ ਪਹਿਲਾਂ ਜਿਸ ਤੇ ਭਗਵਾ ਟੱਲਾ ਵੇਖਦੀ ਸਾਂ ਸਮਝਦੀ ਸਾਂ ਕਿ ਇਹ ਵਿਕਾਰਾਂ ਤੇ ਬਲੀ, ਤ੍ਰਿਸ਼ਨਾਂ ਤੋਂ ਪਾਰ, ਜਗਤ ਤੋਂ ਟੁੱਟਾ, ਵੈਰਾਗੀ ਤੇ ਨਿਰਵਾਸ ਪੁਰਸ਼ ਹੈ, ਪਰ ਪਿੱਛੋਂ ਪਤਾ ਲੱਗਾ ਕਿ ਇਨ੍ਹਾਂ ਦੇ ਅੰਦਰ ਬੀ ਸਾਡੇ ਹੀ ਵਰਗਾ ਮਨ ਹੁੰਦਾ ਹੈ ਅਰ ਉਸ ਮਨ ਦੇ ਭਲੇ ਬੁਰੇ ਹੋਣ ਦੇ ਵੇਗ ਜਿੱਕੁਰਾਂ ਦੇ ਸਾਨੂੰ ਪੈਂਦੇ ਹਨ ਇਨ੍ਹਾਂ ਨੂੰ ਭੀ ਪੈਂਦੇ ਹਨ। ਇਸੀ ਤਰ੍ਹਾਂ ਮੈਂ ਸਮਝਦੀ ਸਾਂ ਕਿ ਜੋ ਵਲੈਤ ਹੋ ਆਉਂਦਾ ਹੈ ਉਹ ਅਕਲ, ਦਾ ਨਾਈ ਤੇ ਵਿਦਯਾ ਦਾ ਕੋਟ ਹੋ ਜਾਂਦਾ ਹੈ, ਜੋ ਸਾਡੇ ਲੋਕਾਂ ਵਿਚ ਨਿੱਕੀਆਂ ਨਿੱਕੀਆਂ ਗੱਲਾਂ, ਮੂਰਖਪਨੇ ਤੇ ਭਰਮ ਹਨ ਸੋ ਉਨ੍ਹਾਂ ਵਿਚ ਨਹੀਂ ਹਨ, ਪਰ ਮੇਰਾ ਇਹ ਖਿਆਲ ਬੀ ਠੀਕ ਨਹੀਂ ਸੀ। ਸਾਡੇ ਦੇਸ਼ ਦੀਆਂ ਤ੍ਰੀਮਤਾਂ ਜਦ ਰਲ ਬਹਿਣ, ਜਾਂ ਕਿਸੇ ਨਵੀਂ ਭੈਣ ਨੂੰ ਮਿਲਣ ਤਾਂ ਪਹਿਲਾਂ ਉਸਦੇ ਪਤੀ ਦਾ, ਫੇਰ ਉਲਾਦ ਦਾ ਤੇ ਫੇਰ ਗਹਿਣੇ ਦਾ ਹਾਲ ਪੁੱਛਦੀਆਂ ਹਨ, ਤਿਵੇਂ ਹੀ ਤੁਸਾਂ ਪੁੱਛਿਆ ਹੈ। ਮੈਂ ਜਾਤਾ ਸੀ ਕਿ ਤੁਸੀਂ ਵਲੈਤ ਹੋ ਕੇ ਆਏ ਹੋ ਮੈਨੂੰ ਕੋਈ ਚੱਜ ਅਚਾਰ ਦੀ ਗੱਲ ਦੱਸੋਗੇ, ਪਰ ਤੁਸਾਂ ਬੀ ਓਹੋ ਰਾਮ ਕਹਾਣੀ ਸ਼ੁਰੂ ਕਰ ਦਿੱਤੀ ਹੈ, ਜੋ ਹਰ ਪੜ੍ਹੀ ਅਨਪੜ੍ਹੀ ਕਰਦੀ ਹੈ?

ਖ੍ਰਿਸਟਰਾਣੀ— (ਹੱਸ ਕੇ) ਹੈ ਤਾਂ ਏਸੇ ਤਰ੍ਹਾਂ, ਅਸਲ ਵਿਚ ਤੁਹਾਡੇ ਭਲੇ ਸੁਭਾਵ ਕਰਕੇ ਮੈਂ ਤੁਹਾਡੀ ਵਧੇਰੇ ਜਾਣੂੰ ਬਣਨਾ ਚਾਹੁੰਦੀ ਸਾਂ, ਇਸ ਕਰਕੇ ਹੁਣ ਤੁਹਾਡੇ ਕੋਲ ਆ ਬੈਠੀ ਸਾਂ ਤੇ ਸੱਚੀ ਗੱਲ ਇਹ ਹੈ ਕਿ ਦੁਨੀਆਂ ਵਿਚ ਜੇ ਅਚਾਨਕ ਕੋਈ ਗੱਲ ਛੇੜ ਦਿਓ ਤਾਂ ਅਗਲਾ ਕੁਛ ਘਬਰਾਉਂਦਾ ਹੈ ਤੇ ਜੇ ਪਹਿਲਾਂ ਉਸਦੇ ਮਤਲਬ ਦੀਆਂ ਗੱਲਾਂ ਛੇੜੋ, ਜਿਨ੍ਹਾਂ ਵਿਚ ਉਸਨੂੰ ਰਸ ਆ ਜਾਵੇ, ਤਾਂ ਓਹ ਸੁਆਦ ਨਾਲ ਗੱਲੀਂ ਲੱਗ ਪੈਂਦਾ ਹੈ ਤੇ ਅਗੋਂ ਫੇਰ ਗੱਲ ਤੁਰ ਪੈਂਦੀ ਹੈ।

ਸੁਭਾਗ— ਠੀਕ ਹੈ, ਪਰ ਇਹ ਸੱਚ ਦਾ ਤਰੀਕਾ ਨਹੀਂ, ਇਕ ਤਰ੍ਹਾਂ ਦਾ ਗੱਲਾਂ ਬਾਤਾਂ ਦਾ ਮਧੱਮ ਜਿਹਾ ਛਲ ਹੋਇਆ।

ਖ੍ਰਿਸਟਰਾਣੀ— ਨਹੀਂ, ਛਲ ਤਾਂ ਨਹੀਂ, ਕੇਵਲ ਇਹ ਮਤਲਬ ਹੁੰਦਾ ਹੈ ਕਿ ਅਗਲਾ ਘਬਰਾਏ ਨਾ ਤੇ ਗੁੱਸਾ ਨਾ ਕਰੇ, ਇਸ ਕਰਕੇ ਪਹਿਲਾਂ ਉਸ ਨੂੰ ਰਸਦਾਇਕ ਲੱਗਣ ਵਾਲੀ ਗੱਲ ਛੇੜਨੀ ਠੀਕ ਹੁੰਦੀ ਹੈ।

ਸੁਭਾਗ— ਬੀਬੀ ਜੀਓ! ਅਸੀਂ ਪੇਂਡੂ ਠੁੱਲੇ ਲੋਕ ਹਾਂ, ਸਾਡੇ ਨਾਲ ਬ੍ਰੀਕੀਆਂ ਦੀ ਲੋੜ ਨਹੀਂ, ਤੁਸੀਂ ਉਹ ਗੱਲ ਦੱਸੋ ਜੋ ਤੁਸਾਂ ਮਿੱਠੀਆਂ ਗੱਲਾਂ ਦੀ ਭਿੱਤੀ ਦੇ ਕੇ ਮੇਰੇ ਨਾਲ ਛੇੜਨੀ ਹੈ, ਪਹਿਲਾਂ ਹੀ ਉਹ ਕਰ ਲਵੀਏ।

SIKHBOOKCLUB.COM

ਬ੍ਰਿਸਟਰਾਣੀ— (ਝਿਜਕ ਕੇ) ਤੁਸੀਂ ਆਖਸੋ ਕੇਡੇ ਭੈੜੇ ਲੋਕ ਸਾਡੇ ਘਰ ਆਏ ਹਨ, ਅਸੀਂ ਖਾਤਰਾਂ ਕਰਦੇ ਹਾਂ, ਤੇ ਏਹ ਸਾਡੇ ਤੇ ਹੁੱਜਤਾਂ ਪੜ੍ਹਦੇ ਹਨ।

ਸੁਭਾਗ— ਨਹੀਂ ਜੀ, ਸਫਾਈ ਹੀ ਸੁਖਦਾਈ ਹੈ।

ਬ੍ਰਿਸਟਰਾਣੀ— ਮਾਫ ਕਰਨਾ, ਮੈਂ ਪੁੱਛਣਾ ਸੀ ਕਿ ਇਹ ਜੋ ਤੁਸੀਂ ਪੜ੍ਹਦੇ ਸਾਓ ਇਸ ਦਾ ਕੀ ਗੁਣ ਹੈ? ਜਦ ਦੇਖੀਦਾ ਹੈ ਤਦ ਤੁਹਾਡੇ ਬੁਲ੍ਹ ਫੁਰਕਦੇ ਹੁੰਦੇ ਹਨ ਯਾ ਗਲੇ ਤੋਂ ਕੋਈ ਪਾਠ ਦੀ ਧੁਨਿ ਨਿਕਲਦੀ ਦਿੱਸਦੀ ਹੈ। ਇਹ ਬਿਰਥਾ ਜਤਨ ਕਿਉਂ ਕਰਦੇ ਹੋ? ਇਕ ਵਾਰੀ ਪੜ੍ਹਿਆ ਤੇ ਸਮਝ ਲਿਆ।

ਸੁਭਾਗ— ਤੁਸੀਂ ਚੂਨੇਗਚ ਘਰ ਬਣਾ ਕੇ, ਸੰਗਮਰਮਰ ਲੁਆਕੇ ਫੇਰ ਰੋਜ ਝਾੜੂ ਕਿਉਂ ਫਿਰਵਾਉਂਦੇ ਹੋ? ਇਕ ਵੇਰਾਂ ਜੋ ਏਡੀ ਲਾਗਤ ਲਾ ਕੇ ਸੁਥਰਾ ਘਰ ਬਣਾ ਲਿਆ, ਫੇਰ ਰੋਜ਼ ਰੋਜ਼ ਦੀ ਖਿੱਚਾ ਖਿੱਚੀ ਕਿਉਂ ਕਰਦੇ ਹੋ?

ਬ੍ਰਿਸਟਰਾਣੀ— ਉੱਥੇ ਤਾਂ ਰੋਜ ਕੂੜਾ ਪੈ ਜਾਂਦਾ ਹੈ, ਗਰਦਾ (ਘੱਟਾ), ਜਮ੍ਹਾਂ ਹੋ ਜਾਂਦਾ ਹੈ, ਰੋਜ਼ ਹੂੰਝਣਾਂ ਪੈਂਦਾ ਹੈ।

ਸੁਭਾਗ— ਇਸ ਤਰ੍ਹਾਂ ਸਾਡੀ ਮੱਤ ਤੇ ਰੋਜ਼ ਗਰਦਾ ਪੈ ਜਾਂਦਾ ਹੈ ਅਰ ਉਸਨੂੰ ਰੋਜ ਕੱਢਣਾ ਚਾਹੀਦਾ ਹੈ।

ਬ੍ਰਿਸਟਰਾਣੀ— ਇਹ ਤਾਂ ਦ੍ਰਿਸ਼ਟਾਂਤ ਹੋਇਆ, ਕੋਈ ਅਸਲ ਗੱਲ ਦੱਸੋ। ਦਿਲ ਕੋਈ ਫਰਸ਼ ਨਹੀਂ ਜਿਸ ਤੇ ਘੱਟਾ ਜਾ ਬੈਠਦਾ ਹੈ?

ਸੁਭਾਗ— ਦਿਲ ਉੱਤੇ ਹੋਰ ਤਰ੍ਹਾਂ ਦਾ ਗਰਦਾ ਬੈਠਦਾ ਹੈ। ਇਸ ਵਿਚ ਹਰ ਵੇਲੇ ਫੁਰਨੇ ਫੁਰਦੇ ਹਨ, ਓਹ ਤ੍ਰੈ ਤਰਾਂ ਦੇ ਹੁੰਦੇ ਹਨ:- ੧. ਭਲੇ, ੨. ਬੁਰੇ, ੩. ਨਾ ਭਲੇ ਨਾ ਬੁਰੇ। ਫੁਰਨੇ ਮਨ ਨੂੰ ਢਿੱਲਿਆਂ ਕਰਦੇ ਹਨ।

ਬ੍ਰਿਸਟਰਾਣੀ— ਭਲੇ ਫੁਰਨੇ ਬੀ ਢਿੱਲਿਆਂ ਕਰਦੇ ਹਨ?

ਸੁਭਾਗ— 'ਬੁਰੇ ਫੁਰਨੇਂ' ਮਨ ਨੂੰ ਮੈਲਾ, ਨਿਤਾਣਾ ਤੇ ਖਿੰਡਾਉ ਵਾਲਾ ਕਰਦੇ ਹਨ। 'ਨਾ ਬੁਰੇ ਨਾ ਭਲੇ ਫੁਰਨੇਂ' ਮਨ ਨੂੰ ਨਿਤਾਣਾ ਕਰਦੇ ਹਨ ਤੇ 'ਭਲੇ ਫੁਰਨੇਂ' ਮਨ ਨੂੰ ਮੈਲਾ ਨਹੀਂ ਕਰਦੇ, ਪਰ ਖਿੰਡਾਉ ਰਹਿੰਦਾ ਹੈ। ਇਹ ਵੰਡ ਮੈਂ ਐਵੇਂ ਸਰਸਰੀ ਤੇ ਮੋਟੀ ਜੇਹੀ ਕੀਤੀ ਹੈ। ਇਸ ਗਲ ਦੀਆਂ ਬ੍ਰੀਕੀਆਂ ਤੇ ਵੇਰਵੇ ਬਹੁਤ ਹਨ। ਮਤਲਬ ਇਹ ਕਿ ਸਾਡਾ ਮਨ ਚਾਹੀਦਾ ਹੈ:-

ਨਿਰਮਲ
ਬਲਵਾਨ ਤੇ
ਇਕਾਗਰ।

ਬਾਣੀ ਪੜ੍ਹਨ ਨਾਲ ਉਸ ਵਿਚ ਪਹਿਲਾਂ ਐਸੇ ਫੁਰਨੇ ਫੁਰਦੇ ਹਨ ਜੋ ਦੱਸਦੇ ਹਨ ਕਿ ਬੁਰੇ ਕਰਮ, ਬੁਰੇ ਵਾਕ ਤੇ ਬੁਰੇ ਫੁਰਨੇ ਮਾੜੇ ਹਨ, ਫੇਰ ਐਸੇ ਫੁਰਨੇ ਫੁਰਦੇ ਹਨ ਕਿ ਜਿਨ੍ਹਾਂ ਨੂੰ ਭਲੇ ਕਹਿਣਾ ਚਾਹੀਦਾ ਹੈ; ਭਲੇ ਫੁਰਨਿਆਂ ਨਾਲ ਬੁਰਿਆਂ ਦੀ ਮੈਲ ਚੋਖੀ ਦੂਰ ਹੋ ਜਾਂਦੀ ਹੈ।

ਫੇਰ ਬਾਣੀ ਨਾਲ ਵਿਚਾਰ ਸ਼ੁਰੂ ਹੁੰਦੀ ਹੈ, ਮਨ ਨੂੰ ਆਪਣੀ ਸੋਝੀ ਦੇ ਫੁਰਨੇ ਫੁਰਦੇ ਹਨ। ਨਾਲ ਹੀ ਇਸ ਬਾਣੀ ਵਿਚ ਇਕ ਸ਼ਕਤੀ ਹੈ ਕਿ ਮਨ ਦੇ ਖਿੰਡਾਉ ਨੂੰ ਘਟਾਉਂਦੀ ਹੈ ਤੇ ਇਕਾਗ੍ਰਤਾ ਵਧਾਉਂਦੀ ਹੈ। ਇਸ ਤਰ੍ਹਾਂ ਮਨ ਵਿਚ ਆਪਣੀ ਹੋਸ਼ ਤੇ ਆਪਣਾ ਤਾਣ ਪੈਦਾ ਹੋ ਆਉਂਦਾ ਹੈ। ਅਸੀਂ ਫੇਰ ਨਾਮ ਜਪਦੇ ਹਾਂ ਜਿਸ ਨਾਲ ਮਨ ਵਿਚ ਟਿਕਾਉ ਆਉਂਦਾ ਹੈ ਤੇ ਬਾਕੀ ਦੀ ਮੈਲ ਉਤਰਦੀ ਹੈ। ਨਾਲ ਹੀ ਅਸੀਂ ਆਪਣੇ ਧਿਆਨ ਨੂੰ ਬੰਨ੍ਹਕੇ ਰੱਖਦੇ ਹਾਂ, ਸੋਚਾਂ ਫੁਰਨਿਆਂ ਵੱਲ ਇਸਨੂੰ ਜਾਣੋ ਹੋੜਦੇ ਰਹਿੰਦੇ ਹਾਂ, ਜਿਸ ਨਾਲ ਹੋਰ ਮਨ ਟਿਕਦਾ ਹੈ। ਇਸ ਤਰ੍ਹਾਂ ਅੰਤਰ ਵਾਹਿਗੁਰੂ ਜੀ ਵਲ ਧਿਆਨ ਪੈ ਪੈ ਕੇ ਉਨ੍ਹਾਂ ਨਾਲ 'ਪਿਆਰ'-ਨਿਰਮਲ ਪਿਆਰ-ਪੈਦਾ ਹੋ ਆਉਂਦਾ ਹੈ ਤੇ 'ਰਸ' ਭਰ ਜਾਂਦਾ ਹੈ। ਇਹ ਰਸ ਸਰੀਰ ਦੇ ਸਾਰੇ ਰਸਾਂ ਤੋਂ ਉੱਚਾ ਰਸ ਹੈ। ਇਸਦੇ ਆਇਆਂ ਫਿਰ ਸਰੀਰ ਦੇ ਰਸ ਮੋਂਹਦੇ ਨਹੀਂ ਤੇ ਵਿਕਾਰਾਂ ਵਿਚ ਡੇਗਦੇ ਨਹੀਂ, ਸਗੋਂ ਮਨ 'ਨਿਰਮਲ' 'ਏਕਾਗਰ' ਤੇ 'ਬਲਵਾਨ' ਰਹਿੰਦਾ ਹੈ। ਦੁਨੀਆਂ ਦੇ ਮਾਮਲਿਆਂ ਵਿਚ ਬੀ ਮਨ ਦੀ ਸੋਝੀ ਨਿਰਮਲ ਹੋ ਜਾਂਦੀ ਹੈ।

ਬ੍ਰਿਸਟਰਾਣੀ— ਖੂਬ! ਪਰ ਖਿਮਾਂ ਕਰਨੀ, ਜੇ ਇਕ ਵਾਰ ਤੁਸਾਂ ਬਾਣੀ ਸਮਝੀ ਤੇ ਸਮਝ ਕੇ ਉਸ ਸਮਝ ਵਰਗਾ ਦਿਲ ਕਰ ਲਿਆ, ਫੇਰ ਰੋਜ਼ ਰੋਜ਼ ਕਰਨ ਦਾ ਟੰਟਾ ਮੁੱਕ ਜਾਵੇ।

ਸੁਭਾਗ— (ਚਿਹਰਾ ਲਾਲੀ ਭਾ ਦੇ ਕੇ ਫੇਰ ਠੀਕ ਹੋ ਗਿਆ) ਐਉਂ ਕਰੋ ਨਾਂ, ਮੈਂ ਤੁਸਾਂ ਨੂੰ ਬਾਣੀ ਸੁਣਾਉਂਦੀ ਹਾਂ, ਤੁਸੀਂ ਸਮਝੀ ਚੱਲੋ, ਸਮਝਕੇ ਫੇਰ ਮਨ ਠੀਕ ਕਰ ਲੈਣਾ। ਫੇਰ ਅੱਠਾਂ ਦਿਨਾ ਮਗਰੋਂ ਸੱਚ ਸੱਚ ਮੈਨੂੰ ਦੱਸ ਦੇਣਾ ਕਿ ਤੁਸਾਡਾ ਮਨ:-

੧. ਜੁੜਿਆ ਰਿਹਾ ਹੈ; ਅਰਥਾਤ 'ਏਕਾਗਰ' ਰਿਹਾ ਹੈ, ਫੁਰਨਾ ਕੋਈ ਨਹੀਂ ਫੁਰਿਆ?

੨. ਜੇ ਫੁਰਿਆ ਤਾਂ ਮੱਧਮ, ਅਰ ਭਲਾ ਫੁਰਨਾ ਫੁਰਿਆ ਹੈ?

੩. ਯਾ ਭਲੇ ਦੇ ਸਿਵਾ 'ਨਾਂ ਭਲਾ ਨਾਂ ਬੁਰਾ' ਫੁਰਨਾ ਫੁਰਿਆ ਹੈ ਤੇ

੪. ਬੁਰਾ ਫੁਰਨਾ ਉੱਕਾ ਨਹੀਂ ਫੁਰਿਆ?

ਜੇ ਤਾਂ ਤੁਸਾਂ ਇਹ ਗੱਲ ਸਿਰੇ ਚਾੜ੍ਹ ਲਈ ਤਾਂ ਫੇਰ ਗੱਲ ਕਰਾਂਗੇ, ਪਰ ਜੇ ਤੁਸੀਂ ਬਿਫਲਦੇ ਰਹੇ, ਤਦ ਫੇਰ ਉਸੇ ਦਾਰੂ ਖਾਣਦੀ ਬਾਰ ਬਾਰ ਲੋੜ ਪਊ ਕਿ ਨਾ, ਜਿਹੜਾ ਦਾਰੂ ਕਿ ਤੁਸੀਂ ਇਕ ਦਿਨ ਖਾ ਕੇ ਬੱਸ ਕਰਨਾ ਚਾਹੁੰਦੇ ਸਾਓ ਤੇ ਜਿਸ ਦਾਰੂ ਨੇ ਤੁਸਾਂ ਤੇ ਚੰਗਾ ਅਸਰ ਕੀਤਾ ਸੀ?

ਬ੍ਰਿਸਟਰਾਣੀ— ਇਹ ਤਾਂ ਔਖੀ ਗੱਲ ਹੈ ਕਿ ਫੁਰਨਾ ਰੁਕ ਜਾਏ। ਇਹ ਬੀ ਔਖੀ ਹੈ ਕਿ ਫੁਰਨਾ ਨਿਰੋਲ ਭਲਾ ਹੋ ਜਾਵੇ। ਜੋ ਆਦਮੀ ਹੈ ਸਭ ਦੇ ਮਨ ਵਿਚ ਕੁਛ ਨਾ ਕੁਛ ਹਰ ਵੇਲੇ ਫੁਰਨਾ ਫੁਰਦਾ ਹੀ ਰਹਿੰਦਾ ਹੈ ਤੇ ਜੋ ਕੁਛ ਫੁਰਦਾ ਹੈ ਉਹ ਕਦੇ ਭਲਾ ਹੁੰਦਾ ਹੈ ਕਦੇ ਬੁਰਾ।

ਸੁਭਾਗ— ਆਦਮੀ ਜੋ ਕੰਮ ਕਰਦਾ ਹੈ ਉਹ ਕਦੇ ਭਲਾ ਹੁੰਦਾ ਹੈ ਯਾ ਬੁਰਾ ਤੇ ਹਰ ਕੰਮ ਦੇ ਕਰਨ ਤੋਂ ਪਹਿਲਾਂ ਉਸ ਕੰਮ ਦਾ ਫੁਰਨਾ ਫੁਰਦਾ ਹੈ। ਫੁਰਨਾ ਯਾ ਭਲਾ ਹੁੰਦਾ ਹੈ ਯਾ ਬੁਰਾ। ਜੇ ਬੁਰਾ ਫੁਰਨਾ ਹੁੰਦਾ ਹੈ ਤਾਂ ਬੁਰੇ ਕੰਮ ਕਰਾਉਂਦਾ ਹੈ, ਜੇ ਭਲਾ ਹੁੰਦਾ ਹੈ ਤਾਂ ਭਲਾ ਕੰਮ ਕਰਾਉਂਦਾ ਹੈ। ਸੋ ਤੁਸੀਂ ਇਹ ਸਾਫ ਸਾਫ ਸਮਝ ਲਓ ਕਿ ਫੁਰਨੇ ਨੂੰ ਸੋਧਣਾ ਕਰਮਾਂ ਨੂੰ ਦਰੁਸਤ ਕਰਨਾ ਹੈ।

ਬ੍ਰਿਸਟਰਾਣੀ— ਇਕ ਵਾਰੀ ਫੇਰ ਆਖਣਾ।

ਸੁਭਾਗ— ਹਰ ਕਰਮ ਦੇ ਕਰਨ ਤੋਂ ਪਹਿਲਾਂ ਫੁਰਨਾ ਫੁਰਦਾ ਹੈ। ਜੇ ਫੁਰਨੇ ਤੇ ਸਾਡਾ ਵਸੀਕਾਰ ਹੋਵੇ (ਜੇਹਾ ਚਾਹੀਏ ਫੁਰਨ ਦੇਈਏ, ਯਾ ਫੁਰਦੇ ਸਾਰ ਜਿਸ ਨੂੰ ਚਾਹੀਏ ਰੋਕ ਦੇਈਏ) ਤਦ ਕਰਮਾਂ ਤੇ ਸਾਡਾ ਵੱਸ ਹੋ ਗਿਆ। ਜੇਹੇ ਜੇਹੇ ਕੰਮ ਅਸੀਂ ਨਹੀਂ ਕਰਨੇ ਚਾਹੁੰਦੇ ਉਨ੍ਹਾਂ ਦੇ ਫੁਰਨੇ ਹੀ ਮਾਰ ਲਏ ਯਾ ਫੁਰਨ ਹੀ ਨਾ ਦਿੱਤੇ, ਇਸ ਤੋਂ ਸਮਝਿਆ ਜਾਂਦਾ ਹੈ ਕਿ ਨਹੀਂ ਕਿ ਫੁਰਨੇ ਤੇ ਕਾਬੂ ਪਾ ਲੈਣਾ ਹੈ? ਇਹੋ ਹੀ ਆਪਣੇ ਆਪ ਦਾ ਮਾਲਕ ਬਣ ਜਾਣਾ ਹੈ। ਪਰ ਤੁਸਾਂ ਵੇਖੇ ਹਨ, ਪਸ਼ੂ, ਜੋ ਫੁਰਨਾ ਉਨ੍ਹਾਂ ਨੂੰ ਫੁਰਦਾ ਹੈ ਓਸੇ ਦੇ ਵੱਸ ਵਿਚ ਭੱਜੇ ਫਿਰਦੇ ਹਨ, ਪਰ ਮਨੁੱਖ ਬੀ ਜੇ ਇਸ ਤਰ੍ਹਾਂ ਫਿਰੇ ਤਾਂ ਪਸ਼ੂ ਹੋਇਆ ਤੇ ਜੇ ਫੁਰਨੇ ਤੇ ਵੱਸ ਪਾ ਕੇ ਆਪਣੇ ਕੰਮਾਂ ਉੱਤੇ ਵੱਸ ਪਾ ਲਵੇ ਤਾਂ ਪਸ਼ੂਆਂ ਤੋਂ ਉੱਚਾ-ਮਨੁੱਖ-ਹੋਇਆ।

ਬ੍ਰਿਸਟਰਾਣੀ— ਇਹ ਠੀਕ ਹੈ, ਤੁਹਾਡਾ ਹੁਣ ਸਿੱਧਾਂਤ ਕੀ ਹੈ?

ਸੁਭਾਗ— ਇਹ ਕਿ ਫੁਰਨੇ ਨੂੰ ਸਾਧਣਾ ਅਰ ਫੁਰਨੇ ਤੇ ਕਾਬੂ ਪਾਉਣਾ ਆਪਣੇ ਕੰਮਾਂ ਨੂੰ ਕਾਬੂ ਵਿਚ ਲੈ ਲੈਣਾ ਹੈ। ਕੰਮਾਂ ਤੇ ਕਾਬੂ ਪਾਉਣਾ ਪਸ਼ੂ ਤੋਂ ਉੱਚੇ ਮਨੁੱਖ ਬਣਨਾ ਹੈ। ਇਸ ਲਈ ਫੁਰਨਾ ਸਾਧਣਾ ਜ਼ਰੂਰੀ ਹੈ। ਫੁਰਨਾ ਬਾਣੀ ਪੜ੍ਹਨ ਨਾਲ ਸਾਧਿਆ ਜਾਂਦਾ ਹੈ, ਜੈਸਾ ਕਿ ਮੈਂ ਪਹਿਲਾਂ ਦੱਸਿਆ ਸੀ। ਤਾਂਤੇ ਬਾਣੀ ਪੜ੍ਹਨੀ ਚਾਹੀਏ। ਫੁਰਨੇ ਇਕ ਦਮ ਨਹੀਂ ਸਾਧੇ ਜਾਂਦੇ, ਸਾਡੇ ਸੁਭਾਵ ਪਸ਼ੂ ਹੋਣ ਕਰ ਕੇ, ਬਿਰਤੀਆਂ ਪਸ਼ੂ ਸੰਸਾਰ ਨਾਲ ਸਾਂਝੀਆਂ ਹੋਣ ਕਰ ਕੇ, ਸਾਡਾ ਰੁਖ ਪਸ਼ੂ-ਰੁਚੀਆਂ ਵਲ ਬਹੁਤ ਰਹਿੰਦਾ ਹੈ, ਅਰਥਾਤ ਮਾੜੇ ਫੁਰਨੇ ਫੁਰਦੇ ਹੀ ਰਹਿੰਦੇ ਹਨ। ਸਾਡੇ ਫੁਰਨੇ ਬਹੁਤਾ ਤਾਂ ਪੰਜਾਂ ਵਿਕਾਰਾਂ ਵਲ ਹੀ ਰੁਖ਼ ਰੱਖਦੇ ਹਨ, ਇਸ ਕਰ ਕੇ ਉਨ੍ਹਾਂ ਨੂੰ ਸਾਧਣ ਲਈ ਬਾਣੀ ਰੋਜ਼ ਪੜ੍ਹਨੀ ਚਾਹੀਏ।

ਬ੍ਰਿਸਟਰਾਣੀ— ਇਹ ਤੁਸਾਂ ਬਾਣੀ ਦਾ ਜੋ ਲਾਭ ਦੱਸਿਆ ਹੈ, ਇਸ ਨਾਲ ਕਰਮ ਸ਼ੁਭ ਹੋਏ, ਫੁਰਨੇ ਤੇ ਕਰਮਾਂ ਤੇ ਕਾਬੂ ਪਾ ਲਿਆ, ਕਿ ਕੁਛ ਹੋਰ ਬੀ?

ਸੁਭਾਗ— ਹੋਰ ਬੀ, ਪਰ ਉਸ ਦਾ ਤੁਸਾਨੂੰ ਸ਼ੌਕ ਸ਼ਾਇਦ ਅਜੇ ਨਹੀਂ ਹੈ, ਤੁਹਾਡੇ ਸ਼ੌਕ ਕੁਛ ਹੋਰ ਹਨ।

ਬ੍ਰਿਸਟਰਾਣੀ— ਸ਼ੌਕ ਤਾਂ ਅਜਿਹੇ ਹਨ ਕਿ ਮਾਯਾ ਬਹੁਤੀ ਹੋਵੇ, ਪੁਤਰ ਹੋਣ, ਮੋਟਰ ਕਾਰਾਂ, ਬਾਗ਼, ਮਹਿਲ, ਜ਼ਮੀਨਾਂ ਹੋਣ, ਨਿਉਂ ਨਿਉਂ ਸਲਾਮਾਂ ਹੋਣ, ਪਰ ਮੋਟਰਕਾਰ ਦੀ ਟੱਕਰ ਲੱਗਣ ਨਾਲ ਸਾਡੀ ਤੁਸਾਂ ਨਾਲ ਆ ਟੱਕਰ ਲੱਗੀ ਹੈ। ਇਸ ਨੇ ਸਾਡੀ ਇਕ ਜਾਗ ਖੁਹਲੀ ਹੈ ਤੇ ਸਾਨੂੰ ਕੋਈ ਹੋਰ ਦੁਨੀਆਂ ਦਿੱਸਣ ਲੱਗ ਪਈ ਹੈ। ਇਸ ਲਈ ਤੁਸਾਂ ਜੀ ਨੂੰ ਪੁੱਛਦੀ ਹਾਂ ਕਿ ਕੋਈ ਪੱਕੀ ਸੋਝੀ ਪੈ ਜਾਵੇ ਜਿਸ ਨਾਲ ਕਿ ਉਸ ਘੇਰੇ ਵਿਚ ਸਾਡਾ ਵਾਸ ਬੀ ਹੋ ਜਾਵੇ ਜਿਸ ਵਿਚ ਤੁਹਾਡਾ ਵਾਸ ਹੈ।

SIKHBOOKCLUB.COM

ਸੁਭਾਗ— ਹੋਰ ਸੁਖ ਇਸ ਦਾ ਇਹ ਹੈ, ਕਿ ਮਨ ਨੂੰ ਆਪੇ ਦੀ ਸੋਝੀ ਹੁੰਦੀ ਹੈ।

ਅਸੀਂ ਜਾਣਦੇ ਹਾਂ ਕਿ ਮਨ ਸਾਡਾ ਪਸ਼ੂਆਂ ਵਰਗਾ ਮਨ ਹੈ, ਆਪਨੀ ਰੁਚੀ ਮਗਰ ਭੱਜ ਉਠਦਾ ਹੈ ਪਰ ਸਾਨੂੰ ਇਹ ਪਤਾ ਨਹੀਂ ਕਿ ਸਾਡਾ ਅਸਲ ਆਪਾ ਕੀ ਹੈ? ਬਾਣੀ ਸਾਨੂੰ ਦੱਸਦੀ ਹੈ:-

"ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥"

ਜਦ ਅਸੀਂ ਮੂਲ ਪਛਾਨਣ ਵੱਲ ਲੱਗਦੇ ਹਾਂ, ਤਦ ਸਾਨੂੰ ਮਨ ਅੰਦਰੋਂ ਮੈਲਾ ਦਿੱਸਦਾ ਹੈ; ਤਦ ਬਾਣੀ ਆਖਦੀ ਹੈ:-

'ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥"

ਤਦ ਅਸੀਂ ਨਾਮ ਜਪਦੇ ਹਾਂ। ਇਉਂ ਜਦ ਮੈਲ ਉਤਰਦੀ ਹੈ ਤਾਂ ਬਾਣੀ ਆਖਦੀ ਹੈ:-

'ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ।'

ਅਰਥਾਤ ਮਨ ਦੀ ਮੈਲ ਹਟ ਗਿਆਂ ਇਹੋ ਨਾਮ ਰਸ ਦਾਤਾ ਹੋ ਜਾਂਦਾ ਹੈ ਅੰਮ੍ਰਿਤ ਵਾਙੂੰ।

ਜਦ ਅੰਦਰ ਅੰਮ੍ਰਿਤ ਰਸ ਬੱਝਦਾ ਹੈ ਤਾਂ ਫੇਰ ਬਾਣੀ ਦੱਸਦੀ ਹੈ:-

'ਪ੍ਰਭ ਕੈ ਸਿਮਰਨਿ ਨਿਹਚਲ ਆਸਨੁ॥

ਪ੍ਰਭ ਕੈ ਸਿਮਰਨਿ ਕਮਲ ਬਿਗਾਸਨੁ॥'

ਬ੍ਰਿਸਟਰਾਣੀ— ਮੈਂ ਇਸ ਦਾ ਅਰਥ ਨਹੀਂ ਜਾਤਾ।

ਸੁਭਾਗ— ਇਸ ਦਾ ਅਰਥ ਹੈ ਕਿ ਨਾਮ ਜਪਨ ਨਾਲ ਏਕਾਗ੍ਰਤਾ ਪ੍ਰਾਪਤ ਹੁੰਦੀ ਹੈ ਤੇ ਅੰਦਰਲਾ ਜੋ ਸਦਾ ਉਦਾਸ, ਚਿੰਤਾਤੁਰ, ਖਿੱਚਾਂ ਵਿਚ ਤੇ ਜਲਨ ਭੁੱਜਣ ਵਿਚ ਰਹਿੰਦਾ ਹੈ ਓਹ ਖਿੜ ਪੈਂਦਾ ਹੈ, ਜਿਸ ਤਰ੍ਹਾਂ ਖਿੜਿਆ ਕੌਲ ਫੁਲ ਹੁੰਦਾ ਹੈ।

ਬ੍ਰਿਸਟਰਾਣੀ— ਠੀਕ!

ਸੁਭਾਗ— ਜਦ ਆਪੇ ਦੀ ਸੋਝੀ ਹੋ ਆਉਂਦੀ ਹੈ ਤੱਦ ਆਪਾ ਆਪੇ ਵਿਚ, ਟਿਕਾਉ ਵਿਚ ਰਹਿੰਦਾ ਹੈ। ਇਸ ਟਿਕਾਉ ਵਿਚ ਅਕੱਥ ਸੁਆਦ ਹੁੰਦਾ ਹੈ, ਤੇ ਇਸ ਟਿਕਾਉ ਤੋਂ ਨਿਕਲਿਆਂ ਕਲੇਸ਼ਾਂ ਵਿਚ ਵਾਸ ਰਹਿੰਦਾ ਹੈ, ਇਹ ਵੇਖ ਵੇਖ ਕੇ ਮਨ ਫੇਰ ਟਿਕਾਉ ਵਲ ਵੱਧ ਰੁਖ ਰੱਖਦਾ ਹੈ। ਜਿਉਂ ਜਿਉਂ ਮਨ ਟਿਕਦਾ ਹੈ ਤਿਉਂ ਤਿਉਂ ਬਲਵਾਨ ਹੁੰਦਾ ਹੈ; ਤੇ ਜਿਉਂ ਜਿਉਂ ਬਲਵਾਨ ਹੁੰਦਾ ਹੈ ਤਿਉਂ ਤਿਉਂ ਖਿੜਦਾ ਹੈ।* ਅੰਤ ਇਸ ਨੂੰ ਦਿੱਸ ਪੈਂਦਾ ਹੈ ਕਿ ਮੇਰਾ ਸਰੂਪ 'ਜੋਤਿ' ਹੈ।

ਬ੍ਰਿਸਟਰਾਣੀ— ਜੋਤਿ ਦਾ ਕੀ ਮਤਲਬ?

ਸੁਭਾਗ— ਕਦੇ ਦੀਵਾ ਡਿਠਾ ਜੇ, ਦੇਸੀ ਦੀਵਾ ਜੋ ਸਾਡੇ ਘਰ ਬਲਦਾ ਹੈ ਸਰਹੋਂ ਦੇ ਤੇਲ ਦਾ? ਜਦੋਂ ਰਾਤ ਵੇਲੇ ਤੱਕੋ ਤਾਂ ਦੀਵੇ ਦੇ ਦੋ ਹਿੱਸੇ ਹਨ, ਇਕ ਜੋਤ ਸਰੂਪ ਤੇ ਇਕ ਮਿੱਟੀ ਅੰਧ। ਲਾਟ ਜੋ ਲੱਟ ਲੱਟ ਬਲਦੀ ਹੈ ਉਹਦਾ ਸਰੂਪ 'ਜੋਤਿ' ਹੈ, ਤੇ ਬਾਕੀ ਦੀਵਾ ਵੱਟੀ ਤੇਲ ਸਾਰੇ ਅੰਧ ਹਨ, ਮਿੱਟੀ ਦੇ ਰੂਪ। ਇਸ ਦ੍ਰਿਸ਼ਟਾਂਤ ਤੋਂ ਆਪਣੇ ਸਰੀਰ ਨੂੰ ਸਮਝੋ ਕਿ ਇਹ ਸਰੀਰ ਅੱਖਾਂ, ਕੰਨ, ਨੱਕ, ਸਿਰ ਵਿਚ ਦੀ ਮਿੱਝ, ਦਿਲ ਇਸ ਸਰੀਰ ਦੀ ਮਿੱਟੀ ਦੇ ਹਨ, ਪਰ ਉਹ ਜੋ ਅੰਦਰ ਸੂਖਮ ਹੈ ਜੋ ਆਪਾ ਲਖਾਵੇ ਤਾਂ 'ਮੈਂ' 'ਮੈਂ' ਕਰਦਾ ਹੈ ਤੇ 'ਮੇਰੀ' 'ਮੇਰੀ' ਕੂਕਦਾ ਹੈ, ਉਹ 'ਜੋਤਿ ਸਰੂਪ' ਹੈ। ਮਨ ਸਰੀਰ ਵਿਚ ਵਸਦਾ ਹੋਣ ਕਰ ਕੇ, ਆਪਣੇ ਆਪ ਨੂੰ ਸਰੀਰ ਵਾਙੂੰ ਅੰਧ ਮਿੱਟੀ ਦਾ ਹੀ ਕੋਈ ਅੰਗ ਸਮਝਦਾ ਹੈ, ਪਰ ਨਾਮ ਨਾਲ ਮੈਲ ਦੂਰ ਹੋ ਜਾਣ ਕਰ ਕੇ ਇਸ ਨੂੰ ਆਪਣੇ ਆਪ ਦਾ 'ਜਯੋਤੀ' ਰੂਪ ਹੋਣਾ ਵੀ ਪ੍ਰਤੀਤ ਹੋ ਆਉਂਦਾ ਹੈ।

ਬ੍ਰਿਸਟਰਾਣੀ— ਖਬਰੇ ਸਾਰਾ ਹੀ ਮਿਟੀ ਅੰਧ ਹੈ, ਜਯੋਤਿ ਵੱਖਰੀ ਕੋਈ ਸ਼ੈ ਹੀ ਨਹੀਂ।

ਸੁਭਾਗ— ਪ੍ਰਤੱਖ ਵੇਖ ਲਓ। ਤੁਸੀਂ ਓਸ ਭੁੱਲ ਵਿਚ ਹੋ ਜੋ ਬਾਣੀ ਕੱਟਦੀ ਹੈ ਤੇ ਨਾਮ ਦੂਰ ਕਰਦਾ ਹੈ। ਜਦ ਤੱਕ ਤੁਸੀਂ ਬਾਣੀ ਤੇ ਨਾਮ ਦੀ ਟੇਕ ਨਾ ਲਓ ਤੁਹਾਨੂੰ ਆਪਣਾ ਆਪ ਸਰੀਰ ਤੋਂ ਵੱਖਰਾ ਜਯੋਤਿ ਰੂਪ ਕੀਕੂੰ ਦਿੱਸੇ? ਤੁਸਾਂ ਮੇਰੇ ਕਹਿਣ ਦੀ ਪ੍ਰੋੜਤਾ ਕਰ ਦਿੱਤੀ ਹੈ। ਮੈਂ ਬੀ ਏਸੇ ਤਰ੍ਹਾਂ ਠੁਹਕਰਾਂ ਖਾਧੀਆਂ ਹਨ, ਪਰ ਹੁਣ ਇਸ ਬਾਣੀ ਨਾਮ ਦੀ ਤੁਫ਼ੈਲ ਫੁਰਨੇ ਮੈਨੂੰ ਮੇਰੇ ਦਾਸ ਦਿੱਸਦੇ ਹਨ, ਜੋ ਮੇਰੀ ਸੇਵਾ ਲਈ ਹਨ ਤੇ ਉਨ੍ਹਾਂ ਤੇ ਮੇਰਾ ਕਾਬੂ ਹੈ। ਆਪਣਾ ਆਪ ਮੈਨੂੰ ਜਯੋਤਿ ਸਰੂਪ ਭਾਸਦਾ ਹੈ ਤੇ ਮੇਰੇ ਅੰਦਰ ਇਕ ਟਿਕਾਉ ਤੇ ਰਸ ਰਹਿੰਦਾ ਹੈ, ਜਿਸ ਕਰਕੇ ਕਦੇ ਦਿਲਗਿਰੀ ਨਹੀਂ ਪੈਂਦੀ ਤੇ ਖੇੜਾ ਜਾਰੀ ਰਹਿੰਦਾ ਹੈ। ਬੀਬੀ ਜੀ! ਅੱਜ ਕੱਲ ਏਹੋ ਧਾੜ ਵੱਜ ਰਹੀ ਹੈ ਕਿ ਸਾਰੇ 'ਮਿੱਟੀ ਅੰਧ' ਬਣਨਾ ਹੀ ਠੀਕ ਸਮਝਦੇ ਹਨ। ਹਾਂ, ਓਹ ਸਾਧਨ ਕੀਤੇ ਬਿਨਾਂ ਹੀ ਤੇ ਆਪਣਾ ਆਪ 'ਜੋਤਿ ਸਰੂਪ' ਲਖੇ ਬਿਨਾਂ ਹੀ ਰਾਇ ਦੇ ਦੇਂਦੇ ਹਨ। ਪਰ ਲਖਿਆਂ ਹੀ ਥਹੁ ਪੈ ਸਕਦਾ ਹੈ ਕਿ

---

* ਨਾਨਕ ਭਗਤਾ ਸਦਾ ਵਿਗਾਸੁ॥ (ਜਪੁਜੀ)

ਆਪਾ ਅੰਦਰ ਜਜੋਤਿ ਸਰੂਪ-ਮਿੱਟੀ ਅੰਧ ਤੋਂ-ਉੱਚੀ ਤੇ ਸੂਖਮ ਸ਼ੈ ਹੈ।

ਬ੍ਰਿਸਟਰਾਣੀ— ਇਹ ਵੀਚਾਰ ਤਾਂ ਬੜੀ ਉੱਤਮ ਅਤੇ ਬਰੀਕ ਹੈ, ਪਰ ਖਿਮਾ ਕਰ੍ਨੀ, ਮੈਂ ਫੇਰ ਮੋਟੀ ਗਲ ਕਰਨ ਲੱਗੀ ਹਾਂ। ਮੈਨੂੰ ਸਮਝ ਨਹੀਂ ਪੈਂਦੀ ਕਿ ਕਿਸੇ ਕਲਾਮ ਨਾਲ ਯਾ 'ਬਚਨਾਂ' ਨਾਲ, ਮੇਰਾ ਮਤਲਬ ਹੈ ਕਿ ਮੂੰਹ ਦੇ ਲਫਜ਼ਾਂ ਨਾਲ ਜੋ ਕਿਸੇ ਨੇ ਕਹੇ, ਅਸਾਂ ਸੁਣੇ ਯਾ ਪੜ੍ਹੇ, ਉਸ ਤੋਂ ਸਮਝ ਤਾਂ ਕਹਿਣ ਵਾਲੇ ਦੇ ਅਰਥਾਂ ਨੂੰ ਸਮਝ ਗਈ, ਪਰ ਸਰੀਰ ਉੱਤੇ, ਜਿਸਮ ਉੱਤੇ, ਕਿ ਮਨ ਉੱਤੇ, ਕਿ ਮਨ ਦੀ ਮੈਲ ਉੱਤੇ ਕੀਕੂੰ ਅਸਰ ਪੈ ਗਿਆ ਤੇ ਟਿਕਾਉ ਤੇ ਰਸ ਕੀਕੂੰ ਆ ਗਿਆ?

ਸੁਭਾਗ— ਇਸ ਦਾ ਉੱਤਰ ਮੈਂ ਬੀ ਇਕ ਮੋਟੀ ਜੇਹੀ ਡੌਲ ਨਾਲ ਦੱਸਦੀ ਹਾਂ। ਇਕ ਪੁਰਾਣੀ ਕਥਾ ਸਾਨੂੰ ਅਗਲੇ ਦਿਨ ਇਕ ਸਾਈਂ ਲੋਕ ਨੇ, ਜੋ ਸਾਡੇ ਘਰ ਆਏ ਸਨ, ਸੁਣਾਈ ਸੀ, ਉਹ ਸੁਣਾਉਂਦੀ ਹਾਂ। ਇਕ ਬੀਮਾਰ ਕਿਸੇ ਹਕੀਮ ਪਾਸ ਦਾਰੂ ਵਾਸਤੇ ਗਿਆ। ਹਕੀਮ ਨੇ ਕਿਹਾ ਕਿ ਤੇਰਾ ਰੋਗ ਅਸਾਧ-ਨਾ ਰਾਜ਼ੀ ਹੋ ਸਕਣ ਵਾਲਾ-ਹੈ, ਤੂੰ ਮਰ ਜਾਏਂਗਾ। ਇਸ ਦਾ ਦਾਰੂ ਕੋਈ ਨਹੀਂ। ਸਮਾਂ ਪਾ ਕੇ ਇਹ ਹਕੀਮ ਇਕ ਹਕੀਮਾਂ ਦੀ ਟੋਲੀ ਵਿਚ ਬੈਠਾ ਸੀ ਕਿ ਓਥੇ ਨਾ ਰਾਜ਼ੀ ਹੋਣ ਵਾਲੇ ਰੋਗੀ ਦੀ ਗੱਲ ਛਿੜ ਪਈ। ਉਸ ਵੇਲੇ ਕਿਸੇ ਹੋਰ ਹਕੀਮ ਨੇ ਓਸ ਰੋਗੀ ਦੀ ਗਲ ਕੀਤੀ ਕਿ ਇਕ ਮਰਨਾਊ ਰੋਗ ਵਾਲਾ ਗ੍ਰੀਬ ਆਦਮੀ ਇਕ ਫਕੀਰ ਨੇ 'ਬਾਣੀ' ਕਹਿਕੇ ਰਾਜ਼ੀ ਕੀਤਾ ਹੈ। ਇਹ ਸੁਣਕੇ ਵੱਡੇ ਹਕੀਮ ਨੇ ਕਿਹਾ ਕਿ ਮੈਂ ਤਾਂ ਉਸ ਰੋਗੀ ਨੂੰ ਕਿਹਾ ਸੀ ਮਰ ਜਾਏਂਗਾ, ਤੇਰਾ ਰੋਗ ਦੂਰ ਨਹੀਂ ਹੋ ਸਕਦਾ, ਮੈਂ ਨਹੀਂ ਨਿਸ਼ਚਾ ਕਰਦਾ ਕਿ ਉਹ ਜੀਉਂਦਾ ਹੋਵੇ। ਇਸ ਪਰ ਇਕ ਆਦਮੀ ਜਾਕੇ ਓਸ ਬੀਮਾਰ ਨੂੰ ਲੈ ਆਇਆ, ਜੋ ਹੁਣ ਰਾਜ਼ੀ ਸੀ। ਇਸ ਨੂੰ ਵੇਖਕੇ ਵੱਡੇ ਹਕੀਮ ਨੇ ਅਚਰਜ ਹੋਕੇ ਪੁਛਿਆ: ਤੂੰ ਕਿਸ ਦਾਰੂ ਨਾਲ ਰਾਜ਼ੀ ਹੋਇਆ ਹੈਂ? ਉਹ ਕਹਿਣ ਲੱਗਾ, 'ਫਲਾਣੇ ਰੱਬ ਦੇ ਪਿਆਰੇ ਨੇ ਮੇਰੇ ਲਈ ਅਰਦਾਸ ਕੀਤੀ, ਅਸੀਸ ਦਿੱਤੀ ਤਾਂ ਮੈਂ ਵੱਲ ਹੋ ਗਿਆਂ'। ਇਸ ਪਰ ਹਕੀਮਾਂ ਨੇ ਕੋਈ ਆਦਮੀ ਘੱਲ ਕੇ ਉਸ ਰੱਬ ਦੇ ਪਿਆਰੇ ਨੂੰ ਸੱਦ ਮੰਗਾਇਆ। ਜਾਂ ਉਹ ਆਇਆ ਤਾਂ ਵੱਡੇ ਹਕੀਮ ਨੇ ਕਿਹਾ, 'ਦੱਸ ਬਈ ਸੰਤਾ! ਤੂੰ ਇਸ ਨੂੰ ਕਿਵੇਂ ਰਾਜ਼ੀ ਕੀਤਾ ਹੈ?' ਉਹ ਕਹਿਣ ਲੱਗਾ 'ਰਾਜ਼ੀ ਕਰਨ ਵਾਲਾ ਵਾਹਿਗੁਰੂ ਹੈ, ਮੈਂ ਤਾਂ ਅਰਦਾਸ ਕੀਤੀ ਸੀ ਤੇ ਸ਼ੁਭ ਬਚਨ ਕਹੇ ਸਨ'। ਵੱਡਾ ਹਕੀਮ ਨੱਕ ਚਾੜ੍ਹ ਕੇ ਕਹਿਣ ਲੱਗਾ, 'ਤੂੰ ਝੂਠ ਬਕਦਾ ਹੈਂ, ਕਦੇ ਬਚਨਾਂ ਨਾਲ ਭੀ ਰੋਗ ਦੂਰ ਹੋ ਸਕਦੇ ਹਨ।' ਉਸ ਵੇਲੇ ਫਕੀਰ ਨੇ ਹਕੀਮ ਨੂੰ ਕਿਹਾ, 'ਮੂਰਖਾ! ਕਿਉਂ ਹੰਕਾਰਿਆ ਗਿਆ ਹੈਂ, ਪਰਮੇਸ਼ਰ ਤੋਂ ਡਰ ਜੋ ਸਰਬ ਸਮਰੱਥ ਹੈ'। ਇਸ ਪਰ ਹਕੀਮ ਦਾ ਚਿਹਰਾ ਲਾਲ ਹੋ ਗਿਆ ਤੇ ਜੋਸ਼ ਨਾਲ ਕੰਬਣ ਲੱਗ ਪਿਆ। ਕਿਉਂਕਿ ਇਸ ਹਕੀਮ ਨੇ ਕਦੇ ਅਨਾਦਰ ਨਹੀਂ ਝੱਲਿਆ ਸੀ ਉਸਨੂੰ ਕ੍ਰੋਧ ਬਹੁਤਾ ਚੜ੍ਹ ਗਿਆ। ਹੁਣ ਸਾਈਂ ਲੋਕ ਨੇ ਦੂਸਰੇ ਹਕੀਮਾਂ ਨੂੰ ਕਿਹਾ ਕਿ ਦੇਖੋ ਏ ਹਕੀਮ ਦੀ ਨਾੜ, ਇਸਦਾ ਲਹੂ ਸਿਰ ਵੱਲ ਚੜ੍ਹ ਗਿਆ ਹੈ ਕਿ ਨਹੀਂ, ਅਤੇ ਇਸਦੇ ਖ਼ੂਨ ਦੀ ਚਾਲ ਤ੍ਰਿਖੀ ਚੱਲ ਰਹੀ ਹੈ ਕਿ ਨਹੀਂ? ਜਾਂ ਡਿੱਠਾ ਤਾਂ ਇਹੋ ਹਾਲ ਸੀ। ਫੇਰ ਫਕੀਰ ਨੇ ਕਿਹਾ, ਵੇਖੋ! ਮੇਰੇ ਇਕ ਅਸ਼ੁਭ ਬਚਨ 'ਮੂਰਖ' ਨੇ ਜੋ ਮੈਂ ਇਸਨੂੰ ਕਿਹਾ ਹੈ, ਇਸਨੂੰ ਬੀਮਾਰ ਕਰ ਦਿੱਤਾ ਹੈ ਕਿ ਨਹੀਂ? ਦਿਲ ਦੀ ਹਰਕਤ ਬਦਲ ਗਈ ਹੈ, ਲਹੂ ਤ੍ਰਿਖਾ ਚਲ ਰਿਹਾ ਹੈ, ਸਿਰ ਨੂੰ ਚੜ੍ਹ ਰਿਹਾ ਹੈ, ਸਰੀਰ ਕੰਬ ਰਿਹਾ ਹੈ, ਇਹ ਬੀਮਾਰੀ ਹੈ ਕਿ ਨਹੀਂ, ਅਰ ਮੇਰੇ ਇਕ ਬਚਨ ਤੋਂ ਲੱਗੀ ਹੈ ਕਿ ਨਹੀਂ? ਸੋ ਭਲਿਓ ਲੋਕੋ! ਜੇ ਕਿਸੇ 'ਬਚਨ' ਵਿਚ ਰੋਗ ਲਗਾ ਦੇਣ ਦੀ ਸਮਰੱਥਾ ਹੈ ਤਾਂ ਕਿਸੇ ਬਚਨ ਵਿਚ ਰੋਗ ਹਟਾ ਦੇਣ ਦੀ ਬੀ ਸਮਰੱਥਾ ਹੋ ਸਕਦੀ ਹੈ। ਪ੍ਰਤੱਖ ਲਈ ਪ੍ਰਮਾਣ ਨਾ ਲੱਭੋ। ਮੈਂ 'ਮੂਰਖ' ਗਾਲ ਨਹੀਂ ਸੀ ਕੱਢੀ, ਮੈਂ ਤਾਂ ਤੁਹਾਨੂੰ ਇਹ ਦੱਸਣ ਲਈ ਕਿ ਬਚਨ ਵਿਚ ਬੀ ਤਾਸੀਰ ਹੁੰਦੀ ਹੈ ਇਹ ਪਦ ਵਰਤਿਆ ਸੀ। ਇਸ ਪਰ ਹਕੀਮ ਸਾਰੇ ਮੰਨ ਗਏ ਕਿ ਸਾਈਂ ਲੋਕ ਠੀਕ ਕਹਿੰਦਾ ਹੈ। ਬ੍ਰਿਸਟਰਾਣੀ ਜੀ! ਤੁਹਾਨੂੰ ਚੇਤੇ ਹੋਊ ਕਿ ਮਾਂ ਦੀ ਲੋਰੀ ਨਾਲ ਤੁਸੀਂ ਨਿੱਕੇ ਹੁੰਦੇ ਸੌਂ ਜਾਂਦੇ ਸੀ, ਲੋਰੀ ਕੋਈ ਅਫੀਮ ਤਾਂ ਨਹੀਂ ਸੀ ਜੋ ਨੀਂਦ ਲੈ ਆਉਂਦੀ ਸੀ। ਹੁਣ ਬੀ ਡਿੱਠਾ ਹੋਵੇਗਾ ਕਿ ਮਿੱਠੇ ਵਾਕਾਂ ਨਾਲ ਗ਼ਮ ਤੇ ਗੁੱਸਾ ਦੂਰ ਹੋ ਜਾਂਦਾ ਹੈ। ਗ਼ਮ ਤੇ ਗੁੱਸੇ ਵਿਚ ਭੁੱਖ ਮਰ ਜਾਂਦੀ ਹੈ, ਮਿਠੇ ਵਾਕਾਂ ਨਾਲ ਜ਼ਹਿਰ ਲਹਿ ਕੇ ਭੁੱਖ ਲੱਗ

SIKHBOOKCLUB.COM

ਆਉਂਦੀ ਹੈ। ਸਾਡੇ ਮਨ ਉਤੇ ਵਾਕਾਂ ਦਾ ਅਸਰ ਹੁੰਦਾ ਹੈ। ਬਾਣੀ ਆਪਣਾ ਅਸਰ ਰਖਦੀ ਹੈ। ਬਾਣੀ ਜੋ ਅਸੀਂ ਪੜ੍ਹਦੇ ਹਾਂ ਉਸ ਵਿਚ ਪ੍ਰਤੱਖ ਇਹ ਤਾਸੀਰਾਂ ਹਨ ਕਿ ਮਨ ਵਿਚ ਸ਼ੁਭ ਖਯਾਲ ਵਾੜਦੀ ਹੈ; ਅਸ਼ੁਭ ਕੱਢਦੀ ਹੈ, ਮਨ ਨਿਰਮਲ ਹੋ ਜਾਂਦਾ ਹੈ, ਨਿਰਮਲ ਸ਼ੈ ਅਪਣੇ ਅਸਲੇ ਦੇ ਬਲ ਵਿਚ ਆਉਂਦੀ ਹੈ। ਬਾਣੀ ਨਾਲ ਫੁਰਨੇ ਰੁਕਦੇ ਹਨ ਤੇ ਮਨ ਖਿੰਡਾਉ ਤੋਂ ਨਿਕਲਦਾ ਹੈ। ਬਾਣੀ ਮਨ ਨੂੰ:-

ਨਿਰਮਲ,
ਬਲਵਾਨ ਤੇ
ਏਕਾਗਰ

ਕਰਦੀ ਹੈ ਤੇ ਇਹ ਗੱਲਾਂ ਗੱਲਾਂ ਹੀ ਨਹੀਂ ਪਰਤਾਵੇ ਦੀ ਵਰਤੋਂ ਹੈ। ਮੈਂ ਤਾਂ ਪਰਤਾਕੇ ਡਿੱਠਾ ਹੈ। ਗੱਲਾਂ ਵਾਲੇ ਧਰਮ ਦੇ ਸਾਰੇ ਮੰਡਲ ਮੈਂ ਅੱਖੀਂ ਵੇਖੇ ਹਨ ਤੇ ਕਰਨੀ ਵਾਲਾ ਮੰਡਲ ਸਾਡਾ ਇਹ ਘਰ ਹੈ। ਹੁਣ ਤੁਸੀਂ ਦੱਸੋ ਬਚਨਾਂ ਵਿਚ ਕੋਈ ਅਸਰ ਮਨ ਨੂੰ ਗੁੱਸੇ ਕਿ ਉਦਾਸ, ਖੁਸ਼ ਕਿ ਸ਼ਾਂਤ ਕਰਨ ਵਾਲਾ ਹੈ ਕਿ ਨਹੀਂ? ਆਮ ਲੋਕਾਂ ਦੇ ਬਚਨ ਨੀਂਦ ਤੱਕ ਲੈ ਆਉਂਦੇ, ਸਿਰ ਪੀੜ ਤੱਕ ਚੜ੍ਹਾ ਦੇਂਦੇ ਹਨ, ਧੜਕੀ ਲਾ ਦੇਂਦੇ ਹਨ। ਫੇਰ ਨਿਰਮਲ ਮਨ ਵਾਲੇ, ਏਕਾਗਰ ਮਨ ਵਾਲੇ, ਆਪੇ ਵਿਚ ਟਿਕ ਕੇ ਬਲਵਾਨ ਹੋਏ ਮਨ ਵਾਲੇ ਮਹਾਂ ਪੁਰਖਾਂ ਦੀ ਬਾਣੀ ਵਿਚ ਤਾਂ ਕਿਤੇ ਵਧੀਕ ਅਸਰ ਲੋੜੀਏ ਤੇ ਗੁਰੂ ਕੀ ਬਾਣੀ ਵਿਚ ਤਾਂ ਅਮਿਤ ਤਾਸੀਰ ਚਾਹੀਏ।

ਬ੍ਰਿਸਟਰਾਣੀ— ਗੱਲਾਂ ਤਾਂ ਤੁਸੀਂ ਬੀ ਬਾਬੇ ਵਾਂਙੂ ਪਤੇ ਦੀਆਂ ਕਰਦੇ ਹੋ ਤੇ ਸਮਝ ਨੂੰ ਠੰਢ ਪਾਈ ਜਾਂਦੇ ਹੋ, ਪਰ ਫਿਰ ਬੀ ਅਮਲ ਕਰਨੋਂ ਜੀ ਚੁਰਾਉਂਦਾ ਹੈ ਤੇ ਕਹਿੰਦਾ ਹੈ, ਇਹ ਰੋਜ਼ ਦਾ ਟੰਟਾ ਤੁਸਾਂ ਨੇ ਗਲ ਪਾਇਆ ਹੋਇਆ ਹੈ।

ਸੁਭਾਗ— ਰੋਜ਼ ਦਾ ਟੰਟਾ ਨਹੀਂ, ਛਿਨ ਛਿਨ ਦਾ ਟੰਟਾ, ਦਮ ਦਮ ਦਾ ਟੰਟਾ ਹਰ ਮਨੁੱਖ ਨੇ ਅਪਣੇ ਗਲ ਪਾਇਆ ਹੋਇਆ ਹੈ। ਤੁਸੀਂ ਕੇਹੜੇ ਟੰਟੇ ਤੋਂ ਛੁੱਟੇ ਬੈਠੇ ਹੋ?

ਬ੍ਰਿਸਟਰਾਣੀ— ਕਿਸ ਤਰ੍ਹਾਂ?

ਸੁਭਾਗ— ਹਰ ਛਿਨ, ਹਰ ਪਲ ਤੁਹਾਡਾ ਮਨ ਸੋਚਾਂ ਸੋਚਦਾ ਰਹਿੰਦਾ ਹੈ, ਇਕ ਤ੍ਰੰਗ ਹਟਦਾ ਹੈ ਇਕ ਹੋਰ ਉਠਦਾ ਹੈ। ਕਦੇ ਕਿਸੇ ਛਿਨ ਤੁਹਾਡਾ ਮਨ ਨਿਚੱਲਾ ਹੋਕੇ ਆਰਾਮ ਵਿਚ ਬੈਠਦਾ ਹੈ?

ਬ੍ਰਿਸਟਰਾਣੀ— (ਹੈਰਾਨ ਹੋਕੇ) ਤੁਹਾਡਾ ਭਾਵ ਕੀ ਹੈ?

ਸੁਭਾਗ— ਕਦੇ ਤੁਹਾਡਾ ਮਨ ਵਿਹਲਾ ਬਹਿੰਦਾ ਹੈ? ਕੋਈ ਨ ਕੋਈ ਸੋਚ, ਕੋਈ ਨ ਕੋਈ ਮਨੋਰਾਜ, ਕੋਈ ਨ ਕੋਈ ਸੰਕਲਪ ਫੁਰਦਾ ਹੀ ਰਹਿੰਦਾ ਹੈ।

ਬ੍ਰਿਸਟਰਾਣੀ— ਇਹ ਤਾਂ ਠੀਕ ਹੈ।

ਸੁਭਾਗ— ਫੇਰ ਦੱਮ ਬਦੱਮ ਕਿ ਛਿਨ ਛਿਨ ਦਾ ਪਿੱਟਣਾ ਤਾਂ ਤੁਹਾਡੇ ਗਲ ਪੈ ਹੀ ਰਿਹਾ ਹੈ। ਭਾਵੇਂ ਕਦੇ ਤਾਂ ਕੰਮਾਂ ਕਾਜਾਂ ਮੁਸ਼ਕਲਾਂ ਦ੍ਹੀਆਂ ਸੋਚਾਂ ਸੰਬੰਧੀ ਫੁਰਨੇ ਫੁਰਦੇ ਰਹਿੰਦੇ ਹਨ, ਪ੍ਰੰਤੂ ਅਕਸਰ ਵੇਰ ਨਿਕੰਮੇ ਬੇਅਰਥ ਖਿਆਲ, ਵਹਿਮ, ਵਹਿਣ, ਮਨੋਰਾਜ ਫੁਰਦੇ ਰਹਿੰਦੇ ਹਨ। ਮਨ ਕੁਛ ਨਾ ਕੁਛ ਕਰਦਾ ਹੀ ਰਹਿੰਦਾ ਹੈ। ਇਥੋਂ ਤਾਈਂ ਕਿ ਨੀਂਦ ਵਿਚ ਵੀ ਨਿਚੱਲਾ ਨਹੀਂ, ਸੁਪਨੇ ਦੀ ਜਾਲੀ ਤਣਦਾ ਰਹਿੰਦਾ ਹੈ। ਫੇਰ ਤੁਸੀਂ ਹਰ ਵੇਲੇ ਇਸ ਪਿੱਟਣੇ ਵਿਚ ਹੋ ਕਿ ਨਾਂ?

ਬ੍ਰਿਸਟਰਾਣੀ— ਲੱਗੇ ਤਾਂ ਰਹੀਦਾ ਹੈ।

ਸੁਭਾਗ— ਬੱਸ ਤੁਹਾਡਾ ਤੇ ਸਾਡਾ ਫਰਕ ਨਿਰਾ ਏਨਾਂ ਹੈ ਕਿ ਤੁਸੀਂ 'ਅਨੇਕ ਚਿੰਤਨ' ਵਿਚ ਰਹਿੰਦੇ ਹੋ, ਅਸੀਂ 'ਏਕ ਚਿੰਤਨ' ਵਿਚ ਰਹਿਣ ਦਾ ਤਰਲਾ ਕਰਦੇ ਹਾਂ।

ਬ੍ਰਿਸਟਰਾਣੀ— ਮੈਂ ਨਹੀਂ ਸਮਝੀ।

ਸੁਭਾਗ— ਤੁਹਾਨੂੰ ਅਨੇਕ ਤਰ੍ਹਾਂ ਦੀਆਂ ਸੋਚਾਂ ਫੁਰਦੀਆਂ ਰਹਿੰਦੀਆਂ ਹਨ, ਜਿਨ੍ਹਾਂ ਵਿਚੋਂ ਕਈ ਮਾੜੀਆਂ ਤੇ ਬਹੁਤੀਆਂ ਨਿਕੰਮੀਆਂ ਹੁੰਦੀਆਂ ਹਨ। ਅਸੀਂ ਜਤਨ ਕਰਦੇ ਹਾਂ ਕਿ ਸਾਨੂੰ ਇਕੋ ਸੋਚ ਫੁਰੇ। ਉਹ ਸੋਚ ਸ਼ੁਭ ਗੁਣਾਂ ਦੇ ਭੰਡਾਰ 'ਕਰਤਾਰ' ਦੀ ਹੋਵੇ। ਹੋਰ ਸੋਚਾਂ ਜੇ ਫੁਰਨ ਤਾਂ ਸ਼ੁਭ ਫੁਰਨ।

ਬ੍ਰਿਸਟਰਾਣੀ— ਤੁਸਾਂ ਨੂੰ ਘਰ ਦੇ ਕੰਮ ਕਾਜ ਦੀ ਵੀਚਾਰ ਨਹੀਂ ਫੁਰਦੀ?

ਸੁਭਾਗ— ਫੁਰਦੀ ਕਿਉਂ ਨਹੀਂ, ਅਸੀਂ ਸੋਚ ਤੋਂ ਉੱਨਾ ਕੰਮ ਲੈਂਦੇ ਹਾਂ, ਜਿੰਨਾ ਸਰੀਰ ਦੇ ਸੁਖ ਤੇ ਸਾਡੇ ਧਰਮਾਂ ਦੇ ਨਿਬਾਹ ਲਈ ਸਾਨੂੰ ਲੋੜੀਂਦਾ ਹੈ। ਬਾਕੀ ਫੇਰ ਅਸੀਂ 'ਇਕ— -ਚਿੰਤਨ' ਵਿਚ ਰਹਿੰਦੇ ਹਾਂ। ਤੁਸੀਂ ਹਰ ਵੇਲੇ ਮਨ ਨੂੰ ਚਿੰਤਨ ਕਰਨ ਦੇ

ਬਨ ਵਿਚ ਬ੍ਰਿਛ ਬ੍ਰਿਛ ਟਪਾਉਂਦੇ ਤੇ ਵਿਅਰਥ ਫੁਰਨਿਆਂ, ਸੋਚਾਂ, ਮਨੋਰਾਜਾਂ ਵਿਚ ਭਟਕਾਉਂਦੇ ਰਹਿੰਦੇ ਹੋ, ਫਿਰ ਸਾਨੂੰ ਕਹਿੰਦੇ ਹੋ ਕਿ ਤੁਹਾਡੇ ਗਲ ਛਿਨ ਛਿਨ ਦਾ ਪਿੱਟਣਾ ਪੈ ਰਿਹਾ ਹੈ ਤੇ ਅਸੀਂ ਪਿੱਟਣੇ ਤੋਂ ਖਾਲੀ ਹਾਂ। ਹੁਣ ਸੋਚ ਲਓ ਕਿ ਤੁਸੀਂ ਫੁਰਨੇ ਦੇ ਅਧੀਨ ਮਨੋਵਾਸ਼ਨਾ ਦੇ ਵੱਸ ਹਰਦਮ ਵਾਧੂ ਨਿਕੰਮੇ ਪਿੱਟਣੇ ਵਿਚ ਹੋ ਕਿ ਨਹੀਂ? ਅਸੀਂ ਫੁਰਨੇ ਤੇ ਵੱਸ ਪਾਉਂਦੇ, ਇਸ ਨੂੰ ਲੋੜ ਮੂਜਬ ਵਰਤਦੇ ਹਾਂ ਤੇ ਫੇਰ ਸੁਖਦਾਈ 'ਇਕ— ਚਿੰਤਨ' ਵਿਚ ਰਹਿੰਦੇ ਹਾਂ।

ਬ੍ਰਿਸਟਰਾਣੀ— ਬੀਬੀ! ਤੂੰ ਪੜ੍ਹੀ ਹੋਈ ਮੂਲੋਂ ਨਹੀਂ ਜਾਪਦੀ ਤੇ ਇਹ ਗੱਲ ਤੂੰ ਮੈਨੂੰ ਇੰਞ ਸਮਝਾਈ ਹੈ ਜੀਕੂੰ ਤੂੰ ਭਾਰੀ ਵਿਦਵਾਨ ਤੇ ਪੰਡਿਤ ਹੈਂ।

ਸੁਭਾਗ— ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੜ੍ਹੀ ਹੋਈ ਹਾਂ ਤੇ ਇਸ ਟਕਸਾਲ ਵਿਚ ਗੁਰਮਤਿ ਦੀ ਵਿਦਜਾ ਵਿਚ ਸਿੱਖਜਾ ਪਾ ਰਹੀ ਹਾਂ। ਬੀਬੀ ਜੀ! ਤੁਸਾਨੂੰ ਵਾਹ ਪਿਆ ਹੈ ਪਿੰਡ ਦੇ ਇਕ ਸਿੱਖ ਘਰਾਣੇ ਨਾਲ ਜੋ ਅੰਗ੍ਰੇਜ਼ੀਆਂ ਫਾਰਸੀਆਂ ਨਹੀਂ ਪੜ੍ਹੇ ਹੋਏ, ਪਰ ਜੋ ਸਿੱਖ ਧਰਮ ਦੇ ਚਾਨਣੇ ਵਿਚ ਟੁਰ ਰਹੇ ਹਨ। ਸੋ ਦੇਖ ਲੈ ਕਿ ਕਿਰਤੀ ਲੋਕ ਜੋ ਸਾਰਾ ਦਿਨ ਮਿਹਨਤ ਕਰਕੇ ਟੁੱਕ ਕਮਾਉਂਦੇ ਹਨ ਤੇ ਪੜ੍ਹਨ ਵਾਸਤੇ ਵਕਤ ਨਹੀਂ ਰੱਖਦੇ ਗੁਰਸਿਖੀ ਦੀ ਸਿਖਿਆ ਨਾਲ ਕਿਵੇਂ ਸੁਖੀ ਹੋ ਰਹੇ ਹਨ ਤੇ ਇਹ ਐਸਾ ਧਰਮ ਹੈ ਕਿ ਕਿਰਤੀ, ਵਪਾਰੀ, ਰਈਸ, ਪੜ੍ਹੇ ਅਨਪੜ੍ਹੇ ਸਭ ਤੋਂ ਹੋ ਆਉਂਦਾ ਹੈ। ਜੇ ਤੁਸੀਂ ਵਿਦਵਾਨ ਸਿੱਖ ਵੇਖਣੇ ਚਾਹੋ ਤਾਂ ਨਿਰੇ ਵਿਦਵਾਨ, ਕਿ ਵਿਦਵਾਨ ਤੇ ਕਰਨੀ ਵਾਲੇ ਆਪ ਨੂੰ ਬਹੁਤ ਮਿਲ ਜਾਣਗੇ, ਓਹ ਗੁਰਮਤਿ ਨੂੰ ਵਿਦ੍ਵਤਾ ਨਾਲ ਦੱਸ ਸਕਣਗੇ। ਬੜੇ ਬੜੇ ਭਾਰੇ ਪੰਡਿਤ ਤੇ ਵਿਦਜਾਵਾਨਬੀ ਸਾਡੇ ਵਿਚ ਹੈਨ। ਹੁਣ ਤਾਂ ਤੁਸੀਂ ਇੰਨੀ ਗਲ ਵੇਖ ਰਹੇ ਹੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਾਨਣੇ ਵਿਚ ਟੁਰਨ ਵਾਲੇ, ਪਿੰਡਾਂ ਵਿਚ ਰਹਿਣ ਵਾਲੇ ਸਿਖਾਂ ਦੇ ਜੀਵਨ ਕਿਸ ਸੱਚੇ ਵਿਚ ਢਲ ਗਏ ਹਨ ਕਿ ਜਿਨ੍ਹਾਂ ਨੇ ਸਚ ਮੁਚ ਗੁਰਬਾਣੀ ਨੂੰ ਸਮਝਣ ਦਾ ਹੀਲਾ ਕੀਤਾ ਹੈ ਤੇ ਸਮਝੀ ਗੱਲ ਉੱਤੇ ਅਮਲ ਕੀਤਾ ਹੈ।

ਬ੍ਰਿਸਟਰਾਣੀ— ਠੀਕ ਹੈ, ਮੈਨੂੰ ਯਾਦ ਆ ਗਿਆ, ਸਿਖਾਂ ਵਿਚ ਬੀ ਸੰਸਕ੍ਰਿਤ, ਅੰਗ੍ਰੇਜ਼ੀ, ਫਾਰਸੀ ਦੇ ਬੜੇ ਬੜੇ ਵਿਦਵਾਨ ਹੈਨ, ਪਰ ਖਿਮਾ ਕਰਨੀ ਬੀਬੀ ਜੀ! ਕੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਐਸੀਆਂ ਬ੍ਰੀਕ ਗਲਾਂ ਲਿਖੀਆਂ ਹੋਈਆਂ ਹਨ।

ਸੁਭਾਗ— ਉਹ ਤਾਂ ਆਤਮ ਵਿਦਜਾ ਦਾ ਭੰਡਾਰ ਹਨ। ਓਥੇ ਤਾਂ ਵਾਹਿਗੁਰੂ ਪ੍ਰਾਪਤੀ ਦੀ ਸਾਰੀ ਵਿਦਜਾ ਲਿਖੀ ਹੋਈ ਹੈ, ਏਨੀ ਕਿ ਬੜੇ ਬੜੇ ਪੰਡਿਤ ਸਮਝਦੇ ਹਾਰ ਜਾਂਦੇ ਹਨ, ਪਰ ਓਥੇ ਸੁਖੈਨਤਾ ਵੀ ਐਨੀ ਹੈ ਕਿ ਹਮਾਤੜ ਮੂਰਖ ਵੀ ਆਪਣੀ ਕਲਯਾਣ ਦਾ ਰਸਤਾ ਪ੍ਰਾਪਤ ਕਰ ਲੈਂਦੇ ਹਨ। ਜੋ ਮੈਂ ਗਲ ਤੁਹਾਨੂੰ ਸਮਝਾਈ ਹੈ, ਦੇਖੋ ਓਥੇ ਦੋ ਤੁਕਾਂ ਵਿਚ ਦੱਸੀ ਹੋਈ ਹੈ:-

ਚਿੰਤਤ ਹੀ ਦੀਸੈ ਸਭੁ ਕੋਇ॥
ਚੇਤਹਿ ਏਕੁ ਤਹੀ ਸੁਖੁ ਹੋਇ॥
(ਰਾਮਕਲੀ ਮ: ੧ ਦ: ਓਅੰਕਾਰ)

ਬ੍ਰਿਸਟਰਾਣੀ— ਮਤਲਬ?

ਸੁਭਾਗ— ਇਹ ਕਿ ਸਭ ਕੋਈ ਸੋਚਾਂ ਹੀ ਸੋਚਦਾ ਦਿੱਸਦਾ ਹੈ। ਕਿਸੇ ਦਾ ਮਨ ਵਿਹਲਾ, ਨਿਚੱਲਾ, ਟਿਕਾਉ ਵਿਚ, ਅਰਾਮ ਵਿਚ ਨਹੀਂ ਹੈ ਤੇ ਫੇਰ ਸਾਰੇ ਦੁਖੀ ਦਿੱਸਦੇ ਹਨ, ਸਤਿਗੁਰ ਜੀ ਕਹਿੰਦੇ ਹਨ ਕਿ ਜੇ ਇਕ ਨੂੰ ਚੇਤੇ ਤਾਂ ਸੁਖੀ ਹੋ ਜਾਵੇ। ਸੋ ਤੁਸਾਡੇ ਗਲ ਅਨੇਕ ਚਿੰਤਨਾਂ ਦਾ ਪਿੱਟਣਾ ਪਿਆ ਹੈ, ਅਸੀਂ ਇਕ ਚਿੰਤਨ ਵਿਚ ਵੱਸਦੇ ਹਾਂ ਤੇ ਸੁਖੀ ਹਾਂ।

ਬ੍ਰਿਸਟਰਾਣੀ— ਕਿਉਂ ਇਕ ਚਿੰਤਨ ਵਿਚ ਸੁਖ ਹੈ?

ਸੁਭਾਗ— ਇਹ ਗਲ ਬ੍ਰੀਕ ਹੈ, ਮੇਰੇ ਸਮਝਾਉਣ ਦੀ ਨਹੀਂ। ਜਿਕੁਰ ਮੇਰੀ ਮੋਟੀ ਸਮਝ ਵਿਚ ਹੈ, ਉੱਕਰ ਦੱਸ ਸਕਦੀ ਹਾਂ। ਜਿਸ ਆਦਮੀ ਦੀ ਅੱਖ ਅਨੇਕ ਦਰਸ਼ਨਾਂ ਨੂੰ ਦੇਖ ਰਹੀ ਹੈ ਉਹ ਨਿਸ਼ਾਨਾ ਨਹੀਂ ਫੁੰਡ ਸਕਦਾ। ਜਿਸਨੇ ਨਿਸ਼ਾਨਾ ਫੁੰਡਣਾ ਹੈ ਓਹ ਹਰ ਪਾਸਿਓਂ ਨਜ਼ਰ ਮੋੜ ਕੇ ਇਕ ਬਿੰਦੀ ਉੱਤੇ ਨਜ਼ਰ ਟਿਕਾਉਣੀ ਸਿਖਦਾ ਹੈ। ਜਦ ਇਸ ਟਿਕਾਉ ਵਿਚ ਉਸ ਦੀ ਨਜ਼ਰ ਪੱਕ ਜਾਂਦੀ ਹੈ ਤਾਂ ਫੇਰ ਓਸ ਦਾ ਨਿਸ਼ਾਨਾ ਠੀਕ ਬੈਠਦਾ ਹੈ। ਆਪ ਨੇ ਡਾਕਟਰ ਜੀ ਨੂੰ ਪੁੱਛਣਾ ਉਹ ਇਕ ਵਿਦਜਾ ਦੇ ਨੇਮ ਨਾਲ ਤੁਹਾਨੂੰ ਸਮਝਾਉਣਗੇ ਕਿ ਅਸਾਂ ਹੱਦ ਬੰਨੇ ਤੋਂ ਪਾਰ ਅਪਾਰ[1] ਅਨੰਤ[2] ਵਿਚ ਜਾਣਾ ਹੈ। ਇਸ ਕਰ ਕੇ ਪਹਿਲਾ ਜਤਨ ਇਹ ਹੈ ਕਿ ਇਸ ਫੈਲਾਉ

1. Absolute. 2. Infinite.

ਵਿਚ ਖਿੱਲਰੇ ਮਨ ਨੂੰ ਅਸਾਂ ਇਕ ਬਿੰਦੂ ਉਤੇ ਟਿਕਾਉਣਾ ਸਿੱਖਣਾ ਹੈ ਤਾਂ ਫੇਰ ਅਪਾਰ ਤੇ ਅਨੰਤ ਵਿਚ ਪਹੁੰਚਣ ਦਾ ਸਮਾਂ ਆਉਣਾ ਹੈ। ਮੈਂ ਇਹ ਅਨੁਭਵ ਕਰਦੀ ਹਾਂ ਪਰ ਸਮਝਾ ਨਹੀਂ ਸਕਦੀ, ਜਾਚ ਨਹੀਂ ਆਉਂਦੀ। ਇਕ ਕਥਾ ਸੁਣ ਕੇ ਸਮਝ ਲਓ:-

ਇਕ ਉਸਤਾਦ ਨੇ ਆਪਣੇ ਸ਼ਾਗਿਰਦਾਂ ਨੂੰ ਤੀਰ ਕਮਾਨ ਦੀ ਵਿਦਯਾ ਸਿਖਾਈ। ਇਕ ਦਿਨ ਵੱਡੇ ਨੂੰ ਆਖਣ ਲੱਗਾ, ਕਿਉਂ ਬਈ ਸਾਮ੍ਹਣੇ ਪੂਰਬ ਦਿਸ਼ਾ ਵਲ ਮੈਦਾਨ ਵਿਚ ਕੀ ਹੈ? ਉਸ ਨੇ ਕਿਹਾ, ਘਾਸ ਦਾ ਮੈਦਾਨ ਹੈ, ਵਿਚ ਪਿੱਪਲ ਹੈ। ਫੇਰ ਉਸ ਨੇ ਪੁੱਛਿਆ, ਪਿੱਪਲ ਦੀ ਪੱਛੋਂ ਦਿਸ਼ਾ ਵੱਲ ਕੀ ਹੈ? ਉਹ ਕਹਿਣ ਲੱਗਾ, ਪਿੱਪਲ ਹੀ ਹੈ ਤੇ ਉਸਦਾ ਵਡਾ ਟਾਹਣ ਹੈ ਜੋ ਸਭ ਤੋਂ ਉੱਚਾ ਹੈ। ਉਸਤਾਦ ਨੇ ਫਿਰ ਪੁਛਿਆ, ਇਸ ਟਾਹਣ ਤੋਂ ਉਪਰ ਵਾਰ ਕੁਛ ਹੈ? ਸ਼ਾਗਿਰਦ ਬੋਲਿਆ, ਹਾਂ ਟਾਹਣ ਤੇ ਇਕ ਤੋਤਾ ਬੈਠਾ ਹੈ। ਉਸਤਾਦ ਨੇ ਕਿਹਾ, ਤੋਤੇ ਦੀ ਕਿਹੜੀ ਅੱਖ ਤੇਰੀ ਵੱਲ ਹੈ? ਕਹਿਣ ਲਗਾ, ਖੱਬੀ। ਉਸਤਾਦ ਨੇ ਕਿਹਾ ਤੈਨੂੰ ਹੁਣ ਕੀ ਦੀਹਦਾ ਹੈ? ਸ਼ਾਗਿਰਦ ਬੋਲਿਆ, ਪੂਰਬ ਦੀ ਦਿਸ਼ਾ, ਘਾਸ ਦਾ ਮੈਦਾਨ, ਵਿਚ ਇਕ ਪਿੱਪਲ, ਉਸਦਾ ਲਹਿੰਦੇ ਦਾ ਟਾਹਣ ਤੇ ਉੱਪਰ ਤੋਤਾ ਤੇ ਤੋਤੇ ਦੀ ਖੱਬੀ ਅੱਖ। ਉਸਤਾਦ ਨੇ ਕਿਹਾ, ਇਸ ਅੱਖ ਵਿਚ ਤੀਰ ਮਾਰ। ਤੀਰ ਮਾਰਿਆ, ਪਰ ਉਹ ਤੋਤੇ ਨੂੰ ਨਾ ਲੱਗਾ। ਫੇਰ ਉਸਤਾਦ ਨੇ ਦੂਸਰੇ ਸ਼ਾਗਿਰਦ ਨੂੰ ਬੁਲਾ ਕੇ ਓਹੋ ਗੱਲਾਂ ਪੁੱਛੀਆਂ। ਪੂਰਬ ਵਲ ਕੀ ਹੈ? ਸ਼ਾਗਿਰਦ ਬੋਲਿਆ, ਘਾਸ ਦਾ ਮੈਦਾਨ। ਉਸਤਾਦ-ਕੋਈ ਬੂਟਾ ਬੱਚਾ ਹੈ? ਸ਼ਾਗਿਰਦ— ਜੀ ਹਾਂ! ਇਕ ਬ੍ਰਿਛ ਹੈ ਤੇ ਉਹ (ਠਹਿਰ ਜਾਣਾ) ਪਿੱਪਲ ਦਾ ਹੈ। ਉਸਤਾਦ ਨੇ ਕਿਹਾ ਪੱਛੋਂ ਦੀ ਵਲ ਦੇਖ। ਸ਼ਾਗਿਰਦ ਨੇ ਕਿਹਾ, ਉੱਚਾ ਟਾਹਣ ਦੀਹਦਾ ਹੈ। ਉਸਤਾਦ ਨੇ ਪੁੱਛਿਆ ਹੁਣ ਤੈਨੂੰ ਕੀ ਦੀਹਦਾ ਹੈ? ਸ਼ਾਗਿਰਦ ਬੋਲਿਆ, ਉੱਚਾ ਟਾਹਣ। ਉਸਤਾਦ ਨੇ ਕਿਹਾ:- ਘਾਸ ਦਾ ਮੈਦਾਨ ਤੇ ਸਾਰਾ ਪਿੱਪਲ? ਸ਼ਾਗਿਰਦ ਬੋਲਿਆ ਮੈਨੂੰ ਤਾਂ ਹੁਣ ਨਿਰਾ ਇਕ ਟਾਹਣ ਦੀਹਦਾ ਹੈ। ਉਸਤਾਦ ਨੇ ਕਿਹਾ ਕੀ ਕੋਈ ਪੰਛੀ ਬੀ ਏਥੇ ਹੈ? ਸ਼ਾਗਿਰਦ ਨੇ ਕਿਹਾ ਜੀ ਹਾਂ! ਹੈ ਇਕ, ਠਹਿਰਨਾਂ ਮੈਂ ਨਜ਼ਰ ਜਮਾ ਲਵਾਂ, (ਠਹਿਰਕੇ) ਜੀ ਹਾਂ ਹੈ ਅਰ ਤੋਤਾ ਹੈ। ਉਸਤਾਦ-ਹੁਣ ਤੈਨੂੰ ਕੀ ਦੀਹਦਾ ਹੈ? ਸ਼ਾਗਿਰਦ-ਜੀ ਤੋਤਾ। ਉਸਤਾਦ ਪਿੱਪਲ ਕਿ ਡਾਲ? ਸ਼ਾਗਿਰਦ-ਜੀ ਬਿਨਾਂ ਤੋਤੇ ਦੇ ਹੋਰ ਨਹੀਂ ਕੁਛ ਦੀਂਹਦਾ। ਉਸਤਾਦ-ਤੋਤੇ ਦੀ ਕਿਹੜੀ ਅੱਖ ਤੇਰੀ ਵੱਲ ਹੈ? ਸ਼ਾਗਿਰਦ (ਤੱਕ ਤੱਕ ਕੇ) ਜੀ ਖੱਬੀ ਅੱਖ! ਉਸਤਾਦ-ਹੁਣ ਤੈਨੂੰ ਕੀ ਦਿੱਸਦਾ ਹੈ? ਸ਼ਾਗਿਰਦ-ਜੀ ਅੱਖ। ਉਸਤਾਦ ਬੋਲਿਆ ਤੋਤਾ ਕਿ ਪਿੱਪਲ ਕਿ ਘਾਸ ਦਾ ਮੈਦਾਨ? ਸ਼ਾਗਿਰਦ ਬੋਲਿਆ, ਜੀ ਬਿਨਾਂ ਅੱਖ ਦੇ ਹੋਰ ਕੁਛ ਨਹੀਂ ਦੀਂਹਦਾ ਹੈ। ਉਸਤਾਦ ਨੇ ਕਿਹਾ ਇਹ ਅੱਖ ਵਿੰਨ੍ਹ ਸੁਟ। ਹੁਣ ਸ਼ਾਗਿਰਦ ਨੇ ਕਮਾਨ ਖਿੱਚਕੇ ਤੀਰ ਦੀ ਸ਼ਿਸਤ ਬੱਧੀ ਤੇ ਤੀਰ ਛੱਡ ਦਿਤਾ। ਤੀਰ ਜਾਕੇ ਵੱਜਾ। ਜਦੋਂ ਪਿੱਪਲ ਹੇਠ ਜਾ ਕੇ ਡਿੱਠਾ ਤੀਰ ਠੀਕ ਤੋਤੇ ਦੀ ਖੱਬੀ ਅੱਖ ਵਿਚ ਵੱਜਾ ਸੀ।

ਸੋ ਇਸ ਤੋਂ ਤੁਸੀਂ ਸਮਝ ਲਓ ਕਿ ਜਦ ਤਕ ਮਨ ਦੀ ਸੁਰਤ 'ਇਕ ਚਿੰਤਨ' ਵਿਚ ਨਾ ਆਵੇ ਤੇ 'ਇਕ ਨਿਸ਼ਾਨੇ' ਉੱਤੇ ਟਿਕ ਨਾ ਜਾਵੇ, ਤਦ ਤਕ ਉਹ ਵਸਤੂ ਕਿਸ ਤਰ੍ਹਾਂ ਦਿੱਸੇ, ਜੋ ਮਨ ਦੇ ਹੀ ਆਪਣੇ ਉਹਲੇ ਲੁਕੀ ਖੜੀ ਹੈ। ਅਸੀਂ 'ਇਕ ਚਿੰਤਨ' ਤੇ 'ਇਕ ਵਲ ਖਯਾਲ' ਅਪਣੇ 'ਇਕ ਨਿਸ਼ਾਨੇ' ਉਤੇ ਧਿਆਨ ਦੇ ਟਿਕਾਉਣ ਲਈ ਕਰਦੇ ਹਾਂ, ਇਸ 'ਟਿਕਾਉ' ਵਿਚ ਸਾਡੀ ਨਜ਼ਰ ਹੱਦਾਂ ਬੰਨੇ ਲੰਘਕੇ ਅਪਾਰ ਤੇ ਅਨੰਤ ਵਿਚ ਚਲੀ ਜਾਂਦੀ ਹੈ। ਫੇਰ ਉਹ ਕਲੇਸ਼ ਮਿਟ ਜਾਂਦੇ ਹਨ, ਜੋ ਤੁਸਾਨੂੰ ਤੇ ਹੋਰ ਸਾਰੇ ਜਗਤ ਨੂੰ ਖਾ ਰਹੇ ਹਨ ਤੇ ਜਿਸ ਕਰਕੇ ਅੰਦਰ ਇਕ ਤਰ੍ਹਾਂ ਦੀ ਭਟਕਣ ਲੱਗੀ ਰਹਿੰਦੀ ਹੈ।

ਦਿਲ ਕਦੇ ਕਿਸੇ ਖਿਆਲ ਤੇ ਕਦੇ ਕਿਸੇ ਖਿਆਲ ਤੇ ਟੱਪਦਾ ਫਿਰਦਾ ਹੈ। ਕਦੇ ਸ਼ੋਕ, ਕਦੇ ਚਿੰਤਾ, ਕਦੇ ਕਲੇਸ਼ਾਂ ਵਿਚ ਰੁੜ੍ਹਦਾ ਹੈ। ਮਨ ਦੀ ਇਸ ਹਾਲਤ ਨੂੰ 'ਖਿੰਡਾਓ,* ਕਹਿੰਦੇ ਹਨ। ਖਿੰਡਾਉ ਵਿਚ ਬਲ ਨਹੀਂ ਹੁੰਦਾ। ਜੋ ਚੀਜ਼ ਖਿੰਡਦੀ ਹੈ ਓਹ ਨਿਰਬਲ ਹੁੰਦੀ ਹੁੰਦੀ ਆਪਣੇ ਆਪ ਨੂੰ ਖਲੇਰ ਸੁੱਟਦੀ ਹੈ। ਇਸੇ ਕਰਕੇ 'ਅਨੇਕ ਚਿੰਤਨ ਵਿਚ ਰਹਿਣ ਵਾਲੇ' ਮਨ ਕਰਕੇ ਕਮਜ਼ੋਰ ਹੁੰਦੇ ਹਨ। ਮੋਟੀ ਜੇਹੀ ਗੱਲ,

---

* ਨੁਕਤਾ Point

* ਇੰਤਸ਼ਾਰ।



SIKHBOOKCLUB.COM

ਤੁਸੀਂ ਤਾਂ ਬਹੁਤ ਜਾਣਦੇ ਹੋਸੋ, ਮੈਨੂੰ ਡਾਕਟਰ ਜੀ ਨੇ ਇਕ ਦਿਨ ਦੱਸੀ ਸੀ ਕਿ ਵੇਲਾ ਦੱਸਣ ਵਾਲੀ ਘੜੀ ਜੋ ਤੁਸਾਡੇ ਭੀ ਖੀਸੇ ਵਿਚ ਹੈ, ਜਦ ਏਸਦਾ ਫੱਨਰ* ਕੱਠਾ ਕਰ ਦਿਓ ਤਾਂ ਇਸ ਵਿਚ ਸਾਰੇ ਪੁਰਜ਼ਿਆਂ ਨੂੰ ਟੋਰਨ ਦੀ ਸ਼ਕਤੀ ਆ ਜਾਂਦੀ ਹੈ, ਜਦੋਂ ਇਹ ਖੁੱਲ੍ਹ ਖੁੱਲ੍ਹ ਕੇ ਖਿਲਰ ਜਾਂਦਾ ਹੈ ਤਾਂ ਇਸਦੇ ਘੜੀ ਵਿਚ ਹੁੰਦਿਆਂ ਭੀ ਘੜੀ ਖੜੋ ਜਾਂਦੀ ਹੈ।

ਬ੍ਰਿਸਟਰਾਣੀ— ਇਹ ਠੀਕ ਹੈ, ਪਰ ਇਹ ਦੱਸੋ ਕਿ ਬਾਣੀ ਕਿਉਂ ਫੇਰ ਫੇਰ ਪੜ੍ਹਦੇ ਹੋ?

ਸੁਭਾਗ— ਇਹ ਮੈਂ ਤੁਸਾਨੂੰ ਹੁਣੇ ਦੱਸ ਆਈ ਹਾਂ, ਚੇਤੇ ਕਰ ਲਓ।

ਬ੍ਰਿਸਟਰਾਣੀ— ਹਾਂ ਠੀਕ ਹੈ, ਯਾਦ ਆ ਗਿਆ।

* * * * *

੧੭.

ਬਾਬੇ ਦੇ ਘਰ ਦੇ ਵਡੇ ਵਿਹੜੇ ਵਿਚ ਇਕ ਧ੍ਰੇਕ ਦਾ ਬੂਟਾ ਸੀ, ਜਿਸਦੀ ਠੰਢੀ ਛਾਵੇਂ ਦੁਇ ਜਣੀਆਂ ਬੈਠੀਆਂ ਉੱਪਰਲੀ ਗਲ ਬਾਤ ਕਰ ਰਹੀਆਂ ਸਨ ਕਿ ਤਾਬੋ ਅਰੈਣ ਦੌੜੀ ਦੌੜੀ ਵਿਹੜੇ ਵਿਚ ਆ ਗਈ ਤੇ ਆਕੇ ਇਕ ਦੁਹੱਥੜ ਛਾਤੀ ਤੇ ਮਾਰਕੇ ਸੁਭਾਗ ਦੇ ਪੈਰਾਂ ਤੇ ਢਹਿ ਪਈ ਤੇ ਕੁਰਲਾਕੇ ਬੋਲੀ:— ਨੀਂ ਬੱਚੀਏ! ਰੱਖ ਲੈ ਨੀਂ ਧੀਏ! ਅਸੀਂ ਮਾਰੇ ਗਏ।

ਬਿਆਕੁਲ ਹੋਈ ਤਾਬੋ "ਮਾਰੇ ਗਏ" "ਮਾਰੇ ਗਏ" ਆਖੀ ਜਾਵੇ ਤੇ ਗੁੱਸੇ ਗ਼ਮ ਦੇ ਵੇਗ ਵਿਚ ਗੱਲ ਨਾ ਦੱਸ ਸਕੇ। ਸੁਭਾਗ ਜੀ ਨੇ ਉੱਠਕੇ ਅੰਦਰੋਂ ਪਾਨੀ ਆਂਦਾ, ਮੂੰਹ ਤੇ ਛੱਟੇ ਮਾਰੇ, ਦੋ ਘੁੱਟ ਪਿਲਾਇਆ ਤੇ ਆਖਿਆ, "ਤਾਬੋ! ਪਿੱਟ ਰੋ ਨਾ, ਆਪਣਾ ਹਾਲ ਦੱਸ। ਕੋਈ ਦੁੱਖ ਨਹੀਂ ਜਿਸ ਦਾ ਦਾਰੂ ਨਹੀਂ, ਕੋਈ ਮੁਸ਼ਕਲ ਨਹੀਂ ਜਿਸਦਾ ਤੋੜ ਨਹੀਂ, ਪਰ ਹੱਥ ਵਾਹਿਗੁਰੂ ਦੇ ਹੈ। ਤੂੰ ਜੇਰਾ ਕਰ ਤੇ ਗੱਲ ਦੱਸ।" ਬ੍ਰਿਸਟਰਾਣੀ ਇਸ ਵੇਲੇ ਬੜੇ ਗੁੱਸੇ ਵਿਚ ਸੀ, ਉਸ ਨੂੰ ਸੁਭਾਗ ਦੀਆਂ ਗਲਾਂ ਦਾ ਸੁਆਦ ਆ ਰਿਹਾ ਸੀ, ਬੇਮਲੂੰਮਾ ਉਸ ਦਾ ਮਨ ਟਿਕ ਰਿਹਾ ਸੀ ਤੇ ਸਮਝ ਦੇ ਰਸਤੇ ਜੋ ਅੰਮ੍ਰਿਤ ਅੰਦਰ ਜਾ ਰਿਹਾ ਸੀ ਓਹ ਮਗਨ ਕਰ ਰਿਹਾ ਸੀ, ਅਚਾਨਕ ਜੋ ਆਕੇ ਭੰਗ ਪਿਆ ਤੇ ਭੰਗ ਭੀ ਗੁੱਸੇ ਗ਼ਮ ਦੇ ਬਲਦੇ ਮੁਆਤੇ ਨੇ ਆਕੇ ਪਾਇਆ, ਬ੍ਰਿਸਟਰਾਣੀ ਦੇ ਗੁੱਸੇ ਦਾ ਪਾਰਾ ਬਹੁਤ ਉਤਾਹਾਂ ਚੜ੍ਹ ਗਿਆ। ਫੇਰ ਉਸਨੇ ਡਿੱਠਾ ਕਿ ਇਹ ਮਾਮੂਲੀ ਅਰੈਣ ਹੈ, ਨਾਲੇ ਮੁਸਲਮਾਨੀ ਹੈ, ਨਾਲ ਲੀੜੇ ਮੈਲੇ ਤੇ ਪਾਟੇ ਹੋਏ ਹਨ, ਇਸ ਕਮੀਨਣੀ ਦਾ ਕੀ ਹੱਕ ਹੈ ਕਿ ਸਾਡੇ ਰੰਗ ਵਿਚ ਆਕੇ ਭੰਗ ਪਾਵੇ? ਇਸ ਤਰ੍ਹਾਂ ਗੁੱਸੇ ਵਿਚ ਇਹ ਲਾਲੋ ਲਾਲ ਤਾਂ ਹੋ ਰਹੀ ਸੀ ਪਰ ਸੁਭਾਗ ਦੇ ਧੀਰਜ ਤੇ ਪਿਆਰ ਕਰਨ ਕਰਕੇ ਬਿਰਕ ਕੁਛ ਨਹੀਂ ਸੀ ਸਕਦੀ।

ਸੁਭਾਗ— ਲੈ ਤਾਬੋ! ਹੁਣ ਤੇਰਾ ਅੰਦਰ ਕੁਛ ਠਰਿਆ ਹੈ, ਹੁਣ ਦੱਸ?

ਤਾਬੋ— ਭੈਣੇ! ਕੀ ਠਰਿਆ, ਮੇਰਾ ਤਾਂ ਸਾਰਾ ਟੱਬਰ ਰੁੜ੍ਹ ਗਿਆ ਈ!

ਸੁਭਾਗ— ਅੜੀਏ! ਗੱਲ ਵੀ ਦੱਸੇਂ ਨਾ, ਬੁਝਾਰਤਾਂ ਕੌਣ ਬੁੱਝੇ?

ਤਾਬੋ— ਤੈਨੂੰ ਪਤਾ ਹੈ ਕਿ ਐਤਕੀ ਅਸਾਂ ਸਭ ਜੀ ਜਾਮਾ ਵੇਚਕੇ ਮਿਰਚਾਂ ਤੇ ਲਾ ਦਿੱਤਾ ਹੈ।

ਸੁਭਾਗ— ਖੋਲ੍ਹਕੇ ਦੱਸ ਮੈਨੂੰ ਪਤਾ ਨਹੀਂ।

ਤਾਬੋ— ਬੀਬੀ! ਮੇਰੇ ਪੁਤਾਂ ਤੇ ਮਾਲਕ ਨੇ ਪੰਦਰਾਂ ਵਿਘੇ ਪੈਲੀ ਮਾਮਲੇ ਤੇ ਲਈ ਤੇ ਅੱਠ ਵਿਘੇ ਘਰ ਦੀ ਹੈ। ਕੁਛ ਅਸਾਂ ਕਾਮੇ ਰੱਖੇ ਤੇ ਸਾਰੀ ਜ਼ਿਮੀ ਵਿਚ ਮਿਰਚਾਂ ਲਾ ਦਿੱਤੀਆਂ। ਜੋ ਕੁਛ ਘਰ ਸੀ, ਜੋ ਬਾਹਰੋਂ ਲੱਝਾ, ਤੂੰ ਠੱਗ ਮੈਂ ਠੱਗ, ਸਾਰਾ ਝੁੱਗਾ ਲਾ ਦਿੱਤਾ। ਰੱਬ ਨੇ ਭੀ ਮਿਹਰ ਕੀਤੀ, ਜਾਕੇ ਵੇਖੇਂ ਤਾਂ ਮਿਰਚਾਂ ਨਾਲ ਬੂਟੇ ਲੱਦੇ ਪਏ ਹਨ। ਮੀਂਹ ਨਹੀਂ ਹੋਏ ਪਰ ਨਹਿਰੀ ਪੈਲੀਆਂ ਸਨ, ਪਾਣੀ ਖੁੱਲ੍ਹਾ ਮਿਲਦਾ ਰਿਹਾ, ਕੁਛ ਵੱਡੇ ਨੰਬਰਦਾਰ ਦੇ ਜੀ ਤਰਸ ਪਿਆ ਖੂਹ ਦਾ ਪਾਣੀ ਉਸ ਤੋਂ ਸੀਂਦੀਂ ਮਿਲਦਾ ਰਿਹਾ। ਹੁਣ ਵੇਖ ਭੈਣੇ! ਜਾਂ ਮੇਰੀ ਖੇਤੀ ਪੱਕ ਖਲੋਤੀ ਤਾਂ ਖੂਹ ਦਾ ਮਹਿਲ ਢਹਿ ਪਿਆ, ਵੇਲੇ ਕੁਵੇਲੇ ਜੋ ਮਦਦ ਮਿਲ ਜਾਂਦੀ ਸੀ ਸੋ ਬੀ ਗਈ। ਅਸਾਂ ਆਖਿਆ, ਹੱਛਾ! ਭੋਂ ਵਿਚ ਨਹਿਰ ਜੋ ਪੈਂਦੀ ਹੈ, ਪਰ ਦੇਖ ਭੈਣ ਅੰਬਰ ਦੀ ਅੱਖੋਂ ਇਕ ਬੂੰਦ ਨਹੀਂ ਕਿਰੀ। ਅਸਾਂ ਸੋਚਿਆ ਸੌਣ ਵੱਸਿਆ, ਖਬਰੇ ਭਾਦ੍ਰੋਂ ਦੇ ਸ਼ਰਲਾਟੇ ਹੀ ਪੈ ਜਾਣ। ਪਰ ਲੈ, ਮੇਰੀ ਭੈਣ! ਭਾਦ੍ਰੋਂ ਬੀ ਨਾ ਵੱਸਿਆ। ਉਤੋਂ ਅੱਜ ਮੌਤੜੀ ਮੋਇਆ ਜ਼ਿਲੇਦਾਰ,

* Spring.

SIKHBOOKCLUB.COM

ਆਖ ਭੇਜਿਆ ਸੁ, ਤੁਸਾਡਾ ਪਾਣੀ ਬੰਦ। ਹੁਣ ਅੱਜ ਕਿੰਨੇ ਹੀ ਦਿਨ ਹੋ ਗਏ ਪਾਣੀ ਆਏ ਨੂੰ, ਅੱਠ ਦਿਨ ਹੋਰ ਪਾਣੀ ਨਾ ਮਿਲਿਆ ਤਾਂ ਮੇਰੀ ਸਾਰੀ ਫਸਲ ਵਰਾਨ ਹੋ ਜਾਏਗੀ।

ਔੜ ਕਹਿਰ ਦੀ ਹੈ, ਦੁਪਹਿਰੇ ਸੂਰਜ ਬਾਰਾਂ ਭੱਠਾ ਤਪਦਾ ਹੈ, ਆਦਮੀ ਸੜਦੇ ਜਾਂਦੇ ਹਨ ਤੇ ਮਿਰਚਾਂ ਦੀ ਖੇਤੀ ਤਾਂ ਸੁਹਲ ਹੁੰਦੀ ਹੈ। ਬੱਸ ਬੱਚੀਏ! ਪੁੱਤ ਤੇ ਖਸਮ ਰਾਤ ਦੇ ਝਿੱਕੀ ਮੰਜੀ ਲਈ ਪਏ ਹਨ, ਰੋ ਰੋ ਕੇ ਸੁਕੜੇ ਤਾਪ ਚੜ੍ਹ ਗਏ ਨੇ, ਜਿਵੇਂ ਬੇੜਾ ਰੋੜ੍ਹਕੇ ਕੋਈ ਮੁਹਾਣੇ ਪਏ ਹਨ। ਦੱਸ ਕੀ ਕਰਾਂ, ਰੁੜ੍ਹਾਂ ਕਿ ਨਾ?

ਸੁਭਾਗ— ਦੁੱਖ ਤੇ ਕਸ਼ਟ ਤਾਂ ਬੜਾ ਹੈ, ਪਰ ਮਰਦ ਹੋ ਕੇ ਰੋਂਦੇ ਕਿਉਂ ਪਏ ਹਨ, ਉੱਦਮ ਕਰਨ, ਜ਼ਿਲੇਦਾਰ ਕੋਲ ਜਾਣ, ਵੱਡੇ ਸਾਹਿਬ ਕੋਲ ਜਾਣ।

ਤਾਬੋ— ਸੁਆਹ ਜਾਣ, ਓਥੇ ਚੜ੍ਹ ਗਏ ਤੋੜੇ ਤੇ ਲੜ ਗਈਆਂ ਫਰਮੈਸ਼ਾਂ, ਸਾਡਾ ਗਰੀਬਾਂ ਦਾ ਕੌਣ? ਤੜੀ ਮੂੜੀ ਸਾਰੀ ਫਸਲ ਤੇ ਲਾ ਬੈਠੇ, ਪੜ੍ਹਿਆ ਸਾਡੇ ਕੋਈ ਹੋਇਆ ਨਾ,. ਸਾਡੀ ਕੌਣ ਦਾਰੀ ਕਰੇ?

ਸੁਭਾਗ— ਇਹ ਠੀਕ ਨਹੀਂ, ਤਕੜੇ ਹੋ ਕੇ ਹੀਲਾ ਤਾਂ ਕਰੋ ਨਾ।

ਤਾਬੋ— ਨਾ ਭੈਣੇਂ! ਹੀਲਾ ਸੁਆਹ! ਸਾਡੇ ਨਾਲ ਕੰਬੋਆਂ ਦੀ ਏ ਭੋਂ। ਅਗੇ ਤਾਂ ਵਿਚਾਰੇ ਸਾਡੇ ਵਰਗੇ ਹੀ ਸਨ, ਹੁਣ ਉਹਨਾਂ ਨੇ ਇਕ ਪੁਤ ਪੜ੍ਹਾਇਆ ਸੀ; ਉਹ ਕਿਤੋਂ ਦਾ ਹੋ ਗਿਆ ਈ ਤਸੀਲਦਾਰ, ਵੱਢੀਆਂ ਲੈ ਕੇ ਘਰ ਤੋੜਿਆਂ ਦੇ ਤੋੜੇ ਘੱਲਦਾ ਰਿਹਾ ਈ। ਹੁਣ ਉਹਨਾਂ ਲਈਊ ਛੇ ਵੀਹਾਂ ਵਿੱਘੇ ਭੋਂ। ਬੱਸ ਜ਼ਿਲੇਦਾਰ ਨੂੰ ਜਾ ਮਿਲੇ, ਉਹਦੀ ਮੁੱਠ ਨਿੱਘੀ ਕੀਤੀ। ਪਹਿਲਾਂ ਪਟਵਾਰੀ ਦਾ ਘਰ ਭਰਿਆ ਸਾਨੇ, ਹੁਣ ਸਾਰਾ ਪਾਣੀ ਲੈ ਗਏ ਆਪਣੀਆਂ ਪੈਲੀਆਂ ਨੂੰ। ਸਾਡੀ ਇਕ ਵਾਰੀ ਘੁੱਸ ਗਈ, ਦੂਜੀ ਭੀ ਘੁੱਸ ਚੱਲੀ ਏ। ਦੱਸ ਹੁਣ ਤੋੜੇ ਕਿੱਥੋਂ ਲਿਆਵਾਂ? ਪੁੱਤ ਤਸੀਲਦਾਰ ਕਿੱਥੋਂ ਬਨਾਵਾਂ, ਜੋ ਜ਼ਿਲੇਦਾਰ ਕੋਲ ਸਪਾਰਸ਼ਾਂ ਪੁਚਾਵੇ? ਨਾ ਭੈਣੇਂ ਮੇਰੇ ਕੋਲ ਸੰਦਾ ਤੇ ਨਾ ਚੱਜ ਦਾ ਬੰਦਾ। ਮਰਦ ਲੱਕ ਤੋੜਕੇ ਮੰਜੇ ਪਏ ਨੀ। ਕੀ ਕਰਾਂ ਜੀਉਂਦੇ ਕਬਰੇ ਜਾ ਪਏ ਹਾਂ ਸਾਰੇ? ਹਾਏ!

ਸੁਭਾਗ— (ਬ੍ਰਿਸਟਰਾਣੀ ਵਲ ਤੱਕਕੇ) ਹੁਣ ਦੱਸੋ ਕਿ ਜਗਤ ਵਿਚ ਕਿਤਨਾ ਕਲੇਸ਼ ਹੈ, ਅਰ ਇਹ ਇਸ ਕਰਕੇ ਹੈ ਕਿ ਪ੍ਰਾਣੀ ਪਰਮੇਸ਼ਰ ਨੂੰ ਨਹੀਂ ਪਛਾਣਦੇ, ਅੱਗੇ ਦਾ ਫਿਕਰ ਨਹੀਂ ਰੱਖਦੇ, ਆਪੋ ਵਿਚ ਪਿਆਰ ਨਹੀਂ ਵਰਤਦੇ; ਮੁੱਦਾ ਕੀ ਕਿ ਨਿਆਂ ਛੱਡਕੇ ਪਸ਼ੂ ਬਿਰਤੀ ਵਿਚ ਖੇਡਦੇ ਹਨ। ਕੀ ਲਾਭ ਹੈ ਉਸ ਵਿਦਿਆ ਦਾ ਜੋ ਆਪੋ ਵਿਚ ਪਿਆਰ ਨਹੀਂ ਸਿਖਾਲਦੀ। ਕੀ ਲਾਭ ਹੈ ਅਕਾਸ਼ ਨਾਲ ਗੱਲਾਂ ਕਰਨ ਵਾਲੇ ਕਾਲਜਾਂ ਮਦਰੱਸਿਆਂ ਦਾ ਜੇ ਪਿਆਰ ਨਾ ਵਧੇ ਤਾਂ? ਕੀ ਲਾਭ ਹੈ ਨਵੇਂ ਨਵੇਂ ਪੰਥਾਂ ਦਾ? ਕੀ ਲਾਭ ਹੈ ਸਾਰੇ ਮਨੁੱਖੀ ਬੰਦੋਬਸਤਾਂ, ਰੇਲਾਂ, ਤਾਰਾਂ, ਅਗਨਬੋਟਾਂ ਦਾ? ਜਦ ਕਿ ਕੋਈ ਬੰਦੋਬਸਤ ਮਨੁੱਖ ਦੀ ਬਿਰਤੀ ਨੂੰ ਪਸ਼ੂ ਪੁਣੇਂ ਤੋਂ ਕੱਢਣ ਦਾ ਨਹੀਂ ਹੈ। ਦੇਖ ਭੈਣੇ! ਜ਼ਿਲੇਦਾਰ ਦੇ ਹੱਥ ਕਈ ਪਿੰਡਾਂ ਦੀ ਜਿੰਦ ਸੌਂਪੀ ਗਈ ਹੈ, ਇਹ ਜੇ ਮਨੁੱਖ ਨਾ ਬਣੇਂ ਤਾਂ ਫਲ ਕੀ ਹੋਵੇਗਾ? ਤੂੰ ਹੁਣ ਅੱਖੀਂ ਵੇਖ ਰਹੀ ਹੈਂ ਕਿ ਇਕ ਪਰਵਾਰ ਦਾ ਪਰਵਾਰ ਕਸ਼ਟ ਵਿਚ ਪੈ ਗਿਆ ਹੈ। ਉਸਨੇ ਜੇ ਵੱਢੀ ਲਈ ਹੈ ਤਾਂ ਅਨਰਥ ਕੀਤਾ ਹੈ, ਜੇ ਸਪਾਰਸ਼ ਮੰਨੀ ਹੈ ਤਾਂ ਆਪਣੇ ਧਰਮ ਨੂੰ ਛੱਡਿਆ ਹੈ, ਇਸਦੇ ਪੜ੍ਹਨ ਦਾ ਤੇ ਅਫਸਰ ਬਣਨ ਦਾ ਕੀ ਗੁਣ ਹੈ? ਵਾਹਿਗੁਰੂ ਨੇ ਇਸ ਦੇ ਹੱਥ ਪਾਣੀ ਦੀ ਤੱਕੜੀ ਫੜਾਈ ਸੀ, ਕਿ ਇਹ ਪੂਰਾ ਤੋਲੇ। ਇਸ ਔੜ ਵਿਚ ਤਾਂ ਇਹਨੂੰ ਇੰਦਰ ਸਮਝੋ। ਹਾਇ ਹਾਇ! ਦੇਵਤਾ ਪਦ ਪਾਕੇ ਇਹ ਪਸ਼ੂ ਬਿਰਤੀ ਤੋਂ ਭੀ ਡਿੱਗ ਪਿਆ ਹੈ। ਤੂੰ ਹੀ ਦੱਸ ਕਿ ਹੁਣ ਉਸ ਨੂੰ ਆਪਣੇ ਵਾਧੇ ਨਾਲ ਮਤਲਬ ਹੈ ਕਿ ਨਹੀਂ? ਅਪਣੀ ਖੱਟੀ ਦਾ ਹੀ ਖਿਆਲ ਹੈ ਕਿ ਨਹੀਂ? ਪਰ ਜੇ ਏਸੇ ਤਰ੍ਹਾਂ ਦਾ ਕੋਈ ਜ਼ੁਲਮ ਜ਼ਿਲੇਦਾਰ ਦੇ ਸਿਰ ਵਰਤੇ ਤਾਂ ਫੇਰ ਉਹੋ ਜ਼ਿਲੇਦਾਰ ਆਪਣੇ ਹੀ ਮੂੰਹ ਨਾਲ ਇਨਸਾਫ ਇਨਸਾਫ ਕੂਕੇਗਾ ਕਿ ਨਹੀਂ? ਜਦ ਆਪ ਆਪਣੇ ਲਈ ਆ ਬਣੀ ਤੇ ਨਿਆਂ ਤੇ ਧਰਮ ਨਿਆਂ ਕੂਕੇਗਾ, ਤਦ ਲੋਕਾਂ ਨਾਲ, ਜੋ ਰੱਬ ਨੇ ਉਸਦੇ ਵੱਸ ਪਾਏ ਹਨ, ਨਿਆਂ ਕਰਦਿਆਂ ਕਿਉਂ ਅੱਖਾਂ ਬੰਦ ਕਰ ਲੀਤੀਆਂ ਸੁ। ਕੰਬੋਆਂ ਦਾ ਮੁੰਡਾ ਲਓ! ਪੜ੍ਹਕੇ ਤਸੀਲਦਾਰ ਬਣਿਆ, ਇਸ ਲਈ ਕਿ ਵੱਢੀਆਂ ਲੈਕੇ ਘਰ ਭਰੇ ਤੇ ਸਪਾਰਸ਼ਾਂ ਪਾਕੇ ਗਰੀਬਾਂ ਦੇ ਫਸਲ ਵਰਾਨ ਕਰੇ? ਇਹ ਗੱਲਾਂ ਹਨ, ਜਿਨ੍ਹਾਂ ਨੂੰ ਤੱਕ ਤੱਕ

ਕੇ ਬਾਪੂ ਜੀ ਕਿਹਾ ਕਰਦੇ ਹਨ ਕਿ ਮਨੁੱਖ ਅਜੇ ਵਰਤਾਰੇ ਵਿਚ ਪਸ਼ੂ ਹੀ ਹੈ। ਕੋਈ ਕੋਈ ਵਿਰਲਾ ਮਨੁੱਖ ਹੁੰਦਾ ਹੈ। ਜੋ ਮਨੁੱਖ ਮਨੁੱਖ ਨਹੀਂ ਬਣਿਆਂ ਉਸਦਾ ਪੜ੍ਹਨਾ ਕਿ ਧਨੀ ਹੋਣਾ ਬਿਅਰਥ ਹੈ। ਉਸਨੇ ਹੱਥ ਵਿਚ ਦੀਵਾ ਤਾਂ ਲੀਤਾ ਹੈ, ਪਰ ਡਿਗਦਾ ਖਾਤੇ ਵਿਚ ਹੈ।

ਇੰਨੇ ਨੂੰ ਬਾਬਾ ਜੀ ਆ ਗਏ। ਸੁਭਾਗ ਨੇ ਤਾਬੋ ਦਾ ਸਾਰਾ ਦੁੱਖ ਸੁਣਾਇਆ। ਤਾਬੋ ਬੀ ਕਾਹਲੀ ਹੋਕੇ ਬੋਲੀ 'ਬਾਬਾ! ਕੋਈ ਕਰ ਸਾਡੀ ਬਹੁੜੀਂ'। ਬਾਬਾ ਬੋਲਿਆ, 'ਬੱਚੀ! ਮੈਂ ਹੁਣੇ ਹੀ ਡੇਉਢੀ ਵਿਚ ਸਾਰੀ ਗੱਲ ਸੁਣਕੇ ਆਯਾ ਹਾਂ; ਮੈਨੂੰ ਲੱਗੀ ਏ ਤ੍ਰੇਹ, ਲੱਸੀ ਪੀ ਲਵਾਂ, ਫੇਰ ਮੈਂ ਜਾਂਦਾ ਹਾਂ। ਤਾਬੋ! ਤੂੰ ਘਰ ਜਾ ਕੇ ਮਰਦਾਂ ਦਾ ਲੱਕ ਬਨ੍ਹ; ਗੁਰੂ ਕਰੇ ਤਾਂ ਐਤਕੀ ਦੀ ਵਾਰੀ ਨਹੀਂ ਘੁੱਸੇਗੀ। ਪਰਮੇਸ਼ੁਰ ਤੇ ਟੇਕ ਰੱਖ, ਬਾਬੇ ਨਾਨਕ ਦੇ ਪਿਆਰ ਵਲ ਧਿਆਨ ਕਰ ਜੋ ਉਸਨੇ ਗ਼ਰੀਬਾਂ ਨਾਲ ਕੀਤਾ ਹੈ।'

ਬਾਬੇ ਨੇ ਲੱਸੀ ਪੀਤੀ, ਕਹੀ ਧਰ ਲਈ ਮੋਢੇ ਉੱਤੇ ਤੇ ਤੁਰ ਪਿਆ। ਹੁਣ ਸੂਰਜ ਲਟਪਟਾ ਹੋ ਰਿਹਾ ਸੀ। ਬਾਬਾ ਕੰਬੋਆਂ ਦੇ ਘਰ ਗਿਆ, ਅੱਗੇ ਓਹ ਬੈਠੇ ਸਨ ਮੰਜਿਆਂ ਤੇ, ਬਾਬੇ ਨੂੰ ਵੇਖਕੇ ਉੱਠ ਬੈਠੇ, ਆਦਰ ਦਿੱਤਾ, ਬੈਠਾਇਆ:-

"ਆਓ ਸਾਡੇ ਪਿੰਡ ਦੀ ਪਤ ਅਬਰੋ ਜੀ! ਸੁੱਖ ਨਾਲ ਆਏ"

ਬਾਬਾ—

ਜੇ ਜੀਵੈ ਪਤਿ ਲਥੀ ਜਾਇ॥
ਸਭੁ ਹਰਾਮੁ ਜੇਤਾ ਕਿਛੁ ਖਾਇ॥

ਭਰਾਵੋ! ਕਾਹਦੀ ਪਤ? ਪਤ ਤਾਂ ਲਹਿ ਗਈ ਮੁੰਡਾ ਤੁਹਾਡਾ ਇਕ ਪੜ੍ਹਾ ਬੈਠੇ, ਬੱਸ ਹੁਣ ਪਿੰਡ ਹੀ ਗ਼ਰਕਣ ਲੱਗਾ ਹੈ। ਵਿਦਿਆ ਤਾਂ ਚੰਗੀ ਚੀਜ਼ ਹੈ, ਪਰ ਜੇ ਪੜ੍ਹੇ ਹੋਏ ਸੁਖ ਬੀ ਨਾ ਦੇਣ ਤਾਂ ਫੇਰ ਕੀ ਕਰੀਏ?

ਕੰਬੋ— ਕਿਉਂ ਬਾਬਾ ਜੀ!

ਬਾਬਾ— ਬਈ ਮੈਂ ਕਰਨੀਆਂ ਹਨ ਸੱਚੀਆਂ ਤੇ ਕੋਰੀਆਂ, ਤੁਸੀਂ ਕਰਨਾ ਏ ਗੁੱਸਾ, ਏਸ ਲਈ ਮੈਂ ਕਾਹਨੂੰ ਕਹਾਂ? ਕੁਛ ਆਪੇ ਤਰਸ ਪੈਂਦਾ ਜੇ ਤਾਂ ਮਿਹਰ ਕਰ ਦਿਓ।

ਕੰਬੋ— ਬਾਬਾ! ਤੇਰੀ ਗੱਲ ਦਾ ਅਸਾਂ ਗੁੱਸਾ ਕਾਹਨੂੰ ਕਰਨਾ ਹੈ, ਤੇਰੀਆਂ ਤਾਂ ਅਸੀਂ ਦੇਣੀਆਂ ਨਹੀਂ ਦੇ ਸਕਦੇ, ਤੂੰ ਹੁਕਮ ਕਰ।

ਬਾਬਾ— ਸੱਚ ਕਿ ਮੂੰਹ ਰੱਖਣੀ?

ਕੰਬੋ— ਸੱਚ।

ਬਾਬਾ— ਆਹ ਲੈ ਫੜ ਮੇਰੀ ਕਹੀ ਤੇ ਚੱਲ ਪੈਲੀ ਬੰਨੇ। ਨਹਿਰ ਦਾ ਪਾਣੀ ਜੋ ਤੇਰੀ ਮਿਰਕਣੀ ਕੁਪਾਹ ਨੂੰ ਲੱਗਾ ਹੈ, ਉਹ ਬੰਦ ਕਰ ਤੇ ਖਾਲ ਦਾ ਮੂੰਹ ਉਰਲੇ ਸਿਰਿਓਂ ਵੱਢਕੇ ਮੇਰੀ ਪੈਲੀ ਨੂੰ ਪਾ ਦੇਹ, ਤਾਂ ਤਾਂ ਹੈ ਸੱਚ, ਨਹੀਂ ਤਾਂ ਹੈ ਮੂੰਹ ਰੱਖਣੀ, ਹੋਰ ਕੀ ਹੈ?

ਕੰਬੋ— ਬਾਬਾ! ਗੱਲ ਤਾਂ ਕਹੀਊ ਬੜੀ ਡਾਢੀ, ਪਾਣੀ ਦੇਣ ਨਾਲੋਂ ਤਾਂ ਅੱਜ ਕੱਲ ਲਹੂ ਦੇਣਾ ਸੌਖਾ ਹੈ, ਪਰ ਬਾਬਾ! ਤੂੰ ਕਦੇ ਕਦਾਈਂ ਮੰਗ ਪਾਈ ਹੈ, ਤੈਨੂੰ ਨਾਂਹ ਨਹੀਂ ਹੋ ਸਕਦੀ, ਤੂੰ ਜਾਹ ਆਪੇ ਪਾਣੀ ਲਾ ਲੈ।

ਬਾਬਾ— ਇਹ ਗੱਲ ਝੂਠੀ। ਭਰਾ ਹੋ ਤਾਂ ਆਪ ਚੱਲੋ ਤੇ ਆਪੇ ਭਰਾ ਦੀ ਪੈਲੀ ਨੂੰ ਪਾਣੀ ਲਾ ਦਿਓ। ਮੈਂ ਤੁਹਾਨੂੰ ਔਖਾ ਨਾ ਕਰਦਾ, ਖੂਹ ਦਾ ਮਹਿਲ ਢੈ ਪਿਆ ਹੈ।

ਗੱਲ ਕੀ ਕੰਬੋ ਦੋਵੇਂ ਪਿਉ ਪੁੱਤ ਤੇ ਬਾਬਾ ਟੁਰ ਪਏ, ਜਿਥੇ ਕੁ ਤਾਬੋ ਦੇ ਘਰ ਵਾਲੇ ਖੈਰੇ ਦਾ ਮਿਰਚਾਂ ਦਾ ਖੇਤ ਕੁਮਲਾ ਰਿਹਾ ਸੀ, ਓਥੇ ਆ ਕੇ ਬਾਬੇ ਨੇ ਕਿਹਾ, ਆਡ ਦੀ ਵੱਟ ਭੰਨਕੇ ਪਾਣੀ ਇਧਰ ਸੁੱਟ ਦੇਹ।

ਕੰਬੋ— (ਹੈਰਾਨ ਹੋਕੇ)- ਬਾਬਾ! ਇਹ ਤਾਂ ਤੇਰੀ ਪੈਲੀ ਨਹੀਂ, ਇਹ ਤਾਂ ਉਸ ਖੈਰੇ ਕੰਗਲੇ ਦੀ ਹੈ। ਨਾਲੇ ਓਹ ਮੁਸਲਾ ਹੈ।

ਬਾਬਾ— ਨਹੀਂ ਓਏ ਤੂੰ ਭੁੱਲਨਾ ਹੈਂ, ਓਇ ਇਹ ਪੈਲੀ ਬਾਬੇ ਦੀ ਹੈ, ਓਇ ਬਾਬੇ ਦੀ; ਜਿਸ ਦੇ ਸਾਰੇ ਭਿਰਾ ਹਨ, ਓਇ ਜਿਸਦੇ ਅੰਦਰੋਂ ਸਾਈਂ ਰਾਤੋ ਰਾਤ ਆ ਕੇ ਵੱਟਾਂ ਭੰਨ ਜਾਂਦਾ ਹੈ, ਓਇ ਜੇ ਬਾਬੇ ਨਾਲ ਸਾਂਝ ਹੈ ਜੇ ਤਾਂ ਦੇ ਦਿਓ ਪਾਣੀ।

ਕੰਬੋ ਬਾਬੇ ਨੂੰ ਬਾਹੋਂ ਫੜਕੇ ਵਿਹਲੀ ਥਾਂ ਤੇ ਬਹਿ ਗਏ, ਕਹਿਣ ਲੱਗੇ 'ਦੋ ਦੋ ਗੱਲਾਂ ਕਰ ਲਓ'।

ਬਾਬਾ— ਗੱਲਾਂ ਦਾ ਕੀ ਗੁਣ? ਪਿਆਰ ਹੈ ਤਾਂ ਮੇਰੇ ਆਖੇ ਲੱਗੋ! ਨਹੀਂ ਤਾਂ ਗੱਲਾਂ ਨਾਲ ਕੀਹ ਪਾਣੀ ਰਿੜਕਣਾ ਹੈ।



SIKHBOOKCLUB.COM

ਕੰਬੋ— ਨਹੀਂ ਬਾਬਾ, ਸੁਣ ਤਾਂ ਲੈ। ਪਹਿਲੀ ਗੱਲ ਤਾਂ ਇਹ ਹੈ ਕਿ ਓਹ ਅਰਾਈਂ ਮੁਸਲਮਾਨ, ਤੂੰ ਸਿੱਖ ਅਸੀਂ ਸਿੱਖ, ਤੂੰ ਅੰਬਾਂ ਨੂੰ ਵੱਢ ਕੇ ਅੱਕਾਂ ਨੂੰ ਵਾੜ ਕਰਦਾ ਹੈਂ, ਇਹ ਕੀ ਗੱਲ?

ਬਾਬਾ— ਇਹ ਠੀਕ ਹੈ, ਮੈਂ ਸਿੱਖ ਤੇ ਓਹ ਮੁਸਲਮਾਨ, ਉਹਨਾਂ ਦਾ ਧਰਮ ਉਹਨਾਂ ਨੂੰ ਪਿਆਰਾ, ਮੇਰਾ ਮੈਨੂੰ ਪਿਆਰਾ। ਉਹ ਦਿਨ ਕਦੇ ਨਾ ਆਵੇ ਕਿ ਬਾਬਾ ਮੁਸਲਮਾਨ ਹੋਵੇ। ਵਾਹਿਗੁਰੂ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਵੇ, ਤਨ ਜਾਏ, ਪਰ ਸਿੱਖੀ ਨਾ ਜਾਏ। ਸਿੱਖਾਂ ਦਾ ਮੈਂ ਦਾਸ, ਸਿੱਖ ਮੇਰੇ ਮੈਂ ਸਿੱਖਾਂ ਦਾ। ਇਹ ਤਾਂ ਰਹੀ ਮੇਰੇ ਧਰਮ ਦੀ ਗੱਲ। ਹੁਣ ਤੂੰ ਮੈਨੂੰ ਦੱਸ ਕਿ ਜੇ ਮੁਸਲਮਾਨਾਂ ਨੂੰ ਏਸ ਦੇਸੋਂ ਕੱਢ ਦੇਈਏ ਤਾਂ ਦੁਨੀਆਂ ਤੇ ਕੋਈ ਦੇਸ਼ ਹੈ ਜੋ ਇਨ੍ਹਾਂ ਨੂੰ ਝੱਲ ਲਵੇਗਾ? ਤੇ ਜੇ ਸਿੱਖਾਂ ਤੇ ਹਿੰਦੂਆਂ ਨੂੰ ਇਥੋਂ ਧੱਕ ਦੇਈਏ ਤਾਂ ਕੋਈ ਦੇਸ਼ ਇਨ੍ਹਾਂ ਨੂੰ ਸਮ੍ਹਾਲ ਲਏਗਾ? ਸਾਰਿਆਂ ਏਥੇ ਵੱਸਣਾ ਤੇ ਏਥੇ ਗੁਜ਼ਾਰਾ ਕਰਨਾ ਹੈ, ਫਿਰ ਉਸ ਤਰ੍ਹਾਂ ਗੁਜ਼ਾਰਾ ਕਿਉਂ ਨਾ ਕਰੋ, ਜਿਸ ਤਰ੍ਹਾਂ ਸਭ ਧਿਰਾਂ ਸੁਖੀ ਰਹਿਣ? ਖ਼ੈਰੇ ਕਿਸੇ ਹੋਰ ਦੇਸ਼ ਨਹੀਂ ਜਾ ਵੱਸਣਾ ਤੁਸਾਂ ਕਿਸੇ ਹੋਰ ਵਲੈਤ ਨਹੀਂ ਜਾ ਰਹਿਣਾ। ਫੇਰ ਸੋਚੋ, ਰੱਬ ਸਭਨਾਂ ਦਾ ਇਕ ਹੈ ਤੇ ਗੁਰੂ ਨਾਨਕ ਨੇ ਸਰਬ ਜੀਆਂ ਤੇ ਮਿਹਰਾਮਤ ਕਰਨੀ ਸਿਖਾਈ ਹੈ, ਕਿਸੇ ਨਾਲ ਉਸਦੇ ਧਰਮ ਦੇ ਵਖੇਵੇ ਕਰਕੇ ਵੈਰ ਕਰਨਾ ਮਨ੍ਹੇ ਕੀਤਾ ਹੈ। ਧਰਮ ਆਪੋ ਆਪਣਾ ਸਭ ਨੂੰ ਪਿਆਰਾ, ਪਰ ਸਾਡਾ ਧਰਮ ਸਭ ਪ੍ਰਾਣੀਆਂ ਨਾਲ ਪਿਆਰ ਸਿਖਲਾਂਦਾ ਹੈ। ਫੇਰ ਹੋਰ ਵੇਖ, ਪਾਣੀ ਉਤੋਂ ਨਹੀਂ ਆ ਰਿਹਾ, ਔੜ ਲੱਗ ਰਹੀ ਹੈ, ਨਹਿਰਾਂ ਭੀ ਸ਼ੂਮ ਹੋ ਰਹੀਆਂ ਹਨ, ਹਿੱਸੇ ਪਰਤੀ ਜਿੰਨਾ ਆਵੇ ਰਲ ਵਰਤੋ! ਇਕੋ ਜਿਹਾ ਲਾਭ ਹੋਵੇ, ਇਕੋ ਜਿਹਾ ਹਾਨ ਹੋਵੇ। ਜੇ ਤੁਸਾਨੂੰ ਲਾਭ ਹੋਇਆ ਤੇ ਇਕ ਟੱਬਰ ਮਾਰਿਆ ਗਿਆ ਤਾਂ ਕੀ ਬਣਿਆ? ਪਸ਼ੂਆਂ ਵਾਲੀ ਗੱਲ! ਜੋ ਇਕ ਦੂਜੇ ਨੂੰ ਢੁੱਡ ਮਾਰਕੇ ਪਰੇ ਕਰ ਦੇਂਦੇ ਹਨ ਤੇ ਆਪ ਖੁਰਲੀ ਤੇ ਖੜੇ ਜੌਂਕ੍ਰੀ ਚਰਦੇ ਹਨ।

ਕੰਬੋ— ਫੇਰ ਬਾਬਾ! ਸੱਚੀ ਗੱਲ ਇਹ ਹੈ, ਕਿ ਖੈਰੇ ਹੋਰੀਂ ਆਪਣਾ ਤਾਣ ਲਾ ਲੈਂਦੇ! ਤਾਣ ਦੀ ਗੱਲ ਹੈ, ਤੋੜੇ ਖਰਚੇ ਮੈਂ, ਫੁਰਮੈਸ਼ਾਂ ਪੁਵਾਈਆਂ ਮੈਂ, ਤਾਂ ਕੁਪਾਹ ਬਚਾਈ ਹੈ।

ਬਾਬਾ— ਇਉਂ ਨਾਂ ਕਹੋ, ਤੋੜੇ ਖਰਚੇ, ਫੁਰਮੈਸ਼ਾਂ ਪਾਈਆਂ, ਕੁਪਾਹ ਨਹੀਂ ਬਚਾਈ, ਪਰ ਮਿਰਚਾਂ ਸੁਕਾਈਆਂ।

ਕੰਬੋ— ਅਸਾਂ ਸੁਕਾਈਆਂ?

ਬਾਬਾ— ਪਾਣੀ ਉਹਨਾਂ ਦਾ ਤੁਸੀਂ ਖੋਹ ਲਿਆ ਫਿਰ ਹੋਰ ਕਿਨ੍ਹ ਸੁਕਾਈਆਂ?

ਕੰਬੋ— ਜ਼ਿਲੇਦਾਰ ਨੇ ਪਾਣੀ ਸਾਨੂੰ ਦਿੱਤਾ ਉਸ ਨੇ ਸੁਕਾਈਆਂ?

ਬਾਬਾ— ਜ਼ਿਲੇਦਾਰ ਨੂੰ ਵੱਢੀ ਤੇ ਸਪਾਰਸ਼ ਕਿਨ ਕਰਾਈ?

ਕੰਬੋ— ਅਸਾਂ।

ਬਾਬਾ— ਬੱਸ, ਫੇਰ ਮਿਰਚਾਂ ਤੁਸੀਂ ਸੁਕਾਈਆਂ।

ਕੰਬੋ— ਚੰਗਾ ਬਾਬਾ, ਫੇਰ ਇਕ ਤੁਰਕੜਾ ਮਾਰਿਆ ਤਾਂ ਮਾਰਿਆ ਹੀ ਸਹੀ।

ਬਾਬਾ— ਤੁਰਕ ਤਾਂ ਨਹੀਂ ਉਹ ਤਾਂ ਗ਼ਰੀਬ ਅਰਾਈਂ ਹੈ, ਤੇ ਹਮਸਾਇਆ ਮਾਂ ਪਿਉ ਜਾਇਆ ਹੈ। ਕੀ ਕੋਈ ਮੈਦਾਨ ਜੰਗ ਠੱਟ ਰਿਹਾ ਹੈ ਕਿ ਜੁੱਧ ਹੋ ਰਿਹਾ ਹੈ ਤੇ ਤੁਸਾਂ ਇਕ ਦੂਜੇ ਨੂੰ ਜੰਗ ਵਿਚ ਮਾਰਨਾ ਹੈ? ਇਕ ਪਿੰਡ ਵਿਚ ਵੱਸਦੇ ਹੋ, ਗੁਆਂਢੀ ਹੋ, ਭਰਾ ਹੋ, ਦੁਖ ਸੁਖ ਸਾਂਝੇ ਹਨ, ਰਲ ਵਰਤਣ ਦਾ ਵੇਲਾ ਹੈ ਕਿ ਹਮਸਾਇਆਂ ਨੂੰ ਪਰਜਾ ਦਾ ਵੈਰੀ ਸਮਝ ਕੇ ਮਾਰਨ ਦਾ ਵੇਲਾ ਹੈ? ਪਰਮੇਸ਼ੁਰ ਨਾਂ ਕਰੇ, ਜੇ ਤੁਰਕ ਫੇਰ ਆ ਜਾਣ, ਤਾਂ ਪਿਛਲੇ ਹਾਲ ਪੜ੍ਹ ਸੁਣ ਲਓ! ਤਦੇ ਤੁਸਾਂ ਨੂੰ ਮੈਂ ਕਿਹਾ ਕਰਦਾ ਹਾਂ ਕਿ ਸੂਰਜ ਪ੍ਰਕਾਸ਼ ਦੀ ਕਥਾ ਹੁੰਦੀ ਹੈ ਸੁਣਿਆ ਕਰੋ। ਸਿੰਘ ਜੀ! ਤੁਸੀਂ ਕਲਗ਼ੀਆਂ ਵਾਲੇ ਦੇ ਸਿੱਖ ਹੋ, ਤੁਸੀਂ ਦਾਤੇ ਹੋ, ਤੁਸੀਂ ਬੀਰ ਹੋ, ਤੁਸਾਂ ਬੀਰਤਾ ਵਿਚ ਤੁਲੇ ਰਹਿਣਾ ਹੈ, ਫਿਰ ਤੁਸਾਂ ਜਗਤ ਨੂੰ ਸੁਖ ਦੇਣਾ ਹੈ, ਤੁਸੀਂ ਵਾਹਿਗੁਰੂ ਦੇ ਹਲਕਾਰੇ ਹੋ, ਤੁਸਾਂ ਜਗਤ ਨੂੰ ਰੱਬੀ ਤਾਰ ਵਿਚ ਪ੍ਰੋਣਾ ਹੈ, ਤੁਸਾਨੂੰ ਜ਼ੋਰ ਜ਼ੁਲਮ ਠੀਕ ਨਹੀਂ ਹੈ, ਤੁਸੀਂ ਪਿਆਰ ਦੇ ਹਲਕਾਰੇ ਹੋ ਤੁਸੀਂ ਨਿਆਂ ਦੇ ਦੂਤ ਹੋ।

ਕੰਬੋ— ਬਾਬਾ ਸੱਚ ਹੈ, ਪਰ ਬਈ ਇਹ ਕੁਪਾਹ ਕੌਣ ਸੁਕਾਵੇ? ਸੱਚੀ ਗੱਲ ਇਹ ਹੈ।

ਬਾਬਾ— ਤੁਸੀਂ ਮੈਨੂੰ ਜੁ ਪਾਣੀ ਦੇਂਦੇ ਹੋ, ਤੁਸੀਂ ਮੇਰੇ ਸਿਰ ਹਸਾਨ ਕਰੋ, ਮੈਨੂੰ ਦੇ ਦਿਓ! ਮੈਂ ਤੁਹਾਨੂੰ ਖੂਹ ਬਣੇ ਤੇ ਕਸਰ ਕੱਢ ਦਿਆਂਗਾ। ਕੁਪਾਹ ਤੁਹਾਡੀ ਇਕ ਵਾਰੀ ਵਾਧੂ ਪਾਣੀ ਲੈ ਚੁਕੀ ਹੈ ਤੇ ਲਹਿ ਲਹਿ ਪਈ ਕਰਦੀ ਹੈ, ਦਸਾਂ ਦਿਨਾਂ ਵਿਚ ਇਸ ਦਾ ਕੁਛ ਨਹੀਂ ਵਿਗੜਨਾ ਤੇ ਮਿਰਚਾਂ ਦਾ ਦਸਾਂ ਦਿਨਾਂ ਵਿਚ ਫੱਕਾ ਨਹੀਂ ਰਹਿਣਾ!

ਕੰਬੋ— ਬਾਬਾ! ਤੇਰੀ ਖੇਤੀ ਕਹੇਂ ਤਾਂ ਪਾਣੀ ਪਾ ਦੇਂਦੇ ਹਾਂ, ਪਰ ਖ਼ੈਰੇ ਨੂੰ ਨਹੀਂ ਦੇਣਾ।

ਬਾਬਾ— ਮੈਂ ਟੁਰਕੇ ਆਇਆ ਹਾਂ, ਭਰਾਵਾਂ ਵਾਲੀ ਵੰਗਾਰ ਪਾਈ ਹੈ, ਆਪਣੇ ਸਿਰ ਤੇ ਹਸਾਨ ਲੈਂਦਾ ਹਾਂ, ਤੁਸੀਂ ਨਹੀਂ ਮੰਨਦੇ, ਹੁਣ ਫੇਰ ਤੁਹਾਡਾ ਚਿਤ ਇਹ ਚਾਹੁੰਦਾ ਹੈ ਕਿ ਜ਼ਿਲੇਦਾਰ ਆਵੇ ਤੇ ਪਿਆਦਾ ਨਾਲ ਲਿਆਵੇ ਤੇ ਓਹ ਪਾਣੀ ਵੱਢ ਕੇ ਖ਼ੈਰੇ ਦੀ ਪੈਲੀ ਨੂੰ ਪਾਵੇ।

ਕੰਬੋ— ਇਹ ਹੋ ਨਹੀਂ ਸਕਣ ਲੱਗਾ।

ਬਾਬਾ— ਹੋ ਸਕਦਾ ਹੈ।

ਕੰਬੋ— ਕਿੱਦਾਂ?

ਬਾਬਾ— ਜਿੱਦਾਂ ਤੁਸਾਂ ਕੀਤਾ ਹੈ।

ਕੰਬੋ— ਦੱਸ ਤਾਂ ਸਹੀ?

ਬਾਬਾ— ਜ਼ਿਲੇਦਾਰ ਅੱਜ ਕੱਲ ਬੀਮਾਰ ਹੈ, ਡਾਕਟਰ ਦੇ ਇਲਾਜ ਵਿਚ ਹੈ, ਮੈਂ ਹੁਣੇ ਡਾਕਟਰ ਨੂੰ ਸੁਨੇਹਾ ਘੱਲਦਾ ਹਾਂ। ਜਿੰਦ ਦਾ ਪਿਆਰ ਬੜੀ ਚੀਜ਼ ਹੈ, ਓਸ ਦੇ ਕਹੇ ਤੇ ਇਸੇ ਵੇਲੇ ਜ਼ਿਲੇਦਾਰ ਪਾਣੀ ਦੇਵੇਗਾ। ਇਕ ਇਹ ਤ੍ਰੀਕਾ ਹੈ, ਜੋ ਖ਼ੁਦਗਰਜ਼ਾਂ ਅਪਸੁਆਰਥੀਆਂ ਨੇ ਜਾਰੀ ਕੀਤਾ ਹੈ ਤੇ ਜਦੋਂ ਉਹਨਾਂ ਤੇ ਆ ਕੇ ਪੈਂਦਾ ਹੈ ਤਾਂ ਫੇਰ ਨਿਆਂ ਨਿਆਂ ਕੂਕਦੇ ਹਨ। ਦੂਸਰੇ ਮੈਂ ਹੁਣੇ ਘੋੜੀ ਲੈ ਕੇ ਸਾਹਿਬ ਮੁਹਤਮਿਮ ਪਾਸ ਜਾਂਦਾ ਹਾਂ ਤੇ ਉਸ ਨੂੰ ਆਖਦਾ ਹਾਂ ਕਿ ਇਹ ਖੜੇ ਫਸਲਾਂ ਉੱਤੇ ਪਾਣੀ ਬੰਦ ਕਰਨਾ ਕੀਕੂੰ ਦਾ ਕਾਨੂੰਨ ਹੈ? ਤੂੰ ਜਾਣਦਾ ਹੈਂ ਮੋਹਤਮਿਮ ਸਾਹਿਬ ਮੈਨੂੰ ਜਾਣਦਾ ਹੈ, ਇਹ ਭੀ ਤੂੰ ਜਾਣਦਾ ਹੈਂ ਕਿ ਕਿਸੇ ਦੀ ਪਾਣੀ ਦੀ ਵਾਰੀ ਖੁੱਸ ਨਹੀਂ ਸਕਦੀ। ਕਾਨੂੰਨ ਖੜੇ ਫਸਲਾਂ ਦੇ ਪਾਣੀ ਬੰਦ ਕਰ ਨਹੀਂ ਸਕਦਾ। ਕਿਸੇ ਦੀ ਵਾਰੀ ਕਿਸੇ ਨੂੰ ਮਿਲ ਨਹੀਂ ਸਕਦੀ। ਹੁਣ ਤੂੰ ਸੋਚ ਲੈ ਕਿ ਕਿਹੜਾ ਤ੍ਰੀਕਾ ਚੰਗਾ ਹੈ। ਭਾਈਚਾਰੇ ਵਾਲਾ, ਕਿ ਜੈਸੇ ਕੋ ਤੈਸਾ, ਕਿ ਕਾਨੂੰਨ ਦੀ ਸ਼ਰਨ ਲੈਣ ਦਾ? ਮੇਰੀ ਸਮਝ ਵਿਚ ਨਾ ਜੈਸੇ ਨੂੰ ਤੈਸਾ ਮਿਲੇ, ਨਾ ਕਾਨੂੰਨ ਦੀ ਸ਼ਰਨ ਲੈ ਕੇ ਅਰਜ਼ੀਆਂ ਪੈਣ, ਭਰਾਵਾਂ ਦੇ ਝਗੜੇ ਭਰਾਵਾਂ ਵਿਚ ਨਿਪਟੇ ਜਾਣ। ਇਹ ਤੂੰ ਜਾਣਦਾ ਹੈਂ ਕਿ ਜਦੋਂ ਭਰਾ ਭਰਾ-ਪੁਣੇ ਨੂੰ ਛੱਡ ਦੇਣ, ਫੇਰ ਫਲ ਇਹ ਨਿਕਲਦਾ ਹੈ ਕਿ ਕਚਹਿਰੀਆਂ ਦੇ ਬੂਹੇ ਸਾਡੇ ਜਿਹੇ ਮੂਰਖਾਂ ਨਾਲ ਭਰਦੇ ਹਨ। ਜੇ ਅਸੀਂ ਆਪੋ ਵਿਚ ਭਾਈਚਾਰੇ ਵਿਚ ਨਜਿੱਠ ਲਿਆ ਕਰੀਏ, ਤਦ ਭਲਿਆ ਲੋਕਾ! ਇਹ ਪੰਜ ਪੰਜ ਹਜ਼ਾਰ ਦੇ ਜੱਜ ਤੇ ਡਿਪਟੀ, ਪੁਲਸ ਤੇ ਠਾਣੇ ਕਿੱਥੇ ਰਹਿਣ? ਫੇਰ ਵਕੀਲਾਂ ਤੇ ਮੁਨਸ਼ੀਆਂ ਦੀ ਲੋੜ ਭੀ ਨਾ ਰਹੇ। ਪਰ ਪਸ਼ੂ ਬ੍ਰਿਤੀ ਪ੍ਰਧਾਨ ਹੈ, ਪਿਆਰ ਦਾ ਵਰਤਾਉ ਘਟ ਰਿਹਾ ਹੈ, ਭਾਈਚਾਰੇ ਨਸ਼ਟ ਹੁੰਦੇ ਜਾਂਦੇ ਹਨ, ਭਲੇਮਾਣਸ ਵਧੇਰੇ ਦੁੱਖ ਪਾ ਰਹੇ ਹਨ। ਜੇ ਲੋਕੀਂ ਭਰਾਵਾਂ ਦੀ ਸਮੱਸਿਆ ਵਿਚ ਆ ਜਾਣ ਤਾਂ ਉਨ੍ਹਾਂ ਨੂੰ ਕਚਹਿਰੀਆਂ ਵਿਚ ਨਾ ਰੁਲਣਾ ਪਏ। ਸ਼ੋਕ ਹੈ, ਦੁੱਖ ਹੈ, ਕਸ਼ਟ ਹੈ ਕਿ ਕੋਈ ਉਪਰਾਲਾ ਮਨੁੱਖ ਦੀ ਬਿਰਤੀ ਨੂੰ ਨਿਆਂ ਤੇ ਖੜਾ ਕਰਨ ਵਾਸਤੇ ਨਹੀਂ ਹੋ ਰਿਹਾ, ਜੋ ਹੋ ਰਿਹਾ ਹੈ ਪਸ਼ੂ ਬ੍ਰਿਤੀ ਨੂੰ ਤ੍ਰਿੱਖਾ ਤੇ ਜ਼ੋਰਦਾਰ ਕਰਨ ਵਿਚ ਹੋ ਰਿਹਾ ਹੈ। ਬਰਖੁਰਦਾਰ! ਤੇਰਾ ਪੁੱਤ ਤਸੀਲਦਾਰ ਹੋ ਗਿਆ, ਉਸਦੀ ਪੜ੍ਹਾਈ ਵਿਚ ਸਾਰੇ ਪਿੰਡ ਨੇ ਮੱਦਦ ਦਿੱਤੀ। ਜਦੋਂ ਤੇਰੇ ਕੋਠੇ ਢੱਠੇ ਸਨ, ਹਿੰਦੂ ਮੁਸਲਮਾਨ ਸਾਰਿਆਂ ਆ ਕੇ ਵਾਹਰ ਲਾਈ ਸੀ। ਹੁਣ ਤੁਸੀਂ ਰੱਜੇ ਸਾਓ, ਉੱਚੇ ਪਿੰਡ ਨੂੰ ਸੁਖ ਦੇਂਦੇ। ਭਲੇ ਪੁਰਖਾ! ਤੈਨੂੰ ਤਾਂ ਜੇ ਕੁਪਾਹ ਮਾਰੀ ਗਈ, ਤੇਰਾ ਪੁੱਤ ਵਰ੍ਹੇ ਦੀਆਂ ਰੋਟੀਆਂ ਦੇ ਸਕਦਾ ਹੈ; ਡੇਢ ਸੌ ਵਿਚੋਂ ਪੰਜਾਹ ਤੈਨੂੰ ਦਿੱਤਿਆਂ ਉਹ ਥੁੜਨ ਨਹੀਂ ਲੱਗਾ, ਪਰ ਮਿਰਚਾਂ ਸੜ ਜਾਣ ਤਾਂ ਖੈਰੇ ਦਾ ਘਾਣ ਬੱਚਾ ਪੀੜਿਆ ਜਾਂਦਾ ਹੈ। ਆ ਬੱਚਾ! ਨਿਉਂਕੇ ਟੁਰ, ਰੱਬ ਨੇ ਭਾਗ ਲਾਇਆ ਹੈ ਤਾਂ ਜੀਉਰਕੇ ਖਾਹ।

ਇਹ ਗੱਲਾਂ ਹੋ ਹੀ ਰਹੀਆਂ ਸਨ ਕਿ ਡਾਕਟਰ ਸਾਹਿਬ ਆ ਗਏ। ਉਹ ਅਜ ਸ਼ਾਮਾਂ ਵੇਲੇ ਕਿਸੇ ਕੰਮ ਆਏ ਸਨ ਕਿ ਅੱਗੋਂ ਬਾਬੇ ਦੇ ਨਵੇਂ ਉਪਕਾਰ ਵਿਚ ਫਸੇ ਹੋਣ ਦੀ ਵਿੱਥਿਆ ਸੁਣਕੇ ਖੇਤਾਂ ਵਲ ਭੱਜੇ ਆਏ। ਉਹਨਾਂ ਨੂੰ ਡਰ ਸੀ ਕਿ ਔੜ ਕਰੜੀ ਹੈ, ਵਿਸਾਖ, ਜੇਠ, ਹਾੜ ਤੇ ਸੌਣ ਚਾਰ ਮਹੀਨੇ ਇਕ ਕਣੀ ਨਹੀਂ ਪਈ, ਜ਼ਿਮੀਂਦਾਰ ਇਕ ਇਕ ਬੂੰਦ ਨੂੰ ਮੋਤੀ ਸਮਾਨ ਸਮਝ ਰਹੇ ਹਨ। ਬਾਬੇ ਦੀ ਆਖੀ ਜੇ ਨਾ ਮੰਨੀ ਗਈ ਤਾਂ ਵੀ ਮਾੜੀ ਗਲ ਤੇ ਜੇ ਕੋਈ ਕਲੇਸ਼ ਹੋ ਪਿਆ ਤਾਂ ਬੀ ਮਾੜਾ। ਅਗੇ ਜਾਕੇ ਡਾਕਟਰ ਨੇ ਓਹੋ ਹਾਲ ਡਿੱਠਾ। ਡਾਕਟਰ ਨੂੰ ਅਚਾਨਕ ਅੱਜ ਇਕ ਚਿਠੀ ਮਿਲ ਗਈ ਸੀ ਜੋ ਮਿਲਣ ਵੇਲੇ ਤਾਂ ਮਾਮੂਲੀ ਗੱਲ ਸੀ, ਪਰ ਹੁਣ ਉਹ

SIKHBOOKCLUB.COM

ਜ਼ੋਰ ਵਾਲੀ ਸ਼ੈ ਹੋ ਦਿੱਸੀ ਸੀ। ਬਾਬੇ ਤੇ ਕੰਬੋਆਂ ਦੀ ਗੱਲ ਬਾਤ ਦਾ ਨਚੋੜ ਸੁਣ ਕੇ ਡਾਕਟਰ ਸਾਹਿਬ ਬੋਲੇ:- ਬਾਬਾ ਜੀ! ਸੰਗਲਾਂ ਦੇ ਜਿੰਨ ਕਦੇ ਪਜਾਰ ਦੀਆਂ ਜੱਫੀਆਂ ਦੇ ਕਾਬੂ ਆਏ ਹਨ? ਆਪ ਕਿਉਂ ਮੂਰਖਾਂ ਨੂੰ ਸੋਧਣ ਉੱਠ ਤੁਰਦੇ ਹੋ? ਏਹ ਓਹੋ ਭਲੇਮਾਣਸ ਹਨ ਕਿ ਜਿਨ੍ਹਾਂ ਦੇ ਮੁੰਡੇ ਨੂੰ ਆਪ ਪੰਜ ਰੁਪਏ ਮਹੀਨਾ ਦਸ ਵਰ੍ਹੇ ਦੇਂਦੇ ਰਹੇ ਹੋ ਤੇ ਉਹ ਪੜ੍ਹਦਾ ਰਿਹਾ ਹੈ। ਫੇਰ ਤਸੀਲਦਾਰੀ ਵੇਲੇ ਮੈਥੋਂ ਹੀ ਸਪਾਰਸ਼ਾਂ ਕਰਵਾਈਆਂ ਸਾਂ ਜੇ, ਡਿੱਠਾ ਜੇ ਅੱਜ ਤਮਾਸ਼ਾ! ਮੈਂ ਜੋ ਕਹਿੰਦਾ ਸਾਂ ਕਿ ਬਦਾਂ ਨਾਲ ਨੇਕੀ ਕਰਨੀ ਨੇਕਾਂ ਨਾਲ ਬਦੀ ਕਰਨੀ ਹੈ, ਸੱਪ ਤੇ ਰਹਿਮ ਕਰਨਾ ਮਨੁੱਖ ਦੇ ਬੱਚੇ ਤੇ ਬੇਰਹਿਮੀ ਕਰਨੀ ਹੈ; ਅੱਜ ਦੇਖ ਲੌ ਇਹ ਆਪਦੇ ਪਿਆਰ ਨਾਲ ਪਲ ਕੇ ਬਦੀ ਕਰ ਰਹੇ ਹਨ ਤੇ ਤੁਹਾਡੇ ਪਿਆਰ ਦਾ ਕੀ ਮੁੱਲ ਪਾ ਰਹੇ ਹਨ। ਹੁਣ ਜਾਣ ਦਿਓ ਘਰ ਚੱਲੋ। (ਕੰਬੋਆਂ ਵੱਲ ਤੱਕਕੇ) ਸੁਣੋਂ ਓਇ ਨਾਢੂ ਖਾਂਓ! ਪਾਣੀ ਖੈਰੇ ਦੀ ਪੈਲੀ ਨੂੰ ਲੱਗ ਜਾਏਗਾ ਤੇ ਅੱਜੋ ਲੱਗੇਗਾ। ਫਿਰ ਤੁਹਾਡੇ ਤੇ ਪਾਣੀ ਵੱਢ ਲੈਣ ਦਾ ਮੁਕੱਦਮਾਂ ਚੱਲੇਗਾ। ਤੂੰ ਲਿਖ ਦੇਹ ਆਪਣੇ ਤਸੀਲਦਾਰ ਨੂੰ ਆਕੇ ਲਾ ਲਵੇ ਸਾਰਾ ਜ਼ੋਰ। ਮੈਂ ਉਹ ਚਿੱਠੀ ਲੈ ਆਯਾ ਹਾਂ ਜੋ ਤੇਰੇ ਤਸੀਲਦਾਰੂਏ ਨੇ ਜ਼ਿਲੇਦਾਰ ਨੂੰ ਜ਼ੁਲਮ ਕਰਨ ਵਾਸਤੇ ਲਿਖੀ ਹੈ, ਉਹ ਅਦਾਲਤ ਵਿਚ ਪੇਸ਼ ਹੋਵੇਗੀ, ਫਿਰ ਉਸ ਤਸੀਲਦਾਰ ਨੂੰ ਛੁਡਾ ਲਿਆਵੀਂ, ਕਰਦਾ ਹੈ ਕਿ ਨਹੀਂ ਵੱਡੇ ਘਰ ਦੀ ਸੈਲ।

(ਬਾਬੇ ਵੱਲ ਤੱਕਕੇ)-

ਬਾਬਾ ਜੀ! ਚੱਲੋ ਹੁਣ ਚਲੀਏ, ਮਿੰਨਤਾ ਨਾ ਕਰੋ। ਸੂਰਾਂ ਨੂੰ ਅੰਬਾਂ ਦੀਆਂ ਕੌੜੀਆਂ ਗਿਟਕਾਂ ਖੁਆਓ, ਕਮਾਦ ਆਦਮੀਆਂ ਨੂੰ ਦਿਓ, ਸੂਰ ਖਾਕੇ ਫਿੱਟ ਜਾਂਦੇ ਹਨ।

ਇਹ ਕੁਛ ਆਖਕੇ ਡਾਕਟਰ ਦਾ ਚਿਹਰਾ ਲਾਲ ਹੋ ਗਿਆ ਤੇ ਗੁੱਸੇ ਦੀਆਂ ਲਾਟਾਂ ਬਲ ਉੱਠੀਆਂ, ਬਾਬੇ ਨੂੰ ਓਨ੍ਹਾਂ ਕਲਾਈ ਵਿਚ ਲੈ ਲਿਆ। ਇਸ ਉਸ਼ਟ ਲਕੜ ਨਜਾਇ ਦਾ ਕੰਬੋਆਂ ਦੇ ਪਸ਼ੂ ਮਨ ਤੇ ਅਸਰ ਪਿਆ, ਕੁਛ ਚਿਰ ਤਾਂ ਗਿੱਚੀ ਸੱਟੀ ਚੁਪ ਚਾਪ ਮਗਰੇ ਮਗਰ ਗਏ। ਕਦੇ ਸ਼ਰਮ ਆਵੇ, ਕਦੇ ਗੁੱਸਾ ਚੜ੍ਹੇ, ਕਦੇ ਨੇਕੀਆਂ ਯਾਦ ਆਉਣ, ਕਦੇ ਭੈ ਖਾਵੇ ਕਿ ਜੇ ਪੁੱਤ ਦੀ ਚਿੱਠੀ ਸੱਚ ਮੁੱਚ ਡਾਕਟਰ ਦੇ ਹੱਥ ਆ ਗਈ ਹੈ ਤਾਂ ਇਹ ਜ਼ਰੂਰ ਪੇਸ਼ ਕਰੇਗਾ। ਇਸ ਤਰ੍ਹਾਂ ਦੇ ਅਨੇਕਾਂ ਖਿਆਲ ਕੰਬੋਆਂ ਦੇ ਜੀ ਵਿਚ ਆਏ, ਛੇਕੜ ਕੁਛ ਦੁਨੀਆਂਦਾਰੀ ਦੀ ਅਕਲ ਨੇ ਬੀ ਸੋਝੀ ਦਿੱਤੀ ਕਿ ਬਾਬੇ ਨਾਲ ਵਿਗਾੜਕੇ ਪਿੰਡ ਵੱਸਣਾ ਔਖਾ ਹੋ ਜਾਊ, ਸਾਰਾ ਨਗਰ ਬਾਬੇ ਦੇ ਮਗਰ ਹੈ। ਪਾਣੀ ਭੀ ਡਾਕਟਰ ਨੇ ਹੁਣ ਨਹੀਂ ਰਹਿਣ ਦੇਣਾ ਤੇ ਜੇ ਮੁਕੱਦਮਾਂ ਹੋ ਗਿਆ ਤਾਂ ਪਤਾ ਨਹੀਂ ਕੀ ਬਣੇ? ਇਧਰ ਕੁਪਾਹ ਭੀ ਅਸਾਂ ਸੌਕਿਓਂ ਬਚਾ ਹੀ ਲਈ ਹੈ, ਚਲੋ ਹੁਣ ਮੁਫਤ ਦੀ ਭੱਲ ਨਾ ਗੁਆਓ। ਅਸਲ ਵਿਚ ਭੱਲ ਤਾਂ ਹੁਣ ਗੁਆਚ ਹੀ ਚੁੱਕੀ ਸੀ, ਹੁਣ ਤਾਂ ਜੋ ਝੁਕਾਉ ਸੀ ਡਾਕਟਰ ਦੀ ਡਾਂਟ ਦਾ ਸੀ। ਪਸ਼ੂ ਤਾਂ ਇਹ ਸਨ ਹੀ, ਆਖਰ ਗੱਲਾਂ ਕਰਨ ਵਾਲੇ ਤੇ ਦੋ ਟੰਗਾਂ ਤੇ ਟੁਰਨ ਵਾਲੇ ਪਸ਼ੂ ਸਨ, ਅੱਗੇ ਵਧਕੇ ਕਹਿਣ ਲਗੇ, 'ਬਾਬਾ ਯਾਰਾ! ਗੁੱਸੇ ਹੋ ਟੁਰਿਐਂ! ਅਸਾਂ ਤੈਨੂੰ ਕਦ ਨਾਂਹ ਕੀਤੀ ਹੈ? ਅਸੀਂ ਤੈਨੂੰ ਪਾਣੀ ਦੇਣ ਹੀ ਆਏ ਸਾਂ ਕਿ ਨਹੀਂ? ਖੈਰੇ ਨਾਲ ਸਾਡੀ ਕੁਛ ਰੜਕ ਸੀ ਪਿਛਲੀ, ਸਾਨੂੰ ਗੁੱਸਾ ਸੀ, ਅਸੀਂ ਮਾਣ ਕਰ ਲਿਆ ਸਹੀ। ਤੂੰ ਵਡਾ ਹੈਂ ਤੇਰੇ ਨਾਲ ਲਾਡ ਨਾ ਕਰੀਏ ਤਾਂ ਕਿਸ ਨਾਲ ਕਰੀਏ?'

ਡਾਕਟਰ— ਹੁੱਜਤਾਂ ਨਾ ਬਣਾਓ, ਮੈਂ ਬਾਬੇ ਨੂੰ ਐਸੇ ਥਾਂ ਲੁਕਾਉਣਾ ਹੈ ਕਿ ਤੁਹਾਨੂੰ ਲੂੰ ਪੱਟਕੇ ਨਹੀਂ ਦਿਖਾਉਣਾ। ਤੁਸੀਂ ਬੜੇ ਨਕਦਰੇ ਹੋ। ਹੁਣ ਜਾਂ ਤਾਂ ਬਾਬੇ ਦੇ ਪੈਰੀਂ ਪਓ ਭੁੱਲ ਬਖਸ਼ਾਓ, ਨਹੀਂ ਤਾਂ ਮੈਂ ਪਾਣੀ ਦੂਸਰੀ ਤਰ੍ਹਾਂ ਲੈਣਾ ਹੈ।

ਕੰਬੋ— ਡਾਕਦਾਰਾ, ਯਾਰਾ! ਕੇਡਾ ਚੰਗਾ ਹੁੰਦਾ ਸੈਂ, ਅੱਜ ਕੀਹਦੇ ਮੱਥੇ ਲਗ ਕੇ ਆਇਆ ਹੈਂ? ਕੌੜਾ ਹੀ ਕੌੜਾ ਪਿਆ ਕੂਨੈਂ। ਅਸੀਂ ਬਾਬੇ ਦੇ ਦਾਸ, ਬਾਬੇ ਦੀ ਛਤਰ ਛਾਯਾ ਹੇਠ ਵੱਸਦੇ ਹਾਂ। ਹੋਇਆ ਕੀ ਜੇ ਪੁੱਤਾਂ ਨੇ ਰੋਸ ਕਰ ਲਿਆ ਤਾਂ?

ਇਹ ਕਹਿਕੇ ਉਨ੍ਹਾਂ ਨੇ ਬਾਬੇ ਦੀ ਦਾੜ੍ਹੀ ਹੱਥ ਲਾਇਆ ਤੇ ਆਖਿਆ— ਬਾਬਾ! ਤੂੰ ਸਾਡਾ ਬਾਪੂ ਹੈਂ ਬਖਸ਼ ਲੈ, ਆਪ ਪਾਣੀ ਲਾ ਲੈ, ਜਿਥੇ ਤੇਰੀ ਖੁਸ਼ੀ ਏ ਲਾ ਲੈ।

ਬਾਬਾ— ਤੁਸੀਂ ਡਾਕਟਰ ਸਾਹਿਬ ਦੀ ਡਾਂਟ ਹੇਠ ਝੁਕੇ ਹੋ, ਤੁਸੀਂ ਪਿਆਰ ਦੀ ਪੁਕਾਰ ਨਹੀਂ ਮੰਨੀ,

ਮੈਂ ਜਰਵਾਣਾ ਹੋ ਕੇ "ਭੈ ਦੇ ਕੇ" ਕੁਛ ਨਹੀਂ ਕਰਨਾ, ਸੋ ਤੁਸੀਂ ਜਾਣੋ ਤੁਹਾਡਾ ਕੰਮ ਜਾਣੇ। ਖ਼ੈਰੇ ਨੂੰ ਮੈਂ ਲੱਗਦੇ ਚਾਰੇ ਜੋ ਸਰੇ ਬਣੇਗਾ ਪਾਸੋਂ ਦੇ ਦਿਆਂਗਾ।

ਇਸ ਵੇਲੇ ਪਿੰਡ ਵਿਚੋਂ ਦੋ ਤਿੰਨ ਸਿੰਘ, ਇਕ ਬ੍ਰਾਹਮਣ ਤੇ ਇਕ ਸਯਦ ਆ ਗਏ ਕਿ ਬਾਬਾ ਜੀ! ਅਸਾਂ ਸੁਣਿਆਂ ਹੈ ਕਿ ਕੰਬੋਆਂ ਨੇ ਖ਼ੈਰੇ ਗ਼ਰੀਬ ਦਾ ਪਾਣੀ ਜ਼ੋਰੀਂ ਖੋਂਸ ਲਿਆ ਹੈ, ਇਹ ਕਹਿਰ ਸਾਡੇ ਪਿੰਡ ਕਦੇ ਨਹੀਂ ਸੀ ਵਰਤਿਆ। ਅਸੀਂ ਸਾਰੇ ਸ਼ੀਰ ਸ਼ੱਕਰ ਵੱਸਦੇ ਸਾਂ, ਹੁਣ ਅਸਾਂ ਸੁਣਿਆਂ ਹੈ ਕਿ ਕੰਬੋਆਂ ਨੇ ਆਪ ਜੀ ਦਾ ਅਨਾਦਰ ਕੀਤਾ ਹੈ ਤੇ ਆਖੇ ਨਹੀਂ ਲਗੇ। ਸੋ ਬਾਬਾ ਜੀ! ਆਪ ਫਿਕਰ ਨਾ ਕਰੋ, ਦੋ ਦਿਨ ਹੋਰ ਔਖੇ ਹਨ, ਤੀਏ ਦਿਨ ਸਾਡੀਆਂ ਸਾਰਿਆਂ ਦੀਆਂ ਵਾਰੀਆਂ ਹਨ, ਅਸੀਂ ਪਹਿਲਾਂ ਖੈਰੇ ਦੇ ਖੇਤ ਭਰਾਂਗੇ ਤਾਂ ਪਾਣੀ ਵਰਤਾਂਗੇ। ਅਸੀਂ ਬੀ ਗ਼ਰੀਬ ਹਾਂ ਪਰ ਐਨਾਂ ਜ਼ਰੂਰ ਰਲ ਵਰਤਾਂਗੇ ਕਿ ਸਾਡੇ ਖੇਤ ਭੀ ਨਾਂ ਸੁਕਣ ਤੇ ਮਿਰਚਾਂ ਨੂੰ ਭੀ ਸੋਕਾ ਨਾ ਮਾਰੇ। ਖ਼ਬਰੇ ਸਾਂਈਂ ਗ਼ਰੀਬਾਂ ਦੀ ਸੁਣਦਾ ਹੈ; ਅਗੰਮ ਦੇ ਸੋਮੇਂ ਹੀ ਖੋਲ੍ਹ ਦੇਵੇ ਤੇ ਉਤੋਂ ਹੀ ਜਲ ਥਲ ਹੋ ਜਾਵੇ। ਪਰ ਬਾਬਾ ਜੀ! ਤੁਸੀਂ ਉਦਾਸ ਨਹੀਂ ਹੋਣਾ, ਅਸੀਂ ਸਾਰੇ ਇਕ ਪਿੰਡ ਦੇ ਭਰਾ ਹਾਂ, ਅਸੀਂ ਰਲ ਵਰਤਾਂਗੇ।

ਬਾਬੇ ਦੇ ਦਿਲ ਵਿਚ ਕੰਬੋਆਂ ਦੇ ਹਿਰਦੇ ਦੀ ਕਠੋਰਤਾ ਕਰਕੇ ਉਦਾਸੀ ਆਈ ਸੀ, ਇਸ ਪਿਆਰ ਦੀ ਵਰਤੋਂ ਨੂੰ ਸੁਣਕੇ ਬਦਲ ਗਈ ਤੇ ਆਖਣ ਲੱਗਾ: ਸ਼ਾਬਾਸ਼ ਪੁਤ੍ਰੋ! ਇਹੀ ਹੁਕਮ ਹੈ:-

"ਸਭਨਾ ਮਨ ਮਾਣਿਕ
ਠਾਹਣੁ ਮੂਲਿ ਮਚਾਂਗਵਾ॥
ਜੇ ਤਉ ਪਿਰੀਆ ਦੀ ਸਿਕ
ਹਿਆਉ ਨ ਠਾਹੇ ਕਹੀ ਦਾ॥"

* * * * *

੧੮.

ਡਾਕਟਰ ਸਾਹਿਬ ਜਦ ਘਰ ਪਹੁੰਚੇ ਤਾਂ ਜ਼ਿਲੇਦਾਰ ਦਾ ਆਦਮੀ ਬੈਠਾ ਸੀ ਕਿ ਜ਼ਿਲੇਦਾਰ ਜੀ ਆਪ ਨੂੰ ਯਾਦ ਕਰਦੇ ਹਨ। ਡਾਕਟਰ ਸਾਹਿਬ ਗਏ। ਅੱਜ ਜ਼ਿਲੇਦਾਰ ਨੂੰ ਕੁਝ ਮੁੜ੍ਹਕਾ ਬਹੁਤ ਪਿਆ ਸੀ, ਜਿਸ ਤੋਂ ਘਬਰਾ ਰਿਹਾ ਸੀ, ਪਰ ਅਸਲ ਵਿਚ ਉਸਦਾ ਤਾਪ ਟੁੱਟਾ ਸੀ ਤੇ ਉਸਦੀ ਕਮਜ਼ੋਰੀ ਸੀ। ਡਾਕਟਰ ਸਾਹਿਬ ਨੇ ਜਾਕੇ ਡਿੱਠਾ, ਕੁਛ ਦਵਾਈ ਕੁਛ ਗਰਮ ਦੁੱਧ ਦੇ ਕੇ ਉਸ ਨੂੰ ਠੀਕ ਕਰ ਲਿਆ। ਇਹ ਡਾਕਟਰ ਦਾ ਟੋਟਕਾ ਕਮਜ਼ੋਰੀ ਦੇ ਖੂਹ ਵਿਚ ਢੱਠੇ ਜ਼ਿਲੇਦਾਰ ਨੂੰ ਤੱਟ ਫੱਟ ਉਸਰੱਗੀ ਦੇ ਗਿਆ ਤੇ ਉਸ ਉੱਤੇ ਬੜਾ ਅਸਰ ਕਰ ਗਿਆ। ਇਸ ਤੋਂ ਤੀਸਰੇ ਦਿਨ ਜ਼ਿਲੇਦਾਰ ਵੱਲ ਹੋ ਗਿਆ ਤੇ ਡਾਕਟਰ ਸਾਹਿਬ ਨੇ ਅੱਜ ਸਮਾਂ ਤਾੜਕੇ ਗੱਲ ਬਾਤ ਛੇੜੀ।

ਡਾਕਟਰ— ਜ਼ਿਲੇਦਾਰ ਜੀ! ਗੁਰੂ ਨਾਨਕ ਸਾਹਿਬ ਦੇ ਤੁਸੀਂ ਸਿੱਖ ਤਾਂ ਨਹੀਂ, ਪਰ ਉਹਨਾਂ ਨੂੰ ਮਹਾਂ ਪੁਰਖ ਤਾਂ ਮੰਨਦੇ ਹੋ?

ਜ਼ਿਲੇਦਾਰ— ਸਿਖ ਕਿਉਂ ਨਹੀਂ, ਮੈਂ ਤਾਂ ਉਹਨਾਂ ਨੂੰ ਅਵਤਾਰ ਮੰਨਦਾ ਹਾਂ ਤੇ ਜਾਣਦਾ ਹਾਂ ਕਿ ਉਹ ਬੜੇ ਹੀ ਭਾਰੇ ਮਹਾਂਪੁਰਖ ਹੋਏ ਹਨ।

ਡਾਕਟਰ— ਆਪ ਨੂੰ ਪਤਾ ਹੈ ਉਹਨਾਂ ਦਾ ਇਹ ਵਾਕ ਹੈ:-

"ਪੜਿਆ ਹੋਵੈ ਗੁਨਹਗਾਰੁ
ਤਾ ਓਮੀ ਸਾਧੁ ਨ ਮਾਰੀਐ।"

ਜ਼ਿਲੇਦਾਰ— ਮੈਂ ਸੁਣਿਆ ਹੈ, ਅਰ ਇਹ ਸੋਨੇ ਦੇ ਹਰਫ਼ਾਂ ਨਾਲ ਲਿਖਣ ਵਾਲਾ ਹੈ।

ਡਾਕਟਰ— ਮੈਂ ਨਹੀਂ ਮੰਨਦਾ ਕਿ ਛੜੇ ਸੋਨੇ ਦੇ ਹਰਫਾਂ ਨਾਲ ਲਿਖ ਛੱਡਣਾ ਬੱਸ ਹੈ।

ਜ਼ਿਲੇਦਾਰ (ਅਸਚਰਜ ਹੋ ਕੇ)— ਕਿਉਂ?

ਡਾਕਟਰ— ਮੈਂ ਸੋਨਾ ਛੱਡ ਕੇ ਜ੍ਵਾਹਰਾਤ ਨਾਲ ਲਿਖਿਆ ਦੇਖ ਕੇ ਖੁਸ਼ ਹੋਵਾਂ, ਪਰ ਉਸ ਤੋਂ ਉਪ੍ਰੰਤ ਮੈਂ ਈਮਾਨ ਦੀ ਸਿਆਹੀ ਨਾਲ ਤੇ ਕਰਨੀ (ਅਮਲ) ਦੀ ਕਲਮ ਨਾਲ ਦਿਲ ਤੇ ਚਿਤਰਨਾ ਤੇ ਹੱਥਾਂ ਤੇ ਛਾਪ ਲਾਉਣੀ ਚਾਹੁੰਦਾ ਹਾਂ।

ਜ਼ਿਲੇਦਾਰ— (ਹੱਸਕੇ) ਆਪ ਦਾ ਮਤਲਬ ਹੈ ਕਿ ਇਸ ਪਰ ਅਮਲ ਹੋਣਾ ਚਾਹੀਏ।

ਡਾਕਟਰ— ਜੀ ਹਾਂ।

ਜ਼ਿਲੇਦਾਰ— ਫਿਰ ਮੇਰਾ ਇਤਫਾਕ ਹੈ।

ਡਾਕਟਰ— ਖ਼ਫੇ ਨਹੀਂ ਹੋਣਾ, ਮੈਂ ਰੁੱਖਾ ਤੇ ਕਰੜਾ ਆਦਮੀ ਹਾਂ, ਖਰੀ ਖਰੀ ਸਾਫ ਕਹਿ ਦਿਆ ਕਰਦਾ ਹਾਂ।

ਜ਼ਿਲੇਦਾਰ— (ਰੰਗ ਪਿੱਲਾ ਪੈਕੇ) ਕਿਉਂ ਖੈਰ ਹੈ?

ਡਾਕਟਰ— ਖੈਰ ਕਾਹਦੀ? ਆਪ ਜੋ ਬੀਮਾਰ ਸੇ ਸੋ ਮੇਰੇ ਜਾਣੇ ਉੱਪਰ ਲਿਖੇ ਹੁਕਮ ਦੀ ਸਜ਼ਾ ਸੀ, ਜਿਸ ਸਜ਼ਾ ਦੇ ਭੁਗਤਣ ਵਿਚ ਮੈਨੂੰ ਉਸ ਸਜ਼ਾ ਦਾ


www.sikhbookclub.com

ਵਕਤ ਘਟਾਉਣ ਵਿਚ ਮਦਦ ਦੇਣੀ ਪਈ ਹੈ, ਪਰ ਫਰਜ਼ ਇਹੋ ਸੀ।

ਜ਼ਿਲੇਦਾਰ— (ਪੀਲਾ ਹੋਕੇ) ਮੈਂ ਨਹੀਂ ਸਮਝਿਆ।

ਡਾਕਟਰ— ਆਪ ਨੇ ਗੁਨਾਹ ਕੀਤਾ, ਆਪ ਬੀਮਾਰ ਹੋਏ। ਪਾਪ ਕਰਨ ਨਾਲ ਆਤਮਾ ਵਿਚ ਤੋਟਾ ਪੈਦਾ ਹੁੰਦਾ ਹੈ, ਤੌਖਲਾ ਤੇ ਗਿਰਾਉ ਆਉਂਦਾ ਹੈ। ਮਨ ਜਦ ਤੌਖਲੇ ਤੇ ਤੋਟੇ (ਮਨਫੀ ਹਾਲਤ) ਵਿਚ ਜਾਂਦਾ ਹੈ ਤਾਂ ਨਿਰਬਲ ਹੋ ਜਾਂਦਾ ਹੈ। ਉਹ ਫੇਰ ਸਰੀਰ ਦੇ ਸਨਾਯੂ* ਨੂੰ ਪੂਰੀ ਤਾਕਤ ਨਹੀਂ ਦੇ ਸਕਦਾ। ਉਨ੍ਹਾਂ ਦੇ ਢਿੱਲੇ ਹੋ ਜਾਣ ਕਰਕੇ ਸਰੀਰ ਵਿਚ ਬੀਮਾਰੀ ਦਾ ਮੁਕਾਬਲਾ ਕਰਨ ਦੀ ਤਾਕਤ ਘਟ ਜਾਂਦੀ ਹੈ। ਇਹ ਗੱਲ ਹੁਣ ਸਿੱਧ ਹੋ ਗਈ ਹੈ ਕਿ ਹਰ ਬੀਮਾਰੀ ਦਾ ਸਾਮਾਨ ਸਾਡੇ ਗਿਰਦ ਮੌਜੂਦ ਹੈ। ਜਦੋਂ ਕਿ ਸਾਡੇ ਅੰਦਰੋਂ ਸਾਡੀ ਮੁਕਾਬਲਾ ਕਰਨ ਵਾਲੀ ਤਾਕਤ ਘਟ ਗਈ, ਓਦੋਂ ਹੀ ਕੋਈ ਨਾ ਕੋਈ ਰੋਗ ਬਲ ਪਾ ਜਾਂਦਾ ਹੈ। ਸਰੀਰ ਵਿਚ ਕਮਜ਼ੋਰੀ ਆ ਜਾਣ ਦੇ ਕਾਰਨਾਂ ਵਿਚੋਂ ਵੱਡਾ ਕਾਰਨ ਮਨ ਦੀ ਨਿਰਬਲਤਾਈ ਹੈ, ਜਿਸ ਦੇ ਸਬੱਬ ਉਹ ਸੂਖਮ ਸ਼ਕਤੀਆਂ ਨਾਲ ਸਰੀਰ ਨੂੰ ਬਲਵਾਨ ਕਰਨੋਂ ਢਿੱਲਾ ਹੋ ਜਾਂਦਾ ਹੈ। ਜੇ ਮਨ ਸੱਚ ਪਰ ਰਹੇ, ਕਾਂਪ ਨਾ ਖਾਏ ਤਾਂ ਉਸ ਵਿਚ ਤਾਕਤ ਰਹਿੰਦੀ ਹੈ। ਸੱਚ ਤਾਕਤਵਰਾਂ ਦਾ ਕੰਮ ਹੈ ਤੇ ਸੱਚ ਪਰ ਖੜੋਕੇ ਨਿਤਾਣੇ ਤਾਕਤਵਰ ਹੋ ਜਾਂਦੇ ਹਨ। ਜਦੋਂ ਕਿ ਮਨ ਕੋਈ ਮਾੜਾ ਕੰਮ ਕਰਦਾ ਹੈ ਤਾਂ 'ਮੈਂ ਮਾੜਾ ਕੀਤਾ ਹੈ' ਇਹ ਗਿਆਨ ਉਸ ਵਿਚ ਤੋਟਾ ਪੈਦਾ ਕਰਦਾ ਹੈ ਅਰ ਉਹ ਨੀਵਾਂ ਜਿਹਾ ਹੋ ਜਾਂਦਾ ਹੈ। ਇਹ ਹਾਲਤ ਉਸ ਵਿਚ ਨਿਤਾਣਪੁਣਾ ਪਾ ਦੇਂਦੀ ਹੈ। ਇਹ ਤੋਟੇ ਦੇ ਨਿਕੇ ਨਿਕੇ ਨੁਕਤੇ ਅੰਦਰ ਕੱਠੇ ਹੁੰਦੇ ਹੁੰਦੇ ਮਨ ਦੀ ਉਸ ਤਾਕਤ ਨੂੰ ਘਟਾ ਦੇਂਦੇ ਹਨ ਜੋ ਸਰੀਰ ਨੂੰ ਬਲ ਦੇਂਦਾ ਹੈ, ਜਿਸ ਬਲ ਨਾਲ ਕਿ ਰੋਗਾਂ ਦੇ ਅਵੈਵਾਂ ਨੂੰ ਸਰੀਰ ਆਪੇ ਮਾਰ ਲੈਂਦਾ ਹੈ। ਫੇਰ ਸੂਰਤ ਤਬਾਹ ਹੋ ਕੇ ਆਦਮੀ ਖਿਝੂ ਜਿਹਾ, ਢੱਠਾ ਜਿਹਾ, ਉਦਾਸ ਜਿਹਾ, ਦਬੇਲ ਜਿਹਾ ਹੋ ਕੇ ਜ਼ਿੰਦਗੀ ਦੇ ਦਿਨ ਮੋਹ ਮਾਇਆ ਵਿਚ ਜਕੜਿਆ, ਰੇੜੂ ਦੇ ਟੱਟੂ ਵਾਂਗ ਮੱਚ ਮਰਿਆ ਜਿਹਾ ਹੋ ਕੇ ਬਿਤਾਉਂਦਾ ਹੈ।

ਜ਼ਿਲੇਦਾਰ— (ਸੁਆਹ ਵਰਗਾ ਰੰਗ ਪਲਟਕੇ) ਮੈਂ ਕੀ ਪਾਪ ਕੀਤਾ ਹੈ ਜੋ ਅੱਜ ਆਪ ਇਸ ਤਰ੍ਹਾਂ ਸਮਝਾ ਰਹੇ ਹੋ?

ਡਾਕਟਰ— ਇਕ ਗਰੀਬ ਅਰਾਈਂ ਨੇ ਜੀ ਜਾਮਾਂ ਵੇਚਕੇ ਮਿਰਚਾਂ ਲਾਈਆਂ, ਤੁਸਾਂ ਉਸ ਦਾ ਪਾਣੀ ਦੂਸਰੇ ਆਦਮੀ ਨੂੰ, ਜਿਸ ਦੀ ਸਿਫਾਰਸ਼ ਤੁਸਾਂ ਪਾਸ ਪਹੁੰਚੀ ਤੇ ਜੋ ਪਟਵਾਰੀਆਂ ਨੂੰ ਤੇ ਸ਼ਾਇਦ ਤੁਹਾਨੂੰ ਵੀ ਗੱਫੇ ਦੇ ਸਕਦਾ ਸੀ, ਪਾਣੀ ਦੇ ਦਿੱਤਾ। ਤੁਸਾਂ ਹੱਕ ਵਾਲੇ ਦਾ ਹੱਕ ਗੁਆ ਦਿਤਾ, ਇਹ ਪਾਪ ਕੀਤਾ। ਤੁਸੀਂ ਵਕਤ ਦੀ ਸਰਕਾਰ ਨੇ ਧਰਮ ਨਿਆਂ ਤੇ ਬਿਠਾਏ, ਅਤੇ ਤੁਸਾਡੇ ਹੱਥ ਤੱਕੜੀ ਦਿਤੀ ਗਈ ਕਿ ਤੁਸੀਂ ਪੜ੍ਹੇ ਹੋਏ ਤੇ ਲਾਇਕ ਸਮਝੇ ਗਏ। ਪਰ ਤੁਸਾਂ ਕਾਣੀ ਵੰਡ ਸ਼ੁਰੂ ਕੀਤੀ, ਠੂੰਗੇ ਮਾਰਨੇ ਆਰੰਭ ਦਿਤੇ, ਹੱਕ ਵੰਞਾ ਸਿੱਟੇ, ਬਿੰਨਾਂ ਨਾ ਸੋਚਿਆ ਕਿ ਇਕ ਟੱਬਰ ਬਰਬਾਦ ਹੋ ਜਾਏਗਾ। ਮਿਰਚਾਂ ਮਰ ਗਈਆਂ ਤਾਂ ਘਰ ਦੇ ਢੱਗੇ ਵੇਚ ਕੇ ਬੀ ਉਸਦਾ ਖਹਿੜਾ ਨਾ ਛੁੱਟੇਗਾ, ਫੇਰ ਟੁੱਕ ਕਿਥੋਂ ਖਾਣਗੇ? ਪਿਡ ਦਾ ਵਾਸ ਤੇ ਦਸਾਂ ਨਵ੍ਹਾਂ ਦੀ ਕਮਾਈ ਛੱਡਕੇ ਰੁਲਣਗੇ ਜਾਂ ਸ਼ਹਿਰੀਂ ਜਾ ਕੇ ਨੌਕਰੀਆਂ ਕਰਨਗੇ ਜਾਂ ਚੋਰੀ ਚਕਾਰੀ ਵਿਚ ਪੈ ਜਾਣਗੇ। ਦੱਸੋ ਤੁਹਾਡੀ ਕਾਣੀ ਵੰਡ ਦਾ ਕੀ ਫਲ ਹੋਵੇਗਾ?

ਜ਼ਿਲੇਦਾਰ ਦਾ ਰੰਗ ਕਾਲਾ ਪੈ ਗਿਆ ਤੇ ਫੇਰ ਚਿੱਟਾ ਫਟਕ ਹੋ ਗਿਆ, ਉਹ ਆਪਣੇ ਆਪ ਨੂੰ ਵੱਢੀ-ਖੋਰਾ ਨਹੀਂ ਦੱਸਿਆ ਕਰਦਾ ਸੀ ਤੇ ਡਾਕਟਰ ਨੇ ਕੋਰਾ ਸੱਚ ਮੂੰਹ ਤੇ ਮਾਰਿਆ।

ਡਾਕਟਰ— ਆਪ ਚੁੱਪ ਕਿਉਂ ਹੋ ਗਏ? ਮੈਂ ਕੋਈ ਵੈਰ ਨਾਲ ਗੱਲ ਨਹੀਂ ਕਰ ਰਿਹਾ। ਜਿਸ ਤਰ੍ਹਾਂ ਮੈਂ ਆਪ ਦਾ ਸਰੀਰ ਰਾਜ਼ੀ ਕੀਤਾ ਹੈ, ਉਸੀ ਤਰ੍ਹਾਂ ਆਪ ਦਾ ਮਨ ਰਾਜ਼ੀ ਕਰਨਾ ਚਾਹੁੰਦਾ ਹਾਂ। ਜਿਵੇਂ ਸਰੀਰ ਦਾ ਰੋਗ ਮੈਨੂੰ ਦੱਸ ਕੇ ਸ਼ਰਮਿੰਦੇ ਨਹੀਂ ਹੋਏ ਇਸੇ ਤਰ੍ਹਾਂ ਮਨ ਦੇ ਰੋਗ ਦੇ ਪਤਾ ਲੱਗ ਜਾਣ ਤੋਂ ਸ਼ਰਮ ਨਾ ਕਰੋ: ਮੈਂ ਮਿੱਤ੍ਰ ਹਾਂ, ਦੋਖੀ ਨਹੀਂ। ਮੈਂ ਤੁਸਾਂ ਦਾ ਭਲਾ ਚਿਤਵ ਰਿਹਾ ਹਾਂ। ਇਹ ਮੇਰਾ ਭੈੜਾ ਸੁਭਾਉ ਹੈ ਕਿ ਮੈਂ ਖਰੀ ਗੱਲ ਮੂੰਹ ਤੇ ਕਰ ਦੇਂਦਾ ਹਾਂ।

ਜ਼ਿਲੇਦਾਰ— (ਅੜ ਅੜ ਕੇ) ਡਾਕਟਰ ਜੀ! ਸੱਚ ਇਹ ਹੈ ਕਿ ਮੈਂ ਵੱਢੀ ਨਹੀਂ ਖਾਧੀ, ਪਟਵਾਰੀ ਦਾ ਪਤਾ ਨਹੀਂ ਪਰ ਸਿਫਾਰਸ਼ ਮੈਂ ਮੰਨੀ ਹੈ ਤੇ ਜ਼ਰੂਰ

* Nerves.

 www.sikhbookclub.com

ਮੰਨੀ ਹੈ. ਕੰਬੋਆਂ ਦਾ ਮੁੰਡਾ ਤਸੀਲਦਾਰ ਹੈ: ਤੇ ਮੈਨੂੰ ਉਸਦਾ ਲਿਹਾਜ਼ ਸੀ।

ਡਾਕਟਰ— ਇਹ ਦੱਸੋ ਕਿ ਇਹ ਗ਼ਲਤੀ ਸੀ ਕਿ ਨਹੀਂ?

ਜ਼ਿਲੇਦਾਰ— ਸੀ ਤਾਂ ਸਹੀ, ਪਰ ਵਰਤਾਰਾ ਇਹੋ ਹੈ। ਲਿਹਾਜ਼ ਰੱਖੇ ਕੰਮ ਆਉਂਦੇ ਹਨ। ਸਾਰੇ ਹੁੱਦੇਦਾਰ ਇਕ ਦੂਜੇ ਦਾ ਮੁਲਾਹਜ਼ਾ ਰੱਖਦੇ ਹਨ, ਪਤਾ ਨਹੀਂ ਕਿਸ ਵੇਲੇ ਕਿਸ ਨੂੰ ਕਿਸ ਦੀ ਲੋੜ ਪੈ ਜਾਣੀ ਹੈ?

ਡਾਕਟਰ— ਠੀਕ ਹੈ, ਪਰ ਸੱਚ ਦੇ ਤੱਕੜ ਨੇ ਤਾਂ ਲਿਹਾਜ਼ ਨਹੀਂ ਕਰਨਾ, ਉਸ ਤੱਕੜ ਪਰ ਦਾਤੇ ਨੇ ਲਿਖ ਦਿਤਾ ਹੈ ਕਿ ਪੜ੍ਹਿਆਂ ਦਾ ਗੁਨਹਗਾਰ ਹੋਣਾ ਬੜਾ ਹੀ ਬੁਰਾ ਹੈ, ਉਹ ਤਾਂ ਪੜ੍ਹੇ ਹੋਏ ਦੀ ਤਾਰੀਫ ਏਹ ਕਰਦੇ ਹਨ:-

"ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ॥
ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ॥"

ਪੜ੍ਹਿਆ ਉਹ ਹੈ, ਜਿਸ੍ਹਾਂ ਦੇ ਪਾਸ ਬੈਠਿਆਂ ਸਾਡੀ ਕੂੜ ਦੀ ਰਾਸਿ ਘਟੇ ਤੇ ਪਾਪ ਪੁੰਨ ਦੀ ਵਿਚਾਰ ਵਧੇ, ਤੇ ਏਥੇ ਉਲਟ ਹੋ ਗਿਆ। ਫੇਰ ਗੁਰੂ ਜੀ ਨੇ ਫੁਰਮਾਯਾ ਹੈ:—

ਵਿਦਿਆ ਵੀਚਾਰੀ ਤਾਂ ਪਰਉਪਕਾਰੀ॥

ਜ਼ਿਲੇਦਾਰ— ਮੈਂ ਕਦੇ ਏਨੀ ਉੱਚੀ ਵਿਚਾਰ ਨਹੀਂ ਸੀ ਕੀਤੀ। ਸਾਰਾ ਦਿਨ ਕੰਮਾਂ ਕਾਜਾਂ ਦੇ ਰੱਟੇ ਵਿਚ ਪਿਆਂ ਸਹਿ ਸੁਭਾ ਸਮਾ ਲੰਘ ਜਾਂਦਾ ਹੈ ਤੇ ਰੋਜ਼ ਦੇ ਕੰਮ ਟੁਰੇ ਰਹਿੰਦੇ ਹਨ, ਕਦੇ ਵਿਚਾਰ ਨਹੀਂ ਸੀ ਫੁਰੀ।

ਡਾਕਟਰ— ਵਿਚਾਰ ਤੋਂ ਬਿਨਾਂ ਤਾਂ ਆਦਮੀ ਪਸ਼ੂ ਹਨ, ਮਨੁੱਖ ਵਿਚ ਵਿਚਾਰ ਦਾ ਹੀ ਤਾਂ ਵਾਧਾ ਹੈ, ਇਸੇ ਕਰਕੇ ਸਤਿਗੁਰ ਨੇ ਕਿਹਾ ਹੈ:-

"ਅਵਰ ਜੋਨਿ ਤੇਰੀ ਪਨਿਹਾਰੀ॥
ਇਸੁ ਧਰਤੀ ਮਹਿ ਤੇਰੀ ਸਿਕਦਾਰੀ॥"

ਹੁਣ ਸਿਕਦਾਰ ਵਿਚ 'ਨਿਆਂ' ਜੇ ਨਹੀਂ ਵੱਸਦਾ ਤਾਂ ਸਿਕਦਾਰ ਕਾਹਦਾ? ਤੇ ਸਿਕਦਾਰ ਵਿਚ ਨਿਆਂ ਕਿਸ ਤਰ੍ਹਾਂ ਵੱਸੇ ਜੇ ਓਹ ਵਿਚਾਰ ਨੂੰ ਕੰਮ ਵਿਚ ਹੀ ਨ ਲਿਆਵੇ ਤਾਂ? ਜੇ ਵਿਚਾਰ ਕਰਨੀ ਨਹੀਂ, ਨਿਆਂ ਵਰਤਣਾ ਨਹੀਂ ਤਾਂ ਜੇਹਾ ਪਸ਼ੂ ਤੇਹਾ ਮਨੁੱਖ।

ਜ਼ਿਲੇਦਾਰ— (ਤ੍ਰਬ੍ਹਕ ਕੇ,) ਇਨਸਾਨ ਪਸ਼ੂ?

ਡਾਕਟਰ— ਹੋਰ ਕੀ? ਜੋ ਧੱਕਾ ਕਰਦਾ ਹੈ, ਢੁੱਡ ਮਾਰਦਾ ਹੈ, ਪਸ਼ੂ ਹੈ; ਚਾਹੇ ਉਸ ਨੂੰ ਪੂਛ ਤੇ ਸਿੰਙ ਹੈਨ ਚਾਹੇ ਨਹੀਂ ਹੈਨ।

ਜ਼ਿਲੇਦਾਰ— (ਤਿਉੜੀ ਵੱਟ ਕੇ)- ਫੇਰ ਡਾਕਟਰ ਜੀ, ਤੁਸੀਂ ਆਖ ਤਾਂ ਸੱਚ ਰਹੇ ਹੋ ਪਰ ਮੇਰਾ ਜੀ ਪਸਿੰਦ ਨਹੀਂ ਕਰ ਰਿਹਾ ਸਖ਼ਤੀ ਦੀ ਗੱਲ ਨੂੰ।

ਡਾਕਟਰ— ਇਹ ਠੀਕ ਹੈ ਕਿ ਆਪ ਦਾ ਜੀ ਪਸਿੰਦ ਨਹੀਂ ਕਰ ਰਿਹਾ, ਪਰ ਮੈਨੂੰ ਕੀਹ? ਇਹ ਇਕ ਰੋਗ ਹੈ ਕਿ ਮਨੁੱਖ ਜ਼ਿੰਮੇਵਾਰੀ ਦੀ ਥਾਂਵੇਂ ਆਕੇ ਫੇਰ ਨਿਆਂ ਨਾ ਕਰੇ ਤੇ ਮੈਂ ਇਸ ਰੋਗ ਦਾ ਕੌੜਾ ਦਾਰੂ ਪਿਆ ਦੇਂਦਾ ਹਾਂ।

ਜ਼ਿਲੇਦਾਰ— ਖਿਮਾਂ ਕਰਨੀ, ਜੇ ਆਪ ਨੂੰ ਉਹਨਾਂ ਦੀ ਖ਼ਾਤਰ ਮਨਜ਼ੂਰ ਹੈ, ਮੇਰਾ ਮਤਲਬ ਹੈ ਖੈਰੇ ਹੁਰਾਂ ਦਾ, ਤਾਂ ਪਾਣੀ ਅੱਜੋ ਮਿਲ ਜਾਏਗਾ!

ਡਾਕਟਰ— ਜਿਸ ਲਿਹਾਜ਼ ਮੁਲਾਹਜ਼ੇ ਵਿਚ ਤੁਸਾਂ ਪਾਣੀ ਬੰਦ ਕੀਤਾ ਹੈ, ਉਸ ਲਿਹਾਜ਼ ਮੁਲਾਹਜ਼ੇ ਵਿਚ ਮੈਂ ਜਾਰੀ ਕਰਵਾਇਆ ਨਹੀਂ ਚਾਹੁੰਦਾ। ਇਉਂ ਤਾਂ ਤੁਸਾਂਨੂੰ ਲਿਹਾਜ਼ ਦਾ ਸੁਭਾਉ ਹੀ ਰਿਹਾ ਨਾਂ, ਲਿਹਾਜ਼ ਪਿਆ ਤਾਂ ਨੇਕੀ ਕਰ ਲਈ, ਲਿਹਾਜ਼ ਪਿਆ ਤਾਂ ਬਦੀ ਕਰ ਲਈ। 'ਪਾਪ ਪੁੰਨ ਦਾ ਵੀਚਾਰ' ਜੋ ਪੜ੍ਹੇ ਲਿਖੇ ਦਾ ਫ਼ਰਜ਼ ਹੈ, ਉਹ ਤਾਂ ਪ੍ਰਾਪਤ ਨਾ ਹੋਇਆ। ਮੈਂ ਚਾਹੁੰਦਾ ਹਾਂ ਤੁਸੀਂ ਆਪਣਾ ਧਰਮ (ਫ਼ਰਜ਼) ਪਛਾਣੋਂ; ਜਿਸ ਅੱਖ ਨਾਲ ਕੰਬੋ ਤੱਕੇ ਜੇ ਉਸੇ ਨਾਲ ਅਰਾਈਂ ਤੱਕੋ। ਪੂਰਾ ਤੋਲੋ, ਹੱਕ ਨਾਂ ਗੁਆਓ। ਅਰਾਈਂ ਮੇਰੇ ਸਾਕ ਨਹੀਂ, ਮੇਰੇ ਮਜ਼ਹਬ ਦੇ ਨਹੀਂ, ਕੰਬੋ ਮੇਰੇ ਵੈਰੀ ਨਹੀਂ। ਮੈਂ ਤਾਂ ਇਹ ਚਾਹੁੰਦਾ ਹਾਂ ਕਿ ਤੁਸਾਡੇ ਹੱਥ ਇਕ ਤਾਕਤ ਆਈ ਹੈ, ਉਸ ਨੂੰ ਠੀਕ ਤਰ੍ਹਾਂ ਵਰਤੋ। ਤਾਕਤ ਜਿਥੇ ਹੁੰਦੀ ਹੈ ਉਥੇ ਉਸਦੀ ਵਰਤੋਂ ਧੱਕੇ ਵਾਲੀ ਹੋ ਜਾਂਦੀ ਹੈ। ਹਾਂ ਤਾਕਤ ਚਾਹੀਦੀ ਹੈ ਧੱਕੇ-ਖ਼ੋਰਾਂ ਤੋਂ ਨਿਆਂ ਕਰਾਉਣ ਲਈ, ਪਰ ਜੇ ਇਹ ਧੱਕੇ ਖੋਰਾਂ ਦੀ ਮਦਦ ਕਰੇ ਤਾਂ ਇਸ ਨਾਲ ਮਨੁੱਖ ਜਾਤੀ ਦਾ ਸੁਖ ਨਹੀਂ ਨਿਕਲਦਾ। ਧੱਕਾ ਤੁਸਾਂ ਨੂੰ ਤਦ ਤੱਕ ਚੰਗਾ ਲਗੇਗਾ ਜਦ ਤਕ ਕਿ ਦੂਜੇ ਪਰ ਕਰਦੇ ਹੋ, ਜਦੋਂ ਤੁਹਾਡੇ ਉੱਤੇ ਧੱਕਾ ਆ ਹੋਵੇਗਾ ਤਦੋਂ ਤੁਸੀਂ ਧੱਕੇ ਤੋਂ ਘਬਰਾਓਗੇ। ਜ਼ਰਾ ਕੁ ਸੋਚੋ ਤਾਂ, ਜੇ ਅਰਾਈਂ ਮੁਹਤਮਿਮ ਸਾਹਿਬ ਪਾਸ ਜਾਵੇ ਜਾਂ ਤੁਹਾਡੇ ਤੇ ਅਰਜ਼ੀ ਪਾਵੇ ਤੇ ਅੱਗੇ ਕੋਈ ਇਨਸਾਫ


SIKHBOOKCLUB.COM

ਵਾਲਾ ਬੰਦਾ ਹੋਵੇ ਤਾਂ ਸਾਬਤ ਹੋਊ ਕਿ ਨਾ ਕਿ ਤੁਹਾਡਾ ਪਾਣੀ ਬੰਦ ਕਰਨਾਂ ਕਾਨੂੰਨ ਦੇ ਵਿਰੁੱਧ ਸੀ?

ਜ਼ਿਲੇਦਾਰ— ਹੈ ਤਾਂ ਠੀਕ, ਪਰ ਸਾਡੇ ਹੱਥ ਬਹੁਤ ਨਾੜ੍ਹਾਂ ਹਨ।

ਡਾਕਟਰ— ਪਰ ਜੇ ਕੋਈ ਅਫਸਰ ਤੁਹਾਡਾ ਨਬਜ਼ਸ਼ਨਾਸ ਹੋਵੇ ਤੇ ਇਨਸਾਫ ਪੁਰ ਤੁਲ ਪਵੇ ਤਦ ਫੇਰ?

ਜ਼ਿਲੇਦਾਰ— ਫੇਰ, ਐਸੇ ਵੇਲਿਆਂ ਤੇ ਕੋਈ ਪੇਸ਼ ਨਹੀਂ ਜਾਂਦੀ ਪਰ ਐਸੇ ਹਾਕਮ ਬਹੁਤ ਥੋੜ੍ਹੇ ਹਨ। ਜੋ ਅਸਾਂ ਲਿਖਿਆ ਉਸ ਪਰ ਧੁਰ ਤੱਕ ਦਸਖਤ ਹੁੰਦੇ ਚਲੇ ਜਾਂਦੇ ਹਨ।

ਡਾਕਟਰ— ਫੇਰ ਕੀ ਹੋਇਆ, ਬੇ ਇਨਸਾਫੀ ਹੀ ਹੋਈ ਨਾ?

ਜ਼ਿਲੇਦਾਰ— ਇਹ ਤਾਂ ਸੱਚ ਹੈ। ਹੁਣ ਆਪ ਹੁਕਮ ਕਰੋ।

ਡਾਕਟਰ— ਹੁਕਮ ਮੈਂ ਨਹੀਂ ਕਰਨਾ, ਮੈਂ ਤਾਂ ਤੁਹਾਡੇ ਅੰਦਰ ਸੁਰਜੀਤਤਾਈ ਪੈਦਾ ਕਰਨੀ ਹੈ ਕਿ ਤੁਸੀਂ ਪ੍ਰਤੀਤ ਕਰੋ ਕਿ ਤੁਸੀਂ ਪਸ਼ੂ ਨਹੀਂ ਮਨੁੱਖ ਹੋ, ਮਨੁੱਖ ਦਾ ਪਹਿਲਾ ਧਰਮ ਹੈ:-

"ਦੂਖੁ ਨ ਦੇਈ ਕਿਸੈ ਜੀਅ
ਪਤਿ ਸਿਉ ਘਰਿ ਜਾਵਉ॥"

ਤੇ ਇਸ ਮਨੋਰਥ ਦਾ ਸਾਧਨ ਹੈ ਇਨਸਾਫ, ਸੱਚ ਤੇ ਧਰਮ। ਸੋ ਸਦਾ ਇਨਸਾਫ ਕਰੋ। ਖੈਰੇ ਦਾ ਜੇ ਹੱਕ ਹੈ ਤਾਂ ਪਾਣੀ ਦਿਓ, ਜੇ ਨਹੀਂ ਹੱਕ ਤਾਂ ਤੁਸੀਂ ਕਿਸੇ ਹੋਰ ਦਾ ਹੱਕ ਗੁਆਏ ਬਾਝ ਜੇ ਕਿਸੇ ਤਰ੍ਹਾਂ ਮਿਹਰ ਕਰਕੇ ਉਸਨੂੰ ਤਬਾਹੀ ਤੋਂ ਬਚਾ ਸਕਦੇ ਹੋ ਤਾਂ ਬੀ ਬਚਾਓ। ਜੇ ਕੁਛ ਨਹੀਂ ਹੋ ਸਕਦਾ ਤਾਂ ਵਾਹਿਗੁਰੂ ਦੀ ਰਜ਼ਾ ਹੈ ਤੇ ਸਭ ਤੇ ਮੰਨਣੀ ਹੈ। ਪਰ ਇਹ ਤਾਕੀਦ ਹੈ ਕਿ ਮੇਰੇ ਲਿਹਾਜ਼ ਕਰਕੇ ਕੁਛ ਨਹੀਂ ਕਰਨਾ। ਮੈਂ ਤੁਹਾਥੋਂ ਅਪਣੇ ਮੁਲਾਹਜੇ ਕਰਕੇ ਨੇਕ ਕੰਮ ਨਹੀਂ ਕਰਵਾਇਆ ਚਾਹੁੰਦਾ। ਮੈਂ ਤੁਸਾਡੇ ਵਿਚ ਸਦਾ ਲਈ ਨੇਕੀ ਕਰਨ ਦੀ ਸੁਰਤ ਪੈਦਾ ਕਰਨੀ ਚਾਹੁੰਦਾ ਹਾਂ। ਇਸਦਾ ਫਲ ਇਹ ਹੋਵੇਗਾ ਕਿ ਤੁਸਾਡਾ ਮਨ ਖੁਸ਼ ਰਹੇਗਾ, ਸਰੀਰ ਸੁਖੀ ਰਹੇਗਾ ਅਤੇ ਅੱਗਾ ਭੀ ਸੌਰੇਗਾ।

ਜ਼ਿਲੇਦਾਰ ਤੇ ਡਾਕਟਰ ਇਸ ਵੇਲੇ ਬੜੇ ਪੁੱਲ੍ਹੇ ਵਿਹੜੇ ਵਿਚ ਪਿੱਪਲ ਦੀ ਛਾਵੇਂ ਬੈਠੇ ਸਨ ਤੇ ਗੱਲਾਂ ਕਰਦੇ ਆਪੋ ਵਿਚ ਰੁੱਝ ਰਹੇ ਸਨ। ਅਚਾਨਕ ਇਕ ਭਾਰੀ ਰੋਅਬ ਤੇ ਤੇਜ ਵਾਲੀ ਸੂਰਤ-ਜਿਸਦੇ ਲੂੰਆਂ ਵਿਚ ਬਲ ਦੀ ਫੁਹਾਰ ਤੇ ਪਿਆਰ ਦੀ ਸੁਗੰਧਿ ਸੀ-ਆ ਗਈ ਤੇ ਜ਼ਿਲੇਦਾਰ ਦੇ ਮੋਢੇ ਤੇ ਹੱਥ ਮਾਰਕੇ ਬੋਲੀ:-

ਪਾਪ ਕਰੇਦੜ ਸਰਪਰ ਮੁਠੇ॥
ਪਾਪ ਕਰੇਦੜ ਸਰਪਰ ਮੁਠੇ॥

ਇਹ ਪੰਜ ਚਾਰ ਵੇਰੀ ਇਸ ਜ਼ੋਰ ਨਾਲ ਕਿਹਾ ਗਿਆ ਕਿ ਜ਼ਿਲੇਦਾਰ ਬੇਹੋਸ਼ ਹੋਕੇ ਢਹਿ ਪਿਆ। ਡਾਕਟਰ ਅਦਬ, ਭੈ ਨਾਲ ਸਿਰ ਨਿਹੁੜਾਕੇ ਖੜਾ ਹੋ ਗਿਆ, ਨੈਣ ਮਿਟ ਗਏ ਤੇ ਦੂਸਰੀ ਪਲ ਵਿਚ ਓਹ ਸੂਰਤ ਗ਼ਾਇਬ ਸੀ; ਪਰ ਡਾਕਟਰ ਨੇ ਆਪਨੂੰ ਪਛਾਣ ਲਿਆ ਸੀ। ਇਹ ਓਹ ਧਰਮ ਮੂਰਤੀ ਸਨ, ਜਿਨ੍ਹਾਂ ਤੇ ਹਰ ਵੇਲੇ ਧਰਮ ਦੀ ਘਨਘੋਰ ਘਟਾ ਛਹਿਬਰ ਲਾਈ ਰੱਖਦੀ ਸੀ, ਜਿਨ੍ਹਾਂ ਵਿਚ ਇਕ ਅਚਰਜ ਸੁਗੰਧੀ ਦਾ ਵਾਸ ਸੀ। ਹਾਂ, ਏਹ ਓਹ ਸਨ, ਜਿਨ੍ਹਾਂ ਨੇ ਸੁਭਾਗ ਜੀ ਨੂੰ ਨਦੀ ਤੋਂ ਕੱਢਕੇ ਵਾਹਿਗੁਰੂ ਜੀ ਦੇ ਰਸਤੇ ਪਾਇਆ ਸੀ। ਬਾਬਾ ਕਿ ਡਾਕਟਰ ਸਭ ਇਸ ਮੂਰਤੀ ਤੋਂ ਵਰੋਸਾਏ ਹੋਏ ਸਨ।

ਜ਼ਿਲੇਦਾਰ ਕੋਈ ਪੰਜਾਂ ਮਿੰਟਾਂ ਬਾਦ ਹੋਸ਼ ਸੰਭਾਲਕੇ ਉਠਿਆ। ਉਸਦੀ ਕਾਇਆਂ ਪਲਟ ਚੁਕੀ ਸੀ, ਹੌਲਾ ਤੇ ਠੰਢਾ ਹੋ ਗਿਆ ਸੀ, ਜਿਸ ਤਰ੍ਹਾਂ ਮਿਰਚਾਂ ਦੇ ਬੁੱਕ ਉਸ ਦੇ ਲੂੰਆਂ ਵਿਚੋਂ ਕੱਢਕੇ ਕੋਈ ਮੱਖਣ ਲਾ ਗਿਆ ਹੈ। ਆਪਣਾ ਆਪ ਸੁਹਣਾ ਲੱਗਦਾ ਸੀ, ਜ਼ਿਮੀਂ ਅਸਮਾਨ ਪਿਆਰੇ ਦਿੱਸਦੇ ਸਨ, ਅੰਦਰ ਇਕ ਸੁਖ ਤੇ ਟਿਕਾਉ ਸੀ ਤੇ ਮੱਲੋ ਮੱਲੀ 'ਧੰਨ ਵਾਹਿਗੁਰੂ' ਮੂੰਹ ਪਰ ਆਉਂਦਾ ਸੀ। ਜ਼ਿਲੇਦਾਰ ਉਥਾਰੇ ਦੱਬੇ ਤੇ ਸੁਰਤ ਤਬਾਹ ਹੋਏ ਨੂੰ ਇਸ ਰੰਗ ਦਾ ਕੀ ਥਹੁ ਸੀ! ਕਦੇ ਆਪੇ ਦਾ ਰਸ ਉਸ ਨੇ ਕਾਹਨੂੰ ਡਿੱਠਾ ਸੀ! ਇਸ ਸੁਆਦ ਵਿਚ ਉਹ ਨੈਣ ਭਰ ਭਰ ਡਾਕਟਰ ਵਲ ਤੱਕਦਾ ਸੀ ਤੇ ਬੋਲ ਨਹੀਂ ਸੀ ਸਕਦਾ। ਡਾਕਟਰ ਜੀ ਰਸੀਏ ਸਨ, ਗੁਰ ਸਿੱਖਾਂ, ਗੁਰੂ ਤਾਰਿਆਂ ਦੇ ਜਾਣੂੰ ਸਨ, ਇਹਨਾਂ ਕਰਨੀ ਵਾਲੇ ਮਹਾਂ ਪੁਰਖਾਂ ਦੀ ਨਾਮ ਸ਼ਕਤੀ, ਧਰਮ ਤੇ ਉੱਚੇ ਜੀਵਨ ਦੇ ਜਾਣੂੰ ਸਨ ਓਹ ਖੁਸ਼ ਸਨ ਕਿ ਜ਼ਿਲੇਦਾਰ ਬਚ ਗਿਆ:-

ਗੁਰਮੁਖਿ ਕੋਟਿ ਉਧਾਰਦਾ ਭਾਈ
ਦੇ ਨਾਵੈ ਏਕ ਕਣੀ॥

ਗੁਰੂ ਭਾਵੇ ਤਾਂ— 'ਕਿਨਕਾ ਏਕ ਜਿਸੁ ਜੀਅ ਬਸਾਵੈ' ਵਾਲੀ ਗੱਲ ਹੋ ਗਈ ਹੈ।

ਸੋ ਠੀਕ ਸੀ। ਜ਼ਿਲੇਦਾਰ ਨੂੰ ਆਪਣੇ ਕਰਮ ਬੁਰੇ ਹੋ ਕੇ ਦਿੱਸ ਰਹੇ ਸਨ ਤੇ ਸੱਚ ਦੀ ਸੁੰਦਰਤਾਈ ਦਾ ਝਲਕਾ ਵੱਜ ਰਿਹਾ ਸੀ। ਡਾਕਟਰ ਜੀ ਹੁਣ ਕੁਛ ਬੋਲਣਾ ਠੀਕ ਨਹੀਂ ਸਮਝਦੇ ਸਨ, ਓਹ ਆਪਣੇ ਵੈਰਾਗ ਤੇ ਪ੍ਰੇਮ ਪਰੇ ਰੰਗ ਵਿਚ ਸਹਿਜੇ ਸਹਿਜੇ ਟੁਰ ਪਏ। ਮਾੜਾ ਜਿਹਾ ਖਿਆਲ ਸੀ ਕਿ ਸ਼ਾਇਦ ਕਿਤੇ ਗੁਰੂ ਸੁਆਰੇ ਗੁਰਮੁਖ ਦੇ ਦਰਸ਼ਨ ਮੇਲੇ ਹੋ ਜਾਣਗੇ, ਪਰ ਘਰ ਅੱਪੜਦੇ ਤਕ ਡਾਕਟਰ ਜੀ ਅਪਣੇ ਨਾਮ ਦਾ ਅਨੰਦ ਲੈਂਦੇ ਚਲੇ ਗਏ, ਦਰਸ਼ਨ ਮੇਲੇ ਨਹੀਂ ਹੋਏ।

ਸੰਝ ਵੇਲੇ ਆਪ ਬੈਰਿਸਟਰ ਨੂੰ ਵੇਖਣ ਗਏ ਤਾਂ ਡਿੱਠਾ ਕਿ ਖੈਰੇ ਦੀ ਪੈਲੀ ਵਿਚ ਪਾਣੀ ਜਾ ਰਿਹਾ ਹੈ ਤੇ ਇਹ ਭੀ ਪਤਾ ਲਗਾ ਕਿ ਜ਼ਿਲੇਦਾਰ ਦਾ ਚਪੜਾਸੀ ਆ ਕੇ ਲਾ ਗਿਆ ਹੈ ਤੇ ਦੇ ਭੀ ਕੋਈ ਬੱਚਤ ਦਾ ਵਾਧੂ ਪਾਣੀ ਗਿਆ ਹੈ, ਕਿਸੇ ਦੀ ਵਾਰੀ ਨਹੀਂ ਸੂ ਮਾਰੀ।

* * * * *

੧੯.

ਅਜ ਅਸੀਂ ਸੁਭਾਗ ਜੀ ਨੂੰ ਡਾਕਟਰ ਸਾਹਿਬ ਦੇ ਪਿੰਡ ਉਹਨਾਂ ਦੇ ਘਰ ਵੇਖ ਰਹੇ ਹਾਂ। ਡਾਕਟਰ ਜੀ ਦੀ ਘਰ ਵਾਲੀ ਰੋ ਰਹੀ ਹੈ ਤੇ ਸੁਭਾਗ ਜੀ ਉਸ ਨੂੰ ਪਿਆਰ ਦਿਲਾਸਾ ਦੇ ਰਹੇ ਤੇ ਸਮਝਾ ਰਹੇ ਹਨ। ਡਾਕਦਾਰਨੀ ਅੱਜ ਕਿਉਂ ਰੋ ਰਹੀ ਹੈ? ਉਸਨੂੰ ਚਿੱਠੀ ਆਈ ਹੈ ਕਿ ਉਸ ਦਾ ਨਿੱਕਾ ਵੀਰ ਮੈਦਾਨ ਜੰਗ ਵਿਚ ਸ਼ਹੀਦ ਹੋ ਗਿਆ ਹੈ। ਇਹ ਬੱਚਾ ਗੁਰਸਿੱਖੀ ਦੀ ਪ੍ਰੀਤਿ ਵਾਲਾ, ਡਾਕਟਰੀ ਪਾਸ ਕਰਕੇ ਆਪਣੇ ਸ਼ਹਿਰ ਗ਼ਰੀਬਾਂ ਲਈ ਮੁਫ਼ਤ ਡਾਕਦਾਰੀ ਕਰਦਾ ਸੀ ਕਿ ਇਕ ਦਿਨ ਉਸ ਦੇ ਸਿਖ ਹਿਰਦੇ ਵਿਚ ਬੀਰ ਰਸ ਦੇ ਫ਼ਨੀਅਰ ਨੇ ਫੂੰਕਾਰਾ ਮਾਰਿਆ। ਹਾਂ, ਨੌਜਵਾਨ ਡਾਕਦਾਰ ਕੋਇਲ ਵਰਗੀ ਪਿਆਰ-ਤੜਪ ਦਿਲ ਵਿਚ ਰੱਖਣ ਵਾਲਾ, ਬੁਲੱ ਬੁਲ ਵਾਂਗ ਮਿੱਠਾ ਤੇ ਕੰਵਲਾਂ ਵਾਂਗ ਕੋਮਲ ਇਸ ਖਿਆਲ ਵਿਚ ਆ ਗਿਆ 'ਕਿ ਮੈਦਾਨ ਜੰਗ ਕਦੇ ਨਹੀਂ ਡਿੱਠਾ ਤੇ ਉਥੇ ਜ਼ਖਮੀ ਹੋਇਆਂ ਦੀ ਕਦੇ ਸੇਵਾ ਨਹੀਂ ਕੀਤੀ'।

ਡਾਕਟਰ ਸੋਚਣ ਲੱਗਾ ਕਿ ਭਾਈ ਕਨ੍ਹੱਯਾ ਬੀ ਇਕ ਗੁਰੂ ਕਾ ਤਾਰਿਆ ਹੋਇਆ ਪ੍ਰੇਮੀ ਸੀ, ਜਿਸ ਨੂੰ ਸਤਿਗੁਰਾਂ ਨੇ ਸਿਖ ਦਲਾਂ ਦੀ ਸੇਵਾ ਤੇ ਥਾਪਿਆ ਸੀ, ਇਸ ਤੋਂ ਹੀ ਅਸਲ ਵਿਚ 'ਸੇਵਾ ਪੰਥੀ' ਜੱਥੇ ਦਾ ਮੁੱਢ ਹੋਇਆ ਸੀ। ਓਦੋਂ ਦੀ ਟੁਰੀ ਸੇਵਾ ਹੁਣ ਤਕ ਜਾਰੀ ਹੈ*। ਭਾਈ ਕਨ੍ਹੱਯੇ ਨੂੰ ਮਿੱਤ੍ਰ ਵੈਰੀ ਦੋਹਾਂ ਵਿਚ ਕਲਗੀਆਂ ਵਾਲਾ ਦਿੱਸਦਾ ਸੀ। ਸਤਿਗੁਰੂ ਦੇ ਪੁੱਛਣ ਤੇ ਉਸ ਨੇ ਦੱਸਿਆ ਸੀ ਕਿ ਮੈਂ ਜੇ ਪਾਣੀ ਪਿਲਾਉਂਦਾ ਹਾਂ ਤਾਂ ਤੁੱਧ ਨੂੰ, ਜੇ ਫੱਟ ਬੰਨ੍ਹਦਾ ਹਾਂ ਤਾਂ ਤੁੱਧ ਦੇ, ਮੈਨੂੰ ਸ਼ੱਤਰੂ ਮਿੱਤਰ ਕੋਈ ਨਹੀਂ ਦੀਂਹਦਾ, ਇਕ ਤੈਨੂੰ ਤੇ ਤੇਰੇ ਕੌਤਕਾਂ ਨੂੰ ਤੱਕਦਾ ਹਾਂ। ਕੀ ਹੋ ਸਕਦਾ ਹੈ ਕਿ ਮੈਂ ਭੀ ਉਸ ਪੂਰਨ ਪਿਆਰ ਦੀ ਬਿਰਤੀ ਵਿਚ ਸਾਈਂ ਦੇ ਨਾਮ ਨਾਲ ਅੰਦਰੋਂ ਜੁੜਿਆ ਮੈਦਾਨ ਜੰਗ ਵਿਚ ਜਾਵਾਂ ਅਰ ਬੇਪੱਖ ਹੋਕੇ ਜ਼ਖਮੀਆਂ ਦੀ ਸੇਵਾ ਕਰਾਂ?' ਇਸ ਚਾਉ ਵਿਚ ਡਾਕਟਰ ਭਰਤੀ ਹੋ ਗਿਆ ਅਰ ਬਿਨਾਂ ਤਲਬ ਦੇ ਸੇਵਾ ਸਮਰਪਨ ਕਰ ਦਿਤੀ। ਬੜੇ ਸੁਹਣੇ ਸਨ ਓਹ ਕਾਰਨਾਮੇ ਜੋ ਬੀਰ ਨੇ ਰਣਤੱਤੇ ਵਿਚ ਕੀਤੇ। ਵਗਦੀ ਗੋਲੀ ਵਿਚ ਜ਼ਖਮੀਆਂ ਨੂੰ ਚੁਕਵਾ ਲਿਆਉਣਾ ਇਸਦੇ ਚਾਉ ਦਾ ਇਕ ਰੰਗ ਹੁੰਦਾ ਸੀ। ਅਫਸਰ ਤੇ ਸਿਪਾਹੀ, ਦੋਸਤ ਤੇ ਦੁਸ਼ਮਨ ਇਸ ਦੇ ਪਿਆਰ ਤੋਂ ਬਲਿਹਾਰ ਸਨ। ਪਰ ਅੰਧਾ ਧੁੰਦ ਚਲ ਰਹੀ ਗੋਲਾਬਾਰੀ ਕਿਸ ਦੀ ਕਦਰ ਕਰਦੀ ਹੈ? ਵੈਰੀ ਦੀ ਇਕ ਬੁਛਾੜ ਵਿਚ ਇਕ ਗੋਲੀ ਪਰਉਪਕਾਰੀ, ਨਾਮ ਦੇ ਰਸੀਏ ਪਿਆਰੇ ਨੂੰ ਬੀ ਲੱਗ ਗਈ। ਘਰ ਖ਼ਬਰਾਂ ਆਈਆਂ ਤੇ ਭੈਣ ਨੂੰ ਬੀ ਪਹੁੰਚੀਆਂ। ਡਾਕਦਾਰਨੀ ਨਾਮ ਦੀ ਰਸੀਆ ਸੀ, ਪਰ ਮਨੁੱਖ ਦਾ ਕਾਲਜਾ ਪੱਥਰ ਦਾ ਨਹੀਂ, ਇਸ ਕੋਮਲ ਨੂੰ ਸੱਟ ਭੀ ਕਿਸੇ ਵੇਲੇ ਕਰਾਰੀ ਲਗ ਜਾਂਦੀ ਹੈ। ਡਾਕਦਾਰਨੀ ਬੜਾ ਜ਼ੋਰ ਲਾਉਂਦੀ, ਬਾਣੀ ਪੜ੍ਹਦੀ ਤੇ ਸ਼ੁਕਰ ਵਲ ਪੈਂਦੀ ਹੈ, ਪਰ ਉਸ ਪਿਆਰੇ ਵੀਰ ਦਾ ਗੁਰਮੁਖ ਚਿਹਰਾ ਚੇਤੇ ਆ ਕੇ ਤੇ 'ਹਾਇ ਵੀਰ ਵਿਛੜ ਗਿਆ' ਦਾ ਖ਼ਯਾਲ ਆ ਕੇ ਉਸ ਨੂੰ ਜਲਹਾਰ ਕਰ ਹੀ ਦੇਂਦਾ। ਬਾਬਾ ਤੇ ਸਾਰਾ ਪਰਵਾਰ ਆਏ ਤੇ ਪਿਆਰ ਦਿਲਾਸੇ ਨਾਲ ਪਹਿਲੇ ਦਿਨ ਲੰਘਾ ਗਏ, ਪਰ ਡਾਕਦਾਰਨੀ ਨੇ ਸੁਭਾਗ ਜੀ ਨੂੰ ਜਾਣ ਨਹੀਂ ਦਿਤਾ

---

* ਸੇਵਾ ਪੰਥੀ ਯਾ ਅੱਡਣਸ਼ਾਹੀ ਡੇਰਿਆਂ ਵਿਚ ਹੁਣ ਤਕ ਗਰੀਬਾਂ ਨੂੰ ਟੁੱਕਰ ਮਿਲਦਾ ਹੈ। ਬੀਮਾਰਾਂ ਲਈ ਸਾਵੀ ਮੱਲ੍ਹਮ ਤੇ ਗਿਲੋ ਦਾ ਸਤ ਲਭਦਾ ਹੈ।

ਕਿ ਕੁਛ ਦਿਨ ਮੇਰੇ ਪਾਸ ਹੋਰ ਰਹੇ। ਡਾਕਟਰ ਜੀ ਵੀ ਚਾਹੁੰਦੇ ਸਨ ਕਿ ਸੁਭਾਗ ਜੀ ਦਾ ਪਿਆਰ ਤੇ ਜੀਵਨ ਉਸਨੂੰ ਛੇਤੀ ਸੁਖੀ ਕਰੇਗਾ, ਇਸ ਕਰਕੇ ਅਸੀਂ ਅੱਜ ਸੁਭਾਗ ਜੀ ਨੂੰ ਡਾਕਟਰ ਜੀ ਦੇ ਘਰ ਵੇਖ ਰਹੇ ਹਾਂ।

ਅੱਜ ਡਾਕਦਾਰਨੀ ਬੜਾ ਰੋਈ ਹੈ ਤੇ ਆਖਦੀ ਹੈ ਕਿ ਮੇਰਾ ਦਿਲ ਮੇਰੇ ਵੱਸੋਂ ਬਾਹਰ ਹੋ ਜਾਂਦਾ ਹੈ ਤੇ ਫੇਰ ਮੈਨੂੰ ਆਪੇ ਤੇ ਗੁੱਸਾ ਆਉਂਦਾ ਹੈ ਕਿ ਸਿਖ ਹੋ ਕੇ ਮੇਰਾ ਮਨ ਮੇਰੇ ਵੱਸ ਕਿਉਂ ਨਹੀਂ? ਇਸ ਪਰ ਸੁਭਾਗ ਜੀ ਨੇ ਕਿਹਾ ਭੈਣ ਜੀ! ਪਿਆਰ ਹੀ ਇਕ ਸਾਰ ਵਸਤੂ ਹੈ। ਤੁਹਾਡੇ ਅੰਦਰ ਪਿਆਰ ਹੈ, ਵਲੇਵਾ ਨਹੀਂ। ਵੀਰ ਨਾਲ ਉਸ ਦੇ ਸ਼ੁਭ ਗੁਣਾਂ ਕਰਕੇ ਬੀ ਤੁਸਾਨੂੰ ਉਸ ਨਾਲ ਪਿਆਰ ਹੈ, ਇਸ ਕਰਕੇ ਤੁਸੀਂ ਵਧੇਰੇ ਖਿੱਚ ਖਾਂਦੇ ਹੋ। ਵੀਰ ਨੂੰ ਵੀ ਤੁਸਾਂ ਨਾਲ ਅਤਿ ਪਿਆਰ ਸੀ। ਇਹ ਪਿਆਰ ਦੀ ਤਾਰ ਤੁਣੱਕੇ ਖਾਂਦੀ ਹੈ। ਪਿਆਰ ਆਵੇ ਬਿਰਹਾ ਬੀ ਫੇਰਾ ਪਾਵੇ, ਪਰ ਵਾਲੇਵੇ ਦਾ ਰੋਣ ਸਾਨੂੰ ਨਾ ਆਵੇ। ਪਿਆਰ ਦੇ ਬਿਰਹੇ ਵਿਚ ਮਨ ਸਾਈਂ ਵਲ ਤੱਕੇ। ਪਿਆਰੇ ਨਾਲ ਵਿਛੋੜੇ ਪੈਣ ਕਰਕੇ ਜੋ ਮਨ ਵਿਚ ਨਰਮੀ ਆਈ ਹੈ ਉਸ ਨਰਮੀ ਵਿਚ ਵਾਹਿਗੁਰੂ ਵਲ ਰੁਖ਼ ਕਰਕੇ ਆਪਣੇ ਪਿਆਰ ਨੂੰ ਵਾਹਿਗੁਰੂ ਵਲ ਪਾਵੇ। ਐਉਂ ਮਨ ਤੇ ਸਰਤ ਉੱਚੇ ਹੋ ਜਾਂਦੇ ਹਨ। ਸਾਨੂੰ ਜ਼ਰੂਰੀ ਇਹ ਹੈ ਕਿ ਸਾਡੀ ਸੁਰਤ ਉੱਚੇ ਘਰ ਰਹੇ ਤੇ ਸ਼ੁਕਰ ਸਾਡਾ ਅੰਦਰਲਾ ਰੰਗ ਹੋਵੇ।

ਡਾਕਦਾਰਨੀ— ਭੈਣ ਜੀਉ! ਮੇਰੇ ਅੰਦਰ ਅਚਰਜ ਖੇਡ ਵਰਤਦੀ ਹੈ। ਨਾਮ ਦੀ ਟੇਕ ਇਕ ਥੰਮਾ ਬਣਕੇ ਖਲੋਤੀ ਹੈ ਤੇ ਹਾਵਾ ਨਹੀਂ ਪੈਣ ਦਿੰਦੀ। ਪਰ ਕਿਸੇ ਵੇਲੇ ਕੋਈ ਗਲ ਯਾਦ ਆ ਕੇ ਇਕ ਵਲੂੰਧਰ ਜੇਹੀ ਪੈਕੇ ਜੀ ਕਲਵਲ ਹੋ ਜਾਂਦਾ ਹੈ। ਉਸ ਖਲਬਲੀ ਵੇਲੇ ਪਾਠ ਕਰਦੀ ਹਾਂ, ਜਿਉਂ ਜਿਉਂ ਬਾਣੀ ਦੀ ਵੀਚਾਰ ਤੇ ਸੁਆਦ ਆਉਂਦਾ ਹੈ ਅੰਦਰ ਟਿਕ ਜਾਂਦਾ ਹੈ ਤੇ ਨਿਰਮਲ ਹੋ ਕੇ ਨਾਮ ਦਾ ਆਧਾਰ ਫੇਰ ਜਾਗ ਪੈਂਦਾ ਤੇ ਆਪੇ ਨੂੰ ਸੰਮ੍ਹਾਲ ਲੈਂਦਾ ਹੈ। ਨਾਮ ਨਾ ਹਿੱਲੇ ਅੰਦਰੋਂ।

ਸੁਭਾਗ ਜੀ— ਭੈਣ ਜੀਉ, ਸਾਡੇ ਨਾਮ ਦੇ ਅਭਜਾਸ ਅਜੇ ਪ੍ਰਪੱਕ ਨਹੀਂ ਹੋਏ। ਸਮੇਂ ਲਗਦੇ ਹਨ, ਬਾਬਾ ਜੀ ਦਸਦੇ ਸਨ, ਇਸ ਦੀ ਪ੍ਰਪੱਕਤਾ ਹੋਣ ਉਤੇ। ਬਾਬਾ ਜੀ ਦਸਦੇ ਹਨ ਕਿ ਜਦੋਂ ਸਾਡਾ ਮਨ ਕਿਸੇ ਵਿਜੋਗ ਵਿਚ ਹਿੱਲ ਖਲੋਵੇ ਤੇ ਦ੍ਰੱਵ ਪਵੇ ਤਾਂ ਅਰਦਾਸ ਕਰਨੀ ਚਾਹੀਦੀ ਹੈ ਕਿ ਹੇ ਵਾਹਿਗੁਰੂ ਜੀ ਸਾਨੂੰ ਅਪਣੇ ਚਰਨਾਂ ਦੀ ਪ੍ਰੀਤਿ ਬਖਸ਼ੋ, ਸਾਡਾ ਮਨ ਅਪਣੀ ਯਾਦ ਵਿਚ ਜੋੜ ਲਓ, ਸਾਨੂੰ ਤੁਸੀਂ ਪਿਆਰੇ ਲੱਗੋ। ਇਸ ਤਰ੍ਹਾਂ ਦੀ ਅਰਦਾਸ ਜੋ ਵਿਜੋਗ ਦੀ ਗਰਮੀ ਨਾਲ ਪੰਘਰੇ ਹੋਏ ਮਨ ਨਾਲ ਕਰੀਦੀ ਹੈ, ਮਨ ਵਿਚ ਵਾਹਿਗੁਰੂ ਪ੍ਰੇਮ ਬਿਠਾ ਜਾਂਦੀ ਹੈ ਤੇ ਮਨ ਵਿਛੋੜੇ ਦੇ ਪਯਾਰ ਵਿਚੋਂ ਨਿਕਲ ਕੇ ਸਾਈਂ ਪਯਾਰ ਵਿਚ ਹੰਬਲਾ ਮਾਰ ਜਾਂਦਾ ਹੈ। ਗੁਰੂ ਕੇ ਸਿੰਘ ਇਸ ਤਰ੍ਹਾਂ ਕਰਦੇ ਹਨ।

ਡਾਕਦਾਰਨੀ— ਮੈਨੂੰ ਡਾਕਟਰ ਜੀ ਨੇ ਦੱਸਿਆ ਸੀ ਕਿ ਸੱਜਣਾਂ ਦੇ ਪਰਲੋਕ ਜਾਣ ਤੋਂ ਪਏ ਵਿਯੋਗ ਪਰ ਤਸੱਲੀਆਂ ਬਨ੍ਹਾਉਣ ਦੀ ਕੋਈ ਕਿਤਾਬ ਉਨ੍ਹਾਂ ਨੇ ਪੜ੍ਹੀ ਹੈ। ਕੀ ਗੁਰਮੁਖੀ ਵਿਚ ਗੁਰਸਿਖੀ ਦੀ ਕੋਈ ਐਸੀ ਪੋਥੀ ਨਹੀਂ ਹੈ?

ਸੁਭਾਗ— ਮੈਂ ਤਾਂ ਨਹੀਂ ਦੇਖੀ ਸੁਣੀ। ਪਰ ਸਾਡੇ ਪਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਸਤਿਗੁਰਾਂ ਦੇ ਇਤਿਹਾਸ ਜੁ ਹੈਨ।

ਡਾਕਦਾਰਨੀ— ਪਰ ਕੋਈ ਖਾਸ ਸਿੱਖਾਂ ਦੇ ਹੌਸਲੇ ਤੇ ਭਾਣੇ ਮੰਨਣ ਦੀਆਂ ਗਲਾਂ ਦੀ ਪੋਥੀ ਨਹੀਂ? ਚਾਹੀਦੀ ਜ਼ਰੂਰ ਹੈ ਜੋ ਦੁਖੀਆਂ ਨੂੰ ਐਸੇ ਵੇਲੇ ਕੰਮ ਆਯਾ ਕਰੇ।

ਸੁਭਾਗ— ਸੁਣੀ ਤਾਂ ਨਹੀਂ, ਪਰ ਹਾਂ ਸੱਚੀ, ਇਕ ਵੇਰੀ ਖਾਲਸਾ ਸਮਾਚਾਰ ਵਿਚ ਇਕ ਲੇਖ ਛਪਦਾ ਰਿਹਾ ਸੀ ਜਿਸ ਵਿਚ ਇਕ ਸਿੱਖ ਬੀਬੀ ਦੇ ਅਝੱਲ ਸੱਟਾਂ ਪੈਣ ਤੇ ਦਿਲ ਰੋੜ ਨਦੀ ਵਿਚੋਂ ਤਰ ਨਿਕਲਣ ਦੇ ਹੰਬਲੇ ਮਾਰਨ ਦਾ ਹਾਲ ਹੈਸੀ।

ਡਾਕਦਾਰਨੀ— ਪਰ ਭੈਣ ਜੀ ਅਖਬਾਰਾਂ ਦੇ ਲੇਖ ਛਪੇ ਤੇ ਗਏ, ਕੌਣ ਸਾਂਭ ਕੇ ਰਖਦਾ ਹੈ। ਕਿਥੋਂ ਲੱਭਣ ਓਹ ਲੇਖ ਹੁਣ?

ਸੁਭਾਗ ਜੀ— ਹਾਂ ਉਖੇਰੀ ਗਲ ਹੀ ਹੈ। ਪਰ ਜਦੋਂ ਖਾਲਸਾ ਸਮਾਚਾਰ ਦੇ ਸਿਰਲੇਖ ਵਿਚ ਇਹ ਸ਼ੈ ਛਪੀ ਸੀ ਤਾਂ ਇਕ ਇਕ ਔਖੀ ਰਾਤ ਕਰਕੇ ਚਾਰ ਛਪੀਆਂ ਸਨ। ਇਕ ਉਪਕਾਰੀ ਪ੍ਰੇਮੀ ਨੇ ਚਾਰੇ ਓਥੋਂ ਉਤਾਰਾ ਕਰ ਲਈਆਂ ਸਨ, ਜੋ ਮਿੱਤ੍ਰਾਂ ਸੱਜਣਾਂ ਦੇ

SIKHBOOKCLUB.COM

ਘਰੀਂ ਵਿਛੋੜੇ ਪੈਣ ਵੇਲੇ ਤਸੱਲੀ ਬਨ੍ਹਾਉਣ ਵੇਲੇ ਕੰਮ ਆਯਾ ਕਰਨਗੀਆਂ। ਫੇਰ ਉਸਨੂੰ ਪਤਾ ਲੱਗਾ ਕਿ ਰਾਤਾਂ ਸੱਤ ਹਨ ਸੋ ਏਸ ਸਜਣ ਨੇ ਸ੍ਰੀ ਅੰਮ੍ਰਿਤਸਰ ਜਾਕੇ ਸਮਾਚਾਰ ਦੇ ਦਫਤਰ ਵਿਚੋਂ ਬਾਕੀ ਦੀਆਂ ਤਿੰਨ ਉਨ੍ਹਾਂ ਲਿਖਤੀ ਨੁਸਖੇ ਤੋਂ ਉਤਾਰ ਲਈਆਂ ਤੇ ਸੱਤੇ ਪੂਰੀਆਂ ਕਰ ਲਈਆਂ। ਉਸ ਲਿਖਤੀ ਪੋਥੀ ਦਾ ਉਤਾਰਾ ਉਸ ਪ੍ਰੇਮੀ ਪਾਸੋਂ ਬਾਬਾ ਜੀ ਨੇ ਕਰਵਾ ਲਿਆ ਸੀ, ਜੋ ਹੁਣ ਤਕ ਕਈਆਂ ਦੁਖੀਆਂ ਨੂੰ ਸੁਖ ਦੇ ਚੁਕਾ ਹੈ।

ਡਾਕਦਾਰਨੀ— ਫੇਰ ਇਹ ਪੋਥੀ ਮੰਗਵਾਓ।

ਸੁਭਾਗ— ਸਤਿ ਬਚਨ ਜੀ!

ਉਸੇ ਵੇਲੇ ਆਦਮੀ ਟੋਰਿਆ ਗਿਆ ਤੇ ਬਾਬਾ ਜੀ ਦੇ ਘਰੋਂ ਜਾ ਕੇ ਪੋਥੀ ਲੈ ਆਇਆ।

ਸੁਭਾਗ ਜੀ ਨੇ ਇਸਨੂੰ ਕਥਾ ਵਾਙ ਪੜ੍ਹਨਾ ਅਰੰਭ ਦਿੱਤਾ, ਜੋ ਇਸ ਪ੍ਰਕਾਰ ਸੀ:-

(ਸੱਤ ਔਖੀਆਂ ਰਾਤਾਂ)*

## ਪਹਿਲੀ ਰਾਤ

ਲਾਹੌਰ ਦੇ ਧਨਾਢ ਸੁਭਿਖੀਆ ਖੱਤ੍ਰੀ ਹਰਿਜਸ ਜੀ ਤੇ ਉਨ੍ਹਾਂ ਦੀ ਸੁਪਤਨੀ ਮਾਈ ਸਭਰਾਈ ਪਰਮਾਰਥ ਦੇ ਖੋਜੀ ਜਦ ਦਸਮੇਸ਼ ਜੀ ਦੇ ਦੈਵੀ ਦਰਸ਼ਨ ਨਾਲ ਅੱਖੀ ਸੁਖ ਕਲੇਜੇ ਠੰਢ ਵਰਤਾ ਚੁਕੇ ਤਦ ਪਹਿਲੀ ਸੋਚ ਜੋ ਫੁਰੀ ਸੋ ਇਹ ਸੀ ਕਿ ਇਸ ਵਾਹਿਗੁਰੂ ਦੀ ਜੋਤ ਨਾਲ, ਦਮਕਦੇ ਪਿਆਰੇ ਨਾਲ ਸਾਡਾ ਕੋਈ ਸਾਕਾਦਾਰੀ ਦਾ ਸੰਬੰਧ ਹੋ ਜਾਏ। ਪ੍ਰੇਮੀਆਂ ਦੇ ਪਿਆਰ ਕੁਝ ਅੱਡੋ ਅੱਡਰੇ ਢੰਗਾਂ ਦੇ ਹੁੰਦੇ ਹਨ। ਇਨ੍ਹਾਂ ਦੇ ਹਿਰਦੇ ਵਿਚ ਪ੍ਰੇਮ ਨੇ ਜਦ ਇਹ ਲਹਿਰ ਪੈਦਾ ਕੀਤੀ ਤਾਂ ਬੀਬੀ ਦੇ ਸਾਕ ਕਰਨੇ ਦਾ ਖਿਆਲ ਫੁਰ ਪਿਆ। ਫੁਰਨੇ ਹੁੰਦੇ ਸਾਰ ਮਨ ਦੇ ਮੰਡਲ ਵਿਚ ਇਹ ਸਾਕ ਕਰ ਬੀ ਲਿਆ। ਓਧਰ ਮਾਨਸਕ ਮੰਡਲਾਂ ਦੇ ਜਾਣੂ ਗੁਰੂ ਜੀ ਬੀ ਜਾਣ ਗਏ ਅਰ ਪ੍ਰੇਮ ਦੀ ਸਫਾਈ ਤੇ ਸੰਕਲਪ ਦੀ ਸੁੱਛਤਾ ਨੂੰ ਪਛਾਣਕੇ ਆਪ ਨੇ ਬਿਨੈ ਹੋਣੇ ਪਰ ਇਹ ਨਾਤਾ ਪਰਵਾਨ ਵੀ ਕਰ ਲਿਆ।

ਪ੍ਰੇਮੀ ਤਾਂ ਪ੍ਰੇਮ ਦੇ ਬੱਧੇ ਕਹਿਣੋਂ ਝਕਦੇ ਸਨ ਕਿ ਮਤਾਂ ਪਿਆਰੇ ਨੂੰ ਏਹ ਬੇਅਦਬੀ ਨਾ ਸੁਖਾਵੇ, ਪਰ ਹੌਸਲਾ ਕਰਕੇ ਬੇਨਤੀ ਕਰ ਹੀ ਦਿੱਤੀ ਤੇ ਪਰਵਾਨ ਬੀ ਹੋ ਗਈ। ਜਦ ਵਿਆਹ ਦਾ ਵੇਲਾ ਆਇਆ ਤਾਂ ਜੰਵ ਲੈਕੇ ਲਾਹੌਰ ਜਾਣ ਤੋਂ ਗੁਰੂ ਜੀ ਨੇ ਸੰਕੋਚ ਕੀਤਾ। ਪ੍ਰੇਮੀਆਂ ਨੇ ਰਜ਼ਾ ਦੇ ਅੱਗੇ ਸੀਸ ਝੁਕਾ ਦਿੱਤਾ। ਸੀਸ ਝੁਕਦੇ ਹੀ ਕ੍ਰਿਪਾ ਦੇ ਭੰਡਾਰ ਸ੍ਰੀ ਗੁਰੂ ਜੀ ਆਖਣ ਲੱਗੇ ਕਿ ਤੁਹਾਡੀ ਖ਼ਾਤਰ ਇਸ ਪਹਾੜੀ ਧਰਤੀ ਵਿਚ ਇਕ ਲਾਹੌਰ ਬਣੇਗਾ ਅਰ ਉਸ ਲਾਹੌਰ ਵਿਚ ਅਸੀਂ ਆਵਾਂਗੇ। ਸੋ ਠੀਕ ਉਸੇ ਤਰ੍ਹਾਂ ਹੋਇਆ।

ਉਸ ਪਰਬਤ ਧਾਰਾ ਦੇ ਵਿਚ ਗੁਰੂ ਕਾ ਲਾਹੌਰ ਬਣਾਇਆ ਗਿਆ, ਉੱਥੇ ਹੀ ਪ੍ਰੇਮੀਆਂ ਦੀ ਭਾਵਨਾ ਅਨੁਸਾਰ ਵਿਵਾਹ ਹੋਇਆ। ਆਦਿ ਗੁਰੂ ਜੀ ਨੇ ਰੱਬ ਤੋਂ ਭੁਲਾਉਣ ਵਾਲੀ ਲੋਕਰੀਤੀ ਤਿਆਗੀ ਸੀ,[1] ਦੂਜੇ ਸਤਿਗੁਰੂ ਜੀ ਨੇ ਲੋਕ ਅਰ ਪ੍ਰਚਲਿਤ ਰੀਤੀ ਛੱਡਕੇ ਕੇਵਲ ਵਾਹਿਗੁਰੂ ਦੀ ਓਟ ਲੈਕੇ ਸੰਸਕਾਰ ਕਰਨ ਦੀ ਆਗਜਾ ਕੀਤੀ ਸੀ[2] ਤੀਸਰੇ ਸਤਿਗੁਰਾਂ ਨੇ ਲੰਗਰ ਦੀ ਅਟਕ ਤੋੜੀ ਤੇ ਵਿਆਹ ਲਬੀ ਤਾਂ ਅਨੰਦ ਉਚਾਰ ਕੇ ਵਿਵਾਹ ਦੀ ਰੀਤੀ ਵਾਹਿਗੁਰੂ ਓਟ ਤੇ ਆਸਰੇ ਵਾਲੀ ਬੰਨ੍ਹ ਦਿੱਤੀ ਸੀ ਪਰ ਚੌਥੇ ਸਾਹਿਬਾਂ ਨੇ ਲਾਵਾਂ ਉਚਾਰਕੇ ਵਿਵਾਹ ਦੀ ਗੁਰਮਤ ਰੀਤੀ ਹੋਰ ਜ਼ੋਰ ਨਾਲ ਟੋਰ ਦਿਤੀ ਸੀ ਤੇ ਆਪਨੀ ਆਗਿਆ ਨਾਲ, ਆਪਨੇ ਪਿਆਰਿਆਂ ਦੇ ਇਸ ਰੀਤੀ ਅਨੁਸਾਰ ਵਿਵਾਹ ਕਰਾਏ ਸੇ। ਅਕਬਰ ਤੱਕ ਸ਼ਿਕਾਇਤਾਂ ਹੋ ਚੁਕੀਆਂ ਸਨ ਕਿ ਇਕ ਨਵਾਂ ਮਤ ਨਵੇਂ ਤ੍ਰੀਕੇ ਦਾ ਤੁਰਿਆ ਹੈ, ਇਸਨੂੰ ਰੋਕਣਾ ਚਾਹੀਏ। ਪਰ ਅਕਬਰ ਇਨ੍ਹਾਂ ਦੀ ਚੜ੍ਹਦੀ ਕਲਾ ਤੇ ਰੱਬੀ ਜੀਉਂਦੇ ਪਿਆਰ ਤੋਂ ਜਾਣੂੰ ਹੋਕੇ ਸਗੋਂ ਆਪ ਸਚਾਈ ਤੇ ਸਫ਼ਾਈ ਨਾਲ ਸ਼ਰਧਾਵਾਨ ਹੋ ਚੁਕਾ ਸੀ। ਇਸ ਅਟਕ ਵਿਚੋਂ ਨਿਕਲ ਕੇ ਕ੍ਰਿਤਮ ਓਟਾਂ ਦੀਆਂ ਰੀਤਾਂ ਰਸਮਾਂ ਦੇ ਹੱਥੋਂ ਇਸ ਦੈਵੀ ਧਰਮ ਦਾ ਛੁਟਕਾਰਾ ਹੋ ਗਿਆ। ਓਹ ਪਰਮੇਸ਼ਰ ਦੇ ਆਸਰੇ ਵਾਲਾ ਸੰਸਕਾਰਾਂ ਦਾ ਤ੍ਰੀਕਾ ਜਿਸਦੇ ਲਈ ਦਿਖਾਵੇ ਦੇ ਕਰਤਬਾਂ ਅਰ ਅਣਜਾਣ ਪੁਣੇ ਦੀਆਂ ਰਸਮਾਂ ਦੀ ਲੋੜ ਨਹੀਂ ਸੀ, ਜੋ ਮੁਕੰਮਲ ਸੁਸਿੱਖਜਤ ਅਰ ਵਿਦਿਆ

---

* ਖਾਲਸਾ ਸਮਾਚਾਰ ਵਿਚੋਂ, ਕਾਪੀ ਰਾਈਟ ਦੀ ਸ਼ੈ ਹੈ।

੧. ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ॥
(ਵਾਰ ਵਡ: ਮ: ੧)

੨. ਗੁਰੂ ਅੰਗਦ ਦੇਵ ਜੀ ਦਾ ਉਚਾਰ:-
ਜਗ ਅਰ ਕੁਲ ਕੇ ਜਿਤਿਕ ਆਚਾਰੇ।
ਹਮਰੇ ਹੇਤ ਨਹੀਂ ਕੁਛ ਕਰਨਾ।
ਕੀਰਤਿ ਪਠਿ ਸੁਨਿ ਨਾਮ ਸਿਮਰਨਾ॥੧੨॥
(ਰਾਸ ੧ ਅੰਸੂ ੨੮)

SIKHBOOKCLUB.COM

ਤੇ ਪਰਮਾਰਥ ਦੇ ਚਾਨਣੇ ਨਾਲ ਉੱਜਲ ਸੀ, ਆਪਣੀ ਪਿਆਰੀ ਅਛੇੜ ਦੈਵੀ ਚਾਲ ਨਾਲ ਤੁਰ ਰਿਹਾ ਸੀ। ਦਸਵੇਂ ਸਤਿਗੁਰਾਂ ਦਾ ਆਨੰਦ ਵਿਵਾਹ ਬੀ ਹੋ ਗਿਆ ਤੇ ਗੁਰਮਤ ਦੇ ਅਸੂਲਾਂ ਮੂਜਬ ਇਹੋ ਜਾਣ ਪੈਂਦਾ ਹੈ ਕਿ ਉਸੇ ਤਰ੍ਹਾਂ ਆਨੰਦ ਕਾਰਜ ਹੋ ਗਿਆ।

ਸਮਾਂ ਜੋ ਸਦਾ ਜਾਰੀ ਰਹਿੰਦਾ ਹੈ, ਲੰਘਦਾ ਗਿਆ। ਅਨੇਕਾਂ ਖਖੇੜੇ ਬਖੇੜੇ ਸੰਸਾਰ ਉੱਤੇ ਸਮੇਂ ਦੇ ਪਰਵਾਹ ਵਿਚ ਨਦੀ ਧਾਰਾ ਦੇ ਕੱਖਾਂ ਵਾਂਗ ਆਏ ਤੇ ਲੰਘ ਗਏ। ਸਭਰਾਈ ਆਪਣੇ ਲਾਹੌਰ ਦੇ ਘਰ ਵਿਚ ਅਡੋਲ ਦਿਨ ਕੱਟਦੀ ਰਹੀ। ਉਸਦੇ ਜੀਵਨ ਵਿਚ ਸੰਸਾਰ ਦੇ ਕਿਸੇ ਹੇਰ ਫੇਰ ਨੇ ਛਾਪਾ ਮਾਰੀ ਨਹੀਂ ਕੀਤੀ ਸੀ। ਪਰ ਆਨੰਦ ਪੁਰ ਦੇ ਬਾਈ ਧਾਰ ਪਹਾੜੀ ਰਾਜਿਆਂ ਨਾਲ ਗੁਰੂ ਸਾਹਿਬਾਂ ਦੇ ਜੰਗ ਜਦਲ ਦੀਆਂ ਸੋਆਂ ਕਦੇ ਕਦੇ ਪਹੁੰਚ ਕੇ ਵਹੁਟੀ ਗੱਭਰੂ ਦੋਹਾਂ ਦੇ ਚਿੱਤ ਨੂੰ ਚਿੰਤਾ ਦੀ ਡੋਲਨੀ ਬੇੜੀ ਤੇ ਚਾੜ੍ਹ ਜਾਂਦੀਆਂ ਸਨ। ਪਰ ਮਗਰੋਂ ਜੀਤ ਤੇ ਫਤਹ ਦੀਆਂ ਸੋਆਂ ਆਕੇ ਅਕਸਰ ਚਿੰਤਾ ਤੋਂ ਪਾਰ ਕਰਕੇ ਅਨੰਦ ਦੇ ਕਿਨਾਰੇ ਲਗਾ ਦੇਂਦੀਆਂ ਸਨ। ਸਭਰਾਈ ਦਾ ਇਹ ਅਡੋਲ ਜੀਵਨ ਇਕ ਭਾਰੇ ਤੁਫਾਨ ਦਾ ਸਾਹਮਣਾ ਕਰਨ ਵਾਲਾ ਸੀ, ਜੋ ਸਮੇਂ ਨੇ ਆਪਣੇ ਪਰਦੇ ਵਿਚ ਅਜੇ ਲੁਕਾਇਆ ਹੋਯਾ ਸੀ ਅਰ ਜਿਸਦੇ ਕਦੇ ਪ੍ਰਗਟ ਹੋ ਪੈਣ ਦਾ ਸਭਰਾਈ ਨੂੰ ਖਿਆਲ ਤੀਕ ਬੀ ਨਹੀਂ ਸੀ। ਉਸ ਦੇ ਦਿਲ ਦੀ ਖਿੱਚ ਸਪੁੱਤ੍ਰੀ ਵੱਲ, ਸਪੁੱਤ੍ਰੀ ਦੇ ਸਿਰਤਾਜ ਦੀਨਾਨਾਥ ਦੇ ਸ਼ਰਨਪਾਲ ਚਰਨਾਂ ਵੱਲ, ਅਤੇ ਉਸ ਕਵਲਨੈਨ ਦੇ 'ਨੈਨ-ਦੁਲਾਰਿਆਂ' ਵੱਲ ਲੱਗੀ ਰਹਿੰਦੀ ਸੀ। ਇਹ ਖਿੱਚ ਨਿਰੀ ਉਹ ਖਿੱਚ ਨਹੀਂ ਸੀ ਜੋ ਸਾਕਾਂ ਨੂੰ ਸਾਕਾਂ ਵੱਲ ਹੁੰਦੀ ਹੈ, ਪਰ ਇਸ ਵਿਚ ਸ਼ਰਧਾ, ਸਿਦਕ ਤੇ ਆਤਮਭਾਵਨਾ ਭਰੀ ਪਈ ਸੀ। ਇਸ ਖਿੱਚ ਵਿਚ ਸੰਸਾਰੀ ਮੋਹ ਦਾ ਹਿੱਸਾ ਸੀ ਪਰ ਘੱਟ, ਹਾਂ ਪਰਮਾਰਥੀ ਪ੍ਰੇਮ ਦਾ ਹਿੱਸਾ ਬਹੁਤ ਸੀ। ਇਸ ਬਹੁਲਤਾ ਕਰਕੇ ਉਸਦੇ ਅੰਦਰ ਇਕ ਅਚਰਜ ਤਰ੍ਹਾਂ ਦਾ ਅਨੰਦ ਬੱਝਾ ਰਹਿੰਦਾ ਸੀ। ਇਹ ਖਿੱਚ ਭੁਲਾਵੇ ਤੇ ਘਬਰਾ ਵਾਲੀ ਨਹੀਂ ਸੀ, ਜੋ ਉਸ ਤੋਂ ਆਪਣੇ ਘਰ ਦੇ ਕੰਮ ਕਾਜ ਤੇ ਹੋਰਨਾਂ ਸਾਕਾਂ ਸੰਬੰਧਾਂ ਨੂੰ ਛੁਡਾ ਦੇਂਦੀ। ਸਭਰਾਈ ਸਾਰੇ ਕੰਮ ਕਾਜ ਕਰਦੀ, ਸਾਕਾਂ ਨਾਲ ਨਿਭਦੀ ਤੇ ਪਤਿਬ੍ਰਤ ਧਰਮ ਪੂਰਾ ਕਰਦੀ, ਫਿਰ ਉਸ ਅਨੰਦ ਦੇ ਰਸ ਵਿਚ ਰੱਤੀ ਹੋਈ ਸੀ ਜੋ ਉਸਨੂੰ ਆਪਣੀ ਧੀ ਦੇ ਦੈਵੀ ਪਰਵਾਰ ਨਾਲ ਪ੍ਰੇਮ ਤੋਂ ਆਉਂਦਾ ਸੀ। ਇਹ ਸਭ ਕੁਝ ਹੁੰਦਿਆਂ ਸਭਰਾਈ ਵਿਚ, ਸੰਸਾਰ ਦੇ ਨਾ ਰਹਿਣ ਦਾ ਅਸਰ ਜੋ ਵੈਰਾਗ ਰੂਪ ਹੋਕੇ ਅੰਦਰ ਸਮਾ ਜਾਂਦਾ ਹੈ, ਘੱਟ ਆ ਰਿਹਾ ਸੀ। ਉਸਦੇ ਫੁਰਨੇ ਵਿਚ ਇਹ ਕਦੇ ਨਹੀਂ ਸੀ ਆਇਆ ਕਿ ਮੇਰੇ ਸੰਬੰਧੀ ਅਰ ਮੈਂ ਕਦੇ ਲੰਮੇਰੇ ਵਿਛੋੜੇ ਦਾ ਮੂੰਹ ਬੀ ਦੇਖ ਸਕਦੇ ਹਾਂ। ਸਗੋਂ ਜਦ ਕਦੀ ਉਸਦਾ ਜੀ ਜ਼ਰਾ ਬੀ ਬਿਰਹੋਂ ਦੀ ਪੀੜ ਪ੍ਰਤੀਤ ਕਰਨ ਲਗਦਾ ਸੀ, ਤਦੋਂ ਹੀ ਪਤੀ ਸਮੇਤ ਆਨੰਦ ਪੁਰ ਪਹੁੰਚਕੇ ਅਨੰਦ ਨਾਲ ਪੂਰਤਿ ਹੋ ਜਾਂਦੀ ਸੀ ਅਤੇ ਇਸ ਆਵਾਜਾਈ ਨੂੰ ਕਦੇ ਦੁਖਦਾਈ ਨਹੀਂ ਸਮਝਦੀ ਸੀ। ਪਤੀ ਬੀ ਗੁਰੂ ਚਰਨਾਂ ਦਾ ਭੌਰਾ ਤੇ ਪੂਰਾ ਸਤਿਸੰਗੀ ਸੀ। ਦੁਹਾਂ ਦਾ ਜੀਵਨ ਮਾਨੋਂ ਇਕ ਪਰਸਪਰ 'ਸਤਿਸੰਗ ਦਾ ਜੀਵਨ' ਸੀ। ਇਸ ਤਰ੍ਹਾਂ ਸਮੇਂ ਨੇ ਅਡੋਲ ਸੁਖ ਦੀ ਤੇ ਅਡੋਲ ਬੇਫਿਕਰੀ ਦੀ ਉਮਰ ਚੋਖੀ ਲੰਘਾ ਦਿੱਤੀ। ਹੁਣ ਸਾਈਂ ਨੇ ਆਪਣੇ ਗ਼ੈਬ ਦੇ ਪਰਦੇ ਵਿਚੋਂ ਕੀ ਆ ਦਿਖਾਯਾ ਕਿ ਉਹ ਪਿਆਰਾ ਪਤੀ ਦੁਖ ਸੁਖ ਦਾ ਸਹਾਰਾ, ਸਿਰ ਦਾ ਵਾਲੀ ਤੇ ਆਪਣੇ ਆਪ ਦਾ ਆਪਣੇ ਆਪ ਵਰਗਾ ਪਿਆਰਾ ਸਾਥੀ ਚਲ ਬਸਿਆ। ਸਭਰਾਈ ਵਿਧਵਾ ਹੋ ਗਈ। ਦਿਲ ਵਿਚ ਸਿਦਕ ਗੁਰੂ ਦਾ ਹੈ, ਬਾਣੀ ਦਾ ਆਸਰਾ ਬੀ ਹੈ, ਪਰ ਵਿਜੋਗ ਦੀ ਵਿਚਾਰ ਕਦੇ ਨਹੀਂ ਸੀ ਕੀਤੀ। ਸੱਟ ਅਚਾਨਕ ਜੁ ਆਕੇ ਪਈ ਦਿਲ ਹੀ ਮਾਨੋਂ ਟੁਟ ਗਿਆ। ਖਿੜੀ ਹੋਈ ਧੁੱਪ ਨੂੰ ਜਿਸਤਰ੍ਹਾਂ ਘਟਾ ਦਾ ਟੋਪ ਛਾਕੇ ਲੁਕਾ ਲੈਂਦਾ ਹੈ ਇਸ ਤਰ੍ਹਾਂ ਅੱਜ ਤੱਕ ਕਦੀ ਨ ਲੁਕੀ ਖੁਸ਼ੀ ਨੂੰ ਇਸ ਸਦਮੇ ਨੇ ਲੁਕਾ ਲਿਆ। ਸਤਿਸੰਗ ਦੀ ਸਹਾਇਤਾ ਮਾਈ ਦੀ ਸਹਾਈ ਸੀ ਪਰ ਦਿਲ ਫੇਰ ਬੀ ਡੁਲ੍ਹਦਾ ਸੀ।

ਪਤੀ ਦਾ ਸਵੇਰੇ ਚਲਾਣਾ ਹੋਇਆ, ਦੁਪਹਿਰੇ ਸੰਸਕਾਰ ਹੋਇਆ, ਸੰਧਜਾ ਨੂੰ ਭਾਈ ਬੰਦ ਬਿਰਾਦਰੀ ਵਿਦਾ ਹੋ ਕੇ ਘਰੋ ਘਰੀ ਜਾ ਸੁੱਤੇ, ਪਹਿਰ ਕੁ ਰਾਤ ਗਈ ਸਤਿਸੰਗਣਾਂ ਬੀ ਵਿਦਾ ਹੋ ਗਈਆਂ। ਸਭਰਾਈ ਨੂੰ ਅਜ ਪਹਿਲੀ ਰਾਤ ਆਈ ਜਿਸ ਦਿਨ ਉਸਨੇ ਆਪਣੇ ਆਪ ਨੂੰ ਸੰਸਾਰ ਪਰ ਇਕਲਿਆਂ ਲਖਿਆ। ਅਜ ਇਕੱਲ ਦੇ ਦੁੱਖ ਵਾਲੀ ਪਹਿਲੀ ਰਾਤ ਆਈ। ਨਾਮ ਦਾ ਅਭ੍ਯਾਸ ਤਾਂ ਹੈ, ਪਰ ਬਿਰਤੀ ਦੀ ਪ੍ਰਪੱਕਤਾ

ਤੋਂ ਸੱਟ ਜ਼ਰਾ ਵਧੇਰੀ ਲੱਗੀ ਹੈ ਇਸ ਕਰਕੇ ਦਿਲ ਨੂੰ ਵਿਛੋੜੇ ਦਾ ਭਾਰ ਦਬਾਉਂਦਾ ਹੈ, ਘਰ ਵਿਚ ਚਾਰ ਚੁਫੇਰਿਓਂ ਇਕੱਲ ਖਾਣ ਨੂੰ ਆਉਂਦੀ ਹੈ। ਜਦ ਨਿਰਾਸਤਾ ਤੇ ਚਿੰਤਾ ਨੱਪਣ ਲਗਦੀਆਂ ਹਨ ਤਦ ਬਾਣੀ ਦਾ ਭਾਵ ਆਕੇ ਸਹਾਇਤਾ ਕਰਦਾ ਹੈ। ਨਾਲ ਹੀ ਦਿਲ ਪੁੜ੍ਹੀ ਦੈਵੀ ਪਿਆਰ ਦੇ ਖਿਆਲ ਨੂੰ ਯਾਦ ਕਰਾਕੇ ਢਾਰਸ ਬਨ੍ਹਾਉਂਦਾ ਹੈ। ਫੇਰ ਇਕ ਹੋਰ ਪਾਪੀ ਖਿਆਲ ਆਕੇ ਦਿਲ ਨੂੰ ਡੇਗਣ ਦਾ ਯਤਨ ਕਰਦਾ ਹੈ,-'ਹਾਇ ਕਿਤੇ ਪਿਆਰੇ ਪਤੀ ਵਾਂਗੂ ਇਹ ਪਰਵਾਰ ਯਾ ਇਸ ਪਰਵਾਰ ਦਾ ਕੋਈ ਅੰਗ ਸੰਸਾਰ ਤੋਂ ਟੁੱਟ ਗਿਆ ਤਦ ਕਿਸ ਆਸਰੇ ਜੀਵਨ ਹੋਵੇਗਾ? ਹੁਣ ਤਾਂ ਪਤੀ ਦੇ ਵਿਛੋੜੇ ਦੇ ਹਨੇਰੇ ਵਿਚ ਇਹ ਆਸਰਾ ਆ ਚਾਨਣਾ ਪਾਉਂਦਾ ਹੈ ਕਿ ਮੇਰਾ ਪਰਵਾਰ ਜੀਵੇ। ਪਰ ਜੇ ਹਾਇ! ਇਸ ਪਰਵਾਰ ਵਿਚੋਂ ਕੋਈ ਵਿਣਛਿਆ ਤਦ ਕੀ ਹੋਊ?' ਨਿਰਾਸਾ ਦੇ ਇਸ ਵਹਿਣ ਵਿਚੋਂ ਫੇਰ ਬਾਣੀ ਦਾ ਪਾਠ ਤੇ ਉਸਦਾ ਭਾਵ ਆਕੇ ਕੱਢਦੇ ਹਨ। ਕਹੇ-ਹਾਂ ਗੁਰੂ ਦੀ ਬਾਣੀ ਮੈਂ ਰੋਜ਼ ਪੜ੍ਹੀ ਤੇ ਸਮਝੀ ਬੀ, ਪਰ ਸਿਰ ਤੇ ਅੱਜ ਤੱਕ ਨਾ ਪਈ ਦੇ ਕਾਰਣ ਬਾਣੀ ਦੇ ਸਮਝੇ ਹੋਏ ਭਾਵ ਦਾ ਪਰਤਾਵਾ ਨਹੀਂ ਸੀ ਹੋਇਆ, ਹੁਣ ਪਰਤਾਵਾ ਆਯਾ ਹੈ। ਇਹ ਸੰਸਾਰ ਝੂਠਾ ਹੈ, ਪਰ ਅੱਜ ਹੱਡ ਵਰਤਿਆਂ ਪਤਾ ਲੱਗਾ ਹੈ।

> ਇਹੁ ਸੰਸਾਰੁ ਸਗਲ ਹੈ ਸੁਪਨੋ ਦੇਖਿ ਕਹਾ ਲੋਭਾਵੈ॥ ਜੋ ਉਪਜੈ ਸੋ ਸਗਲ ਬਿਨਾਸੈ ਰਹਨੁ ਨ ਕੋਊ ਪਾਵੈ॥
>
> (ਸਾ: ਮ: ੯)

ਜਦ ਬਾਣੀ ਦਾ ਭਾਵ ਤੇ ਸਤਿਸੰਗ ਦਾ ਉਪਦੇਸ਼ ਸਾਹਮਣੇ ਆ ਖੜੋਵੇ ਤਾਂ ਕਲੇਜੇ ਨੂੰ ਠੰਢ ਪੈ ਜਾਵੇ ਅਰ ਐਸੀ ਸ਼ਾਂਤਿ ਵਰਤੇ ਕਿ ਸਭਰਾਈ ਨੂੰ ਹੌਸਲਾ ਹੋ ਜਾਵੇ। ਇਉਂ ਜਾਪੇ ਕਿ ਬੱਸ ਚਿੰਤਾ ਦੇ ਬੱਦਲ ਉੱਡ ਗਏ ਹਨ ਅਰ ਸ਼ਾਂਤਿ ਦਾ ਚੰਦ੍ਰਮਾਂ ਚੜ੍ਹ ਪਿਆ ਹੈ। ਇਸ ਦਸ਼ਾ ਵਿਚ ਸਿਮਰਨ ਟੁਰ ਪਏ ਤੇ ਫੇਰ ਅੱਖ ਲੱਗ ਜਾਵੇ, ਪਰ ਕੁਝ ਚਿਰ ਮਗਰੋਂ ਨੀਂਦ ਖੁੱਲੇ ਤਾਂ ਕੀ ਦੇਖੇ ਕਿ ਫੇਰ ਘਬਰਾ ਪੈ ਰਿਹਾ ਹੈ। ਉਸੇ ਤਰ੍ਹਾਂ ਫੇਰ ਸੋਚਾਂ ਫੁਰਨ, ਫੇਰ ਗੁਰਬਾਣੀ ਦਾ ਆਸਰਾ ਆਕੇ ਖੁੱਭਣ ਤੋਂ ਕੱਢ ਲਵੇ। ਇਸ ਤਰ੍ਹਾਂ ਪਹਿਲੀ ਦੁਖ ਭਰੀ ਰਾਤ ਜੁਗਾਂ ਦੀ ਹੋ ਹੋ ਕੇ ਬੀਤ ਰਹੀ ਹੈ। ਜਿਸ ਦਿਲ ਨੇ ਸੰਸਾਰ ਤੇ ਪਰਮਾਰਥ ਦੇ ਸੁਖ ਹੀ ਸੁਖ ਦੇਖੇ ਅਰ ਕਦੇ 'ਦ੍ਰਿਸਟਿਮਾਨ ਹੈ ਸਗਲ ਮਿਥੇਨਾ' ਦੇ ਭਾਵ ਦਾ ਪਰਤਾਵਾ ਨਹੀਂ ਝੱਲਿਆ ਸੀ ਉਸ ਲਈ ਅਚਰਜ ਦੁਚਿਤਾਈ ਦਾ ਸਮਾਂ ਸੀ।

ਪਹੁ ਫੁੱਟੀ ਨਹੀਂ ਸੀ ਕਿ ਸਭਰਾਈ ਦੇ ਬੂਹੇ ਨੂੰ ਕਿਸੇ ਖੜਕਾਇਆ। ਆਹ! ਅੱਜ ਪਹਿਲੀ ਰਾਤ ਸੀ ਕਿ ਪਿਆਰੇ ਸਾਥੀ ਦੇ ਨਾ ਹੋਣ ਕਰਕੇ ਮਾਈ ਸਤਿਸੰਗ ਵਿਚ ਨਹੀਂ ਜਾ ਸਕੀ ਸੀ। ਆਸਾ ਦੀ ਵਾਰ ਦਾ ਦੀਵਾਨ ਧਰਮਸਾਲ ਵਿਚ ਲੱਗਾ ਹੋਯਾ ਸੀ ਪਰ ਕਦੀ ਨਾਗਾ ਨਾ ਪਾਉਣ ਵਾਲੀ ਸਭਰਾਈ ਨਾ ਆਈ। ਜਿਸ ਨੇ ਕਦੇ ਕੱਲਿਆਂ ਪੈਰ ਬਾਹਰ ਨਹੀਂ ਸੀ ਪਾਇਆ, ਉਸਦੇ 'ਪਿਆਰੇ ਦਾ ਪੈਖੜ ਸੁਣਕੇ ਆਸਰੇ ਨਾਲ ਤੁਰਨ ਵਾਲੇ ਸਤਿਸੰਗ ਦੇ ਰਸਤੇ ਦੇ ਪੰਧਾਊ' ਪੈਰ, ਅਜ ਸੰਗ ਦੇ ਸੰਗਲਾਂ ਨਾਲ ਜਕੜੇ ਤੇ ਦੁਚਿਤਾਈ ਦੀ ਜਿੱਲ੍ਹਣ ਵਿਚ ਫਸਦੇ— ਨਿਕਲਦੇ ਪੈਰ ਆਪਣੇ ਹੀ ਬਿਸਤਰੇ ਨਾਲ ਰਗੜੀਜਦੇ ਰਹੇ ਹਨ। ਪਰ ਸਤਿਸੰਗ ਦਾ ਬਿਰਦ ਭਗਤ ਵੱਛਲ ਹੈ। ਸਤਿਸੰਗੀ ਜਾਣਦੇ ਹਨ ਕਿ ਸੰਸਾਰ ਦੇ ਦੁੱਖ ਜਦ ਪੈਂਦੇ ਹਨ ਤਾਂ ਕੀ ਹਾਲ ਕਰਦੇ ਹਨ। ਕੇਵਲ ਪੜ੍ਹੇ ਹੋਏ ਯਾ ਨਿਰੀ ਕਥਾ ਕਰਨ ਵਾਲੇ, ਯਾ ਲੋਕਾਂ ਲਈ ਪ੍ਰਮਾਰਥ ਦੇ ਰੱਸੇ ਵੱਟਣ ਵਾਲੇ ਇਨ੍ਹਾਂ ਅਵਸਥਾਂ ਨੂੰ ਸਮਝ ਨਹੀਂ ਸਕਦੇ। ਏਹ ਗੱਲਾਂ ਓਹੀ ਸਮਝਦੇ ਹਨ ਜਿਨ੍ਹਾਂ ਨੇ ਸੱਚਮੁੱਚ ਧਰਮ ਦਾ ਜੀਵਨ ਜੀਵਿਆ ਹੈ। ਦੂਰ ਖੜੋਤੇ ਪੰਡਤ ਕੇਵਲ ਇਹ ਕਹਿ ਸਕਦੇ ਹਨ ਕਿ "ਨਿਸ਼ਚਾ, ਪ੍ਰੇਮ, ਸਿਦਕ ਕੀ ਆਖ ਤੇ ਇਹ ਘਬਰਾ ਕੀ ਆਖ?" ਪਰ ਪਰਮਾਰਥ ਦੀਆਂ ਮੰਜ਼ਲਾਂ ਦੇ ਤੁਰਨ ਵਾਲੇ ਅਧਿਕਾਰ ਤੇ ਦਸ਼ਾ ਨੂੰ ਪਛਾਣਦੇ ਹਨ। ਏਹ ਸਾਰੇ ਲਹਾਉ ਚੜ੍ਹਾਉ, ਪਹਾੜ ਪਹਾੜ ਦੇ ਪੈਂਡੇ ਕੱਟਣੇ, ਚੜ੍ਹ ਜਾਣਾਂ ਤੇ ਫੇਰ ਉਤਰਨਾ, ਫੇਰ ਉਚਾਈ ਤੇ ਫਿਰ ਉਤਰਾਈਆਂ ਦੇ ਵਲ ਫੇਰ ਉਹਨਾਂ ਦੇ ਅੱਗੇ ਆਉਂਦੇ ਹਨ ਜੋ ਤੁਰਦੇ ਹਨ। ਜੋ ਆਚਰਣ ਤੋਂ ਡਿੱਗੇ ਯਾ ਅਨਭੋਲ ਦਸ਼ਾ ਵਿਚ ਖੜੋਤੇ ਯਾ ਨਿਰੀ ਪੰਡਿਤਾਈ ਵਿਚ ਖੜੇ ਹਨ ਤੇ ਉਹ ਖ਼ਯਾਲ ਕਰਦੇ ਹਨ ਕਿ ਪਹਾੜ ਤੇ ਚੜ੍ਹੇ ਤਾਂ ਬਸ ਚੜ੍ਹਾਈ ਹੀ ਚੜ੍ਹਾਈ ਆਵੇਗੀ, ਘਾਟੀਆਂ, ਵਾਦੀਆਂ ਤੇ ਦੂਨਾਂ ਦੇ ਓਹ ਜਾਣੂ ਨਹੀਂ ਹੁੰਦੇ, ਇਸ ਕਰਕੇ ਨਿਰੇ ਨੁਕਸ ਹੀ ਛਾਂਟਦੇ

SIKHBOOKCLUB.COM

ਹਨ। ਹਾਂ ਰਾਹੇ ਤੁਰਨ ਵਾਲੇ ਸਤਿਸੰਗੀ ਸਮਝਦੇ ਹਨ ਕਿ ਸੁਰਤ ਕਿੱਕੂੰ ਪੱਕਦੀ ਹੈ? ਸਤਿਸੰਗੀਆਂ ਨੇ ਸਮਝਿਆ ਕਿ ਅੱਜ ਮਾਈ ਸਭਰਾਈ ਕਿਉਂ ਨਹੀਂ ਆਈ? ਉਧਰ ਪਹੁ ਫੁੱਟਣ ਲੱਗੀ ਸੀ, ਉਧਰ ਆਲਸੀਆਂ ਦੀਆਂ ਅੱਖਾਂ ਵਾਂਗੂੰ ਬੰਦ ਬੂਹਾ ਮਾਈ ਦੇ ਘਰ ਦਾ ਕਿਸੇ ਨੇ ਖੁੱਲ੍ਹਣ ਲਈ ਆ ਖੜਕਾਯਾ। ਮਾਈ ਭੀ ਜਾਣ ਗਈ ਕਿ ਇਸ ਇਕੱਲ ਦੇ ਬਨ ਦਾ ਸਹਾਈ, ਇਸ ਨਿਮਾਣੀ ਰਹਿ ਗਈ ਨੂੰ ਮਨ ਦੇ ਰੋੜ੍ਹ ਵਿਚੋਂ ਕੱਢਣ ਵਾਲਾ, ਇਸ ਚਿੰਤਾ ਦੇ ਘੁੰਮਣ ਘੇਰੇ ਵਿਚੋਂ ਚਿੱਤ ਨੂੰ ਪਾਰ ਕਰਨ ਵਾਲਾ ਸਤਿਸੰਗ ਬਿਨਾਂ ਕੌਣ ਹੋ ਸਕਦਾ ਹੈ? ਉੱਠੀ, ਅੱਖਾਂ ਅੱਗੇ ਹਨੇਰਾ ਆਇਆ, ਛੱਲੇ ਬੱਝ ਕੇ ਉੱਡੇ, ਪਰ ਪਤਾ ਨਹੀਂ ਕਿਵੇਂ ਦਿਲ ਦੇ ਡੂੰਘ ਵਿਚੋਂ ਇਹ ਤੁਕ ਸਾਰੇ ਪੜਦੇ ਪਾੜ ਕੇ ਉੱਠੀ "ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣ ਹਾਰੁ॥" ਆਹਾ! ਉਮੈਦਾਂ ਦਾ ਸੂਰਜ ਚੜ੍ਹ ਪਿਆ। ਮਾਈ ਨੇ ਬੂਹਾ ਖੋਲ੍ਹਿਆ। ਸੱਤਰਾਂ ਵਰਿਹਾਂ ਦੇ ਬਿਰਧ ਭਾਈ ਸੁਜਾਨ ਸਿੰਘ ਜੀ ਚਿੱਟੇ ਸੁਫੈਦ ਨੂਰ ਭਰੇ ਲੰਮੇ ਦਾੜ੍ਹੇ ਨਾਲ ਉੱਜਲ ਰੂਪ ਤੇ ਗੁਰੂ-ਪ੍ਰੇਮ ਨਾਲ ਉੱਜਲ ਰਿਦੇ ਵਾਲੇ ਨਜ਼ਰ ਪਏ। ਮਗਰ ਦੋ ਚਾਰ ਹੋਰ ਮਾਈ ਭਾਈ ਵੀ ਖੜੇ ਸਨ। ਸਤਿਸੰਗ ਦਾ ਇਹ ਪਿਆਰ ਤੇ ਬਿਰਧ ਪਿਤਾ ਦੀ ਇਹ ਖੇਚਲ ਵੇਖ ਕੇ ਸ਼ੁਕਰ ਨੇ ਸਭਰਾਈ ਨੂੰ ਬੇਬੱਸ ਕਰ ਦਿੱਤਾ ਅਰ ਪੈਰਾਂ ਤੇ ਡਿੱਗ ਪਈ। ਬਿਰਧ ਨੇ ਸਿਰ ਸਮ੍ਹਾਲਦੇ ਹੋਏ ਕਿਹਾ, "ਬੱਚੀ! ਰਜ਼ਾ ਵਾਹਿਗੁਰੂ ਦੀ, ਪਿਆਰਾ ਆਪਣੇ ਪਿਆਰੇ ਕੋਲ ਜਾ ਵੱਸਿਆ ਤੇ ਤੂੰ ਸਤਿਸੰਗ ਵਿਚ ਨਾਗਾ ਪਾਇਆ? ਅੱਜ ਤਾਂ ਨਾਗੇ ਦਾ ਦਿਨ ਨਹੀਂ ਸੀ, ਸਗੋਂ ਅੱਜ ਹੀ ਸੰਸਾਰ ਦੀ ਅਸਾਰਤਾ ਸਮਝ ਕੇ ਸਦਾ ਲਈ ਜੀਉ ਉੱਠਣ ਦਾ ਸਮਾਂ ਸੀ। ਬੇਟਾ! ਸਾਡੇ ਲਈ ਮੌਤ ਕੇਵਲ ਦਰਵਾਜ਼ਾ ਹੈ, ਜਿਸ ਥੋਂ ਲੰਘ ਕੇ ਅਸੀਂ ਉੱਥੇ ਪਹੁੰਚਦੇ ਹਾਂ ਕਿ ਜਿੱਥੇ ਸਦਾ ਸੁਖ ਸਾਨੂੰ ਸਦਾ ਸਾਈਂ ਦੇ ਚਰਨਾਂ ਵਿਚੇ ਰੱਖਦਾ ਹੈ। ਮੌਤ ਕੋਈ ਭਿਆਨਕ ਦੁਖਦਾਈ ਸ਼ੈ ਨਹੀਂ, ਮੌਤ ਆਤਮਾ ਦਾ ਜਨਮ ਹੈ, ਆਓ ਬੇਟਾ ਸਤਿਸੰਗ ਤੋਂ ਰੁਕਣਾ ਸਿੱਖੀ ਵਿਚ ਠੀਕ ਨਹੀਂ ਹੈ। ਅਸਾਂ ਵੀ ਸਾਰਿਆਂ ਉੱਥੇ ਹੀ ਜਾਣਾ ਹੈ। ਕੋਈ ਅਸਾਂ ਸਦਾ ਏਥੇ ਰਹਿਣਾ ਹੈ ਜੋ ਦੁਖ ਕਰੀਏ।"

ਇਹ ਪਿਆਰ ਦਾ ਉਪਦੇਸ਼ ਸੁਣ ਕੇ ਸਭਰਾਈ ਸ਼ੁਕਰ ਵਿਚ ਆਈ ਤੇ ਛੇਤੀ ਨਾਲ ਤਿਆਰ ਹੋ ਕੇ ਬਾਬਾ ਜੀ ਨਾਲ ਤੁਰ ਪਈ ਤੇ ਸਤਿਸੰਗ ਵਿਚ ਅੱਪੜੀ। ਅੱਜ ਮਾਰੂ ਦੇ ਪ੍ਰਮਾਣ ਤੇ ਨਾਵੇਂ ਸਤਿਗੁਰਾਂ ਦੀ ਬਾਣੀ ਦੇ ਵਾਕ ਗਾਵੇਂ ਜਾ ਰਹੇ ਸੇ। ਵਾਰ ਦੇ ਭੋਗ ਮਗਰੋਂ ਕਥਾ ਵੀ ਇਸੇ ਵਿਸ਼ੇ ਤੇ ਹੋਈ ਕਿ ਜੀਵਨ ਪਵਿੱਤ੍ਰ, ਉਪਕਾਰੀ ਤੇ ਪਰਮੇਸ਼ਰ ਦੀ ਯਾਦ ਵਾਲਾ ਹੋਵੇ। ਮੌਤ ਬੁਰੀ ਸ਼ੈ ਨਹੀਂ, ਆਤਮਾ ਦਾ ਜਨਮ ਹੈ, ਪਿਆਰਿਆਂ ਦਾ ਮਰਨਾ ਵਿਛੋੜਾ ਹੈ, ਵਿਛੋੜੇ ਵਿਚ ਪੀੜਾ ਤਾਂ ਹੈ, ਪਰ ਓਹ ਵਿਛੋੜਾ ਸਦਾ ਦਾ ਨਹੀਂ ਹੈ। ਸਾਡਾ ਸਰੂਪ ਹੈ 'ਹੋਂਦ' ਸਾਡਾ ਰੂਪ 'ਅਣਹੋਂਦ' ਯਾ ਨਸ਼ਟ ਹੋਣਾ ਨਹੀਂ ਹੈ। ਹਾਂ, ਪਰ ਸਾਡਾ ਜੀਵਨ ਸਿਮਰਨ ਦਾ ਹੋਣਾ ਚਾਹੀਏ। ਸਭਰਾਈ ਦੇ ਆਤਮਾਂ ਵਿਚੋਂ ਸੰਸੇ, ਭੈ ਤੇ ਨਿਰਾਸਤਾ ਦੇ ਬੱਦਲਾਂ ਨੇ ਉਡਾਰੀ ਮਾਰੀ। ਬੀਬੀ ਦਾ ਮਨ ਸਿਮਰਨ ਵਿਚ ਰੌ ਬੰਨ੍ਹ ਟੁਰਿਆ। ਐਉਂ ਬੀਤੀ ਪਹਿਲੇ ਦੂਖ ਦੀ ਪਹਿਲੀ ਰਾਤ। ਸਤਿਸੰਗ ਦੇ ਪ੍ਰਤਾਪ ਨਾਲ ਮਾਈ ਦਾ ਸਿਮਰਨ ਅਡੋਲ ਹੋ ਗਿਆ।

ਆਨੰਦਪੁਰ ਖਬਰ ਘੱਲਕੇ ਪੁੱਤਰੀ ਨੂੰ ਲਾਹੌਰ ਸੱਦ ਕੇ ਔਖ ਦੇਣ ਦੀ ਥਾਂ ਮਾਈ ਆਪ ਆਨੰਦਪੁਰ ਨੂੰ ਟੁਰ ਪਈ। ਸਤਿਸੰਗੀ ਸਜਣ ਬੀ ਕੁਛ ਨਾਲ ਟੁਰ ਪਏ।

## ਦੂਸਰੀ ਰਾਤ

ਪਰਮਾਰਥ ਦੇ ਰਸਤੇ ਦੀ ਤੁਰਨ ਵਾਲੀ, ਬਾਣੀ ਦੀ ਨੇਮਣ ਤੇ ਨਾਮ ਦੀ ਪ੍ਰੇਮਣ ਮਾਈ ਪਤੀ ਦੇ ਵਿਯੋਗ ਹੋਇਆਂ ਆਪਣੇਂ ਹਿਰਦੇ ਵਿਚ ਵੇਖ ਰਹੀ ਹੈ ਕਿ ਪਤੀ-ਚਰਨਾਂ ਦਾ ਪ੍ਰੇਮ ਕਿਸ ਤਰ੍ਹਾਂ ਦੇ ਵੈਰਾਗ ਨੂੰ ਪੈਦਾ ਕਰ ਰਿਹਾ ਹੈ। ਲੋਕੀ ਕਹਿਣਗੇ ਕਿ ਸ੍ਰੀ ਗੁਰੂ ਕਲਗੀਧਰ ਜੀ ਦੀ ਮਾਤਾ-ਤੁੱਲਜ ਸੱਸ 'ਪਤੀ ਵਿਯੋਗ' ਪਰ ਕਿਉਂ ਰੋਈ ਹੈ? ਇਹ ਕਾਹਦੀ ਸਤਿਸੰਗਣ ਹੈ ਜੋ ਅਜੇ ਰੋਂਦੀ ਹੈ? ਪਰ ਮਾਈ ਵਾਲੇਵੇ ਕਾਰਨ ਨਹੀਂ ਰੋਈ, ਇਸ ਕਰ ਕੇ ਉਸਦਾ ਰੋਣਾ ਖ਼ੁਆਰ ਰੋਣਾ ਨਹੀਂ ਹੈ। ਪਰ ਉਹ ਪ੍ਰੇਮ ਦੇ ਹੰਝੂ ਰੋਕਣੋਂ ਰੁਕ ਜਾਂਦੀ ਹੈ, ਇਸ ਕਰ ਕੇ ਇਸਦੇ ਰੋਣ ਦੇ ਭੇਤ ਨੂੰ ਜਾਣਨਾ ਚਾਹੀਏ। ਉਹ ਭੇਤ ਡੂੰਘਾ ਹੈ, ਮਾਮੂਲੀ ਅੱਖ ਇਹਨਾਂ ਹੰਝੂਆਂ ਦੇ ਭੇਤ ਤਕ ਨਹੀਂ ਅੱਪੜਦੀ। ਰਸੀਏ ਜਾਣਦੇ ਹਨ ਕਿ 'ਮਾਈ ਹਾਇ ਕੀ ਹੋ ਗਿਆ', 'ਹਾਇ ਰੱਬ


www.sikhbookclub.com

ਨੇ ਬੁਰਾ ਕੀਤਾਂ 'ਹਾਇ ਹੁਣ ਕੀ ਹੋਵੇਗਾ' ਐਸ ਤਰ੍ਹਾਂ ਦੇ ਨਿਹਚੇ ਤੋਂ ਸੱਖਣੇ ਸੰਕਲਪ ਲੈ ਕੇ ਨਹੀਂ ਰੋਈ। ਓਹ ਆਪਣੇ ਸਤਿਸੰਗੀ ਪਤੀ ਦੇ ਵਿਯੋਗ ਪਰ ਆਪਣੇ ਆਤਮਾ ਵਿਚ ਪ੍ਰੇਮ-ਭਰੀ ਸਿੱਕ ਨਾਲ ਕਹਿ ਰਹੀ ਹੈ:-

"ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ॥
ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੇਦਿ॥"
(ਮਾਰੂ ਡਖਣੇ ਮ: ੫-੧੮)

ਪਹਿਲੀ ਰਾਤ ਜੋ ਉਸ ਨੇ ਬਿਤਾਈ ਇਹ ਜ਼ਿੰਦਗੀ ਵਿਚ ਪਹਿਲੀ ਉਹ ਰਾਤ ਸੀ ਕਿ ਜਿਸ ਰਾਤ ਵਿਚ ਉਸਨੇ ਆਪਣੇ ਆਪ ਨੂੰ ਸੱਚੇ ਸਤਿਸੰਗੀ ਤੋਂ ਵਾਂਞੀ ਹੋਈ ਇਕੱਲ ਵਿਚ ਪਾਇਆ। ਉਸਦੇ ਮਨ ਵਿਚ ਭਰੋਸਾ ਖੜੋਤਾ ਹੈ, ਧੀਰਜ ਭੀ ਹੈ। ਨਹੀਂ ਤਾਂ ਕੀਹ ਨਹੀਂ? ਇਕ ਆਪਣੇ ਵਰਗੇ ਆਪਾ ਹੋ ਗਏ ਸਤਿਸੰਗੀ ਦੇ ਭਜਨ ਉਪਕਾਰ ਵਾਲੇ ਸਰੀਰ ਦੇ ਆਸਰੇ ਦਾ ਜੋ ਗੁਪਤ ਨਸ਼ਾ ਮਨ ਵਿਚ ਸੀ, ਉਹ ਨਹੀਂ ਹੈ। ਸੁਰਤ ਨੂੰ ਉਸ ਆਸਰੇ ਦਾ ਘਾਟਾ ਹੋ ਗਿਆ ਹੈ ਜੋ ਆਸਰਾ ਪਰਮਾਰਥ ਦਾ ਸਹਾਈ ਸੀ। ਇਸ ਕਰ ਕੇ ਸੁਰਤ ਨਾਮ ਤੋਂ ਹਿੱਲਕੇ ਵੈਰਾਗ ਪੂਰਤ ਹੋ ਕੇ ਉਸ ਪਿਆਰੇ ਦੇ ਧਿਆਨ ਵਿਚ ਆ ਜਾਂਦੀ ਤੇ ਫੇਰ ਆਖਦੀ ਹੈ "ਹੇ ਪ੍ਰਾਣ ਪਿਆਰੇ! ਮੇਰੀ ਸੰਸਾਰ ਯਾਤ੍ਰਾ ਸ਼ਰਮ ਧਰਮ ਸਿੱਖੀ ਸਿਦਕ ਨਾਲ ਨਿਭ ਜਾਵੇ"। ਐਉਂ ਕਹਿੰਦੇ ਸੰਸਾਰ ਵਿਚ ਇਕ ਉਦਰੇਵਾਂ ਦਿੱਸਕੇ ਨੈਣ ਵਹਿ ਤੁਰਦੇ ਹਨ ਤੇ ਫੇਰ ਬੇਨਤੀ ਉਠਦੀ ਹੈ— "ਹੇ ਅਕਾਲ ਪੁਰਖ! ਪਿਆਰੇ ਸਿਰਤਾਜ ਨੂੰ ਆਪ ਨੇ ਸੱਦ ਲਿਆ ਹੈ, ਆਪਣੇ ਚਰਨਾਂ ਵਿਚ ਥਾਂ ਦੇਣੀ ਤੇ ਦਾਸੀ ਨੂੰ ਓਥੇ ਅੱਪੜਨ ਦੀ ਯੋਗਤਾ ਬਖਸ਼ਣੀ"।

ਇਸ ਅਰਾਧਨਾ ਵਿਚ ਵਾਹਿਗੁਰੂ ਦੀ ਅਮਿੱਤ ਵਡਿਆਈ ਤੇ ਕ੍ਰਿਪਾਲਤਾ ਦੇ ਭਾਉ ਨਾਲ ਨੇਤ੍ਰਾਂ ਵਿਚ ਨੀਰ ਭਰ ਆਉਂਦਾ ਹੈ ਇਸ ਪਰ ਗੁਰਬਾਣੀ ਕਹਿੰਦੀ ਹੈ:-

"ਨਾਨਕ ਰੁੰਨਾ ਬਾਬਾ ਜਾਣੀਐ
ਜੇ ਰੋਵੈ ਲਾਇ ਪਿਆਰੋ॥"

ਕੌਣ ਨਹੀਂ ਰੋਂਦਾ? ਡਾਕੂ ਅਰ ਕਸਾਈ। ਕੌਣ ਨਹੀਂ ਰੋਂਦਾ? ਨਿਰਦਈ ਅਰ ਜੜ੍ਹ। ਕੋਮਲ ਹਿਰਦਿਆਂ ਵਾਲੇ ਰੋਂਦੇ ਹਨ। ਰੋਣ ਬਿਰਹੋਂ ਦਾ ਮੁੱਖ ਲੱਛਣ ਹੈ, ਅਰ ਬਿਰਹੋਂ ਪ੍ਰੇਮ ਰਾਜ ਦਾ ਸੁਲਤਾਨ ਹੈ:-

ਬਿਰਹਾ ਬਿਰਹਾ ਆਖੀਐ ਬਿਰਹਾ ਤੂ
ਸੁਲਤਾਨੁ॥ ਫਰੀਦਾ ਜਿਤੁ ਤਨਿ ਬਿਰਹੁ
ਨ ਊਪਜੈ ਸੋ ਤਨੁ ਜਾਣੁ ਮਸਾਨੁ॥"

ਮਸਾਣ ਦੀ ਧਰਤੀ ਡਾਢੀ ਸੜੀ ਹੋਈ ਤੇ ਪਾਣੀ ਤੋਂ ਖਾਲੀ ਹੁੰਦੀ ਹੈ, ਬਿਰਹੋਂ ਵਿਹੂਣੇ ਮਸਾਣ ਸਮਾਨ ਹਿਰਦੇ ਨੇ ਕੀ ਰੋਣਾ ਹੈ? ਰੋਹੀਆਂ ਧਰਤੀਆਂ ਰੋਂਦੀਆਂ ਹਨ ਜੋ ਪਾਣੀਆਂ ਨਾਲ ਭਰਪੂਰ ਹਨ। ਨਾਮ ਤੇ ਪ੍ਰੇਮ ਵਾਲੀਆਂ ਅੱਖੀਆਂ ਵਾਲੇਵੇ ਕਾਰਨ ਨਹੀਂ ਰੋਂਦੀਆਂ, ਨਾਸ਼ੁਕਰੀ ਦੇ ਕਾਰਨ ਨਹੀ ਰੋਂਦੀਆਂ, ਕਾਫਰ ਹੋਕੇ ਨਹੀਂ ਰੋਂਦੀਆਂ ਪਰ ਆਪਣੇ ਸਿਰਜਣਹਾਰ ਦੇ ਪ੍ਰੇਮ ਵਿਚ ਦ੍ਰੱਵ ਕੇ ਰੋਂਦੀਆਂ ਹਨ। ਇਹ ਆਖੀਆਂ ਪਿਆਰੇ ਗੁਰਮੁਖਾਂ ਦੇ ਚਰਨਾਂ ਵਿਚ ਪ੍ਰਾਰਥਨਾਂ ਕਰਦਿਆਂ ਰੋਂਦੀਆਂ ਹਨ। ਗੁਰਮੁਖ ਅੱਖੀਆਂ ਸੰਸਾਰ ਦੇ ਦੁਖਾਂ ਪਰ ਤਰਸ ਖਾਕੇ ਉਪਕਾਰ ਕਰਕੇ ਰੋਂਦੀਆਂ ਹਨ। ਹਾਂ, ਪਾਪੀਆਂ ਦੀਆਂ ਕਮਜ਼ੋਰੀਆਂ ਪਰ ਅਪ੍ਰਾਧੀਆਂ ਦੇ ਅਪ੍ਰਾਧ ਦੇਖਕੇ ਤੇ ਗਰੀਬਾਂ ਦੀ ਸਹਾਇਤਾ ਵਿਚ ਰੋਂਦੀਆਂ ਹਨ ਏਹ ਅੱਖੀਆਂ। ਆਪਣੇ ਪਾਪਾਂ ਦੀ ਕਾਲਕ ਧੋਣ ਵਾਸਤੇ ਕੀਤੇ ਕਰਮਾਂ ਪਰ ਰੋਣਾ ਸਾਬਣ ਦੀ ਚੱਟ ਲਾਕੇ ਅਪਣੇ ਕਲੰਕਤਿ ਆਤਮਾਂ ਨੂੰ ਸਾਫ ਕਰਨਾ ਹੈ। ਨੇਕ ਰੂਹਾਂ ਜਦ ਨੇਕੀ ਵਿਚ ਪ੍ਰੇਮ ਭਰਕੇ ਰੋਂਦੀਆਂ ਹਨ ਤਦ ਸ਼ਰਮ ਨਹੀਂ ਕਰਦੀਆਂ ਕਿ ਹਾਇ ਲੋਕੀਂ ਕੀਹ ਆਖਣਗੇ? ਓਹ ਪੁਕਾਰ ਕੇ ਕਹਿੰਦੀਆਂ ਹਨ "ਮੈ ਨੀਰੁ ਵਹੇ ਵਹਿ ਚਲੈ ਜੀਉ" ਹਾਂ, ਪ੍ਰੇਮ ਪੂਰਤ ਜਿੰਦੜੀਆਂ ਰੋਂਦੀਆਂ ਹਨ ਅਰ ਕਹਿੰਦੀਆਂ ਹਨ:-

'ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ
ਉਸਾਸਾ॥ ਉਰ ਨ ਭੀਜੈ ਪਗੁ ਨ ਖਿਸੈ
ਹਰਿ ਦਰਸਨ ਕੀ ਆਸਾ॥'

ਹਾਂ ਗੁਰਮੁਖ ਅੱਖਾਂ ਬੀ ਰੋਂਦੀਆਂ ਹਨ:-

ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰ ਜਾਹਿ॥

ਮਾਈ ਪਹਿਲੀ ਰਾਤ ਨੂੰ ਕਿਉਂ ਰੋਈ ਸੀ? ਮਾਈ ਪਿਆਰੇ ਸਤਿਸੰਗੀ ਪਤੀ ਦੇ ਸਤਿਸੰਗ ਤੋਂ ਵਾਂਜੀ ਹੋਈ ਅਪਣੇ ਆਪ ਨੂੰ ਦੇਖ ਰਹੀ ਸੀ, ਘਰ ਵਿਚ ਅੱਜ ਕਥਾ ਨਹੀਂ ਸੀ ਹੋਈ, ਕੀਰਤਨ ਨਹੀਂ ਸੀ ਹੋਇਆ।

 www.sikhbookclub.com

ਹਾਂ ਅੱਜ ਅੰਮ੍ਰਿਤ ਵੇਲੇ ਧਰਮਸਾਲ ਲਿਜਾਣ ਵਾਲਾ ਸਾਥੀ ਕੋਲ ਨਹੀਂ ਸੀ। ਓਹ ਅੱਖਾਂ ਜੋ ਇਸ ਵੇਲੇ ਸਤਿਸੰਗ ਵਿਚ ਸਮਾਧਿ ਸਥਿਤ ਹੋਕੇ ਪਿਆਰੇ ਵਾਹਿਗੁਰੂ ਵਿਚ ਟਿਕਾਉ ਦਾ ਅਨੰਦ ਲੈਂਦੀਆਂ ਸਨ, ਅੱਜ ਆਪਣੀ ਨਿੱਘ ਨਾਲ ਨਿੱਘੇ ਹੋਏ ਸਿਰ੍ਹਾਣੇ ਨਾਲ ਰਗੜ ਖਾਂਦੀਆਂ, ਹੰਝੂਆਂ ਪੰਘਾਰੇ ਬਿਨਾਂ ਕਿਸਤਰ੍ਹਾਂ ਰਹਿ ਸਕਦੀਆਂ ਹਨ? ਨਾਸ਼ੁਕਰੀ ਤੇ, ਨਿਰਾਸਤਾ ਵਿਚ ਨਹੀਂ ਪਰ ਨਿਜ ਦੇ ਸਤਿਸੰਗੀ ਦੇ ਚਲੇ ਜਾਣ ਤੇ, ਸਤਿਸੰਗ ਦੀ ਘਾਟ ਪੈਣ ਤੇ, ਸੁਰਤ ਦਾ ਸਤਿਸੰਗੀ ਆਸਰਾ ਟੁੱਟਣ ਤੇ ਪਜਾਰ ਦਾ ਵੈਰਾਗ ਆਉਂਦਾ ਹੈ। ਫੇਰ ਬਾਣੀ ਦੇ ਆਸਰੇ ਨਾਲ ਅਰਦਾਸ ਦੇ ਰਸਤੇ ਸਾਈਂ ਦੀ ਹਜ਼ੂਰੀ ਵਿਚ ਜਾਕੇ ਮਾਈ ਨਾਮ ਦੇ ਰੌ ਵਿਚ ਲਗ ਜਾਂਦੀ ਹੈ।

ਡਾਕਦਾਰਨੀ— ਭੈਣ ਜੀ, ਉਹ ਮਾਈ ਤਾਂ ਬੜੀ ਉੱਚੀ ਸੀ, ਉਸਨੂੰ ਪਤੀ ਵਿਯੋਗ ਦੇ ਸੁੱਚੇ ਪਜਾਰ ਨੇ ਵੈਰਾਗ ਵਿਚ ਲੈ ਆਂਦਾ ਸੀ ਤੇ ਮੈਂ ਤਾਂ ਵੀਰ ਦੇ ਸਾਕਾਦਾਰੀ ਵਾਲੇ ਪਜਾਰ ਵਿਚ ਓਦਰੀ ਤੇ ਰੋਈ ਹਾਂ। ਪਰ ਫੇਰ ਭੈਣ ਜੀ! ਏਥੇ ਇਕ ਗਲ ਮੈਂ ਕਹੇ ਬਿਨਾਂ ਨਹੀਂ ਰਹਿ ਸਕਦੀ ਕਿ ਕਿੰਨੀ ਵਡਿਆਈ ਹੈ ਸਤਿਸੰਗ ਦੀ ਜੋ ਮੇਰੇ ਜਿਹੀ ਮੋਹ ਵਿਚ ਫਾਥੀ ਦਾ ਫਿਕਰ ਸਤਿਸੰਗ ਨੇ ਕੀਤਾ ਹੈ ਤੇ ਸ੍ਰੀ ਬਾਬਾ ਜੀ ਨੇ ਪਰਵਾਰ ਸਣੇ ਆ ਕੇ ਮੈਨੂੰ ਧਰਵਾਸ ਦਿੱਤਾ ਹੈ। ਫੇਰ ਅਜੇ ਮੈਨੂੰ ਨਿਤਾਣਿਆਂ ਤੱਕ ਕੇ ਤੁਸਾਨੂੰ ਛੋੜ ਗਏ ਹਨ ਜੋ ਅਪਣੇ ਸਤਿਸੰਗ ਨਾਲ ਮੈਨੂੰ ਉਚਿਆਂ ਕਰੀ ਰਖੋ। ਇਹ ਵਡਿਆਈ ਸਤਿਸੰਗ ਦੀ ਹੈ। ਧੰਨ ਵਾਹਿਗੁਰੂ, ਧੰਨ ਗੁਰੂ ਆਪ, ਧੰਨ ਗੁਰਬਾਣੀ ਤੇ ਧੰਨ ਸਤਿਸੰਗ ਹੈ।

ਸੁਭਾਗ ਜੀ— ਭੈਣ ਜੀ! ਇਹੋ ਗਲ ਜਗਤ ਵਿਚ ਘਟ ਰਹੀ ਹੈ ਤੇ ਇਸੇ ਕਰ ਕੇ ਦੁਖ ਬੀ ਵੱਧ ਨਪੀੜਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਤਿਗੁਰਾਂ ਨੇ ਸਤਿਸੰਗ ਦੀ ਬੜੀ ਮਹਿਮਾ ਕੀਤੀ ਹੈ। ਸਤਿਸੰਗ ਹੀ 'ਜਤਨ ਕਰ ਰਹੇ ਗੁਰ ਸਿਖਾਂ' ਦਾ ਆਸਰਾ ਹੈ। ਮਾਈ ਨੇ ਆਪ ਜਤਨ ਕੀਤੇ, ਹੰਭਲੇ ਮਾਰੇ, ਬਾਣੀ ਦੀ ਟੇਕ ਲਈ, ਸ਼ੋਕ ਵਿਚੋਂ ਟਿਕਾਉ ਤੇ ਸਿਦਕ ਵਿਚ ਬਾਣੀ ਦੇ ਜ਼ੋਰ ਤੇ ਨਾਮ ਦੇ ਆਸਰੇ ਆਈ ਹੈ ਪਰ ਸਤਿਸੰਗ ਨੇ ਬੜਾ ਆਸਰਾ ਦਿੱਤਾ ਹੈ ਤੇ ਡੋਲਨ ਤੋਂ ਕਢ ਲਿਆ ਹੈ।

ਡਾਕਦਾਰਨੀ— ਮੈਨੂੰ ਇਹ ਕਥਾ ਸੁਣਕੇ ਬੜਾ ਧੀਰਜ ਆਇਆ ਹੈ। ਡਿਗ ਡਿਗ ਕੇ ਹੀ ਸਵਾਰ ਹੋਈਦਾ ਹੈ। ਸੁਹਣੇ ਸਤਿਸੰਗ ਦੇ ਆਸਰੇ ਆਸ ਹੈ ਮੈਂ ਵੀ ਤਰ ਖੜੋਵਾਂਗੀ। ਹਾਂ ਭੈਣ ਜੀ! ਅੱਗੋਂ ਕਥਾ ਸੁਣਾਓ। ਮਾਈ ਫੇਰ ਆਨੰਦਪੁਰ ਗਈ?

ਸੁਭਾਗ ਜੀ— ਇਸਤਰ੍ਹਾਂ ਦੀ ਪਹਿਲੀ ਰਾਤ ਗੁਜ਼ਰ ਚੁਕੀ ਸੀ। ਸਤਿਸੰਗ ਦੀ ਪ੍ਰੇਮਣ, ਪਤੀ ਵਿਚ ਸਤਿਸੰਗ ਦਾ ਆਸਰਾ ਵੇਖਣ ਵਾਲੀ ਮਾਈ, ਪ੍ਰੇਮ ਵਿਚ ਰੰਗੀ ਅਰ ਇਹ ਕਾਰਨ ਪਾ ਕੇ ਵੈਰਾਗ ਵਿਚ ਹੋਰ ਆਰੂੜ੍ਹ ਹੋ ਗਈ ਮਾਈ ਹੁਣ ਆਨੰਦਪੁਰ ਪਹੁੰਚੀ ਹੈ। ਪਿਆਰੀ ਪੁੱਤਰੀ ਨੂੰ ਆ ਕੇ ਮਿਲੀ। ਮਾਤਾ ਨੂੰ 'ਸ੍ਰੀ ਜੀਤੋ ਜੀ' ਧਾਕੇ ਮਿਲੀ ਪਰ ਪਿਤਾ ਜੀ ਨੂੰ ਨਾਲ ਨਾ ਵੇਖਕੇ ਵੈਰਾਗ ਵਿਚ ਕਹਿੰਦੀ ਹੈ, "ਮਾਂ ਜੀ ਪਿਆਰੇ ਬਾਪੂ ਜੀ ਕਿੱਥੇ ਹਨ?" ਤਦ ਓਹ ਮਾਈ ਕਿਸ ਸਿਦਕ ਵਿਚ ਬੋਲਦੀ ਹੈ "ਬੀਬੀ ਜੀ! ਤੇਰੇ ਪਿਤਾ ਜੀ ਲੁਕਨਮੀਟੀ ਖੇਡਦੇ, ਦਾਈ ਫੁਲਾਂ ਸਿਹਰੇ ਕਰਦੇ, ਪਿਆਰੇ ਦੀ ਗੋਦ ਵਿਚ ਜਾ ਬਿਰਾਜੇ ਹਨ! ਉਹਨਾਂ ਦਾ ਸਰੀਰ ਦਾ ਪਰਦਾ ਦੂਰ ਹੋ ਗਿਆ ਤੇ ਆਤਮਾ ਸੁਤੰਤਰ। ਪਰ ਮੈਂ ਵਿਯੋਗ ਮਾਰੀ ਸ਼ੁਕਰ ਨਹੀਂ ਕਰ ਸਕੀ। ਸਤਿਗੁਰਾਂ ਦੇ ਚਰਨਾਂ ਵਿਚ ਨੱਠੀ ਆਈ ਹਾਂ ਜੋ ਮੇਰੀ ਸਿਦਕ ਦੀ ਬੇੜੀ ਨੂੰ ਡੋਲਣ ਤੋਂ ਬਚਾ ਲੈਣ।" ਪਿਤਾ ਦਾ ਵਿਯੋਗ ਸੁਣਦੇ ਸਾਰ ਮਾਤਾ ਜੀਤੋ ਜੀ ਦੇ ਆਤਮਾ ਵਿਚ ਵੈਰਾਗ ਦਾ ਚੱਕਰ ਆਯਾ। ਚੱਕਰ ਦੇ ਨਾਲ ਅਫੁਰਤਾ ਆਕੇ ਸੁਰਤ ਉੱਚੇ ਘਰੀਂ ਜਾ ਚੜ੍ਹੀ, ਅਰ ਦੋ ਕੁ ਮੋਤੀ ਕਿਰਦਿਆਂ ਤਕ ਸਮਾਧਿ ਲੱਗ ਗਈ। ਮਾਈ ਭੀ ਬਚੜੀ ਦੇ ਪਾਸ ਬੈਠੀ ਏਕਾਗਰ ਚਿੱਤ ਹੋਕੇ ਨਾਮ ਵਿਚ ਲਗ ਗਈ। ਕਿਤਨਾ ਕਾਲ ਬੀਤ ਗਿਆ। ਸ੍ਰੀ ਦਸਮੇਸ਼ ਜੀ ਆ ਗਏ। ਦੁਹਾਂ ਦੇ ਨੈਣ ਖੁਲ੍ਹ ਗਏ। ਮਾਈ ਵਲ ਵੇਖਕੇ ਸ੍ਰੀ ਗੁਰੂ ਜੀ ਪ੍ਰੇਮ ਨਾਲ ਬੋਲੇ:-

"ਕਬੀਰ ਜਾ ਦਿਨ ਹਉ ਮੂਆ ਪਾਛੈ ਭਇਆ
ਅਨੰਦੁ॥ ਮੋਹਿ ਮਿਲਿਓ ਪ੍ਰਭੁ ਅਪਨਾ ਸੰਗੀ
ਭਜਹਿ ਗੋੁਬਿੰਦੁ॥"

ਇਨ੍ਹਾਂ ਦੋ ਤੁਕਾਂ ਵਿਚ ਮਾਈ ਨੂੰ ਉਹ ਆਤਮ ਦਰਸ ਤੇ ਉਹ ਆਤਮ ਉਪਦੇਸ਼ ਹੋਇਆ ਕਿ ਸਰੀਰ ਦੇ ਪਰਦੇ ਵਿਚ ਜੋ ਆਪਾ ਉੱਚਾ ਉਠਦਾ ਸੀ ਉਸਨੂੰ ਇਕ ਹੋਰ ਉੱਚਾ ਝਲਕਾ ਵਜਦਾ ਹੈ:-

"ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ॥
ਮਰਤਾ ਜਾਤਾ ਨਦਰਿ ਨ ਆਇਆ॥

ਅਮਰ ਅਵਸਥਾ ਲਖੀ ਗਈ। ਕੁਝ ਕਾਲ ਏਦਾਂ ਹੀ ਬੀਤ ਗਿਆ। ਸਤਿਗੁਰ ਦੇ ਸਤਿਸੰਗ ਦੇ ਪ੍ਰਵਾਹ ਵਿਚ ਪਤੀ ਵਿਯੋਗ ਦੀ ਸੱਟ ਤੋਂ ਬਾਦ ਆਤਮਾਂ ਇਕ ਪਉੜੀ ਹੋਰ ਚੜ੍ਹ ਗਿਆ। ਕੈਸਾ ਅਨੰਦ ਹੈ? ਰੂਹ ਵਿਚ ਇਕ ਨਾਮਲੂਮ ਕਮਜ਼ੋਰੀ ਜੋ ਵਿਛੋੜੇ ਦੀ ਸੱਟ ਨੇ ਪੈਦਾ ਕੀਤੀ ਸੀ, ਇਸ ਸਤਿਸੰਗ ਨੇ ਉਡਾ ਦਿੱਤੀ।

ਜਗਿਆਸੂ ਲਈ ਹਰ ਸਦਮਾ ਤ੍ਰੱਕੀ ਦਾ ਕਦਮ ਹੈ, ਹਰ ਠੁਹਕਰ ਉਂਨਤੀ ਦੀ ਪਉੜੀ ਹੈ, ਹਰ ਮੁਸੀਬਤ ਪਹਿਲੇ ਤੋਂ ਵਧੀਕ ਉੱਚਾ ਤੇ ਦਾਨਾ ਬਣਾਉਂਦੀ ਹੈ, ਪਰ ਤਾਂ ਜੇ ਜੀਉਣ-ਕਣੀ ਅੰਦਰ ਹੈ, ਸਤਿਸੰਗ ਦਾ ਆਸਰਾ ਹੈ ਤੇ ਮਨ ਉਂਨਤੀ ਵਲ ਨੂੰ ਉਮੱਲ ਰਿਹਾ ਹੈ।

'ਮਉਲਾ ਖੇਲ ਕਰੇ ਰੁਠ ਤੁਠੇਂ ਸਾਈਂ ਦੇ ਰੰਗ ਤੇ ਭੇਤ ਸਾਈਂ ਜਾਣੇ ਪਰ ਜੀਵ, ਭਰੋਸੇ ਵਾਲਾ ਜੀਵ, ਗੁਰੂ ਕਾ ਸਵਾਰਿਆ ਜੀਵ, ਇਹ ਜਾਣਦਾ ਹੈ ਕਿ ਜੋ ਕੁਛ ਹੁੰਦਾ ਹੈ ਮੇਰੇ ਲਾਭ ਲਈ ਹੁੰਦਾ ਹੈ। ਸਾਈਂ ਵਲੋਂ ਮਾਈ ਲਈ ਹੁਣ ਦੂਸਰੀ ਰਾਤ ਆਈ। ਮਾਈ ਦੀ ਸੁਰਤ ਜੋ ਨਾਮ ਵਿਚ ਲਗੀ ਰਹਿੰਦੀ ਹੈ, ਜੋ ਸ਼ਬਦ ਦੇ ਆਸਰੇ ਹੈ, ਸ਼ਾਇਦ ਅਜੇ ਏਥੇ ਜਾਕੇ ਟਿਕੀ ਨਹੀਂ,- "ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ।" ਵਿਖੇ ਉਡਾਰੀ ਤਾਂ ਵਜਦੀ ਹੈ ਪਰ ਟਿਕਣਾ ਅਜੇ ਔਖੇਰਾ ਹੈ। ਇਕੇ ਟਿਕਾਉਣ ਲਈ ਪਰਮੇਸ਼ੁਰ ਨੇ ਮਾਨੋਂ ਐਉਂ ਪਕਾਵਣਾ ਹੈ ਕਿ ਜਿੱਕੂੰ ਲੁਹਾਰ ਆਪਣੇ ਸੰਦ ਤਿਆਰ ਕਰਦਾ ਹੈ। ਗੁਰੂ ਦੀ ਗੁਰੂ ਜਾਣੇ, ਪਰ ਮਾਈ ਦੀ ਰੂਹ ਵਿਚ ਹੋਰ ਬਲ ਭਰਨ ਵਾਸਤੇ ਹੋਰ ਔਖੀ ਰਾਤ ਆਈ।

ਇਕ ਦਿਨ ਮਾਤਾ ਜੀਤੋ ਜੀ ਨੇ ਲਿਵ ਵਿਚ ਜੁੜਿਆਂ ਕੀ ਡਿੱਠਾ ਕਿ ਸ਼ਾਰੇ ਸਪੁੱਤ੍ਰ ਅੱਖਾਂ ਦੇ ਅੱਗੇ ਸ਼ਹੀਦ ਹੋ ਗਏ ਹਨ। ਨੈਣ ਖੋਲ੍ਹੇ ਅਰਦਾਸਾ ਸੋਧਿਆ, ਫੇਰ ਸੁਰਤ ਜੋੜੀ ਫੇਰ ਉਹੋ ਦਰਸ਼ਨ। ਫੇਰ ਉਠਕੇ ਇਸ਼ਨਾਨ ਕੀਤਾ, ਟਹਿਲਕੇ ਇਕ ਦੋ ਭੋਗ ਸ੍ਰੀ ਜਪੁ ਸਾਹਿਬ ਦੇ ਪਾਏ, ਫੇਰ ਸ਼ਬਦ ਵਿਚ ਸੁਰਤ ਜੋੜਕੇ ਬੈਠ ਗਈ, ਪਰ ਫੇਰ ਉਹੋ ਦਰਸ਼ਨ। ਘਬਰਾਕੇ ਉੱਠੀ ਤਦ ਦਸਮੇਸ਼ ਜੀ ਦੇ ਪਿਆਰੇ ਦਰਸ਼ਨ ਹੋਏ। ਧਾਕੇ ਚਰਨੀਂ ਪੈ ਗਈ:- "ਹੇ ਮਾਲਿਕ, ਹੇ ਸੁਆਮੀ, ਹੇ ਗੁਰੂ! ਅੱਜ ਕੀ ਕੌਤਕ ਵਰਤਾਇਆ ਜੇ? ਕੀ ਠੀਕ ਚਾਰੋਂ ਦੁਲਾਰੇ ਐਦਾਂ ਸ਼ਹੀਦ ਹੋ ਜਾਣਗੇ, ਅਰ ਮੈਂ ਮਮਤਾ ਭਰੀ ਮਾਂ ਵੇਖਣ ਵਾਸਤੇ ਪਾਸ ਹੋਵਾਂਗੀ?"

ਸ੍ਰੀ ਗੁਰੂ ਜੀ ਕੁਛ ਚੁਪ ਹੋਕੇ ਬੋਲੇ— "ਦੇਖ ਤੂੰ ਲਿਆ ਹੈ, ਕੁਦਰਤ ਵਿਚ ਇਹ ਹੋ ਚੁਕਾ ਹੈ, ਮਾਇਆ ਦੀ ਚਾਦਰ ਉੱਤੇ ਉਸਦਾ ਪਰਛਾਵਾਂ ਅਜੇ ਨਹੀਂ ਪਿਆ ਇਸ ਲਈ ਸਮੇਂ ਦੀ ਸਹਾਇਤਾ ਨਾਲ (ਕੁਝ ਚਿਰ ਨੂੰ) ਜਦ ਪਰਛਾਵਾਂ ਪਏਗਾ, ਸਥੂਲ ਨੇਤਰ ਭੀ ਇਸਨੂੰ ਵੇਖ ਲੈਣਗੇ।"

ਜੀਤੋ ਜੀ— ਪ੍ਰਾਣ ਨਾਥ! ਮੈਂ ਉਸ ਦਰਸ਼ਨ ਦੇਖਣ ਦਾ ਬਲ ਨਹੀਂ ਰੱਖਦੀ।

ਸ੍ਰੀ ਗੁਰੂ ਜੀ— ਬਲ ਤਾਂ ਬਥੇਰਾ ਹੈ, ਪਰ ਇਹ ਦਰਸ਼ਨ ਜੋ ਡਿੱਠਾ ਹੈ, ਇਹ ਉਸ ਆਵਣ ਵਾਲੇ ਦਰਸ਼ਨ ਤੋਂ ਘਬਰਾਉਣ ਲਈ ਨਹੀਂ ਹੈ, ਪਰ ਉਸ ਲਈ ਤਿਆਰ ਹੋਣ ਲਈ ਹੈ, ਸ਼ੁਕਰ ਕਰੋ ਅਰ ਸਿਦਕ ਦਾਨ ਮੰਗੋ ਤੇ ਤਿਆਰ ਹੋਵੋ।

ਜੀਤੋ ਜੀ— ਪ੍ਰਾਣ ਨਾਥ ਜੀ! ਆਪ ਦੀ ਆਗਿਆ ਸੱਤ ਹੈ, ਸਦਾ ਸੱਤ ਹੈ, ਜੋ ਦਿਖਾਓ ਦੇਖਣਾ ਤੇ ਦੇਖਣ ਦੇ ਬਲ ਦੀ ਮੰਗ ਵੀ ਆਪ ਤੋਂ ਕਰਨੀ ਹੈ। ਪਰ ਜੇ ਭੁੱਲ ਬਖਸ਼ੀ ਜਾਵੇ ਤਦ ਇਹ ਅਰਜ਼ੋਈ ਹੈ ਕਿ ਉਹ ਦਰਸ਼ਨ ਕਿਵੇਂ ਇਹਨਾਂ ਮਾਇਕ ਨੇਤਰਾਂ ਨੂੰ ਨਾਂ ਵੇਖਣੇ ਪੈਣ!

ਇਹ ਸੁਣ ਕੇ ਸ੍ਰੀ ਗੁਰੂ ਜੀ ਅੰਤਰ ਧਿਆਨ ਹੋ ਗਏ, ਦੋ ਘੜੀਆਂ ਮਗਰੋਂ ਫੇਰ ਤੱਕੇ ਤੇ ਬੋਲੇ— "ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ॥" ਵਾਹਿਗੁਰੂ ਦੀ ਪਿਆਰੀ! ਤੇਰੇ ਲਈ ਹੋਰ ਪ੍ਰਬੰਧ ਹੋ ਰਿਹਾ ਹੈ। ਭਾਣੇ ਤੇ ਸ਼ਾਕਰ ਰਹੋ ਤੇ ਮੰਗੋ ਕੁਛ ਨਾ, ਚੜ੍ਹੋ ਸਿਦਕ ਦੀ ਬੇੜੀ, ਦੇਖੋ ਭਰੋਸੇ ਦੇ ਚੱਪੇ ਕੀ ਕਰ ਰਹੇ ਹਨ? ਰਜ਼ਾ ਨਾਲ ਮਰਜ਼ੀ ਮੇਲਕੇ ਇਕ ਸੂਰ ਹੋ ਜਾਓ। ਸਾਈਂ ਨੂੰ ਭਾਇਆ ਹੈ, ਕਿ ਤੁਸੀਂ ਉਹ ਦਰਸ਼ਨ ਨਾ ਦੇਖੋ।


www.sikhbookclub.com

ਜੀਤੋ ਜੀ— ਸੱਤ ਬਚਨ?

ਅਭਿਆਸ ਵਾਲੀ ਮਾਤਾ ਜੀ, ਜੋ ਰੋਗ ਦੇ ਬੀ ਜਾਣੂ ਸੇ, ਵਿਚਾਰ ਵਾਲੇ ਮਨ ਤੋਂ ਉਠਕੇ ਨਿਸ਼ਚੇ ਦੇ ਪਦ ਤੇ ਜਾ ਖੜੋਤੇ। ਹਾਂ, ਮਾਤਾ ਕੀ ਦੇਖਦੀ ਹੈ ਕਿ ਮੇਰੇ ਸਰੀਰ ਦਾ ਚਲਾਣਾ ਤਾਂ ਅਤਿ ਨੇੜੇ ਆ ਰਿਹਾ ਹੈ। ਨੇਤਰ ਖੋਲ੍ਹਕੇ ਭੌਰੇ ਦੀ ਤਰ੍ਹਾਂ ਚਰਨ ਕਮਲਾਂ ਨੂੰ ਲਿਪਟ ਗਈ। ਚਿਹਰੇ ਤੇ ਖੁਸ਼ੀ, ਸ਼ੁਕਰ ਤੇ ਰਜ਼ਾ ਮੰਨਣ ਦੀ ਸ਼ਾਂਤ ਵਰਤ ਗਈ ਤੇ ਬੇਨਤੀ ਨਿਕਲੀ:—

"ਪ੍ਰਾਣ ਨਾਥ! ਆਪ ਆਤਮ, ਮੈਂ ਜੜ੍ਹ ਮਾਇਆ ਰੂਪ, ਆਪ ਦੀ ਚੇਰੀ ਦਾਸੀ, ਏਹ ਆਪ ਦੀ ਵਡਿਆਈ ਸੀ, ਜੋ ਲੜ ਲਾਇਆ ਤੇ ਤੋੜ ਨਿਭਾਇਆ। ਹੁਣ ਐਸਾ ਦਾਨ ਕਰੋ ਕਿ ਬਾਕੀ ਦੇ ਸੁਵਾਸ ਅਖੰਡਾਕਾਰ ਨਾਮ ਦੀ ਲਿਵ ਵਿਚ ਤੇਲ ਦੀ ਧਾਰ ਵਾਙੂੰ ਲੰਘਣ"। ਸ੍ਰੀ ਗੁਰੂ ਜੀ ਜਿਨ੍ਹਾਂ ਦੇ ਨਿਸ਼ਚੇ ਵਿਚ, "ਨਹ ਕਿਛੁ ਜਨਮੈ ਨਹ ਕਿਛੁ ਮਰੈ॥ ਆਪਨ ਚਲਿਤੁ ਆਪ ਹੀ ਕਰੈ॥" ਦਾ ਪ੍ਰਕਾਸ਼ ਹੈ, ਕਹਿੰਦੇ ਹਨ "ਪਿਆਰੀ! ਵਾਹਿਗੁਰੂ ਸੁਆਰੀ! ਤੇਰੀ ਸਿੱਖੀ ਨਿਭ ਗਈ, ਵਾਸਾ ਵਾਹਿਗੁਰੂ ਵਿਚ ਹੋ ਗਿਆ, ਪਿਆਰੇ ਪਿਤਾ ਦੀ ਗੋਦ, ਭੈ, ਪ੍ਰੇਮ ਭਗਤੀ ਨਾਲ ਅਫੁਰ ਹੋਕੇ ਸਮਾਉਣਾ।" ਇਹ ਕਹਿਕੇ ਸਿਦਕ ਦਾਨ ਬਖਸ਼ਿਆ।

ਇਸ ਗੁਪਤ ਵਾਰਤਾ ਤੋਂ ਕੁਛ ਦਿਨ ਬਾਦ ਮਾਤਾ ਜੀ ਬੈਠੇ ਬੈਠੇ ਕੁਛ ਉਦਾਸੀਨ ਜਿਹੇ ਦਿੱਸੇ। ਪਿਆਰੀ ਮਾਈ ਸਭਰਾਈ ਇਕਲੌਤੀ ਬੇਟੀ ਦੇ ਪਾਸ ਬੈਠੀ ਬਲਾਵਾਂ ਲੈ ਰਹੀ ਹੈ, ਬਾਣੀ ਪੜ੍ਹ ਰਹੀ ਹੈ ਤੇ ਪ੍ਰਾਰਥਨਾਂ ਕਰ ਰਹੀ ਹੈ, ਪਰ ਧੀ ਦੀ ਪਿਆਰੀ ਮੂਰਤ ਵਿਚੋਂ ਬਲ ਘਟਦਾ ਜਾ ਰਿਹਾ ਹੈ। ਗੁਰੂ ਸਾਹਿਬ ਤੇ ਸਾਹਿਬਜ਼ਾਦੇ ਸਾਰਾ ਪਰਿਵਾਰ ਰਾਤ ਭਰ ਪਾਸ ਬੈਠੇ ਰਹੇ ਹਨ। ਕੋਈ ਰੋਗ ਨਹੀਂ ਹੈ, ਪਰ ਅੰਦਰਲੀ ਬਾਹਰਲੀ ਸੱਤਜਾ ਕੁਛ ਹੋਰ ਰੰਗ ਧਾਰ ਰਹੀ ਹੈ। ਅੰਮ੍ਰਿਤ ਵੇਲਾ ਹੋ ਗਿਆ, ਮਾਤਾ ਜੀ ਦੀ ਸਮਾਧੀ ਲਗ ਗਈ, ਸਮਾਧੀ ਵਿਚ ਸੁਰਤਿ ਕੀ ਕਰਨ ਲਗੀ "ਸੁਰਤੀ ਸੁਰਤਿ ਰਲਾਈਐ ਏਤੁ" ਸੁਰਤੇ ਵਿਚ ਸੁਰਤ ਜਾ ਰਲੀ। ਪਿਆਰੇ ਦੀਨ ਰੱਖਜਕ, ਦੁਲਾਰਿਆਂ ਦੀ ਮਾਤਾ ਸੰਸਾਰ ਯਾਤਰਾ ਸੰਪੂਰਨ ਕਰ ਗਈ।

ਸਭਰਾਈ ਲਈ ਅੱਜ ਦੂਸਰਾ ਦਿਨ ਚੜ੍ਹਿਆ ਜਦ ਫੇਰ ਸੰਸਾਰ ਚੱਕਰ ਖਾਕੇ ਅੱਖਾਂ ਵਿਚੋਂ ਉਡ ਗਿਆ। ਇਕ ਸ਼ੂਨਤਾ ਦਿੱਸੀ, ਵੈਰਾਗ ਤੇ ਭਰੋਸਾ, ਵਿਛੋੜੇ ਤੇ ਸਿਦਕ ਜੱਫੀਆਂ ਪਾਕੇ ਇਕ ਮਿੱਕ ਹੋ ਗਏ। ਸ਼ੁਕਰ ਹੈ, ਪਰ ਰੋਣ ਹੈ। ਭਾਣਾ ਪਿਆਰਾ ਹੈ, ਪਰ ਉਦਾਸੀ ਹੈ। ਸਿਦਕ ਹੈ, ਪਰ ਹੰਝੂ ਨਹੀਂ ਸੁਕਦੇ। ਹੰਝੂ ਸੁਕਦੇ ਹਨ ਪਰ ਪ੍ਰਾਰਥਨਾ ਵਿਚ ਜੁੜ ਗਿਆਂ ਝਲਦਾ ਵਜਦਾ ਹੈ ਆਤਮਾ ਦੇ ਅਮਰ ਹੋਣ ਦਾ। ਸੁਰਤ ਦੇ ਏਕਾਗ੍ਰ ਹੋ ਗਿਆਂ ਦੁਨੀਆਂ ਤਾਂ ਸੁੰਞੀ ਦਿੱਸਦੀ ਹੈ ਪਰ ਆਤਮਾ ਨਾਲ ਭਰਪੂਰ ਦਿੱਸਦੀ ਹੈ। ਜਹਾਨ ਫਨਾਹ ਦਿੱਸਦਾ ਹੈ, ਪਰ ਵਾਹਿਗੁਰੂ ਦੀ ਜੋਤਿ ਦੀ ਅਖੰਡਾਕਾਰ ਲੱਖਤਾ ਬੀ ਪਈ ਹੁੰਦੀ ਹੈ।

ਸ਼ਬਦ ਕੀਰਤਨ, ਸਾਰੇ ਦੈਵੀ ਸਮਾਨ ਹੋਏ! ਮਾਤਾ ਜੀਤੋ ਜੀ ਦਾ ਸੰਸਕਾਰ ਇਸ ਪ੍ਰਿਥਵੀ ਮੰਡਲ ਤੇ ਅਦੁਤੀ ਬੀਰਾਂ, ਸਾਹਿਬਜ਼ਾਦਿਆਂ ਨੇ ਤ੍ਰਿਲੋਕੀ ਦੇ ਨਾਥ ਦਸਮੇਸ਼ ਜੀ ਦੀ ਆਗਿਆ ਵਿਚ ਕੀਤਾ। ਮਾਤਾ ਭਾਗਾਂ ਵਾਲੀ ਹੋ ਗਈ। ਸੁਹਾਗਵੰਤੀ, ਪੁੱਤਰ ਵੰਤੀ, ਸ਼ੀਲ ਵੰਤੀ, ਸੰਤੋਖ ਵੰਤੀ ਤੇ ਸਿਦਕ ਵੰਤੀ ਵਾਹਿਗੁਰੂ ਦੇ ਚਰਨਾਂ ਵਿਚ ਸਮਾ ਗਈ। ਕੀਰਤਨ ਸੋਹਿਲੇ ਦੇ ਪਾਠ ਤੇ ਅਰਦਾਸੇ ਹੋ ਗਏ। ਲੋਕ ਘਰੋ ਘਰੀ ਪਹੁੰਚ ਗਏ। ਰਾਤ ਆ ਗਈ, ਆਹ ਦੂਜੀ ਰਾਤ ਆ ਗਈ, ਜਿਸ ਵਰਗੀ ਜ਼ਿੰਦਗੀ ਵਿਚ ਇਕ ਅੱਗੇ ਡਿੱਠੀ ਸੀ। ਸਭ ਸੌਂ ਗਏ, ਗੁਰੂ ਜੀ ਭੀ ਆਪਣੇ ਆਸਨ ਬਿਰਾਜੇ। ਸਾਹਿਬਜ਼ਾਦੇ ਵੀ ਬਿਰਾਜ ਗਏ। ਆਪਣੇ ਟਿਕਾਣੇ ਵਾਲੇ ਥਾਂ ਇਕੱਲੀ ਮਾਈ ਪਈ ਇਸ ਦੂਸਰੀ ਰਾਤ ਦੇ ਕੌਤਕ ਦੇਖ ਰਹੀ ਹੈ। ਜਿਸ ਤਰ੍ਹਾਂ ਦੀ ਰਾਤ ਤੋਂ ਉਪ੍ਰਾਮ ਹੋਕੇ ਘਰ ਛੱਡਕੇ ਏਥੇ ਆਈ ਸੀ, ਉਸੇ ਤਰ੍ਹਾਂ ਦੀ ਰਾਤ ਏਥੇ ਆ ਕੇ ਫੇਰ ਆਈ। ਹੁਕਮ, ਏਹ ਮਾਲਿਕ ਦਾ ਹੁਕਮ ਹੈ, ਜਿਸ ਨਾਲ ਅਪਣੀ ਮਰਜ਼ੀ ਦੀ ਤਾਰ ਦੀ ਸੁਰ ਮੇਲਣੀ ਹੈ।

ਮਾਈ ਦਾ ਹਿਰਦਾ ਜੋ ਪਰਮਾਰਥ ਦੇ ਰਸਤੇ ਦਾ ਪੁਰਾਣਾ ਤੁਰਾਊ ਹੈ, ਕੀ ਵੇਖਦਾ ਹੈ ਕਿ ਅੱਗੇ ਤਾਂ ਵਿਧਵਾ ਹੋਈ ਸਾਂ, ਪਰ ਅੱਜ ਧੀ ਵਿਹੂਣੀ ਹੋ ਗਈ ਹਾਂ! ਜਦ ਇਹ ਖਿਆਲ ਅੱਖਾਂ ਅੱਗੇ ਆਉਂਦਾ ਹੈ, ਤਦ ਅੰਦਰੋਂ ਪਰਮਾਰਥ ਦੀ ਸਾਧਨਾ ਸਹਾਈ ਹੋ ਖੜੋਂਦੀ ਹੈ ਤੇ ਆਖਦੀ ਹੈ : ਮਨਾਂ! ਏਹ ਨਾਸ਼ੁਕਰੀ ਦੇ ਦੂਤ ਆਏ ਹਨ। ਦੂਰ ਕਰ ਇਨ੍ਹਾਂ ਨੂੰ ਜੋ ਸਾਬਤ

ਲੰਘਣਾ ਹਈ ਇਸ ਵੇਲੇ ਤਾਂ। ਦੁਨੀਆਂ ਦੇ ਸੰਬੰਧ ਕਿਆ ਪਤੀ ਤੇ ਕਿਆ ਧੀ ਆਖਰ ਵਿਛੜਨੇ ਸੀ, ਮੈਂ ਮਰਦੀ ਚਾਹੇ ਓਹ ਤੁਰਦੇ। ਪਰ ਵਾਹਿਗੁਰੂ ਦਾ ਸੰਬੰਧ ਆਦਿ ਜੁਗਾਦਿ ਤੋਂ ਹੈ ਜੋ ਅੰਤ ਪ੍ਰਯੰਤ ਟੁੱਟਣ ਵਾਲਾ ਨਹੀਂ ਹੈ, ਸੋ ਉਸ ਨਾਲ ਨਾ ਟੁੱਟੇ। ਇਹ ਜੋ ਕੁਛ ਹੋਇਆ ਹੈ ਸੋ ਭਾਣਾ ਹੈ, ਉਸ ਪਿਆਰੇ ਦਾ ਅਰ ਸਿਰ ਨਿਹੁੜਾਕੇ ਝੱਲਣਾ ਹੈ। ਝੱਲ ਹੇ ਮੇਰੇ ਆਤਮਾਰਾਮ ਇਸਨੂੰ ਝੱਲ! ਝੱਲਣ ਦੇਹ ਮੇਰੇ ਮਨੀ ਰਾਮ! ਮੈਨੂੰ ਪਿਆਰੇ ਦਾ ਭਾਣਾ ਮਿੱਠਾ ਕਰਕੇ। ਤੂੰ ਪੁੱਠੀਆਂ ਦਿਖਾਲੀਆਂ ਨਾ ਦੇਹ, ਮੇਰੀ ਧੀ ਮਰੀ ਨਹੀਂ, ਸੱਚਖੰਡ ਗਈ ਹੈ। ਗੁਰਮੁਖ ਕਦੇ ਮਰਦੇ ਹਨ? ਗੁਰਮੁਖ ਤਾਂ ਆਪਣੇ ਘਰ ਜਾਂਦੇ ਹਨ। ਕੇਹੀ ਚੰਗੀ ਧੀ ਸੀ, ਸੁਲੱਖਣੀ ਧੀ ਸੀ, 'ਸੀ' ਨਹੀਂ ਪਰ 'ਹੈ'। ਧੀ ਸੁਲੱਖਣੀ ਹੈ ਜਿਸਦੀ ਤੁਫੈਲ ਗੁਰੂ ਨਾਲ ਸਾਕ ਹੋਇਆ, ਸ਼ਰਧਾ ਹੋਈ ਤੇ ਕਲਿਆਨ ਦਾ ਰਾਹ ਖੁੱਲ੍ਹਾ। ਸਚ ਮੁਚ ਸ਼ੁਕਰ ਕਰਨ ਅਰ ਖੁਸ਼ ਹੋਣ ਦੀ ਥਾਂ ਹੈ।

ਇਉਂ ਸੋਚਦੀ ਦੇ ਅੱਗੇ ਨਾ ਉਮੈਦੀ ਇਕ ਹਵਾਈ ਚੱਕਰ ਫੇਰ ਕੇ ਆਖਦੀ ਹੈ ਵਾਹ ਤੇਰੇ ਰੰਗ! ਨਾ ਸਹੁਰਿਓਂ ਨਾ ਪੇਕਿਓਂ ਸਭ ਤੁਰ ਗਏ। ਮੈਂ ਗੁਲਾਬ ਦੀ ਇਕ ਡੋਡਰ ਕਟੀਲ ਡਾਲੀ ਪਤਝੜੀ ਰੁੱਤ ਵਿਚ ਇਕੱਲੀ ਖੜੀ ਹਾਂ, ਸੁੰਞੀ। ਵਾਹ ਵਾਹ! ਐਦਾਂ ਸਭ ਨੇ ਤੁਰਨਾ ਸੀ? ਕੌਣ ਜਾਣਦਾ ਸੀ? ਕਦੇ ਪੰਘੂੜੇ ਵਿਚ ਝੂਟਦੀ ਤੇ ਲੋਰੀਆਂ ਲੈਂਦੀ ਸਾਂ। ਕਦੇ ਖਿੱਦੂ ਖੇਡਦੀ ਤੇ ਗੀਟੇ ਉਲਾਰਦੀ ਸਾਂ। ਕਦੇ ਤੇਲ ਚੜ੍ਹਦਾ ਤੇ ਲਾਵਾਂ ਲੈ ਰਹੀ ਸਾਂ। ਕਦੇ ਡੋਲੇ ਚੜ੍ਹੀ ਸਾਂ। ਆਹਾ! ਕਦੇ ਸੱਸ ਨੇ ਆ ਕੇ ਡੋਲਿਓਂ ਚੁੱਕ ਲਿਆ, ਮੇਰੀ ਤਲੀ ਨਾ ਭੋਇਂ ਨਾਲ ਲੱਗ ਜਾਵੇ, ਪਾਣੀ ਵਾਰ ਵਾਰ ਕੇ ਪੀਤੇ, ਤੇਲ ਚੋਏ, ਤਦ ਮੈਂ ਦਲ੍ਹੀਜ਼ਾਂ ਲੰਘੀ। ਦੰਮਾਂ ਬੋਰੀ ਹੱਥ ਪਏ ਤਦ ਸੁਹਰੇ ਦੀ ਗੁੱਥੀ ਛੁੱਟੀ ਸੀ। ਤਿਲ ਭੱਲਿਆਂ ਦੀ ਖੇਡ ਨੂੰ ਲੋਕੀਂ ਝੁਕ ਝੁਕ ਕੇ ਵੇਖਦਾ ਸੀ । ਪੀੜ੍ਹੇ ਮੇਰੇ ਬੈਠਣ ਨੂੰ ਉਡੀਕਦੇ ਸਨ। ਪੱਖੀਆਂ ਮੇਰੇ ਹੱਥੀਂ ਫੜੀਨ ਨੂੰ ਤਰਸਦੀਆਂ ਸਨ। ਕਨਾਰੀਆਂ ਗੋਟੇ ਮੇਰੇ ਅੰਗ ਲੱਗ ਕੇ ਤਾਰ ਤਾਰ ਹੋ ਕੇ ਸਦਕੇ ਹੋਣ ਨੂੰ ਮੇਰੇ ਕਪੜਿਆਂ ਨੂੰ ਚੰਬੜੇ ਸੇ। ਗਹਿਣੇ ਮੇਰੇ ਅੰਗਾਂ ਨੂੰ ਲੱਗ ਲੱਗਕੇ ਫਬਦੇ ਸੇ। ਚਾਰ ਚੁਫੇਰੇ ਹੱਥੀਂ ਛਾਵਾਂ ਸਨ। ਮੈਂ ਰਾਣੀ ਸਾਂ ਤੇ ਸਾਰੇ ਮੇਰੇ ਦਰਸ਼ਨਾਂ ਦੇ ਤਿਹਾਏ ਸਨ। ਉਹ ਸਮਾਂ ਉਹ ਪਿਆਰਾ ਸਮਾਂ ਕਿਧਰ ਗਿਆ? ਬੀਤ ਗਿਆ। ਛਲੀਆ ਸਮਾਂ ਸਦਾ ਤਿਲਕਦਾ ਹੈ। ਸਮਾਂ ਸੁੱਖਾਂ ਦੀ ਸਫ ਵਲ੍ਹੇਟਣ ਵਾਲਾ ਨਿਰਦਈ ਫੱਰਾਸ਼ ਹੈ। ...ਹੈਂ, ਸਭ, ਕੁਛ ਸੁਪਨਾ ਹੋ ਗਿਆ। ਵਾਹ, ਕੋਈ ਸੱਚ ਕਹਿੰਦਾ ਹੁੰਦਾ ਸੀ—

"ਇਕ ਦਿਨ ਸੁਪਨਾ ਹੋਵਨਾ
ਸਾਨੂੰ ਬਾਬਲ ਸੰਦਾ ਵਿਹੜਾ"

ਇਹ ਗੌਣ ਤਾਂ ਗਾਵੇਂ, ਪਰ ਤਦੋਂ ਇਹ ਕੌਣ ਜਾਣਦਾ ਸੀ ਕਿ— 'ਸੁਹਰਾ ਭੀ ਹੈ ਸੁਪਨਾ ਹੋਣਾ ਆ ਮੱਲਿਆ ਹੁਣ ਜਿਹੜਾ।' ਸਭ ਹੀ ਸੁਪਨਾ ਹੈ। ਪਰ ਹੁਣ ਕੀਹ ਇਹ ਭੀ ਸੁਪਨਾ ਨਹੀਂ ਜੋ ਹੁਣ ਬੀਤ ਰਿਹਾ ਹੈ? ਉਹ ਹੋ! ਸੁਖ ਨਹੀਂ ਰਹੇ ਤਦ ਦੁਖ ਕਦ ਰਹਿਣ ਲੱਗੇ ਹਨ। ਉਹ! ਮੇਰੇ ਮਨ! ਤੂੰ ਫੇਰ ਕਿਧਰ ਚਲਾ ਗਿਆ ਸੈਂ? ਹੈਂ, ਫਿਰ ਪਰਤ ਪਿਆ ਹੈਂ ਭਲੇ ਪਾਸੇ, ਪਰਤ ਮੇਰੇ ਮਨਾਂ। ਇਹ ਰਜ਼ਾ ਹੈ। ਨਾ ਦੁੱਖ ਹੈ ਨਾ ਸੁੱਖ ਹੈ। ਪਿਆਰੇ ਦਾ ਖੇਲ ਤਮਾਸ਼ਾ ਹੈ। ਉਹ ਭੀ ਡਿੱਠਾ ਤੇ ਇਹ ਭੀ ਡਿੱਠਾ। ਜੋ ਡਿੱਠਾ ਲੰਘ ਗਿਆ। ਕੌੜਾ ਮਿੱਠਾ ਸਭ ਲੰਘ ਗਿਆ। ਹੁਣ ਕੀ ਹੈ? ਬੀਤੇ ਦੀ ਯਾਦ, ਸੁਖਾਂ ਦੇ ਹਾਵੇ ਤੇ ਦੁਖਾਂ ਦੀਆਂ ਕਸਕਾਂ। ਜੇ ਤੂੰ ਵਰਤਮਾਨ ਵਿਚ ਵਰਤੇਂ ਤੇ ਬੀਤ ਗਏ ਦੇ ਹਾਵੇ ਤੇ ਰੋਣੇ ਛਡ ਦੇਵੇਂ ਤਾਂ ਤੂੰ ਨਾਮ ਵਿਚ ਵਸੇਂ। ਗੁਰਵਾਕ ਯਾਦ ਕਰ "ਏਹੜ ਤੇਹੜ ਛਡਿ ਤੂ ਗੁਰ ਕਾ ਸਬਦੁ ਪਛਾਣੁ॥" ਫੇਰ ਦੇਖ ਤੂੰ ਸੁਖੀ ਹੈਂ। ਤੂੰ ਹੈਂ ਤੇ ਨਾਮ। ਨਾਮ ਹੈ ਤੇ ਤੇਰੀ ਸੁਰਤ ਦੀ ਇਸ ਨਾਲ ਲਪੇਟ। ...ਹਾਇ! ਇਸ ਮਨ ਨੇ ਮੈਨੂੰ ਕਿੰਨੀ ਵੇਰ ਠੇਡੇ ਲਾਏ ਹਨ । ਸੱਚ ਹੈ, ਪਰਬਤਾਂ ਦੇ ਰਸਤੇ ਡੂੰਘੀਆਂ ਖਾੜੀਆਂ ਤੇ ਔਖੀਆਂ ਗਲੀਆਂ ਥਾਣੀਂ ਲੰਘਦੇ ਹਨ। ਕੌਣ ਕਦੇ ਸਿਖਰ ਚੜ੍ਹਿਆ ਹੈ ਜਿਨ੍ਹੇਂ ਘਾਟੀਆਂ ਤੋਂ ਜੀ ਚੁਰਾਇਆ ਹੈ? ਦੇਖੋ ਮੈਂ ਕਿੰਨਾ ਜ਼ੋਰ ਲਾ ਰਹੀ ਹਾਂ ਕਿ ਰਜ਼ਾ ਤੇ ਖਲੋਵਾਂ, ਪਰ ਫੇਰ ਖਿਆਲ ਦੂਜੇ ਪਾਸੇ ਜਾਂਦਾ ਹੈ। ਅਸਲ ਵਿਚ ਭੁੱਲ ਹੈ ਮੇਰੀ। ਇਹ ਵਿਉਂਤ ਨਹੀਂ। ਛੜੀ ਵੀਚਾਰ ਕੀਹ ਕਰ ਸਕਦੀ ਹੈ? ਮੈਂ ਵੀਚਾਰ ਨਾਲ ਤਾਂ ਮਨ ਨੂੰ ਵਰਤਮਾਨ ਵਿਚ ਲੈ ਆਵਾਂ ਤੇ ਆਪਣੀ ਨਾਮ ਦੀ ਕਾਰ ਵਿਚ ਲੱਗ ਪਵਾਂ ਹੁਣੇ, ਕਾਰ ਵਿਚ ਲੱਗਾਂ ਤਾਂ

SIKHBOOKCLUB.COM

ਨੀਵਿਆਂ ਲੈ ਜਾਣ ਵਾਲੀਆਂ ਸੋਚਾਂ ਤੇ ਵੀਚਾਰਾਂ ਭੀ ਮੋੜਾਂ ਖਾ ਜਾਣ।

ਮਾਈ ਇਹ ਕਹਿਕੇ ਨਾਮ ਜਪਣ ਵੱਲ ਲਗ ਪਈ। ਥੋੜੇ ਚਿਰ ਵਿਚ ਨੀਂਦ ਆ ਕੇ ਖੁੱਲ੍ਹੀ। ਅੰਦਰੋਂ ਕਿਸੇ ਤਾਕਤ ਨੇ ਵਗਾਹ ਕੇ ਮਾਰਿਆ, ਅਰ ਬੇਖ਼ਬਰੇ ਮਨ ਵਹਿਣਾਂ ਵਿਚ ਜਾ ਪਿਆ:— "ਪਤਾ ਨਾ ਲੱਗਾ ਮੇਰੀ ਜੀਤ ਨੂੰ ਕੀਹ ਰੋਗ ਸੀ, ਕਿਸੇ ਵੈਦ ਨੂੰ ਨਾ ਦੱਸਿਆ, ਕੋਈ ਓਹੜ ਪੋਹੜ ਨਾ ਕੀਤਾ, ਪਰ ਕਰਦੇ ਭੀ ਕੀਹ? ਤੱਤ ਫੱਟ ਤਾਂ ਤੁਰ ਗਈ, ਨਾ ਦੁਖ ਨਾ ਪੀੜ, ਕੰਨ ਭੀ ਨਾ ਤੱਤਾ ਹੋਇਆ! ...ਹੈਂ! ਓਹ ਹੋ! ਮੈਂ ਕਿੱਥੇ ਚਲੀ ਗਈ? ਸ੍ਰੀ ਵਾਹਿਗੁਰੂ, ਸ੍ਰੀ ਵਾਹਿਗੁਰੂ! ਬਖਸ਼! ...ਤੇਰੀ ਰਜ਼ਾ! ਅੱਜ ਮੇਰੀ ਸੁਰਤ ਬਹੁਤ ਹੇਠ ਉਤਰ ਆਈ ਹੈ, ਨਾਮ ਵਿਚ ਨਹੀਂ ਟਿਕਦੀ। ਹੱਛਾ ਹੁਣ ਬਾਣੀ ਦਾ ਡੱਗਾ ਲਾਓ।" ਇਉਂ ਕਹਿ ਕੇ ਚੁਪ ਚਾਪ ਜਪੁ ਸਾਹਿਬ ਦਾ ਪਾਠ ਕਰਨ ਲੱਗ ਪਈ। ਜਦ ਇਹ ਤੁਕ ਆਈ "ਜਿਸ ਨੋ ਬਖਸੇ ਸਿਫਤਿ ਸਾਲਾਹ॥ ਨਾਨਕ ਪਾਤਿਸਾਹੀ ਪਾਤਿਸਾਹੁ॥" ਤਦ ਹੋਸ਼ ਆਈ ਪਾਠ ਦੇ ਵਲ ਧਜਾਨ ਦੇਣ ਦੀ! ਤ੍ਰਬ੍ਹਕ ਕੇ ਕਹਿਣ ਲੱਗੀ, "ਮੈਂ ਕਿੱਥੇ ਚਲੀ ਗਈ ਸਾਂ? ਪਾਠ ਐਨਾਂ ਮੁੱਕ ਗਿਆ, ਪਰ ਮੈਂ ਤਾਂ ਸੋਚ ਰਹੀ ਸਾਂ ਕਿ ਹੁਣ ਮੇਰਾ ਨਿਰਬਾਹ ਕਿਵੇਂ ਤੇ ਕਿਸ ਤਰ੍ਹਾਂ ਹੋਊ? ਮਨ, ਹੇ ਮਨ! ਚੰਚਲ ਚੋਰ! ਤੂੰ ਬੜਾ ਦੁਖ ਦੇਣਾ ਹੈਂ। ...ਬਖਸ਼ੋ ਗੁਰੂ ਜੀ"! ਇਹ ਕਹਿਕੇ ਫੇਰ ਪਾਠ ਵਿਚ ਹੋ ਤੁਰੀ। ਕੁਛਕੁ ਪਾਠ ਦੇ ਮਗਰੋਂ ਮਨ ਹੁਰੀਂ ਫਿਰ ਖਿਸਕ ਗਏ, ਤਦੇ ਪਤਾ ਲੱਗਾ ਜਦ 'ਕੇਤੀ ਛੁਟੀ ਨਾਲਿ' ਕਿਹਾ ਗਿਆ। ਹੁਣ ਮਾਈ ਕਹਿਣ ਲੱਗੀ, "ਅਜੇ ਸੁਰਤ ਨੀਵੀਂ ਹੈ। ਹੱਛਾ ਹੁਣ ਗੱਜਕੇ ਜਪੁਜੀ ਦਾ ਪਾਠ ਕਰੀਏ"। ਹੁਣ ਲੱਗੀ ਉੱਚੀ ਪਾਠ ਕਰਨ। ਆਪਣੀ ਹੀ ਪਿਆਰੀ ਸੁਰ ਵਿਚ ਕੰਨ ਮਸਤ ਹੋ ਗਏ। ਭੋਗ ਪੈ ਗਿਆ। ਪਹਿਲਾਂ ਮਨ ਹੁਰੀਂ ਬਾਣੀ ਵਿਚ ਲੱਗੇ ਰਹੇ ਪਰ ਫੇਰ ਸੋਚੀਂ ਪੈ ਗਏ:— ਹੋਇਆ ਸੋ ਹੋਇਆ, ਚੰਗਾ ਹੋਇਆ, ਪਰ ਮੈਨੂੰ ਕਈ ਕਲੇਸ਼ ਝੱਲਣੇ ਪੈਣਗੇ। ...ਫੇਰ ਹੋਸ਼ ਆਈ, ਹਾਹੁਕਾ ਭਰ ਕੇ ਕਹਿੰਦੀ ਹੈ: "ਹੱਛਾ ਮਨਾਂ ਲੈ ਹੁਣ ਅਰਦਾਸਾ ਕਰੀਏ"। ਜਿਉਂ ਅਰਦਾਸੇ ਦੀ ਪੌੜੀ ਦਾ ਪਾਠ ਬਾਰ ਬਾਰ ਕਰਨ ਲੱਗੀ ਹੈ, ਅੱਧਾ ਘੰਟਾ ਲੰਘ ਗਿਆ। ਹੁਣ ਕੁਛ ਠੰਢ ਵਰਤੀ ਹੋਈ ਜਾਪੀ, ਕੁਛ ਟਿਕਾਉ ਭੀ ਆਇਆ। ਮਾਈ ਨੇ ਬੇਨਤੀ ਕੀਤੀ, ਸ਼ੁਕਰ ਆਖਿਆ, ਅੱਖਾਂ ਵਿਚ ਨੀਂਦ ਅਰ ਨੀਂਦ ਵਿਚ ਸੁਖ ਭਾਸਿਆ ਫੇਰ ਮਾਈ ਸੌਂ ਗਈ, ਪਰ ਅੱਧੀ ਘੜੀ ਬਾਦ ਜਾਗ ਖੁੱਲ੍ਹ ਗਈ। ਨੇਤ੍ਰਾਂ ਚੋਂ ਨੀਰ ਜਾਰੀ ਹੈ, ਰੋ ਰਹੀ ਹੈ, ਕੋਈ ਵੀਚਾਰ ਨਹੀਂ, ਕੋਈ ਸੋਚ ਨਹੀਂ ਹੈ, ਰੋ ਰਹੀ ਹੈ, ਪਰ ਨੈਣ ਵਹਿ ਰਹੇ ਹਨ। ਸੁੰਨਤਾ ਛਾ ਰਹੀ ਹੈ। 'ਧੰਨ ਤੂੰ ਹੈਂ, ਸ਼ੁਕਰ! ਬਖਸ਼' ਇਹ ਅਵਾਜ਼ ਨਿਕਲ ਕੇ ਸੁਰਤ ਅਡੋਲ ਹੋ ਗਈ, ਫੁਰਨੇ ਰੁਕ ਗਏ, ਨਾਮ ਦਾ ਪਰਵਾਹ ਚੱਲ ਪਿਆ। ਬੱਸ ਹੁਣ ਕੌਣ ਦੁਖੀ ਹੈ? ਹੁਣ ਦੁੱਖ ਕਿਸ ਨੂੰ ਹੈ? ਹੁਣ ਤਾਂ ਸੁਰਤ ਕਹਿ ਸਕਦੀ ਹੈ "ਕਉਨੁ ਮੂਆ ਰੇ ਕਉਨੁ ਮੂਆ॥ ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹ ਤਉ ਚਲਤੁ ਭਇਆ॥" ਸੁਰਤ ਸ਼ਬਦ ਦੇ ਸਿਮਰਨ ਵਿਚ ਨਿਮਗਨ ਚਲ ਰਹੀ ਹੈ। ਇਸ ਦਸ਼ਾ ਵਿਚੋਂ ਫੇਰ ਨੀਂਦ ਨੇ ਪਲਟਾ ਖਾ ਲਿਆ। ਮਾਈ ਸੌਂ ਗਈ, ਪਰ ਅੱਧੇ ਹੀ ਘੰਟੇ ਮਗਰੋਂ ਜਾਗ ਪਈ। ਇਹ ਨੀਂਦ ਕੋਈ 'ਸੁਭਾਗੀ' ਨੀਂਦ ਨਹੀਂ ਸੀ, ਮਾਈ ਕੀਹ ਦੇਖਦੀ ਹੈ ਕਿ ਸਰੀਰ ਹੌਲਾ ਫੁੱਲ ਹੈ, ਰੂਹ ਉੱਚੇ ਵੈਰਾਗ ਨਾਲ ਭਿੱਜੀ ਪਈ ਹੈ, ਨਿਰਬਲਤਾ ਪਰ ਸੁਖਾਵੀਂ ਨਿਰਬਲਤਾ ਵਿਚ ਸਰੀਰ ਪਸਰ ਪਿਆ ਹੈ। ਘੜਿਆਲ ਦੀ ਅਵਾਜ਼ ਆਈ, ਤ੍ਰਿਪਹਿਰਾ ਵੱਜ ਗਿਆ, ਮਾਈ ਕਹਿੰਦੀ ਹੈ: "ਅੰਮ੍ਰਿਤ ਵੇਲਾ ਹੋ ਗਿਆ, ਉੱਠਾਂ, ਸ਼ਨਾਨ ਕਰਾਂ, ਪਤੀ ਜੀ ਨੂੰ ਕਰਾਵਾਂ ਤੇ ਸਤਿਸੰਗ ਨੂੰ ਚੱਲੀਏ। ਪਰ ਵਾਹ ਵਾਹ ਪਤੀ ਜੀ! ਤੁਸੀਂ ਤਾਂ ਸਤਿਸੰਗ ਵਿਚ ਐਉਂ ਗਏ ਜਿਸ ਤਰ੍ਹਾਂ ਲੂਣ ਦੀ ਪੁਤਲੀ ਸਮੁੰਦਰ ਦਾ ਇਸ਼ਨਾਨ ਕਰਨ ਜਾਵੇ। ਮੈਂ ਅਜੇ ਲੂਣ ਨਹੀਂ ਹੋਈ, ਮੈਂ ਰੋਜ਼ ਨ੍ਹਾਉਂਦੀ ਹਾਂ ਤੇ ਰੋਜ਼ ਬਾਹਰ ਆ ਜਾਂਦੀ ਹਾਂ। ...ਪਿਆਰੀ ਜੀਤ! ਜਾਗ ਤ੍ਰਿਪਹਿਰਾ ਵੱਜ ਗਿਆ, ਮੈਂ ਨ੍ਹਾ ਧੋ ਆਈ ਹਾਂ, ਸ੍ਰੀ ਗੁਰੂ ਜੀ ਡੇਰੇ ਤੇ ਚਲੇ ਗਏ। ਪਿਆਰੀ! ਤੂੰ ਅੱਜ ਦੇਰ ਕਿਉਂ ਲਾਈ? ਜਾਗ ਪਿਆਰੀ ਚੱਲੀਏ। ...ਪਰ ਹਾਂ ਪਿਆਰੀ! ਤੂੰ ਹੁਣ ਸਤਿਸੰਗ ਵਿਚ ਇਸ਼ਨਾਨੀਆਂ ਵਾਕੂੰ ਨਹੀਂ ਜਾਂਦੀ ਜੋ ਜਲ ਵਿਚ ਜਾਕੇ ਠੰਢਕਾਂ ਲੈਕੇ ਪਰਤ ਆਉਂਦੇ ਹਨ, ਤੂੰ ਤਾਂ ਸਤਿਸੰਗ ਵਿਚ ਐਉਂ ਗਈਓਂ ਜਿੱਕੂੰ ਜਲ ਤੋਂ ਵਿਛੁੜੀ ਮਛਲੀ ਜਲ ਵਿਚ ਜਾਕੇ ਪਿੱਛੇ ਨਹੀਂ

SIKHBOOKCLUB.COM

ਪਰਤਦੀ। ਹਾ, ਹਾ, ਅੱਜ ਮੈਂ ਇਕੱਲੀ ਵੇ ਲੋਕੋ! ਅੱਜ ਮੈਂ ਇਕੱਲੀ ਹਾਂ, ਮੈਨੂੰ ਸਤਿਸੰਗ ਵਿਚ ਕੌਣ ਲਿਜਾਏ? ਮਰਨਾ ਕੂੜ ਵੇ ਲੋਕੋ, ਪਰ ਮਰਨਾ ਸੱਚ ਵੇ ਲੋਕੋ। ਧੀਰਜ ਕਰੋ ਪਰ ਮਰਗਿਆਂ ਦੇ ਵਿਗੋਚੇ ਆ ਜਾਂਦੇ ਹਨ। ਹੇ ਪਰਮਾਰਥ ਦੇ ਸਾਥੀਓ! ਤੋੜ ਤਾਂ ਨਿਬਾਹ ਜਾਂਦਿਓ ਜੇ। ਤੁਹਾਡੀ ਮਹਿਮਾਂ ਵਿਚ ਕਿਹਾ ਹੈ: 'ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ॥ ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥' ਫੇਰ ਤੁਸੀਂ ਮੈਨੂੰ ਕਿਉਂ ਛੱਡ ਗਏ? ਦੇਖੋ ਹੁਣ ਮੈਂ ਇਕੱਲੀ ਹਾਂ, ਮੈਂ ਸਤਿਸੰਗ ਵਿਚ ਕਿੱਕੂੰ ਜਾਵਾਂ? ...ਹੈਂ? ਤ੍ਰਬਕਕੇ ...ਹੈਂ ਸ੍ਰੀ ਵਾਹਿਗੁਰੂ! ਮੈਂ ਕਿੱਥੇ ਚਲੀ ਗਈ, ਪਿਆਰੇ ਸਦਾ ਅੰਗ ਸੰਗ ਹਨ। ਸਤਿਸੰਗ ਕਿੱਥੇ ਹੈ? ਜਿੱਥੇ ਮਨ ਵਿਚ ਨਾਮ ਹੈ ਸੋ ਹੇ ਮਨ! ਉਲਟ, ਨਾਮ ਵਿਚ ਆ ਜਾ"। 'ਆ ਜਾ' ਕਹਿੰਦੀ ਦੇ ਅਥਰੂ ਆਏ ਪਰ ਨੈਣਾਂ ਵਿਚ ਹੀ ਸੁੱਕ ਗਏ, ਸੁਰਤ ਇਕ ਕੜਾਕਾ ਖਾਕੇ ਚੜ੍ਹੀ, ਅਡੋਲ ਧੁਨਿ ਨਾਮ ਦੀ ਬੱਝ ਗਈ। ਹੁਣ ਪਿਆਰੇ ਸਤਿਗੁਰਾਂ ਦੇ ਦਰਸ਼ਨ ਹੋ ਰਹੇ ਹਨ। ਫਿਰ ਛੇਤੀ ਹੀ ਅੱਖ ਖੁਲ੍ਹ ਗਈ। ਆਵਾਜ਼ ਆ ਰਹੀ ਸੀ, ਛੋਟੇ ਸਾਹਿਬਜ਼ਾਦੇ ਖੜੇ ਕਹਿ ਰਹੇ ਸਨ: "ਪਿਆਰੀ ਅੰਮਾਂ ਜੀ! ਆਓ ਦਰਬਾਰ ਵਿਚ ਚੱਲੀਏ, ਅੱਜ ਹਰਿਦਿਆਲ ਸਿੰਘ ਜੀ ਰਾਗੀ ਆਏ ਹਨ, ਬਹੁਤ ਸੁਹਣਾ ਕੀਰਤਨ ਹੋਵੇਗਾ।"

ਇਹ ਪਿਆਰੀ, ਲਾਡਲੀ, ਤੋਤਲੀ ਤੇ ਦਾਨੀ ਅਵਾਜ਼ ਸੁਣਕੇ ਮਾਈ ਉੱਠੀ। ਬੱਚਿਆਂ ਨੂੰ ਗੋਦ ਵਿਚ ਲੈ ਲਿਆ, ਛਾਤੀ ਨਾਲ ਲਾਇਆ, ਪਿਆਰ ਕੀਤਾ ਠੰਢ ਪੈ ਗਈ। ਅਜੇ ਮਾਈ ਨੂੰ ਤਨਕ ਆਸਰਾ ਦ੍ਰਿਸ਼ਟਮਾਨ ਦੇ ਪ੍ਰੇਮ ਦਾ ਲੋੜੀਂਦਾ ਸੀ। ਮਾਈ ਪਿਆਰਿਆਂ ਨੂੰ ਨਾਲ ਲੈਕੇ ਸਤਿਸੰਗ ਵਿਚ ਪਹੁੰਚੀ, ਸੁਰਤ ਬੱਚਿਆਂ ਦੇ ਪਿਆਰ ਦਾ ਸਥੂਲ ਆਸਰਾ ਲੈਕੇ, ਗੁਰੂ ਦਰਸ਼ਨ ਦਾ ਧਿਆਨ ਵਿਚ ਸੂਖਮ ਆਸਰਾ ਪਾਕੇ ਤੇ ਕੀਰਤਨ ਦਾ ਦਿਲ ਖਿੱਚਵਾਂ ਆਸਰਾ ਲੈਕੇ ਨਾਮ ਵਿਚ ਅਡੋਲ ਜੁੜ ਗਈ ਅਰ ਦਿਨ ਚੜ੍ਹੇ ਤਕ ਨਾਮ ਵਿਚ ਏਕਾਗਰ ਹੋਈ ਆਨੰਦ ਵਿਚ ਨਿਮਗਨ ਰਹੀ।

ਐਉਂ ਬੀਤੀ ਦੂਸਰੀ ਔਖੀ ਰਾਤ।

ਡਾਕਦਾਰਨੀ— ਭੈਣ ਜੀ। ਮਾਈ ਬਹੁਤ ਤਕੜੀ ਸੀ, ਰਾਤ ਕਿੰਨੀ ਵੇਰ ਸੁਖ ਦੇ ਟਿਕਾਣੇ ਜਾ ਜਾਕੇ ਫੇਰ ਘਬਰਾ ਵਿਚ ਆਕੇ ਫੇਰ ਉੱਚੀ ਚੜ੍ਹ ਜਾਂਦੀ ਰਹੀ ਹੈ। ਪਰ ਅਖੀਰ ਬੱਚਿਆਂ ਦੇ ਪਜਾਰ ਦਾ ਆਸਰਾ ਪਾਕੇ ਨਾਮ ਵਿਚ ਅਡੋਲ ਹੋ ਗਈ, ਇਹ ਕੀ ਗਲ ਹੋਈ?

ਸੁਭਾਗ ਜੀ— ਵਿਚੇ ਦੱਸਿਆ ਹੈ ਜੁ ਹੈ— ਸੁਰਤ ਅਜੇ ਤਨਕ ਆਸਰਾ ਦ੍ਰਿਸ਼ਟਮਾਨ ਦੇ ਪ੍ਰੇਮ ਦਾ ਲੋੜਦੀ ਸੀ। ਜਿਸ ਦਾ ਇਹ ਭਾਵ ਹੈ ਕਿ ਮਾਈ ਅਜੇ ਆਪਣੇ ਅਭਜਾਸ ਵਿਚ ਉਸ ਟਿਕਾਣੇ ਨਹੀਂ ਸੀ ਅੱਪੜੀ ਕਿ ਜਿਥੇ ਕੇਵਲ ਆਤਮਾਂ ਹੀ ਆਤਮਾਂ ਦਾ ਆਸਰਾ ਹੁੰਦਾ ਹੈ ਤੇ ਜੀਵ ਸਰੀਰ ਹੁੰਦਿਆਂ ਉਸ ਅੰਦਰਲੇ ਆਸਰੇ ਨਾਲ ਸੁਖ ਵਿਚ ਰਹਿੰਦਾ ਹੈ। ਸਰੀਰਧਾਰੀ ਹੋਣ ਕਰਕੇ ਬੜੀ ਦੂਰ ਤਕ ਸਰੀਰਕ ਆਸਰਿਆਂ ਦੀ ਲੋੜ ਰਹਿੰਦੀ ਹੈ। ਇਸੇ ਕਰਕੇ ਗੁਰੂ ਜੀ ਨੇ ਗ੍ਰਿਹਸਤ ਨਹੀਂ ਛੁਡਵਾਯਾ। ਜੋ ਜਦ ਤਕ ਮਨ ਕੇਵਲ ਆਤਮ ਬਲ ਦੇ ਆਸਰੇ ਸੁਖੀ ਨਹੀਂ ਰਹਿਣ ਲਗ ਜਾਂਦਾ ਤਦ ਤਕ ਪਰਤ ਪਰਤ ਕੇ ਸੰਸਾਰਕ ਆਸਰਿਆਂ ਦੀ ਲੋੜ ਪੈ ਜਾਂਦੀ ਹੈ, ਤਦੋਂ ਫੇਰ ਅਤੀਤ ਅਭਜਾਸੀ ਬਹੁਤ ਘਬਰਾਉਂਦਾ ਹੈ। ਜੇ ਵਿਚੇ ਰਹੇ ਤਾਂ ਨਾਲ ਨਾਲ ਸੁਰਤ ਪਕਦੀ ਜਾਂਦੀ ਹੈ ਤੇ ਬੇਮਲੂੰਮ ਆਪਣੇ ਆਸਰੇ ਖੜੋਂਦੀ ਜਾਂਦੀ ਹੈ। ਇਸ ਦੂਸਰੀ ਰਾਤ ਵਿਚ ਮਾਈ ਪਹਿਲੇ ਸਦਮੇ ਵਾਲੇ ਸਮੇਂ ਤੋਂ ਉਚੇਰੀ ਹੋ ਗਈ ਹੈ, ਵਧੇਰੇ ਛੇਤੀ ਟਿਕਦੀ ਰਹੀ ਹੈ ਤੇ ਅੰਦਰਲੇ ਆਤਮ ਬਲ ਨੇ ਪਹਿਲੇ ਨਾਲੋਂ ਵਧੇਰੇ ਠੱਲਾ ਪਾ ਦਿੱਤਾ ਹੈ, ਪਰ ਅਜੇ ਹੋਰ ਪ੍ਰਪੱਕਤਾ ਦੀ ਲੋੜ ਹੈ।

ਡਾਕਦਾਰਨੀ— ਇਹ ਜੋ ਦੁਖੀ ਮਨ ਦੇ 'ਸੁਖ ਦੇ ਘਰ' ਜਾਣ ਦੇ ਤਰਲੇ ਤੇ ਜਤਨ ਤੁਸਾਂ ਪੜ੍ਹੇ ਹਨ ਅਮੋਲਕ ਹਨ ਪਰ ਮੈਂ ਜਿਸ ਬਿਰਹੇ ਵਿਚ ਹਾਂ, ਉਸ ਵਿਚ ਇਹ ਤਰਲੇ ਡਾਢੇ ਅਮੁੱਲ ਲਗਦੇ ਹਨ। ਹਾਂ, ਜੇ ਕੋਈ ਇਨ੍ਹਾਂ ਨੂੰ ਐਵੇਂ ਪੜ੍ਹੇ ਕਿ ਜੋ ਵਿਜੋਗ ਵਿਚ ਨਹੀਂ ਜਾਂ ਸੁਖ ਵਿਚ ਹੈ ਤਾਂ ਉਹ ਪੜ੍ਹਕੇ ਸ਼ੈਤ ਪੂਰਾ ਮੁੱਲ ਨਾ ਪਾ ਸਕੇ।

ਸੁਭਾਗ— ਤੁਸੀਂ ਠੀਕ ਕਿਹਾ ਹੈ, ਪਰ ਸਦਾ ਸੁਖ ਨਹੀਂ ਨਾ ਪ੍ਰਾਪਤ ਹੁੰਦਾ। ਹਰ ਜੀਵ ਉਤੇ ਦੁੱਖ ਤੇ ਵਿਜੋਗ ਦੇ ਸਮੇਂ ਆਉਂਦੇ ਹਨ, ਇਹ ਪੋਥੀ ਤਾਂ ਉਸ ਸਮੇਂ ਦਾ ਦਾਰੂ ਹੈ ਕਿ 'ਦੁਖੀ ਦਿਲ ਕਿਵੇਂ ਹੰਭਲੇ

 www.sikhbookclub.com

ਮਾਰ ਮਾਰ ਕੇ ਦੁਖ ਦੀ ਨੈਂ ਨੂੰ ਤਰ ਨਿਕਲਣ ਇਸੇ ਪਰੋਜਨ ਲਈ ਇਹ ਲਿਖੀ ਗਈ ਸਹੀ ਹੁੰਦੀ ਹੈ। ਇਸ ਲਈ ਇਹ ਪੋਥੀ ਇਕ ਦਾਰੂ ਹੈ ਜੋ ਪਜਾਰਿਆਂ ਦੇ ਵਿਣਸ ਜਾਣ ਦੀ ਪੀੜਾਂ ਵਾਲਿਆਂ ਲਈ ਕੰਮ ਆਉਣ ਵਾਲਾ ਹੈ। ਲਓ ਹੁਣ ਅਗੋਂ ਪੜ੍ਹਾਂ ਕਿ ਕੱਲ।

ਡਾਕਦਾਰਨੀ— ਇਕ ਰਾਤ ਹੋਰ ਅੱਜ ਸੁਣਾ ਦਿਓ, ਬਾਕੀ ਕੱਲ?

ਸੁਭਾਗ—

- ਤੀਸਰੀ ਰਾਤ -

ਮਾਈ ਕੁਛ ਚਿਰ ਆਨੰਦਪੁਰ ਰਹਿਕੇ ਅਪਨੇ ਘਰ ਫਿਰ ਆ ਗਈ, ਚਿੱਤ ਸਦਮਾ ਸਹਾਰਕੇ ਕੁਛ ਸਤੋਗੁਣ ਵਿਚ ਪੱਕਾ ਹੋ ਗਿਆ ਮਲੂਮ ਹੋਣ ਲੱਗਾ। ਮਾਈ ਰੋਣਾ ਨਹੀਂ ਸੀ ਚਾਹੁੰਦੀ ਤੇ ਹੁਣ ਘੱਟ ਹੀ ਕਦੇ ਅਥਰੂ ਆਉਂਦੇ ਸਨ। ਹਾਂ, ਅੱਜ ਕੱਲ ਭੀ ਕਈ ਲੋਕ ਨਹੀਂ ਰੋਂਦੇ, ਪਰ ਜਾਂ ਤਾਂ ਘੋਰ ਤਮੋਗੁਣ ਵਿਚ ਜਾਂ ਮਾਨ ਦੀ ਖਾਤਰ ਕਿ ਜੇ ਰੋਏ ਤਾਂ ਲੋਕੀ ਕੀ ਕਹਿਣਗੇ, ਪਰ ਮਾਈ ਦਾ ਯਤਨ ਇਹ ਸੀ ਕਿ ਮੇਰੇ ਆਤਮਾ ਵਿਚ ਸਿਦਕ ਆਵੇ, ਰਜ਼ਾ ਦੀ ਮੰਜ਼ਲ ਲੱਭੇ, ਵਾਹਿਗੁਰੂ, ਜਿਸ ਦਾ ਨਾਉਂ ਲੈਂਦੇ ਤੇ ਮਾਨ ਕਰਦੇ ਹਾਂ, ਸੱਚੀ ਮੁੱਚੀ ਜਾਗਤੀ ਜੋਤ ਹੋ ਦਿੱਸੇ, ਐਉਂ ਰੋਣ ਨਾ ਆਵੇ। ਇਸ ਤਰ੍ਹਾਂ ਕੁਝ ਸਮਾਂ ਨਾਮ ਅਭਯਾਸ ਵਿਚ ਸੁਖੀ ਲੰਘ ਗਿਆ। ਪਹਿਰ ਰਾਤ ਦੇ ਤੜਕੇ ਉੱਠਣਾ, ਇਸ਼ਨਾਨ ਕਰਕੇ ਸੁਰਤ ਜੋੜਕੇ ਬੈਠ ਜਾਣਾ, ਸੋਝਲੇ ਹੋਏ ਧਰਮਸਾਲਾ ਜਾਣਾ, ਫੇਰ ਆਕੇ ਬਾਣੀ ਦਾ ਪਾਠ ਕਰਨਾ, ਫੇਰ ਪ੍ਰਸ਼ਾਦ ਸਜਾਕੇ ਕਿਸੇ ਗੁਰਮੁਖ ਯਾ ਲੋੜਵੰਦ ਨੂੰ ਛਕਾਕੇ ਆਪ ਛਕਣਾ, ਫੇਰ ਕੁਛ ਕੰਮ ਲੈ ਬੈਠਣਾ, ਗੁਆਂਢਣਾਂ ਨੇ ਆ ਜੁੜਨਾ, ਸਤਿਸੰਗ ਹੁੰਦਾ ਰਹਿਣਾ, ਲੌਢੇ ਪਹਿਰ ਪ੍ਰਸ਼ਾਦ ਛਕ ਕੇ ਧਰਮਸਾਲਾ ਜਾਕੇ ਸੋਦਰ ਦੀ ਚੌਂਕੀ ਸੁਣਨੀ, ਰਹਿਰਾਸ ਪੜ੍ਹਨੀ ਯਾ ਸੁਣਨੀ, ਰਾਤੀਂ ਸੋਹਿਲਾ ਪੜ੍ਹਕੇ ਸੁਰਤ ਵਾਹਿਗੁਰੂ ਵਿਚ ਜੋੜਕੇ ਸੌਂ ਜਾਣਾ।

ਇਸ ਤਰ੍ਹਾਂ ਦਿਨ ਸਹਿਲੇ ਬੀਤਣ ਲੱਗੇ। ਪਤੀ ਤੇ ਪੁੱਤ੍ਰੀ ਦੀ ਯਾਦ ਮਿਟ ਨਹੀਂ ਗਈ, ਯਾਦ ਹੈ, ਪਰ ਕੇਵਲ ਦੋ ਗੱਲਾਂ ਦੀ ਉਪਦੇਸ਼ਕ ਬਣ ਕੇ ਹਿਰਦੇ ਮੰਡਲ ਤੇ ਵਿਚਰਦੀ ਹੈ। ਇਕ ਇਹ ਕਿ ਮੌਤ ਸੱਚ ਹੈ, ਦੂਜੇ ਇਹ ਕਿ ਮੌਤ ਲਈ ਐਦਾਂ ਤਿਆਰ ਹੋਣਾ ਚਾਹੀਏ ਜਿੱਦਾਂ ਤਿਆਰ ਹੋਕੇ ਪਤੀ ਤੇ ਪਿਆਰੀ ਪੁੱਤ੍ਰੀ ਗਏ ਹਨ। ਜਦ ਕਦੇ ਉਹਨਾਂ ਦੇ ਵਿਯੋਗ ਦਾ ਵੈਰਾਗ ਉੱਠੇ ਤਦ ਝੱਟ ਸੁਰਤ ਨੂੰ ਨਾਮ ਸਿਮਰਨ ਵਿਚ ਖਿੱਚ ਕੇ ਸ਼ੋਕ ਦੀ ਖੱਡ ਟੱਪਕੇ ਲਿਵ ਦੀ ਚੋਟੀ ਤੇ ਜਾ ਚੜ੍ਹੇ।

ਪਰ ਸਮੇਂ ਨੂੰ ਦਾਨੇ ਕੁਛ ਅਚਰਜ ਕੌਤਕਹਾਰ ਕਹਿੰਦੇ ਹਨ। ਦੁਨੀਆਂਦਾਰ ਇਸਨੂੰ ਧ੍ਰੋਹੀ, ਦੁਖ ਦਾਤਾ ਅਰ ਨਿਰਦਈ ਕਹਿੰਦੇ ਹਨ, ਪਰ ਕਾਦਰ ਦੇ ਚਰਨਾਂ ਦੀ ਧੂਹ ਵਾਲੇ ਇਸਨੂੰ ਆਪਨਾ ਉਸਤਾਦ ਕਰਕੇ ਆਖਦੇ ਹਨ। ਇਸਦੇ ਪਲਟੇ, ਬਦਲਾਉ ਕਲੇਸ਼ ਤੇ ਦੁਖ ਜਗਿਆਸੂ ਦੀ ਸੁਰਤ ਨੂੰ ਪੱਕਿਆਂ ਕਰਦੇ ਹਨ। ਘੁਮਿਆਰ ਦੀ ਥਾਪੀ ਜੋ ਸਲੂਕ ਭਾਂਡੇ ਨਾਲ ਕਰਦੀ ਹੈ, ਅਹਿਰਣ ਤੇ ਵਦਾਣ ਜੋ ਸਲੂਕ ਲੋਹੇ ਨਾਲ ਕਰਦੇ ਹਨ, ਸੋਈ ਸਲੂਕ ਸਮੇਂ ਦੇ ਖਖੇੜ ਬਖੇੜ ਪ੍ਰੇਮੀ ਦੀ ਸੁਰਤ ਨਾਲ ਕਰਦੇ ਹਨ। ਪਰ ਇਹ ਸਲੂਕ ਕੋਈ ਪੱਟ ਦੀ ਸੇਜਾ ਨਹੀਂ, ਕੋਈ ਰੂੰ ਦਾ ਗੁਦੇਲਾ ਨਹੀਂ, ਸਗੋਂ ਜਿਸ ਤਰ੍ਹਾਂ ਕੱਚੀਆਂ ਇੱਟਾਂ ਨੂੰ ਪੱਕਿਆਂ ਕਰਨ ਲਈ ਆਵੇ ਦਾ ਤਾਉ ਹੁੰਦਾ ਹੈ, ਉੱਕਰ ਹੀ ਇਹ ਤਾਉ ਦੁਖਦਾਈ ਭਾਸਦਾ ਹੈ, ਭਾਵੇਂ ਪੱਕਿਆਂ ਕਰਦਾ ਹੈ। ਇਹਨਾਂ ਦੁੱਖਾਂ ਨੂੰ ਓਹ ਐਉਂ ਆਪਨੇ ਗੁਰਵਾਕ ਅਨੁਸਾਰ ਸੁਖ ਸਮਝਦੇ ਹਨ:—

"ਦੁਖੁ ਦਾਰੂ ਸੁਖੁ ਰੋਗੁ ਭਇਆ॥"

ਪੁਨਾ:-

"ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ<br>ਪਾਇਆ ਤੇਲੁ॥ ਉਨਿ ਚਾਨਣਿ ਓਹੁ<br>ਸੋਖਿਆ ਚੂਕਾ ਜਮ ਸਿਉ ਮੇਲੁ॥"

ਮਾਈ ਦਾ ਨਾਮ ਦਾ ਦੀਵਾ ਲਟ ਲਟ ਬਲ ਰਿਹਾ ਹੈ, ਦੋ ਭਾਰੇ ਦੁੱਖਾਂ ਦਾ ਤੇਲ ਓਸ ਵਿਚ ਪੈ ਚੁਕਾ ਹੈ। ਨਾਮ ਦੀ ਲਾਟ ਚਾਨਣਾ ਦੇ ਰਹੀ ਹੈ। ਦੋ ਦੁਖਾਂ ਦਾ ਤੇਲ ਜਦ ਸੁੱਕਣ ਤੇ ਆਇਆ ਤਦ ਤੀਸਰਾ ਤੇਲ ਦਾ ਕੁੱਪਾ ਹੋਰ ਆ ਡੁੱਲਾ! ਦੁੱਖ ਦੇ ਤੇਲ ਨੇ ਸਦਾ ਨਹੀਂ ਪੈਣਾ। ਨਾਮ ਦੇ ਦੀਵੇ ਨੇ ਕਿਸੇ ਦਿਨ ਬਿਨ ਤੇਲ ਸਦਾ ਬਲਣ ਲਗ ਪੈਣਾ ਹੈ:-

SIKHBOOKCLUB.COM

ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ॥ ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲ ਪਲੈ॥੧॥ ਬਿਨੁ ਤੇਲ ਦੀਵਾ ਕਿਉ ਜਲੈ॥੧॥ਰਹਾਉ॥ ਪੋਥੀ ਪੁਰਾਣ ਕਮਾਈਐ॥ ਭਉ ਵਟੀ ਇਤੁ ਤਨਿ ਪਾਈਐ॥ ਸਚੁ ਬੂਝਣੁ ਆਣਿ ਜਲਾਈਐ॥੨॥ ਇਹੁ ਤੇਲੁ ਦੀਵਾ ਇਉ ਜਲੈ॥ ਕਰਿ ਚਾਨਣੁ ਸਾਹਿਬ ਤਉ ਮਿਲੈ॥੧॥ ਰਹਾਉ॥ ਇਤੁ ਤਨਿ ਲਾਗੈ ਬਾਣੀਆ॥ ਸੁਖੁ ਹੋਵੈ ਸੇਵ ਕਮਾਣੀਆ॥ ਸਭ ਦੁਨੀਆ ਆਵਣ ਜਾਣੀਆ॥੩॥ ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥ ਕਹੁ ਨਾਨਕ ਬਾਹ ਲੁਡਾਈਐ॥੪॥੩੩॥

(ਸਿਰੀ ਰਾਗੁ ਮ: ੧ ਘਰੁ ੫)

ਪਰ ਮਾਈ ਦੇ ਨਾਮ ਦਾ ਦੀਵਾ ਅਜੇ ਕੁਛ ਚਿਰ ਦੁਖ ਦੇ ਤੇਲ ਨਾਲ ਬਲਨਾ ਹੈ। ਸੋ ਭਾਣਾ ਇਕ ਦਿਨ ਇਹ ਵਰਤਿਆ ਕਿ ਵਿਹੜੇ ਵਿਚ ਬੈਠੀ ਵਾਰਤਾਲਾਪ ਕਰ ਰਹੀ ਮਾਈ ਇਕ ਆਏ ਅਚਾਨਕ ਪਰਾਹੁਣੇ ਤੋਂ ਇਹ ਸੋ ਸੁਣਦੀ ਹੈ:—

"ਮਾਈ! ਆਨੰਦਪੁਰ ਹੈ ਨਹੀਂ। ਸਿੱਖ ਸਭ ਕਤਲ ਹੋ ਗਏ। ਓਹ ਰਾਜ ਭਾਗ, ਓਹ ਸਤਿਸੰਗ ਦਾ ਖੇੜਾ ਹੈ ਨਹੀਂ। ਆਨੰਦਪੁਰ ਦਾ ਕਿੰਨਾ ਹਿੱਸਾ ਇਕ ਰਾਖ ਦਾ ਢੇਰ ਹੈ। ਸਾਹਿਬਜ਼ਾਦੇ ਤੇ ਮਾਤਾ ਤੋਰ ਦਿੱਤੀਆਂ ਗਈਆਂ, ਅਰ ਗੁਰੂ ਜੀ ਜਾਣੇ ਕਿੱਥੇ ਚਲੇ ਗਏ? ਮਾਈ! ਐਸ਼੍ਵਰਜ ਦੀ ਥਾਂ ਤੇਰੇ ਨੌਨਿਹਾਲਾਂ, ਤੇਰੇ ਵਾਲੀਆਂ, ਤੇਰੀਆਂ ਆਸਾਂ ਉਮੈਦਾਂ ਦੇ ਉਪਬਨ ਤੇ ਉਦਾਸੀ ਛਾ ਗਈ ਹੈ।"

ਇਹ ਖ਼ਬਰ ਸੁਣਕੇ ਵੇਖੋ ਮਾਤਾ ਦਾ ਉਜਿਆਰਾ ਦਿਲ, ਜਿਸ ਵਿਚ ਗੁਬਾਰੀ ਨਹੀਂ ਸੀ, ਧੂੰਆਂਧਾਰ ਹੋ ਗਿਆ। ਹਾਇ! ਧਰਮ ਦੀਆਂ ਔਖੀਆਂ ਘਾਟੀਆਂ। ਐਨਾਂ ਸਾਧਨ, ਐਨਾਂ ਸਤਿਸੰਗ, ਐਨੇ ਜੱਫਰ ਜਾਲੇ, ਪਰ ਦੁੱਖ ਸੁਣਕੇ ਦਿਲ ਦੁੱਖੀ ਹੋ ਗਿਆ। ਕੁਛ ਆਸ ਹੋ ਆਈ ਸੀ ਕਿ ਮਨ ਰਜ਼ਾ ਤੇ ਖੜੋ ਗਿਆ ਹੈ, ਪਰ ਦੁਖ ਸੁਣਕੇ ਹੀ ਢਹਿ ਪਿਆ। ਅੱਖਾਂ ਅੱਗੇ ਹਨੇਰਾ ਛਾ ਗਿਆ, ਪਿਆਰੇ ਗੁਰੂ, ਪਿਆਰੇ ਜਵਾਈ, ਕਿਸ ਅਪਦਾ ਵਿਚ ਆ ਗਏ? ਲਾਲ ਦੁਲਾਰੇ ਕਿੱਧਰ ਜਾ ਲੁਕੇ? ਓਹ ਆਨੰਦਪੁਰ ਗਹਿਮਾਂ ਗਹਿਮ ਵਾਲਾ ਮੇਰੇ ਪਿਆਰਿਆਂ ਦਾ ਸੁਖ ਸਦਨ, ਓਹ ਆਰਾਮ ਦਾ ਮੰਡਲ ਜਿਥੇ ਓਹ ਸੁਖ ਪਾਉਂਦੇ ਸਨ, ਹੁਣ ਰਾਖ ਦਾ ਢੇਰ ਹੋ ਰਿਹਾ ਹੈ! ਅਰ ਤੁਰਕਾਨੀ ਸੈਨਾ ਓਥੇ ਊਧਮ ਮਚਾ ਰਹੀ ਹੈ! ਹੈਂ ....ਹਾ ਓਹ ਕਿੱਥੇ ਚਲੇ ਗਏ! ਜਿਨ੍ਹਾਂ ਦੁਲਾਰਿਆਂ ਤੇ ਪਿਆਰਿਆਂ ਵਿਚ ਮੇਰੀਆਂ ਮੋਹ ਤੇ ਪ੍ਰੇਮ ਦੀਆਂ ਦੂਇ ਤਣਾਵਾਂ ਗੱਡ ਰਹੀਆਂ ਸਨ।

ਪਹਿਲੀ ਸੱਟ ਨੇ ਇਹ ਹਾਲ ਕੀਤਾ ਕਿ ਸਿਰ ਨੂੰ ਚੱਕਰ ਆਉਂਦੇ ਤੇ ਹੈਰਾਨ ਕਰਦੇ ਹਨ। ਮਨ ਵਿਚੋਂ ਹਉਮੈਂ, ਜੋ ਹੁਣ ਬੇਸੁਧੀ ਜੇਹੀ ਵਿਚ ਰਹਿੰਦੀ ਸੀ, ਢਹਿੰਦੀਆਂ ਕਲਾਂ ਦੇ ਪੱਖ ਵਿਚ ਜਾਗੀ। ਫੁਰਨਾ ਫੁਰਿਆ, 'ਹਾਇ! ਮੈਂ ਦੁਖਿਆਰੀ! ਮੇਰਾ ਦੁੱਖਾਂ ਤੋਂ ਛੁੱਟ ਬਿਧਾਤਾ ਨੇ ਕੁਛ ਲੇਖ ਨਾ ਲਿਖਿਆ'।

ਅਨੰਦਪੁਰ ਦੀ ਇਹ ਮਾੜੀ ਸੋ ਸਾਰੇ ਉਡ ਗਈ ਹੈ। ਆਂਢੀ ਗੁਆਂਢੀ ਤੇ ਸਤਿਸੰਗੀ ਘਮਾ ਘਮ ਆ ਰਹੇ ਹਨ। ਕਲੇਸ਼ ਬੀ ਮਾਮੂਲੀ ਨਹੀਂ। ਗੁਰੂ ਖੇਦ ਸਹੇ ਤੇ ਸੰਗਤ ਦਾ ਕੋਈ ਜੀ ਝੱਲ ਸੱਕੇ, ਅਨਹੋਦੀ ਖੇਡ ਹੈ। ਸੰਝ ਤਕ ਆਵਾਜਾਈ ਰਹੀ, ਦੁਖ ਦੀ ਪੋਥੀ ਦਾ ਪਾਠ ਹੁੰਦਾ ਰਿਹਾ। ਘਰ ਘਰ ਸ਼ੋਕ ਸੀ ਪਰ ਜਿਸ ਘਰ ਦਾ ਗੁਰੂ ਜੀ ਨਾਲ ਸਾਕਾਦਾਰੀ ਦਾ ਸੰਬੰਧ ਸੀ, ਓਹ ਘਰ ਸ਼ੋਕ ਦਾ ਵੱਡਾ ਟਿਕਾਣਾ ਬਣ ਰਿਹਾ ਸੀ। ਰਾਤ ਪੈ ਗਈ, ਲੋਕੀਂ ਬੁਲਾ ਬੁਲਾਕੇ ਚਲੇ ਗਏ। ਇਕੱਲੀ ਮਾਈ ਹੁਣ ਘਬਰਾ ਦੇ ਘੇਰੇ ਵਿਚ ਇਕੱਲ ਝੱਲ ਰਹੀ ਹੈ। ਦੁਖ ਦੇ ਹੜ੍ਹ ਨੇ ਨਾਮ ਦੇ ਅੰਦਰ ਚਲ ਰਹੇ ਚੱਕਰ ਨੂੰ ਰੋੜ੍ਹਿਆ ਤਾਂ ਨਹੀਂ, ਪਰ ਲਹਿਰਾਂ ਦੀ ਓਹ ਬੁਛਾੜ ਵੱਜੀ ਹੈ ਕਿ ਹੜ੍ਹ ਤੇ ਕੱਪਰਾਂ ਭਰੇ ਦਰਿਆ ਵਿਚ ਤੂੰਬੀ ਦੀ ਦਸ਼ਾ ਵਾਲੀ ਦਸ਼ਾ ਹੋ ਰਹੀ ਹੈ। ਕਿਸੇ ਵੇਲੇ ਸੁਰਤ ਵਿਚੋਂ ਨਾਮ ਦੀ ਲੈ ਉਭਾਸਰਦੀ ਮਲੂਮ ਹੁੰਦੀ ਹੈ, ਕਿਸੇ ਵੇਲੇ ਗੁੰਮਦੀ ਜਾਪਦੀ ਹੈ। ਚੁੱਲ੍ਹੇ ਅੱਗ ਨਹੀਂ ਪਈ, ਚੌਂਕੇ ਪਾਣੀ ਨਹੀਂ ਆਇਆ। ਸਰੀਰ ਮਾਨੋਂ ਹਿੱਲਿਆ ਹੀ ਨਹੀਂ, ਮੰਜੇ ਤੇ ਸੌਣ ਤੱਕ ਨਹੀਂ ਗਿਆ, ਜਿੱਥੇ ਬੈਠਾ ਉੱਥੇ ਬੈਠਾ ਹੀ ਸੁੰਨ ਹੋ ਰਿਹਾ ਹੈ। ਅੱਧੀ ਕੁ ਰਾਤ ਬੀਤ ਗਈ, ਨੀਂਦ ਆਈ, ਹੰਝੂ ਭਰੀਆਂ ਅੱਖਾਂ ਵਿਚ ਵੜਦੀ ਹੈ, ਪਰ ਹੰਝੂਆਂ ਦਾ ਹੜ੍ਹ ਆਈ ਨੀਂਦ ਨੂੰ ਮਾਨੋਂ ਬਾਹਰ ਰੋੜ੍ਹ ਲਿਜਾਂਦਾ ਹੈ। ਊਂਘਾਂ ਆਉਂਦੀਆਂ ਤੇ ਖੁੱਲ੍ਹ ਖੁੱਲ੍ਹ ਜਾਂਦੀਆਂ ਹਨ, 'ਹਾਇ! ਮੈਂ ਦੁਖੀਆ ਕੀਹ ਕਰਾਂ? ਕੀਕੂੰ ਉੱਡ



SIKHBOOKCLUB.COM

ਮਿਲਾਂ? ਮੈਂ ਕਿਉਂ ਆਨੰਦ ਪੁਰਿ ਤੋਂ ਆ ਗਈ? ਅੱਜ ਪਿਆਰਿਆਂ ਦੇ ਨਾਲ ਦੁਖਾਂ ਵਿਚ ਦੁਖੀ ਹੁੰਦੀ, ਮੌਤ ਦੀ ਘਾਟੀ ਟੱਪਕੇ ਦੁੱਖਾਂ ਨਾਲ ਨੇਹੁੰ ਤੋੜਦੀ। ਪਰ ਵੱਸ ਦੀ ਖੇਡ ਨਹੀਂ, ਮੇਰੇ ਕੀ ਵੱਸ? ਮੇਰੇ ਕਰਮਾਂ ਦੇ ਵੱਸ। ...ਮੇਰੇ ਤਾਂ ਭਲਾ ਕਰਮ ਹੋਏ, ਜਗਤ ਗੁਰੂ ਦੇ ਕਰਮ ਕਾਹਦੇ? ਉਹਨਾਂ ਦੇ ਸਿਰ ਖੇਦ ਕਿਉਂ ਪਏ ਹਨ? ਕਰਮ ਨਹੀਂ! ਇਹ ਮਾਲਿਕ ਦੀ ਮਰਜ਼ੀ ਹੈ, ਵਾਹਿਗੁਰੂ ਦਾ ਕੋਈ ਗੁੱਝਾ ਭੇਤ ਹੈ ਜਿੱਥੇ ਮੇਰੀ ਪਹੁੰਚ ਨਹੀਂ। ਗੁਰੂ ਸਮਰੱਥ ਹੈ, ਉਸ ਨੇ ਕਿਉਂ ਐਸਾ ਹੋਣ ਦਿੱਤਾ? ਕੋਈ ਪ੍ਰਯੋਜਨ ਹੈ, ਜਿਸਦੀ ਮੈਨੂੰ ਸਾਰ ਨਹੀਂ। ਫੇਰ ਮੈਂ ਕਿਉਂ ਦੁਖੀ ਹਾਂ? ਏਹ ਪਹਿਲੀ ਗਿਆਨ ਸੂਰਜ ਦੀ ਕਿਰਨ ਸੀ ਜੋ ਗ਼ਮ ਦੀ ਘਨਘੋਰ ਘਟਾ ਨੂੰ ਪਾੜ ਕੇ ਨਿਕਲੀ, ਪਰ ਚਿੰਤਾ ਦੀ ਬੱਦਲ ਚਾਲ ਨੇ ਉਹ ਫੇਰ ਲੋਪ ਕਰ ਲਈ।

'ਆਹ'! ਲੱਗੀਆਂ ਦੀ ਪੀੜ ਨੂੰ ਕੌਣ ਜਾਣੇ?

"ਸੋ ਕਤ ਜਾਨੈ ਪੀਰ ਪਰਾਈ
ਜਾਕੈ ਅੰਤਰਿ ਦਰਦੁ ਨ ਪਾਈ॥"

'ਨਾਮ ਵਾਲੀ ਹੋ ਕੇ ਮਾਈ ਰੁੜ੍ਹ ਗਈ!' ਇਹ ਹੈਰਾਨੀ ਦਾ ਪ੍ਰਸ਼ਨ ਹੈ ਜੋ ਹਰ ਕੋਈ ਕਰ ਸਕਦਾ ਹੈ। ਪਰ ਕੱਪਰਾਂ ਦੀ ਮਾਰ ਖਾਕੇ ਬਚ ਰਹਿਣਾ ਤੇ ਡੁੱਬਣਾ ਨਾ, ਘੁੰਮਣ ਘੇਰਾਂ ਵਿਚ ਆਉਣਾ ਤੇ ਨਿਕਲ ਜਾਣਾ "ਲਹਰੀ ਨਾਲਿ ਪਛਾੜੀਐ ਭੀ ਵਿਗਸੈ ਅਸਨੇਹਿ॥" ਇਹ ਦਸ਼ਾ ਪ੍ਰਾਪਤ ਹੋਣੀ ਕਠਨ ਹੈ। ਮਾਈ ਦੀ ਸੁਰਤ ਗ਼ਮ ਤੇ ਵੀਚਾਰ ਦੇ ਘੋਲ ਵਿਚੋਂ ਪਲਟਾ ਖਾ ਗਈ। ਨਾਮ ਦੀ ਗੁਪਤ ਧੁਨੀ, ਜੋ ਪੱਕ ਗਈ ਹੋਈ ਸੀ; ਉੱਚੀ ਆ ਕੇ ਤਰ ਪਈ ਹੈ। ਸਮਝ ਆਈ: ਜੋ ਕੁਛ ਹੋਇਆ ਮੈਂ ਨਹੀਂ ਕੀਤਾ, ਜਿਨ੍ਹਾਂ ਦੇ ਸਿਰ ਵਰਤਿਆ ਓਹ ਸਮਰੱਥ ਇਸਨੂੰ ਟਾਲ ਸਕਦੇ ਸੇ, ਉਹਨਾਂ ਝੱਲਿਆ ਹੈ, ਮੈਂ ਬਉਰੀ ਹੁਣ "ਹਾਇ ਕੀ ਹੋਇਆ, ਹਾਇ ਕਿਉਂ ਹੋਇਆ, ਹਾਇ ਕੀਹ ਹੋ ਰਿਹਾ ਹ, ਤੇ ਹਾਇ ਕੀਹ ਹੋਵੇਗਾ" ਦੇ ਵਹਿਮਾਂ ਵਿਚ ਨਾਮ ਤੋਂ ਭੁੱਲ ਰਹੀ ਹਾਂ। ਸਗਲ ਰੋਗ ਦਾ ਦਾਰੂ ਨਾਮ ਹੈ। ਮੈਂ ਰੋਗੀ ਹਾਂ। "ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥" ਮੈਂ ਹੁਣ ਕਿਉਂ ਨਾਂ "ਨਾਮ ਅਉਖਧੁ ਜਿਹ ਰਿਦੈ ਹਿਤਾਵੈ॥ ਤਾਹਿ ਰੋਗੁ ਸੁਪਨੈ ਨਹੀ ਆਵੈ॥" ਇਹ ਦਾਰੂ ਖਾਵਾਂ, ਇਹ ਵਿਚਾਰ ਸਾਵਧਾਨ ਹੋ ਗਈ। ਅੰਦਰ ਬੇਮਲੂੰਮ ਚਲ ਰਹੇ ਨਾਮ ਦੀ ਤਾਰੂ ਸ਼ਕਤੀ ਨੇ ਇਸ ਵੀਚਾਰ ਨੂੰ ਬਿਜੈਮਾਨ ਕਰ ਦਿੱਤਾ। ਮਾਈ ਉੱਠੀ, ਉੱਠ ਕੇ ਮੂੰਹ-ਹੱਥ ਧੋਤਾ, ਇਕ ਟੋਟਾ ਮਿਸਰੀ ਦਾ ਚਿੱਥ ਕੇ ਦੋ ਘੁੱਟ ਪਾਣੀ ਪੀਤਾ! ਗਲ ਪੱਲਾ ਪਾ ਕੇ ਖੜੋ ਗਈ, ਅਰਦਾਸਾ ਸੋਧਿਆ:—

"ਹੇ ਚੋਜੀ ਗੋਬਿੰਦਾ! ਹੇ ਚੋਜੀ ਮੇਰੇ ਪਿਆਰਿਆ। ਤੇਰੇ ਚੋਜਾਂ ਦਾ ਤੂੰ ਜਾਣੂੰ ਹੈਂ। ਮੈਂ ਅਨਜਾਣ ਮੂਰਖ ਹਰਖ਼ ਸ਼ੋਕ ਵਿਚ ਰੁੜ੍ਹ ਰਹੀ ਹਾਂ ਅਰ ਇਸ ਰੋੜ੍ਹ ਵਿਚ ਬੇਮੁਖ ਹੋ ਕੇ ਆਪ ਤੋਂ ਵਿਛੜ ਰਹੀ ਹਾਂ। 'ਹੇ ਸਮ੍ਰਥ ਅਗਮ ਪੂਰਨ ਮੋਹਿ ਮਇਆ ਧਾਰਿ॥ ਅੰਧ ਕੂਪ ਮਹਾ ਭਇਆਨ ਨਾਨਕ ਪਾਰਿ ਉਤਾਰ॥' ਹੇ ਦਾਤਾ! ਨਾਮ ਮੈਨੂੰ ਦਾਨ ਕਰੋ, ਸਿਦਕ ਦਿਓ, ਰਜ਼ਾ ਤੇ ਖੜਾ ਕਰੋ, ਭਾਣਾ ਮਿੱਠਾ ਲੁਆਓ। 'ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨੁ ਨਹੀਂ ਕੋਇ॥ ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ॥' ਹੇ ਬਖਸ਼ਿੰਦ! ਪਿਆਰਿਆਂ ਨੂੰ ਤੱਤੀ ਵਾਉ ਨਾ ਲੱਗੇ, ਆਪ ਰਾਖਾ ਹੋਵੀਂ, ਆਪ ਸਲਾਮਤੀ ਦੇਵੀਂ, ਓਧਰ ਰਾਖਾ ਹੋ, ਇਧਰ ਦਾਤਾ ਹੋ। ਬਖਸ਼! ਬਖਸ਼!!" ਐਉਂ ਢੇਰ ਚਿਰ ਅਥਰੂ ਕਿਰਦੇ ਪ੍ਰਾਰਥਨਾ ਕਰਦੀ ਸਾਵਧਾਨ ਹੋ ਕੇ ਨਾਮ ਦੇ ਗੇੜ ਵਿਚ ਲੱਗ ਪਈ। ਹੁਣ ਤਿੰਨ ਰੰਗ ਹੋ ਗਏ, ਨਾਮ ਜਪਦੀ ਹੈ ਤੇ ਜਪਦੀ ਜਪਦੀ ਸੌਂ ਜਾਂਦੀ ਹੈ, ਸੁੱਤੀ ਦੇ ਕਾਲਜੇ ਵਿਚ ਚੂੰਢੀ ਜਿਹੀ ਭਰੀਂਦੀ ਹੈ, ਤ੍ਰਬ੍ਹਕ ਕੇ ਉੱਠਦੀ ਹੈ ਤੇ ਕਹਿੰਦੀ ਹੈ ਚਿੰਤਾ ਦੀ ਚੋਭ ਅਜੇ ਅੰਦਰ ਹੈ, ਫੇਰ ਕਹਿੰਦੀ ਹੈ, ਹਾਂ ਦੁਖ ਦਾਰੂ ਹੈ, ਪਿਆਰੇ ਨੇ, ਮਿੱਠੇ ਪਿਆਰੇ ਨੇ, ਦਿੱਤਾ ਹੈ, ਭਾਵੇਂ ਕੌੜਾ ਹੈ, ਪਰ ਹੈ ਕਾਰੀ ਦਾਰੂ। ਹਾਇ! ਗੁਰੂ ਆਪ ਦੇਂਦਾ ਹੈ ਤੇ ਮੈਂ ਤ੍ਰਬ੍ਹਕਦੀ ਹਾਂ ਤੇ ਹੁਕਮ ਤਾਂ ਇਹ ਹੈ:-

"ਐਸਾ ਦਾਰੂ ਲੋੜਿ ਲਹੁ
ਜਿਤੁ ਵੰਞੈ ਰੋਗਾ ਘਾਣਿ॥"

ਇਹ ਦਾਰੂ ਤਾਂ ਭਾਲਕੇ ਬੀ ਖਾਣਾ ਚਾਹੀਏ, ਵੱਟ ਕਸੀਸ ਤੇ ਲੱਗ ਮੇਰੇ ਮਨ! ਕਹੁ ਸ੍ਰੀ ਵਾਹਿਗੁਰੂ, ਬੱਸ, ਹੁਣ ਨਾਮ ਵਿਚ ਲਗ ਜਾਹੁ।

ਐਦਾਂ ਹੁਣ ਨਾਮ ਵਿਚ ਲਗਿਆਂ ਜਾਗਦਿਆ ਸੌਂਦਿਆਂ ਅੰਮ੍ਰਿਤ ਵੇਲਾ ਆ ਗਿਆ। ਉਂਞ ਤਾਂ ਸਾਰੀ ਰਾਤ ਹੀ ਚਿੰਤਾ ਤੇ ਵੀਚਾਰ ਦੇ ਜੁੱਧ ਵਿਚ ਮਨ ਨੂੰ



SIKHBOOKCLUB.COM

ਲੰਘ ਗਈ ਸੀ, ਪਰ ਹੁਣ ਫੇਰ ਮਨ ਨੂੰ ਇਕ ਨਿੱਕਾ ਜਿਹਾ ਰੋੜ੍ਹਾ ਪਿਆ। ਜਨਮ, ਕੁੜਮਾਈ, ਵਿਆਹ, ਸੰਸਾਰ ਦੇ ਸੁਖ, ਔਲਾਦ, ਔਲਾਦ ਦੇ ਸੁਖ ਆਦਿ ਸਾਰੇ ਹੱਸਣੇ ਰੱਸਣੇ ਦਰਸ਼ਨ ਅੱਖਾਂ ਅੱਗੋਂ ਪਲਕਾਰਾ ਮਾਰਕੇ ਲੰਘੇ ਤੇ ਇਕੱਲ ਨੇ ਇਕ ਝਲਕਾ ਮਾਰਿਆ। ਐਸ ਵੇਲੇ ਬੂਹਾ ਖੜਕਿਆ। ਕੌਣ ਹੈ? ਸਾਰੇ ਸਤਿਸੰਗੀ। ਇਹ ਕਿਉਂ ਆਏ ਹਨ? ਧਰਮਸਾਲ ਵਿਚ ਇਹ ਵੀਚਾਰ ਹੋਈ ਕਿ ਅਜ ਸਤਿਸੰਗ ਮਾਈ ਦੇ ਘਰ ਲੱਗੇ, ਵਾਰ ਓਥੇ ਚੱਲਕੇ ਆਰੰਭੀਏ। ਇਸ ਲਈ ਕਿ ਅੱਜ ਦੀ ਸੱਟ ਬਹੁਤ ਕਰੜੀ ਹੈ, ਮਤੇ ਮਾਈ ਟੁਰਕੇ ਏਥੇ ਨਾ ਆ ਸਕੇ। ਦੁਖੀ ਤਾਂ ਸਾਰੇ ਹਾਂ ਪਰ 'ਰਜ਼ਾ' ਸਤਿਗੁਰ ਨੇ ਸਿਰ ਰੱਖਣੀ ਸਿਖਾਈ ਹੈ। ਸਾਰੇ ਰਲਕੇ ਰਜ਼ਾ ਦੀ ਸੰਧਜਾ ਪੜ੍ਹੀਏ। ਇਹ ਦਿੱਸਦਾ ਆਸਰਾ, ਹਾਂ ਦਿੱਸਦੇ ਭਲੀਂਦੇ ਸਤਿਸੰਗ ਦਾ ਆਸਰਾ ਪਾ ਕੇ ਮਾਈ ਦੀ ਪ੍ਰਪੱਕ ਹੋ ਰਹੀ ਸੁਰਤ ਤਕੜੀ ਹੋ ਗਈ ਤੇ ਇਹ ਆਸਰਾ ਪਾਕੇ ਹੰਭਲਾ ਮਾਰਕੇ ਉੱਠੀ। ਬੂਹਾ ਖੁਹਲਿਆ। ਆਦਰ ਨਾਲ ਬਿਠਾਇਆ, ਸਤਿਸੰਗ ਦਾ ਸ਼ੁਕਰ ਕੀਤਾ, ਹੱਥ ਜੋੜੇ, 'ਧੰਨ ਧੰਨ ਸਤਿਸੰਗ' ਕਈ ਵਾਰ ਆਖਿਆ। ਪਰ ਸਤਿਸੰਗੀ ਤਾਂ ਪਿਆਰ ਕਰਨ ਆਏ ਸੇ ਆਦਰ ਲੈਣ ਨਹੀਂ ਸੇ ਆਏ, ਮਾਈ ਦੀ ਧੰਨ ਮੰਨਕੇ ਸਭ ਨੇ ਦੀਵਾਨ ਸਜਾ ਦ੍ਰਿੱਤਾ ਤੇ ਵਾਰ ਲਾ ਦਿੱਤੀ। ਮਾਈ ਦੀ ਸੁਰਤ ਹੁਣ ਨਾਮ ਵਿਚ ਚੜ੍ਹੀ ਅਰ ਉੱਚੇ ਮੰਡਲਾਂ ਵਿਚ ਪਹੁੰਚ ਕੇ ਟਿਕ ਗਈ। ਬੀਤ ਗਈ ਅਰ ਐਉਂ ਬੀਤ ਗਈ ਤੀਸਰੀ ਔਖੀ ਰਾਤ।

ਡਾਕਦਾਰਨੀ— ਵਾਹ ਵਾਹ! ਧੰਨ ਸਤਿਸੰਗ ਹੈ। ਜੇ ਮੈਨੂੰ ਤੁਸਾਡੇ ਸੁਹਣੇ ਸਤਿਸੰਗ ਦਾ ਆਸਰਾ ਨਾ ਹੁੰਦਾ ਤਾਂ ਮੈਂ ਬੀ ਰੁੜ੍ਹ ਹੀ ਜਾਂਦੀ। ਸ਼ੁਕਰ ਹੈ। ...ਬੀਬੀ ਭੈਣ, ਧੰਨ ਹੈਸੀ ਮਾਈ ਸਭਰਾਈ। ਸਤਿਗੁਰ ਦੇ ਐਡੇ ਕਰੜੇ ਖੇਦ ਸੁਣਕੇ ਅਸੀਂ ਅੱਜ ਰੁੜ੍ਹ ਜਾਂਦੇ ਹਾਂ, ਧੰਨ ਸੀ ਉਹ ਮਾਈ ਜੋ ਏਡੀ ਨੇੜੇ ਦੀ ਸਾਕਾਦਾਰੀ ਵਾਲੀ ਹੋਕੇ ਗ਼ਮਾਂ ਦੇ ਸਮੁੰਦਰ ਵਿਚ ਲਹਰ— ਪਛਾੜ ਝਲ ਝਲਕੇ ਫੇਰ ਤਰ ਨਿਕਲਦੀ ਹੈ।

ਬੀਬੀ ਜੀ! ਮੈਂ ਮੂਰਖ ਨੇ ਇਕ ਗੱਲ ਪੁੱਛਣੀ ਹੈ, ਉਦਾਸ ਤਾਂ ਨਾ ਹੋਸੇ? ਕਿ ਏਡੇ ਸੁਹਣੇ ਉਪਦੇਸ਼ ਇਕ ਜ਼ਿੰਦੜੀ ਦੇ ਅੱਖਾਂ ਅੱਗੇ ਆਕੇ ਰਸਤਾ ਦਿਖਾ ਰਹੇ ਹਨ ਦੁਖੀਆਂ ਨੂੰ ਦੁੱਖਾਂ ਦੀ ਨੈਂ ਨੂੰ ਤਰ ਨਿਕਲਣ ਦੇ, ਪਰ ਮੇਰੇ ਇਸ ਮਨ ਨੂੰ ਫੇਰ ਸੰਸੇ ਫੁਰਦੇ ਹਨ!

ਸੁਭਾਗ— ਨਾ ਭੈਣ, ਸੰਸਾ ਤਾਂ ਹੋਇਆ ਇਹ ਸੰਸਾਰ* ਇਹੋ ਹੈ ਸਮੁੰਦ੍ਰ ਜੋ ਤਰਨਾ ਹੈ। ਇਹੋ ਹੈ ਪਰਦਾ ਸਾਡੇ ਤੇ ਸਾਈਂ ਵਿਚਕਾਰ। ਇਹ ਸਾਨੂੰ ਉਪਜਣਾ, ਗੁਰਬਾਣੀ ਨੇ ਇਸ ਨੂੰ ਕੱਟਣਾ, ਨਾਮ ਨੇ ਇਸ ਉਤੇ ਤਰ ਨਿਕਲਣ ਦੀ ਦੇਣੀ ਤਾਰੂ ਸ਼ਕਤੀ। ਹੈਂ ਜੀ...ਪੁਛੋ ਜੀ ਸਦਕੇ।

ਡਾਕਦਾਰਨੀ— ਇਹ ਦੁਖ ਆਏ ਮਾਈ ਨੂੰ, ਇਨ੍ਹਾਂ ਵਿਚ ਕਈ ਕਈ ਦਿਨ ਲੰਘਦੇ ਹੋਣਗੇ ਤੇ ਏਹ ਹਾਲ ਰਾਤ ਦਿਨ ਰਹਿੰਦੇ ਹੋਣਗੇ; ਪਰ ਨਿਰੀ ਇਕੋ ਇਕ ਰਾਤ ਉਖੇਰੀ ਦਿਖਾਈ ਹੈ। ਕੀ ਮਾਈ ਦਿਨੇ ਦੁਖੀ ਨਹੀਂ ਸੀ ਹੁੰਦੀ ਤੇ ਰਾਤ ਨੂੰ ਹੀ ਹੁੰਦੀ ਸੀ ਤੇ ਰਾਤ ਬੀ ਫੇਰ ਇਕੋ ਰਾਤ? ਕੀ ਅਗਲੀ ਰਾਤ ਨੂੰ ਮਾਈ ਪਾਰਗਿਰਾਮੀ ਹੋ ਜਾਂਦੀ ਸੀ?

ਸੁਭਾਗ ਮੁਸਕ੍ਰਾ ਪਈ ਤੇ ਫੇਰ ਵੀਚਾਰਵਾਨ ਹੋ ਕੇ ਕਹਿਣ ਲਗੀ:- ਭੈਣ ਜੀ, ਜਿਸ ਵੇਲੇ ਸੱਟ ਸਿਰ ਤੇ ਪੈਂਦੀ ਹੈ ਜਾਂ ਸੱਟ ਦੀ ਸੋ ਸੁਣਾਈ ਦਿੰਦੀ ਹੈ, ਉਸ ਵੇਲੇ ਸਦਮਾ ਕਹਿਰਾਂ ਦਾ ਹੁੰਦਾ ਹੈ। ਪਰ ਉਸ ਵੇਲੇ ਸਾਕ ਸੰਬੰਧ ਆ ਜੁੜਦੇ ਹਨ, ਉਨ੍ਹਾਂ ਦੇ ਪਿਆਰ ਤੇ ਸਾਡੇ ਦਰਦ ਵਿਚ ਦਰਦੀ ਹੋਣ ਕਰ ਕੇ ਦੁਖ ਦੂਰ ਤਾਂ ਨਹੀਂ ਹੁੰਦਾ, ਪਰ ਉਸ ਵੇਲੇ ਲਈ ਵੰਡੀਜ ਜਾਂਦਾ ਹੈ ਤੇ ਸਮਾਂ ਲੰਘ ਜਾਂਦਾ ਹੈ। ਰਾਤ ਜਦ ਸਾਰੇ ਚਲੇ ਜਾਂਦੇ ਹਨ ਤੇ ਘਰ ਵਿਚਲੇ ਬੀ ਸੌਂ ਜਾਂਦੇ ਹਨ ਤਾਂ ਜਿਸ ਨੂੰ ਸਿਰਦੀ ਸੱਟ ਪਈ ਹੈ ਉਸਨੂੰ ਇਕੱਲ ਹੋ ਜਾਂਦੀ ਹੈ। ਨੀਂਦ ਉਸਨੂੰ ਪੈਂਦੀ ਨਹੀਂ, ਪੈਂਦੀ ਹੈ ਤਾਂ ਉਟਕਦੀ ਹੈ। ਉਸ ਇਕੱਲ ਤੇ ਉਨੀਂਦੇ ਵਿਚ ਮਨ ਤੇ ਸਰੀਰ ਢਿੱਲੇ ਹੁੰਦੇ ਹਨ, ਚਿੰਤਾ ਦੇ ਵਾਰ ਤਕੜੇ ਪੈਂਦੇ ਹਨ ਤੇ ਮਨ ਦਾ ਰੁਖ ਢਹਿੰਦੀਆਂ ਕਲਾਂ ਵਲ ਨੂੰ ਜਾਂਦਾ ਹੈ। ਦੁਖ ਦੀ ਬਹੁੱਲਤਾ ਹੋਣ ਕਰਕੇ ਉਸ ਰਾਤ ਵਿਚ ਦਾ ਦੁਖ ਤੇ ਦੁਖ ਤੋਂ ਤਰ ਨਿਕਲਣ ਦਾ ਵਰਨਣ ਹੋਇਆ ਹੈ। ਹੋਰ ਅਗਲੇ ਦਿਨ ਤੇ ਅਗਲੀਆਂ ਰਾਤਾਂ ਵਿਚ ਚਿੰਤਾ ਦੇ ਰੋੜ੍ਹੇ ਪੈਣੇ ਅਨਹੋਣੇ ਤਾਂ ਨਹੀਂ ਹਨ। ਆਪਣੇ ਵਲ ਤੱਕ ਲਓ ਤਾਂ ਪਹਿਲੀ ਰਾਤ ਬਾਬਾ ਜੀ ਨੇ, ਜਦ ਸਾਰੇ ਚਲੇ ਗਏ ਸਨ,

---

* ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ॥
(ਮਾਝ ਵਾਰ ਮ: ੧)


SIKHBOOKCLUB.COM

ਤਾਂ ਆਪਦੇ ਸਾਰੇ ਪਰਵਾਰ ਨੂੰ ਕੀਕੂੰ ਸੰਭਾਲੀ ਰਖਿਆ ਸੀ। ਇਹ ਤਾਂ ਨਹੀਂ ਸਾਨੇ ਕੀਤਾ ਕਿ ਅਗਲੇ ਦਿਨ ਫੇਰ ਟੁਰ ਜਾਣ। ਕਿੰਨੇ ਦਿਨ ਰਹੇ ਤੇ ਸਹਾਰਾ ਦੇਂਦੇ ਰਹੇ ਸਨ। ਹੁਣ ਬੀ ਮੈਨੂੰ ਤਾਹੀਓਂ ਛੋੜ ਗਏ ਹਨ ਕਿ ਸਾਰੇ ਸਤਿਸੰਗੀਆਂ ਦੇ ਚਲੇ ਜਾਣ ਮਗਰੋਂ ਤੁਸਾਨੂੰ ਮਤੇ ਟੋਟ ਪਏ ਤੇ ਉਸ ਵੇਲੇ ਮੈਂ ਕੋਲ ਹੋਵਾਂਗੀ ਤਾਂ ਸਹਾਰਾ ਦਿਆਂਗੀ। ਇਸ ਦਾ ਇਹ ਬੀ ਅਰਥ ਨਹੀਂ ਕਿ ਸਤਿਸੰਗੀਆਂ ਨੂੰ ਸਾਈਂ ਨਾਮ ਤੋਂ ਅਚੇਤ ਲੋਕਾਂ ਨਾਲੋਂ ਵਧੀਕ ਸਹਾਰੇ ਦੀ ਲੋੜ ਪੈਂਦੀ ਹੈ। ਸਤਿਸੰਗੀ ਤਾਂ ਇਸ ਕਰ ਕੇ ਇਸ ਵੇਲੇ ਪਜਾਰ ਕਰਦੇ ਹਨ ਕਿ ਇਨ੍ਹਾਂ ਦੇ ਅੰਦਰ ਨਾਮ ਦਾ ਜਤਨ ਹੈ, ਜੋ ਅਜੇ ਪ੍ਰੱਪਕ ਨਹੀਂ ਹੋਇਆ, ਕਿਤੇ ਐਸਾ ਨਾ ਹੋਵੇ ਕਿ ਚਿੰਤਾ ਦੇ ਰੋੜ੍ਹ ਵਿਚ ਉਹ ਤਰਲਾ ਹਥੋਂ ਨਿਕਲ ਜਾਏ। ਹੋਰ ਨਾਮ ਤੋਂ ਅਚੇਤ ਲੋਕਾਂ ਨਾਲੋਂ ਨਾਮ ਦੇ ਅਭਜਾਸੀ ਵਧੇਰੇ ਤਕੜੇ ਹੁੰਦੇ ਹਨ ਤੇ ਦੁਖਾਂ ਨੂੰ ਵਧੇਰੇ ਜੇਰੇ ਨਾਲ ਝੱਲਦੇ ਹਨ। ਲੋੜ ਹੁੰਦੀ ਹੈ ਤਾਂ ਉਨ੍ਹਾਂ ਦੇ ਅੰਦਰਲੇ ਨਾਮ ਧਨ ਨੂੰ ਬਚਾਉਣ ਦੀ। ਅਚੇਤ ਲੋਕ ਹਠ ਦੇ ਆਸਰੇ, ਜਾਂ ਦਿਲ ਭੁਲਾਵਿਆਂ ਨਾਲ, ਜਾਂ ਸਮੇਂ ਦੇ ਬੀਤਣ ਨਾਲ ਵਿਛੋੜਿਆਂ ਨੂੰ ਭੁੱਲਦੇ ਹਨ। ਨਾਮ ਦੇ ਤਰਲੇ ਵਾਲੇ ਛੇਤੀ ਦੁਖ ਦੀ ਪਛਾੜ ਤੋਂ ਉੱਚੇ ਉਠਦੇ ਹਨ ਤੇ ਅਪਣੀ ਖੇਪ ਬਚਾਉਂਦੇ ਹਨ ਅਤੇ ਸਾਈਂ ਦੀ ਰਜ਼ਾ ਵਿਚ ਮਰਜ਼ੀ ਮੇਲਕੇ ਅੰਤਰ ਆਤਮੇ ਸੁਖ ਤੇ ਟਿਕਾਉ ਦੇ ਘਰ ਆ ਜਾਂਦੇ ਹਨ।

ਡਾਕਦਾਰਨੀ— ਠੀਕ ਹੈ।

ਸੁਭਾਗ— ਲਓ ਹੁਣ ਬਾਕੀ ਰਾਤਾਂ ਕਲ ਪੜ੍ਹਾਂਗੇ।

ਡਾਕਦਾਰਨੀ— ਸਤਿਬਚਨ। ਤੁਸਾਨੂੰ ਮੇਰੇ ਪਾਸ ਰਹਿ ਕੇ ਮੈਨੂੰ 'ਸਾਈਂ ਦੀ ਰਜ਼ਾ ਵਿਚ ਮਰਜ਼ੀ ਮੇਲਕੇ ਟੁਰਨ' ਤੇ 'ਨਾਮ ਦੇ ਜਤਨ ਵਿਚ ਢਿੱਲੇ ਨਾ ਪੈਣ ਦੇਣ' ਲਈ ਜੋ ਮਿਹਨਤ ਪੈ ਰਹੀ ਹੈ, ਮੈਂ ਉਸਦੀਆਂ ਦੇਣੀਆਂ ਨਹੀਂ ਦੇ ਸਕਦੀ। ਸਾਈਂ ਤੁਹਾਡੀ ਵਾਹਿਗੁਰੂ ਨਾਲ ਰਹਿ ਬਣ ਆਵੇ।

ਅਗ਼ਲੇ ਦਿਨ ਫਿਰ ਦੁਇ ਰਲ ਬੈਠੀਆਂ ਤੇ ਸੁਭਾਗ ਨੇ ਅਗੋਂ ਪੋਥੀ ਵਾਚੀ।

### ਚੌਥੀ ਰਾਤ

ਤੀਸਰੀ ਰਾਤ ਬੀਤ ਗਈ। ਮਾਈ ਦੇ ਹਿਰਦੇ ਮੰਡਲ ਵਿਚ ਜੋ ਰਜ਼ਾ ਦੇ ਸੂਰਜ ਨੂੰ ਲੁਕਾ ਲੈਣ ਵਾਲੇ ਬੱਦਲ ਉਮਡੇ ਸਨ, ਹੌ ਹਟੀ ਬਰਖਾ ਦੇ ਮਗਰੋਂ ਨਿੱਤਰੇ ਹੋਏ ਅਕਾਸ਼ ਵਾਂਙੂ ਮਨ ਦੇ ਅਕਾਸ਼ ਤੋਂ ਲੁਕ ਗਏ ਹਨ। ਪਰ ਜਿਕੂੰ ਕਿਤੇ ਰਿਹਾ ਖਿਹਾ ਬੱਦਲ ਦਿੱਸਿਆ ਕਰਦਾ ਹੈ ਤਿੱਕੂੰ ਏਹ ਇੱਛਾ ਕਿਤੇ ਕਿਤੇ ਲਟਕ ਰਹੀ ਹੈ ਕਿ ਗੁਰੂ ਮਹਾਰਾਜ ਜੀ ਕਿੱਥੇ ਬਿਰਾਜ ਰਹੇ ਹੋਣਗੇ, ਬਰਖ਼ੁਰਦਾਰ ਕਿੱਥੇ ਹੋਣਗੇ, ਪਰਵਾਰ ਸਾਰੇ ਦਾ ਕੀਹ ਹਾਲ ਹੋਇਆ ਹੋਊ। ਸੁਰਤ ਨਾਮ ਦੇ ਪਰਵਾਹ ਵਿਚ ਅਖੰਡਾਕਾਰ ਤਾਂ ਚਲ ਰਹੀ ਹੈ, ਪਰ ਅਗਲੀ ਸੁਧ ਜਾਣਨ ਦੀ ਇੱਛਾ ਉਮਡ ਪੈਂਦੀ ਹੈ ਤੇ ਚਿੰਤਾ ਦਾ ਰੰਗ ਲੈ ਕੇ ਉਮਡਦੀ ਹੈ। ਭਰੋਸਾ ਤੇ ਸਿਦਕ ਕਹਿੰਦੇ ਹਨ ਕਿ ਕੌਤਕਹਾਰ ਮਾਲਕ ਆਪ ਹਨ ਤੇ ਆਪਣੇ ਕੌਤਕਾਂ ਨੂੰ ਓਹ ਆਪ ਜਾਣਦੇ ਹਨ। ਜੋ ਫਕੀਰੀ ਵਿਚ ਬੈਠੇ ਪਾਤਸ਼ਾਹ ਨਾਲ ਟാਕਰਾ ਕਰਦੇ ਅਰ ਉਨ੍ਹਾਂ ਦਾ ਮੂੰਹ ਮੋੜਦੇ ਹਨ ਓਹ ਹਾਰ ਜਿੱਤ ਵਿਚ ਨਹੀਂ ਹਨ, ਪਰ ਕੋਈ ਪ੍ਰਯੋਜਨ ਹੈ ਜੋ ਵਾਹਿਗੁਰੂ ਦੇ ਹੁਕਮ ਅਨੁਸਾਰ ਉਨ੍ਹਾਂ ਨੇ ਪੂਰਨ ਕਰਨਾ ਹੈ। ਉਸਦੇ ਭੇਤ ਦੇ ਉਹ ਆਪ ਜਾਣੂੰ ਹਨ। ਆਪ ਜਨਮ ਮਰਨ ਵਿਚ ਨਹੀਂ ਹਨ, ਅਮਰ ਹਨ ਇਸ ਕਰ ਕੇ ਦੁਖ ਸੁਖ ਨੂੰ ਸਮ ਜਾਣਦੇ ਹਨ। ਘਾਬਰਨ ਵਾਲੇ ਜੇ ਹਾਂ ਤਾਂ ਅਸੀਂ ਹਾਂ। ਇਸ ਪ੍ਰਕਾਰ ਦੀਆਂ ਸਿਦਕ ਦੀਆਂ ਵੀਚਾਰਾਂ ਪੱਛੋਂ ਦੀ ਪੌਣ ਵਾਂਙੂ ਬੱਦਲਾਂ ਨੂੰ ਉਡਾ ਰਹੀਆਂ ਹਨ, ਪਰ ਅਜੇ ਅੱਠ ਦਸ ਦਿਨ ਹੀ ਬੀਤੇ ਸਨ ਕਿ ਫੇਰ ਪੁਰੇ ਦੀ ਬੁਰੀ ਪੌਣ ਝੁੱਲ ਪਈ। ਹਨੇਰੀ ਘੱਟਾ ਬੱਦਲ ਤੇ ਕੜਕਾਂ ਨਾਲ ਲੈਕੇ ਆ ਗਈ। ਕਿਸੇ ਰਾਹੀ ਆ ਦੱਸਿਆ ਜੋ ਸ੍ਰੀ ਕਲਗੀਧਰ ਜੀ ਅਨੰਦਪੁਰੇ ਤੋਂ ਨਿਕਲਕੇ ਚਮਕੌਰ ਆਏ, ਓਥੇ ਘੋਰ ਯੁੱਧ ਹੋਇਆ, ਸ੍ਰੀ ਗੁਰੂ ਜੀ ਰਾਤ ਸਮੇਂ ਸਲਾਮਤ ਨਿਕਲ ਗਏ ਹਨ, ਪਰੰਤੂ ਵੱਡੇ ਦੋ ਸਾਹਿਬਜ਼ਾਦੇ ਓਥੇ ਹੀ ਸ਼ਹੀਦ ਹੋ ਗਏ ਅਰ ਭਾਈ ਸੰਤ ਸਿੰਘ ਜੀ ਭਾਈ ਸੰਗਤ ਸਿੰਘ ਜੀ ਵਰਗੇ ਪਿਆਰੇ ਤੇ ਚਾਲੀ ਪਿਆਰੇ ਓਸੇ ਥਾਂ ਉਹਨਾਂ ਦੀ ਰਜ਼ਾ ਪਾਲਦੇ ਜੀਵਨ ਮੁਕਤ ਹੋ ਗਏ ਹਨ।

ਇਹ ਖ਼ਬਰ ਉਸ ਨਾਮ ਦੇ ਮੰਡਲ ਦੀ ਤਰਾਊ ਦੇ ਕੰਨੀ ਇਕੁਰ ਪਈ ਕਿ ਜਿੱਕੂੰ ਕਿਸੇ ਮੁਸਾਫਰ ਨੂੰ ਕੋਈ ਪਿੱਛੋਂ ਦੀ ਆਕੇ ਮੋਢੇ ਤੋਂ ਫੜਕੇ ਅਚਾਨਕ ਖੜਾ ਕਰ ਲੈਂਦਾ ਹੈ ਤੇ ਆਖਦਾ ਹੈ-ਠਹਿਰ ਜਾਹ, ਪਹਿਲੇ

ਇਕ ਸੁਣਾਉਣੀ ਸੁਣ ਜਾਹ। ਠੀਕ ਓਸੇ ਤਰ੍ਹਾਂ ਮਾਤਾ ਭਚੱਕ ਕੇ ਰਹਿ ਗਈ। ਮਨ ਵਹਿਮ ਤਾਂ ਕਰਦਾ ਸੀ ਕਿ ਇਹ ਭਾਜੜ ਜੋ ਪਈ ਹੈ, ਹੋਰ ਉਪੱਦ੍ਰਵ ਨਾ ਕਰੇ। ਪਰ ਇਹ ਗਲ ਦਿਲ ਨੇ ਕਦ ਸੋਚੀ ਸੀ ਕਿ ਗੁਰੂ ਕੇ ਦੁਲਾਰੇ, ਅੱਖਾਂ ਦੇ ਤਾਰੇ, ਪੁਰਜ਼ਾ ਪੁਰਜ਼ਾ ਕੱਟ ਕੇ ਮੈਦਾਨ ਜੰਗ ਵਿਚ ਸ਼ਹੀਦੀ ਦੀ ਸਿਰਮੌਰ ਪਦਵੀ ਪਾ ਜਾਣਗੇ ਅਰ ਸਚਖੰਡ ਵਾਸੀ ਬੱਚੀ ਦਾ ਅੱਧਾ ਖੇੜਾ ਸੁੰਞਾ ਕਰ ਜਾਣਗੇ। ਇਹ ਖ਼ਬਰ ਸੀ ਕਿ ਇਕ ਪਰਬਤੀ ਹਿਮਬਿੱਜ* ਸੀ, ਜਿਸਦੇ ਡਿਗਦਿਆਂ ਹੇਠ ਆਏ ਦੀ ਸੁਰ ਸੁੱਧ ਹੀ ਨਹੀਂ ਰਹਿ ਸਕਦੀ। ਮੋਹ ਦੀ ਮਾਇਆ ਕਹੋ ਜਾਂ ਮਮਤਾ ਦੀਆਂ ਡੂੰਘੀਆਂ ਕੱਸੀਆਂ ਤਣਾਵਾਂ ਕਹੋ, ਇਨ੍ਹਾਂ ਮੋਹ ਤੇ ਮਮਤਾ ਦੇ ਵੱਸਣੇ ਦਾ ਜੋ ਥਾਉਂ ਹੈ ਓਥੇ ਡਾਢਾ ਤਣੁੱਕਾ ਵੱਜਾ। 'ਨਾਮ ਵਿਚ ਰੱਤਾ ਮਨ' ਨਾਮ ਦੇ ਆਨੰਦ ਵਿਚ ਮਗਨ ਤਾਂ ਸੀ, ਪਰ ਨਹੀਂ ਜਾਣਦਾ ਸੀ ਕਿ ਮੇਰੇ ਮਨ ਦੇ ਕਿਸ ਅਨਜਾਣੇ ਪਰਦੇ ਹੇਠ ਮੇਰੇ ਹੀ ਅੰਦਰ ਇਕ ਹੋਰ ਮਮਤਾ ਦੀ ਰੀਂਢ ਲੁਕੀ ਪਈ ਹੈ, ਜਿਸ ਦੇ ਟੁੱਟਣ ਲਗਿਆਂ ਮੇਰੇ ਮਨ ਦਾ ਸਾਰਾ ਤਲ ਹਿੱਲੇਗਾ ਅਰ ਓਸ ਹਿੱਲਣ ਵਿਚ ਨਾਮ ਇਸਤਰ੍ਹਾਂ ਗੁੰਮ ਹੋਵੇਗਾ ਕਿ ਜਿਸ ਤਰ੍ਹਾਂ ਡਾਢੇ ਤੁਫਾਨ ਮਚੇ ਤੇ ਲਹਿਰਾਂ ਦੇ ਝੁਰਮਟ ਵਿਚ ਜਹਾਜ਼। ਜਹਾਜ਼ ਹੁੰਦਾ ਤਾਂ ਸਮੁੰਦਰ ਤੇ ਹੀ ਹੈ, ਪਰ ਡੋਲਵੀਂ ਖੇਡ ਵਿਚ ਮਾਨੋ ਲੋਪ ਹੋ ਹੋ ਜਾਂਦਾ ਹੈ। ਸੋ ਸੁਣਦਿਆਂ ਸਾਰ ਮਾਈ ਦੀਆਂ ਤਲੀਆਂ ਹੇਠੋਂ ਮਿੱਟੀ ਨਿਕਲ ਗਈ, ਸੁੰਨਤਾ ਛਾ ਗਈ ਤੇ ਮਾਨੋ ਪੱਥਰ ਜੇਹੀ ਹੋ ਗਈ। ਨੇਤ੍ਰਾਂ ਵਿਚ ਜਲ ਆਇਆ ਪਰ ਆਂਵਦਾ ਹੀ ਮਾਨੋ ਜੰਮ ਗਿਆ। ਧਰਤੀ ਵੱਲ ਬਿਟਰ ਬਿਟਰ ਤੱਕਦੀ ਹੈ, ਨਾ ਬੋਲਦੀ ਹੈ ਨਾ ਹਿੱਲਦੀ ਹੈ। ਸ਼ਹਿਰ ਵਿਚ ਬੀ ਇਹ ਖਬਰ ਪਹੁੰਚ ਗਈ । ਸੱਜਣਾਂ ਦੀ ਆਵਾਜਾਈ ਸ਼ੁਰੂ ਹੋ ਗਈ। ਮਾਈ ਕਿਸੇ ਨਾਲ ਕੁਛ ਕੂ ਨਹੀਂ ਸਕਦੀ, ਪਥਰਾਈ ਹੋਈ ਮਾਨੋ ਬੈਠੀ ਹੈ। ਇਹ ਦਸ਼ਾ ਵੇਖਕੇ ਇਕ ਦੋ ਸਿਆਣਿਆਂ ਨੂੰ ਡਾਢੀ ਹੀ ਚਿੰਤਾ ਹੋਈ! ਸਿਆਣਿਆਂ ਨੇ ਵੀਚਾਰ ਕਰਕੇ ਮਾਤਾ ਦੇ ਵਿਹੜੇ ਵਿਚ ਦੀਵਾਨ ਲਾ ਕੇ ਵੈਰਾਗ ਦੇ ਸ਼ਬਦਾਂ ਦਾ ਉਚਾਰ ਸ਼ੁਰੂ ਕਰ ਦਿੱਤਾ। ਕੋਈ ਘੰਟੇ ਕੁ ਮਗਰੋਂ ਮਾਈ ਜੀ ਦੇ ਨੇਤ੍ਰਾਂ ਵਿਚੋਂ ਅੱਥਰੂ ਕਿਰ ਪਏ, ਲੰਮਾ ਸਾਹ ਆਇਆ ਤੇ ਬੋਲੀ 'ਲਾਲ ਜੀ! ਮੈਨੂੰ ਨਾਲ ਲੈ ਜਾਂਦੇ ਤਾਂ ਭਲਾ ਹੁੰਦਾ, ਹੋਰ ਕੁਛ ਨਹੀਂ ਬੋਲੀ ਪਰ ਨੇਤ੍ਰਾਂ ਤੋਂ ਪਰਵਾਹ ਜਾਰੀ ਹੋ ਗਿਆ ਅਰ ਜਾਰੀ ਰਿਹਾ।

ਸਤਿਸੰਗੀ ਸਾਰੇ ਆਪ ਬੜੇ ਵੈਰਾਗ ਵਿਚ ਸੇ ਪਰ ਮਾਈ ਨੂੰ ਇਕੱਲੀ ਤੇ ਵਧੇਰੇ ਦੁਖੀਆ ਜਾਣਕੇ ਅਜੇ ਸੋਝਲਾ ਹੀ ਸੀ ਕਿ ਸਤਿਸੰਗੀਆਂ ਵਿਚੋਂ ਵਡੇਰੀਆਂ ਨੇ ਮਾਈ ਦਾ ਮੂੰਹ ਹੱਥ ਧੁਲਾਇਆ ਤੇ ਅੰਦਰ ਲਿਜਾ ਕੇ ਲਿਟਾ ਦਿੱਤਾ। ਲੇਟਦਿਆਂ ਹੀ ਨੀਂਦ ਪੈ ਗਈ। ਸੁੱਤੀ ਪਈ ਨੂੰ ਆਰਾਮ ਵਿਚ ਵੇਖਕੇ ਬਹੁਤਿਆਂ ਦਾ ਹੁਣ ਠਹਿਰਨਾ ਘਬਰਾ ਦੇਣਾ ਸਮਝਕੇ ਸਾਰੇ ਮਲਕੜੇ ਮਲਕੜੇ ਵਿਦਾ ਹੋ ਗਏ। ਘਰ ਦੀ ਸੇਵਕਾ ਨੇ ਬੀ ਬੂਹਾ ਢੋਕੇ ਆਰਾਮ ਕੀਤਾ। ਅਜੇ ਪਹਿਲਾ ਪਹਿਰ ਭੀ ਨਹੀਂ ਬੀਤਿਆ ਸੀ ਜੋ ਘੜਿਆਲੀ ਦੀ ਟੁੰਕਾਰ ਮਾਈ ਦੇ ਕੰਨਾਂ ਪੁਰ ਪਈ। ਘੂਕ ਸੁੱਤੀ ਮਾਈ ਤੜਫ ਕੇ ਉੱਠ ਬੈਠੀ:— ਹਾਇ! ਉਹੋ ਘੜੀਆਂ ਤੇ ਪਹਿਰ ਵੱਜਦੇ ਹਨ, ਉਹੋ ਤਾਰੇ ਤੇ ਚੰਨ ਚੜ੍ਹਦੇ ਹਨ, ਪਰ ਮੇਰੇ ਦੁਲਾਰੇ ਕਈ ਹਜ਼ਾਰ ਟੁਕੜੇ ਹੋਏ ਮੈਦਾਨ ਜੰਗ ਵਿਚ ਅਗਨੀ ਨੂੰ ਉਡੀਕ ਰਹੇ ਹਨ। ...ਕਿਉਂ ਇਹ ਦਸ਼ਾ ਹੈ? ਵਾਹ ਵਾਹ ਤੇਰੇ ਚੋਜ! ਮਨਾ! ਤੇਰੇ ਕੁਛ ਵੱਸ ਨਹੀਂ, ਕੁਛ ਅਧੀਨ ਨਹੀਂ ਹੈ, ਜਿਸਦੇ ਇਹ ਵੱਸ ਹੈ ਤੂੰ ਉਸਦੇ ਵੱਸ ਹੋ, "ਜਿਸੁ ਠਾਕੁਰ ਸਿਉ ਨਾਹੀ ਚਾਰਾ॥ ਤਾ ਕਉ ਕੀਜੈ ਸਦ ਨਮਸਕਾਰਾ॥" ਜੋ ਗੁਰੂ ਸਾਰੇ ਸੰਸਾਰ ਦੇ ਦੁੱਖ ਹਰਦਾ, ਵਿਪਦਾ ਟਾਲਦਾ ਤੇ ਰੇਖਾਂ ਵਿਚ ਮੇਖਾਂ ਮਾਰਦਾ ਹੈ, ਉਹ ਜਦ ਆਪ ਅਪਣੇ ਪੁੱਤ੍ਰਾਂ ਨੂੰ ਮੈਦਾਨ ਵਿਚ ਤੋਰਦਾ ਹੈ, ਅਪਣੀਆਂ ਅੱਖਾਂ ਦੇ ਸਾਹਮਣੇ ਟੁਕੜੇ ਹੁੰਦੇ ਵੇਖਦਾ ਹੈ, ਤਦ ਕੋਈ ਭੇਦ ਹੈ ਇਸ ਵਿਚ, ਜੋ ਤੇਰੀ ਸਮਝ ਤੋਂ ਵੱਖਰਾ ਹੈ। ....ਪਰ ਕੀਹ ਸੀ ਕਿ ਮੇਰੀ ਬੱਚੜੀ ਵਾਂਗੂੰ ਮੈਨੂੰ ਭੀ ਇਹਨਾਂ ਕਲੇਸ਼ਾਂ ਦੇ ਵੇਖਣ ਤੋਂ ਬਚਾ ਲਿਆ ਜਾਂਦਾ? ...ਆਪੋ ਆਪਣੇ ਭਾਗ ਹਨ।

ਇਹ ਕਹਿੰਦਿਆਂ ਇਕ ਰੱਚ ਉੱਠਿਆ, ਗਲਾ ਰੁਕ ਗਿਆ ਅਰ ਨੇਤ੍ਰ ਡੁੱਲ੍ਹ ਪਏ। ਡੁੱਲ੍ਹੇ ਕੀ ਦਰਯਾ ਹੀ ਵਗ ਪਿਆ। ਜੀਕੂੰ ਖਾਰਾ ਪਾਣੀ ਖਿਚੀਜ ਖਿਚੀਜ

* ਜੰਮੀ ਬਰਫ ਦੇ ਪਹਾੜ ਸਮਾਨ ਟੀਲੇ ਜੋ ਪਹਾੜਾਂ ਤੋਂ ਤਿਲਕ ਕੇ ਹੇਠਾਂ ਆ ਪੈਂਦੇ ਹਨ।


SIKHBOOKCLUB.COM

ਕੇ ਅੱਖਾਂ ਥਾਣੀਂ ਵਹਿ ਰਿਹਾ ਹੈ ਤਿੱਕੂੰ ਸੁਰਤ ਭੀ ਖਿੱਚੀ ਜਾਕੇ ਸਿਰ ਵਲ ਨੂੰ ਰੁਖ ਕਰ ਰਹੀ ਹੈ ਅਰ ਕੱਠੀ ਹੁੰਦੀ ਜਾਂਦੀ ਹੈ। ਪਰ ਇਹ ਇਕੱਠਾ ਹੋਣਾ ਰਗੜ ਵਾਲਾ ਹੈ। ਇਕ ਝਰਨਾਟ ਜਿਹੀ ਸਾਰੇ ਬਦਨ ਵਿਚ ਹੋਕੇ ਇਕ ਫੁਹਾਰਾ ਛੁਟਦਾ ਹੈ ਕਿ ਦੂਸਰਾ ਮਗਰ ਤਿਆਰ ਹੋ ਜਾਂਦਾ ਹੈ। ਇਸ ਰਗੜ ਭਰਵੀਂ ਦਸ਼ਾ ਵਿਚ ਮਨ ਕੁਛ ਨਹੀਂ ਸੋਚਦਾ। ਆਲਸ, ਰੰਜ, ਵੈਰਾਗ ਦੀ ਖਿਚ ਖਿਚਾਹਟ ਦੇ ਮਿਲਵੇਂ ਭਾਵ ਤੋਂ ਇਕ ਸ਼ੂੰਨਤਾ ਛਾ ਰਹੀ ਹੈ। ਹਾਇ ਪਾਪਣ ਪੋਹ ਦੀ ਰਾਤ! ਕਾਲੀ ਤੇ ਬੋਲੀ ਬੀਤਦੀ ਹੀ ਨਹੀਂ। ਬੀਤੇ ਕਿੱਕੁਣ? ਨਹੀਂ, ਉਹ ਤਾਂ ਬੀਤਦੀ ਹੈ, ਪਰੰਤੂ ਸੁਰਤ ਜੇ ਨੀਂਦ ਵਿਚ ਹੋਵੇ ਯਾ ਭਜਨ ਦੇ ਆਨੰਦ ਵਿਚ ਹੋਵੇ ਯਾ ਕਿਸੇ ਖੁਸ਼ੀ ਦੇ ਰੁਝੇਵੇਂ ਵਿਚ ਹੋਵੇ ਤਦ ਪਤਾ ਲੱਗੇ ਕਿ ਬੀਤ ਗਈ ਹੈ। ਇਹ ਤਾਂ ਸੁਰਤ ਅਟਕੀ ਖੜੀ ਹੈ, ਰਾਤ ਨਹੀਂ ਅਟਕੀ ਖੜੀ। ਕੁਝ ਚਿਰ ਮਗਰੋਂ ਮਾਈ ਨੂੰ ਸ਼ੂਨਤਾ ਵਿਚੋਂ ਫੇਰ ਹੋਸ਼ ਆਈ, ਠੰਢਾ ਸਾਹ ਭਰਿਆ ਤੇ ਬੋਲੀ, "ਲੋਕੋ! ਮੈਂ ਲੁੱਟੀ ਗਈ ਜੇ, ਇਕ ਤਾਂ ਮੇਰੇ ਲਾਲ ਕਿਸੇ ਕੁਚੱਜੇ ਨੇ ਭੰਨ ਗੁਆਏ, ਇਕ ਮੈਂ ਕੁਚੱਜੀ ਨੇ ਅੰਦਰਲਾ ਗੁੱਝਾ ਲਾਲ ਭੰਨ ਗਵਾਇਆ। ਜੋ ਤਾਂ ਮੇਰੇ ਵਸੋਂ ਬਾਹਰ ਸੀ ਸੋ ਤਾਂ ਹੋ ਗਿਆ, ਜੋ ਮੇਰੇ ਵੱਸ ਸੀ ਮੈਂ ਆਪ ਵੰਞਾ ਰਹੀ ਹਾਂ। ਭਲਾ ਹੇ ਖੋਟੇ ਮਨ! ਤੇਰਾ ਵਿਸਾਹ ਨਹੀਂ। 'ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ॥' ਦੁਖ ਹੋਇਆ, ਪਰ ਹਾਇ ਪਾਪੀ ਮਨ! ਇਹ ਕੌਣ ਆਕੇ ਕਹਿ ਗਿਆ ਸੀ ਕਿ ਤੂੰ ਨਾਮ ਨੂੰ ਛੱਡ ਦੇਹ? ਤੂੰ ਜੋ ਚਿੰਤਾ ਸੀ ਰਹਿਣ ਦੇਂਦੋਂ, ਦੁੱਖ ਵਾਪਰਨ ਦੇਂਦੋਂ, ਪਰ ਨਾਮ ਤਾਂ ਨਾ ਛੱਡਦੋਂ, ਆਪੇ ਨਾਮ ਤੈਨੂੰ ਧੋ ਕਢਦਾ। ਕਾਲਿਆਂ ਨਾਲ ਲਾਈ, ਧੌਲਿਆਂ ਨਾਲ ਨਿਬਾਹੀ, ਹੁਣ ਪੀਲਿਆਂ ਵੇਲੇ ਤੋੜਨ ਲੱਗਾ ਹੈਂ, ਆ ਪਾਪੀ ਕੁਛ ਤਰਸ ਕਰ।

"ਹੇ ਮਨ! ਤੂੰ ਭਾਂਡਾ ਹੋ ਕੇ ਘੁਮਿਆਰ ਦੇ ਕੰਮਾਂ ਤੇ ਕਿੰਤੂ ਕਰਦਾ ਹੈਂ, ਦੱਸ ਤੂੰ ਕਿੱਧਰ ਦਾ ਸਤਿਸੰਗੀ ਹੈਂ। ਕੁਛ ਤਾਂ ਸ਼ਰਮ ਖਾਹ। ਸਤਿਗੁਰਾਂ ਨਾਲ ਸਾਕ, ਉਹ ਤਾਂ ਹੱਥੀਂ ਲਾਲਾਂ ਨੂੰ ਸ਼ਹੀਦ ਹੋਣ ਲਈ ਟੋਰਨ, ਤੂੰ ਹਾਂ ਕਰਨ ਜੋਗਾ ਨਹੀਂ ਤਾਂ ਸੁਣਕੇ ਹੀ ਖੁਰਨ ਜੋਗਾ ਹੈਂ? ਆ ਖਹਿੜਾ ਛੱਡ, ਰਸਤੇ ਪੌ। ...ਓਹੋ! ਹੁਣ ਪਸਚਾਤਾਪ ਦਾ ਕੀ ਗੁਣ ਹੈ? ਜੋ ਸ੍ਵਾਸ ਨਾਮ ਤੋਂ ਖਾਲੀ ਆਏ ਸੋ ਵਜਰਥ ਗਏ, ਜੋ ਵਕਤ ਐਵੇਂ ਗਿਆ ਸੋ ਬਿਰਥਾ ਗਿਆ, ਹੁਣ ਪਛਤਾਇਆਂ ਤੇ ਰੋਇਆਂ ਉਹ ਗਿਆ ਵੇਲਾ ਨਹੀਂ ਮੁੜਦਾ, ਪਛਤਾਵੇ ਵਿਚ ਲਗਿਆਂ ਹੋਰ ਵੇਲਾ ਜਾਏਗਾ, ਤਾਂ ਤੇ ਹੇ ਮਨ ਹੁਣ ਲੱਗ ਪੌ!" ਇਹ ਕਹਿਕੇ ਮਾਈ ਨੇ ਇਕ ਕਸੀਸ ਵੱਟੀ। ਇਸ ਕਸੀਸ ਵੱਟਣ ਵਿਚ ਦੰਦਾਂ ਨੇ ਜੁੱਟ ਖਾਧੀ ਅਰ ਸਿਰ ਨੇ ਹਲੋਰਾ। ਇਕ ਬਿਜਲੀ ਦੀ ਰੌ ਵਾਂਗ ਅੰਦਰ ਕੜਾਕਾ ਵੱਜਾ ਅਰ ਰਜੋ ਤਮੋ ਦੇ ਸਾਰੇ ਕੂੜੇ ਉੱਡ ਗਏ। ਮਾਈ ਨਾਮ ਵਿਚ ਰੱਤੇ ਭਾਵ ਵਿਚ ਆਕੇ ਸਿਮਰਣ ਵਿਚ ਲਗ ਪਈ। ਲੱਗੀ ਅਰ ਚੰਗੀ ਲੱਗੀ ਨਾਮ ਵਿਚ। ਸਰੀਰ ਭੀ ਸੁਖੀ ਹੋ ਗਿਆ। ਕੁਛ ਚਿਰ ਮਗਰੋਂ ਨੀਂਦ ਆ ਗਈ। ਹੇ ਮਾਈ! ਮਾਇਆ ਦਾ ਇਹ ਦਾਉ ਨ ਲੱਗਣ ਦੇਹ, ਪਰ 'ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ' ਇਕ ਮਾੜਾ ਜਿਹਾ ਠੌਂਕਾ ਲੱਗਾ, ਖਬਰੇ ਕੀ ਡਿੱਠਾ, ਜਾਗ ਖੁੱਲ੍ਹ ਗਈ, ਮਨ ਫੇਰ ਹਾਹੁਕੇ ਭਰ ਰਿਹਾ ਸੀ। ਫੇਰ ਮਾਈ ਅੰਦਰੋਂ ਤਕੜੀ ਹੋਕੇ ਲਗ ਪਈ। ਤ੍ਰਿਪਹਿਰਾ ਵੱਜ ਪਿਆ। ਇਸ ਵੇਲੇ ਜਾਗੀ ਤਾਂ ਮਨ ਅਡੋਲਤਾ ਵਿਚ ਸੀ, ਨਾਮ ਦੀ ਰੌ ਰਸਵਤੀ ਹੋਕੇ ਚਲ ਰਹੀ ਸੀ ਕਿ ਬਾਹਰੋਂ ਇਕ ਦਰਦ ਭਰੀ ਪਿਆਰੀ ਅਵਾਜ਼ ਆਈ:-

ਆਓ ਨੀ ਸਹੀਓ ਰਲ ਸੌਦੇ ਚੱਲੀਏ,
ਆਪ ਵਪਾਰੀ ਹੋ ਆਇਆ।
ਲਾਲ ਲਿਆ ਸੀ ਮੈਂ ਮੁੱਲ ਸੁਵੱਲੇ,
ਜੌਹਰੀ ਨੂੰ ਚਾ ਦਿਖਲਾਇਆ।
ਜੌਹਰੀ ਨੇ ਉਸਦੀ ਪਰਖ ਜੁ ਕੀਤੀ,
ਪਰਖ ਖਜ਼ਾਨੇ ਪਾਇਆ।
ਮੁੱਲ ਪਿਆ ਮੁੱਲ ਏਹੋ ਨੀ ਸਹੀਓ!
ਜੌਹਰੀ ਦੇ ਮੁੱਲ ਵਿਕਾਇਆ।
ਲਾਲ ਅਮੋਲਕ ਹੋਇਆ ਅਮੁੱਲਾ,
ਜੌਹਰੀ ਨੇ ਮੁੱਲ ਵਧਾਇਆ।
ਆਪ ਵਧਾਇਓਸੁ ਆਪੇ ਸੂ ਭਰਿਆ,
ਆਪ ਖਜ਼ਾਨੇ ਸੂ ਪਾਇਆ।
ਆਪਣੇ ਤੁੱਲ ਦਾ ਲਾਲ ਨੂੰ ਕੀਤੋਸੁ,
ਏਸੇ ਭਾ ਲਾਲ ਵਿਕਾਇਆ।

SIKHBOOKCLUB.COM

ਲਾਲ ਗਿਆ ਮੈਨੂੰ ਕਹਿਣ ਅਪੁੱਤੀ,
ਮੈਂ ਅਜ ਪੁੱਤਰ ਪਾਇਆ।
ਸਤਿਗੁਰ ਚਰਨਾਂ ਤੋਂ ਘੁੰਮ ਗਿਆ ਓ,
ਸਫਲ ਹੋਇਆ ਪੁਤ ਆਇਆ।
ਮੈਂ ਸਫਲੀ ਹਾਂ ਨਾਲੇ ਹੀ ਹੋਈ,
ਜਿਸਨੇ ਲਾਲ ਸੀ ਜਾਇਆ।
ਆਓ ਨੀ ਸਹੀਓ! ਰਲ ਸੌਦੇ ਚੱਲੀਏ,
ਆਪ ਵਪਾਰੀ ਹੋ ਆਇਆ।

ਇਹ ਮਿੱਠੀ ਪ੍ਰੇਮ, ਸ਼ਰਧਾ ਤੇ ਸਿਦਕ ਭਰੀ ਹੇਕ ਸੁਣਕੇ ਮਾਈ ਦੀ ਸੁਰਤ ਦਾ ਵੇਗ, ਜੋ ਹੁਣ ਆਪਣੇ ਟਿਕਾਣੇ ਸੀ, ਹੋਰ ਜੁੜਿਆ ਕਿ ਇੰਨੇ ਨੂੰ ਬੂਹਾ ਖੜਕਿਆ। ਸਖੀ ਨੇ ਖੋਲ੍ਹਿਆ, ਤਦ ਛੰਮ ਛੰਮ ਕਰਦੀ ਇਕ 'ਮਾਂ' ਅੰਦਰ ਆ ਵੜੀ ਤੇ ਕਹਿੰਦੀ ਹੈ, "ਮੇਰੇ ਸਿਰਤਾਜ ਦੀ ਮਾਤਾ! ਮੈਨੂੰ ਵਧਾਈ ਦੇਹ ਤੇ ਮੈ ਤੈਨੂੰ ਦਿਆਂ, ਅੱਜ ਉਸ ਕਲਗੀਆਂ ਵਾਲੇ ਬਾਜਾਂ ਵਾਲੇ ਦੇ ਉੱਤੋਂ ਤੇਰੀ ਕੁੱਖ ਦੀ ਬੱਚੜੀ ਦੇ ਸ਼ੇਰ ਬੱਚੇ ਸ਼ਹੀਦ ਹੋ ਗਏ ਤੇ ਇਸ ਨਿਕਾਰੀ ਦਾ ਜਾਇਆ ਭੀ ਉਹਨਾਂ ਪਿਆਰਿਆਂ ਦੇ ਚਰਨਾਂ ਤੋਂ ਵਾਰਿਆ ਘੋਲਿਆ ਮੈਨੂੰ ਸਪੁੱਤ੍ਰੀ ਕਰਕੇ ਸੱਚ ਖੰਡ ਜਾ ਵੱਸਿਆ।" ਇਸ ਰੰਗ ਰਤੜੀ ਦੇ ਬਚਨਾਂ ਦਾ ਕਿਆ ਅਚਰਜ ਅਸਰ ਹੋ ਗਿਆ ਹੈ, ਪੱਕੀ ਹੋਈ ਸੁਰਤ ਦੀ ਆਵਾਜ਼ ਮਾਈ ਦੀ ਸੁਰਤ ਨੂੰ ਅੱਖ ਦੇ ਫੋਰ ਵਿਚ ਪੁਠ ਚਾੜ੍ਹ ਗਈ।

ਮਾਈ ਨੇ ਆਵਾਜ਼ ਤੋਂ ਸਿਆਣ ਲਿਆ ਸੀ ਕਿ ਇਹ ਬੀਰ ਰਾਣੀ ਭਾਈ ਸੰਤ ਸਿੰਘ ਜੀ ਦੀ ਮਾਤਾ ਹੈ। ਮਾਈ ਸੁਣ ਚੁਕੀ ਸੀ ਕਿ ਇਸਦੇ ਸਿਦਕ ਦੇ ਪੂਰੇ ਸੱਚੇ ਅਨਿੰਨ ਭਗਤ ਪੁੱਤਰ ਨੇ ਕਿੱਕੂੰ ਆਪਣੀ ਜਾਨ ਸਤਿਗੁਰਾਂ ਤੋਂ ਵਾਰੀ ਹੈ*। ਹੁਣ ਮਾਈ ਨੂੰ ਸਮਝ ਆਈ ਕਿ ਲਾਹੇ ਦਾ ਸੌਦਾ ਵੇਚਕੇ ਕੌਣ ਆਇਆ ਹੈ? ਹੁਣ ਸਮਝੀ ਕਿ ਜੌਹਰੀ ਨੇ ਲਾਲ ਦਾ ਮੁੱਲ ਕਿੱਕੂੰ ਪਾਇਆ ਹੈ। ਚਮਕੌਰ ਵਿਚ ਭਾਈ ਸੰਤ ਸਿੰਘ ਜੀ ਨੂੰ ਗੱਦੀ ਦੇ ਕੇ ਕਲਗੀ ਜਿਗਾ ਲਗਾ ਕੇ ਆਪਣੀ ਥਾਂ ਥਾਪ ਕੇ ਸ੍ਰੀ ਗੁਰੂ ਜੀ ਉਸ ਪਿਆਰੇ ਸਿੱਖ ਅਤੇ ਹੋਰ ਸਿੱਖਾਂ ਦੇ ਵਾਸਤੇ ਪਾਉਣ ਪਰ ਨਿਕਲ ਗਏ ਸਨ। ਗੁਰੂ ਨੇ ਸਿੱਖ ਨੂੰ ਗੁਰੂ ਪਦਵੀ ਦੇ ਦਿੱਤੀ ਸੀ। ਲਾਲ ਐਉਂ ਜੌਹਰੀ ਦੇ ਘਰ ਬਹੁਤ ਮਹਿੰਗੇ ਮੁੱਲੋਂ ਵਿਕ ਗਿਆ ਸੀ। ਭਾਈ ਸੰਤ ਸਿੰਘ ਦੀ ਮਾਤਾ ਨਾਮ ਵਿਚ ਅਟੁੱਟ ਪੱਕ ਚੁੱਕੀ ਹੋਈ ਸੀ, ਮਰਨ-ਜੀਵਨ ਦੀ ਘਾਟੀ ਦੇ ਦੁਸਾਰ ਪਾਰ ਦੇਖ ਚੁਕੀ ਸੀ। ਉਸਨੂੰ ਪੁੱਤ੍ਰ ਦਾ ਇਸ ਬੀਰਤਾ ਨਾਲ ਅਰ ਐਸੇ ਪਰਮ ਅਰਥ ਲਈ ਮਰ ਜਾਣਾ ਭਾਰੀ ਖੁਸ਼ੀ ਦਾ ਸਬੱਬ ਹੋ ਰਿਹਾ ਸੀ। ਇਹ ਗਲ ਨਹੀਂ ਸੀ ਕਿ ਪੁੱਤ ਦੇ ਮਰਨ ਦੇ ਮੋਹ ਦੀ ਲੈ ਵਿਚ ਹਿਲਾਉ ਨਹੀਂ ਪੈਦਾ ਕੀਤਾ, ਕੀਤਾ ਹੈ, ਪਰ ਹਲਕਾ ਜਿਹਾ। ਇਸਨੇ ਬਜਾਇ ਰੋਣ ਦੇ ਖੁਸ਼ੀ ਦਾ ਚੱਕਰ ਭਵਾ ਦਿੱਤਾ ਹੈ, ਪਰ ਇਸ ਹਿਲਾਉ ਨੇ ਝੁੱਕੀ ਦੇਣੀ ਹੈ ਕਿ ਅੱਜ ਤੋਂ ਬਾਦ ਭਾ: ਸੰਤ ਸਿੰਘ ਦੀ ਮਾਈ ਨੇ ਅਜਰ ਨੂੰ ਜਰ ਜਾਣ ਵਾਲੀ ਅਵਸਥਾ ਵਿਚ ਪਹੁੰਚ ਪੈਣਾ ਹੈ।

ਅੱਜ ਦੀ ਚਿੰਤਾ ਦੀ ਰਾਤ ਜੋ ਸਭਰਾਈ ਦੀ ਕੱਟਿਆਂ ਕਟੀਂਦੀ ਨਹੀਂ ਸੀ ਅਰ ਬੀਤਦਿਆਂ ਲੰਘਦੀ ਨਹੀਂ ਸੀ ਤੇ ਜੋ ਹੁਣ ਬੜੇ ਹੰਭਲੇ ਮਾਰ ਮਾਰ ਕੇ ਨਾਮ ਤੇ ਆ ਰਹੀ ਤੇ ਅਡੋਲ ਹੋ ਰਹੀ ਸੀ, ਹੁਣ ਇਸ ਮਾਈ ਦੇ ਸਹਾਰਨ ਦੇ ਹੌਂਸਲੇ ਨੂੰ ਦੇਖਕੇ ਇਕ ਦਮ ਟਿਕਾਣੇ ਆ ਗਈ। ਅਜੇ ਥੋੜਾ ਹੀ ਚਿਰ ਹੋਇਆ ਸੀ ਕਿ ਸਤਿਸੰਗੀਆਂ ਦੇ ਢੋਲਕੀਆਂ ਛੈਣਿਆਂ ਦੀ ਗੂੰਜ ਕੰਨੀ ਪਈ ਅਰ ਸੰਗਤ ਦਾ ਡੇਰਾ ਆ ਲੱਗਾ, ਦੀਵਾਨ ਸਜ ਗਿਆ, ਆਸਾ ਦੀ ਵਾਰ ਲੱਗ ਪਈ।

ਮਾਈ ਦੀ ਸੁਰਤ ਅਡੋਲ ਉੱਚੇ ਮੰਡਲ ਵਿਚ ਜਾ ਟਿਕੀ। ਸਰੀਰ ਹੌਲਾ ਫੁੱਲ ਹੈ, ਸਗੋਂ ਅੱਜ ਤਾਂ ਸੁਰਤ ਹੀ ਸੁਰਤ ਦਾ ਚਾਨਣ ਪਸਰ ਰਿਹਾ ਹੈ, ਸਰੀਰ ਦਾ ਭਾਉ ਹੀ ਯਾਦ ਨਹੀਂ ਰਿਹਾ। ਇਸ ਤਰ੍ਹਾਂ ਬੀਤ ਗਈ ਅਰ ਬੀਤ ਗਈ ਨਾਮ ਦੀ ਸ਼ਰਨਾਗਤ ਮਾਤਾ ਦੀ ਚੌਥੀ ਰਾਤ।

## ਪੰਜਵੀਂ ਰਾਤ

ਸਭਰਾਈ ਪਰਮਾਰਥ ਦੇ ਰਸਤੇ ਟੁਰ ਰਹੀ ਉਹ ਆਪਣੇ ਜੀਵਨ ਨੂੰ ਕਿਸੇ ਸੁਹਣੇ ਸੰਚੇ ਵਿਚ ਢਾਲ ਰਹੀ ਹੈ ਤੇ ਵਰਤੋਂ ਸਿਖ ਰਹੀ ਹੈ, ਅਮਲ ਸਿੱਖ

* ਭਾਈ ਸੰਤ ਸਿੰਘ ਜੀ ਦੀ ਸੂਰਤ ਗੁਰੂ ਗੋਬਿੰਦ ਸਿੰਘ ਜੀ ਨਾਲ ਮਿਲਦੀ ਸੀ। ਚਮਕੌਰ ਦੇ ਘੇਰੇ ਵਿਚੋਂ ਇਸਨੇ ਸਤਿਗੁਰਾਂ ਨੂੰ ਟੋਰ ਦਿਤਾ ਸੀ ਤੇ ਆਪ ਕਲਗੀ ਜਿਗਾ ਲਾ ਕੇ ਦੂਏ ਦਿਨ ਸ਼ਹੀਦ ਹੋਇਆ। ਸ਼ੱਤ੍ਰੂ ਦਲ ਖੁਸ਼ ਹੋ ਗਿਆ ਕਿ ਅਸੀਂ ਗੁਰੂ ਜੀ ਨੂੰ ਮਾਰ ਲਿਆ ਹੈ। ਭਾਈ ਸੰਤ ਸਿੰਘ ਜੀ ਇਸ ਤਰ੍ਹਾਂ ਸਤਿਗੁਰ ਤੋਂ ਸ਼ਹੀਦ ਹੋਏ ਸੇ। ਆਪ ਪੱਟੀ ਦੇ ਰਹਿਣ ਵਾਲੇ ਸੇ।

ਰਹੀ ਹੈ ਸਿੱਖੀ ਜੀਵਨ ਦਾ। ਹਾਂ, ਉਹ ਕੁਛ ਬਣ ਰਹੀ ਹੈ, ਜਿਸਨੂੰ ਸਿੱਖ ਕਹਿੰਦੇ ਹਨ। ਜਿਨ੍ਹਾਂ ਦਾ ਵਰਤਾਰਾ ਤੇ ਅਮਲ ਐਸਾ ਹੁੰਦਾ ਹੈ ਕਿ ਉਹ ਉਸ ਨਮੂਨੇ ਤੇ ਪੂਰਾ ਉਤਰਦਾ ਹੈ, ਜੋ ਨਮੂਨਾ ਕਿ ਆਦਮੀ ਲਈ ਇਕ ਆਦਰਸ਼ ਹੈ, ਜੋ ਸਤਿਗੁਰ ਨੇ ਦਸਿਆ ਹੈ। ਮਾਈ ਇਕ ਨਮੂਨਾ ਬਣ ਰਹੀ ਹੈ, ਜੋ ਸਤਿਗੁਰੂ ਨੇ ਬਨਾਇਆ ਸੀ। ਸਤਿਗੁਰਾਂ ਨੇ ਆਦਮੀ ਨੂੰ ਇਕ ਜੀਵਨ ਦਾ ਨਮੂਨਾ ਦਿੱਤਾ ਤੇ ਉਸ ਨਮੂਨੇ ਦੇ ਆਦਮੀ ਬਣਾਏ ਜੋ ਆਪਣੇ ਲਈ ਸੁਖ ਰੂਪ ਤੇ ਜੱਗ ਲਈ ਸੁਖਦਾਈ ਹੋਏ। ਹੁਣ ਜੋ ਟੁਰੇਗਾ, ਅਮਲ ਕਰੇਗਾ ਉਸਦਾ ਜੀਵਨ ਦਿਮਾਗ਼ੀ ਤੇ ਖਿਆਲੀ ਤਸਵੀਰਾਂ ਨਾਲੋਂ ਕੁਛ ਅੱਡਰਾਪਨ ਦੱਸੇਗਾ। ਉਸਦੇ ਅੱਗੇ ਅਮਲੀ ਮੁਸ਼ਕਲਾਂ ਨੇ ਔਣਾ ਹੈ ਤੇ ਉਸ ਵੇਲੇ ਪਤਾ ਲੱਗਣਾ ਹੈ ਕਿ 'ਅੰਦਰਲਾ' ਕਿੰਨਾਂ ਕੁ ਆਪਣੇ ਆਪੇ ਤੇ ਅਰ ਆਪਣੇ ਕੇਂਦ੍ਰ ਦੇ ਆਸਰੇ ਤੇ ਟਿਕਿਆ ਹੈ, ਕਿੰਨਾ ਭਰੋਸਾ ਅਕਾਲ ਪੁਰਖ ਤੇ ਆਯਾ ਹੈ ਤੇ ਆਪਣੇ ਅਸਲੀ ਆਪੇ ਦੇ ਆਸਰੇ ਵਾਹਿਗੁਰੂ ਜੀ ਤੇ ਟਿਕਿਆ ਹੈ। ਹੁਣ ਜੋ ਦ੍ਰਿਸ਼ਟਮਾਨ ਦੇ ਰੰਗ ਵਟੀਜ ਰਹੇ ਹਨ ਤੇ ਅਦਲਾ ਬਦਲੀ ਜਾਰੀ ਹੈ, ਇਹ ਉਸਦੇ ਅੰਦਰਲੇ ਟਿਕ ਗਏ ਟਿਕਾਉ ਨੂੰ ਆਪਣੇ ਨਾਲ ਹਿਲਾ ਹਿਲਾਕੇ ਦੁਖੀ ਨਹੀਂ ਕਰ ਰਹੇ ਤੇ ਅੰਧਕਾਰ ਵਿਚ ਨਹੀਂ ਸਿੱਟ ਰਹੇ। ਹਾਂ! ਇਹ ਅਮਲੀ ਜੀਵਨ ਕਠਨ ਘਾਟੀ ਹੈ। ਪ੍ਰਾਣਪਤੀ ਦਾ ਵਿਯੋਗ, ਪਿਆਰੀ ਧੀ ਦਾ ਵਿਯੋਗ, ਪਿਆਰੇ ਦੁਹਤਿਆਂ ਦਾ ਵਿਯੋਗ, ਵਾਹਿਗੁਰੂ ਦੇ ਰੰਗ ਰੱਤੇ ਇਲਾਹੀ ਰੌਆਂ ਵਾਲੇ ਜਵਾਈ ਤੇ ਸਤਿਗੁਰ ਦੇ ਖੇਦ ਸੁਣਕੇ ਚਿੱਤ ਕਿਵੇਂ ਅਡੋਲ ਰਹਿ ਸਕਦਾ ਹੈ?

ਸੋ ਭਾਵੇਂ ਮਾਈ ਦਾ ਅੰਤ੍ਰੀਵ ਪ੍ਰੇਮ ਜੋ ਗੁਰਸਿੱਖੀ ਵਾਲਾ ਹੈ ਉਸ ਨੂੰ ਵਿਆਕੁਲ ਕਰਦਾ ਹੈ, ਪਰ ਕੀਕੂੰ ਮਾਈ ਇਸ ਮਨ ਦੇ ਹੱਥੋਂ ਛੁਟਕਾਰਾ ਪਾਉਂਦੀ ਹੈ? ਕੀਕੂੰ ਹੰਭਲੇ ਮਾਰਕੇ ਨਿਕਲਦੀ ਤੇ ਰਜ਼ਾ ਪਰ ਆ ਖੜੋਂਦੀ ਹੈ।

ਰਜ਼ਾ ਇਸ ਗੱਲ ਦਾ ਨਾਉਂ ਨਹੀਂ ਕਿ ਖਰਬੂਜ਼ੇ ਦਰਿਆ ਵਿਚ ਰੁੜ ਗਏ, ਫੜੇ ਜਾਂਦੇ ਨਹੀਂ, ਚਿੱਤ ਉਦਾਸ ਹੈ, ਸੁਰਤ ਦੀ ਕਲਾ ਢਹਿ ਪਈ ਹੈ ਤੇ ਮੂੰਹ ਕਹਿ ਰਿਹਾ ਹੈ 'ਹੱਛਾ ਤੇਰੀ ਰਜ਼ਾ' ਇਹ ਅਸਲ ਰਜ਼ਾ ਨਹੀਂ, ਰਜ਼ਾ ਇਹ ਹੈ:-

ਨਾਮ ਦਾ ਰਸ ਪ੍ਰਾਪਤ ਹੋਵੇ
ਨਾਮ ਸੁਰਤ ਨੂੰ ਉੱਚੇ ਘਰ ਰੱਬੀ
ਰਸ ਵਿਚ ਲੈ ਜਾਂਦਾ ਹੋਵੇ,

ਜਦੋਂ ਮੌਕਿਆ ਆ ਬਣੇ ਕਿ ਰਜ਼ਾ ਮੰਨਣੀ ਹੈ, ਤਦ ਸੁਰਤ ਉਸੇ ਸੁਖ ਵਿਚ ਚੜ੍ਹਦੀ ਕਲਾ ਵਿਚ ਰਹੇ ਤੇ ਜੋ ਸਿਰ ਤੇ ਆ ਬਣੀ ਹੈ ਉਸ ਤੇ ਕਹੇ:-

'ਤੇਰੀ ਰਜ਼ਾ!'

ਜੀਉ! ਇਕ ਹੋਰ ਵੀ ਤੇਰੀ ਰਜ਼ਾ ਦਾ ਤਰਲਾ ਹੈ ਕਿ ਸੁਰਤ ਢਹਿ ਪਵੇ, ਮਨ ਦੁਖੀ ਹੋ ਜਾਵੇ, ਪਰ ਤੱਤਕਾਲ ਯਤਨ ਵਿਚ ਲੱਗ ਪਵੇ ਕਿ ਮੇਰੇ ਮਨ ਵਿਚ 'ਜੋ ਨਾਮ ਦਾ ਰਸ' ਸੀ ਉਹ ਕਿੱਧਰ ਗਿਆ? ਜੋ ਅੰਦਰਲੇ ਦਾ ਟਿਕਾਉ ਦਾ ਸੁਆਦ ਆ ਰਿਹਾ ਸੀ, ਉਹ ਕਿਉਂ ਹਿੱਲ ਗਿਆ ਹੈ? ਉਹ ਮੁੜ ਪਰਤਕੇ ਅੰਦਰ ਆਵੇ, ਉਸੇ ਤਰ੍ਹਾਂ ਅੰਦਰ 'ਅੰਦਰਲਾ' ਟਿਕ ਜਾਵੇ, ਨਾਮ ਦੇ ਰਸ ਦੀ ਤ੍ਰੰਗ ਟੁੱਟੇ ਨਹੀਂ, ਟੁੱਟੇ ਤਾਂ ਮੁੜ ਜੋੜਨ ਦਾ ਤਰਲਾ ਨਾ ਟੁੱਟੇ। ਫੇਰ ਤੇਰੀ ਰਜ਼ਾ ਠੀਕ ਹੈ। ਇਉਂ ਕਰਦਿਆਂ ਤੱਕੁਲਾ ਰਾਸ ਹੋ ਜਾਵੇ, ਨਾਮ ਮਿੱਠਾ ਲੱਗਣ ਲੱਗ ਜਾਵੇ। ਕਹਿਣ ਦੀ ਲੋੜ ਨਹੀਂ, ਫੇਰ ਸੱਚਮੁੱਚ ਮੰਨੀ ਗਈ ਤੇ ਹੋ ਗਈ :

'ਤੇਰੀ ਰਜ਼ਾ'

ਸੋ ਮਾਈ ਅਮਲੀ ਜੀਵਨ ਵਿਚ ਟੁਰ ਰਹੀ ਹੈ ਤੇ ਵਾਪਰ ਰਹੇ ਹਨ ਕਸ਼ਟ, ਅਰ ਅਸਹਿ ਕਸ਼ਟ। ਇਕ ਮੁੱਕਦਾ ਨਹੀਂ ਇਕ ਹੋਰ ਆ ਜਾਂਦਾ ਹੈ। ਮਾਈ ਸੱਟ ਖਾਕੇ ਢਹਿੰਦੀ ਹੈ, ਪਰ ਫੇਰ ਉੱਠ ਖਲੋਂਦੀ ਹੈ ਤੇ ਸਾਵਧਾਨ ਹੋ ਜਾਂਦੀ ਹੈ। ਹਰ ਸੱਟ ਦੇ ਬਾਦ ਜੋ ਫਤਹ ਉਹ ਮਨ ਤੇ ਪਾਉਂਦੀ ਹੈ, ਉਸਨੂੰ ਵਧੀਕ ਤੋਂ ਵਧੀਕ ਤਕੜਿਆਂ ਬਣਾ ਰਹੀ ਹੈ। ਇਹ ਤਕੜਾਈ ਖੁਸ਼ਕ ਨਿਰਮੋਹਤਾ ਨਹੀਂ। ਜੇ ਜੀਵਨ ਦਾ ਆਦਰਸ਼ 'ਖੁਸ਼ਕ ਨਿਰਮੋਹਤਾ' ਹੈ, ਤਾਂ ਪੱਥਰ ਤੇ ਬ੍ਰਿੱਛ ਨਿਰਮੋਹ ਬੈਠੇ ਤੇ ਖੜੇ ਪਏ ਦਿੱਸਦੇ ਹਨ। ਪਸ਼ੂ ਮੋਹ ਦੇ ਜਾਣੂੰ ਹਨ, ਪਰ ਸਮੇਂ ਨਾਲ ਨਿਰਮੋਹ ਹੋ ਜਾਂਦੇ ਹਨ, ਉਹਨਾਂ ਵਿਚ 'ਭੁੱਲ ਜਾਣਾ' ਮੋਹ ਨੂੰ ਜਿੱਤ ਲੈਂਦਾ ਹੈ, ਪਰ ਇਹ ਅੰਦਰਲੇ ਦੀ ਉਚਜਾਈ ਨਹੀਂ। ਅਸਾਂ ਮਨ ਤੇ ਫਤਹ ਪਾਉਣੀ ਹੈ। ਉਚੇ ਰਸ ਨਾਲ, ਉਚੇ ਟਿਕਾਉ ਨਾਲ, ਉਚੇ ਰੱਬੀ ਪਿਆਰ ਨਾਲ ਮਨ ਤੇ ਫਤਹ ਪਾਕੇ ਜੜ੍ਹ ਪੱਥਰ ਨਹੀਂ ਹੋ ਜਾਣਾ, ਪਰ ਕਿਸੇ ਜੀਉਂਦੇ ਪਜਾਰ ਵਿਚ ਰੰਗੀਜਣਾ

ਹੈ ਕਿ ਜਿੱਥੇ ਦ੍ਰਿਸ਼ਟੀ ਨੇ ਉਚੇ ਮੰਡਲਾਂ ਵਿਚ ਜਾਕੇ ਸੱਚੇ ਸਤਿਸੰਗ ਤੇ ਫੇਰ ਰੱਬੀ ਅਸਲੇ ਨੂੰ ਅਨੁਭਵ ਕਰਕੇ ਸਦਾ ਸੁਖ ਵਿਚ ਵਾਸਾ ਪਾਉਣਾ ਹੈ। ਕੀ ਸਭਰਾਈ ਗੁਰੂ ਗੋਬਿੰਦ ਸਿੰਘ ਜੀ ਦੇ ਕਸ਼ਟ ਤੇ ਸਾਹਿਬਜ਼ਾਦਿਆਂ ਦੇ ਦੁਖ ਸੁਣਕੇ ਹੱਸੇ ਤੇ ਖੁਸ਼ ਹੋਵੇ ਯਾ ਦੁਖ ਪ੍ਰਤੀਤ ਨਾ ਕਰੇ? ਇਹ ਜੜ੍ਹ ਜੀਵਨ ਹੈ। ਹਾਂ, ਜੀਵਨ ਇਹ ਹੈ ਕਿ ਉਸਦੀ ਸੁਰਤ ਰੱਬ ਦੀ ਸੁਰਤ ਨਾਲ ਇਕ ਸੁਰ ਹੋਵੇ। ਜੋ ਸਾਈਂ ਦੀ 'ਰਜ਼ਾ' ਸੁਰ ਕੱਢ ਰਹੀ ਹੈ, ਉਹ ਸੁਰ ਮਾਈ ਦੀ ਮਰਜ਼ੀ ਕੱਢੇ। ਉਹ ਉੱਚੀ ਹੋਕੇ ਤੱਕੇ ਤੇ ਉਸ ਮਹਾਨ ਪ੍ਰਯੋਜਨ ਨੂੰ ਸਮਝੇ, ਜਿਸ ਲਈ ਸਭ ਕੁਛ ਹੋ ਰਿਹਾ ਤੇ ਵਰਤ ਰਿਹਾ ਹੈ। ਉਹ ਮਹਾਨ ਰਜ਼ਾ ਨੂੰ ਸਮਝੇ ਜੋ ਇਹ ਕੁਛ ਵਰਤਾ ਰਹੀ ਹੈ। ਇਹ ਵੇਖਕੇ ਮਾਈ ਦੇ ਅੰਦਰੋਂ ਅੰਦਰਲੇ ਦਾ ਟਿਕਾਉ, ਅੰਦਰਲੇ ਵਿਚ ਨਾਮ ਦਾ ਰਸ, ਮਹਾਂ ਰਸ, ਨਾਮ ਮਹਾਂਰਸ ਦੀ ਸ੍ਵਾਦੀਕ ਲਹਿਰ ਬੰਦ ਨਾ ਹੋਵੇ। ਉਹ ਸੂਰਜ ਦੀ ਚਮਕਦੀ ਟਿੱਕੀ ਵਿਚ ਖੜੋਕੇ ਰੱਬੀ ਜਲਾਲ ਤੇ ਉਸਦੇ ਕੌਤਕਾਂ ਨੂੰ ਤੱਕੇ ਤੇ ਜਲਾਲ ਨਾਲ ਭਰੀ ਜਾਵੇ।

ਮਾਈ ਟੁਰ ਰਹੀ ਹੈ ਰੱਬ ਦੇ ਰਸਤੇ। ਪਰਤਾਵੇ ਤੇ ਪਰਤਾਵਾ ਆ ਰਿਹਾ ਹੈ ਕਿ ਮਾਈ ਦੇ ਮਨ ਉਤੇ ਕੋਈ ਪਰਤਾਵਾ ਫਤਹ ਪਾਕੇ ਉਸਨੂੰ ਨਾਸ਼ੁਕਰੀ, ਢਹਿੰਦੀਆਂ ਕਲਾਂ, ਉਦਾਸੀ, ਗ਼ਮ, ਚਿੰਤਾ, ਅਗਿਆਨ, ਅਵਿਦਜਾ ਦੇ ਹਨੇਰੇ, ਯਾ ਭੁੱਲ (ਜੋ ਕੁਛ ਚਾਹੇ ਕਹੋ) ਵਿਚ ਲੈ ਜਾਵੇ।ਪਰ ਮਾਈ ਹੰਭਲਾ ਮਾਰ ਰਹੀ ਹੈ ਕਿ ਉਸਦਾ ਆਪਾ ਮਨ ਉਤੇ ਫਤਹ ਪਾਕੇ ਚੋਜੀ ਵਾਹਿਗੁਰੂ ਦੇ ਚੋਜ ਤੱਕੇ, ਸਾਵਧਾਨ ਤੇ ਉਚੀ ਰਹੇ। 'ਉਨਮਨ' ਰਹੇ (ਉਨ=ਉੱਚਾ+ਮਨ=ਦਿਲ) ਦਿਲ ਤੋਂ ਉੱਚੀ ਰਹੇ। ਉਨਮਨ ਅਵਸਥਾ ਇਹੀ ਹੈ ਕਿ ਆਪਾ-ਸਾਡਾ ਅੰਦਰਲਾ-ਮਨ ਤੋਂ ਉੱਚੀ ਰਸ ਭਰੀ ਦਸ਼ਾ ਵਿਚ ਰਹੇ।

ਮਾਈ ਸਤਿਗੁਰਾਂ ਦੇ ਸਲਾਮਤ ਨਿਕਲ ਜਾਣ ਦੇ ਹਾਲ ਸੁਣਕੇ ਤਾਂਘਾਂ ਵਿਚ ਜਾਂਦੀ ਹੈ ਕਿ ਸਲਾਮਤੀ ਦੀ ਸੋ ਕੰਨੀ ਪਵੇ ਕਿ ਪਿਆਰੇ ਜੀ ਕਿਤੇ ਸੁਖ ਦੇ ਥਾਂ ਅੱਪੜ ਗਏ ਹਨ। ਚਿਤ ਠੰਢ ਵਿਚ ਹੈ, ਨਾਮ ਦੀ ਰਸ ਭਰੀ ਰੌ ਜਾਰੀ ਹੈ, ਸ਼ਾਂਤ ਹੈ, ਮੱਧਮ ਉਮਾਹ ਹੈ ਪਰ ਉਛਾਲਾ ਨਹੀਂ, ਤਾਂਘ ਉਨ੍ਹਾਂ ਦੀ ਸਲਾਮਤੀ ਦੀ ਉੱਠਦੀ ਹੈ ਤੇ ਜਦੋਂ ਇਹ ਤਾਂਘ ਵਿਆਕੁਲਤਾ ਵੱਲ ਝੁਕਣ ਲਗਦੀ ਹੈ ਤਾਂ ਮਾਈ ਅਰਦਾਸ ਕਰਦੀ ਹੈ ਕਿ 'ਹੇ ਅਕਾਲ ਪੁਰਖ! ਆਪਣੇ ਨਿਵਾਜੇ ਪੁੱਤ ਨੂੰ ਆਪ ਰੱਖੀਂ'। ਜਦੋਂ ਅਰਦਾਸ ਵਿਚ ਘਾਟ ਯਾ ਟੋਟ ਪੈਣ ਲੱਗੇ ਤਾਂ ਮਾਈ ਬਾਣੀ ਦਾ ਪਾਠ ਮਧੁਰ ਧੁਨਿ ਨਾਲ ਕਰਦੀ ਹੈ, ਪਿਆਰੇ ਦੀ ਸਿਫਤ ਸਲਾਹ ਵਿਚ ਜਾ ਵੱਸਦੀ ਹੈ, ਗੁਣ ਗਾਇਣ ਕਰੀ ਜਾਂਦੀ ਹੈ ਕਿ ਸਤਿਗੁਰੂ ਸਮਰੱਥ ਹੈ, ਪੂਰਨ ਹੈ, ਸਭ ਉਸਦੇ ਚੋਜ ਹਨ, ਉਹ ਚੋਜੀ ਹੈ, ਅਰ ਸਰਬ ਸਮਰੱਥ ਹੈ। ਐਸੇ ਯਸ਼ ਕਰਦੀ ਯਸ਼ ਦੇ ਮੰਡਲ ਵਿਚੋਂ ਲੰਘਦੀ ਫੇਰ 'ਰਾਮ ਰਸ' ਵਿਚ ਅਡੋਲ ਹੋ ਜਾਂਦੀ ਹੈ।

ਡਾਕਦਾਰਨੀ— ਸੱਚਮੁੱਚ ਮਾਈ ਬੜੀ ਚੰਗੀ ਹੈ। ਜਿਸਨੂੰ ਇਕ ਤੋਂ ਇਕ ਸੱਟ ਵਧਵੀਂ ਪੈਂਦੀ ਹੈ। ਉਹ ਹਰ ਸੱਟ ਮਗਰੋਂ ਪਹਿਲੇ ਨਾਲੋਂ ਵਧੀਕ ਤਕੜੀ ਤੇ ਆਪਣੇ ਨਾਮ ਅਭਯਾਸ ਵਿਚ ਵਧੀਕ ਪੱਕੀ ਹੁੰਦੀ ਜਾਂਦੀ ਹੈ। ਇਹ ਗੱਲ ਵੀ ਇਥੇ ਠੀਕ ਦੱਸੀ ਹੈ ਕਿ ਜੀਕੂੰ ਸਤ ਓਪਰੇ ਦਾ ਦੁੱਖ ਸੁਣਕੇ ਪੱਥਰ ਦਿਲਾਂ ਨੂੰ ਮੂਲੋਂ ਕੁਛ ਨਹੀਂ ਹੁੰਦਾ, ਉਸਦਾ ਨਾਮ ਭਾਣਾ ਮਿੱਠਾ ਕਰ ਮੰਨਣਾ ਨਹੀਂ। ਠੀਕ ਉਹ ਤਾਂ ਕਠੋਰਤਾ ਹੈ ਤੇ ਜੜ੍ਹਤਾ ਹੈ। ਮੈਨੂੰ ਵੀ ਬੀਬੀ ਭੈਣ ਇਹ ਦਾਨ ਦੇਹਿ ਕਿ ਨਾਮ ਜਪਾਂ, ਨਾਮ ਸਿਮਰਾਂ, ਨਾਮ ਤੋਂ ਜੋ ਰਸ ਉਪਜਦਾ ਹੈ, ਸਭ ਰਸਾਂ ਤੋਂ ਉੱਚਾ ਉਹ ਰਸ ਮਾਣਾਂ ਤੇ ਦੁੱਖ ਪਏ ਤੇ ਉਸ ਨਾਮ ਦੇ ਰਸ ਰੰਗ ਵਿਚੋਂ ਨਾ ਨਿਕਲਾਂ। ਜੇ ਹਿਲਾਉ ਆਵੇ ਤਾਂ ਉਸ ਰਸ ਰੰਗ ਵਿਚ ਫੇਰ ਲੱਗ ਜਾਵਾਂ।

ਸੁਭਾਗ ਜੀ— ਭੈਣ ਜੀਓ! ਘਾਲ ਕਰਨੀ ਚਾਹੀਏ। 'ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ' ਬਾਕੀ ਮਿਹਰ ਗੁਰੂ ਪਰਮੇਸ਼ਰ ਦੇ ਹੱਥ ਹੈ। ਮੈਂ ਦਾਸ ਹਾਂ ਸਤਿਸੰਗ ਦੀ, ਮੇਰੀ ਅਰਦਾਸ ਹੈ ਗੁਰੂ ਤੁਸਾਂ ਤੇ ਤੁੱਠੇ। ਸ਼ੁਕਰ ਕਰੋ ਕਿ ਅਸੀਂ ਸਾਰੇ ਸਤਿਸੰਗ ਨੂੰ ਪ੍ਰਾਪਤ ਹਾਂ।

ਡਾਕਦਾਰਨੀ— ਮੈਂ ਤੁਹਾਡੀ ਕਥਾ ਵਿਚ ਅਟਕਾ ਪਾ ਦੇਂਦੀ ਹਾਂ, ਪਰ ਕਿਸੇ ਵੇਲੇ ਮੈਥੋਂ ਰਹਿ ਨਹੀਂ ਹੁੰਦਾ। ਕਿਰਪਾ ਕਰਕੇ ਅਗੋਂ ਸੁਣਾਓ।

ਸੁਭਾਗਾ— ਲਓ ਭੈਣ ਜੀ ਸੁਣੋ। ਅੱਗੋਂ ਪੋਥੀ ਐਉਂ ਟੁਰਦੀ ਹੈ:-

ਕੁਝ ਦਿਨ ਲੰਘੇ ਤਾਂ ਫੇਰ ਖਬਰ ਆਈ ਕਿ "ਸਤਿਗੁਰ ਸਲਾਮਤ ਦੀਨੇ ਪੁਜ ਗਏ ਹਨ।" ਪਰ

 www.sikhbookclub.com

ਨਾਲ ਹੀ ਮੁਕਤਸਰ ਦਾ ਸਾਕਾ ਸੁਣਿਆ ਗਿਆ। ਕੀਕੂੰ ਮਾਝੇ ਦੇ ਪਿਆਰੇ ਸਿਖ ਸ਼ਹੀਦ ਹੋ ਗਏ? ਕੀਕੂੰ ਓਹ ਗੁਰੂ ਜੋਤਿ ਪਰ ਨੁਛਾਵਰ ਹੋਕੇ 'ਮੁਕਤਸਰ' ਆਪਣੀ ਨਿਸ਼ਾਨੀ ਜਗਤ ਪਰ ਛੱਡ ਗਏ ਹਨ? ਕੀਕੂੰ ਸਤਿਗੁਰ ਨੇ ਚਮਕੌਰ ਤੋਂ ਲੈਕੇ ਉਥੋਂ ਤਕ ਖੇਦ ਝੱਲੇ ਤੇ ਕੀਕੂੰ ਮਾਲਵੇ ਪੁੱਜੇ ਹਨ? ਹਾਂ ਜੀ, ਏਥੇ ਹੀ ਬੱਸ ਨਹੀਂ, ਨਾਲ ਹੀ ਇਹ ਖਬਰ ਵੀ ਪੁੱਜੀ ਕਿ:-

ਛੋਟੇ ਦੋਵੇਂ ਲਾਲ ਸਰਹਿੰਦ ਵਿਚ ਕੀਕੂੰ ਸ਼ਹੀਦ ਹੋਏ ਹਨ ਤੇ ਕੀਕੂੰ ਕਸ਼ਟ ਸਹਿਕੇ ਉਹਨਾਂ ਨੇ ਪ੍ਰਾਣ ਦਿੱਤੇ ਹਨ ਪਰ ਧਰਮ ਨਹੀਂ ਦਿੱਤਾ। ਸਾਰੇ ਸਾਕੇ ਵਿਸਥਾਰ ਨਾਲ ਸੁਣੇ, ਸੁਣਕੇ ਇਕ ਚੱਕਰ ਆਇਆ। ਐਸਾ ਚੱਕਰ ਆਇਆ ਕਿ ਆਪਾ ਭੁੱਲ ਗਿਆ। ਮਾਈ ਨੇ ਬੂਹੇ ਮਾਰ ਲਏ, ਮੂਧੜੇ ਮੂੰਹ ਲੰਮੀ ਪੈ ਗਈ ਅਰ ਪਹਿਰ ਰਾਤ ਗਈ ਤਕ ਬੇਸੁਧ ਪਈ ਰਹੀ। ਸੱਜਣ ਸੰਬੰਧੀ ਆਏ, ਬੂਹੇ ਖੜਕਾਏ ਪਰ ਮਾਈ ਨੇ ਨਾ ਸੁਣਿਆਂ ਨਾ ਅਵਾਜ਼ ਦਿੱਤੀ। ਸਭ ਮੁੜ ਮੁੜ ਗਏ, ਮੁੜ ਮੁੜ ਆਏ ਫੇਰ ਮੁੜ ਮੁੜ ਗਏ।

ਪਹਿਲੇ ਪਹਿਰ ਬੀਤੇ ਤੇ ਮਾਈ ਦੀ ਮੂਰਛਾ ਖੁੱਲ੍ਹੀ। ਲੰਮਾ ਸਾਹ ਆਇਆ: ਮਨਾਂ! ਮੈਂ ਕਿੱਥੇ ਸਾਂ ਤੇ ਕਿੱਥੇ ਹਾਂ? ਕੀਹ ਹੋਇਆ, ਸੰਸਾਰ ਕਾਲਾ ਹੈ, ਕੁਛ ਬਾਕੀ ਹੈ ਹੀ ਨਹੀਂ? ਪਰ ਪਲ ਮਗਰੋਂ ਅੱਖਾਂ ਅੱਗੇ ਕੰਧ, ਕੰਧ ਵਿਚ ਚਿਣੀਂਦੇ ਦੁਹਿਤੇ, ਜਲਾਦ ਤਲਵਾਰ ਖਿੱਚੀ ਸਿਰ ਤੇ ਖੜੇ ਨਜ਼ਰ ਪਏ, ਮਾਈ ਬੇਤਾਬ ਹੋ ਗਈ। ਫੇਰ ਮਮਤਾ ਨੇ ਜ਼ੋਰ ਦਿੱਤਾ ਤੇ ਨਜ਼ਰ ਸਾਹਿਬਜ਼ਾਦਿਆਂ ਦੇ ਚਿਹਰੇ ਪਰ ਟਿਕੀ, ਹੋਰ ਟਿਕੀ, ਟਿਕਦੀ ਟਿਕਦੀ ਟਿਕ ਗਈ ਤਾਂ ਉਹ ਮਾਸੂਮ, ਨਿਤਾਣੇ ਬੱਚੇ ਜ਼ੋਰਾਵਰਾਂ ਦੇ ਅੱਗੇ ਭੇਡ ਬੱਕਰੀ ਵਾਂਗੂੰ ਕੁਹੀਣ ਲਈ ਪਰਵੱਸ ਬੇਵੱਸ ਖੜੇ ਚਿਨੀਣ ਦੀ ਥਾਂ ਐਉਂ ਦਿੱਸੇ ਜਿਕੂੰ ਤੇਜ ਭਰੇ ਦੋ ਸੂਰਜ ਖੜੇ ਹਨ। ਚਿਹਰੇ ਸਹਿਮ ਵਾਲੇ ਨਹੀਂ, ਤਕੜੇ ਹਨ, ਨੂਰ ਝਰ ਰਿਹਾ ਹੈ। ਡਰ ਨਹੀਂ ਰਹੇ, ਪਰ ਅਭੈ ਹਨ, ਮੌਤ ਨੂੰ ਮਖੌਲ ਨਾਲ ਤੱਕ ਰਹੇ ਹਨ। ਮਾਈ ਦਾ ਧਿਆਨ ਜੁੜਦਾ ਗਿਆ ਤੇ ਬੱਚਿਆਂ ਦਾ ਜਲਾਲ ਤੇ ਤੇਜ ਵਧਦਾ ਗਿਆ। ਕੁਛ ਚਿਰ ਬੀਤਿਆ ਤਾਂ ਮਾਈ ਦਾ ਟਿਕਾਉ ਹਿੱਲਿਆ ਕੀ ਵੇਖਦੀ ਹੈ ਕਿ ਦਿਲ ਖੜੋ ਗਿਆ ਹੈ, ਹਾਵਾ ਨਹੀਂ ਰਿਹਾ, ਬੋਲੀ 'ਉਠ ਹੇ ਪਾਪੀ ਮਨ! ਦੇਖ ਤੇਜ ਦੇ ਪੁੱਤਰ ਤੇ ਜਲਾਲ ਦੇ ਵਾਰਸ ਸ੍ਰਿਸ਼ਟੀ ਦਾ ਭਾਰ ਹਰ ਗਏ ਹਨ ਤੇ ਤੂੰ ਸਮਝ ਰਿਹਾ ਹੈਂ ਕਿ ਇਹ ਨਿਤਾਣੇ ਬਾਲ ਕੋਹੇ ਗਏ ਤੇ ਮਾਂ ਪਿਉ ਤੋਂ ਵਿਛੁੜੇ ਜ਼ਾਲਮਾਂ ਦੇ ਹੱਥ ਵਿਚ ਨਿਰਦਯਤਾ ਨਾਲ ਮਾਰੇ ਗਏ। ਤੇਰੀ ਭਾਰੀ ਭੁੱਲ ਹੈ। ਹੇ ਪਾਪੀ ਮਨ! ਤੂੰ ਕਦੇ ਨਾ ਸਾਨੂੰ ਆਪਣੇ ਤੋਂ ਉਚੇਰੇ ਸੁਖ ਵਿਚ ਜਾਣ ਦਿੱਤਾ, ਸਦਾ ਆਪਣੇ ਸੁਆਦਾਂ ਤੇ ਆਪਣੇ ਕਸ਼ਟਾਂ ਵਿਚ ਨੱਪੀ ਰਖਿਆ।' (ਠੰਢਾ ਸਾਹ ਲੈਕੇ) 'ਵਾਹ ਵਾਹ! ਚਾਨਣ ਦੇ ਜਾਇਓ ਲਾਲ ਬੱਚਿਓ! ਧੰਨ ਤੁਸੀਂ, ਧੰਨ ਕਰਨੀ, ਧੰਨ ਪਿਤਾ, ਧੰਨ ਮਾਤਾ, ਧੰਨ ਮੈਂ! ਠੀਕ ਮੈਂ ਭੀ ਧੰਨ, ਤੁਸਾਂ ਨਾਲ ਮੇਰਾ ਭੀ ਖੂਨ ਦਾ ਰਿਸ਼ਤਾ ਹੈ, ਮੈਂ ਭੀ ਧੰਨ।' ਇਸ ਦਰਸ਼ਨ ਵਿਚ ਸੁਰਜੀਤ ਹੋ ਕੇ ਮਾਈ ਉਠੀ, ਧੰਨ! ਧੰਨ! ਧੰਨ! ਦੀ ਸੁਰ ਮੂੰਹ ਤੇ ਹੈ ਤੇ ਤੇਜ ਦਾ, ਜਲਾਲ ਦਾ ਝਲਕਾ ਆਲੇ ਦੁਆਲੇ ਦਿੱਸ ਰਿਹਾ ਹੈ। ਉਠੀ ਮੂੰਹ ਹੱਥ ਧੋਤਾ, ਬੂਹਾ ਖੁਹਲਿਆ, ਚੰਦ ਦਾ ਚਾਨਣਾ ਵਿਹੜੇ ਵਿਚ ਪੈ ਰਿਹਾ ਸੀ, ਵੇਖਕੇ ਬੇਵੱਸ ਕੂਕ ਉੱਠੀ:-

''ਮੂਸਨ ਮਸਕਰ ਪ੍ਰੇਮ ਕੀ ਰਹੀ ਜੁ ਅੰਬਰੁ ਛਾਇ॥
ਬੀਧੇ ਬਾਂਧੇ ਕਮਲ ਮਹਿ ਭਵਰ ਰਹੇ ਲਪਟਾਇ॥''

ਵਿਹੜੇ ਵਿਚ ਨਿਰਾ ਅਕਾਸ਼ਾਂ ਦਾ ਚੰਦ ਹੀ ਨਹੀਂ ਸੀ, ਕਲਗੀਆਂ ਵਾਲੇ ਦੇ ਦੋ ਚਾਰ ਚੰਦ ਭੀ ਬੈਠੇ ਸਨ। ਇਹ ਚੰਦ ਸਤਿਸੰਗੀ ਸਨ, ਮਾਈਆਂ ਤੇ ਸਿੰਘ ਸਨ। ਬੈਠੇ ਸਨ ਕਿ ਜਦ ਮਾਈ ਬੂਹਾ ਖ਼ੋਹਲੇਗੀ ਤਦੋਂ ਹੀ ਸਹੀ, ਸਾਨੂੰ ਵੇਖਕੇ ਮਾਈ ਉਸ ਵੇਲੇ ਇਕਲ ਵਿਚ ਹੋਰ ਉਦਾਸ ਨਾ ਹੋਵੇਗੀ। ਜਦੋਂ ਇਨ੍ਹਾਂ ਨੇ ਡਿੱਠਾ ਕਿ ਮਾਈ ਗੁਰਬਾਣੀ ਗਾਉਂਦੀ ਨਿਕਲੀ ਹੈ, ਖੜ ਗਏ। ਮਾਈ ਨੇ ਫਤਹ ਰਜਾਈ ਤੇ ਆਖਿਆ ''ਧੰਨ ਸਤਿਸੰਗ ਹੈ, ਧੰਨ ਕਲਗੀਆਂ ਵਾਲੇ ਦੀ ਵਾੜੀ ਹੈ, ਧੰਨ ਨਿਸ਼ਕਾਮ ਪ੍ਰੇਮ ਹੈ, ਧੰਨ ਸਿੱਖੀ ਹੈ, ਧੰਨ ਪਿਆਰੇ ਦੀ ਵਾੜੀ। ਲਾਲੋ! ਮੈਂ ਰੁੜ੍ਹ ਗਈ ਸਾਂ, ਅਣਹੋਂਦ ਵਿਚ ਚਲੀ ਗਈ ਸਾਂ, ਮੈਂ ਜਾਤਾ ਲਾਲ ਬੁਝ ਗਏ ਵਿਲੂੰਧਰੇ ਗਏ, ਪਰ ਹਾਇ! ਮੈਂ ਨਿਖੁੱਟੀ ਤੇ ਨਿਖੁੱਟਾ ਇਹ ਮਨ, ਜੋ ਸਦਾ ਨੀਵੀਆਂ ਗਲੀਆਂ ਵਿਚ ਲੈ ਵੜਦਾ ਹੈ। ਲਾਲ ਭੀ ਕਦੇ ਗੁੱਝੇ ਰਹਿ ਸਕਦੇ ਹਨ? ਉਹ ਸਦਾ



SIKHBOOKCLUB.COM

ਚਮਕਦੇ ਹਨ। ਲਾਲ ਤਾਂ ਸ੍ਰਿਸ਼ਟੀ ਦਾ ਭਾਰ ਹਰਨ ਆਏ ਸਨ, ਆਪਣਾ ਆਪ ਦੇ ਕੇ ਭਾਰ ਹਰ ਲਿਆ। ਉਹ ਮੇਰੇ ਦੁਹਿਤੇ ਹਨ, ਮੇਰੀ ਭੁੱਲ ਹੈ, ਉਹ ਨੂਰ ਦੇ ਜਾਏ ਸਨ, ਮੈਨੂੰ ਮਾਨ ਦੇਣ ਵਾਸਤੇ ਮੇਰੇ ਲਹੂ ਦੇ ਸਾਕ ਬਣੇ ਸਨ। ਉਹ ਰੱਬੀ ਤੇ ਨੂਰ ਬੰਦੇ ਸਨ ਜੋ ਬੱਧੀ ਛੁਡਾਵਣ ਆਏ ਸਨ, ਛੁਡਾ ਗਏ। ਦਿਓ ਅਸੀਸ:-

ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ॥ ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ॥੩॥ ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ॥ ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ॥੪॥ ਸੋ ਦਿਓ ਅਸੀਸ!

ਸਤਿਸੰਗੀ ਵਾਹਿਗੁਰੂ ਦੇ ਸ਼ੁਕਰ ਵਿਚ ਭਰ ਗਏ ਤੇ ਗਾਵੇਂ:-

ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ ਸੋ ਕਿਉ ਮਨਹੁ ਵਿਸਾਰੀਐ॥ ਮਨਹੁ ਕਿਉ ਵਿਸਾਰੀਐ ਏਵਡੁ ਦਾਤਾ ਜਿ ਅਗਨਿ ਮਹਿ ਆਹਾਰੁ ਪਹੁਚਾਵਏ॥ ਓਸਨੋ ਕਿਹੁ ਪੋਹਿ ਨ ਸਕੀ ਜਿਸ ਨਉ ਆਪਣੀ ਲਿਵ ਲਾਵਏ॥ ਆਪਣੀ ਲਿਵ ਆਪੇ ਲਾਏ ਗੁਰਮੁਖਿ ਸਦਾ ਸਮਾਲੀਐ॥ ਕਹੈ ਨਾਨਕੁ ਏਵਡੁ ਦਾਤਾ ਸੋ ਕਿਉ ਮਨਹੁ ਵਿਸਾਰੀਐ॥੨੮॥

ਮਾਈ ਨੂੰ ਇਸ ਸੁਖ ਵਿਚ ਵੇਖਕੇ ਸਾਰੇ ਸੁਖੀ ਹੋਏ॥ ਮਾਈ ਨੇ ਹੁਣ ਪਿਆਰ ਨਾਲ ਸਾਰੇ ਵਿਦਾ ਕੀਤਾ। ਭਾਵੇਂ ਸਰਦੀ ਅਤਿ ਸੀ, ਪਰ ਮਾਈ ਚੰਦ ਦੀ ਚਾਨਣੀ ਵਿਚ ਕੁਛ ਚਿਰ ਟਹਿਲਦੀ ਰਹੀ ਤੇ ਅਨੰਦ ਸਾਹਿਬ ਜੀ ਦਾ ਪਾਠ ਕਰਦੀ ਰਹੀ, ਫੇਰ ਅੰਦਰ ਆ ਕੇ ਸੌਂ ਗਈ।

ਸੁੱਤੀ ਦੇ ਆਤਮਾ ਉਤੇ ਮਨ ਨੇ ਜ਼ੋਰ ਪਾ ਲਿਆ, ਮਨ ਉਤੇ ਸਰੀਰ ਨੇ ਜ਼ੋਰ ਪਾ ਲਿਆ। ਦੇਖੋ ਇਸ ਸਰੀਰ ਵਿਚ ਮਾਸ ਦਾ ਕਿਤਨਾ ਬਲ ਹੈ? ਸੁਪਨਾ ਦੇਖਦੀ ਹੈ ਕਿ ਬੱਚੇ ਕੰਧ ਵਿਚ ਚਿਣੇ ਜਾ ਰਹੇ ਹਨ, ਬਿਹਬਲ ਹੋ ਕੇ ਮਾਈ ਨੀਂਦ ਵਿਚ ਹੀ ਪਾਸ ਜਾ ਖਲੋਂਦੀ ਹੈ। ਬੱਚਿਆਂ ਨੂੰ ਕੱਢਦੀ ਹੈ। ਪਰ ਜਰਵਾਣੇ ਕੱਢਣ ਨਹੀਂ ਦੇਂਦੇ। ਇਸੇ ਖਿੱਚਾ ਖਿੱਚੀ ਵਿਚ ਕੰਧ ਚਿਣੀ ਜਾਂਦੀ ਹੈ ਤੇ ਮਾਈ ਬੀ ਵਿਚੇ ਚਿਣੀ ਜਾਂਦੀ ਹੈ। ਹੁਣ ਅੰਦਰ ਦਮ ਘੁਟੀਣ ਲੱਗਾ। ਨਾਲੇ ਬੱਚਿਆਂ ਦਾ ਦਮ ਘੁਟੀਂਦਾ ਹੈ, ਨਾਲੇ ਆਪਣਾ। ਅਤਿ ਕਸ਼ਟ ਦਾ ਸਾਮ੍ਹਣਾ ਹੋਇਆ, ਤੜਫ ਤੜਫਕੇ ਮਾਈ ਦੀ ਜਾਨ ਨਿਕਲੀ। ਜਾਨ ਇੱਟਾਂ ਵਿਚੋਂ ਰਾਹ ਲੱਭਦੀ ਹੈ ਤੇ ਰਾਹ ਨਹੀਂ ਲੱਭਦਾ। ਮਾਈ ਨੂੰ ਅਸਚਰਜ ਅੰਧਕਾਰ ਦਾ ਸਾਮ੍ਹਣਾ ਕਰਨਾ ਪੈ ਗਿਆ। ਮੁਸ਼ਕਲ ਨਾਲ ਇਕ ਛੇਕ ਜੋ ਰਾਜਾਂ ਤੋਂ ਰਹਿ ਗਿਆ ਸੀ, ਦਿੱਸਿਆ, ਉਸ ਵਿਚੋਂ ਬੱਚਿਆਂ ਦੀ ਜਾਨ ਬਾਹਰ ਜਾ ਰਹੀ ਸੀ ਜੋ ਫਸ ਫਸ ਕੇ ਨਿਕਲੀ। ਫੇਰ ਮਾਈ ਬੀ ਲੱਗੀ ਉਸੇ ਰਾਹ ਨਿਕਲਣ, ਪਰ ਵਹਿਮ ਉਠੇ ਕਿ ਮੈਂ ਵੱਡੀ ਹਾਂ, ਰਾਹ ਤੰਗ ਹੈ, ਕੀਕੂੰ ਨਿਕਲਾਂ? ਪਰ ਫੇਰ ਹੋਰ ਕੋਈ ਰਾਹ ਸੀ ਨਹੀਂ, ਇਸੇ ਰਾਹ ਵਿਚ ਸਿਰ ਫਸਾਇਆ, ਬੜੇ ਕਸ਼ਟ ਨਾਲ ਫਸ ਫਸ ਖਿਚੀਜ ਖਿਚੀਜ ਕੇ ਬਾਹਰ ਨਿਕਲੀ, ਸ਼ੁਕਰ ਕੀਤਾ, ਪਰ ਬੱਚੇ ਨਹੀਂ ਲੱਭਦੇ। ਇਸ ਵਿਆਕੁਲਤਾ ਵਿਚ ਇਧਰ ਜਾ ਉਧਰ ਜਾ, ਵਾਜਾਂ ਮਾਰ, ਆਖ਼ਰ ਜਾਗ ਖੁੱਲੀ। ਕੀ ਦੇਖਦੀ ਹੈ ਕਿ ਆਪਣੇ ਬਿਸਤ੍ਰੇ ਪਰ ਹਾਂ, ਝਰੋਖੇ ਵਿਚੋਂ ਚਾਂਦਨੀ ਦੀ ਲਸ ਅੰਦਰ ਪੈ ਰਹੀ ਹੈ, ਬਦਨ ਗਰਮ ਹੈ, ਛਾਤੀ ਧੁਖ ਰਹੀ ਹੈ ਤੇ ਸਿਰ ਦੀਆਂ ਪੁੜਪੁੜੀਆਂ ਤਪ ਰਹੀਆਂ ਤੇ ਤ੍ਰੱਪ ਤ੍ਰੱਪ ਕਰ ਰਹੀਆਂ ਹਨ। ਉੱਠ ਕੇ ਬੈਠ ਗਈ, ਵਾਹਿਗੁਰੂ ਆਖਿਆ, ਪਾਣੀ ਦਾ ਘੁੱਟ ਪੀਤਾ। ਪਰ ਸੁਰਤ ਗਿਰ ਚੁਕੀ ਸੀ, ਮਨ ਉਦਾਸੀ ਵਿਚ ਸੀ, ਸਹਿਮ ਵਿਚ ਸੀ, ਕਸ਼ਟ ਵਿਚ ਸੀ। ਅੱਖਾਂ ਅੱਗੇ ਜ਼ਿੰਦਗੀ ਦੇ ਕਸ਼ਟ ਫਿਰ ਰਹੇ ਸਨ। ਸੁੱਤੀ ਕਿਸ ਰੰਗ ਸੀ, ਜਾਗੀ ਕਿਸ ਹਾਲ ਹੈ? ਨੀਂਦਰ ਵਿਚ ਮੁੱਠੀ ਗਈ। ਹਾਇ! ਭਗਤ ਜਨ ਤਦੇ ਕੂਕਦੇ ਹਨ-

ਕਬੀਰ ਸੂਤਾ ਕਿਆ ਕਰਹਿ ਬੈਠਾ ਰਹੁ ਅਰੁ ਜਾਗੁ॥ ਜਾ ਕੇ ਸੰਗ ਤੇ ਬੀਛੁਰਾ ਤਾ ਹੀ ਕੇ ਸੰਗਿ ਲਾਗੁ॥*

ਹੁਣ ਫੇਰ ਜੁੱਧ ਜਾਰੀ ਹੈ, ਮਨ ਅੰਦਰਲੇ ਨੂੰ ਉੱਠਣ ਨਹੀਂ ਦੇਂਦਾ, ਪਰ ਉਹ ਡਾਢੇ ਜ਼ੋਰ ਵਿਚ ਉੱਚਾ ਹੋ ਰਿਹਾ ਹੈ। ਇਸ ਨਿਕੰਮੇ ਸੁਪਨੇ ਨੂੰ ਮਾਈ ਨੇ ਵਗਾਹ ਮਾਰਿਆ ਤੇ ਇਸ ਨੂੰ ਤਮੋਗੁਣ ਦਾ ਨਕਸ਼ਾ

---

* ਇਸਦਾ ਭਾਵ ਉਨੀਂਦੇ ਕੱਟਣੇ ਨਹੀਂ, ਪਰ ਸਰੀਰ ਦੀ ਲੋੜੀਂਦੀ ਨੀਂਦ ਪੂਰੀ ਕਰਕੇ ਗਾਫਲ ਤੇ ਆਲਸੀ ਹੋਕੇ ਰਾਤ ਬਿਰਥਾ ਗੁਆਉਣ ਤੋਂ ਰੋਕਣਾ ਹੈ।

SIKHBOOKCLUB.COM

ਜਾਣ ਕੇ ਤੋੜਿਆ। ਜੋ ਗ਼ਮ ਦੇ ਨਕਸ਼ੇ ਤੇ ਹਾਹੁਕੇ ਉਠਦੇ ਹਨ, ਉਨ੍ਹਾਂ ਪਰ ਅੰਦਰੋਂ ਹੀ ਸਮਝ ਤੇ ਵਿਚਾਰ ਸੁਝਦੀ ਹੈ। ਨਾਮ ਦਾ ਚੱਕਰ ਬੀ ਚਲ ਰਿਹਾ ਹੈ। ਕੁਛ ਤਪ ਦਾ ਜ਼ੋਰ ਹੈ ਜੋ ਵਾਹ ਨਹੀਂ ਲਗਣ ਦੇਂਦਾ। ਮਾਈ ਨੇ ਅਖੀਰ ਜਪੁ ਸਾਹਿਬ ਦੇ ਪਾਠ ਅਰੰਭੇ:-

"ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ ਅਨਾਦਿ
ਅਨਾਹਿਤ ਜੁਗੁ ਜੁਗੁ ਏਕੋ ਵੇਸੁ॥"

ਤੇ ਆਕੇ ਸਿਰ ਧਰਤੀ ਤੇ ਰੱਖਕੇ ਆਦੇਸ ਵਿਚ ਪੈ ਗਈ। ਇਸੇ ਹਾਲ ਇਕਾਗ੍ਰਤਾ ਛਾ ਗਈ। ਕੜਕ ਜਿਹਾ ਹੋਕੇ ਟਿਕਾਉ ਆ ਗਿਆ, ਠੰਢ ਪੈ ਗਈ। ਚਾਰਵੇਰ ਆਦੇਸੁ ਤਿਸੈ ਆਦੇਸੁ ਦੇ ਬਾਦ ਮੁੜ੍ਹਕਾ ਪੈ ਗਿਆ, ਸਰੀਰ ਠਰ ਗਿਆ, ਮਨ ਠਰ ਗਿਆ, ਅੰਦਰਲੇ ਨੇ ਆਵਾਜ਼ ਦਿੱਤੀ-'ਦਾਉ ਨਾ ਖਾਯਾ ਕਰੋ, ਉਨਮਨ ਰਿਹਾ ਕਰੋ, ਲਿਵ ਤੋਂ ਬਾਹਰ ਨਾ ਜਾਇਆ ਕਰੋ, ਹੇਠਾਂ ਤਾਂ ਹਾਵੇ ਦਾ ਦੇਸ਼ ਹੈ ਤੇ ਉੱਪਰ ਸੁਖ ਦਾ ਟਿਕਾਣਾ ਹੈ, ਸਦਾ ਉੱਚੇ ਰਹੋ, ਵਾਹਿਗੁਰੂ ਵਲ ਧਿਆਨ ਰਹੇ, ਧਿਆਨ ਬੜੀ ਸ਼ਕਤੀ ਹੈ, 'ਪੰਚਾ ਕਾ ਗੁਰੁ ਏਕੁ ਧਿਆਨੁ'॥ ਮਨ ਚਾਹੁੰਦਾ ਹੈ ਕਿ ਅੰਦਰਲੇ ਦਾ ਧਿਆਨ ਦ੍ਰਿਸ਼ਟਮਾਨ ਵਿਚ ਫਸਿਆ ਰਹੇ, ਤੁਸੀਂ ਜਤਨ ਕਰੋ ਕਿ ਧਿਆਨ ਮਨ ਤੋਂ ਉੱਚਾ ਸਦਾ ਵਾਹਿਗੁਰੂ ਦੀ ਸ਼ਰਨ ਪ੍ਰਾਪਤ ਰਹੇ। ਵਾਹਿਗੁਰੂ ਦੀ ਸ਼ਰਨ ਗਿਆਂ ਧਿਆਨ ਮਨ ਤੋਂ ਉੱਚਾ ਰਹਿੰਦਾ ਹੈ! ਧਿਆਨ ਜਿੱਧਰ ਹੋਵੇ ਉਸਦਾ ਰੂਪ ਹੋ ਜਾਈਦਾ ਹੈ, ਵਾਹਿਗੁਰੂ ਦਾ ਧਿਆਨ ਕਰਨ ਵਾਲਾ ਵਾਹਿਗੁਰੂ ਨੂੰ ਅੰਦਰ ਵਸਾਕੇ 'ਵਾਹਿਗੁਰੂ ਜੋ ਸੁਖ ਰੂਪ ਹੈ' ਸੁਖੀ ਹੋ ਜਾਂਦਾ ਹੈ। ਇਹ ਵਿਚਾਰ ਆਕੇ ਮਾਈ ਠਰ ਗਈ। ਹੁਣ ਚਿੱਤ ਨੂੰ ਇਕ ਤਾਕਤ ਪ੍ਰਤੀਤ ਦੇਂਦੀ ਹੈ। ਉਸ ਵਿਚ ਇਸ ਤਰ੍ਹਾਂ ਦੀ ਸ਼ਕਤੀ ਦਿੱਸਦੀ ਹੈ ਕਿ ਓਹ ਦ੍ਰਿਸ਼ਟਾ ਹੋ ਰਿਹਾ ਹੈ, ਦੇਖਣਹਾਰ ਹੈ। ਜੋ ਕੌਤਕ ਹੋਏ ਵਰਤੇ ਸੁਣੇ ਹਨ, ਓਹਨਾਂ ਕੌਤਕਾਂ ਨੂੰ ਕਿਸੇ ਮਹਾਂ ਰੱਬੀ ਪ੍ਰਯੋਜਨ ਦੇ ਤੱਕਦੀ ਹੈ, ਜਿਨ੍ਹਾਂ ਦੇ ਹੋਣ ਵਿਚ ਕਿ ਰੁਕਣ ਵਿਚ ਮਾਈ ਦਾ ਕੋਈ ਹੱਥ ਯਾ ਵਸ ਨਹੀਂ ਹੈ। ਇਸ ਨੇ ਕੇਵਲ ਦੇਖਣਾ ਤੇ ਦੇਖਦੇ ਹੋਏ ਵਾਹਿਗੁਰੂ ਦੇ ਘਰ ਵਿਚ ਉੱਚਿਆਂ ਰਹਿਣਾ ਹੈ; ਰਜ਼ਾ ਸਮਝਣੀ ਹੈ। ਜੋ ਹੋ ਰਿਹਾ ਹੈ ਸੋ ਰਜ਼ਾ ਹੈ ਤੇ ਅਸਾਂ ਅੰਦਰਲੇ ਦਾ ਰੁਖ ਵਾਹਿਗੁਰੂ ਦੀ ਚਰਨ ਸ਼ਰਨ ਵਲ ਰੱਖਣਾ ਹੈ। ਹਾਂ, ਤਰਲਾ ਇਹ ਹੈ ਕਿ ਸ਼ਰਨ ਤੋਂ ਨਾਂ ਉਖੜੀਏ। ਸੋ ਹੁਣ ਮਾਈ ਇਸ ਰੰਗ ਵਿਚ ਆਕੇ ਉੱਠੀ, ਅੰਮ੍ਰਿਤ ਵੇਲੇ ਦਾ ਕੁਛ ਹਿੱਸਾ ਲੰਘ ਚੁਕਾ ਸੀ, ਫਿਰ ਵੀ ਹਿੰਮਤ ਕਰਕੇ ਗੁਰਦਵਾਰੇ ਅੱਪੜ ਗਈ। ਗੁਰਦਵਾਰੇ ਸੰਗਤ ਘੱਟ ਸੀ, ਕਿਉਂਕਿ ਕਈ ਅਤਿ ਪ੍ਰੇਮੀ ਸਤਿਗੁਰ ਦੇ ਚਮਕੌਰ ਵਾਲੇ ਸਾਕੇ ਦੇ ਹਾਲ ਸੁਣਕੇ ਟੁਰ ਗਏ ਸਨ ਕਿ ਕਿਤੇ ਪੁੱਜਕੇ ਕੋਈ ਸੇਵਾ ਕਰ ਸਕੀਏ। ਅੱਜ ਭੀ ਦੋ ਚਾਰ ਸੱਜਣ ਟੁਰੇ ਸਨ, ਕਿਉਂਕਿ ਹੁਣ ਮਹਾਰਾਜ ਜੀ ਦੇ ਮਾਲਵੇ ਪੁੱਜਣ ਦੀ ਖ਼ਬਰ ਮਿਲ ਗਈ ਸੀ। ਸੋ ਭਾਵੇਂ ਪ੍ਰੇਮੀ ਥੋੜੇ ਸਨ ਤਦ ਵੀ ਸ਼ਬਦ ਰੰਗਾਣ ਗੁਰਦਵਾਰੇ ਵਿਚ ਸ਼ਾਂਤੀ ਦਾ ਪ੍ਰਭਾਵ ਕਾਫੀ ਪ੍ਰਕਾਸ਼ ਕਰ ਰਹੀ ਸੀ। ਇਥੇ ਆਕੇ ਕੀਰਤਨ ਦੇ ਰੰਗ ਵਿਚ ਚਿੱਤ ਹੋਰ ਜੁੜ ਗਿਆ। ਸ਼ਬਦਾਂ ਦੀ ਧੁਨੀ ਏਕਾਗ੍ਰਤਾ ਭਰਨ ਵਾਲੀ ਸੀ ਤੇ ਸ਼ਬਦਾਂ ਦਾ ਭਾਵ ਮਨ ਵਿਚ ਰਜ਼ਾ ਦੀ ਸਿਖਯਾ ਦੇਣ ਵਾਲਾ ਸੀ। ਇਸੇ ਰੰਗ ਵਿਚ ਰਾਤ ਬੀਤ ਗਈ ਅਰ ਬੀਤ ਗਈ ਮਾਤਾ ਦੀ ਪੰਜਵੀਂ ਔਖੀ ਰਾਤ।

ਡਾਕਦਾਰਨੀ— ਬੜੀ ਕਸ਼ਟ ਭਰੀ ਹੋਣੀ ਵਰਤੀ। ਪਰ ਮਾਈ ਦਾ ਮਨ ਹੁਣ ਹੋਰ ਉੱਚਾ ਹੋ ਗਿਆ ਹੈ। ਕਿਸ ਤਰ੍ਹਾਂ ਨਿਭੀ ਹੈ ਤੇ ਕੀਕੂੰ ਹੁਣ ਨਾਮ ਰੰਗ ਵਿਚ ਉਸਦਾ ਆਪਣਾ ਉੱਦਮ ਤੇ ਬਲ ਵਧ ਗਿਆ ਹੈ।

ਸੁਭਾਗ ਜੀ— ਤੁਸਾਂ ਠੀਕ ਸਮਝਿਆ ਹੈ।

ਡਾਕਦਾਰਨੀ— ਬੜੀ ਸਿੱਖਿਆ ਮਿਲੀ ਹੈ। ਵਾਹ ਵਾ! ਹੁਣ ਅਗਲੀ ਸੁਣਾਓ ਰਾਤ।

ਸੁਭਾਗ ਜੀ ਸੁਣੋ:—

## ਛੇਵੀਂ ਰਾਤ

ਦਿਨ ਤੇ ਮਹੀਨੇ ਵਰਹਾ ਬਣਾਕੇ ਬੀਤ ਗਏ। ਕੁਛ ਹੋਰ ਇਸੇ ਤਰ੍ਹਾਂ ਹੋ ਬੀਤੇ। ਮਾਈ ਸਭਰਾਈ ਆਪਣੇ 'ਵਾਹਿਗੁਰੂ ਸ਼ਰਨ ਪ੍ਰਾਪਤ ਟਿਕਾਉ' ਵਿਚ ਦਿਨ ਬਿਤੀਤ ਕਰਦੀ ਰਹੀ। ਸਿਮਰਨ ਦੇ ਰੰਗ ਲੱਗ ਰਹੇ ਸਨ ਕਿ ਫੇਰ ਇਕ ਖ਼ਬਰ ਆਈ। ਉਹ ਖ਼ਬਰ ਸ੍ਰੀ ਕਲਗੀਆਂ ਵਾਲੇ ਦੇ ਜਗਤ ਤੋਂ ਟੁਰ ਜਾਣ ਦੀ ਸੀ, ਹਾਂ ਉਹ ਜੋਤੀ ਜੋਤ ਸਮਾ ਜਾਣ ਦੀ ਸੋਇ ਸੀ। ਅੱਜ ਇਹ ਗਲ ਮਾਈ ਨੂੰ ਇਕ ਅਨੋਖੇ ਰੰਗ ਵਿਚ ਪਾ ਗਈ। ਪਹਿਲੇ ਤਾਂ ਇਕ ਹਨੇਰੇ ਤੇ ਨਿਰਾਸਤਾ ਦਾ ਚੱਕ੍ਰ ਆਇਆ ਅਰ ਕਲੇਜੇ ਨੂੰ ਮੁੱਠ-ਮੀਟਵੀਂ ਖਿੱਚ

 www.sikhbookclub.com

ਪਈ, ਪਰ ਫੇਰ ਇਕ ਠੰਢਾ ਸਾਹ ਆਕੇ ਇਕ ਠੰਢੀ ਝਰਨਾਟ ਛਿੜੀ ਤੇ ਅੰਦਰਲੇ ਨੇ ਕਿਹਾ:-

"ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥ ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥"

ਇਹ ਖ਼ਬਰ ਉਸ ਵੇਲੇ ਮਿਲੀ ਸੀ ਜਿਸ ਵੇਲੇ ਰਹਿਰਾਸ ਦੇ ਦੀਵਾਨ ਦੀ ਸਮਾਪਤੀ ਹੋਕੇ ਮਾਈ ਘਰ ਪੁੱਜੀ ਸੀ। ਅਸਚਰਜ ਹੋਕੇ ਮਾਈ ਅਰਸ਼ਾਂ ਵਲ ਤੱਕਦੀ ਤੇ ਆਖਦੀ ਹੈ "ਤੇਰੇ ਚੋਜ, ਤੇਰੇ ਰੰਗ! ਅਸਾਂ ਭੁੱਲਿਆਂ ਭਟਕਿਆਂ ਨੂੰ ਤਾਰਨ ਆਇਆ। ਕਿਸੇ ਦਾ ਗੁਰੂ ਬਣਿਆ, ਕਿਸੇ ਦਾ ਪੁੱਤ੍ਰ, ਕਿਸੇ ਦਾ ਜੁਆਈ, ਕਿਸੇ ਦਾ ਪਿਤਾ, ਕਿਸੇ ਦਾ ਕੋਈ ਹੋਰ ਸਾਕ, ਕਿਸੇ ਦਾ ਬਾਲ ਸਖਾਈ ਮਿੱਤ੍ਰ ਤੇ ਕਿਸੇ ਨਾਲ ਉਸਦੀ ਲੜਾਈ ਦੇ ਸਾਹਮਣੇ ਲੜਨ ਵਾਲਾ ਬੀਰ, ਪਰ ਸਭ ਦਾ ਪਾਰ ਉਤਾਰਾ ਕੀਤਾ ਅਰ ਸਭ ਨੂੰ ਕਲਿਆਨ ਬਖਸ਼ੀ। ਹਾਂ, ਉਹ ਅੱਖਾਂ ਦਾ ਅੰਦਰਲਾ ਹਨੇਰਾ ਕੱਟਣ ਆਇਆ ਸੀ, ਸਭਦਾ ਕਟਿਓਸੁ, ਸਭ ਨੂੰ ਚਾਨਣ ਕੀਤੋਸੁ ਤੇ ਸਭ ਨੂੰ ਚਾਨਣਾ ਦੇਕੇ, ਰੱਬੀ ਸੁਨੇਹੇਂ ਪੁਚਾਕੇ, ਰੱਬੀ ਜੀਵਨ ਦਾਨ ਕਰਕੇ ਰੱਬ ਦੇ ਦੇਸ਼ ਟੁਰ ਗਿਆ। ਟੁਰ ਨਹੀਂ ਗਿਆ, ਸਦਾ ਅੰਗ ਸੰਗ ਹੈ। ਸਮੇਂ ਦੇ ਉਰਾਰ ਤੇ ਪਾਰ ਦੇ ਨਗਰ ਵੱਸਦੇ ਹਨ, ਇਕ ਦਿੱਸਦਾ ਤੇ ਇਕ ਸਾਨੂੰ ਅਣਦਿੱਸਦਾ ਹੈ। ਸਾਨੂੰ ਉਰਾਰ ਦਾ ਦੇਸ਼ ਦਿਸਦਾ ਹੈ ਜੋ ਜ਼ਰੂਰ ਇਕ ਦਿਨ ਛੱਡਣਾ ਹੈ, ਪਰ ਪਾਰ ਦਾ ਦੇਸ਼ ਦਿਸਦਾ ਨਹੀਂ, ਜਿਥੇ ਜਾਕੇ ਸਲਾਮਤੀ ਹੈ। ਨਾਮ ਨਾਲ ਜਾਗ ਉਠਿਆਂ ਲਈ ਉਹ ਦੇਸ਼ ਹੈ ਤੇ ਨਹੀਂ ਬੀ। ਹਾਂ ਉਹ ਟਿਕਾਉ ਹੈ, ਅਵਸਥਾ ਹੈ। ਇਹਨਾਂ ਨੈਣਾਂ ਨੂੰ ਉਹ ਅਵਸਥਾ ਦਿੱਸਦੀ ਨਹੀਂ, ਨਹੀਂ ਤਾਂ ਉਹ ਸੁਖ ਭਰੀ ਅਵਸਥਾ ਨਾਲ ਹੈ। ਜਿਹੜੇ ਬੰਦੇ ਵਾਹਿਗੁਰੂ ਧਿਆਨੀ ਹੋ ਜਾਂਦੇ ਹਨ ਅਰ ਉਸ ਦੀ ਸ਼ਰਨ ਪ੍ਰਾਪਤ ਕਰ ਲੈਂਦੇ ਹਨ, ਉਹ ਤਾਂ ਉਸ ਦੀ ਹੀ ਸ਼ਰਨ ਪ੍ਰਾਪਤ ਹੁੰਦੇ ਹਨ। ਉਹ ਅਮਰ ਜੀਵਨ ਵਿਚ ਪੁੱਜੇ ਹੋਏ ਹੁੰਦੇ ਹਨ। ਓਹਨਾਂ ਦਾ ਕੁਛ ਬਦਲਦਾ ਵਿਗੜਦਾ ਨਹੀਂ। ਓਹ ਅਵਸਥਾ ਤੋਂ ਬੀ ਉਪਰ ਹੁੰਦੇ ਹੋਣੇ ਹਨ। ਸਾਨੂੰ ਪਰਦਾ ਤੇ ਭਰਮ ਹੈ, ਮੋਹ ਮਾਇਆ ਦਾ ਜਾਲ ਹੈ, ਜੋ ਅਮਰ ਜੀਵਨ ਤੇ ਨਜ਼ਰ ਨਹੀਂ ਟਿਕਣ ਦਿੰਦਾ। ਅਸੀਂ ਅਮਰ ਹਾਂ ਤੇ ਜੇ ਸੰਸਾਰ ਦੇ ਹਨੇਰੇ ਵਿਚ ਰੁਲੀਏ ਨਾ ਤੇ ਵਾਹਿਗੁਰੂ ਵਲ ਰੁਖ਼ ਰੱਖੀਏ ਤਾਂ ਅਸੀਂ ਜੀਉਂਦੇ ਹੀ ਚਾਨਣ ਵਿਚ ਹਾਂ।...ਕਲਗੀਆਂ ਵਾਲਾ ਸਤਿਗੁਰੂ ਤਾਂ ਨਾਮੀ ਗੁਰਮੁਖਾਂ ਤੋਂ ਕਿਤੇ ਉੱਚਾ ਹੈ, ਉਹ ਤਾਂ ਆਪ ਗੁਰੂ ਜਜੋਤੀ ਹੈ। ਉਹ ਸੰਸਾਰ ਤੋਂ ਟੁਰ ਨਹੀਂ ਗਿਆ, ਕਿਤੇ ਚਲਾ ਨਹੀਂ ਗਿਆ, ਸਦਾ ਜਾਗਤੀ ਜੋਤ ਹੈ ਤੇ ਹੋਵੇਗਾ ਭੀ। ਫਿਰ ਵਿਯੋਗ ਕਾਹਦਾ ਤੇ ਦੁਖ ਅਰ ਤੜਫਨੀ ਕਿਸ ਗੱਲ ਦੀ? ਐਉਂ ਦੀਆਂ ਵਿਚਾਰਾਂ ਵਿਚ ਮਾਈ ਅੱਜ ਉੱਚੇ ਮੰਡਲਾਂ ਤੋਂ ਹੇਠਾਂ ਨਹੀਂ ਆ ਰਹੀ। ਮਨ ਤੋਂ ਉਚੇਰੇ ਰਸਾਂ ਵਿਚ ਹੈ। ਰਾਤ ਬੀਤ ਰਹੀ ਹੈ। ਮਾਈ ਸੁਖੀ ਭੀ ਹੈ, ਪਰ ਕਿਸੇ ਕਿਸੇ ਵੇਲੇ ਇਕ ਚੱਕਰ ਜਿਹਾ ਆਉਂਦਾ ਹੈ ਜੋ ਛਿਨ ਭੰਗਰ ਵਿਚ ਉਡ ਜਾਂਦਾ ਹੈ ਤੇ ਉਸਨੂੰ ਮੌਤ ਤੋਂ ਪਾਰ ਅਮਰ ਜੀਵਨ ਦਾ ਝਲਕਾ ਵੱਜਦਾ ਹੈ ਤੇ ਵਾਹਿਗੁਰੂ ਦੀ ਸ਼ਰਨ ਤੇ ਭਗਤਾਂ ਦੇ ਅਰੂਪ ਸਰੂਪਾਂ ਵਿਚ ਸਤਿਸੰਗ ਕੀਰਤਨ ਤੇ ਪਰਮੇਸ਼ੁਰ ਦੇ ਯਸ਼ ਗਾਇਨ ਵਿਚ ਸੱਚੇ ਭਰੋਸੇ ਤੇ ਉਨ੍ਹਾਂ ਦੇ ਪ੍ਰਭਾਉ ਦਿਲ ਨੂੰ ਠੰਢਾ ਠਾਰ ਕਰ ਦੇਂਦੇ ਹਨ।

"ਕਬਹੂ ਸਾਧਸੰਗਤਿ ਇਹੁ ਪਾਵੈ॥ ਉਸੁ ਅਸਥਾਨ ਤੇ ਬਹੁਰਿ ਨ ਆਵੈ॥ ਅੰਤਰਿ ਹੁਇ ਗਿਆਨ ਪਰਗਾਸੁ॥ ਉਸੁ ਅਸਥਾਨ ਕਾ ਨਹੀਂ ਬਿਨਾਸੁ॥"

ਮਾਈ ਕਦੇ ਕੋਈ ਤੁਕ ਪੜ੍ਹਦੀ ਹੈ। ਕਦੇ ਨਾਮ ਜੀਭ ਤੇ ਬੈਠ ਕੇ ਅੰਦਰਲਾ ਚੱਕਰ ਐਸਾ ਲੈ ਆਉਂਦਾ ਹੈ ਕਿ ਲੂੰ ਲੂੰ ਵਿਚ ਠੰਢ ਪਾਉਂਦਾ ਹੈ। ਕਦੇ ਨਿਰੀ ਧਿਆਨ ਰੂਪ ਆਪਣੇ ਧੇਯ ਰੱਬ ਸਰੂਪ ਵਿਚ ਜੁੜ ਜਾਂਦੀ ਹੈ ਅਰ ਅਡੋਲ ਟਿਕੀ ਰਹਿੰਦੀ ਹੈ। ਇਸਤਰ੍ਹਾਂ ਟਿਕਦੀ ਟਿਕਦੀ ਮਾਈ ਦੀ ਰਾਤ ਲੰਘਦੀ ਹੈ। ਦੁੱਖਾਂ ਭਰੀ ਰਾਤ ਹੈ, ਪਰ ਦੁਖਾਂ ਭਰੀ ਰਹੀ ਨਹੀਂ ਕਿਉਂਕਿ ਭਰਮ ਉਠ ਗਿਆ ਹੈ, ਭਰੋਸਾ ਬੱਝ ਗਿਆ ਹੈ ਤੇ ਮਨ ਟਿਕ ਗਿਆ ਹੈ। ਨਹੀਂ, ਮਨ ਤੋਂ ਆਪਾ ਉੱਚਾ ਹੋ ਰਿਹਾ ਹੈ। ਜੋ ਆਪੇ ਦੇ ਰਸ ਵਿਚ ਨਿਮਗਨ ਹੈ, ਗੁਰੂ ਦੀ ਸ਼ਰਨ ਦੇ ਰਸ ਵਿਚ ਨਿਮਗਨ ਹੈ, ਲਿਵ ਵਿਚ ਹੈ-ਤੇ 'ਪਰਮ-ਆਪੇ' ਨੂੰ ਪ੍ਰਾਪਤ ਹੈ।

ਲਿਵ ਤੇ ਤ੍ਰਿਸ਼ਨਾ ਦੋ ਹੀ ਜੀਵ ਦੇ ਬੰਨੇ ਡੀਸਰੇ ਸਤਿਗੁਰਾਂ ਨੇ ਲਿਖੇ ਹਨ। ਜੋ ਲਿਵ ਵਿਚ ਹਨ ਉਹ ਪਰਮੇਸ਼ਰ ਨੂੰ ਪ੍ਰਾਪਤ ਹਨ:-

SIKHBOOKCLUB.COM

ਕਹੈ ਨਾਨਕੁ ਗੁਰਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ॥

ਪਰ ਜਿਨ੍ਹਾਂ ਲਿਵ ਨਹੀਂ ਲਾਈ, ਉਹ ਤ੍ਰਿਸ਼ਨਾਂ ਵਿਚ ਹਨ, ਜੋ ਤ੍ਰਿਸ਼ਨਾਂ ਵਿਚ ਹਨ ਸੋ ਮਾਇਆ ਦੇ ਹੁਕਮ ਹੇਠ ਹਨ:-

ਲਿਵ ਛੁੜਕੀ ਲਗੀ ਤ੍ਰਿਸ਼ਨਾ
ਮਾਇਆ ਅਮਰੁ ਵਰਤਾਇਆ॥

ਤ੍ਰਿਸ਼ਨਾਂ ਨਾਲ ਮਾਇਆ ਦੇ ਵੱਸ ਵਿਚ ਪੈ ਗਿਆਂ ਮਨ ਕਮਜ਼ੋਰ ਹੋ ਜਾਂਦਾ ਹੈ ਤੇ ਦੇਹ ਨਿਮਾਣੀ ਹੋ ਜਾਂਦੀ ਹੈ:-

ਸਾਚੀ ਲਿਵੈ ਬਿਨੁ ਦੇਹ ਨਿਮਾਣੀ॥ ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ॥ ਤੁਧੁ ਬਾਝੁ ਸਮਰਥ ਕੋਇ ਨਾਹੀ ਕ੍ਰਿਪਾ ਕਰਿ ਬਨਵਾਰੀਆ॥
ਏਸ ਨਉ ਹੋਰੁ ਥਾਉ ਨਾਹੀ ਸਬਦਿ ਲਾਗਿ ਸਵਾਰੀਆ॥ ਕਹੈ ਨਾਨਕੁ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ॥੬॥ (ਅਨੰਦ)

ਸੋ ਇਸ ਤ੍ਰਿਸ਼ਨਾ ਵਾਲੇ ਮਨ ਦਾ ਦਾਰੂ ਸਤਿਗੁਰ ਦਾ ਸ਼ਬਦ (ਉਸਦਾ ਬਖਸ਼ਿਆ ਨਾਮ) ਹੈ। ਸਤਿਗੁਰ ਦੇ ਸ਼ਬਦ ਦਾ ਭਾਵ ਹੈ, ਮਨ ਨੇ ਅਕਾਲ ਪੁਰਖ ਨੂੰ ਆਪਣੀ ਯਾਦ ਵਿਚ ਐਸਾ ਰੱਖਣਾ ਕਿ ਉਸਦੇ ਧਿਆਨ ਵਿਚ ਵਾਹਿਗੁਰੂ ਪਿਆ ਵੱਸੇ। ਜਦੋਂ ਲਗਾਤਾਰ ਵਾਹਿਗੁਰੂ ਯਾਦ ਵਿਚ ਵੱਸ ਜਾਂਦਾ ਹੈ ਤਾਂ ਲਿਵ ਲੱਗ ਜਾਂਦੀ ਹੈ। ਇਸ ਲਿਵ ਵਾਲਾ ਪਰਮੇਸ਼ੁਰ ਦਾ ਪਿਆਰਾ ਬੰਦਾ ਫੇਰ ਕਿਸੇ ਉੱਚੇ ਸੁਖ ਵਿਚ ਰਹਿੰਦਾ ਹੈ। ਕਲੇਸ਼ ਤੇ ਕਸ਼ਟ ਇਸਦੇ ਮਿਟ ਜਾਂਦੇ ਹਨ, ਆਸਾਂ ਤੇ ਅੰਦੇਸ਼ੇ (ਫਿਕਰ) ਤੋਂ ਪਰੇ ਹੋ ਜਾਂਦਾ ਹੈ: "ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ॥" ਮੌਤ ਤੋਂ ਪਾਰ ਦ੍ਰਿਸ਼ਟੀ ਚਲੀ ਜਾਂਦੀ ਹੈ, ਆਪਾ ਆਪਣੇ ਟਿਕਾਉ ਦੇ ਸੁਖ ਨੂੰ, ਵਾਹਿਗੁਰੂ ਦੀ ਸ਼ਰਨ ਪ੍ਰਾਪਤੀ ਦੇ ਸੁਖ ਨੂੰ ਮਾਣਦਾ ਹੈ ਤੇ ਮਨ ਜੋ ਤ੍ਰਿਸ਼ਨਾਂ ਦਾ ਮੂਲ ਹੈ ਇਸ ਤੋਂ ਆਪਾ ਉੱਚਾ ਉੱਚਾ ਵੱਸਦਾ ਹੈ!

ਮਾਈ ਸਭਰਾਈ ਸੱਚੇ ਸਤਿਗੁਰੂ ਦੀ ਸ਼ਰਨ ਵਿਚ ਵੱਸਦੀ, ਉੱਚੀ ਹੁੰਦੀ ਹੁੰਦੀ ਹੁਣ ਏਨੀਂ ਉੱਚੀ ਹੋ ਗਈ ਹੈ ਕਿ ਕਲਗੀਧਰ ਦੇ ਵਿਛੋੜੇ ਦੇ ਅਸਹਿ ਖੇਦ ਨੂੰ ਸੁਣਕੇ ਪੰਘਰੀ ਪਸੀਜੀ ਤਾਂ ਹੈ, ਬਿਰਹਾ ਬੀ ਆਯਾ ਹੈ, ਪਰ ਕਿਸੇ ਘਬਰਾ ਵਿਚ ਨਹੀਂ ਗਈ। ਸ਼ਾਂਤਿ, ਠੰਢ, ਰਸ ਤੇ ਸਿਦਕ ਵਿਚ ਹੈ, ਕੋਮਲਤਾ ਤੇ ਦ੍ਰਵਣਤਾ ਨਾਲ ਹੈ। ਇਹ ਨਹੀਂ ਕਿ ਉਹਨਾਂ ਦੇ ਉਪਕਾਰ, ਪਿਆਰ, ਜੋਤ ਵੱਲ ਪ੍ਰੇਮ ਦੀ ਰੌ ਨਹੀਂ, ਪ੍ਰੇਮ ਦੀ ਰੌ ਹੈ, ਸੱਚੀ ਰੌ ਹੈ, ਸੁੱਚੀ ਪ੍ਰੇਮ ਦੀ ਰੌ ਹੈ, ਪਰ ਹੁਣ ਜੋ ਪ੍ਰੇਮ ਹੈ ਸੋ ਸੁਜਾਖਾ ਹੈ। ਹਾਂ, ਰਸੀਆ ਭੀ ਹੈ ਤੇ ਸੁਜਾਖਾ ਭੀ ਹੈ। ਇਸ ਲਈ ਭਾਵੇਂ ਅੱਖ ਦੇ ਫੋਰ ਜਿੰਨੇ ਚੱਕਰ ਆਏ ਭੀ ਪਰ ਮਾਈ ਸਭਰਾਈ ਦਾ ਅਡੋਲ ਮਨ ਆਪਣੇ ਸਿਦਕ ਰਸ ਵਿਚ, ਲਿਵ ਵਿਚ ਵੱਸਦਾ ਰਿਹਾ ਤੇ ਰਾਤ ਦੀ ਇਕ ਇਕ ਛਿਨ ਕਿਸੇ ਉੱਚੇ ਰੰਗ ਵਿਚ ਬੀਤੀ। ਰਾਤ ਅਤਿ ਕਸ਼ਟਦਾਇਕ ਹੋਣੀ ਚਾਹੀਦੀ ਸੀ, ਪਰ ਲਿਵ ਨੇ ਤ੍ਰਿਸ਼ਨਾ ਦੇ ਬੰਧਨ ਕੱਟ ਦਿਤੇ ਹੋਏ ਹਨ ਤੇ ਮਨ ਪ੍ਰੇਮ ਦੀਆਂ ਤਣੀਆਂ ਨਾਲ ਸਾਈਂ ਸ਼ਰਨ ਬੰਨ੍ਹ ਦਿੱਤਾ ਹੋਇਆ ਹੈ, ਸ਼ਰਨ ਸਮਾਈ ਮਾਈ ਮਨ ਦੇ ਸਾਰੇ ਹੱਲਿਆਂ ਤੋਂ ਬਚ ਰਹੀ ਹੈ। ਇਸੇ ਤਰ੍ਹਾਂ ਤਿੰਨ ਪਹਿਰੇ ਦਾ ਵੇਲਾ ਹੋ ਆਇਆ ਪਰ ਮਾਈ ਤੋਂ ਉਸ ਰਸ ਵਿਚ ਉੱਠਿਆ ਨਹੀਂ ਜਾਂਦਾ। ਤ੍ਰਿਪਹਿਰੇ ਵਿਚੋਂ ਭੀ ਕੁਛ ਸਮਾਂ ਬੀਤ ਗਿਆ, ਪਰ ਅਜੇ ਉਹ ਦੈਵੀ ਰੰਗ ਆਪਣੇ ਵਿਚ ਸਮਾ ਰਿਹਾ ਹੈ। ਜਦ ਤ੍ਰੈ ਕੁ ਘੜੀ ਰਾਤ ਰਹੀ ਤਾਂ ਮਾਈ ਦੇ ਨੈਣ ਖੁੱਲ੍ਹੇ, ਉਹ ਨੈਣ ਜੋ ਸਾਰੀ ਰਾਤ ਸੁੱਤੇ ਨਹੀਂ ਪਰ ਅਚਰਜ ਰੰਗ ਰੰਗੀਜੇ ਰਹੇ ਹਨ। ਇਕ ਨੂਰ ਅੱਖਾਂ ਵਿਚੋਂ ਬਰਸਦਾ ਸੀ, ਇਕ ਸਰੂਰ ਸਿਰ ਵਿਚੋਂ ਝਰਦਾ ਸੀ, ਇਕ ਸੁੰਦਰਤਾ ਦਾ ਮੀਂਹ ਦ੍ਰਿਸ਼ਟਮਾਨ ਨੂੰ ਘੇਰੇ ਹੋਏ ਵਿਸਮਾਦ ਦਾ ਨਕਸ਼ਾ ਬੰਨ ਰਿਹਾ ਸੀ। ਮਾਈ ਇਸੇ ਵਿਸਮਾਦੀ ਰੌ ਜਿਹੇ ਵਿਚ ਹੀ ਉੱਠ ਤੁਰੀ ਤੇ ਗੁਰਦਵਾਰੇ ਪੁੱਜਕੇ ਕੀਰਤਨ ਦੇ ਪ੍ਰਭਾਵ ਨਾਲ ਮਗਨ ਹੋ ਗਈ।

ਐਉਂ ਬੀਤ ਗਈ ਮਾਤਾ, ਲਿਵ ਪ੍ਰਾਪਤ ਮਾਤਾ ਦੀ ਛੇਵੀਂ ਔਖੀ ਰਾਤ।

## ਸਤਵੀਂ ਰਾਤ

ਕੁਛ ਕਾਲ ਬੀਤਿਆ, ਮਾਈ ਹਿੰਮਤ ਕਰਕੇ ਰਮਦਾਸ ਗਈ। ਉਥੇ ਸਾਹਿਬ ਰਾਮ ਕੌਰ ਜੀ ਨੂੰ ਮਿਲੀ। ਸਾਰੀ ਵਿਥਿਆ ਸਤਿਗੁਰਾਂ ਦੀ ਸੁਣੀ।



SIKHBOOKCLUB.COM

ਸਾਹਿਬ ਰਾਮ ਕੌਰ ਜੀ ਦਸਮੇ ਪਾਤਸ਼ਾਹ ਦੇ ਅੰਗ ਸੰਗ ਰਹਿਣ ਵਾਲੇ ਸੱਚੇ ਪ੍ਰੇਮੀ, ਬੀਤਰਾਗ ਤੇ ਗਜਾਤਰੇਯ ਪੂਰਨ ਬ੍ਰਹਮ ਗਿਆਨੀ ਸੇ। ਆਪ ਸਤਿਗੁਰੂ ਦੇ ਅੰਗ ਸੰਗ ਸਤਿਗੁਰੂ ਜੀ ਦੇ ਨਾਲ ਦੱਖਣ ਨੂੰ ਜਾ ਰਹੇ ਸੀ। ਆਪ ਦੀ ਮਾਤਾ ਜੀ ਦਾ ਪਰਦੇਸਾਂ ਵਿਚ ਸਤਿਗੁਰਾਂ ਨੂੰ ਮਿਲੇ ਜੋ ਪੁੱਤਰ ਨੂੰ ਲੈ ਆਉਣ। ਆਪ ਨੂੰ ਸਤਿਗੁਰਾਂ ਨੇ ਸਿੱਖੀ ਵਿਚ ਪ੍ਰਚਾਰ ਦੀ ਆਗਿਆ ਦੇ ਕੇ ਮਾਤਾ ਦੇ ਨਾਲ ਘਰੀਂ ਤੋਰ ਦਿੱਤਾ ਸੀ। ਆਗਜਾ ਦੇ ਬੱਧੇ ਪ੍ਰੇਮੀ ਆਪਣੇ ਨਗਰ ਰਮਦਾਸ-ਇਨ੍ਹਾਂ ਦੇ ਵਡੇ ਜੋ ਬਾਬੇ ਬੁੱਢੇ ਜੀ ਦਾ ਟਿਕਾਣਾ ਸੀ-ਆ ਬਿਰਾਜੇ ਤੇ ਸਿੱਖੀ ਦਾ ਪ੍ਰਚਾਰ ਕਰਨ ਲਗੇ। ਆਪ ਹਰ ਰੋਜ਼ ਦਸਾਂ ਪਾਤਸ਼ਾਹੀਆਂ ਦੀ ਕਥਾ ਕਰਿਆ ਕਰਦੇ ਸਨ ਅਤੇ ਆਪ ਨੇ ਦਸਾਂ ਸਤਿਗੁਰਾਂ ਦਾ ਜੀਵਨ ਭੀ ਲਿਖਿਆ ਸੀ। ਦੱਸਦੇ ਹਨ ਕਿ ਇਹ ਕਲਮੀ ਨੁਸਖਾ ਕੈਂਥਲ ਦੇ ਰਾਜੇ ਨੇ ਕਵੀ ਸੰਤੋਖ ਸਿੰਘ ਜੀ ਵਾਸਤੇ, ਜੋ ਗੁਰਪ੍ਰਤਾਪ ਸੂਰਜ ਲਿਖ ਰਹੇ ਸੀ, ਰਾਮਦਾਸ ਤੋਂ ਮੰਗਵਾਇਆ ਸੀ। ਦੱਸੀਦਾ ਹੈ ਕਿ ਉਹ ਪੋਥੀ ਤਦੋਂ ਦੀ ਕੈਂਥਲ ਗਈ ਫੇਰ ਵਾਪਸ ਰਾਮਦਾਸ ਨਹੀਂ ਆਈ। ਜਦੋਂ ਮਾਈ ਸਭਰਾਈ ਜੀ ਰਾਮਦਾਸ ਗਏ ਸਨ ਤਦੋਂ ਭਾਈ ਰਾਮਕੌਰ ਜੀ ਦੋ ਵੇਲੇ ਦੀਵਾਨ ਦੇ ਮਗਰੋਂ ਸਤਿਗੁਰਾਂ ਦੇ ਜੀਵਨ ਦੀ ਕਥਾ ਕਰਿਆ ਕਰਦੇ ਸਨ ਤੇ ਦੁਪਹਿਰੇ ਇਹ ਪੋਥੀ ਲਿਖਿਆ ਕਰਦੇ ਸਨ। ਆਪ ਦਾ ਜੀਵਨ ਭੀ ਅਸਚਰਜ ਸੀ। ਲਿਵਲੀਨ ਐਸੇ ਰਹਿੰਦੇ ਸਨ ਕਿ ਜਿਵੇਂ ਮਸਤ ਹੁੰਦਾ ਹੈ, ਪਰ ਕਥਾ ਕਰਨ ਲਿਖਣ ਤੇ ਵਾਰਤਾਲਾਪ ਵਿਚ ਜੇ ਚੱਲ ਪੈਣ ਤਾਂ ਬੜੇ ਬੜੇ ਪੰਡਤ ਆਪ ਦੇ ਅਗੇ ਮੂੰਹ ਨਹੀਂ ਧਰ ਸਕਦੇ ਸਨ। ਸੋ ਇੰਨ੍ਹੀ ਦਿਨੀਂ ਮਾਈ ਸਭਰਾਈ ਨੇ ਅਪਣੇ ਸਤਿਗੁਰ ਦੇ ਸਵਾਰੇ ਲਾਡਲੇ ਗੁਰਮੁਖ ਦੇ, ਹਾਂ ਜਲ ਵਿਚ ਵੱਸਦੇ ਕੰਵਲ ਅਲੇਪ ਦੇ ਦਰਸ਼ਨ ਕੀਤੇ। ਸਾਹਿਬ ਜੀ ਦੇ ਅਦਬ ਦੇ ਸਵਾਰੇ ਮਾਤਾ ਨੂੰ ਉਸ ਸਤਿਕਾਰ ਨਾਲ ਮਿਲੇ ਜੋ ਸਤਿਕਾਰ ਕਿ ਉਨ੍ਹਾਂ ਤੋਂ ਮਾਤਾ ਲਈ ਆਸ ਕੀਤੀ ਜਾ ਸਕਦਾ ਸੀ। ਬੜਾ ਆਦਰ ਦਿੱਤਾ, ਸਨਮਾਨ ਕੀਤਾ ਤੇ ਮਾਤਾ ਦੀ ਰੀਝ, ਜੋ ਆਪਣੇ ਸਤਿਗੁਰ ਦੀ ਵਿਥਿਆ ਸੁਣਨ ਦੀ ਸੀ, ਪਿਆਰ ਨਾਲ ਪੂਰੀ ਕੀਤੀ।

ਮਾਈ ਨੇ ਕਲਗੀਆਂ ਵਾਲੇ ਦੇ ਅੰਤ ਸਮੇਂ ਦੇ ਤਿਆਰੇ ਦਾ ਹਾਲ ਸੁਣਿਆ ਕਿ ਸ਼ਸਤ੍ਰ ਲਗਾ, ਪੁਸ਼ਾਕੇ ਸਜਾ, ਸਨੱਧਬੱਧ ਸਰੀਰ ਤਜਾਗਣ ਲਈ ਇੰਞ ਤਿਆਰ ਹੋਏ ਜੀਕੂੰ ਜੰਞ ਚੜ੍ਹਨ ਲੱਗੇ ਕਿਸੇ ਦੂਲਹਾ ਦੀ ਤਿਆਰੀ ਹੁੰਦੀ ਹੈ। ਮੌਤ ਨੂੰ ਮਖੌਲ ਕੀਤਾ ਤਾਂ ਸਤਿਗੁਰ ਨੇ, ਮੌਤ ਤੇ ਡੰਕਾ ਵਜਾਇਆ ਤਾਂ ਸਤਿਗੁਰ ਨੇ। ਸਤਿਗੁਰ ਦੀ ਤਿਆਰੀ ਤੇ ਚੜ੍ਹਦੀ ਕਲਾ ਐਸੀ ਭਾਈ ਜੀ ਨੇ ਸੁਣਾਈ ਕਿ ਮਾਤਾ ਜੀ ਦੇ ਦਿਲ ਤੇ ਹੋਰ ਉੱਚਾ ਅਸਰ ਪਿਆ। ਉਹ ਜੋ ਲਿਵ ਵਿਚ ਨਿਪੁੰਨ ਹੋ ਗਈ ਸੀ, ਹੁਣ ਪੂਰਨ ਹੋ ਗਈ। ਬ੍ਰਹਮ ਗਿਆਨੀ ਵਾਲਾ ਰੰਗ ਛਾ ਗਿਆ। ਇਸ ਤਰ੍ਹਾਂ ਕੁਛ ਸਮਾਂ ਮਾਈ ਉਥੇ ਰਹਿਕੇ ਘਰ ਆ ਗਈ।

ਸਮਾਂ ਪਾਕੇ ਸਰੀਰ ਜਰਜਰਾ ਹੋ ਗਿਆ ਤੇ ਮਾਈ ਕਿਹਾ ਕਰੇ, ਚੋਲਾ ਪੁਰਾਣਾ ਹੋ ਗਿਆ ਹੈ, ਹੁਣ ਰਖਣੇ ਜੋਗਾ ਨਹੀਂ, ਪਰ ਮਾਈ ਦਾ ਭਰੋਸਾ ਤੇ ਅੰਦਰਲਾ ਹਾਲ ਇਹ ਸੀ:-

"ਗੁਰਮੁਖਿ ਬੁਢੇ ਕਦੇ ਨਾਹੀ
ਜਿਨ੍ਹਾ ਅੰਤਰਿ ਸੁਰਤਿ ਗਿਆਨੁ॥"

ਗਿਆਨ ਦਾ ਸੂਰਜ ਚਮਕ ਰਿਹਾ ਹੈ ਅੰਦਰ, ਚੋਲਾ ਪੁਰਾਣਾ ਹੋ ਗਿਆ ਤਾਂ ਹੋ ਗਿਆ ਸਹੀ।

ਸਹਿਜੇ ਸਹਿਜੇ ਉਹ ਰਾਤ ਆ ਗਈ ਕਿ ਜਦੋਂ ਚੋਲੇ ਢਹਿ ਪੈਣ ਦੀ ਤੇ ਜੀਵਾਤਮਾ ਦੇ ਉੱਡ ਜਾਣ ਦੀ ਤਿਆਰੀ ਹੋ ਪਈ।

ਮਾਈ ਸੁੱਛ ਬਿਸਤ੍ਰੇ ਪਰ ਪਈ ਹੈ, ਸਤਿਸੰਗੀ ਆਸ ਪਾਸ ਬੈਠੇ ਹਨ, ਨੈਣ ਬੰਦ ਹਨ ਪਰ ਕਦੇ ਖੁੱਲ੍ਹਦੇ ਬੀ ਹਨ। ਬਾਹਰੋਂ ਤਾਂ ਇਕ ਤੇਜਮਈ ਸਮਾਧੀ ਦਿੱਸਦੀ ਹੈ, ਪਰ ਅੰਦਰੋਂ ਮਾਈ "ਆਪੈ ਆਪੁ ਖਾਇ ਹਉ ਮੇਟੈ ਅਨਦਿਨੁ ਹਰਿ ਰਸ ਗੀਤ ਗਵਈਆ॥" ਦੇ ਰੰਗ ਵਿਚ ਹੈ।

ਸੁਆਦ ਬਿਸਮਾਦ ਵਿਚ ਪਈ ਹੈ ਕਿ ਅਚਾਨਕ ਇਕ ਠੌਂਕਾ ਆਇਆ ਅਰ ਐਉਂ ਦਿੱਸਿਆ ਕਿ ਹਾਇ! ਮੈਂ ਮਰ ਚੱਲੀ ਹਾਂ, ਪਰ ਪਲ ਮਗਰੋਂ ਅੱਖ ਖੁੱਲ੍ਹੀ ਤੇ ਕੀਹ ਦੇਖਦੀ ਹੈ ਕਿ ਸਤਿਸੰਗੀ ਬੈਠੇ ਹਨ ਤੇ ਚੰਦ ਦੀ ਚਾਂਦਨੀ ਅੰਦਰ ਪੈ ਰਹੀ ਹੈ ਤੇ ਆਖਦੀ ਹੈ:-

"ਭੈਣੋਂ ਤੇ ਭਰਾਵੋ! ਕਿਸ ਨੇ ਆਖਿਆ ਸੀ? ਹਾਇ! ਮੈਂ ਮਰ ਚੱਲੀ ਹਾਂ!"

ਮੇਰੇ ਕੰਨਾਂ ਵਿਚ ਐਉਂ ਵਾਜ ਪਈ ਹੈ, ਜੀਕੂੰ ਕੋਈ ਬੋਲਦਾ ਹੈ ਕਿ ਮੈਂ ਮਰ ਚੱਲੀ ਹਾਂ। ਸਜਨੋਂ! ਮੇਰੇ ਤੇ ਤਰਸ ਕਰੋ ਤੇ ਮੈਨੂੰ ਖੁਸ਼ੀਆਂ ਨਾਲ ਸਾਹੁਰੇ ਟੋਰੋ! ਮੈਂ ਆਪਣੇ ਪੀਆ ਪਰਮੇਸ਼ੁਰ ਦੇ 'ਸਰੂਪ ਦੇਸ' ਨੂੰ ਚੱਲੀ ਹਾਂ। ਮਰਦਾ ਕੌਣ ਹੈ? ਸਾਹੁਰੇ ਚੱਲੀ ਨੂੰ ਦਾਜ ਦੌਣ ਦੇਕੇ ਟੋਰੋ! ਕਰੋ ਨਾ ਮੇਰੇ ਲਈ ਅਰਦਾਸਾ!

ਦੇਹੁ ਸਜਣ ਅਸੀਸੜੀਆ
ਜਿਉ ਹੋਵੈ ਸਾਹਿਬ ਸਿਉ ਮੇਲੁ॥

ਇਸ ਵੇਲੇ ਸਭ ਨੇ ਇਕ ਭੋਗ ਜਪੁ ਸਾਹਿਬ ਦਾ ਪਾਇਆ। ਫੇਰ ਅਰਦਾਸ ਕੀਤੀ। ਮਾਈ ਦੀ ਲਿਵ ਲੱਗੀ, ਅੰਦਰਲੀ ਜੋਤ ਜੋਤੀ ਸਰੂਪ ਦੇ ਰੰਗ ਵਿਚ ਖੀਵੀ ਹੋ ਰਹੀ ਹੈ। ਮਿਲਾਪ ਦੀ ਅਸਲੀ ਮਸਤ ਅਲਮਸਤੀ ਦੇ ਨਾਲ ਨੈਣ ਭਰੇ ਹੋਏ ਖੁੱਲ੍ਹਦੇ ਤੇ ਮਿਟਦੇ ਹਨ ਤੇ ਅੰਮ੍ਰਿਤ ਬਰਖਾ ਕਰਦੇ ਹਨ। ਅੱਖਾਂ ਮੀਟਦੀ ਹੈ ਤਾਂ ਵਾਹਿਗੁਰੂ ਵਿਚ ਲੀਨ ਹੁੰਦੀ ਹੈ, ਖੋਲ੍ਹਦੀ ਹੈ ਤਾਂ ਮਾਤ ਲੋਕ ਦਾ ਸਤਿਸੰਗ ਤਕਦੀ ਹੈ:-

ਕਬਹੂ ਸਾਧਸੰਗਤਿ ਇਹੁ ਪਾਵੈ॥
ਉਸੁ ਅਸਥਾਨ ਤੇ ਬਹੁਰਿ ਨ ਆਵੈ॥
ਅੰਤਰਿ ਹੋਇ ਗਿਆਨ ਪਰਗਾਸੁ॥
ਉਸੁ ਅਸਥਾਨ ਕਾ ਨਹੀ ਬਿਨਾਸੁ॥
ਮਨ ਤਨ ਨਾਮਿ ਰਤੇ ਇਕ ਰੰਗਿ॥
ਸਦਾ ਬਸਹਿ ਪਾਰਬ੍ਰਹਮ ਕੈ ਸੰਗਿ॥
ਜਿਉ ਜਲ ਮਹਿ ਜਲੁ ਆਇ ਖਟਾਨਾ॥
ਤਿਉ ਜੋਤੀ ਸੰਗਿ ਜੋਤਿ ਸਮਾਨਾ॥
ਮਿਟਿ ਗਏ ਗਵਨ ਪਾਏ ਬਿਸ੍ਰਾਮ॥
ਨਾਨਕ ਪ੍ਰਭ ਕੈ ਸਦ ਕੁਰਬਾਨ॥

ਆਹਾ! ਅਜ ਉਹ ਰਾਤ ਹੈ ਜੋ ਅਕਸਰ ਹਾਇ ਹਾਇ ਵਿਚ ਬੀਤਦੀ ਹੈ, ਉਹ ਰਾਤ ਹੈ ਜੋ ਅਤਿ ਕਸ਼ਟ ਦੇਂਦੀ ਹੈ, ਉਹ ਰਾਤ ਹੈ ਜੋ ਡੰਗ ਮਾਰਦੀ ਹੈ, ਹਨੇਰੇ ਤੇ ਨਿਰਾਸਤਾ ਵਿਚ ਗ਼ਰਕ ਕਰਦੀ ਹੈ, ਪਰ ਸਤਿਸੰਗ ਦਾ ਪ੍ਰਤਾਪ, ਕਲਗੀਆਂ ਵਾਲੇ ਦੀ ਜੀਵਨ ਕਣੀ ਦੀ ਦਾਤ, ਸਾਹਿਬ ਰਾਮਕੌਰ ਦੇ ਰੱਬੀ ਪਿਆਰ ਤੇ ਗਿਆਨ ਦੇ ਵਰੋਸਾਉ, ਮਾਈ ਦੇਖੋ ਅੱਜ ਕਿਨ੍ਹਾ ਸੁਹਣੇ ਰੰਗਾਂ ਵਿਚ ਪਈ ਹੈ? ਸੁਖ ਹੀ ਸੁਖ ਭਾਸ ਰਿਹਾ ਹੈ ਤੇ ਐਉਂ ਹੋ ਰਿਹਾ ਹੈ, ਜੀਕੂੰ ਕੋਈ ਨਦੀ ਹਜ਼ਾਰ ਹਜ਼ਾਰਾਂ ਮੀਲ ਪੈਂਡਾ ਕਰਕੇ ਸਮੁੰਦਰ ਸਾਹ ਸੁਲਤਾਨ ਵਿਚ ਆਕੇ ਡਿਗ ਰਹੀ ਹੈ, ਸੰਗਮ-ਸੁਖ ਦੇ ਅਹਿਲਾਦ ਵਿਚ ਨਿਮਗਨ ਹੋ ਰਹੀ ਹੈ।

ਕਬੀਰ ਜਿਸੁ ਮਰਨੈ ਤੇ ਜਗੁ ਡਰੈ ਮੇਰੇ ਮਨ ਆਨੰਦੁ॥ ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥੨੨॥

ਦਾ ਨਕਸ਼ਾ ਬੱਝ ਰਿਹਾ ਹੈ।

ਅੰਮ੍ਰਿਤ ਵੇਲਾ ਹੋ ਗਿਆ, ਸੁਖਮਨੀ ਸਾਹਿਬ ਦਾ ਪਾਠ ਬੜੀ ਮਧੁਰ ਧੁਨਿ ਵਿਚ ਆਰੰਭ ਹੋ ਗਿਆ। ਜਿਸ ਵੇਲੇ ੨੧ਵੀਂ ਅਸਟਪਦੀ ਆਈ:-

ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥ ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥

ਤਦ ਮਾਈ ਦਾ ਰੰਗ ਬਦਲ ਗਿਆ। ਅੱਖਾਂ ਐਉਂ ਖੁੱਲ੍ਹੀਆਂ ਕਿ ਕੋਈ ਨੂਰ ਦਾ ਬੁੱਕਾ ਛੁਟਦਾ ਹੈ, ਚਾਰ ਚੁਫੇਰੇ ਫਿਰੀਆਂ ਤੇ 'ਸ੍ਰੀ ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਹਿ' ਦਾ ਅਵਾਜ਼ਾ ਆਇਆ। ਫੇਰ ਨੈਣ ਬੰਦ ਹੋ ਗਏ, ਲਾਲੀ ਚੇਹਰੇ ਦੀ ਭਖਦੀ ਗਈ ਤੇ ਵਧਦੀ ਗਈ ਜਦ 'ਨਾਨਕ ਇਹ ਗੁਣ ਨਾਮੁ ਸੁਖਮਨੀ॥' ਕਹਿਕੇ ਪਾਠੀ ਸਿੰਘ ਨੇ ਸੀਸ ਨਿਵਾਇਆ, ਉਸ ਵੇਲੇ ਮਾਈ ਦੇ ਸੁਆਸ ਸਮਾਪਤ ਹੋ ਗਏ। ਚਿਹਰਾ ਗੂਹੜੇ ਕੇਸਰ ਦੀ ਭਿੰਨੀ ਖੁਸ਼ਬੂ ਤੇ ਰੰਗ ਦਾ ਹੋ ਗਿਆ। ਉਧਰ ਪਹੁ ਫੁੱਟੀ ਇਧਰ ਬੀਤ ਗਈ ਮਾਤਾ, ਅੰਤਰ-ਸੁਖ-ਪ੍ਰਾਪਤ ਮਾਤਾ ਦੀ ਸੱਤਵੀਂ ਰਾਤ, ਹਾਂ, ਉਹ ਰਾਤ ਜੋ ਨਾਮ ਰਸੀਆਂ ਲਈ ਹੈ ਭਾਗਭਰੀ ਰਾਤ ਤੇ ਜੋ ਜਗਤ ਵਿਚ ਪ੍ਰਾਣੀ ਲਈ ਹੈ ਸਭ ਤੋਂ ਔਖੀ ਰਾਤ।

* * *

ਜਦ ਸੁਭਾਗ ਜੀ ਡਾਕਦਾਰਨੀ ਨੂੰ ਸੱਤੇ ਰਾਤਾਂ ਸੁਣਾ ਚੁੱਕੀ ਤਾਂ ਡਾਕਦਾਰਨੀ ਦਾ ਦਿਲ ਅਸਚਰਜ ਸ਼ੁਕਰ ਨਾਲ ਭਰ ਰਿਹਾ ਸੀ। ਉਸਨੇ ਡਾਢੇ ਪਿਆਰ ਨਾਲ ਸੁਭਾਗ ਜੀ ਨੂੰ ਜੱਫਾ ਮਾਰ ਲਿਆ ਤੇ ਆਖਿਆ ਧੰਨ ਹੋ ਤੁਸੀਂ ਤੇ ਧੰਨ ਬਾਬਾ ਜੀ, ਜਿਨ੍ਹਾਂ ਦੇ ਘਰ ਉੱਤਮ ਤੇ ਉਚੇ ਸਤਿਸੰਗ ਦਾ ਰੌ ਚਲ ਰਿਹਾ ਹੈ। ਬੀਬੀ ਭੈਣ! ਤੂੰ ਮੈਨੂੰ ਮੋਈ ਨੂੰ ਜਿਵਾਲ ਲਿਆ ਹੈ। ਧੰਨ ਸੀ ਮਾਈ ਸਭਰਾਈ ਕੀਕੂੰ 'ਭਉਜਲੁ ਬਿਖਮੁ ਅਸਗਾਹੁ ਗੁਰ ਸਬਦੀ ਪਾਰਿ ਪਾਹਿ॥' ਦੇ ਗੁਰਵਾਕ ਅਨੁਸਾਰ ਦੁੱਖਾਂ ਦੇ ਸਮੁੰਦਰ ਨੂੰ ਤਰਦੀ ਹੋਈ ਪਾਰ

SIKHBOOKCLUB.COM

ਹੋ ਗਈ। ਬੀਬੀ ਭੈਣ ਦੱਸ ਤਾਂ ਇਹ ਰਾਤਾਂ ਕਿਸ ਲਿਖੀਆਂ ਹਨ, ਤੁਸੀਂ ਕਿੱਥੋਂ ਲਈਆਂ ਹਨ? ਇਹ ਅਰਸ਼ੀ ਤ੍ਰੇਲ ਭਿੰਨੀਆਂ ਰਾਤਾਂ ਹਨ ਜੋ ਮੋਏ ਨੂੰ ਜਿੰਦ ਦੇਂਦੀਆਂ ਹਨ।

ਸੁਭਾਗ ਜੀ— ਭੈਣ ਜੀ! ਮੈਂ ਤਾਂ ਤੁਸਾਨੂੰ ਦੱਸ ਆਈ ਹਾਂ, ਕਿ ਇਹ ਰਾਤਾਂ ਚਿਰ ਹੋਇਆ ਹੈ ਕਿ ਖਾਲਸਾ ਸਮਾਚਾਰ ਵਿਚ ਮੁਖ ਲੇਖ ਹੇਠ ਪਹਿਲੀਆਂ ਚਾਰ ਛਪੀਆਂ ਸਨ। ਬਾਬਾ ਜੀ ਦੇ ਇਕ ਜਾਣੂੰ ਸੱਜਣ ਪਾਸ ਇਹਨਾਂ ਦਾ ਕਲਮੀ ਉਤਾਰਾ ਸੀ। ਉਨ੍ਹਾਂ ਨੇ ਅਗਲੀਆਂ ਤ੍ਰੈ ਰਾਤਾਂ ਖਾਲਸਾ ਸਮਾਚਾਰ ਦੇ ਦਫਤਰ ਜਾਕੇ ਕਲਮੀ ਨੁਸਖੇ ਤੋਂ ਉਤਾਰਕੇ ਆਪਣੇ ਆਪ ਸੱਤੇ ਪੂਰੀਆਂ ਕੀਤੀਆਂ ਸਨ। ਉਸ ਉਤਾਰੇ ਤੋਂ ਬਾਬਾ ਜੀ ਨੇ ਇਹ ਉਤਾਰਾ ਖਾ: ਸ: ਦੇ ਦਫ਼ਤਰੋਂ ਆਗਜਾ ਲੈਕੇ ਕਰਵਾਇਆ ਸੀ ਜੋ ਮੈਂ ਆਪਨੂੰ ਸੁਣਾਇਆ ਹੈ।

ਡਾਕਦਾਰਨੀ— ਹਾਂ ਠੀਕ ਹੈ, ਆਪ ਨੇ ਸਾਰੀ ਗੱਲ ਦੱਸੀ ਸੀ। ਭੈਣ ਜੀ! ਜਗਤ ਵਿਚ ਮੌਤ ਨੇ ਤਾਂ ਮਗਰੋਂ ਲਹਿਣਾ ਹੀ ਨਹੀਂ ਤੇ ਪਿਆਰਿਆਂ ਦੇ ਵਿਛੋੜੇ ਸਦਾ ਤਾਜ਼ੇ ਹਨ, ਸੋ ਇਹਨਾਂ ਰਾਤਾਂ ਵਿਚਲੇ ਉਪਦੇਸ਼ ਤੇ ਦਾਰੂ ਸਦੀਵ ਵਿਛੋੜੇ ਕੁੱਠਿਆਂ ਦੇ ਕੰਮ ਆਵਣ ਵਾਲੇ ਹਨ। ਬੀਬੀ ਭੈਣ! ਮੈਨੂੰ ਉਤਾਰਾ ਕਰ ਦੇਹ ਜੋ ਮੈਂ ਕਦੇ ਠੇਸ ਖਾਣ ਲੱਗਾਂ ਤਾਂ ਇਸਨੂੰ ਪੜ੍ਹਕੇ ਗੁਰਬਾਣੀ ਤੇ ਨਾਮ ਪਰ ਟਿਕ ਜਾਇਆ ਕਰਾਂ।

ਸੁਭਾਗ— ਸੱਤ ਬਚਨ ਭੈਣ ਜੀ! ਮੈਂ ਬੜੀ ਖੁਸ਼ੀ ਨਾਲ ਕਰ ਦਿਆਂਗੀ, ਪਰ ਬਾਬਾ ਜੀ ਤੋਂ ਪੁੱਛ ਕੇ।

* * * * *

## ੨੦.

ਬ੍ਰਿਸਟਰ ਤੇ ਬ੍ਰਿਸਟਰਾਣੀ ਅਜੇ ਸ਼ਹਿਰ ਨਹੀਂ ਗਏ। ਉਨ੍ਹਾਂ ਦੇ ਸਾਕ ਸਜਣ ਮਿਲ ਜਾਂਦੇ ਹਨ ਤੇ ਭਲਾ ਸਮਝਦੇ ਹਨ ਕਿ ਮੂਲੋਂ ਤਕੜੇ ਹੋਕੇ ਸ਼ਹਿਰ ਵਿਚ ਆਉਣ। ਹੁਣ ਉਹ ਵਲ ਹੋ ਗਏ ਹਨ, ਪਿੰਡੋਂ ਬਾਹਰ ਜੂਹਾਂ ਵਿਚ ਫਿਰਨ ਟੁਰਨ ਵੀ ਚਲੇ ਜਾਂਦੇ ਹਨ। ਕਦੇ ਵਗਦੇ ਖੂਹਾਂ ਤੇ, ਕਦੇ ਸ਼ਾਮਲਾਟਾਂ ਦੇ ਹਰੇ ਹਰੇ ਘਾਹ ਉੱਤੇ, ਕਦੇ ਟਾਹਲੀਆਂ ਤੇ ਕਿੱਕਰਾਂ ਦੇ ਝੁੰਡਾਂ ਹੇਠ ਜਾ ਬੈਠਦੇ ਹਨ। ਸਾਫ ਤਾਜ਼ੀ ਹਵਾ, ਖੁੱਲ੍ਹੇ ਮੈਦਾਨਾਂ ਦਾ ਦਰਸ਼ਨ, ਜਿੱਥੋਂ ਤਕ ਨਜ਼ਰ ਜਾਏ ਸੋ ਜਾਏ। ਸੂਰਜ ਦਾ ਖੁੱਲ੍ਹਾ ਬੇਰੋਕ ਚਾਨਣਾ, ਦੁਹਾਂ ਦੇ ਦਿਲਾਂ ਤੇ ਅਜਬ ਅਸਰ ਕਰਦੇ ਸਨ। ਜਿਨ੍ਹਾਂ ਦੀ ਉਮਰਾ ਸੜ੍ਹਾਂਦ ਵਾਲੀਆਂ ਤੰਗ ਗਲੀਆਂ ਵਿਚ, ਸੂਰਜ ਨਾਲ ਰੁੱਸੀਆਂ ਹਵੇਲੀਆਂ ਵਿਚ ਤੇ ਤਾਜ਼ੀ ਹਵਾ ਨਾਲ ਤਲਾਕ ਲੀਤੇ ਘਰਾਂ ਵਿਚ ਲੰਘ ਗਈ ਸੀ ਤੇ ਜਿਨ੍ਹਾਂ ਨੇ, ਜੇ ਓਹ ਕਦੇ ਬਾਹਰ ਅੰਦਰ ਗਏ ਭੀ ਤਾਂ ਕਦੇ ਏਕਾਂਤ ਨਹੀਂ ਵੇਖੀ ਸੀ, ਉਹਨਾਂ ਉਤੇ ਏਹ ਉਜਾੜਾਂ ਤੇ ਏਕਾਂਤਾਂ, ਤਾਜ਼ੇ ਜਲ ਪੌਣ ਤੇ ਖੁੱਲ੍ਹੇ ਚਾਨਣੇ ਅਚਰਜ ਅਸਰ ਕਰ ਰਹੇ ਸੇ। ਬ੍ਰਿਸਟਰ ਜੀ ਦਾਰੂ ਪੀਤੇ ਬਿਨਾਂ ਕਦੇ ਨਹੀਂ ਸਨ ਰਹਿੰਦੇ ਹੁੰਦੇ, ਪਰ ਏਥੇ ਜਦ ਦੇ ਮੰਜੇ ਪਏ, ਡਾਕਟਰ ਨੇ ਦਾਰੂ ਪੀਣੋਂ ਹੋੜ ਦਿੱਤਾ ਸੀ। ਹੁਣ ਰਾਜ਼ੀ ਹੋਕੇ ਭੀ ਸ਼ਰਾਬ ਦੀ ਤਾਂਘ ਤੇ ਤ੍ਰੇਹ ਨਹੀਂ ਫੁਰਦੀ। ਕਈ ਵੇਰ ਸੋਚਦੇ ਹਨ ਕਿ ਇਹ ਮੂੰਹ ਲੱਗੀ ਕਦੇ ਛੁਟਦੀ ਨਹੀਂ, ਮੈਨੂੰ ਕਿਉਂ ਛੱਡ ਗਈ? ਤਦ ਸਮਝਦੇ ਹਨ ਕਿ ਇਕ ਤਾਂ ਬਾਬੇ ਦੇ ਸੰਗ ਦਾ ਅਸਰ ਹੈ ਤੇ ਦੂਜੇ ਇਹ ਖੁੱਲ੍ਹੇ ਹਵਾ ਪਾਣੀ ਸਰੀਰ ਨੂੰ ਤਾਜ਼ਾ ਰਖਦੇ ਹਨ, ਕਿਸੇ ਹੋਰ ਉਸਾਰੇ ਉਭਾਰੇ ਵਾਲੀ ਚੀਜ਼ ਦੀ ਲੋੜ ਨਹੀਂ ਭਾਸਦੀ। ਸਵੇਰਾ ਹੀ ਹੁੰਦਾ ਹੈ ਤਾਂ ਪਿੰਡ ਵਿਚੋਂ ਕਿਤੋਂ ਚੱਕੀ ਦੀ ਗੂੰਜ ਆਉਂਦੀ ਹੈ ਤੇ ਕਿਤੋਂ ਮਧਾਣੀ ਦੇ ਰੇੜਕੇ ਨਾਲ ਸੁਖਮਨੀ ਸਾਹਿਬ ਦੀ ਧੁਨਿ ਸੁਣਾਈ ਦੇਂਦੀ ਹੈ, ਮਾਨੋਂ ਚਾਟੀ ਵਿਚਦੀ ਘੁੰਮ ਘੁੰਮ ਦੀ ਆਵਾਜ਼ ਤਾਲ ਦੇ ਰਹੀ ਹੈ ਤੇ ਕੁਛ ਤੰਬੂਰੇ ਦੀ ਸੁਰ ਛੇੜ ਰਹੀ ਹੈ ਅਤੇ ਪਾਠ ਉਸਦੇ ਨਾਲ ਸੰਗੀਤ ਹੋ ਰਿਹਾ ਹੈ। ਕਦੇ ਦੂਰੋਂ ਵਗਦੇ ਖੂਹ ਦੀ ਖਰਜ ਛਿੜੀ ਸੁਣਾਈ ਦੇਂਦੀ ਹੈ ਤੇ ਇਕ ਸੁਆਦਲਾ ਰਸ ਬੰਨ੍ਹ ਦੇਂਦੀ ਹੈ। ਸੂਰਜ, ਚੰਦ੍ਰਮਾਂ, ਹਵਾ ਜਲ ਇਥੇ ਹੋਰ ਤਰ੍ਹਾਂ ਦੇ ਭਾਸਦੇ ਹਨ। ਲੋਕੀਂ ਪਿਆਰ ਨਾਲ ਰਹਿੰਦੇ ਹਨ। ਗਰੀਬ ਹਨ, ਗੁਜ਼ਾਰੇ ਮਸਾਂ ਕਰਦੇ ਹਨ, ਪਰ ਮੱਥੇ ਖਿੜੇ ਹਨ ਤੇ ਲਾਲੀਆਂ ਭਖਦੀਆਂ ਹਨ। ਇਕ ਦੂਜੇ ਨਾਲ ਵਿਰੋਧ ਬਹੁਤ ਹੀ ਘੱਟ ਦਿੱਸਦਾ ਹੈ। ਦੁੱਧ ਦੀ ਕੋਈ ਹੱਟੀ ਨਹੀਂ ਪਰ ਜਿਸਦੇ ਘਰ ਲਵੇਰਾ ਨਹੀਂ ਦੁੱਧ ਦੀ ਲੋੜ ਪਵੇ ਤਾਂ ਉਸ ਨੂੰ ਹਮਸਾਇਆਂ ਕੋਲੋਂ ਮਿਲ ਜਾਂਦਾ ਹੈ। ਜਿਨ੍ਹਾਂ ਦੇ ਅਪਣੇ ਸਾਗ ਨਹੀਂ ਉੱਗੇ ਓਹ ਹਮਸਾਇਆਂ ਦੀ ਪੈਲੀ ਤੋਂ ਲੈ ਲੈਂਦੇ ਹਨ ਤੇ ਇਹ ਗੱਲ ਆਮ ਖੁੱਲ੍ਹ ਤੇ ਪਿਆਰ ਦੀ ਹੈ, ਕੋਈ ਵਿਰੋਧ ਦੀ ਨਹੀਂ। ਇਸੇ ਤਰ੍ਹਾਂ ਡੰਗਰਾਂ ਦੇ ਚਾਰਨ ਨੂੰ ਸਾਰੇ ਪਿੰਡ ਦਾ ਇਕ ਸਾਂਝਾ ਵੱਖਰਾ ਖ਼ੱਤਾ ਹੈ, ਜਿਸ ਪਰ

ਸਭ ਦੇ ਪਸੂ ਚਰ ਆਉਂਦੇ ਹਨ, ਇਸ ਖੱਤੇ ਨੂੰ ਸ਼ਾਮਲਾਟ[1] ਆਖਦੇ ਹਨ। ਸਾਰੇ ਪਿੰਡ ਵਿਚ ਇਕ ਘਰ ਮੋਚੀਆਂ ਦਾ ਹੈ, ਜਿੱਥੋਂ ਸਭ ਜੁੱਤੀ ਸਿਵਾ ਲੈਂਦੇ ਹਨ। ਏਸੇ ਤਰ੍ਹਾਂ ਛੀਂਬੇ ਦਾ ਘਰ ਬੀ ਇਕੋ ਹੈ, ਮਹਿਰਿਆਂ ਦਾ ਘਰ ਬੀ ਇਕੋ ਹੈ; ਜੋ ਵਿਆਹ ਸ਼ਾਦੀ ਵੇਲੇ ਹਰ ਵਿਆਹ ਵਾਲੇ ਘਰ ਦਾ ਮਾਨੋਂ ਨੌਕਰ ਹੈ। ਇਸੀ ਪ੍ਰਕਾਰ ਸਾਰੇ ਕੰਮਾਂ ਲਈ ਇਕ ਯਾ ਦੋ ਘਰ ਸਾਂਝੇ ਸੇਵਾਦਾਰ ਹਨ। ਮੋਚੀ ਤੋਂ ਲੈਕੇ ਤੇਲੀ, ਲੁਹਾਰ, ਤਰਖਾਣ ਤੱਕ ਨੂੰ ਫਸਲਾਂ ਪੱਕੀਆਂ ਤੇ ਸਾਰੇ ਪਿੰਡ ਵਾਲੇ ਥੋੜੇ ਥੋੜੇ ਦਾਣੇ ਦੇਕੇ ਇਹਨਾਂ ਦਾ ਸਾਲ ਦਾ ਦਾਣਾ ਪੂਰਾ ਕਰ ਦੇਂਦੇ ਹਨ। ਇਥੋਂ ਤਾਈਂ ਮੌਜ ਹੈ ਕਿ ਖੇਤਾਂ ਵਿਚ ਮਦਦ ਦੇਣ ਵਾਲੇ ਕੰਮੀਆਂ ਤੇ ਚੂੜ੍ਹਿਆਂ[2] ਦੇ ਘਰੀਂ ਬੀ ਗਾਂ-ਮਹਿੰ ਹੁੰਦੀ ਹੈ ਤੇ ਉਹਨਾਂ ਨੂੰ ਭੀ ਪੱਠਾ ਦੱਥਾ ਮਿਲ ਜਾਂਦਾ ਹੈ। ਇਹ ਦੇਖ ਦੇਖਕੇ ਬ੍ਰਿਸਟਰ ਕੁੜ੍ਹ ਉਠਦਾ ਸੀ ਕਿ ਸ਼ਹਿਰਾਂ ਵਿਚ ਸਾਨੂੰ ਪਾਣੀ ਵਾਲਾ ਮੈਲਾ ਤੇ ਪਤਲਾ ਦੁੱਧ ਮੁੱਲੋਂ ਮਿਲਦਾ ਹੈ ਤੇ ਇਕੇ ਬਾਜ਼ੇ ਕੰਮੀਆਂ ਤੱਕ ਦੇ ਘਰੀਂ ਲਵੇਰੇ ਹਨ ਤੇ ਸਾਡੇ ਅਮੀਰ ਲਵੇਰਾ ਬੀ ਨਹੀਂ ਰੱਖ ਸਕਦੇ। ਸ਼ਹਿਰਾਂ ਵਿਚ ਹਰ ਘਰ ਦੋ ਦੋ ਚਾਰ ਚਾਰ ਵੱਖਰੇ ਨੌਕਰ ਰਖਦੇ ਹਨ ਤੇ ਫੇਰ ਪਿੱਟ ਪਿਟਾਵਾ ਪਿਆ ਰਹਿੰਦਾ ਹੈ ਕਿ ਮਾਲਕ ਦੀ ਮਰਜ਼ੀ ਮੁਤਾਬਕ ਕੰਮ ਕਾਜ ਵੇਲੇ ਸਿਰ ਸਿਰੇ ਨਹੀਂ ਚੜ੍ਹਦਾ। ਇਥੇ ਸਾਰੇ ਪਿੰਡ ਦੇ ਸਾਂਝੇ ਕੰਮ ਕਰਨ ਵਾਲੇ ਹਨ ਤੇ ਸਾਰਾ ਪਿੰਡ ਸੁਖੀ ਹੈ, ਜਿਨ੍ਹਾਂ ਨੂੰ ਫਸਲਾਂ ਪਕੀਆਂ ਤੇ ਦਾਣੇ ਮਿਲ ਜਾਂਦੇ ਹਨ ਤੇ ਵਿਆਹਾਂ ਸ਼ਾਦੀਆਂ ਤੇ ਰੁਪਏ ਬੀ ਲੱਭ ਜਾਂਦੇ ਹਨ।

ਬ੍ਰਿਸਟਰ ਤੇ ਬ੍ਰਿਸਟਰਾਣੀ ਅੱਜ ਟਾਹਲੀਆਂ ਦੀ ਛਾਵੇਂ ਬੈਠੇ ਇਸ ਗੱਲ ਪਰ ਧੁਖ ਰਹੇ ਸਨ ਕਿ ਅਸੀਂ ਪਿੰਡਾਂ ਦਿਆਂ ਲੋਕਾਂ ਨੂੰ ਮੂਰਖ, ਕਮੀਨ ਤੇ ਦੁਖੀ ਸਮਝਦੇ ਹਾਂ, ਪਰ ਇਹ ਸੁਖ ਦੀ ਸਮਝ ਸਾਥੋਂ ਚੰਗੀ ਰੱਖਦੇ ਹਨ। ਇਸ ਪਿੰਡ ਦੇ ਵਾਸੀ ਤਾਂ ਕਫਾਇਤ ਸ਼ੁਆਰ (ਸੰਜਮੀ) ਪੂਰੇ ਹਨ। ਜਥੇਬੰਦੀ ਇੰਨੀ ਕੁ ਰੱਖਦੇ ਹਨ ਕਿ ਸਾਰੇ ਸੁਖੀ ਵੱਸਦੇ ਹਨ। ਆਪੋ ਵਿਚ ਹਮਦਰਦ ਭੀ ਹਨ, ਕੁਦਰਤ ਨੇ ਜਲ ਪੌਣ ਭੀ ਸੁਥਰਾ ਦਿੱਤਾ ਹੈ। ਅਸੀਂ ਸੜੀਆਂ ਨਾਲੀਆਂ ਤੇ ਵਸਦੇ ਹਾਂ, ਮਿਊਨਸੀਪਲ ਕਮੇਟੀਆਂ ਅਸਾਂ ਬਣਾਣੀਆਂ ਹਨ, ਪਰ ਮਲੇਰੀਆ, ਪਲੇਗ ਤੇ ਹੋਰ ਵਬਾਵਾਂ ਪੈਂਦੀਆਂ ਹਨ। ਦੁੱਧ ਚੰਗੇ ਨਹੀਂ ਮਿਲਦੇ ਤੇ ਦਿਨੋਂ ਦਿਨ ਮਹਿੰਗੇ ਹੁੰਦੇ ਜਾਂਦੇ ਹਨ। ਘਿਉ ਦੀ ਥਾਂ ਬਨਾਉਟੀ ਘਿਉ, ਚਰਬੀਆਂ ਤੇ ਲਾਗਾਂ ਵਾਲੇ ਤੇਲ ਲੱਭਦੇ ਹਨ। ਮਹੱਲੇ ਦੇ ਮਹਿਰੇ ਆਦਿ ਸਾਂਝੇ ਸੇਵਾਦਾਰ ਹੁਣ ਨਹੀਂ ਰਹੇ, ਉਨ੍ਹਾਂ ਦੀ ਥਾਂ ਘਰ ਘਰ ਵੱਖਰੇ ਨੌਕਰ ਤੇ ਉਹ ਬੀ ਕਈ ਵੇਰ ਆਕੜ ਖੋਰ, ਚੋਰ ਤੇ ਦੁਖਦਾਈ ਮਿਲਦੇ ਹਨ। ਸੁਆਣੀਆਂ ਹਡਰੱਖ ਹੋ ਗਈਆਂ ਹਨ। ਲੱਖ ਸਫਾਈਆਂ ਸ਼ਹਿਰਾਂ ਦੀਆਂ ਸੁਣੋ, ਪਰ ਸਾਰਾ ਦਿਨ ਉਹ ਗਰਦਾ ਉੱਡਦਾ ਹੈ ਕਿ ਮਾਨੋਂ ਮੱਠੀ ਮੱਠੀ ਹਨੇਰੀ ਵਗ ਰਹੀ ਹੈ। ਬਾਗ਼ ਸ਼ਹਿਰਾਂ ਤੋਂ ਬਾਹਰ ਲੱਗੇ ਹੋਏ ਹਨ, ਪਰ ਮੈਲੇ ਛੱਪੜ ਤੇ ਗੰਦੇ ਸੂਏ ਭੀ ਸ਼ਹਿਰਾਂ ਦੇ ਲਾਗੇ ਹੀ ਮਰਜ਼ ਖਾ ਰਹੇ ਹਨ। ਛਾਬੜੀਆਂ ਵਾਲੇ ਕੱਚੇ ਫਲ, ਦੁਸ਼ਪਚ ਤੇ ਅਨਪਚ ਚੀਜ਼ਾਂ ਵੇਚਦੇ ਹਨ, ਬੱਚੇ ਤੇ ਜ਼ਨਾਨੀਆਂ ਖਾਂਦੇ ਤੇ ਮੰਜਿਆਂ ਤੇ ਪੈਂਦੇ ਹਨ। ਦਿੱਕ ਤਪ ਤੇ ਮੁਹਰਕਾ ਤਪ ਸ਼ਹਿਰਾਂ ਵਿਚ ਘਰ ਹੀ ਕਰ ਬੈਠੇ ਹਨ। ਨਾ ਹਵਾ ਸੁਥਰੀ, ਨਾ ਘਿਉ ਸੁੱਚਾ, ਨਾ ਦੁੱਧ ਨਿਰੋਲ। ਅਸਾਂ ਪੜ੍ਹਕੇ ਕੀ ਬਣਾਇਆ? ਲੱਖਾਂ ਰੁਪਏ ਲਾਕੇ ਅਸੀਂ ਪਾਣੀਆਂ ਦੇ ਨਲਕੇ ਲਾਉਂਦੇ ਹਾਂ। ਕਈ ਵੇਰ ਵੇਖਣ ਵਿਚ ਆਉਂਦਾ ਹੈ ਕਿ ਉਹ ਪਾਣੀ ਪੀਣ ਲਈ ਤਰਸ ਤਰਸ ਕੇ ਮਿਲਦਾ ਹੈ, ਪਰ ਨਾਲੀਆਂ ਵਿਚ, ਬਾਗਾਂ ਵਿਚ ਤੇ ਮਾਸ਼ਕੀਆਂ ਦੇ ਹੱਥੋਂ ਖੁੱਲਾ ਰੁੜ੍ਹਦਾ ਹੈ। ਘਰ ਸਾਡੇ ਅੰਦਰੋਂ ਮੈਲੇ, ਗਲੀਆਂ ਸਾਡੀਆਂ ਮੈਲੀਆਂ, ਬਜ਼ਾਰ ਸਾਡੇ ਸਾਰਾ ਦਿਨ ਧੂੜ ਦਾ ਘਰ ਤੇ ਸ਼ਾਮਾਂ ਪੈਂਦਿਆਂ ਹੀ ਧੂੰਏਂ ਨਾਲ ਦਮ ਰੁਕਦੇ ਤੇ ਅੱਖਾਂ ਨਿਕਲਦੀਆਂ ਹਨ। ਸ਼ਹਿਰਾਂ ਵਾਲਿਆਂ ਉਮਰਾਂ ਛੋਟੀਆਂ ਕਰ ਲਈਆਂ ਅਤੇ ਸਰੀਰ ਨਿਤਾਣੇ ਤੇ ਨਿੱਤ ਦੇ ਰੋਗੀ ਕਰ ਲਏ। ਖਰਚ ਵੀ ਵਧਾਏ ਤੇ ਸੁਖ ਬੀ ਨਾ ਪਾਇਆ।

ਇਹਨਾਂ ਉਦਾਸੀਆਂ ਵਿਚ ਬੈਠੇ ਮੀਆਂ ਬੀਬੀ ਗੱਲੀਂ ਜੁੱਟ ਰਹੇ ਸਨ ਕਿ ਬ੍ਰਿਸਟਰਾਣੀ ਨੂੰ ਇਕ ਗੱਲ ਫੁਰ ਪਈ। ਆਖਣ ਲਗੀ, ਕੀ ਇਹ ਨਹੀਂ ਹੋ ਸਕਦਾ ਕਿ ਅਸੀਂ ਸ਼ਹਿਰਾਂ ਵਿਚ ਗਲੀ ਗਲੀ ਯਾ ਮਹੱਲੇ ਮਹੱਲੇ ਦਾ ਇਕ ਸਮਝ ਵਾਲਾ ਜਥਾ ਬਣਾਕੇ ਪਿੰਡਾਂ ਵਾਂਗੂੰ ਸਾਂਝਾ ਕੰਮ ਸ਼ੁਰੂ ਕਰ ਦੇਈਏ?

---

੧. ਫਾਰਸੀ, ਸ਼ਾਮਲਾਤ ਦੇਹ

੨. ਪਿੰਡਾਂ ਵਿਚ ਇਹ ਲੋਕ ਜ਼ਿਮੀਂਦਾਰਾਂ ਨਾਲ ਵਾਹੀ ਦਾ ਕੰਮ ਕਰਾਉਂਦੇ ਹਨ, ਸ਼ਹਿਰਾਂ ਵਾਲਾ ਕੰਮ ਨਹੀਂ ਕਰਦੇ।

ਬਿਸੂਟਰ— ਕਿਸ ਤਰਾਂ?

ਬ੍ਰਿਸਟਰਾਣੀ— ਇਸ ਤਰ੍ਹਾਂ ਕਿ ਇਕ ਗਲੀ ਹੈ, ਉਸ ਵਿਚ ਸੌ ਘਰ ਹੈ, ਜੋ ਹਰ ਘਰ ।) ਮਹੀਨਾ ਚੰਦਾ ਦੇਵੇ ਤਾਂ ੨੫) ਰੁਪਏ ਮਹੀਨਾ ਹੋ ਗਿਆ। ਗਲੀ ਦਾ ਇਕ ਚੌਧਰੀ ਬਣਾ ਲਿਆ, ਰੁਪਏ ਉਸ ਦੇ ਹਵਾਲੇ ਕੀਤੇ ਤੇ ਸਭਨਾਂ ਨੇ ਸਲਾਹ ਕਰਕੇ ਇਹ ਸੇਵਾ ਉਸਨੂੰ ਦੇ ਦਿੱਤੀ ਕਿ ਇਕ ਚੂੜ੍ਹਾ ਤੇ ਇਕ ਮਾਸ਼ਕੀ ਗਲੀ ਦਾ ਨੌਕਰ ਰੱਖ ਲੈਣ ਤੇ ਅੱਠ ਅੱਠ ਰੁਪਏ ਮਹੀਨਾ ਉਹਨਾਂ ਨੂੰ ਤਲਬ ਦੇ ਦੇਣ। ਉਹ ਦੋਵੇਂ ਗਲੀ ਤੇ ਘਰਾਂ ਦੀਆਂ ਮੈਲੀਆਂ ਥਾਵਾਂ, ਡਿਉਢੀਆਂ ਤੇ ਮੋਰੀਆਂ ਸਾਫ ਰੱਖਣ। ਬਾਕੀ ਨੌਂ ਰੁਪੱਯਾਂ ਵਿਚੋਂ ਗਲੀ ਲਈ ਫੀਨਾਈਲ ਯਾ ਹੋਰ ਬੂ ਦੂਰ ਕਰਨ ਵਾਲੀਆਂ ਦਵਾਈਆਂ ਲੈ ਲਈਆਂ, ਕੁਛ ਦੁੱਧ ਵੇਚਣ ਵਾਲੇ ਹਲਵਾਈ ਯਾ ਗੁੱਜਰਾਂ ਨੂੰ ਇਨਾਮ ਦੇ ਦਿੱਤਾ ਜੋ ਚੰਗਾ ਦੁੱਧ ਦੇਣ ਤੇ ਜੇ ਚਾਨਣ ਨਾ ਹੋਵੇ ਤਾਂ ਗਲੀ ਦੀ ਇਕ ਲਾਲਟੈਣ ਪਰ ਖਰਚ ਕੀਤਾ।

ਬ੍ਰਿਸਟਰ— ਹੋ ਤਾਂ ਸਕਦਾ ਹੈ, ਪਰ ਦੋ ਰੋਕਾਂ ਹਨ; ਇਕ ਤਾਂ ਇਹ ਕਿ ਸ਼ਹਿਰਾਂ ਦੇ ਲੋਕੀਂ ਨਾ ਪਿੰਡਾਂ ਵਾਲਿਆਂ ਵਾਂਗੂੰ ਹਨ ਤੇ ਨਾ ਉਹਨਾਂ ਵਿਚ ਜਥੇਬੰਦੀ ਹੈ। ਉਹ ਤਾਂ ਘਰਾਂ ਦੇ ਬੂਹਿਆਂ ਦੀਆਂ ਚੂਥੀਆਂ ਪੱਟ ਬੈਠੇ ਹਨ ਤੇ ਕਬਜ਼ੇ ਲਗਾਉਣ ਦੀ ਜਾਚ ਉਨ੍ਹਾਂ ਨੂੰ ਆਈ ਨਹੀਂ। ਅਸੀਂ ਜਦੋਂ ਬੱਚੇ ਸਾਂ ਤਾਂ ਮੈਨੂੰ ਯਾਦ ਹੈ ਇਕੋ ਮਹਿਰਿਆਂ ਦਾ ਘਰ ਹੁੰਦਾ ਸੀ, ਸਾਰੀ ਗਲੀ ਨੂੰ ਉਹ ਪਾਣੀ ਭਰ ਦੇਂਦੇ ਸਨ ਤੇ ਵਿਆਹਾਂ ਤੇ ਉਹੋ ਸੇਵਾ ਕਰਦੇ ਸਨ, ਏਸੇ ਤਰ੍ਹਾਂ ਛੀਂਬੇ ਤੇ ਹੋਰ ਕੰਮੀਂ ਹੁੰਦੇ ਸਨ। ਤੁਹਾਡੀ ਗਲ ਜੇ ਹੋ ਭੀ ਜਾਏ, ਤਾਂ ਕਮੇਟੀਆਂ ਦੇ ਮੈਂਬਰ ਸੜਨ ਲੱਗ ਜਾਣਗੇ ਕਿ ਇਹ ਤਾਂ ਸਾਡਾ ਕੰਮ ਸੀ, ਇਹ ਕੌਣ ਚੌਧਰੀ ਜੰਮ ਪਏ ਹਨ?

ਬ੍ਰਿਸਟਰਾਣੀ— ਠੀਕ, ਕੰਮ ਤਾਂ ਉਹਨਾਂ ਦਾ ਸੀ। ਅਸੀਂ ਜੋ ਟੈਕਸ ਭਰਦੇ ਹਾਂ, ਘਿਉ ਕਪੜਾ ਸਭ ਚੀਜ਼ ਮਹਿੰਗੀ ਲੈਂਦੇ ਹਾਂ, ਇਨ੍ਹਾਂ ਗਲਾਂ ਵਾਸਤੇ ਹੀ ਤਾਂ ਅਸੀਂ ਕਮੇਟੀ ਨੂੰ ਮਸੂਲ ਭਰਦੇ ਹਾਂ, ਫੇਰ ਇਹ ਉਹਨਾਂ ਦਾ ਕੰਮ ਸੀ। ਹੁਣ ਜਦ ਓਹ ਆਪਣਾ ਕੰਮ ਭੁੱਲ ਬੈਠੇ ਹਨ ਅਤੇ ਅਸੀਂ ਉਹਨਾਂ ਨੂੰ ਬੁਰਾ ਭਲਾ ਭੀ ਨਹੀਂ ਆਖਦੇ, ਉਹਨਾਂ ਦੇ ਵਿਰੁੱਧ ਅਖਬਾਰ ਭੀ ਨਹੀਂ ਛਾਪਦੇ, ਜਲਸੇ ਕਰਕੇ ਰੌਲਾ ਭੀ ਨਹੀਂ ਪਾਉਂਦੇ ਤੇ ਚੁਪ ਚਾਪ ਅਪਣੇ ਸੁਖ ਲਈ ਅਪਣੇ ਚਾਰ ਆਨੇ ਯਾ ਅੱਠ ਆਨੇ ਫੀ ਘਰ ਹੋਰ ਖਰਚ ਪਾਕੇ ਆਪਣੇ ਘਰ ਤੇ ਗਲੀ ਦੀ ਸਫਾਈ ਕਰਾਉਂਦੇ ਹਾਂ ਤਾਂ ਉਹਨਾਂ ਨੂੰ ਰੰਜ ਦੀ ਕਿਹੜੀ ਥਾਂ ਤੇ ਪੇਟ ਪੀੜ ਪੈਣ ਦਾ ਕਿਹੜਾ ਕਾਰਣ ਹੈ?

ਬ੍ਰਿਸਟਰ— ਇਹੋ ਗੱਲ ਸਮਝ ਨਹੀਂ ਨਾ ਪੈਣ ਵਾਲੀ। ਮੇਰੀ ਜਾਚੇ ਜੇ ਕੋਈ ਐਸਾ ਉੱਦਮ ਕਰੇ ਭੀ ਤਾਂ ਮੈਂਬਰਾਂ ਵਿਚੋਂ ਕਈ ਉਹਨਾਂ ਦੀਆਂ ਚੁਗਲੀਆਂ ਮਾਰਨਗੇ ਅਰ ਲੋੜਾਂ ਵੇਲੇ ਉਹਨਾਂ ਦੇ ਰਸਤਿਆਂ ਵਿਚ ਪੱਥਰ ਰੱਖਣਗੇ।

ਬ੍ਰਿਸਟਰਾਣੀ— ਫੇਰ ਕੀ ਇਹ ਨਹੀਂ ਹੋ ਸਕਦਾ ਕਿ ਮਹੱਲੇ ਵਾਲੇ ਪਹਿਲਾਂ ਕਮੇਟੀ ਨੂੰ ਲਿਖਕੇ ਆਗਿਆ ਲੈ ਲੈਣ ਕਿ ਅਸੀਂ ਇਹ ਕੁਛ ਕਰਨਾ ਚਾਹੁੰਦੇ ਹਾਂ; ਸਾਡਾ ਆਪ ਪਰ ਕੋਈ ਰੰਜ ਉਲਾਂਭਾ ਨਹੀਂ, ਅਸੀਂ ਵਧੀਕ ਸਫਾਈ ਰੱਖਣ ਲਈ ਆਪਣਾ ਨਿਜ ਦਾ ਪ੍ਰਬੰਧ ਕਰਦੇ ਹਾਂ।

ਬ੍ਰਿਸਟਰ— ਹਾਂ! ਇਹ ਹੋ ਸਕਦਾ ਹੈ, ਪਰ ਕਰਕੇ ਤੇ ਪਰਤਾ ਕੇ ਵੇਖਣ ਵਾਲੀ ਗੱਲ ਹੈ। ਮੈਨੂੰ ਸ਼ੱਕ ਹੈ ਕਿ ਮੈਂਬਰਾਂ ਦੀ ਚੁਧਰਾਇਤ ਇਸ ਗੱਲ ਦੀ ਸ਼ਾਇਦ ਆਗਿਆ ਨਾ ਦੇਵੇ। ਪਰ ਇਹ ਕਿਉਂ ਕੀਤਾ ਜਾਵੇ, ਸ਼ਹਿਰ ਦੇ ਲੋਕੀਂ ਜੇ ਜਥੇਬੰਦ ਹੋ ਸਕਣ ਤਾਂ ਉਹ ਕਮੇਟੀ ਤੋਂ ਹੀ ਸਭ ਕੁਛ ਕਰਵਾ ਸਕਦੇ ਹਨ। ਦੂਹਰਾ ਖਰਚ ਕਿਉਂ ਪਵੇ?

ਬ੍ਰਿਸਟਰਾਣੀ— ਪਰ ਜੀ, ਬਾਜ਼ੇ ਬਾਜ਼ੇ ਸ਼ਹਿਰਾਂ ਵਿਚ ਤਾਂ ਕਮੇਟੀਆਂ ਬੜੇ ਬੜੇ ਕੰਮ ਕਰਦੀਆਂ ਹਨ, ਜਿਵੇਂ ਲਾਹੌਰ ਅੰਮ੍ਰਿਤਸਰ ਕਿਸ ਤਰ੍ਹਾਂ ਘਰ ਘਰ, ਦਰ ਦਰ ਤੇ ਗਲੀ ਕੂਚੇ ਬਿਜਲੀਆਂ ਜਗਦੀਆਂ ਹਨ।

ਬ੍ਰਿਸਟਰ— ਠੀਕ ਹੈ, ਪਰ ਦਿਨ ਵੇਲੇ ਧੂੜ ਕੋਟ ਵੀ ਤਾਂ ਅੰਮ੍ਰਿਤਸਰ ਲਾਹੌਰ ਦੇ ਬਜ਼ਾਰ ਹੀ ਬਣਦੇ ਹਨ ਨਾ, ਤੇ ਸ਼ਾਮਾਂ ਵੇਲੇ ਧੂੰਏਂ ਨਾਲ ਨੱਕ ਜਿੰਦ ਭੀ ਉਥੇ ਹੀ ਆਉਂਦੀ ਹੈ ਨਾ। ਅੰਮ੍ਰਿਤਸਰ ਸ਼ਹਿਰ ਦਾ ਨੱਕ ਹਾਲ ਦਰਵੱਜਾ ਹੈ, ਪਰ ਵੜਨ ਤੋਂ ਪਹਿਲਾਂ ਨੱਕ ਸੜ੍ਹਾਂਦ ਨਾਲ ਉਥੇ ਹੀ ਸੜ ਜਾਂਦਾ ਹੈ। ਬਾਕੀ ਗਿਲਵਾਲੀ ਤੇ ਭਗਤਾਂ ਵਾਲੇ ਦਰਵੱਜੇ ਬਾਹਰ ਜਾਕੇ ਤੱਕੋ ਤੇ ਕਸ਼ਮੀਰੀਆਂ ਤੇ ਗਰੀਬਾਂ ਦੇ ਮਹੱਲੇ ਤੇ


SIKHBOOKCLUB.COM

ਗਲੀਆਂ ਵੇਖੋ ਕਿੰਨੇ ਮੈਲੇ ਹਨ। ਅਤੇ ਰੋਜ਼ ਮੌਤ ਦੀ ਰਿਪੋਰਟ ਪੜ੍ਹਕੇ ਵੇਖੋ ਕਿ ਕਿੰਨੇ ਆਦਮੀ ਦਿੱਕਤਾਪ ਨਾਲ ਮਰਦੇ ਹਨ ਤੇ ਸਾਲ ਵਿਚ ਮਲੇਰੀਏ ਦੀ ਭੇਟ ਕਿੰਨੇ ਹੁੰਦੇ ਹਨ? ਉਥੋਂ ਦੇ ਲੋਕਾਂ ਨੇ ਤੇ ਕਮੇਟੀਆਂ ਨੇ ਕੀ ਕੋਈ ਵਡਾ ਕੰਮ ਬਣਾਇਆ ਹੈ? ਪਾਣੀ ਦੇ ਨਲਕੇ ਬਣੇ ਉਹ ਵੀ ੨੦ ਵਰ੍ਹੇ ਲੱਗੇ ਤੇ ਉਹ ਸਰਕਾਰੀ ਮਦਦ ਨਾਲ, ਹੁਣ ਮਦਦ ਮਿਲੀ ਹੈ ਤਾਂ ਸ਼ਾਇਦ ਮੀਂਹ ਦੇ ਪਾਣੀ ਦਾ ਸੂਆ ਬਣ ਜਾਵੇ।

ਅਸਾਂ ਪੱਛਮ ਦੀ ਵਿਦਿਆ ਤੋਂ ਸੁਖ ਨਹੀਂ ਸਿੱਖਿਆ, ਜਥੇਬੰਦੀ ਨਹੀਂ ਸਿੱਖੀ, ਹਾਂ ਦਿਖਾਵਾ ਸਿੱਖਿਆ ਹੈ, ਪਰ ਫਰਜ਼ ਨਹੀਂ ਸਿੱਖਿਆ। ਇਸ ਪਿੰਡ ਵਿਚ ਡਿੱਠਾ ਹੈ ਕਿ ਇਨ੍ਹਾਂ ਨੇ ਪੱਛੋਂ ਦਾ ਅਜੇ ਕੁਛ ਨਹੀਂ ਸਿੱਖਿਆ ਪਰ ਹਨ ਸਾਥੋਂ ਸੁਖੀ। ਤੱਕੋ ਨਾ ਗੁੱਜਰ ਜਦ ਸ਼ਹਿਰਾਂ ਵਿਚ ਦੁੱਧ ਬਾਹਰੋਂ ਲੈਕੇ ਆਉਂਦੇ ਹਨ ਤਾਂ ਅੱਗੋਂ ਕਈ ਹਲਵਾਈ ਲਾਟੂ ਪਾਕੇ ਜਾਚਦੇ ਹਨ ਤੇ ਕਦੇ ਕਮੇਟੀ ਦੇ ਦਰੋਗੇ ਲਾਟੂ ਪਾਕੇ ਪੜਤਾਲਦੇ ਹਨ। ਕਈ ਗੁੱਜਰ ਕੀ ਕਰਦੇ ਹਨ, ਰਸਤੇ ਵਿਚ ਮੈਲੀਆਂ ਛੱਪੜੀਆਂ ਵਿਚੋਂ ਪਾਣੀ ਦੁੱਧ ਵਿਚ ਰਲਾਉਂਦੇ ਹਨ। ਛੱਪੜਾਂ ਦੇ ਪਾਣੀ ਭਾਰੇ ਹੁੰਦੇ ਹਨ, ਸੋ ਲਾਟੂ ਹੁਰੀਂ ਪਛਾਣ ਨਹੀਂ ਸਕਦੇ ਤੇ ਇਹਨਾਂ ਛੱਪੜੀਆਂ ਵਿਚ ਕਈ ਵੇਰ ਹੈਜ਼ੇ ਤੇ ਮੂਹਰਕੇ ਤਾਪ ਦੇ ਬੀਜ ਹੁੰਦੇ ਹਨ, ਸੋ ਸਾਨੂੰ ਦੁੱਧ ਮਿਲਦਾ ਹੈ ਤਾਂ ਐਸਾ। ਮੈਂ ਘਰ ਦੀ ਗਊ ਏਸੇ ਦੁੱਖ ਨੂੰ ਰੱਖੀ ਸੀ ਨਾ ਜਿਸ ਪਰ ਤੁਸੀਂ ਸੁਖੀ ਨਹੀਂ ਸਾਓ ਹੋਏ ਕਿ ਮੇਰੇ ਗਲ ਕਰੱਟਾ ਪੈ ਗਿਆ ਹੈ। ਏਥੇ ਮੈਨੂੰ ਇਹ ਗੱਲ ਦੇਖਕੇ ਬੜਾ ਹੀ ਸਾੜਾ ਉੱਠਦਾ ਹੈ ਕਿ ਕੰਮੀਆਂ ਦੇ ਘਰ ਭੀ ਮੱਝੀਆਂ ਹਨ ਤੇ ਅਸੀਂ ਅਮੀਰ ਹੋਕੇ ਵੀ ਲਵੇਰਾਂ ਨਹੀਂ ਰੱਖ ਸਕਦੇ।

ਬ੍ਰਿਸਟਰਾਣੀ— ਯੂਰਪ ਵਿਚ ਤਾਂ ਇਹ ਹਾਲ ਨਹੀਂ ਡਿੱਠਾ!

ਬ੍ਰਿਸਟਰ— ਨਹੀਂ, ਉਥੋਂ ਦੇ ਕਮੇਟੀਆਂ ਵਾਲੇ ਬਹੁਤ ਚੰਗੇ ਕੰਮ ਕਰਦੇ ਹਨ। ਪੰਜੇ ਉਂਗਲਾਂ ਕਿਤੇ ਭੀ ਬਰਾਬਰ ਨਹੀਂ, ਪਰ ਤਾਂ ਭੀ ਉੱਥੋਂ ਤੇ ਇਥੋਂ ਦਾ ਕੋਈ ਮੁਕਾਬਲਾ ਨਹੀਂ।

ਬ੍ਰਿਸਟਰਾਣੀ— ਕਾਰਨ ਕੀ ਹੈ?

ਬ੍ਰਿਸਟਰ— ਕਾਰਨ ਇਹ ਜਾਪਦਾ ਹੈ ਕਿ ਇਥੇ ਅਕਸਰ ਲੋਕ ਮੈਂਬਰੀ ਨੂੰ ਇੱਜ਼ਤ ਸਮਝਕੇ ਅੱਗੇ ਹੁੰਦੇ ਹਨ ਤੇ ਉਹ ਅਪਣੇ ਫਰਜ਼ ਨੂੰ ਨਹੀਂ ਸਮਝਦੇ। ਪੱਛਮ ਦੇ ਲੋਕ ਫਰਜ਼ ਨੂੰ ਸਮਝਦੇ ਹਨ। ਇਸ ਪਿੰਡ ਆਕੇ ਸਾਨੂੰ ਪਤਾ ਲਗਾ ਹੈ ਕਿ ਇਥੋਂ ਦੇ ਲੋਕੀ ਰੱਬ ਤੇ ਪਿਆਰ ਦੀ ਸੋਝੀ ਰਖਦੇ ਹਨ। ਇਹਨਾਂ ਦੇ ਕੰਮਾਂ ਵਿਚ ਇਸ ਕਾਰਨ ਕੁਰਬਾਨੀ ਤੇ ਦੂਏ ਨੂੰ ਸੁਖ ਦੇਣ ਦਾ ਮਾਦਾ ਹੈ ਤੇ ਏਹ ਸੁਖੀ ਹਨ। ਇਹ ਅਨਪੜ੍ਹ ਭੀ ਨਹੀਂ ਹਨ, ਜੇਹਾਕੁ ਅਸੀਂ ਸਮਝਦੇ ਹਾਂ। ਇਹਨਾਂ ਨੇ ਸਰੀਰ ਤੇ ਮਨ ਦੋਹਾਂ ਦੇ ਸੁਖ ਦੀ ਵਿਦਿਆ ਪਾਈ ਹੈ।

ਇਹ ਗੱਲਾਂ ਹੋ ਰਹੀਆਂ ਸਨ ਕਿ ਇਹਨਾਂ ਦੇ ਕੰਨੀ ਇਕ ਬੜੀ ਮਿੱਠੀ ਧੁਨਿ ਪਈ। ਪਛਾਣੀ ਤਾਂ ਬਾਬਾ ਨੌਧ ਸਿੰਘ ਜੀ ਸੁਖਮਨੀ ਸਾਹਿਬ ਦਾ ਪਾਠ ਕਰਦੇ ਆ ਰਹੇ ਸਨ। ਜਦੋਂ ਉਹ ਨੇੜੇ ਆਏ ਤਾਂ ਬ੍ਰਿਸਟਰ ਬ੍ਰਿਸਟਰਾਣੀ ਨੇ ਬਾਬੇ ਨੂੰ ਆਦਰ ਦੇ ਕੇ ਪਾਸ ਬਹਾ ਲਿਆ। ਬਾਬਾ ਜੀ ਨੇ ਭੋਗ ਪਾਇਆ ਤੇ ਅਰਦਾਸ ਕੀਤੀ। ਅੱਜ ਸੁਖਮਨੀ ਦੇ ਪਾਠ ਨੇ ਦੋਹਾਂ ਦੇ ਦਿਲਾਂ ਤੇ ਕੁਛ ਹੋਰ ਠੰਡਾ ਠੰਡਾ ਅਸਰ ਕੀਤਾ, ਅਰਦਾਸ ਸੁਣੀ ਤਾਂ ਕੁਛ ਅੱਖਾਂ ਵਿਚ ਪਾਣੀ ਆ ਗਿਆ। ਬ੍ਰਿਸਟਰ ਨੇ ਪੁੱਛਿਆ: ਬਾਬਾ ਜੀ! ਪਿੰਡ ਦੀ ਸੁਥਰੀ ਹਵਾ ਤੇ ਮਿੱਠੇ ਪਾਣੀ ਨੇ ਮੇਰਾ ਦਾਰੂ ਛੁਡਾ ਦਿਤਾ ਹੈ, ਪਰ ਕੀ ਸਬੱਬ ਹੈ ਕਿ ਪਿੰਡਾਂ ਦੇ ਲੋਕ ਦਾਰੂ ਪੀਂਦੇ ਹਨ? ਇਨ੍ਹਾਂ ਨੂੰ ਆਪਣੇ ਘਰ ਦੇ ਲਵੇਰਿਆਂ ਦੇ ਮਿੱਠੇ ਦੁੱਧ, ਨਿਰਮਲ ਨੀਰ ਤੇ ਹਲਕੀ ਹਵਾ ਦੀ ਕੁਛ ਕਦਰ ਨਹੀਂ?

ਬਾਬਾ— ਕੀ ਤੁਸਾਂ ਸਾਡੇ ਪਿੰਡ ਕਿਸੇ ਨੂੰ ਪੀਂਦਿਆਂ ਦੇਖਿਆ ਹੈ?

ਬ੍ਰਿਸਟਰ— ਨਹੀਂ, ਤੁਹਾਡੇ ਪਿੰਡ ਤਾਂ ਮੈਂ ਕਿਸੇ ਨੂੰ ਨਹੀਂ ਡਿੱਠਾ, ਪਰ ਮੈਂ ਬ੍ਰਿਸਟਰ ਹਾਂ, ਮੇਰੇ ਪਾਸ ਪਿੰਡਾਂ ਦੇ ਹੀ ਲੋਕ ਆਉਂਦੇ ਹਨ। ਬਹੁਤੇ ਮੈਂ ਸ਼ਰਾਬ ਤੋਂ ਹੋਏ ਖ਼ੂਨ ਖ਼ਰਾਬਿਆਂ ਦੇ ਮੁਕੱਦਮੇ ਕੀਤੇ ਹਨ।

ਬਾਬਾ— ਇਹ ਸਾਡੇ ਅਭਾਗ ਹਨ ਕਿ ਪਿੰਡਾਂ ਵਿਚ ਸ਼ਰਾਬ ਹੈ ਪਰ ਜਤਨ ਹੋ ਰਹੇ ਹਨ ਕਿ ਪਿੰਡਾਂ ਵਿਚੋਂ ਇਹ ਘਟੇ। ਅਸੀਂ ਪਿੰਡਾਂ ਦੇ ਲੋਕ ਬੜੇ ਸੁਖੀ ਸਾਂ, ਪਰ ਹੁਣ ਦੁਖੀ ਹੋ ਗਏ ਹਾਂ। ਨਹੀਂ ਨਹੀਂ, ਪਹਿਲਾਂ ਸ਼ਹਿਰਾਂ ਦੇ ਲੋਕ ਭੀ ਸੁਖੀ ਸਨ, ਹੁਣ ਜੋ ਖ਼ੁਦਗਰਜ਼ੀ ਤੇ ਆਪਾਧਾਪੀ ਆ ਗਈ ਹੈ ਤੇ ਲੋਕਾਂ ਵਿਚੋਂ ਪਿਆਰ ਉਠ ਗਿਆ ਹੈ, ਇਸ ਕਰਕੇ ਸਭ ਦੁਖੀ ਹਨ।

 www.sikhbookclub.com

ਬ੍ਰਿਸਟਰ— (ਹੈਰਾਨ ਹੋਕੇ) ਸ਼ਹਿਰਾਂ ਦੇ ਗੰਦੇ ਜਲ ਪੌਣ ਵਿਚ ਭੀ ਕਦੇ ਕੋਈ ਸੁਖੀ ਹੋ ਸਕਦਾ ਹੈ?

ਬਾਬਾ— ਬਾਪੂ ਜੀ ਦੱਸਦੇ ਹੁੰਦੇ ਸਨ ਕਿ ਸ਼ਹਿਰਾਂ ਵਿਚ ਭੀ ਮਕਾਨ ਖੁੱਲ੍ਹੇ ਹੁੰਦੇ ਸਨ, ਢਾਈ ਢਾਈ ਗਜ਼ਾਂ ਦੇ ਸੱਤ ਛੱਤੇ ਮੰਮਟ ਨਹੀਂ ਸਨ ਹੁੰਦੇ। ਮਹੱਲੇ ਦੀ ਇਕ ਛੱਤ ਤੇ ਚੜ੍ਹੋ ਤਾਂ ਸਾਰਾ ਮਹੱਲਾ ਫਿਰ ਆਓ ਇਸ ਤਰ੍ਹਾਂ ਇਕ ਮੰਜ਼ਲੇ ਮਕਾਨ ਹੁੰਦੇ ਸਨ। ਹਰ ਘਰ ਵਿਚ ਖੁਲ੍ਹਾ ਵਿਹੜਾ ਹੁੰਦਾ ਸੀ, ਜਿਥੇ ਸਾਰਾ ਦਿਨ ਸੂਰਜ ਸੁਖਦਾਈ ਬਾਣ ਮਾਰਦਾ ਸੀ ਤੇ ਹਵਾ ਖੁਲ੍ਹੇ ਫਰਾਟੇ ਲੈਂਦੀ ਸੀ। ਇਹ ਹਾਲ ਮੈਂ ਬੀ ਕੁਛ ਡਿੱਠਾ ਹੈ। ਸ਼ਹਿਰਾਂ ਵਿਚ ਵੀ ਹਰ ਘਰ ਲਵੇਰਾ ਹੁੰਦਾ ਸੀ। ਦੁੱਧ, ਦਹੀਂ ਮੱਖਣ ਖਾਕੇ ਸਰੀਰ ਵਿਚ ਬੜੀ ਤਾਕਤ ਹੁੰਦੀ ਹੈ। ਪੰਜਾਬ ਵਿਚ ਤਾਂ ਇਸ ਤੋਂ ਉੱਤਮ ਹੋਰ ਭੋਜਨ ਹੀ ਕੋਈ ਨਹੀਂ ਹੈ। ਮਸਾਲੇਦਾਰ ਸਲੂਣੇ ਦਿਲ ਨੂੰ ਕਮਜ਼ੋਰ ਕਰਨ ਵਾਲੇ, ਹਾਜ਼ਮੇ ਦਾ ਨਾਸ਼ ਕਰਨ ਵਾਲੀਆਂ ਚਾਹਾਂ ਤੇ ਹੋਰ ਨਿਕੰਮੇ ਭੋਜਨ ਅਤੇ ਗਰਮ ਖਾਣੇ ਸਾਡੇ ਮਾਫਕ ਨਹੀਂ। ਸਾਡੇ ਲਈ ਦੁੱਧ, ਦਹੀਂ, ਲੱਸੀ, ਮੱਖਣ, ਘਿਉ ਤੇ ਕਣਕ ਦੀ ਰੋਟੀ ਉੱਤਮ ਤੋਂ ਉੱਤਮ ਪਦਾਰਥ ਹਨ। ਸਿਆਲੇ ਦੇ ਸਾਗ ਤੇ ਰਹੁ, ਮੂਲੀਆਂ, ਗਾਜਰਾਂ, ਗੋਂਗਲੂ ਨਾਲ ਹੋਰ ਸੁਖ ਵਧਾ ਦੇਂਦੇ ਹਨ। ਜੇ ਡਾਕਟਰਾਂ ਦੀ ਸਮਝ ਵਿਚ ਇਹ ਗਲ ਨਹੀਂ ਆਈ ਤਾਂ ਸਮਾਂ ਪਾ ਕੇ ਆ ਜਾਵੇਗੀ। ਸੱਚ ਇਹੋ ਹੈ ਕਿ ਪੰਜਾਬ ਵਿਚ 'ਗਾਂ ਤੇ ਭੋਂ' ਇਹ ਹੀ ਆਸਰਾ ਹਨ। 'ਗਾਂ' ਦਾ ਦੁੱਧ, ਦਹੀਂ, ਲੱਸੀ, ਮੱਖਣ, ਘਿਉ, ਭੋਂ ਦੀ ਕਣਕ, ਗੁੜ ਸ਼ੱਕਰ ਖੰਡ, ਸਾਗ, ਗੰਨੇ, ਸਬਜ਼ੀਆਂ, ਫਲ ਖਾਣ ਨੂੰ ਤੇ ਜਲ ਪੀਣ ਨੂੰ। ਸੋ ਸ਼ਹਿਰਾਂ ਵਿਚ ਬੀ ਦੁੱਧ ਦਹੀਂ ਮੱਖਣ ਘਿਉ ਦੀ ਕਮੀ ਨਹੀਂ ਸੀ ਤੇ ਖੁੱਲ੍ਹੀ ਹਵਾ ਤੇ ਸੁਥਰੇ ਪਾਣੀ ਤੇ ਖਿੜੀ ਧੁੱਪ ਅਤੇ ਚਾਨਣਾ ਮਿਲਦਾ ਸੀ। ਹੁਣ ਤੁਸਾਂ ਤੰਗ ਗਲੀਆਂ ਬਣਾ ਲਈਆਂ ਹਨ। ਵਡੇ ਵਡੇ ਮੰਮਟ ਉਸਾਰ ਲਏ, ਘੁਮਿਆਰ ਕੀੜੇ ਵਾਂਗੂੰ ਇਕ ਦੂਏ ਤੇ ਉੱਤੇ ਡਿੱਗ ਕੇ ਵੱਸਣਾ ਪਸੰਦ ਕੀਤਾ। ਪੌੜੀਆਂ ਵਿਚ ਦਿਨ ਦੀਵੀਂ ਰਾਤ ਪਿਛਲੇ ਕੋਠੇ ਅੰਨ੍ਹ ਖਾਤਾ, ਨਾਲ ਨਾਲ ਘਰ, ਨਾ ਕੋਈ ਵਿੱਥ ਨਾ ਹਵਾ ਦਾ ਰਸਤਾ। ਨਾ ਲਵੇਰੇ ਰੱਖਣ ਦੀ ਥਾਂ ਰਹੀ, ਨਾ ਲਵੇਰੇ ਰੱਖੇ। ਸੋ ਦੁੱਧ, ਦਹੀਂ, ਲੱਸੀ, ਮੱਖਣ, ਘਿਉ ਤੋਂ ਵਾਂਜੇ ਗਏ। ਮੁੱਲ ਦਾ ਦੁੱਧ ਪਾਣੀ ਵਾਲਾ ਤੇ ਮੈਲੇ ਪਾਣੀ ਵਾਲਾ ਸ਼ਹਿਰਾਂ ਵਿਚ ਮਿਲਦਾ ਹੈ। ਸੁੱਚਾ ਸੁਥਰਾ ਦੁੱਧ ਤੇ ਮੱਖਣ ਤਾਂ ਲੱਭਦਾ ਹੀ ਨਹੀਂ, ਲੱਸੀ ਦਿੱਸਦੀ ਹੀ ਨਹੀਂ। ਘਿਉ ਲਿਆ ਤੇ ਟੀਨਾਂ ਵਿਚ ਬੰਦ, ਕਿਸੇ ਚਰਬੀ ਰਲਾਈ ਕਿਸੇ ਖੋਪੇ ਦਾ ਤੇਲ ਪਾਇਆ, ਕਿਸੇ ਆਲੂ ਰਲਾਏ, ਕਿਸੇ ਖਾਰ ਤੇ ਤੇਲ ਰਲਾ ਕੇ ਘਿਉ ਗੁੱਝਾ ਸਾਬਣ ਕਰ ਦਿਖਾਇਆ* ਇਸ ਤਰ੍ਹਾਂ ਦੇ ਘਿਉ ਖਾ ਕੇ ਸਰੀਰਾਂ ਦੇ ਅੰਦਰ ਰੋਗ ਨਾਲ ਜੁੱਧ ਕਰਨ ਦੀ ਤਾਕਤ ਘਟ ਗਈ। ਉੱਤੋਂ ਸਾਫ ਹਵਾ ਤੇ ਚਾਨਣਾ ਮਿਲਨਾ ਬੰਦ ਹੋ ਗਿਆ। ਕਿਸੇ ਕਿਸੇ ਸ਼ਹਿਰ ਸਾਫ ਪਾਣੀ ਨਲਕਿਆਂ ਦਾ ਹੈ, ਨਹੀਂ ਤਾਂ ਖੂਹਾਂ ਦਾ ਪਾਣੀ ਭੀ ਸ਼ਹਿਰਾਂ ਦਾ ਸਾਫ ਨਹੀਂ, ਬੱਸ ਫੇਰ 'ਮੰਦਾ ਢੱਗਾ ਸੱਭੇ ਰੋਗਾਂ।' ਅੰਦਰੋਂ ਤਾਕਤ ਹਿਰ ਗਈ, ਬਾਹਰੋਂ ਬੀਮਾਰੀਆਂ ਨੇ ਹੱਲੇ ਕੀਤੇ, ਉਮਰਾਂ ਘੱਟ ਗਈਆਂ, ਬਲ ਹੁੱਟ ਗਏ, ਜੀਉਂਦੇ ਮਰੀਅਲ ਹੋ ਦਿਨ ਪੂਰੇ ਕਰ ਲਏ। ਹੋਰ ਕੀ ਹੈ? ਤੁਸੀਂ ਲੋਕ ਵਿਆਹਾਂ ਪਰ ਝੁੱਗੇ ਰੋੜ੍ਹ ਛੱਡਦੇ ਹੋ, ਚਾਰ ਪੰਜ ਗਜ਼ ਭੋਂ ਉੱਤੇ ਸੱਤ ਸੱਤ ਮੰਜ਼ਲੇ ਚਿਤ੍ਰਕਾਰੀਆਂ ਤੇ ਸੰਗਮਰਮਰਾਂ ਦੇ ਮੰਮਟਾਂ ਪਰ ਹਜ਼ਾਰਾਂ ਰੁਪੈ ਲਾ ਦੇਂਦੇ ਹੋ, ਕੱਪੜਿਆਂ ਪਰ ਝੁੱਗਾ ਢੋ ਬਹਿੰਦੇ ਹੋ, ਚਾਹਾਂ, ਸ਼ਰਾਬਾਂ ਪਰ ਕਮਾਈ ਖਰਚਦੇ ਹੋ, ਡਾਕਟਰਾਂ ਨੂੰ ਤੁਸੀਂ ਸ਼ਹਿਰੀਆਂ ਨੇ ਲੱਖਪਤੀਏ ਰਾਜੇ ਬਣਾ ਕੱਢਿਆ ਹੈ। ਇਕ ਇਕ ਤ੍ਰੀਮਤ ਦੇ ਕੱਪੜੇ ਦੋ ਸੌ ਚਾਰ ਸੌ ਤੋਂ ਘੱਟ ਦੇ ਨਹੀਂ ਬਣਾਉਂਦੇ ਹੋ, ਸਗੋਂ ਸੁਣਿਆ ਹੈ ਹਜ਼ਾਰ ਹਜ਼ਾਰ ਦਾ ਲੀੜਾ ਕਿਸੇ ਕਿਸੇ ਸੁਆਣੀ ਕੋਲ ਹੈ। ਸ਼ਹਿਰਾਂ ਵਿਚ ਭਾਵੇਂ ਕਿੰਨੀ ਤੰਗੀ ਹੋਵੇ ਤੁਸੀਂ ਗੱਡੀ ਤੇ ਘੋੜੇ ਰੱਖ ਲੈਂਦੇ ਹੋ, ਹੁਣ ਮੋਟਰਾਂ ਦੇ ਥਾਂ ਬਣਾਉਂਦੇ ਹੋ। ਪਰ ਲਵੇਰੇ ਜੋਗਾ ਥਾਂ ਨਹੀਂ ਲੱਭਦਾ। ਕਿਉਂ? ਸੁਆਣੀ ਨੂੰ ਆਪ ਧਿਆਨ ਦੇਣਾ ਪੈਂਦਾ ਹੈ ਤੇ ਤੁਹਾਡੀਆਂ ਵਹੁਟੀਆਂ (ਗੁੱਸੇ ਨਹੀਂ ਹੋਣਾ) ਹੁਣ ਹੱਡ ਰੱਖਣ ਨੂੰ ਅਮੀਰੀ ਸਮਝਦੀਆਂ ਹਨ। ਸੋ ਦੁੱਧ ਘਿਉ ਦੀ ਥਾਂ ਬੱਘੀਆਂ ਘੋੜੇ ਬਣ ਗਏ। ਜੇ ਬੱਘੀ ਨਾ ਹੁੰਦੀ ਤਾਂ ਚਾਰ ਕਦਮ ਕਿਸੇ ਬਹਾਨੇ ਟੁਰ ਹੀ ਲੈਂਦੇ, ਜੇ ਬੱਘੀ ਬਣੀ ਤਾਂ ਉਹ ਦਸ ਵੀਹ ਕੋਹ ਕਿਤੇ ਖੁੱਲ੍ਹੀ ਹਵਾ ਵਿਚ ਨਹੀਂ ਲੈ ਜਾਂਦੀ,

* ਵਲੈਤੀ ਘਿਉ ਜਿਸਨੂੰ ਬਨਾਸਪਤੀ ਘਿਉ ਕਹਿੰਦੇ ਹਨ ਇਨ੍ਹਾਂ ਦਿਨਾਂ ਤੋਂ ਮਗਰੋਂ ਟੁਰਿਆ ਹੈ।

SIKHBOOKCLUB.COM

ਉਹ ਹੱਡ ਰੱਖ ਬਨਾਉਣ ਵਿਚ ਹੋਰ ਸਹਾਇਤਾ ਕਰ ਗਈ; ਸਰੀਰ ਹੋਰ ਢਿੱਲਾ ਤੇ ਰੋਗਾਂ ਲਈ ਸ਼ਿਕਾਰ ਬਣ ਗਿਆ। ਮੇਰੇ ਦੇਖਦਿਆਂ ਦੇਖਦਿਆਂ ਸ਼ਹਿਰੀਆਂ ਦੇ ਕਦ ਬਹੁਤ ਘਟ ਗਏ ਹਨ। ਤ੍ਰੀਮਤਾਂ ਅੱਗੇ ਸ਼ਹਿਰਾਂ ਦੀਆ ਭੀ ਆਪ ਪੀਹਦੀਆਂ ਸਨ, ਹੁਣ ਤੁਸੀਂ ਕਲਾਂ ਦੇ ਆਟੇ ਖਾਂਦੇ ਹੋ। ਇਕ ਪਾਸੇ ਤ੍ਰੀਮਤ ਦੇ ਅੰਗ ਹਿੱਲਣੋਂ ਤੇ ਨਰੋਏ ਰਹਿਣੋਂ ਗਏ, ਦੂਜੇ ਪਾਸੇ ਬਰੀਕ, ਅਤਿ ਬਰੀਕ, ਹਜ਼ਮ ਨਾ ਹੋਣ ਵਾਲੇ ਆਟੇ ਹਾਜ਼ਮੇਂ ਦਾ ਸਤਿਆਨਾਸ ਕਰ ਗਏ। ਅੱਗੇ ਸ਼ਹਿਰ ਦੀਆਂ ਤ੍ਰੀਮਤਾਂ ਲਵੇਰੇ ਰਖਦੀਆਂ, ਆਪ ਰਿੜਕਦੀਆਂ ਸਨ, ਉਹ ਥੋੜੀ ਜਿਹੀ ਕਸਰਤ ਹੋ ਜਾਂਦੀ ਸੀ ਸੋ ਭੀ ਗਈ। ਆਟਾ ਗੁੰਨ੍ਹਣਾ, ਲੂਣ ਕੁੱਟਣਾ ਪੀ ਕੁਛ ਕਸਰਤ ਸੀ। ਸੋ ਆਟਾ ਨੌਕਰ ਗੁੰਨ੍ਹਦਾ ਹੈ, ਲੂਣ ਪਸਾਰੀ ਦੀ ਹੱਟੀ ਤੋਂ ਪੀਸਿਆ ਆਉਂਦਾ ਹੈ, ਜਿਸ ਵਿਚ ਉਹ ਹੱਟੀ ਦੀਆਂ ਸੱਤ ਬਲਾਈਂ ਦਾ ਚੂਰਾ ਤੇ ਹੋਰ ਬੱਦ ਬਲਾ ਰਲਾਕੇ ਪਿਹਾਉਂਦਾ ਹੈ। ਹਲਦੀ ਵਿਚ ਚੌਲਾਂ ਦੀਆਂ ਕਣੀਆਂ ਪਾਉਂਦਾ ਹੈ ਤੇ ਕਈ ਚੀਜ਼ਾਂ ਵਿਚ ਦੁੱਧ ਪੱਥਰੀ ਪੀਹ ਕੇ ਦੇਂਦਾ ਹੈ। ਮੇਰੀ ਸੰਭਾਲੇ ਪਿੰਡਾਂ ਤੇ ਸ਼ਹਿਰਾਂ ਵਿਚ ਦੋਹੀਂ ਥਾਈਂ ਚੌਲ ਛੜਨ ਦੀਆਂ ਉਖਲੀਆਂ ਹੁੰਦੀਆਂ ਸਨ ਤੇ ਤ੍ਰੀਮਤਾਂ ਆਪ ਛੜਕੇ ਸੱਜਰੇ ਚੌਲ ਰਿੰਨ੍ਹਦੀਆਂ ਹੁੰਦੀਆਂ ਸਨ, ਛੜਨਾ ਬੀ ਸੁਹਣੀ ਕਸਰਤ ਸੀ। ਹੁਣ ਮਸ਼ੀਨਾਂ ਦੇ ਛੜੇ ਚੌਲ ਮਿਲਦੇ ਹਨ, ਫਿੱਕੇ ਤੇ ਨਤਾਕਤੇ*। ਦੱਸੋ ਇਕ ਪਾਸੇ ਤਾਂ ਕਸਰਤ ਵਾਲੇ ਸਰੀਰ ਨੂੰ ਹਿਲਾਉਣ ਵਾਲੇ ਕੰਮ ਛੁਟ ਗਏ, ਦੂਜੇ ਪਾਸੇ ਜੋ ਖਾਣ ਨੂੰ ਮਿਲਿਆ ਸੋ ਭੱਸ ਖਰਾਬਾ। ਅਗਲੇ ਸਮੇਂ ਕੁੜੀਆਂ ਖਿੱਦੂ ਖੇਡਦੀਆਂ, ਗਿੱਧੇ ਤੇ ਹਿੱਲੜੀਆਂ ਪਾਉਂਦੀਆਂ ਤੇ ਸਰੀਰ ਦੇ ਹਿੱਲਣ ਜੁੱਲਣ ਤੇ ਟਪੋਸੀਆਂ ਮਾਰਨ ਵਾਲੀਆਂ ਖੇਡਾਂ ਖੇਡਦੀਆਂ ਸਨ; ਉਹ ਤੁਸਾਂ ਪੜ੍ਹਿਆਂ ਨੇ ਬੰਦ ਕਰਕੇ ਉਹਨਾਂ ਦੇ ਹੱਥ ਸੂਈਆਂ ਸਲਾਈਆਂ ਫੜਾਕੇ ਬੂਟ ਜੁਰਾਬਾਂ ਨਾਲ ਪੈਰ ਕੱਸਕੇ ਬੱਘੀਆਂ ਤੇ ਬਹਾ ਕੇ ਉਨ੍ਹਾਂ ਨੂੰ ਮਦਰੱਸਿਆਂ ਵਿਚ ਪਸ਼ੂਆਂ ਵਾਂਗ ਨੇੜ੍ਹ ਦਿੱਤਾ ਹੈ। ਪੜ੍ਹਨ ਵਾਲੇ ਮੁੰਡਿਆਂ ਲਈ ਕਸਰਤਾਂ, ਪੜ੍ਹਨ ਵਾਲੀਆਂ ਬੀਬੀਆਂ ਲਈ ਕੋਈ ਬੀ ਨਾ। ਸਰੀਰ ਪੰਘਰੇ ਤੇ ਖੁੱਲ੍ਹੇ ਕਿਹੜੇ ਵੇਲੇ? ਫੇਰ ਜੇ ਸ਼ਹਿਰਾਂ ਵਿਚ ਦਿੱਕ ਤਾਪ ਘਰ ਨਾ ਕਰ ਲਵੇ ਤਾਂ ਹੋਰ ਕੀ ਕਰੇ? ਮੁੰਡੇ ਕੁੜੀਆਂ ਪੜ੍ਹਾਓ ਪਰ ਕਸਰਤਾਂ ਬੀ ਕਰਾਓ। ਮਰਦ ਸਾਰਾ ਦਿਨ ਹੱਟੀਆਂ ਤੇ ਬੈਠੇ ਰਹਿੰਦੇ ਹਨ, ਹੇਠੋਂ ਮੋਰੀਆਂ ਦੀ ਮੁਸ਼ਕ ਤੇ ਬਾਜ਼ਾਰ ਵਿਚੋਂ ਗਰਦਾ ਭੱਖਦੇ ਹਨ। ਭੁੱਖ ਲਗਦੀ ਹੈ ਤਾਂ ਛਾਬੜੀ ਵਾਲੇ ਹਲਵਾਈ ਕੋਲੋਂ ਪੂਰੀ ਕਚੌਰੀ ਮਠਿਆਈ ਖਾਂਦੇ ਹਨ। ਅਗੋਂ ਇਹਨਾਂ ਮਠਿਆਈ ਵਾਲਿਆਂ ਦਾ ਇਹ ਹਾਲ ਹੈ ਕਿ ਮੋਰੀਆਂ ਤੇ ਬੈਠੀਆਂ ਹਨ ਮੱਖੀਆਂ, ਉਹੋ ਬੈਠਦੀਆਂ ਹਨ ਮਠਿਆਈਆਂ ਉਤੇ। ਮੋਰੀਆਂ ਵਿਚ ਵਗਦੇ ਹਨ ਗੰਦੇ; ਘਰਾਂ ਦੇ ਧੋਣ ਤੇ ਮੈਲੇ ਪਾਣੀ, ਜਿਨ੍ਹਾਂ ਵਿਚ ਡਾਕਟਰ ਜੀ ਦੱਸਦੇ ਸਨ ਕਿ ਬੀਮਾਰੀਆਂ ਦੇ ਬੀਜ ਹੁੰਦੇ ਹਨ। ਉਹੋ ਮੱਖੀਆਂ ਪਖਾਨਿਆਂ, ਮੋਰੀਆਂ, ਕੂੜੇ ਦੇ ਢੇਰਾਂ ਤੇ ਬੈਠਦੀਆਂ ਹਨ, ਉਹੋ ਉਥੋਂ ਉਠਕੇ ਹਲਵਾਈਆਂ ਦੇ ਥਾਲ ਉੱਤੇ ਤੇ ਹੋਕਰਾਂ ਦੇਣ ਵਾਲਿਆਂ ਦੀਆਂ ਛਾਬੜੀਆਂ ਤੇ ਬੈਠਦੀਆਂ ਹਨ ਤੇ ਖਾਣ ਵਾਲੇ ਪਦਾਰਥਾਂ ਨੂੰ ਬੀਮਾਰੀਆਂ ਦੀ ਛੂਤ ਲਾ ਦੇਂਦੀਆਂ ਹਨ। ਉਹੋ ਭੋਜਨ ਫਿਰ ਸਾਰੇ ਦਿਨ ਤੱਪੜ ਘਾਸੀ ਛਕਦੇ ਹਨ। ਚੂੜ੍ਹੇ ਦਾ ਪਰਛਾਵਾਂ ਆ ਜਾਵੇ ਤਾਂ ਸ਼ਹਿਰੀਏ ਮਰਦ ਤ੍ਰੀਮਤਾਂ ਸਮਝਦੇ ਹਨ ਕਿ ਇਸਦੀ ਮੈਲ ਲੱਗ ਗਈ ਹੋਊ, ਕੱਪੜੇ ਬਦਲੋ, ਨ੍ਹਾਓ, ਪਰ ਮੱਖੀਆਂ ਤੋਂ ਕੋਈ ਘ੍ਰਿਣਾਂ ਨਹੀਂ ਕਰਦਾ, ਕੋਈ ਬਚਾਉ ਦੀ ਸੂਰਤ ਨਹੀਂ ਸੋਚਦਾ। ਸਭ ਫਲ, ਸਭ ਮਠਿਆਈਆਂ, ਸਭ ਪੂੜੀਆਂ, ਦੁੱਧ ਦਹੀਂ ਮਹਾਨ ਮੈਲੀਆਂ ਮੱਖੀਆਂ ਦੇ ਪੈਰਾਂ ਨਾਲ ਛੁਹੇ ਹੋਏ ਸਭ ਪੰਡਤ, ਪਾਂਧੇ, ਸੁੱਚਮੀ, ਕਾਜ਼ੀ, ਮੁੱਲਾਂ, ਬਾਬੂ, ਲਾਲੇ, ਸਰਦਾਰ, ਉਸ਼ਨਾਕ ਤੇ ਸੋਚਾਂ ਵਾਲੇ ਡਾਕਟਰਾਂ ਸਮੇਤ ਛਕ ਜਾਂਦੇ ਹਨ ਅਰ ਕਿਸੇ ਨੂੰ ਘ੍ਰਿਣਾਂ ਨਹੀਂ ਹੈ। ਨਾ ਕਮੇਟੀਆਂ ਦਾ ਕੋਈ ਪ੍ਰਬੰਧ ਪੱਕਾ ਹੁੰਦਾ ਹੈ ਕਿ ਜੋ ਇਹਨਾਂ ਛੂਤਾਂ ਦੀ ਰੋਕ ਪਾਵੇ।

ਰੇਲਾਂ ਪਰ ਵੇਖੀਦਾ ਹੈ ਤ੍ਰੁੱਕੇ ਹੋਏ ਸ਼ਹਿਰੀਏ, ਸੜੇ ਹੋਏ ਮੈਲੇ ਕੱਪੜੇ, ਮੈਲੀਆਂ ਛਾਬੜੀਆਂ ਤੇ ਮੱਖੀਆਂ ਦੀ ਭਿਣ ਭਿਣ ਨਾਲ ਭਰੇ ਛਾਬਿਆਂ ਪਰ ਚੀਜ਼ਾਂ ਰੱਖੀ ਵੇਚ ਰਹੇ ਹਨ ਤੇ ਬੇਗੁਨਾਹ ਸ੍ਰਿਸ਼ਟੀ ਭੁੱਖ ਦੀ ਮਾਰੀ ਛਕ ਰਹੀ ਹੈ।

* ਮਸ਼ੀਨਾਂ ਦੇ ਛੜੇ ਚੋਲਾਂ ਵਿਚੋਂ ਵਿਸ਼ੇਸ਼ ਤਾਕਤ ਵਾਲਾ ਹਿੱਸਾ ਉਤੋਂ ਲੱਥੇ ਕੰਮੂਆਂ ਤੇ ਤੋਹ ਵਿਚ ਚਲਾ ਜਾਂਦਾ ਹੈ।



SIKHBOOKCLUB.COM

ਬ੍ਰਿਸਟਰ— ਬਾਬਾ ਜੀ! ਸੱਚ ਕਿਹਾ ਨੇ।

ਥੋੜੇ ਚਿਰ ਤੋਂ ਬਾਬੇ ਦੀ ਘਰ ਵਾਲੀ ਕੁਪਾਹ ਵਾਲੀ ਪੈਲੀ ਵਿਚੋਂ ਬਾਬੇ ਦੇ ਪਾਠ ਦੀ ਧੁਨ ਸੁਣਕੇ ਆਈ ਤੇ ਪਾਸ ਬੈਠ ਰਹੀ ਸੀ, ਉਸਨੂੰ ਭੀ ਗੱਲਾਂ ਦਾ ਸੁਆਦ ਆ ਗਿਆ ਸੀ, ਬੈਠੀ ਸੁਣਦੀ ਰਹੀ। ਹੁਣ ਉਸਤੋਂ ਭੀ ਨਾ ਰਿਹਾ ਗਿਆ, ਬੋਲੀ:-

ਮਹਾਰਾਜ ਜੀ! ਉਹ ਗੱਲ ਸੁਣਾਓ ਨਾ ਸੋਡਾ ਵਾਟਰ ਵਾਲੀ?

ਬ੍ਰਿਸਟਰ— ਉਹ ਕੀ ਹੈ ਬਾਬਾ ਜੀ!

ਬਾਬਾ ਹੱਸ ਪਿਆ ਤੇ ਆਖਣ ਲੱਗਾ:-

ਇਕ ਵੇਰੀ ਅਸੀਂ ਦੋਵੇਂ ਕਿਤੇ ਵਾਂਢੇ ਗਏ। ਰੇਲ ਦਾ ਸਫਰ ਸੀ, ਸਾਨੂੰ ਲੱਗੀ ਤਿਹਾ, ਸਾਡੇ ਨਾਲ ਹੀ ਕਮਰਾ ਸੀ ਬਰਫ ਤੇ ਸੋਡੇ ਵਾਲੇ ਦਾ। ਸਾਡਾ ਚਿੱਤ ਆਇਆ ਕਿ ਅਸੀਂ ਭੀ ਪੀਵੀਏ। ਫੇਰ ਚਿੱਤ ਨੇ ਕਿਹਾ ਅਸੀਂ ਮੋਟੇ ਲੋਕ ਹਾਂ, ਖਬਰੇ ਇਹ ਕੀਹ ਬੱਦ ਬਲਾ ਹੈ, ਕਿਤੇ ਪਾਨੀ ਹੀ ਮਿਲੇਗਾ ਤਾਂ ਪੀਵਾਂਗੇ। ਸਾਡੀ ਤ੍ਰੇਹ ਭੀ ਵਧਦੀ ਗਈ ਤੇ ਰੇਲ ਦੇ ਸਟੇਸ਼ਨ ਐਸੇ ਸੁੰਞੇ ਆਏ ਕਿ ਪਾਨੀ ਨਾ ਆਇਆ। ਇਧਰ ਅਸੀਂ ਬਰਫ ਵਾਲੇ ਦੇ ਕੌਤਕ ਦੇਖਦੇ ਰਹੇ। ਉਸਦੇ ਕਪੜੇ ਗੰਦੇ, ਹੱਥ ਮੈਲੇ, ਜਿਸ ਗਿਲਾਸ ਵਿਚ ਸਾਹਿਬ ਜੀ ਨੂੰ ਪਾਨੀ ਪਿਆ ਆਏ ਉਸੇ ਵਿਚ ਹੀ ਲਾਲ ਜੀ ਨੂੰ। ਜਿਸ ਵਿਚ ਬਾਬੂ ਜੀ ਨੂੰ ਪਿਲਾਵੇ ਉਸੇ ਵਿਚ ਰੇਲ ਵਿਚ ਚਲ ਰਹੇ ਬੀਮਾਰ ਨੂੰ ਪਿਲਾ ਦੇਵੇ। ਕਦੇ ਦੋ ਤ੍ਰੁੱਕੇ ਪਾਨੀ ਨਾਲ ਗਿਲਾਸ ਉਲੱਛ ਦੇਵੇ ਤੇ ਕਈ ਵੇਰੀ ਬਿਲਕੁਲ ਧੋਵੇ ਹੀ ਨਾ। ਵਾਲਾਂ ਵਾਲੇ ਨਮਦੇ ਵਿਚ ਸੀ ਬਰਫ, ਉਹ ਭੀ ਬਿਨਾਂ ਧੋਏ ਪਾਈ ਜਾਵੇ। ਇਸਦੀਆਂ ਖਾਲੀ ਬੋਤਲਾਂ ਵਿਚ ਮੱਖੀਆਂ ਦੇ ਝੁੰਡ। ਆਪ ਵਿਚੇ ਰੋਟੀ ਖਾਏ ਪੀਏ, ਕੁਛ ਗਿਲਾਨੀ ਨਾ ਕਰੇ, ਕੋਈ ਸਫ਼ਾਈ ਨਾ ਰੱਖੇ। ਸਾਡਾ ਤਾਂ ਦਿਲ ਖੱਟਾ ਹੋ ਗਿਆ। ਫੇਰ ਅਸੀਂ ਆਪਣੇ ਟਿਕਾਣੇ ਉੱਤਰੇ ਤੇ ਸ਼ਹਿਰ ਗਏ। ਅੱਗੋਂ ਸਾਡੇ ਪ੍ਰਾਹੁਣਚਾਰ ਘਰ ਨਹੀਂ ਸਨ। ਅਸੀਂ ਬਾਜ਼ਾਰ ਆਏ ਪਾਣੀ ਪੀਣ ਨੂੰ ਛਬੀਲ ਕੋਈ ਨਾ ਲੱਭੀ। ਕਿਸੇ ਤੋਂ ਪੁਛਿਆ ਤਾਂ ਉਸਨੇ ਇਕ ਹੱਟੀ ਦੱਸੀ ਸ਼ਰਬਤ ਵਾਲੀ। ਇਥੇ ਕੁਛ ਬੋਤਲਾਂ ਪਈਆਂ ਸਨ ਲਾਲ ਪੀਲੀਆਂ ਚਿੱਟੀਆਂ, ਉੱਤੇ ਅਨੇਕਾਂ ਮੱਖੀਆਂ। ਇਹ ਆਦਮੀ ਨਾਲ ਫਲੂਦਾ ਭੀ ਵੇਚਦਾ ਸੀ* ਇਸਦੀਆਂ ਅਰਕਾਂ ਤੋਂ ਮੁੜ੍ਹਕਾ ਚੋਂਦਾ ਸੀ ਤੇ ਮੁੜ੍ਹਕੇ ਦੇ ਤ੍ਰੇਪੇ ਫ਼ਲੂਦੇ ਵਿਚ ਤੇ ਸ਼ਰਬਤਾਂ ਵਾਲੇ ਗਲਾਸਾਂ ਵਿਚ ਪੈ ਰਹੇ ਸਨ। ਹੱਟੀ ਉੱਤੇ ਸਾਡੇ ਗ਼ਰੀਬ ਪੇਂਡੂ ਬੈਠੇ ਬਦਾਮਾਂ ਦੇ ਸ਼ਰਬਤ ਪੀ ਪੀ ਖੁਸ਼ ਹੋ ਰਹੇ ਸਨ। ਇਹਨਾਂ ਵਿਚਾਰਿਆਂ ਨੂੰ ਕੀਹ ਪਤਾ ਸੀ ਕਿ ਹੱਟੀ ਵਾਲੇ ਦੇ ਮੁੜ੍ਹਕੇ ਦਾ ਜ਼ਹਿਰ ਤੇ ਮੱਖੀਆਂ ਦੀ ਛੂਤ ਸਾਡੇ ਅੰਦਰ ਜਾ ਰਹੀ ਹੈ। ਅਸੀਂ ਉੱਥੋਂ ਅੱਗੇ ਹੋਏ ਕੀ ਵੇਖਦੇ ਹਾਂ ਕਿ ਇਕ ਸੰਗਮਰਮਰ ਦੇ ਫ਼ਰਸ਼ ਦੀ ਦੁਕਾਨ ਹੈ, ਬਿਜਲੀ ਦੇ ਪੱਖੇ ਚਲ ਰਹੇ ਹਨ, ਕਈ ਤੁਸਾਂ ਵਰਗੇ ਕਪੜਿਆਂ ਵਾਲੇ ਬੈਠੇ ਨਾੜਾਂ ਨਾਲ ਗਲਾਸਾਂ ਵਿਚੋਂ ਪਾਣੀ ਪੀ ਰਹੇ ਹਨ। ਜੀ ਕੀਤਾ ਕਿ ਇਹ ਸੁਥਰੀ ਥਾਂ ਹੈ ਪਾਣੀ ਪੀ ਲਵੀਏ। ਪਰ ਕੁਝ ਝੱਕ ਆਵੇ ਕਿ ਅਸੀਂ ਪੇਂਡੂ ਮੈਲੇ ਲੋਕ ਹਾਂ, ਖਵਰੇ ਇਸ ਸੁਹਣੀ ਥਾਵੇਂ ਪੈਰ ਪਾਇਆਂ ਕੋਈ ਰੋਕ ਨਾ ਦੇਵੇ। ਏਨੇ ਨੂੰ ਇਕ ਰੇੜ੍ਹੀ ਵਾਲਾ ਆਇਆ, ਉਸਨੇ ਸੋਡੇ ਦੀਆਂ ਖਾਲੀ ਬੋਤਲਾਂ ਦਾ ਥੜੇ ਤੇ ਢੇਰ ਲਾ ਦਿੱਤਾ ਤੇ ਕਿਹਾ ਕਿ ਮੈਨੂੰ ਦਸ ਦਰਜਨਾਂ ਦਿਓ। ਇਨ੍ਹਾਂ ਖਾਲੀ ਬੋਤਲਾਂ ਪਰ ਮੈਲ, ਮੱਖੀਆਂ ਦੇ ਗੰਦ, ਬੋਤਲਾਂ ਦੇ ਅੰਦਰ ਮੋਈਆਂ ਮੱਖੀਆਂ ਤੇ ਹੋਰ ਮੈਲ ਲੱਗੀ ਹੋਈ ਸੀ। ਇਕ ਅਦਾਮੀ ਆਇਆ ਉਸਨੇ ਇਹ ਬੋਤਲਾਂ ਇਕ ਲੱਕੜ ਦੇ ਢੋਲ ਵਿਚ ਪਾ ਦਿੱਤੀਆਂ ਤੇ ਇਕ ਵਾਲਾਂ ਵਾਲੀ ਸੀਖ ਇਕ ਇਕ ਬੋਤਲ ਵਿਚ ਫੇਰਕੇ ਉਸੇ ਪੀਪੇ ਦੇ ਪਾਣੀ ਵਿਚ ਹੰਗਾਲ ਕੇ ਬਾਹਰ ਰੱਖਣ ਲੱਗ ਪਿਆ। ਦੂਜਾ ਆਦਮੀ ਚੁੱਕ ਕੇ ਅੰਦਰ ਲੈ ਜਾਵੇ। ਮੈਂ ਅੱਗੇ ਹੋਕੇ ਕੀ ਡਿੱਠਾ ਕਿ ਇਕ ਕਲਾ ਹੈ ਤੇ ਇਕ ਪਹਾੜੀਆ ਨੰਗ ਧੜੰਗਾ ਖੜਾ ਹੈ, ਜੋ ਉਹੋ ਬੋਤਲਾਂ ਕਲਾ ਦੇ ਮੂੰਹ ਵਿਚ ਦੇ ਕੇ ਕੜੱਕ ਕਰ ਕੇ ਭਰ ਭਰ ਰੱਖੀ ਜਾਂਦਾ ਹੈ ਤੇ ਇਸਦਾ ਮੁੜ੍ਹਕਾ ਚੋ ਰਿਹਾ ਹੈ। ਇੰਨੇ ਨੂੰ ਉਸਦਾ ਮਾਲਿਕ ਆਇਆ। ਆਖਣ ਲੱਗਾ, 'ਸ਼ਕਤੂ! ਸ਼ਾਬਾਸ਼! ਅੱਜ ਮੇਲੇ ਦਾ ਦਿਨ ਸੀ ਤੂੰ ਰੱਖ ਵਿਖਾਈ। ਤਾਪ ਵੀ ਚੜ੍ਹ ਗਿਆ, ਪਰ ਤੂੰ ਕੰਮ ਨਹੀਂ ਛੱਡਿਆ, ਮੈਂ ਰੁਪੱਯਾ ਮਹੀਨਾਂ ਤੇਰੀ ਤਰੱਕੀ ਕਰ ਦਿੱਤੀ ਹੈ।' ਮੈਂ ਸੁਣਕੇ ਹੈਰਾਨ ਰਹਿ ਗਿਆ ਕਿ ਸਾਡੇ ਡਾਕਟਰ

---

* ਤਦੋਂ ਫਲੂਦੇ ਦਾ ਆਮ ਰਿਵਾਜ ਸੀ ਹੁਣ ਘਟ ਗਿਆ ਹੈ।

ਜੀ ਕਹਿੰਦੇ ਹਨ ਕਿ ਤਾਪ ਵਾਲੇ ਦੇ ਮੁੜ੍ਹਕੇ ਦੇ ਵਿਚ ਛੂਤ ਹੁੰਦੀ ਹੈ ਤੇ ਐਥੇ ਮੁੜ੍ਹਕਾ ਪਰਨਾਲੀਂ ਛੁੱਟ ਰਿਹਾ ਹੈ ਤੇ ਇਹ ਸ਼ਹਿਰ ਦੇ ਗਰੀਬਾਂ ਲਈ ਹੀ ਨਹੀਂ, ਲਾਲਿਆਂ, ਬਾਬੂਆਂ, ਸਰਦਾਰਾਂ, ਵਕੀਲਾਂ, ਡਾਕਟਰਾਂ ਤੇ ਬ੍ਰਿਸਟਰਾਂ ਲਈ ਪੀਣ ਦਾ ਪਾਣੀ ਭਰ ਰਿਹਾ ਹੈ। ਹੇ ਦਾਤਾ! ਇਹ ਸ਼ਹਿਰ ਦੇ ਲੋਕ ਕਿਸ ਭੁਲੇਖੇ ਵਿਚ ਅਮੀਰੀਆਂ ਤੇ ਭੋਗਾਂ ਤੇ ਮਾਨ ਕਰ ਰਹੇ ਹਨ? ਮੰਨਿਆਂ ਕਿ ਸਾਨੂੰ ਲੱਸੀ ਤੇ ਦੁੱਧ ਤੋਂ ਬਿਨਾ ਕੁਛ ਨਹੀਂ ਲੱਭਦਾ ਪਰ ਅਸੀਂ ਮੱਖੀਆਂ ਦੀ ਭਿਣ ਭਿਣ, ਬੀਮਾਰਾਂ, ਮੈਲਿਆਂ ਤੇ ਗੰਦਿਆਂ ਦੀਆਂ ਜੂਠੀਆਂ ਬੋਤਲਾਂ ਵਿਚ ਤਾਪ ਦੇ ਮੁੜ੍ਹਕੇ ਵਹਿੰਦੇ ਵਿਚ ਭਰੀਆਂ ਬੋਤਲਾਂ ਤਾਂ ਨਹੀਂ ਪੀ ਰਹੇ? ਸਾਨੂੰ ਬਾਬਾ ਗਰੀਬੀ ਚੰਗੀ। ਸੁੱਚਾ ਟੁੱਕਰ ਤੇ ਸੁੱਚਾ ਘੁੱਟ ਲੱਸੀ ਦਾ ਤਾਂ ਪੀਂਦੇ ਹਾਂ ਨਾ। ਸੋ ਮੇਰੀ ਘਰ ਵਾਲੀ ਤੇ ਮੈਂ ਇਸ ਸੋਡੇ ਦੇ ਹੱਥੋਂ ਉਦਾਸ ਹੋਕੇ ਫੇਰ ਆਪਣੇ ਪ੍ਰਾਹੁਣਚਾਰ ਦੇ ਘਰ ਗਏ। ਇੰਨੇ ਨੂੰ ਉਹ ਆ ਗਏ ਸਨ। ਸਾਨੂੰ ਉਨ੍ਹਾਂ ਨੇ ਰੋਟੀ ਦਿੱਤੀ, ਨਾਲ ਸੋਡਾ ਆਇਆ, ਮੈਂ ਹੱਥ ਜੋੜੇ ਕਿ ਇਸ ਮਿੱਠੇ ਪਾਣੀ ਤੋਂ ਮਿਹਰ ਕਰਕੇ ਬਖ਼ਸ਼ ਲਈ! ਘੁੱਟ ਲੱਸੀ ਦਾ ਦੇਹ ਜੇ ਘਰ ਰਿੜਕੀ ਹੈ ਤਾਂ, ਨਹੀਂ ਤਾਂ ਸੱਜਰਾ ਪਾਣੀ ਪਿਲਾ। ਉਸਨੇ ਕਿਹਾ ਸਾਡੀ ਸ਼ਹਿਰੀਆਂ ਦੀ ਖਾਤਰ ਇਹੋ ਹੈ। ਮੈਂ ਫੇਰ ਅੱਖੀਂ ਡਿੱਠੀ ਵਿਥਿਆ ਸੁਣਾਈ ਤਦ ਸਾਡੇ ਪ੍ਰਾਹੁਣਚਾਰ ਨੇ ਭੀ ਸਹੁੰ ਪਾਈ ਕਿ ਮੈਂ ਇਹ ਤ੍ਰੁੱਕਿਆ ਸੋਡਾ ਅੱਜ ਤੋਂ ਛੱਡਿਆ। ਫੇਰ ਉਸਨੇ ਸਾਨੂੰ ਲੱਸੀ ਦਿੱਤੀ ਤੇ ਵਿਚ ਬਰਫ ਪਾਉਣ ਲੱਗਾ, ਤਾਂ ਮੈਂ ਹੱਥ ਫੜ ਲਿਆ ਕਿ ਕਿਰਪਾ ਕਰਕੇ ਸਾਡੇ ਢਿੱਡਾਂ ਨੂੰ ਛੋਲਿਆਂ ਦੀ ਰੋਟੀ ਪਚਾਉਣ ਜੋਗਾ ਰਹਿਣ ਦਿਓ। ਇਹ ਬਹੁਤ ਸ਼ਰਾਬਾਂ ਪੀਣ ਵਾਲਿਆਂ ਨੂੰ ਪਚਦੀਆਂ ਹੋਣ ਤਾਂ ਮੈਨੂੰ ਪਤਾ ਨਹੀਂ, ਪਰ ਸਾਨੂੰ ਪੇਂਡੂਆਂ ਨੂੰ ਇਹ ਮਾਫਕ ਨਹੀਂ। ਮੈਂ ਡਾਕਟਰ ਜੀ ਤੋਂ ਸੁਣਿਆ ਸੀ ਕਿ ਬਰਫ ਮੇਧੇ ਨੂੰ ਖਰਾਬ ਕਰਦੀ ਹੈ, ਪਰ ਅੱਜ ਜੋ ਗੱਲ ਮੈਨੂੰ ਬਰਫ ਤੋਂ ਹੋੜਦੀ ਸੀ, ਇਹ ਸੀ ਕਿ ਜਿਸ ਤਰ੍ਹਾਂ ਦਾ ਭੱਸ ਖ਼ਰਾਬਾ ਸੋਡੇ ਬਣਨ ਵਾਲੀ ਥਾਂ ਡਿੱਠਾ ਹੈ, ਉਸੇ ਤਰ੍ਹਾਂ ਦਾ ਬਰਫ ਦੇ ਕਾਰਖਾਨੇ ਵਿਚ ਹੋਊ। ਬਹੁਤਿਆਂ ਦਾ ਟਕਾ ਧਰਮ ਹੈ, ਖੱਟੀ ਵਾਸਤੇ ਕੰਮ ਕਰਦੇ ਹਨ, ਇਹ ਕਿਸੇ ਨੂੰ ਕਿਉਂ ਫਿਕਰ ਹੈ ਕਿ ਜੋ ਚੀਜ਼ ਅਸੀਂ ਬਣਾਉਂਦੇ ਹਾਂ ਤੇ ਲੋਕ ਸਾਡੇ ਤੇ ਭਰੋਸਾ ਕਰਕੇ ਖਰੀਦਦੇ ਹਨ ਉਹ ਕਿੰਨੀ ਕੁ ਭਲਿਆਈ ਨਾਲ ਠੀਕ ਠੀਕ ਤਿਆਰ ਹੁੰਦੀ ਹੈ, ਸਗੋਂ ਹਰ ਗੱਲ ਵਿਚ ਪਹੇਮਾਨਗੀ ਹੋ ਰਹੀ ਹੈ।

ਬ੍ਰਿਸਟਰਾਣੀ— (ਬ੍ਰਿਸਟਰ ਵਲ ਤੱਕ ਕੇ) ਸਰਕਾਰ ਕਿਉਂ ਨਿਗਰਾਨੀ ਇਨ੍ਹਾਂ ਲੋਕਾਂ ਦੀ ਨਹੀਂ ਕਰਦੀ?

ਬ੍ਰਿਸਟਰ— ਸਰਕਾਰ ਨੇ ਕਾਨੂੰਨ ਤਾਂ ਬਣਾ ਰੱਖੇ ਹਨ, ਕਮੇਟੀਆਂ ਨੇ ਦਰੋਗੇ ਭੀ ਮੁਕੱਰਰ ਕੀਤੇ ਹੋਏ ਹਨ, ਪਰ ਸਾਨੂੰ ਲੋਕਾਂ ਨੂੰ ਫਰਜ਼ ਦਾ ਖਿਆਲ ਨਹੀਂ ਹੈ।

ਬਾਬਾ— ਫੋਕਾ ਫਰਜ਼ ਤੇ ਫੋਕਾ ਧਰਮ ਕੀ ਬਣਾਉਂਦੇ ਹਨ। ਕਿਸੇ ਵਿਚ ਪਰਮੇਸ਼ਰ ਦਾ ਭੈ ਨਹੀਂ ਤੇ ਸ੍ਰਿਸ਼ਟੀ ਨਾਲ ਪਿਆਰ ਦੀ ਅੰਸ਼ ਨਹੀਂ। ਭਾਵੇਂ ਮਸੀਤੇ, ਠਾਕਰ ਦੁਆਰੇ, ਧਰਮਸਾਲੇ, ਗਿਰਜੇ ਮੱਥੇ ਰਗੜ ਆਉਂਦੇ ਹੋਣ, ਪਰ ਅਸਲ ਵਿਚ ਨਾਸਤਕ ਹਨ, ਜਿਨ੍ਹਾਂ ਦਾ ਕਿ ਸਾਰਾ ਧਿਆਨ ਪੈਸੇ ਖੱਟਣ ਵੱਲ ਹੈ ਤੇ ਦੂਜੇ ਦੇ ਦੁੱਖ ਦੀ ਪਰਵਾਹ ਨਹੀਂ। ਇਸੇ ਤਰ੍ਹਾਂ ਮੂੰਹੋਂ ਫਰਜ਼ ਫਰਜ਼ ਕੂਕਣਾ ਬੇਅਰਥ ਹੈ, ਜਦੋਂ 'ਪਰ ਮਨ' 'ਨਿਜ ਮਨ' ਜੈਸਾ ਨਹੀਂ ਦਿੱਸਦਾ ਤਾਂ।

ਬ੍ਰਿਸਟਰ— ਇਹ 'ਪਰ ਮਨ' 'ਨਿਜ ਮਨ' ਇਕੋ ਜਹੇ ਦਿੱਸਣ ਦੀ ਤਾਲੀਮ ਬਾਬਾ ਜੀ ਕਿਥੋਂ ਪਾਈ ਨੇ?

ਬਾਬਾ— ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਹੈ। ਮੈਂ ਐਸੇ ਬੰਦਿਆਂ ਨੂੰ ਜੋ ਖਾਣ ਪੀਣ ਦੇ ਪਦਾਰਥ ਵੇਚਦੇ ਹਨ, ਵਿਚ ਰਲੇ ਪਾਉਂਦੇ ਹਨ ਯਾ ਗੰਦ ਮੈਲ ਨਾਲ ਤਿਆਰ ਕਰਦੇ ਹਨ ਤੇ ਆਪਣੀ ਖੱਟੀ ਦੇ ਨਾਲ ਦੂਸਰਿਆਂ ਦੇ ਭਲੇ ਦਾ ਖਿਆਲ ਨਹੀਂ ਰਖਦੇ, ਨਾਸਤਕ ਤੇ ਪਰਜਾ ਦੇ ਦੋਖੀ ਆਖਦਾ ਹੁੰਦਾ ਹਾਂ। ਉਹ ਪਰਮੇਸ਼ੁਰ ਜੀ ਦੀ ਨਿਰਾਦਰੀ ਕਰ ਰਹੇ ਹਨ। ਹਾਂ ਉਹ ਆਪਣੇ ਮਨੁਖ ਹੋਣ ਨੂੰ ਕਲੰਕ ਲਾ ਰਹੇ ਹਨ। ਉਹ ਮਨੁਖ ਕੀਹ ਜਿਸ ਨੂੰ ਮਨੁਖ ਮਾਤ੍ਰ ਦੇ ਦੁਖ ਦੀ ਪਰਵਾਹ ਨਹੀਂ।

ਬ੍ਰਿਸਟਰਾਣੀ— ਠੀਕ ਹੈ, ਪਰ (ਪਤੀ ਵੱਲ) ਉਹ ਦਰੋਗੇ ਇਨ੍ਹਾਂ ਨਾਸਤਕਾਂ ਨੂੰ ਦੰਡ ਕਿਉਂ ਨਹੀਂ ਦੇਂਦੇ?

ਬਾਬਾ— ਕਿਉਂਕਿ ਉਨ੍ਹਾਂ ਵਿਚੋਂ ਬਾਹਲੇ ਤੁਹਾਡੇ ਪਤੀ ਦੇ ਅਸੂਲ ਉਤੇ ਤੁਰਦੇ ਹਨ ਕਿ ਜਿਵੇਂ ਹੋਵੇ ਆਪਣਾ ਲਾਭ ਕੱਢੋ ਚਾਹੇ ਸੱਚ ਨਾਲ ਚਾਹੇ ਝੂਠ ਨਾਲ।

ਬ੍ਰਿਸਟਰਾਣੀ— ਉਹਨਾਂ ਦਾ ਭਲਾ ਤਾਂ ਉਹਨਾਂ ਲੋਕਾਂ ਨੂੰ ਸੋਧਣ ਵਿਚ ਹੈ।


SIKHBOOKCLUB.COM

ਬ੍ਰਿਸਟਰ— ਨਹੀਂ, ਬਾਬੇ ਨੇ ਸੱਚੀ ਸੁਣੇਤ ਸੁੱਟੀ ਹੈ। ਉਹਨਾਂ ਦਰੋਗਿਆਂ ਦੀ-ਜੋ ਫਰਜ਼ ਪੂਰਾ ਨਹੀਂ ਕਰਦੇ ਤੇ ਆਪਣਾ ਪ੍ਰਯੋਜਨ ਮੁੱਖ ਰਖਦੇ ਹਨ-ਤਨਖਾਹ ਤਾਂ ਚਾਲੀ ਪੰਜਾਹ ਹੁੰਦੀ ਹੈ, ਪਰ ਵੱਢੀਆਂ ਦੀ ਆਮਦਨ ਤ੍ਰੈ ਤ੍ਰੈ ਸੌ ਰੁਪਯਾ ਮਹੀਨਾ ਹੁੰਦੀ ਹੈ। ਸੋ ਉਹ ਕਿਉਂ ਕਿਸੇ ਨੂੰ ਹੋੜਨ? ਮੈਂ ਆਪ ਡਿੱਠਾ ਹੈ ਕਿ ਇਕ ਸ਼ਹਿਰ ਵਿਚ ਫਲਾਂ ਵਾਲੀ ਮੰਡੀ ਦੇ ਗੰਦੇ ਫਲ ਇਕ ਦਰੋਗਾ ਰੋਜ਼ ਕੂੜੇ ਵਿਚ ਸੁਟਾ ਜਾਂਦਾ ਸੀ। ਇਕ ਦਿਨ ਚੌਧਰੀ ਨੇ ਕੋਈ ਗਲ ਉਸ ਨਾਲ ਕੰਨ ਵਿਚ ਕੀਤੀ ਮੁੜ ਕਦੇ ਦਰੋਗੇ ਨੇ ਮੰਡੀ ਵਿਚ ਪੈਰ ਨਹੀਂ ਪਾਏ। ਪਾਪ ਦੇਖੋ ਕਿੱਦਾਂ ਵਧਦਾ ਹੈ। ਬੱਚਿਆਂ ਨੂੰ ਫਲ ਬੜੇ ਪਿਆਰੇ ਲਗਦੇ ਹਨ, ਜਦੋਂ ਮਾਂ ਪਿਉ ਜਾਂ ਕਿਸੇ ਸਾਕ ਕੋਲੋਂ ਪੈਸਾ ਮਿਲੇ ਫਲਾਂ ਦੀ ਛਾਬੜੀ ਨੂੰ ਦੌੜਦੇ ਹਨ। ਅੱਗੋਂ ਉਹ ਬੜੇ ਕੱਚੇ ਯਾਂ ਤ੍ਰੁੱਕੇ ਹੋਏ ਫਲ ਸਸਤੇ ਲਿਆਕੇ ਗਲੀਆਂ ਵਿਚ ਵੇਚਦੇ ਹਨ। ਬੱਚੇ ਉਹ ਫਲ ਖਾ ਕੇ ਬੀਮਾਰ ਹੋ ਜਾਂਦੇ ਹਨ। ਸੋ ਚੌਧਰੀ ਦੇ ਉਸ ਮੰਤਰ ਨਾਲ ਜੋ ਦਰੋਗੇ ਦੇ ਕੰਨਾ ਵਿਚ ਮੋਹਿਨੀ ਮੰਤਰ ਹੋ ਕੇ ਲੱਗਾ, ਕਈ ਘਰਾਂ ਵਿਚ ਮੌਤ ਨੇ ਪੈਰ ਪਾਏ ਤੇ ਮਾਵਾਂ ਦੇ ਵਿਹੜੇ ਸੁੰਞੇ ਕੀਤੇ ਹੋਣਗੇ।

ਬ੍ਰਿਸਟਰਾਣੀ— ਫੇਰ ਐਸੇ ਦਰੋਗਿਆਂ ਦੀ ਕੰਨ ਖਿਚਾਈ ਤੇ ਭਲਿਆਂ ਦੀ ਕਦਰ ਕਿਉਂ ਨਹੀਂ ਹੁੰਦੀ?

ਬ੍ਰਿਸਟਰ— ਕਰੇ ਕੌਣ?

ਬ੍ਰਿਸਟਰਾਣੀ— ਮੈਂਬਰ ਕਮੇਟੀਆਂ ਦੇ।

ਬ੍ਰਿਸਟਰ— ਉਹ ਕਿਉਂ ਕਰਨ?

ਬ੍ਰਿਸਟਰਾਣੀ— ਉਹ ਸ਼ਹਿਰ ਦੇ ਪਿਤਾ '(ਸਿਟੀ ਫਾਦਰ)' ਜੁ ਬਣੇ?

ਬਾਬਾ— ਇਹ ਗਲ ਮੈਂ ਨਹੀਂ ਸਮਝੀ।

ਬ੍ਰਿਸਟਰ— ਬਾਬਾ ਜੀ! ਪੱਛਮੀ ਲੋਕਾਂ ਜਿਨ੍ਹਾਂ ਨੇ ਇਸ ਸਮੇਂ* ਇਹ ਕਮੇਟੀਆਂ ਦੇ ਸਿਲਸਿਲੇ ਬਣਾਏ ਹਨ ਉਨ੍ਹਾਂ ਨੇ ਕਮੇਟੀਆਂ ਦੇ ਮੈਂਬਰਾਂ ਦਾ ਨਾਂ 'ਸਿਟੀ ਫਾਦਰ' ਰਖਿਆ ਹੈ। ਸਿਟੀ ਫਾਦਰ ਦਾ ਅਰਥ ਹੈ 'ਸ਼ਹਿਰ ਦਾ ਪਿਤਾ'।

ਬਾਬਾ— ਵਾਹ ਵਾਹ! ਕਿਆ ਠੀਕ ਨਾਉਂ ਹੈ, ਪਰ ਹੁੰਦਾ ਕੁਛ ਹੋਰ ਹੈ।

ਬ੍ਰਿਸਟਰ— ਇਸ ਲਈ ਕਿ ਲੋਕੀਂ 'ਸ਼ਹਿਰ ਦੇ ਪਿਤਾ' ਪਰਜਾ ਦੀ ਰਖਿਆ ਤੇ ਪ੍ਰਤਿਪਾਲਾ ਕਰਨ ਵਾਸਤੇ ਨਹੀਂ ਨਾ ਬਣਦੇ। ਕਿਸੇ ਗਲ ਦਾ ਬੀਜ ਨਾਸ਼ ਨਹੀਂ, ਕਈ ਚੰਗੇ ਭੀ ਹੁੰਦੇ ਹਨ, ਪਰ ਅਕਸਰ ਤਾਂ ਨਿਰੀ ਇੱਜ਼ਤ ਲਈ ਬਣਦੇ ਹਨ। ਅਕਸਰ ਲੋਕ ਅਪਣੇ ਫਰਜ਼ਾਂ ਤੋਂ ਬੀ ਐਸੇ ਨਾਵਾਕਫ਼ ਹੁੰਦੇ ਹਨ ਕਿ ਹਾਸੋ ਹੀਣੇ ਹੋ ਜਾਂਦੇ ਹਨ। ਸੁਕਰਾਤ ਹਕੀਮ ਦੀ ਬਾਬਤ ਗੱਲ ਕਰਦੇ ਹਨ ਕਿ ਉਹਨਾਂ ਦੇ ਸਮੇਂ ਇਕ ਆਦਮੀ ਕਿਸੇ ਕੌਂਸਲ ਯਾ ਕਮੇਟੀ ਦਾ ਮੈਂਬਰ ਬਣਨ ਲਗਾ, ਉਹ ਸੀ ਅਨਜਾਣ ਤੇ ਨਿਰਾ ਨਾਵਾਕਫ। ਜਦੋਂ ਉਹ ਸੁਕਰਾਤ ਨੂੰ ਮਿਲਣ ਆਇਆ ਤਾਂ ਸੁਕਰਾਤ ਨੇ ਪੁਛਿਆ, ਆਪ ਨੂੰ ਪਤਾ ਹੈ ਕਿ ਸਾਡੀ ਸਰਹੱਦ ਉੱਪਰ ਕਿੰਨੇ ਡਾਕੇ ਪਏ ਹਨ? ਉਸਨੇ ਕਿਹਾ, ਮੈਨੂੰ ਅਪਣੇ ਵਪਾਰ ਤੋਂ ਕਿੱਥੋਂ ਵੇਹਲ ਕਿ ਇਹ ਗੱਲਾਂ ਪੜ੍ਹ ਸਕਾਂ? ਫੇਰ ਸੁਕਰਾਤ ਨੇ ਪੁਛਿਆ ਕਿ ਸ਼ਹਿਰ ਵਿਚ ਕਿਸ ਬੀਮਾਰੀ ਨਾਲ ਬਹੁਤੇ ਆਦਮੀ ਮੋਏ ਹਨ ਤੇ ਉਸਦਾ ਯੋਗ ਪ੍ਰਬੰਧ ਕੀ ਹੈ? ਉਸ ਨੇ ਕਿਹਾ ਮੈਨੂੰ ਪਤਾ ਨਹੀਂ। ਫਿਰ ਸੁਕਰਾਤ ਨੇ ਪੁਛਿਆ ਕਿ ਸ਼ਹਿਰ ਦੇ ਲੋਕਾਂ ਨੂੰ ਖਾਣ ਪੀਣ ਨੂੰ ਚੰਗਾ ਨਹੀਂ ਮਿਲਦਾ, ਕੀ ਬੰਦੋਬਸਤ ਹੋਵੇ ਕਿ ਇਸ ਪਾਸੇ ਤਰੱਕੀ ਹੋ ਸਕੇ? ਉਸਨੇ ਕਿਹਾ-ਮੈਨੂੰ ਤਾਂ ਇਹ ਜਾਚ ਨਹੀਂ। ਗਲ ਕੀਹ ਜਿੰਨੇ ਫਰਜ਼ ਮੈਂਬਰ ਦੇ ਹੋ ਸਕਦੇ ਸਨ, ਸਾਰਿਆਂ ਬਾਬਤ ਇਸ ਤਰ੍ਹਾਂ ਭੋਲੇ ਭਾ ਸੁਕਰਾਤ ਜੀ ਪੁੱਛੀ ਗਏ ਤੇ ਉਹ ਅਗੋਂ ਨੰਨੇ ਦੀ ਪੱਟੀ ਪੜ੍ਹੀ ਗਿਆ। ਅੰਤ ਸੁਕਰਾਤ ਨੇ ਪੁੱਛਿਆ ਕਿ ਮੈਂ ਸੁਣਿਆ ਹੈ ਕਿ ਤੁਸੀਂ ਕਮੇਟੀ ਦੇ ਮੈਂਬਰ ਬਣਨ ਲੱਗੇ ਹੋ? ਉਸਨੇ ਕਿਹਾ-ਹਾਂ। ਤਦ ਸੁਕਰਾਤ ਨੇ ਕਿਹਾ-ਜਿਤਨੀਆਂ ਗੱਲਾਂ ਮੈਂ ਪਹਿਲਾਂ ਆਪ ਤੋਂ ਪੁਛੀਆਂ ਹਨ ਤੇ ਆਪ ਨੇ ਕਿਹਾ ਹੈ ਕਿ ਮੈਨੂੰ ਪਤਾ ਨਹੀਂ, ਉਹ ਸਭ ਮੈਂਬਰ ਦੇ ਫਰਜ਼ ਹਨ। ਜੇ ਆਪ ਨੂੰ ਮੈਂਬਰੀ ਫਰਜ਼ਾਂ ਦਾ ਪਤਾ ਹੀ ਨਹੀਂ ਹੈ, ਤਾਂ ਆਪ ਮੈਂਬਰ ਹੋ ਕੇ ਕੀ ਕੰਮ ਨਿਬਾਹ ਸਕੋਗੇ? ਉਸ ਨੇ ਕਿਹਾ, ਕੁਛ ਨਹੀਂ। ਸੁਕਰਾਤ ਨੇ ਕਿਹਾ, ਕੀ ਫੇਰ ਇਹ ਮੁਨਾਸਬ ਹੈ ਕਿ ਤੁਸੀਂ ਮੈਂਬਰ ਬਣਕੇ ਸ਼ਹਿਰ ਦੀ ਭਲਿਆਈ ਦੇ ਰਸਤੇ ਵਿਚ ਰੋਕ ਬਣੋ, ਯਾ ਇਹ ਚੰਗਾ ਹੈ ਕਿ ਤੁਸੀਂ ਉਥੇ ਕਿਸੇ ਐਸੇ ਆਦਮੀ ਨੂੰ ਆਉਣ ਦਿਓ ਕਿ ਜੋ ਸੇਵਾ ਕਰ ਸਕੇ ਤੇ ਸ਼ਹਿਰ ਨੂੰ ਲਾਭ ਪੁਚਾ ਸਕੇ? ਇਹ ਗੱਲ ਉਸਦੇ ਦਿਲ ਲੱਗੀ ਤੇ ਉਸਨੇ ਮੈਂਬਰੀ ਦਾ ਸੰਕਲਪ ਛੱਡ ਦਿੱਤਾ।

* ਰਾਜਾ ਅਸ਼ੋਕ ਦੇ ਸਮੇਂ ਬੀ ਰਾਜ ਪ੍ਰਬੰਧ ਵਿਚ ਕੌਂਸਲਾਂ ਕਮੇਟੀਆਂ ਹਿੰਦ ਵਿਚ ਹੁੰਦੀਆਂ ਸੁਣੀਂਦੀਆਂ ਹਨ।

ਸੋ ਜੋ ਲੋਕ ਨਿਜ ਸੁਆਰਥ ਲਈ ਮੈਂਬਰ ਬਣਨ ਉਹ ਕਿਸ ਤਰ੍ਹਾਂ ਨਿਗਰਾਨੀਆਂ ਕਰ ਸੱਕਣ ਤੇ ਕਿਸ ਤਰ੍ਹਾਂ ਸੁਖ ਦੇ ਸੱਕਣ? ਤੇ ਉਹ ਬੀ ਕੀਹ ਸਾਰ ਸਕਣ ਕਿ ਜੋ ਆਪਣੇ ਫਰਜ਼ਾਂ ਤੋਂ ਨਾਵਾਕਫ ਹੁੰਦੇ ਹਨ।

ਬ੍ਰਿਸਟਰਾਣੀ— ਇਸਦਾ ਸੁਧਾਰ?

ਬ੍ਰਿਸਟਰ— ਵਿਦਜਾ।

ਬਾਬਾ— ਰੱਬ ਹੀਣ ਨਿਖਸਮੀ ਵਿਦਿਆ ਜਿਸ ਤਰ੍ਹਾਂ ਦੀ ਤੁਸੀਂ ਪਾਈ ਹੈ ਕਿ ਪਰਮੇਸ਼ਰ ਦੇ ਭੌ ਤੇ ਪਿਆਰ ਵਾਲੀ ਵਿਦਜਾ?

ਬ੍ਰਿਸਟਰ— (ਮੁਸਕ੍ਰਾ ਕੇ) ਜਿਵੇਂ ਤੁਸੀਂ ਆਖੋ। ਬਾਬਾ ਜੀ! ਇਹ ਤਾਂ ਮੇਰੀ ਸਮਝ ਵਿਚ ਆ ਗਿਆ ਹੈ ਕਿ 'ਭਲਿਆਈ ਵਾਲਾ ਅਨਪੜ੍ਹ' 'ਮੰਦੇ ਪੜ੍ਹੇ ਹੋਏ ਕੋਲੋਂ ਚੰਗਾ ਹੈ।

ਬਾਬਾ— ਇਹ ਗੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖੀ ਹੈ:-

ਪੜਿਆ ਹੋਵੈ ਗੁਨਹਗਾਰੁ ਤਾ
*ਓਮੀ ਸਾਧੁ ਨ ਮਾਰੀਐ॥

ਬ੍ਰਿਸਟਰ— ਹੱਛਾ...। ਗੁਰੂ ਗ੍ਰੰਥ ਸਾਹਿਬ ਜੀ ਬੜੇ ਹੀ ਅੱਛੇ ਮਾਲੂਮ ਦੇਂਦੇ ਹਨ, ਜਿਨ੍ਹਾਂ ਦੀ ਸਿਖਿਆ ਨਾਲ ਤੁਸੀਂ ਅੰਗ੍ਰੇਜ਼ੀ ਫਾਰਸੀ ਪੜ੍ਹੇ ਬਿਨਾ ਹੀ ਜਾਨਣਹਾਰੇ ਹੋ ਗਏ ਹੋ।

ਬਾਬਾ— ਓਥੇ ਲਿਖਿਆ ਹੈ 'ਵਿਦਿਆ ਵੀਚਾਰੀ ਤਾਂ ਪਰਉਪਕਾਰੀ'॥ ਐਸੀ ਵਿਦਜਾ ਲੋੜੀਏ ਕਿ ਜੋ ਅਪਨੇ ਵੀਚਾਰਨ ਹਾਰ ਨੂੰ ਪਰਉਪਕਾਰੀ ਬਣਾ ਦੇਵੇ।

ਬ੍ਰਿਸਟਰ— ਸੱਚ ਕਿਹਾ ਨੇ। ਜੋ ਵਿਦਜਾ ਅਸਾਂ ਪਾਈ ਹੈ, ਉਹ ਤਾਂ ਮਨੁੱਖ ਨੂੰ ਤ੍ਰਿੱਖੀ ਸਮਝ ਵਾਲਾ ਤੇ ਅਪਣੇ ਐਬ ਢਕਣ ਦੀ ਜਾਚ ਚੰਗੀ ਸਿੱਖ ਲੈਣ ਵਾਲਾ ਬਣਾ ਦੇਂਦੀ ਹੈ। ਪਰ ਚਾਹੀਦਾ ਹੈ ਕਿ ਵਿਦਜਾ ਪਾਕੇ ਬੰਦਾ ਸੱਚਾ ਤੇ ਪਰਉਪਕਾਰੀ ਬਣੇ। ...ਠੀਕ ਹੈ। ਬਾਬਾ ਜੀ! ਮੇਰਾ ਜੀ ਕਰਦਾ ਹੈ ਤੁਸਾਂ ਕੋਲ ਆ ਰਹਾਂ।

ਬਾਬਾ— ਪਿੰਡ ਵਿਚ ਕਚਹਿਰੀ ਨਹੀਂ, ਮੁਕੱਦਮੇ ਕੌਣ ਕਰੂ ਤੇ ਖੱਟੀ ਕਿਸ ਤਰ੍ਹਾਂ ਆਊ?

ਬ੍ਰਿਸਟਰ— ਖੱਟੀ ਤੋਂ ਨਹੀਂ, ਲੋਕਾਂ ਦੇ ਪਿਆਰ, ਸਫਾਈ ਤੇ ਨਿਰਮਲ ਜਲ ਪੌਣ ਤੋਂ ਕਹਿੰਦਾ ਹਾਂ।

ਬਾਬਾ— ਪਿੰਡਾਂ ਦਾ ਭੀ ਉਹ ਹਾਲ ਨਹੀਂ ਰਿਹਾ, ਜੋ ਕਦੇ ਹੁੰਦਾ ਸੀ।

ਬ੍ਰਿਸਟਰ— ਤੁਹਾਡਾ ਪਿੰਡ ਤਾਂ ਸੁਥਰਾ ਤੇ ਪਿਆਰਾਂ ਵਾਲਾ ਹੈ।

ਬਾਬਾ— ਬੜੀਆਂ ਮੁਸ਼ਕਲਾਂ ਨਾਲ ਬਣਾਇਆ ਹੈ ਚੰਗਾ। ...ਅਸਲ ਗੱਲ ਇਹ ਹੈ ਕਿ 'ਪੰਜਾਬ' ਪੰਜਾਬ ਵਿਚੋਂ ਵਿਦਾ ਹੋ ਰਿਹਾ ਹੈ, ਦੇਸ਼ ਨਿਕਾਲਾ ਪਾ ਰਿਹਾ ਹੈ। ਕੀ ਸ਼ਹਿਰ ਕੀ ਗਿਰਾਂ ਉਹ ਪੰਜਾਬ ਨਹੀਂ ਰਿਹਾ ਜੋ ਕਦੇ ਹੁੰਦਾ ਸੀ ਤੇ ਜੋ ਕੁਛ ਹੁਣ ਹੈ ਇਹ ਭੀ ਨਹੀਂ ਰਹਿਣਾ।

ਬ੍ਰਿਸਟਰ— ਕਿਉਂ ਤੇ ਕਿਸਤਰ੍ਹਾਂ?

ਬਾਬਾ— ਕਿਉਂ ਤਾਂ ਤੁਸੀਂ ਜਾਣੋਂ ਤੇ ਕਿਸਤਰ੍ਹਾਂ ਦਾ ਉੱਤਰ ਹੈ, ਤੁਹਾਡੀ ਦਇਆ ਨਾਲ (ਮੁਸਕ੍ਰਾਕੇ)।

ਬ੍ਰਿਸਟਰ— ਉਹ ਕਿੱਦਾਂ?

ਬਾਬਾ— ਉਹ ਜੋ ਵਿਦਜਾ ਵਿਦਜਾ ਦਾ ਵਹਿਸ਼ ਤੁਹਾਨੂੰ ਚੜ੍ਹ ਰਿਹਾ ਹੈ, ਨੇਕੀ ਤੋਂ ਸ਼ੁਨ ਵਿਦਜਾ ਜੋ ਦੇ ਰਹੇ ਹੋ, ਨੇਕੀ ਤੋਂ ਸੱਖਣੀ ਅਕਲ ਜੋ ਸਾਣ ਤੇ ਚਾੜ੍ਹ ਰਹੇ ਹੋ ਉਹ ਘਾਟੇ ਪਾ ਰਹੀ ਹੈ। ਪੰਜਾਬ ਦੇ ਲੋਕ ਸੱਤਵਾਦੀ ਹੁੰਦੇ ਸਨ, ਚੋਰੀ ਨਹੀਂ ਸਨ ਕਰਦੇ, ਪਰਉਪਕਾਰ ਤੇ ਭਲਾ ਕਰਦੇ ਸਨ। ਮੇਰੇ ਵੇਖਦਿਆਂ ਪਹਿਲਾਂ ਝੂਠ ਆਇਆ ਹੈ। ਅੱਗੇ ਲੋਕੀਂ ਅਸ਼ਟਾਮੀ ਕਾਗਤ ਤਾਂ ਨਹੀਂ ਸਨ ਜਾਣਦੇ, ਫੇਰ ਬਾਬੇ ਦਾ ਕਰਜ਼ਾ ਪੋਤੇ ਉਤਾਰਦੇ ਸਨ। ਐਡੀਆਂ ਕਚਹਿਰੀਆਂ ਤਾਂ ਅੱਗੇ ਨਹੀਂ ਸਨ, ਪਰ ਲੋਕੀਂ ਸੱਚ ਬੋਲਦੇ ਸਨ; ਹਾਕਮ ਤੜੱਕ ਫੈਸਲੇ ਕਰ ਦੇਂਦੇ ਸਨ। ਪਹਿਲਾਂ ਤਾਂ ਸਾਰੇ ਕੰਮ ਪੰਚਾਇਤਾਂ ਵਿਚ ਹੀ ਮੁੱਕ ਜਾਂਦੇ ਸਨ, ਹਾਕਮਾਂ ਤਕ ਕੋਈ ਹੀ ਪਹੁੰਚਦਾ ਸੀ। ਹੁਣ ਤੁਸਾਂ ਆਪੋ ਵਿਚ ਦਾ ਪਿਆਰ ਉਡਾ ਦਿੱਤਾ ਹੈ। ਹੰਨੇ ਹੰਨੇ ਮੀਰੀ ਹੈ। ਕਿਸੇ ਗੁਣ ਵਾਲੇ, ਕਿਸੇ ਪਰਉਪਕਾਰੀ, ਕਿਸੇ ਭਲੇ ਦਾ ਸਤਿਕਾਰ ਨਹੀਂ। ਖਲ ਗੁੜ ਇਕ ਕਰ ਛੋੜੀ ਨੇ। ਫੇਰ ਪੰਚਾਇਤਾਂ ਦਾ ਜੋ ਬਾਨ੍ਹਣੂ ਸੀ ਸੋ ਤੁਸਾਂ ਖੋਲ੍ਹ ਘੱਤਿਆ ਹੈ। ਹੁਣ ਭਾਈ ਬੰਦ ਬਰਾਦਰੀ ਦਾ ਕੋਈ ਸਤਿਕਾਰ, ਕੋਈ ਭੈ ਨਹੀਂ। ਹਰ ਕੋਈ ਮੁਤਾਣਾ ਬੂਥੀ ਚੁੱਕਦਾ ਹੈ ਤੇ ਥਾਣੇਂ ਕਚਹਿਰੀ ਭੰਨਾ ਜਾਂਦਾ ਹੈ। ਅੱਗੋਂ ਕੁੰਡੀਆਂ ਲਾਈ ਫੂਹੜੀਆਂ ਵਾਲੇ ਬੈਠੇ ਹਨ ਤੇ ਫੇਰ ਕੁਰਸੀਆਂ

* ਓਮੀ ਅਨਪੜ੍ਹ ਨੂੰ ਆਖਦੇ ਹਨ।

SIKHBOOKCLUB.COM

ਡਾਹੀ ਤੁਸੀਂ ਬੈਠੇ ਹੋ, ਐਉਂ ਲੋਕਾਂ ਨੂੰ ਕਚਹਿਰੀ ਚੜ੍ਹਨ ਦੀ ਬਾਣ ਪੈ ਗਈ ਹੈ। ਹੁਣ ਤੋੜੀ ਇਹ ਗੱਲ ਮਿਹਣੇ ਨਾਲ ਆਖੀ ਜਾਂਦੀ ਹੈ "ਫਲਾਣਾ ਕਚਹਿਰੀ ਜਾ ਚੜ੍ਹਿਆ ਜੇ"। ਸੋ ਜਦੋਂ ਸੱਚ ਗਿਆ, ਸਤਿਕਾਰ ਗਿਆ, ਤੇ ਫੇਰ ਨੇਕੀ ਤੋਂ ਖਾਲੀ ਵਿਦਜਾ ਆ ਗਈ, ਬਸ ਬਦੀ ਤ੍ਰਿੱਖੀ ਹੋ ਗਈ। ਜਦ ਨੇਕੀ ਤੋਂ ਜੋ ਛੁਟ ਮਿਲੀ ਉਸ ਮੰਦੀ ਛੁਟ ਦਾ ਫਲ ਉਹੋ— ਜੋ ਤੁਸੀਂ ਦੇਖ ਰਹੇ ਹੋ-ਅਸ਼ਾਂਤੀ, ਦੁੱਪਰਿਆਰ ਤੇ ਬਖੀਲੀ।

ਖ੍ਰਿਸਟਰ— (ਹਾਹੁਕਾ ਲੈਕੇ) ਤੁਸਾਂ ਦਾ ਕਹਿਣਾ ਹੈ ਕੌੜਾ, ਪਰ ਹੈ ਸੱਚ। ਪਿੰਡਾਂ ਦਾ ਹਾਲ ਭੀ ਖਰਾਬ ਹੋ ਰਿਹਾ ਹੈ। ਮੈਂ ਤਾਂ ਸਮਝਦਾ ਹੀ ਇਹ ਸੀ ਕਿ ਜਿੰਨੇ ਸ਼ਰਾਰਤੀ ਲੋਕ ਹਨ ਤੇ ਜਿੰਨੇ ਵੈਰ ਵਿਹਾਝੂ ਹਨ ਸਭ ਪਿੰਡਾਂ ਵਿਚ ਹਨ, ਤੁਹਾਡੇ ਪਿੰਡ ਆਕੇ ਮੇਰੀ ਰਾਇ ਬਦਲੀ ਹੈ।

ਬਾਬਾ— ਇਸ ਪਿੰਡ ਤੇ ਗੁਰੂ ਕਿਆਂ ਦੀ ਮਿਹਰ ਹੈ। ਲੋਕੀਂ ਪੁਰਾਤਨ ਤਰੀਕਿਆਂ ਤੇ ਚਲਦੇ ਹਨ, ਸਿੱਧੇ ਹਨ, ਬਾਣੀ ਪੜ੍ਹਦੇ ਹਨ, ਵਿਚਾਰਦੇ ਹਨ ਤੇ ਆਪਣੇ ਪੜ੍ਹੇ ਪੁਰ ਪਹਿਰਾ ਦੇਂਦੇ ਹਨ। ਸ਼ਰਾਬ ਦੇ ਠੇਕੇ ਦੀ ਹੱਟੀ ਸੀ, ਅਸੀਂ ਉਠਾ ਦਿੱਤੀ ਹੈ। ਸਵੇਰੇ ਸਾਰੇ ਉੱਠਕੇ ਧਰਮਸਾਲੇ ਜਾਂਦੇ ਹਨ ਤੇ ਵਾਰ ਸੁਣਦੇ ਹਨ, ਸੋ ਸਭਨਾਂ ਦੇ ਦਿਲਾਂ ਤੇ ਵਾਰ ਦਾ ਅਸਰ ਹੋ ਜਾਂਦਾ ਹੈ। ਪਰਮੇਸ਼ੁਰ ਦੇ ਭੈ ਵਿਚ ਵੱਸਦੇ ਹਨ ਤੇ ਵਰਤੋਂ ਪਿਆਰ ਦੀ ਰੱਖਦੇ ਹਨ। ਪਰ ਹੋਰਨੀਂ ਥਾਈਂ ਸਭ ਤੋਂ ਪਹਿਲੀ ਭੁੱਲ ਇਹ ਵਾਪਰੀ ਹੈ ਕਿ ਧਰਮਸਾਲ ਨਾਲ ਪਿਆਰ ਨਹੀਂ ਰਿਹਾ। ਕੋਈ ਆਖਦਾ ਹੈ ਤੜਕੇ ਹਲ ਜੋਪਣਾ ਹੈ, ਕੌਣ ਵਾਰ ਸੁਣਨ ਜਾਵੇ? ਕੋਈ ਆਖਦਾ ਹੈ ਖੂਹ ਜੋਣਾ ਹੈ, ਕੌਣ ਧਰਮਸਾਲੇ ਜਾਵੇ? ਇਸ ਤਰ੍ਹਾਂ ਜਿੱਥੇ ਹਰ ਪੇਂਡੂ ਸਵੇਰੇ ਤੇ ਸੰਝ ਧਰਮਸਾਲ ਜ਼ਰੂਰ ਜਾਂਦਾ ਸੀ, ਹੁਣ ਨਹੀਂ ਜਾਂਦਾ। ਫਲ ਇਹ ਕਿ ਉਸਦੇ ਮਨ ਨੂੰ ਭੋਜਨ ਮਿਲਨਾ ਬੰਦ ਹੋ ਗਿਆ ਹੈ, ਸੋ ਮਨ ਭੁੱਖੇ ਤੇ ਲਿੱਸੇ ਹੋ ਗਏ ਹਨ। ਉਧਰ ਧਰਮਸਾਲ ਦੀ ਰੌਣਕ ਘਟ ਗਈ, ਭਾਈ ਢਿੱਲੇ ਹੋ ਗਏ ਤੇ ਦਲਿੱਦਰ ਪੈ ਗਏ। ਤੜਕੇ ਨਹੀਂ ਉੱਠਦੇ, ਵਾਰ ਨਹੀਂ ਲੱਗਦੀ। ਜਿਹੜੇ ਪਿੰਡ ਛੋਟੇ ਤੇ ਗਰੀਬ ਹਨ, ਉਥੇ ਸਵੇਰੇ ਭਾਈ ਸੁਖਮਨੀ ਦਾ ਪਾਠ ਕਰਦਾ ਹੁੰਦਾ ਸੀ, ਹੁਣ ਜਦ ਸੁਣਨ ਵਾਲਾ ਕੋਈ ਨਾ ਆਇਆ ਤਾਂ ਭਾਈ ਨੇ ਤਣਾਵਾਂ ਢਿੱਲੀਆਂ ਛੱਡ ਦਿੱਤੀਆਂ। ਕਈ ਪਿੰਡੀਂ ਤਾਂ ਭਾਈਆਂ ਨੇ ਦੁਪਹਿਰੇ ਨੀਂਗਰਾਂ ਨੂੰ ਪੜ੍ਹਾਉਣਾ ਭੀ ਛੱਡ ਦਿੱਤਾ ਹੈ। ਪਹਿਲੇ ਸਮੇਂ ਵਾਰ ਦੇ ਮਗਰੋਂ ਭਾਈ ਪਿੰਡ ਦੇ ਨੀਂਗਰਾਂ ਨੂੰ ਗੁਰਮੁਖੀ ਪੜ੍ਹਾਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਤੇ ਸਮਝ ਤੱਕ ਦੀ ਸਿਖਿਆ ਦੇਂਦਾ ਹੁੰਦਾ ਸੀ, ਜਿਸ ਕਰਕੇ ਹਰ ਪਿੰਡ ਦਾ ਪੜ੍ਹਿਆ ਪਿਆਰ ਵਾਲਾ ਬੰਦਾ ਬਣ ਜਾਂਦਾ ਸੀ। ਹੁਣ ਨੀਂਗਰ ਬਾਲਪਨੇ ਤੋਂ ਹੀ ਗੁੱਲੀ ਡੰਡੇ ਖੇਡਦੇ ਤੇ ਡੰਗਰਾਂ ਮਗਰ ਭੱਜੇ ਫਿਰਦੇ ਹਨ। ਕੁਛ ਲਾਗ ਦੇ ਪਿੰਡੀਂ ਡਿੰਗੇ ਅੱਖਰ ਪੜ੍ਹਕੇ ਤੁਸਾਡੇ ਵਰਗੇ ਵਕੀਲ ਸ਼ਕੀਲ ਬਣਕੇ ਸ਼ਹਿਰਾਂ ਵਿਚ ਜਾ ਵੱਸੇ ਹਨ। ਕੋਈ ਕੰਬੋਆਂ ਦੇ ਮੁੰਡੇ ਵਾਂਗ ਅਫਸਰ ਬਣਕੇ ਹੁਕਮ ਹਾਸਲ ਕਰ ਪਾਪ ਦੀ ਗੱਡ ਰੇੜ੍ਹ ਰਹੇ ਹਨ। ਕਈ ਪੜ੍ਹਕੇ ਸ਼ਹਿਰੀਆਂ ਤੇ ਪੇਂਡੂਆਂ ਦੀ ਫੁੱਟ ਪੁਆ ਰਹੇ ਹਨ। ਕਈ ਸਿੱਖਾਂ ਵਿਚ ਬੀ ਜਾਤਾਂ ਦੀ ਵੰਡ ਵਾੜ ਰਹੇ ਹਨ। ਇਸ ਤਰ੍ਹਾਂ ਧਰਮਸਾਲਾ ਤੋਂ ਘੁੱਸਕੇ ਪਿੰਡਾਂ ਦਾ ਨੇਕੀ ਦਾ ਸਾਰਾ ਬਾਨਣੂ ਖੁੱਲ੍ਹ ਰਿਹਾ ਹੈ। ਕਈ ਪਿੰਡੀਂ ਤਾਂ ਧਰਮਸਾਲੇ ਲੋਕੀ ਮੁੰਜ ਸੂਤੜੀ ਤੇ ਤੂੜੀਆਂ ਭਰਦੇ ਹਨ ਤੇ ਡੰਗਰ ਬੰਨ੍ਹ ਆਉਂਦੇ ਹਨ। ਟਾਵੇਂ ਥਾਈਂ ਤਾਂ ਭਾਈ ਦੀ ਥਾਵੇਂ ਕੋਈ ਝੂਠੇ ਉਗਾਹ ਬਣਨ ਵਾਲੇ ਬਹਾ ਦੇਂਦੇ ਹਨ, ਫੇਰ ਉਹ ਜੋ ਬੈਠਦੇ ਹਨ ਸੋ ਪ੍ਰਕਾਸ਼ ਭੀ ਨਹੀਂ ਕਰਦੇ।

ਗੁਰੂ ਨਾਨਕ ਦੇਵ ਜੀ ਨੇ ਜਦ ਸੱਚੇ ਧਰਮ ਦਾ ਪ੍ਰਚਾਰ ਕੀਤਾ ਤਾਂ ਪ੍ਰਜਾ ਵਿਚ ਬੜਾ ਸੁਹਣਾ ਧਰਮ ਸਿਖਾਇਆ:-

ਕਿਰਤ ਕਰਨੀ,
ਵੰਡ ਛਕਣਾ ਤੇ
ਨਾਮ ਜਪਣਾ।

ਤੇ ਕਲਗੀਆਂ ਵਾਲੇ ਨੇ ਜਥੇਬੰਦ ਕਰਕੇ ਬੀਰ ਰਸੀਆ ਉਤਸ਼ਾਹੀ ਖਾਲਸਾ ਸਾਜ ਦਿੱਤਾ, ਜੋ ਇਕ ਹੱਥ ਵਾਹਿਗੁਰੂ ਦੇ ਚਰਨਾਂ ਵੱਲ ਰਹੇ ਤੇ ਦੂਜਾ ਹੱਥ ਧਰਮ ਦੀ ਕਿਰਤ ਵੱਲ ਰਹੇ। ਤਦੋਂ ਧਰਮਸਾਲ ਹੀ ਮੁੱਢ ਸੀ। ਗੁਰੂ ਨਾਨਕ ਦੇਵ ਜੀ ਨੇ ਸੱਚੇ ਰਸਤੇ ਪਾ ਕੇ ਹਰ ਥਾਂ ਧਰਮਸਾਲ ਬਨਵਾਈ ਕਿ ਏਥੇ ਕੱਠੇ ਹੋਕੇ ਸਾਰੇ ਪਰਮੇਸ਼ੁਰ ਨੂੰ ਯਾਦ ਕਰਨ, ਭਲਿਆਈ

ਸਿੱਖਣ ਤੇ ਭਲਿਆਈ ਦਾ ਪ੍ਰਚਾਰ ਕਰਨ। ਪਿੰਡਾਂ ਨੇ ਇਹ ਭਾਰੀ ਭੁੱਲ ਕੀਤੀ ਹੈ ਕਿ ਧਰਮਸਾਲ ਵਰਗੀ ਪੱਕੀ ਨੀਂਹ ਤੋਂ ਉਪਰਾਮਤਾ ਕੀਤੀ ਹੈ, ਇਸੇ ਕਰਕੇ ਤੁਸੀਂ ਕਚਹਿਰੀਆਂ ਵਿਚ ਸਾਨੂੰ ਰੁਲਦਾ ਦੇਖਦੇ ਹੋ। ਸਾਡੇ ਹੀ ਰੁਪੱਯਾਂ ਤੋਂ ਤੁਸੀਂ ਮੋਟਰਕਾਰਾਂ ਲੈ ਕੇ ਫੇਰ ਸਾਡੇ ਹੀ ਬਾਲਾਂ ਉਤੋਂ ਦੀ ਲੰਘਾਉਂਦੇ ਹੋ। ਜੇ ਧਰਮਸਾਲ ਸੁਰਜੀਤ ਹੋਵੇ— ਜੋ ਕਿਸੀ ਸਮੇਂ ਸੀ— ਤਾਂ ਕਚਹਿਰੀ ਵਿਚ ਮੁਕੱਦਮੇ ਇੰਨੇ ਥੋੜੇ ਜਾਣ ਕਿ ਇਕ ਇਕ ਸ਼ਹਿਰ ਲਈ ਦੋ ਇਕ ਵਕੀਲ ਬਸ ਹੋ ਜਾਣ। ਪਰ ਕਰੀਏ ਕੀ, ਬ੍ਰਿਸਟਰ ਜੀ! ਸੋਚੋ ਤੁਸਾਂ ਆਸਾ ਦੀ ਵਾਰ ਤੇ ਗੁਰੂ ਕੇ ਸ਼ਬਦ ਕੋਈ ਕੋਈ ਸੁਣੇਂ ਹਨ, ਵਿਚਾਰੋ, ਜੋ ਕੋਈ ਇਹ ਸਿੱਖਿਆ ਰੋਜ਼ ਸੁਣੇਂ ਤੇ ਅਮਲ ਕਰੇ ਤਾਂ ਕਿਉਂ ਨਾ ਸੁਖੀ ਹੋਵੇ ਤੇ ਸੁਖ ਦੇਵੇ। ਧਰਮਸਾਲ ਦਾ ਗ੍ਰੰਥੀ ਇਕ ਨਮੂਨੇ ਦਾ ਸਿੱਖ ਹੁੰਦਾ ਸੀ, ਜੋ ਨਾਮ ਬਾਣੀ ਦਾ ਪ੍ਰੇਮੀ ਤੇ ਸੁਤੇ ਉਪਕਾਰੀ ਹੁੰਦਾ ਸੀ। ਪਿੰਡ ਉਸ ਦਾ ਸਤਿਕਾਰ ਕਰਦਾ ਸੀ, ਉਹ ਸਭ ਨਾਲ ਪਿਆਰ ਕਰਦਾ ਸੀ ਤੇ ਉਸਦਾ ਜੀਵਨ ਸ਼ੁਭ ਨਮੂਨਾ ਗੁਰੂਬਾਣੀ ਦੇ ਅਮਲ ਦਾ ਹੁੰਦਾ ਸੀ। ਫਿਰ ਬੱਚਿਆਂ ਨੂੰ ਉਹ ਸੁਮੱਤ ਦੇਂਦਾ ਸੀ। ਉਧਰ ਪੰਚੈਤ ਜੁੜਕੇ ਝਗੜੇ ਨਬੇੜਦੀ ਸੀ ਤੇ ਭਾਈ ਹੁਰਾਂ ਦੇ ਬਚਨ ਨੂੰ ਸਭ ਪਰਵਾਨ ਕਰਦੇ ਸਨ। ਇਸ ਤਰ੍ਹਾਂ ਪਿੰਡ ਵਿਚੋਂ ਦੁੱਖ ਤੇ ਕਲੇਸ਼ ਦੂਰ ਰਹਿੰਦਾ ਸੀ। ਧਰਮਸਾਲ ਦੇ ਛੱਡਣ ਨਾਲ ਇਹ ਨਮੂਨੇ ਦਾ ਸਿੱਖ ਭੀ ਗਿਆ ਤੇ ਗੁਰਬਾਣੀ ਦੀ ਸਿੱਖਿਆ ਭੀ ਗਈ। ਇਸ ਤਰ੍ਹਾਂ ਪਿੰਡਾਂ ਵਿਚ ਉਹ ਮਨ ਦਾ ਸੁਖ ਨਹੀਂ ਰਿਹਾ ਜੋ ਕਦੇ ਹੁੰਦਾ ਸੀ। ਬਾਕੀ ਰਿਹਾ ਸ਼ਰੀਰਕ ਸੁਖ, ਉਹ ਭੀ ਪਿੰਡਾਂ ਵਿਚ ਉੱਨਾਂ ਨਹੀਂ ਰਿਹਾ ਜੋ ਅੱਗੇ ਸੀ। ਕਾਰਨ ਉਹੋ ਸ਼ਹਿਰਾਂ ਦੀ ਲਾਗ ਹੈ। ਸਾਡੇ ਜੋ ਆਦਮੀ ਮੁਕੱਦਮਿਆਂ ਤੇ ਸ਼ਹਿਰੀਂ ਜਾਂਦੇ ਹਨ, ਸ਼ਹਿਰੀਆਂ ਦੀਆਂ ਨਕਲਾਂ ਸਿੱਖ ਆਉਂਦੇ ਹਨ। ਇਕ ਪੇਂਡੂ ਲਈ ੧੦ ਜਾਂ ੨੦ ਕੋਹ ਰੋਜ਼ ਪੈਂਡਾ ਕਰਨਾ ਕੁਛ ਗੱਲ ਨਹੀਂ ਸੀ ਹੁੰਦਾ, ਪਰ ਹੁਣ ਤੁਸੀਂ ਡਿੱਠਾ ਹੋਊ ਜੋ ਚਾਰ ਕੋਹ ਜਾਣਾਂ ਹੋਵੇ ਤੇ ਰੇਲ ਜਾਂਦੀ ਹੋਵੇ ਉਥੇ ਬੀ ਪੇਂਡੂ ਰੇਲੇ ਹੀ ਚੜ੍ਹੂ। ਪੇਂਡੂ ਹੁਣ ਬਾਬੂਆਂ ਦੇ ਧੱਕੇ ਖਾਂਦੇ ਹਨ, ਭੀੜਾਂ ਝੱਲਦੇ ਹਨ ਪਰ ਰੇਲੇ ਜ਼ਰੂਰ ਚੜ੍ਹਦੇ ਹਨ। ਪਿੰਡਾਂ ਵਿਚ ਅੱਗੇ ਜ਼ਨਾਨੀਆਂ ਆਪ ਪੀਂਹਦੀਆਂ ਸਨ। ਕਿਤੇ ਕਿਤੇ ਖਰਾਸ ਹੁੰਦਾ ਸੀ। ਹੁਣ ਐਲਿੰਜਨ (ਆਇਲ ਇੰਜਨ) ਤੇ ਕਲਾ ਵਾਲੀਆਂ ਇਕ ਇਕ ਦੋ ਦੋ ਚੱਕੀਆਂ ਪਿੰਡੀਂ ਲੱਗ ਰਹੀਆਂ ਹਨ। ਕਈ ਥਾਂ ਘੁਰਾਟ ਨੇੜੇ ਹਨ। ਬੱਸ ਪਿੰਡਾਂ ਦੀਆਂ ਸੁਆਣੀਆਂ ਭੀ ਪੀਹਣੋਂ ਕੰਨੀ ਕਤਰਾਉਣ ਲੱਗ ਪਈਆਂ ਹਨ। ਕਈ ਘੁਰਾਟੀਏ ਤੇ ਮਸ਼ੀਨਾਂ ਵਾਲੇ ਮੰਮਣੀ ਤੇ ਭੈੜੀ ਤਰ੍ਹਾਂ ਦੇ ਜੌਂ ਤੇ ਕਈ ਭੱਸ ਖਰਾਬੇ ਰਲਾ ਦੇਂਦੇ ਹਨ, ਜਿਸ ਨਾਲ ਆਟਾ ਸੁਥਰਾ ਨਹੀਂ ਮਿਲਦਾ।

ਪਿੰਡਾਂ ਦਿਆਂ ਲੋਕਾਂ ਨੇ ਸ਼ਾਮਲਾਟਾਂ ਵਾਹੀ ਹੇਠ ਲੈ ਆਉਣੀਆਂ ਅਰੰਭ ਦਿੱਤੀਆਂ ਹਨ। ਕਣਕਾਂ ਤੇ ਕੁਪਾਹਾਂ ਦੇ ਭਾ ਚੜ੍ਹ ਜਾਣ ਕਰਕੇ* ਲੋਕਾਂ ਨੇ ਹਰ ਟੋਟੇ ਨੂੰ ਵਾਹੀ ਹੇਠ ਲੈ ਆਂਦਾ ਹੈ। ਹੁਣ ਸਿੱਟਾ ਇਹ ਹੈ ਕਿ ਗਊਆਂ ਦੇ ਚਰਨ ਵਾਸਤੇ ਸਾਂਝੀਆਂ ਥਾਂਵਾਂ ਘਟ ਰਹੀਆਂ ਹਨ, ਸੋ ਹਰ ਕੋਈ ਲਵੇਰਾ ਨਹੀਂ ਰੱਖ ਸਕਦਾ। ਸ਼ਹਿਰਾਂ ਨਾਲੋਂ ਪਿੰਡੀਂ ਅਜੇ ਭੀ ਸਹੂਲਤ ਹੈ, ਪਰ ਪਿੰਡਾਂ ਦੀ ਅਗਲੀ ਹਾਲਤ ਨਾਲੋਂ ਪਿੰਡਾਂ ਵਿਚ ਹੁਣ ਤੰਗੀ ਹੈ। ਦੁਧ, ਮੱਖਣ ਘਿਉ ਪਿੰਡਾਂ ਵਿਚ ਅੱਗੇ ਵਾਂਗੂੰ ਨਹੀਂ ਮਿਲਦੇ, ਇਸੇ ਕਰਕੇ ਸ਼ਰੀਰ ਭੀ ਤਕੜੇ ਨਹੀਂ। ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਉਸਦੇ ਫੌਜੀ ਜੁਆਨ ਦੇਉ ਕੱਦ ਤੇ ਪਹਾੜ ਵਾਂਙੂ ਛਾਤੀਆਂ ਵਾਲੇ ਹੁੰਦੇ ਸਨ; ਹੁਣ ਉਜੇਹੇ ਜੁਵਾਨ ਕਿੱਥੇ ਹਨ? ਹੈਨ ਅਜੇ ਭੀ ਹੋਰਨਾਂ ਤੋਂ ਤਕੜੇ, ਪਰ ਕੱਸੇ। ਮੈਨੂੰ ਇਕ ਮੁਸਲਮਾਨ ਬੁੱਢਾ ਮਿਲਿਆ ਸੀ ਜੋ ਸ਼ਾਹਬਲੋਲ ਸੀ ਉਸ ਦਿਨ ਜਿਸ ਦਿਨ ਕਿ ਮਹਾਰਾਜਾ ਸ਼ੇਰ ਸਿੰਘ ਆਪਣੀਆਂ ਫੌਜਾਂ ਦੀ ਪ੍ਰੇਟ ਲੈਂਦਾ ਘਾਤ ਕੀਤਾ ਗਿਆ ਸੀ। ਉਹ ਬੁੱਢਾ ਰੋ ਰੋਕੇ ਦੱਸਦਾ ਸੀ ਤਦੋਂ ਦੇ ਹਾਲ ਕਿ ਓਹ ਸਜੀਲੇ ਜੁਆਨ ਬ੍ਰਿਛਾਂ ਤੋਂ ਉਚੇ ਤੇ ਸੁਹਣੇ ਕੱਦਾਵਰ ਸੁਪਨਾ ਹੋ ਗਏ ਹਨ। ਮੈਂ ਕੇਡਾ ਤਕੜਾ ਦਿੱਸਦਾ ਹਾਂ, ਪਰ ਆਪਣੇ ਬਾਪੂ ਜੀ ਤੋਂ ਛੋਟਾ ਹਾਂ। ਸਾਨੂੰ ਹੁਣ ਉਹ ਮੱਖਣ ਤੇ ਦੁੱਧ ਨਹੀਂ ਮਿਲਦੇ ਜੋ ਉਨ੍ਹਾਂ ਦੇ ਵੇਲੇ ਸਾਡੇ ਘਰੀਂ ਹੁੰਦੇ ਸਨ। ਤੁਸੀਂ ਪੜ੍ਹੇ ਲਿਖੇ ਸਾਓ ਤੁਹਾਡੇ ਖਿਆਲ ਅਪਣੀਆਂ ਅਮੀਰੀਆਂ ਵਲ ਪੈ ਰਹੇ ਹਨ। ਨਾ ਤੁਸੀਂ

* ਜਦੋਂ ਇਹ ਪੋਥੀ ਲਿਖੀ ਗਈ ਸੀ ਕਣਕ ਅਠ ਸੇਰ ਰੁਪਏ ਤਕ ਅੱਪੜ ਪਈ ਸੀ ਤੇ ਫੇਰ ਸਵਾ ਦੋ ਸੇਰ ਤੱਕ ਬੀ ਹੋ ਚੁਕੀ ਹੈ।

 www.sikhbookclub.com

ਆਪਣੇ ਦੇਸ਼ ਦੇ ਲੋਕਾਂ ਦੇ ਸਰੀਰ ਤਕੜੇ ਕਰਨ ਦਾ ਫਿਕਰ ਕਰਦੇ ਹੋ, ਨਾ ਬੀਮਾਰੀ ਘਟਾਉਣ ਦਾ, ਨਾ ਦਇਆ ਧਰਮ ਪਜਾਰ ਨੇਕੀ ਸਚ ਤੇ ਵੰਡ ਛਕਣ ਦਾ ਭਾਉ ਵਧਾਉਂਦੇ ਹੋ।

* * * * *

੨੧.

ਇਸ ਵੇਲੇ ਤੋਂ ਕੁਛ ਚਿਰ ਪਹਿਲਾਂ ਦਾ ਇਕ ਮਿਤ ਸਿੰਘ ਨਾਉਂ ਦਾ ਸਮਝ ਵਾਲਾ ਜ਼ਿਮੀਂਦਾਰ ਆਯਾ ਬੈਠਾ ਸੀ। ਇਹ ਇਕ ਲਾਗਲੇ ਪਿੰਡ ਰਹਿੰਦਾ ਸੀ ਤੇ ਬਾਬੇ ਪਾਸ ਸੁਮੱਤਾਂ ਲੈਣ ਆਉਂਦਾ ਸੀ। ਇਸ ਨੂੰ ਸ਼ੌਕ਼ ਸੀ ਕਿ ਇਸਦਾ ਪਿੰਡ ਵੀ ਬਾਬੇ ਦੇ ਪਿੰਡ ਵਾਂਗੂੰ ਦਰਦ ਵੰਡਾਉਣ ਵਾਲਾ, ਆਪੋ ਵਿਚ ਪਿਆਰ ਕਰਨ ਵਾਲਾ, ਸੁਖ ਦੇਣ ਵਾਲਾ ਤੇ ਬਾਣੀ ਦਾ ਪ੍ਰੇਮੀ ਹੋ ਜਾਏ। ਇਹ ਬਾਬਾ ਜੀ ਤੇ ਬ੍ਰਿਸਟਰ ਦੀਆਂ ਗਲਾਂ ਪ੍ਰੇਮ ਨਾਲ ਸੁਣਦਾ ਰਿਹਾ ਸੀ ਤੇ ਇਸਦੇ ਆਪਣੇ ਸਿਰ ਵਿਚ ਬੀ ਕਈ ਗਲਾਂ ਫੁਰ ਰਹੀਆਂ ਸਨ, ਜਿਨ੍ਹਾਂ ਨੂੰ ਤੋਲਦਾ, ਜਾਚਦਾ ਤੇ ਰੋਕਦਾ ਸੀ। ਏਥੇ ਕੁ ਆ ਕੇ, ਇਕ ਗਲ ਜੋ ਉਸ ਨੂੰ ਕਈ ਵਾਰੀ ਫੁਰੀ ਸੀ, ਕਹਿਣੋਂ ਨਾ ਰੁਕ ਸਕਿਆ। ਸੋ ਐਉਂ ਬੋਲਿਆ:-

ਮਿਤ ਸਿੰਘ— ਭਲਾ ਬਾਬਾ ਜੀ! ਜੇ ਮੈਂ ਇਕ ਸਿੱਧੀ ਜਿਹੀ ਗਲ ਆਖਾਂ ਤਾਂ ਤੁਸੀਂ ਗੁੱਸੇ ਤਾਂ ਨਾ ਹੋਸੋ। ਗਲ ਮੈਂ ਇਨ੍ਹਾਂ ਨੂੰ (ਬ੍ਰਿਸਟਰ ਵਲ ਸੈਨਤ ਕਰ ਕੇ) ਕਹਿਣੀ ਹੈ।

ਬਾਬਾ— ਕੋਈ ਸੁਹਣੀ ਗਲ ਆਖੇਂਗਾ ਬੱਚਾ! ਤਾਂ ਕਿਸੇ ਨੇ ਕਾਸ ਨੂੰ ਗਰਿੰਜ ਹੋਣਾ ਹੈ, ਤੂੰ ਜਮ ਜਮ ਕਹੁ ਪਰ ਦਿਲ ਦੁਖਾਵੀਂ ਨਾ ਆਖੀਂ।

ਮਿਤ ਸਿੰਘ— ਨਹੀਂ ਜੀ, ਬਾਬਾ ਜੀ! ਗਲ ਇਹ ਹੈ ਬ੍ਰਿਸਟਰ ਜੀ! ਕਿ ਪਹਿਲੇ ਸਾਡੇ ਦੇਸ ਵਿਚ ਬਾਰਾਂ ਹੁੰਦੀਆਂ ਸਨ। ਜਿਥੇ ਬਰਸਾਤ ਵਿਚ ਬੜੇ ਘਾਹ ਉਗਦੇ ਸਨ। ਇੰਨੀਂ ਥਾਈਂ ਜਾਂਗਲੀ ਤੇ ਗੋਇਲ ਲੋਕ ਗਾਵਾਂ ਮੱਝੀਆਂ ਰਖਦੇ ਸਨ ਤੇ ਘਿਉ ਬਣਾਉਂਦੇ ਸਨ। ਤਦੋਂ ਘਿਉ ਸੁੱਚੇ ਮਿਲਦੇ ਸਨ ਤੇ ਬੜੇ ਸਸਤੇ ਹੁੰਦੇ ਸਨ। ਹੁਣ ਸਰਕਾਰ ਨੇ ਬਾਰਾਂ ਵਹਾਕੇ ਕਣਕਾਂ ਤੇ ਕੁਪਾਹਾਂ ਦਾ ਰੰਗ ਲਾ ਦਿੱਤਾ ਹੈ। ਲੋਕੀਂ ਪੈਸੇ ਵਾਲੇ ਭੀ ਹੋ ਗਏ ਹਨ, ਪਰ ਸਾਨੂੰ ਤਾਂ ਕੂਣ ਦੀ ਜਾਚ ਨਹੀਂ ਨਾਂ, ਤੁਸੀਂ ਅਕਲਵੰਦ ਲੋਕ ਹੋ, ਸਰਕਾਰ ਨੂੰ ਸਮਝਾਓ ਕਿ ਕਣਕਾਂ ਕੁਪਾਹਾਂ ਤਾਂ ਵਧੀਆਂ ਪਰ ਘਿਉ ਘਟ ਗਿਆ ਹੈ ਤੇ ਹੁਣ ਤੇਲਾਂ ਤੇ ਚਰਬੀਆਂ ਦੇ ਘਿਉ ਪਏ ਬਣਦੇ ਹਨ। ਸਰਕਾਰ ਕੁਝ ਹਜ਼ਾਰ ਮੁਰੱਬੇ ਨਿਰੀ ਚਰਾਗਾਹ ਬਣਾ ਕੇ ਲਵੇਰਿਆਂ ਲਈ ਰੱਖੇ, ਜਿੱਥੇ ਸੁੱਚਾ ਘਿਉ ਬਣੇ ਤੇ ਦੇਸ਼ ਆ ਕੇ ਵਿਕੇ*। ਕਿਉਂਕਿ ਜੇ ਪਰਜਾ ਲਿੱਸੀ ਤੇ ਨਿਤਾਣੀ ਹੋ ਗਈ ਤਾਂ ਅਸੀਂ ਤਾਂ ਕਮਜ਼ੋਰੇ ਪੈ ਜਾਵਾਂਗੇ ਪਰ ਫੇਰ ਸਰਕਾਰ ਨੂੰ ਭੀ ਫੌਜਾਂ ਲਈ ਗਿੱਠਮੁਠੀਏ ਤੇ ਨਿਰਬਲ ਹੀ ਮਿਲਨਗੇ ਜੋ ਦੇਸ਼ ਦੀ ਰੱਖਿਆ ਨਹੀਂ ਕਰ ਸਕਣਗੇ।

ਮੈਂ ਇਕ ਗੱਲ ਹੋਰ ਆਖਾਂ। ਤੁਸੀਂ ਹੱਸੋਗੇ ਆਖੋਗੇ ਅਨਪੜ੍ਹਾਂ ਦੀਆਂ ਗੱਪਾਂ। ਪਰ ਮੇਰੇ ਜੀ ਗੱਲ ਇਕ ਫੁਰਦੀ ਹੈ ਜੋ ਰੁਕਦੀ ਨਹੀਂ, ਜਿਸਦਾ ਫਲ ਸਰਕਾਰ ਨੂੰ ਤੇ ਪਰਜਾ ਨੂੰ ਅੰਤ ਦਾ ਚੰਗਾ ਹੋ ਸਕਦਾ ਹੈ। ਪਰ ਮੈਂ ਹਾਂ ਪਿੰਡ ਦਾ ਰਹਿਣ ਵਾਲਾ, ਇਹ ਮੈਨੂੰ ਪਤਾ ਨਹੀਂ ਕਿ ਉਹ ਸਿਰੇ ਚੜ੍ਹ ਸਕਦੀ ਹੈ ਕਿ ਨਹੀਂ, ਇਹ ਤੁਸਾਂ ਵੀਚਾਰ ਲੈਣਾਂ ਤੇ ਜੇ ਮਾੜੀ ਹੋਈ ਤਾਂ ਗੁੱਸੇ ਨਾਂ ਹੋਣਾ ਕਿਉਂਕਿ ਮੇਰੀ ਸੋਚ ਭਲੇ ਦੀ ਹੈ, ਗੱਲ ਇਹ ਹੈ:-

ਦੁਆਬੇ ਸਿੰਧ ਸਾਗਰ ਵਿਚ ਹਜ਼ਾਰਾਂ ਮੀਲਾਂ ਭੋਆਂ ਪਈਆਂ ਹਨ। ਦਰਯਾ ਅਟਕ ਵਿਚ ਅਮਿੱਤ ਪਾਣੀ ਹੈ। ਇਥੋਂ ਨਹਿਰ ਬਨਾਈ ਜਾਵੇ ਤੇ ਕੁਛ ਖਾਸ ਹਿੱਸੇ ਵਿਚ ਕਣਕ ਏਨੀਂ ਪੈਦਾ ਕੀਤੀ ਜਾਵੇ ਕਿ ਏਹ ਦਾਨੇ ਲੋੜ ਮੂਜਬ ਹਰ ਜ਼ਿਲੇ ਹਰ ਤਸੀਲ ਵਿਚ ਪਹੁੰਚਾਏ ਜਾਣ ਤੇ ਇਹਨਾਂ ਦਾ ਇਕ ਭਾ ਹੋਵੇ ਤੇ ਸਭ ਪੰਜਾਬ ਵਿਚ ਵਸਦੇ ਲੋਕਾਂ ਨੂੰ ਖਾਣ ਲਈ ਦਾਣੇ ਇਕੋਂ ਮਿਲਣ। ਏਹ ਦਾਣੇ ਪੰਜਾਬੀਆਂ ਨੂੰ ਕੇਵਲ ਖਾਣ ਜੋਗੇ ਮਿਲਣ, ਵੱਧ ਨਾ। ਨਾ ਇਸ ਪੈਦਾਵਾਰ ਨਾਲ ਵਪਾਰ ਵਾਧਾ ਕੀਤਾ ਜਾਵੇ। ਇਉਂ ਪੰਜਾਬ ਵਿਚ ਕਾਲ ਨਾ ਪਵੇ ਤੇ ਇਸ ਧਰਤੀ ਦੇ ਆਪਣੇ ਪੁੱਤ੍ਰ ਰੱਜ ਕੇ ਰੋਟੀ ਖਾਣ। ਮੇਰਾ ਆਸ਼ਾ ਇਹ ਹੈ ਕਿ ਕਿਵੇਂ ਇਸ ਧਰਤੀ ਦੇ ਪੁੱਤਾਂ ਲਈ ਭੋਂ ਦਾ ਇਕ ਖਾਸ ਹਿੱਸਾ ਮੁਕੱਰਰ ਕਰਕੇ ਉੱਥੋਂ ਦੀ ਪੈਦਾਵਾਰ ਖਾਸ ਇਸ ਧਰਤੀ ਦੇ ਪੁੱਤਾਂ ਲਈ ਐਸੇ ਨਿਰਖ ਤੇ ਰੱਖੀ ਜਾਵੇ ਜੋ ਧਰਤੀ

* ਹੁਣ ਡਾਕਟਰ ਦੱਸਦੇ ਹਨ ਕਿ ਘਿਉ ਵਿਚ ਵਿਟਾਮੀਨ 'ਏ' ਹੈ ਜੋ ਆਮ ਤੇਲਾਂ ਵਿਚ ਨਹੀਂ ਹੈ।

ਦੇ ਪੁੱਤਾਂ ਲਈ ਕਦੀ ਕਾਲ ਨਾ ਪਿਆ ਕਰੇ।*

ਬ੍ਰਿਸਟਰ ਨੇ ਦਿਲ ਵਿਚ ਸੋਚਿਆ ਕਿ ਇਕ ਪੇਂਡੂ ਨੂੰ ਵੀ ਕੀਕੂੰ ਸੋਚ ਫੁਰ ਪਈ ਹੈ ਕਿ ਦੇਸ਼ ਦੇ ਹਰ ਬੰਦੇ ਨੂੰ ਰੋਟੀ ਜੋਗੇ ਦਾਣੇ ਸੁਖੱਲੇ ਤੇ ਸੁਵੱਲੇ ਲੱਭ ਜਾਣ। ਫੇਰ ਕਹਿਣ ਲੱਗਾ—

ਸਰਦਾਰ ਮਿੱਤ ਸਿੰਘਾ! ਇਹ ਗੱਲ ਔਖੀ ਹੈ, ਸਰਕਾਰ ਨੂੰ ਕੀਹ ਕਰੱਟਾ ਪਿਆ ਹੈ ਜੋ ਧਰਤੀ ਦੇ ਪੁੱਤਾਂ ਦਾ ਐਡਾ ਫਿਕਰ ਲਾ ਲਵੇ।

ਮਿਤ ਸਿੰਘ— ਕਿਉਂ ਸਰਕਾਰ ਨੂੰ ਨਹੀਂ ਲੋੜ ਕਿ ਪਰਜਾ ਸੁਖੀ ਵੱਸੇ ਤੇ ਪਿਆਰ ਕਰੇ? ਰਾਜ ਪੱਕਾ ਪਿਆਰ ਨਾਲ ਹੁੰਦਾ ਹੈ ਨਿਰੇ ਦਾਬੇ ਨਾਲ ਤਾਂ ਨਹੀਂ। ਸੋ ਜਦੋਂ ਧਰਤੀ ਦੇ ਪੁੱਤਾਂ ਨੂੰ ਖਾਣ ਜੋਗੇ ਦਾਣੇ ਸਵੱਲੇ ਤੇ ਇਕੋ ਭਾ ਮਿਲਣਗੇ, ਤਦੋਂ ਪਰਜਾ ਸੁਖੀ ਹੋ ਜਾਵੇਗੀ ਦਿਲੋਂ ਮਨੋਂ। ਤੁਸੀਂ ਦੱਸੋ, ਧਰਤੀ ਦੇ ਪੁੱਤਾਂ ਤੇ ਰਾਜ ਵਿਚ ਤਦੋਂ ਅਪਣੱਤ ਕਿੰਨੀ ਬਣੇਗੀ। ਕਿਸ ਤਰ੍ਹਾਂ ਜਾਨ-ਮਾਲ ਤਲੀ ਤੇ ਧਰਕੇ ਸਰਕਾਰ ਲਈ ਵੱਧ ਤੋਂ ਵੱਧ ਸਦਕੇ ਹੋਣਗੇ ਤੇ ਪਰਜਾ ਤੇ ਸਰਕਾਰ ਦੋਹਾਂ ਨੂੰ ਕਦੇ ਕਾਲ ਦਾ ਦੁਖ ਨਾ ਦੇਖਣਾ ਪਵੇਗਾ। ਸਰਕਾਰ ਚਾਹੇ ਕੋਈ ਹੋਵੇ। ਬਾਕੀ ਦੇਸ਼ ਦੀ ਪੈਦਾਵਾਰ ਗ਼ੈਰ ਦੇਸ਼ਾਂ ਨੂੰ ਜਾਵੇ ਤੇ ਪਈ ਵਿਕੇ।

ਬ੍ਰਿਸਟਰ ਭੋਲੇ ਭਾ ਦੀਆਂ ਪੇਂਡੂ ਗਲਾਂ ਸੁਣਕੇ ਹੱਸ ਪਿਆ।

ਮਿਤ ਸਿੰਘ— ਹੱਸੋ ਜੀ, ਮੈਂ ਅੱਗੋਂ ਨਹੀਂ ਨਾ ਕੁਛ ਦੱਸ ਸਕਦਾ। ਇਹ ਜਾਣਦਾ ਹਾਂ ਕਿ ਜੋ ਰੇਲਾਂ ਦਾ, ਤਾਰਾਂ ਦਾ ਤੇ ਨਹਿਰਾਂ ਦਾ ਬੰਦੋਬਸਤ ਕਰ ਸਕਦੇ ਹਨ, ਚਾਹੁਣ ਤਾਂ ਇਹ ਭੀ ਖਬਰੇ ਕਰ ਸੱਕਣ। ਮੇਰਾ ਜੀ ਕਰਦਾ ਹੈ ਪੰਜਾਬ ਦੀ ਧਰਤੀ ਦੇ ਜਾਇਆਂ ਨੂੰ ਘੱਟ ਤੋਂ ਘੱਟ ਇਕ ਰੁਪੈ ਦੀ ੨੦ ਸੇਰ ਕਣਕ, ਡੇਢ੍ਹ ਸੇਰ ਘਿਉ ਤੇ ੧੦ ਸੇਰ ਗੁੜ ਜਾਂ ਪੰਜ ਸੇਰ ਖੰਡ ਏਹ ਲੋੜੀਦੀਆਂ ਚੀਜ਼ਾਂ ਇਸ ਭਾ ਮਿਲ ਜਾਣੀਆਂ ਚਾਹੀਦੀਆਂ ਹਨ ਤੇ ਜੇ ਕੋਈ ਡੌਲ ਸਰਕਾਰ ਕੱਢ ਲਵੇ ਜਾਂ ਤੁਸੀਂ ਪੜ੍ਹੇ ਹੋਏ ਉਹਨਾਂ ਨੂੰ ਦੱਸ ਸਕੋ ਜਾਂ ਆਪ ਕਰ ਸਕੋ ਤਦ ਪਰਜਾ ਏਡੀ ਸੁਖੀ ਵੱਸੇ ਕਿ ਬਿਕ੍ਰਮਾਜੀਤ ਦਾ ਨਾਉਂ ਪਿੱਛੇ ਪੈ ਜਾਵੇ। ਜੇ ਇਹ ਇਕ ਮੇਰਾ ਅਨਪੜ੍ਹ ਦਾ ਹੀ ਮਨ ਦੇ ਲੱਡੂ ਭੋਰਨ ਵਾਂਗੂੰ ਹੈ ਤਾਂ ਖਿਆਲ ਹੀ ਨਾ ਕਰੋ। ਮੈਂ ਕੋਈ ਇਹਨਾਂ ਮਾਮਲਿਆਂ ਦਾ ਉਸਤਾਦ ਤਾਂ ਨਹੀਂ ਨਾ, ਇਕ ਸ਼ੁਭ ਗੱਲ ਫੁਰੀ ਸੀ ਕਿ ਰਾਜਾ ਪਰਜਾ ਦੋਹਾਂ ਲਈ, ਸੋ ਵਗਾਹ ਮਾਰੀ।

ਬ੍ਰਿਸਟਰ— ਦਿਲ ਨੂੰ ਗੱਲ ਚੰਗੀ ਤਾਂ ਲੱਗਦੀ ਹੈ, ਪਰ ਇਹ ਸਿਰੇ ਚੜ੍ਹਨੀ ਕਠਨ ਹੈ।

ਮਿਤ ਸਿੰਘ— ਹੈ ਤਾਂ ਔਖੀ! ਚੰਗੀਆਂ ਚੀਜ਼ਾਂ ਔਖੀਆਂ ਹੀ ਹੁੰਦੀਆਂ ਹਨ, ਚੰਗੇ ਪਦਾਰਥ ਔਖੇ ਹੀ ਲੱਭਦੇ ਹਨ, ਪਰ ਤੁਸੀਂ ਜੁ ਪੜ੍ਹੇ ਹੋਏ, ਹੁਣ ਜੋ ਇਸ ਵਿਚ ਉਖਯਾਈਆਂ ਤੇ ਕਸ਼ਟਣੀਆਂ ਹਨ, ਉਨ੍ਹਾਂ ਦੇ ਬਾਨ੍ਹਣੂ ਤੁਸੀਂ ਬੰਨ੍ਹੋ। ੨੦ ਵਰ੍ਹੇ ਜੇ ਮਗਜ਼ਾਂ ਨੂੰ ਸੌਚੀਆਂ ਸਿਖਾਈਆਂ ਜੇ ਉਨ੍ਹਾਂ ਸਿੱਖੇ ਮਗਜ਼ਾਂ ਵਿਚੋਂ ਕੁਛ ਕੱਢੋ ਤੇ ਸਰਕਾਰ ਤੇ ਕੌਸਲਾਂ ਨੂੰ ਜਾਕੇ ਆਖੋ, ਓਹ ਅੱਗੋਂ ਮੁਸ਼ਕਲਾਂ ਦੱਸਣਗੇ, ਤੁਸੀਂ ਦਾਰੂ ਦੱਸੋ।

ਬ੍ਰਿਸਟਰ (ਮੁਸਕ੍ਰਾਕੇ)— ਮਿਤ ਸਿੰਘਾ! ਬਈ ਤੂੰ ਕਦੇ ਲਾਟ ਨੂੰ ਆਪ ਆਖ।

ਮਿਤ ਸਿੰਘ— ਮੈਂ ਤਾਂ ਕਹਿ ਹੀ ਗੁਜ਼ਰਾਂਗਾ, ਹੁਣ ਜਦ ਕਦੇ ਲਾਟ ਸਾਹਿਬ ਦੌਰੇ ਆਏ ਤੇ ਮੇਰੀ ਜੂਹ ਵਿਚੋਂ ਲੰਘ ਪਏ ਜਾਂ ਡੇਰੇ ਜਾਣ ਦੀ ਮੈਨੂੰ ਕਿਸੇ ਛੁੱਟੀ ਲੈ ਦਿੱਤੀ ਤਾਂ ਮੈਂ ਸਾਰੀ ਗੱਲ ਆਖ ਹੀ ਦਿਆਂਗਾ ਪਰ ਜਦ ਓਹ ਮੈਨੂੰ ਪੁੱਛਣਗੇ ਕਿ 'ਫਲਾਣੀ ਮੁਸ਼ਕਲ ਪਵੇਗੀ ਉਸਕਾ ਕਿਆ ਇਲਾਜ ਹੈ' ਤਾਂ ਮੈਂ ਅਨਪੜ੍ਹ ਕੀ ਦੱਸਾਂਗਾ? ਇਕੋ ਚਾਲੀ ਸੇਰੀ ਕਹਿ ਦਿਆਂਗਾ, 'ਸਰਕਾਰ! ਮੈਂ ਤਾਂ ਸ਼ੁਭ ਗੱਲ ਦੱਸ ਦਿੱਤੀ ਹੈ ਇਸ ਨਾਲ ਪਰਜਾ ਸੁਖੀ ਰਹੇਗੀ, ਫ਼ੌਜਾਂ ਤਕੜੀਆਂ ਜਬਰ ਜੰਗ ਰਹਿਣਗੀਆਂ, ਪਰਜਾ ਤੈਨੂੰ ਪਿਆਰ ਕਰੇ ਗੀ। ਹੋਰ ਅੱਗੋਂ ਮੈਨੂੰ ਅਨਪੜ੍ਹ ਨੂੰ ਕੀ ਅਕਲ ਏ? ਜੋ ਹੋ ਸਕਦੀ ਹੈ ਕਰ ਲਓ, ਨਹੀਂ ਹੋ ਸਕਦੀ ਤਾਂ ਜਾਣ ਦਿਓ, ਮੈਨੂੰ ਫੁਰੀ ਸੀ ਮੈਂ ਆਖ ਦਿੱਤੀ ਹੈ'।

---

* ਜਦ ਇਹ ਪੁਸਤਕ ਲਿਖੀ ਗਈ ਸੀ ਤਾਂ ਕਣਕ ਦਾ ਭਾ ਇਹ ਹੁੰਦਾ ਸੀ ਕਿ ਹਾੜ੍ਹੀਆਂ ਦੇ ਵੇਲੇ ਤਾਂ ੧੨, ੧੪ ਸੇਰ ਰੁਪੈ ਦੀ ਮਿਲ ਜਾਂਦੀ ਸੀ ਤੇ ਪਿਛੋਂ ਜਾਕੇ ਕੋਈ ਛੇ ਸਤ ਸੇਰ ਭਾ ਹੋ ਜਾਂਦਾ ਸੀ ਤੇ ਕਦੀ ਲੋਕ ਇਸ ਵੇਲੇ ਬੜੀ ਤਕਲੀਫ ਪ੍ਰਤੀਤ ਕਰਦੇ ਤੇ ਦੁਖੀ ਹੁੰਦੇ ਸਨ। ਆਮ ਲੋਕਾਂ ਦੇ ਦਿਲਾਂ ਵਿਚ ਇਸ ਤਰ੍ਹਾਂ ਦੇ ਕਈ ਖ਼ਯਾਲ ਤਦੋਂ ਗੁਜ਼ਰਦੇ ਸਨ ਕਿ ਜਿਸ ਨਾਲ ਸਾਲ ਭਰ ਸਵੱਲੇ ਭਾ ਕਣਕ ਆਦਿ ਮਿਲਦਾ ਰਹੇ। ਉਸ ਤਰ੍ਹਾਂ ਦੇ ਖ਼ਯਾਲਾਂ ਦਾ ਨਮੂਨਾ ਹੈ ਜੋ ਮਿਤ ਸਿੰਘ ਦੱਸ ਰਿਹਾ ਹੈ।

SIKHBOOKCLUB.COM

ਬ੍ਰਿਸਟਰ— ਮੈਂ ਭੀ ਸੋਚਾਂਗਾ, ਗੱਲ ਤੇਰੀ ਸੁਹਣੀ ਤਾਂ ਲੱਗਦੀ ਹੈ ਪਰ ਬੜੀ ਸੋਚਣ ਵਾਲੀ ਹੈ। (ਬਾਬੇ ਵਲ ਤੱਕਕੇ) ਹਾਂ ਬਾਬਾ ਜੀ! ਤੁਸੀਂ ਆਖ ਰਹੇ ਸਾਓ ਕਿ ਪਿੰਡਾਂ ਦਾ ਵੀ ਓਹ ਹਾਲ ਨਹੀਂ ਰਿਹਾ।

ਬਾਬਾ— ਹਾਂ, ਅਸੀਂ ਗੱਲ ਕਰ ਰਹੇ ਸਾਂ ਕ ਪਿੰਡਾਂ ਵਿਚ ਸ਼ਰੀਰਕ ਸੁਖ ਘਟ ਗਏ ਹਨ ਤੇ ਵਿਚ ਕਣਕ, ਘਿਉ ਤੇ ਖੰਡ ਤ੍ਰੈ ਜ਼ਰੂਰੀ ਚੀਜ਼ਾਂ ਦੀ ਗੱਲ ਮਿਤ ਸਿੰਘ ਨੇ ਸੁਣਾ ਦਿੱਤੀ ਹੈ। ਪਿੰਡਾਂ ਦੇ ਲੋਕ ਅੱਗੇ ਸਵੇਰੇ ਉਠਦੇ ਅਸ਼ਨਾਨ ਕਰਦੇ ਤੇ ਧਰਮਸਾਲੇ ਕਿ ਗੁਰਦੁਆਰੇ ਜਾਣ ਦੇ ਨੇਮੀ ਹੁੰਦੇ ਸਨ। ਹੁਣ ਇਹ ਘਟ ਜਾਣ ਕਰਕੇ ਸਫਾਈ ਦਾ ਸ਼ੌਕ ਤੇ ਸੂਝਤ ਘਟ ਗਈ ਹੈ।

ਪਿੰਡਾਂ ਦੀਆਂ ਨਿਆਈਆਂ ਦੀਆਂ ਭੋਆਂ ਗੰਦੀਆਂ ਰਹਿੰਦੀਆਂ ਹਨ, ਪਿੰਡ ਦਾ ਛੱਪੜ ਸੁਥਰਾ ਨਹੀਂ ਰਹਿੰਦਾ, ਰੂੜੀਆਂ ਦੇ ਢੇਰ ਖੂਹਾਂ ਦੇ ਨੇੜੇ ਤੇ ਛੰਭਾਂ ਦੇ ਲਾਗੇ ਲਾਉਂਦੇ ਹਨ, ਜਿਸ ਨਾਲ ਪਾਣੀ ਗੰਦੇ ਹੋ ਜਾਂਦੇ ਹਨ ਤੇ ਵਬਾਵਾਂ ਫੈਲ ਜਾਂਦੀਆਂ ਹਨ!

ਬ੍ਰਿਸਟਰ— ਬਾਬਾ ਜੀ! ਇਹ ਪਿੰਡਾਂ ਵਿਚ ਤੇ ਸ਼ਹਿਰਾਂ ਵਿਚ ਲੋਕਾਂ ਨੂੰ ਸਫ਼ਾਈ ਦਾ ਖਿਆਲ ਕਿਉਂ ਮੱਧਮ ਪੈਂਦਾ ਜਾ ਰਿਹਾ ਹੈ? ਸਗੋਂ ਪੱਛਮੀ ਲੋਕਾਂ ਨੇ ਤਾਂ ਸਫਾਈ ਸਿਖਾਈ ਹੈ ਤੇ 'ਜਥਾ ਰਾਜਾ ਤਥਾ ਪਰਜਾ' ਹੋਣਾ ਚਾਹੀਦਾ ਸੀ?

ਬਾਬਾ— ਹੈ ਤਾਂ ਇਵੇਂ ਹੀ, ਪਰ ਹੁਣ ਇਉਂ ਨਹੀਂ ਕਹਿਣਾਂ ਚਾਹੀਦਾ ਕਿ "ਜਥਾ ਰਾਜਾ ਤਥਾ ਪਰਜਾ" ਪਰ ਐਉਂ :

ਜਥਾ ਰਾਜਾ ਤਥਾ ਪੜ੍ਹਿਆ
ਜਥਾ ਪੜ੍ਹਿਆ ਤਥਾ ਪਰਜਾ।

ਬ੍ਰਿਸਟਰ (ਮੁਸਕ੍ਰਾਕੇ)— ਕਿਉਂ?

ਬਾਬਾ— ਰਾਜਾ ਦੀ ਨਕਲ ਰਾਜਾ ਦੀ ਬੋਲੀ ਤੇ ਵਿਦਜਾ ਪੜ੍ਹਨ ਵਾਲੇ ਕਰਦੇ ਹਨ ਤੇ ਆਪਣੀਆਂ ਕੌਮੀ ਸ਼ੁਭ ਗਲਾਂ ਨੂੰ ਛੱਡਕੇ ਬੇਕੌਮੇ ਜੇਹੇ ਹੋਕੇ ਉਸ ਕਾਂ ਵਾਂਗੂੰ ਨਕਲਾਂ ਲਾਉਂਦੇ ਹਨ ਜੋ ਲੱਕੇ ਕਬੂਤਰ ਦੀ ਰੀਸੀਂ ਪੈਲਾਂ ਪਾਉਂਦਾ ਪਾਉਂਦਾ ਆਪਣੀ ਚਾਲ ਭੁੱਲਕੇ ਅਪਾਹਜ ਹੋ ਗਿਆ ਸੀ। ਸੋ ਪਹਿਲਾਂ ਤਾਂ ਇਹ ਮੋਰਾਂ ਤੋਂ ਚਕੋਰ ਬਣਦੇ ਹਨ, ਇਨ੍ਹਾਂ ਦੀ ਰੀਸ ਫੇਰ ਸਹਿਜੇ ਸਹਿਜੇ ਅਨਪੜ੍ਹਾਂ ਵਿਚ ਚਲਦੀ ਹੈ। ਤੁਸਾਨੂੰ ਪਤਾ ਹੈ ਕਿ ਅੰਗ੍ਰੇਜ਼ਾਂ ਵਿਚ ਛੂਤ ਛਾਤ ਨਹੀਂ ਹੈ। ਪੜ੍ਹਿਆਂ ਨੇ ਉਨ੍ਹਾਂ ਤੋਂ ਛੂਤ ਛਾਤ ਛੱਡਣੀ ਸਿੱਖ ਲੀਤੀ। ਫਲ ਇਹ ਹੋਇਆ ਕਿ ਮੈਲੇ ਹੋ ਗਏ। ਹੁਣ ਸਾਰੇ ਲੋਕ ਮੈਲੇ ਰਹਿਣਾ ਸਿੱਖਦੇ ਜਾਂਦੇ ਹਨ। ਅਸਲ ਵਿਚ ਤਾਂ ਹਿੰਦੀਆਂ ਦੀ ਸਫਾਈ, ਡਾਕਟਰ ਜੀ ਦਾ ਖਿਆਲ ਹੈ, ਕਿ ਮਹਿਮੂਦ ਦੇ ਆਉਣ ਦੇ ਸਮੇਂ ਤੋਂ ਘਟਣੀ ਸ਼ੁਰੂ ਹੋਈ ਹੈ।

ਬ੍ਰਿਸਟਰ— ਹਿੰਦੀ ਭੀ ਕਦੇ ਸਾਫ ਸਨ? ਇਹ ਤਾਂ ਵਹਿਮੀ ਭਰਮੀ ਹਨ।

ਬਾਬਾ— ਹਿੰਦੀਆਂ ਦੀ 'ਸੁੱਚ' ਸੀ ਤਾਂ ਸਫਾਈ, ਪਰ ਇਸ ਦੀ ਸਮਝ ਬਣ ਗਈ ਸੀ ਧਾਰਮਿਕ ਭਰਮ। ਸੋ ਤੁਸਾਨੂੰ ਪੜ੍ਹਿਆਂ ਨੂੰ ਵਾਜਬ ਸੀ ਕਿ ਭਰਮ ਦੀ ਥਾਂ ਅਸਲ ਗਲ ਲੋਕਾਂ ਨੂੰ ਸਮਝਾਉਂਦੇ, ਜੋ ਅਕਲ ਵਧ ਜਾਂਦੀ, ਭਰਮ ਘਟ ਜਾਂਦਾ ਤੇ ਸਫਾਈ ਨਾਸ਼ ਨਾ ਹੁੰਦੀ। ਤੁਸਾਂ ਸਮੁੱਚਾ ਭਰਮ ਭੀ ਗੁਆਇਆ ਤੇ ਨਾਲੇ ਸਫਾਈ ਭੀ ਰੋੜ੍ਹੀ। ਮੇਰਾ ਮਤਲਬ ਇਹ ਨਹੀਂ ਕਿ ਛੂਤ ਛਾਤ ਦਾ ਭਰਮ ਨਾ ਹਟੇ, ਪਰ ਇਹ ਕਿ ਛੂਤ ਛਾਤ ਹਟਾਉਂਦੇ ਹਟਾਉਂਦੇ ਸਫਾਈ ਬੀ ਨਾ ਟੁਰ ਜਾਵੇ ਤੇ ਕੁਚੀਲ ਨਾ ਹੋ ਜਾਈਏ।

ਬ੍ਰਿਸਟਰ (ਹੈਰਾਨ ਹੋ ਕੇ)— ਕਿਵੇਂ?

ਬਾਬਾ— ਲਓ, ਵਿਚਾਰ ਕਰੀਏ। ਸਾਡੇ ਵੱਡੇ ਚੌਕੇ ਵਿਚ ਰੋਟੀ ਪਕਾਉਂਦੇ ਸਨ, ਅਰਥਾਤ ਇਕ ਥਾਂ ਹੂੰਝ ਬਣਾ ਮਿੱਟੀ ਦਾ ਚੌਕਾ ਪਾ ਸਾਫ ਕਰਕੇ ਉਥੇ ਰੋਟੀ ਕਰਦੇ ਸਨ। ਉਥੇ ਕੁੱਤੇ ਬਿੱਲੇ ਮੈਲੇ ਆਦਮੀ ਨੂੰ ਨਹੀਂ ਸਨ ਵੜਨ ਦੇਂਦੇ ਤੇ ਨਾ ਹੀ ਉਥੇ ਕੋਈ ਹੋਰ ਅਸਬਾਬ ਰੱਖਦੇ ਸਨ ਤੇ ਉਥੇ ਹੀ ਬੈਠਕੇ ਪ੍ਰਸ਼ਾਦੇ ਛਕਦੇ ਸਨ ਗਰਮ ਗਰਮ। ਹੁਣ ਇਹ ਤਾਂ ਸੀ ਸਫਾਈ। ਇਹ ਫਿਰ ਬਣਿਆਂ ਭਰਮ। ਜਿੰਨੇ ਆਦਮੀ ਉਂਨੇ ਚੁਲ੍ਹੇ, ਸਭ ਕੋਈ ਆਪ ਪਕਾਵੇ ਆਪ ਖਾਵੇ। ਕਿਸੇ ਦੇ ਹੱਥੋਂ ਖਾਧਾ ਤਾਂ ਜਾਤ ਗੋਤ ਭ੍ਰਿਸ਼ਟ ਹੋ ਗਈ। ਜੇ ਕੋਈ ਸਫਾ ਆਦਮੀ ਭੀ ਚੌਕੇ ਵੜ ਗਿਆ ਤਾਂ ਸਭ ਰਸੋਈ ਸੁੱਟ ਦਿਓ। ਸੋ ਭਰਮ ਦੂਰ ਕਰਨਾ ਤਾਂ ਠੀਕ ਸੀ ਪਰ ਸਫਾਈ ਦੂਰ ਕਰਨੀ ਚੰਗੀ ਨਹੀਂ ਸੀ।

ਬ੍ਰਿਸਟਰਾਣੀ— ਬਾਬਾ ਜੀ! ਸਿੱਖਾਂ ਵਿਚ ਵੀ ਤਾਂ ਭਰਮ ਨਹੀਂ। ਤੁਸਾਂ ਹੀ ਉਸ ਦਿਨ ਦੱਸਿਆ ਸੀ ਕਿ ਤੀਸਰੇ ਗੁਰੂ ਸਾਹਿਬ ਦਰਸ਼ਨ ਉਸ ਨੂੰ ਦੇਂਦੇ ਸਨ ਜੋ ਲੰਗਰੋਂ ਪ੍ਰਸ਼ਾਦਿ ਛਕੇ ਤੇ ਲੰਗਰ ਵਿਚ ਸਭ ਜਾਤਾਂ ਦੇ ਇਕ ਪੰਗਤ ਵਿਚ ਪ੍ਰਸ਼ਾਦਿ ਛਕਦੇ ਸਨ।


www.sikhbookclub.com

ਬਾਬਾ— ਇਹੋ ਗਲ, ਠੀਕ ਇਹੋ। ਗੁਰੂ ਸਾਹਿਬ ਨੇ ਭਰਮ ਕੱਟ ਦਿੱਤਾ ਕਿ ਸਭੇ ਜਾਤਾਂ ਇਕੋ ਹਨ। ਜ਼ਾਤ ਕਰਕੇ ਗਰਬ ਨਾ ਧਾਰੋ ਤੇ ਇਕ ਦੂਏ ਤੋਂ ਸੂਗ ਨਾ ਕਰੋ। ਪਰ ਗੁਰੂ ਜੀ ਦੇ ਲੰਗਰ ਵਿਚ ਸਫਾਈ ਜਿਉਂ ਕੀ ਤਿਉਂ ਸੀ। ਲੰਗਰ ਵਿਚ ਪ੍ਰਸ਼ਾਦਿ ਸਫਾ ਆਦਮੀ ਸੁੱਚੇ ਹੱਥੀਂ ਕਰਦੇ ਸਨ, ਲੰਗਰ ਬੜਾ ਸਾਫ਼ ਹੁੰਦਾ ਸੀ। ਛਕਣ ਵਾਲਿਆਂ ਨੂੰ ਸਫਾਈ ਨਾਲ ਛਕਾਇਆ ਜਾਂਦਾ ਸੀ। ਉਹ ਜੋ ਸੁੱਚਮਤਾਈ ਵਿਚ ਜ਼ਾਤ ਅਭਿਮਾਨ ਦਾ ਭਰਮ ਸੀ, ਉਹ ਕੱਟ ਦਿੱਤਾ ਸੀ।

ਬ੍ਰਿਸਟਰਾਣੀ— ਤੇ ਫੇਰ ਪੜ੍ਹਿਆਂ ਨੇ ਕੀ ਕੀਤਾ ਹੈ?

ਬਾਬਾ— ਕੀ ਕੀਤਾ ਹੈ? ਗੰਦੀਆਂ ਮੰਦੀਆਂ ਗਲੀਆਂ ਚਿੱਕੜਾਂ ਵਿਚੋਂ ਫਿਰਦੇ ਘਰ ਆਏ। ਲਿਬੜੇ ਬੂਟਾਂ ਸਮੇਤ ਲੰਗਰ ਵਿਚ ਜਿਥੇ ਰਸੋਈ ਪੱਕ ਰਹੀ ਹੈ ਉਥੇ ਹੀ ਆ ਗਏ। ਸਵਾਣੀ ਨੇ ਕਿ ਨੌਕਰ ਨੇ ਬੁਰਸ਼ ਲੈਕੇ ਘਰ ਵਾਲੇ ਦਾ ਕੋਟ ਸਾਫ ਕੀਤਾ ਤਾਂ ਉਥੇ, ਬੂਟ ਖੁਹਲਿਆ ਤਾਂ ਉਥੇ। ਉਥੇ ਹੀ ਬੈਠਕੇ ਰੋਟੀ ਖਾਧੀ ਯਾ ਮੰਜੇ ਸੌਣ ਵਾਲੇ ਤੇ ਰੋਟੀ ਮੰਗਾ ਲਈ। ਜ਼ਰਾ ਸੋਚੋ, ਆਪੇ ਕਹਿੰਦੇ ਹੋ ਧਰਤੀ ਪਰ ਜਿਰਮ ਹਨ, ਬ੍ਰੀਕ ਕਿਰਮ ਹਨ, ਆਪੇ ਗੰਦਾ ਬੂਟ ਖਾਣ ਵਾਲੇ, ਸੌਣ ਵਾਲੇ, ਬੈਠਣ ਵਾਲੇ ਥਾਂ ਲੈ ਗਏ। ਕੀ ਸਫਾਈ ਰਹੀ? ਆਪੇ ਕਹਿੰਦੇ ਹੋ ਹਵਾ ਵਿਚ, ਪਾਣੀ ਵਿਚ, ਮਿੱਟੀ ਵਿਚ ਰੋਗਾਂ ਦੇ ਪ੍ਰਮਾਣੂ ਹਨ, ਆਪੇ ਰੋਟੀ ਖਾਣ ਵਾਲੀ ਥਾਂ ਸੁਥਰੀ ਨਹੀਂ ਬਣਾਉਂਦੇ। ਜਿੱਥੇ ਬੈਠੇ ਰੋਟੀ ਖਾ ਲਈ, ਮੱਖੀਆਂ ਪਈਆਂ ਭਿਣ ਭਿਣ ਕਰਨ ਤੇ ਨਾਲੀਆਂ ਪਖਾਨੇ ਬਿਲਕੁਲ ਕੋਲ ਹੋਣ। ਦੱਸੋ ਲੋਕਾਂ ਵਿਚੋਂ ਛੂਤ ਛਾਤ ਤਾਂ ਕੱਢੀ, ਪਰ ਕੁਚੀਲ ਰਹਿਣਾ ਵਾੜ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜਿੱਥੇ ਛੂਤ ਤੇ ਜਾਤ ਦੇ ਭਰਮ ਨੂੰ ਕੱਟਿਆ ਹੈ, ਉਥੇ ਕੁਚੀਲ ਰਹਿਣ ਨੂੰ ਭੀ ਅਤਿ ਮਾੜਾ ਦੱਸਿਆ ਹੈ।

ਮੇਰੀ ਦਾਦੀ ਇਕ ਦਿਨ ਰੋਟੀ ਪਕਾਉਂਦੀ ਸੀ, ਇਕ ਕੁੱਤਾ ਚੌਕੇ ਵਿਚ ਆ ਗਿਆ ਤੇ ਉਸ ਨੇ ਪਿੰਡਾ ਛੰਡਿਆ, ਸਾਰੀ ਰਿੱਧੀ ਪੱਕੀ ਉਸ ਵੇਲੇ ਸੁੱਟੀ ਗਈ ਤੇ ਨਵੇਂ ਸਿਰੇ ਲੰਗਰ ਸਜਿਆ। ਹੁਣ ਇਹੋ ਜੇਹੀਆਂ ਗੱਲਾਂ ਵੇਖਕੇ ਤੁਸੀਂ ਲੋਕ ਮਖੌਲ ਕਰਦੇ ਹੋ। ਲੋਕੀਂ ਫੇਰ ਸਮਝਦੇ ਹਨ ਕਿ ਠੀਕ ਅਸੀਂ ਅਨਪੜ੍ਹ ਮੂਰਖ ਹਾਂ, ਇਹ ਪੜ੍ਹਿਆ ਆਦਮੀ ਠੀਕ ਆਂਹਦਾ ਹੈ। ਕੁੱਤਾ ਚੌਕੇ ਪੈਰ ਪਾ ਗਿਆ ਤਾਂ ਤਵੇ ਦੀ ਰੋਟੀ ਤੇ ਪਰਾਤ ਦੇ ਆਟੇ ਵਿਚ ਕੀ ਵੜ ਗਿਆ? ਐਵੇਂ ਸਾਰਾ ਭਰਮ ਹੀ ਭਰਮ ਹੈ, ਪਰ ਡਾਕਟਰ ਜੀ ਮੈਨੂੰ ਦਸਦੇ ਸਨ ਕਿ ਕੁੱਤਾ ਮੋਰੀਆਂ, ਚੁਬੱਚਿਆਂ ਗੰਦੇ ਛੱਪੜਾਂ ਵਿਚ ਬੈਠ ਜਾਂਦਾ ਹੈ, ਆਪਣੇ ਪਿੰਡੇ ਤੇ ਪਤਾ ਨਹੀਂ ਕੇਹੀ ਕੇਹੀ ਮੈਲ ਤੇ ਰੋਗ ਦੇ ਸਾਮਾਨ ਚਮੋੜ ਲੈਂਦਾ ਹੈ। ਜਦ ਪਿੰਡਾ ਛੰਡਦਾ ਹੈ ਤਾਂ ਕਈ ਰੋਗਾਂ ਦੇ ਪ੍ਰਮਾਣੂ ਉੱਡਕੇ ਖਾਣ ਦੀਆਂ ਚੀਜ਼ਾਂ ਤੇ ਬੈਠ ਜਾਂਦੇ ਹਨ ਤੇ ਖਾਣ ਵਾਲਿਆਂ ਲਈ ਰੋਗ ਖੜੇ ਹੋ ਜਾਂਦੇ ਹਨ। ਜਦ ਉਸ ਨੇ ਲੰਗਰ ਵਿਚ ਪਿੰਡਾ ਛੰਡਿਆ ਤਾਂ ਅਨੇਕਾਂ ਰੋਗਾਂ ਦੇ ਪ੍ਰਮਾਣੂ ਆਟੇ, ਰੋਟੀ, ਸਲੂਣਿਆਂ, ਭਾਂਡਿਆਂ ਤੇ ਜਾ ਪਏ, ਸੋ ਸਾਡੀ ਦਾਦੀ ਨੇ ਜੋ ਕੀਤਾ ਸੀ ਠੀਕ ਸੀ ਪਰ ਉਸਨੂੰ ਸਮਝ ਨਹੀਂ ਸੀ ਕਿ ਕਾਰਨ ਕੀ ਹੈ? ਉਸਨੇ ਵੱਡਿਆਂ ਤੋਂ ਸੁਣਿਆਂ ਸੀ ਕਿ ਇਸ ਤਰ੍ਹਾਂ ਰੋਟੀ ਭਿੱਟ ਜਾਂਦੀ ਹੈ, ਸੋ ਉਸਨੇ ਸੁੱਟ ਦਿੱਤੀ। ਹੁਣ ਜਿਵੇਂ ਡਾਕਟਰ ਜੀ ਨੇ ਸਾਨੂੰ ਦੱਸਿਆ ਹੈ, ਤੁਸੀਂ ਪੜ੍ਹੇ ਹੋਏ ਜੇ ਪਹਿਲਾਂ ਆਪ ਸਮਝੋ ਤੇ ਫੇਰ ਸਮਝਾਓ, ਤਾਂ ਤੇ ਲੋਕਾਂ ਵਿਚੋਂ ਭਰਮ ਉਡੇ ਤੇ ਸਫਾਈ ਵਧੇ, ਪਰ ਜੋ ਵਰਤੋਂ ਵਰਤਕੇ ਤੁਸੀਂ ਆਪਣੀ ਕਰਨੀ ਦੀਆਂ ਵੰਨਗੀਆਂ ਦਿਖਾਲਦੇ ਹੋ, ਉਹਨਾਂ ਨਾਲ ਲੋਕੀਂ ਭਰਮਾਂ ਦੇ ਨਾਲ ਸਫਾਈ ਭੀ ਛੱਡੀ ਜਾਂਦੇ ਹਨ ਤੇ ਮੈਲੇ ਰਹਿਣ ਲਗ ਪਏ ਹਨ।

ਬ੍ਰਿਸਟਰਾਣੀ— ਪਰ ਹੁਣ ਤਾਂ ਪੜ੍ਹਿਆਂ ਵਿਚ ਖਾਣੇ ਦਾ ਕਮਰਾ ਵੱਖਰਾ ਤੇ ਮੇਜ਼ ਤੇ ਬਹਿਕੇ ਖਾਣ ਦਾ ਰਿਵਾਜ ਸ਼ੁਰੂ ਹੋਣ ਲਗ ਪਿਆ ਹੈ, ਪਰ ਹੈ ਟਾਂਵਾਂ ਟਾਂਵਾਂ ਅਜੇ।

ਬਾਬਾ— ਬੀਬੀ! ਸਫਾਈ ਦੀ ਲੋੜ ਹੈ, ਕਿਵੇਂ ਕਰੋ। ਜਿਵੇਂ ਜਿਸ ਨੂੰ ਸੌਂਜੇ ਪ੍ਰਸ਼ਾਦਿ ਛਕੇ, ਪਰ ਸਫਾਈ ਨਾਲ ਛਕੇ, ਡੌਲਾਂ ਅਨੇਕਾਂ ਹੋ ਸਕਦੀਆਂ ਹਨ, ਸਾਂਝੀ ਗੱਲ ਸਫਾਈ ਹੈ। ਜੇ ਮੇਜ਼ ਰਸੋਈ ਤੋਂ ਦੂਰ ਹੈ ਤੇ ਰਸੋਈ ਤੋਂ ਮੇਜ਼ ਤਕ ਖਾਣਾ ਜਾਣ ਵਿਚ ਮੱਖੀਆਂ ਨੂੰ ਉਤੇ ਬੈਠਣ ਦਾ ਸਮਾਂ ਲੱਭ ਜਾਂਦਾ ਹੈ ਤਾਂ ਫੇਰ ਉਹੋ ਗਲ ਹੋ ਗਈ। ਸਫਾਈ ਦਾ ਫੇਰ ਕੋਈ ਹੋਰ ਉਪ੍ਰਾਲਾ ਲੋੜਨਾ ਪਵੇਗਾ।

ਬ੍ਰਿਸਟਰ— ਪਰ ਬਾਬਾ ਜੀ! ਤੁਸੀਂ ਭੀ ਚੌਂਕੇ ਦੀ ਕਾਰ ਨਹੀਂ ਕੱਢਦੇ। ਤੁਹਾਡੀਆਂ ਰੋਟੀਆਂ ਬੀ ਤਾਂ ਖੇਤਾਂ ਵਿਚ ਅੱਪੜਦੀਆਂ ਹਨ।

ਬਾਬਾ— ਮੈਂ ਕਾਰਾਂ ਕੱਢਣੀਆਂ ਤਾਂ ਨਹੀਂ ਕਹਿੰਦਾ ਕਿ ਫੇਰ ਕੱਢਣੀਆਂ ਸਿਖਾਲੋ। ਮੈਂ ਤਾਂ ਕਹਿੰਦਾ ਹਾਂ ਕਿ ਜਿੱਥੇ ਰੋਟੀ ਪੱਕੇ ਥਾਂ ਸੁਥਰਾ ਹੋਵੇ, ਪਕਾਉਣ ਵਾਲਾ ਨ੍ਹਾ ਧੋ ਸਾਫ਼ ਹੋਕੇ ਪਕਾਵੇ, ਖਾਣ ਵਾਲੇ ਉਥੇ ਹੀ ਯਾ ਨੇੜੇ ਹੀ ਸਾਫ਼ ਹੋ ਕੇ ਸਾਫ਼ ਥਾਵੇਂ ਬੈਠਕੇ ਖਾਣ। ਜੇ ਸਾਡੇ ਵਾਂਗੂੰ ਕਾਦਰ ਨੇ ਚੋਗ ਖਿਲਾਰੀ ਹੋਵੇ ਤਾਂ ਸੁਥਰੇ ਭਾਂਡੇ ਸਾਫ ਹੱਥਾਂ ਨਾਲ ਸਾਫ ਸਾਫੇ ਵਿਚ ਵਲ੍ਹੇਟੀ ਹੋਈ ਰੋਟੀ ਖੇਤਾਂ ਵਿਚ ਅੱਪੜੇ। ਸੁਹਣੇ ਥਾਂ, ਖੁੱਲ੍ਹੀ ਹਵਾ, ਖੁੱਲ੍ਹੇ ਧੁੱਪ ਚਾਨਣੇ ਵਿਚ ਬੈਠਕੇ ਖਾਧੀ ਜਾਵੇ ਤੇ ਜਿਵੇਂ ਡਾਕਟਰ ਜੀ ਕਹਿੰਦੇ ਹਨ ਮੱਖੀਆਂ ਤੋਂ ਬਚਾ ਕੀਤਾ ਜਾਵੇ। ਇਸ ਵਿਚ ਕੀ ਡਰ ਹੈ? ਪਰ ਲੋਕਾਂ ਵਿਚ ਇਹ ਸਿੱਖਿਆ ਵਾੜ ਦੇਣੀ ਕਿ ਕੁਚੀਲ ਵਰਤੋਂ ਵਰਤਣ ਦਾ ਡਰ ਨਹੀਂ, ਇਹ ਸਫਾਈ ਨਾ ਰਹਿਣ ਦਾ ਕਾਰਨ ਹੈ। ਫਿਰ ਅਸੀਂ ਲੋਕ ਤਕੜੇ ਹਾਂ, ਸਾਡਾ ਜੁੱਸਾ ਛੇਤੀ ਛੇਤੀ ਬੀਮਾਰੀ ਦੇ ਅੜਿੱਕੇ ਨਹੀਂ ਆਉਂਦਾ ਤੇ ਤੁਸੀਂ ਸ਼ਹਿਰੀਏ ਤਾਂ ਇੰਨੇ ਤਕੜੇ ਨਹੀਂ, ਤੁਹਾਨੂੰ ਬਹੁਤ ਸਫਾਈ ਦੀ ਲੋੜ ਹੈ।

ਆਪ ਨੂੰ ਪਤਾ ਹੈ ਕਿ ਜੋ ਚੀਜ਼ ਅੱਗ ਤੋਂ ਉਤਰਦੀ ਹੈ ਉਸ ਵਿਚ ਕੋਈ ਸ਼ੈ ਰੋਗ ਪੈਦਾ ਕਰਨ ਵਾਲੀ ਨਹੀਂ ਰਹਿੰਦੀ। ਡਾਕਟਰ ਜੀ ਦੱਸਦੇ ਸਨ ਕਿ ਅੱਗ ਤੇ ਜਾਕੇ ਸਭ ਰੋਗਾਂ ਦੇ ਪ੍ਰਮਾਣੂ ਜਿਰਮ ਕਿਰਮ ਮਰ ਜਾਂਦੇ ਹਨ ਤੇ ਜੇ ਅੱਗ ਤੋਂ ਉਤਰਦਿਆਂ ਉਸੇ ਵੇਲੇ ਰੋਟੀ ਖਾਧੀ ਜਾਏ ਤਾਂ ਆਪੇ ਸਫਾਈ ਹੋ ਗਈ* ਹੁਣ ਇਹ ਰੋਝ ਲੋਕਾਂ ਨੂੰ ਪਰੰਪਰਾ ਤੋਂ ਹੈ। ਤੁਸੀਂ ਕਹਿੰਦੇ ਹੋ 'ਯਿਹ ਵਹਿਮ ਹੈਂ'। ਸ਼ਹਿਰਾਂ ਵਿਚ ਦੇਖੀਦਾ ਹੈ ਕਿ ਕੁਚੀਲ ਤੰਦੂਰਾਂ ਵਾਲੇ ਮੁੜ੍ਹਕੇ ਚੋਂਦੇ ਡਬਲ ਰੋਟੀ ਦਾ ਘੁਲ ਘੁਲ ਕੇ ਆਟਾ ਗੁੰਨ੍ਹਦੇ ਹਨ, ਫੇਰ ਪਕਾ ਕੇ ਥੜ੍ਹੇ ਉਤੇ ਰੱਖ ਛੱਡਦੇ ਹਨ। ਬਾਜ਼ਾਰਾਂ ਦੇ ਘੱਟੇ ਤੇ ਮੱਖੀਆਂ ਦੀ ਉਹ ਬੈਠਕ ਬਣਦੀ ਹੈ। ਫੇਰ ਬਦਬੂ ਤੇ ਮੈਲ ਨਾਲ ਭਰੇ ਝੱਗੇ ਪਹਿਨੀਂ ਟੋਕਰੀ ਵਿਚ ਪਾ ਕੇ ਇਕ ਆਦਮੀ ਵੇਚਣ ਆਉਂਦਾ ਹੈ। ਹੱਥ ਕਦੇ ਉਹ ਧੋਂਦਾ ਨਹੀਂ। ਉਸ ਤੋਂ ਖ਼ਰੀਦ ਕੇ ਤੁਸੀਂ ਲੋਕ ਖਾਂਦੇ ਤੇ ਖੁਸ਼ ਹੁੰਦੇ ਹੋ ਕਿ ਸਾਹਿਬ ਲੋਕ ਬਣ ਗਏ। ਕਦੇ ਕਿਸੇ ਡਬਲ ਰੋਟੀ ਤੇ ਅੰਗ੍ਰੇਜ਼ੀ ਮਿਠਾਈਆਂ ਵੇਚਣ ਵਾਲੇ ਮੀਆਂ ਜੀ ਦੇ ਅੰਦਰ ਜਾਕੇ ਡਿੱਠਾ ਜੇ, ਜਿੱਥੇ ਰੋਟੀਆਂ ਤੇ ਮਠਿਆਈਆਂ ਪਕਾਉਂਦੇ ਹਨ। ਇਕ ਵੇਰੀ ਤਾਂ ਦਰਸ਼ਨ ਕਰ ਛੱਡੋ। ਜੇ ਚੌਂਕੇ ਦੀ ਸਫਾਈ ਵਹਿਮ ਸੀ ਤਾਂ ਏਥੇ ਕੁਚੀਲਤਾਈ ਦੀ ਭਰਮਾਰ ਹੈ।

ਬ੍ਰਿਸਟਰ— ਹੈ ਸੱਚ। ਸਾਨੂੰ ਵਿਹਲ ਕਿੱਥੇ ਜੋ ਤੰਦੂਰਾਂ ਦੀ ਸਫਾਈ ਦਾ ਥਾਨ੍ਹਣੂੰ ਬਨ੍ਹੀਏਂ ਤੇ ਅੰਗ੍ਰੇਜ਼ੀ ਖਾਣਿਆਂ ਦੀਆਂ ਮੀਆਂ ਜੀ ਦੀਆਂ ਦੁਕਾਨਾਂ ਦਾ ਪ੍ਰਬੰਧ ਕਰੀਏ?

ਬਾਬਾ— ਤਦੇ ਦੇਸ਼ ਦੇ ਪੁਰਾਣੇ ਗੁਣ ਵਿਦਾ ਹੋ ਰਹੇ ਹਨ, ਨਵੇਂ ਆ ਨਹੀਂ ਰਹੇ। ਪੁਰਾਣੇ ਐਬ ਤੇ ਨਵੇਂ ਐਬ ਕੱਠੇ ਹੋ ਕੇ ਕਾਵਾਂ ਰੌਲੀ ਮੱਚ ਰਹੀ ਹੈ।

ਬ੍ਰਿਸਟਰ— ਬਾਬਾ ਜੀ! ਮੇਰਾ ਜੀ ਚਾਹੁੰਦਾ ਹੈ ਕਿ ਤੁਸੀਂ ਮੈਨੂੰ ਕੁਛ ਐਸੀਆਂ ਹੋਰ ਗੱਲਾਂ ਦੱਸੋ ਕਿ ਜੋ ਅਸਾਂ ਭਰਮ ਸਮਝ ਕੇ ਛੱਡੀਆਂ ਹਨ ਤੇ ਅਸਲ ਵਿਚ ਉਹ ਗੱਲਾਂ ਸੁਖਦਾਈ ਸਨ ਪਰ ਇਸ ਤਰ੍ਹਾਂ ਦੀ, ਕਿ ਤੁਸਾਂ ਮੈਨੂੰ ਲੰਗਰ ਦੀ ਯਾ ਚੌਂਕੇ ਦੀ ਸੁੱਚਮਤਾਈ ਦੀ ਗੱਲ ਸੁਣਾਈ ਹੈ।

ਬਾਬਾ— ਹਰ ਗੱਲ ਪਹਿਲਾਂ ਅਕਲ ਤੋਂ ਟੁਰਦੀ ਹੈ, ਫੇਰ ਭਰਮ ਬਣਦੀ ਹੈ ਤੇ ਫੇਰ ਉਸ ਵਿਚ ਅਭਿਮਾਨ ਟੁਰ ਪੈਂਦਾ ਹੈ। ਜਿਹਾ ਕਿ ਖਾਣੇ ਪੀਣੇ ਦੀ ਸਫਾਈ ਰੱਖਣੀ ਅਕਲ ਦੀ ਗੱਲ ਹੈ। ਫੇਰ ਚੁੱਲ੍ਹੇ ਚੌਂਕੇ ਵੱਖ ਹੋਏ। ਪਿਤਾ ਪੁੱਤ ਦਾ ਵੱਖ ਚੁੱਲ੍ਹਾ। ਚੁੱਲ੍ਹੇ ਦੀ ਲੀਕ ਤੋਂ ਬਾਹਰਵਾਰ ਕਾਰਾਂ ਕੱਢਣੀਆਂ। ਜੇ ਪੁੱਛੋ ਕਿ ਐਸਾ ਕਿਉਂ ਕਰਦੇ ਹੋ, ਤਾਂ ਕੁਝ ਨਾ ਦੱਸ ਸੱਕਣਾ ਸਿਵਾ ਇਹਦੇ ਕਿ ਛੂਤ ਲੱਗਦੀ ਹੈ, ਭਿੱਟ ਜਾਈਦਾ ਹੈ। ਇਸ ਤੋਂ ਅੱਗੇ ਅਭਿਮਾਨ ਟੁਰ ਪੈਣਾ ਕਿ ਹਮ ਬ੍ਰਾਹਮਣ ਹੈਂ, ਹਮ ਸੰਨਿਆਸੀ ਹੈ, ਹਮ ਊਚ ਜਾਤ ਹੈਂ, ਯਿਹ ਨੀਚ ਜਾਤ ਹੈ, ਇਸਕੇ ਹਾਥ ਕਾ ਨਹੀਂ ਖਾਏਂਗੇ। ਹਮ ਬੜੇ ਹੈਂ, ਕਿਉਂਕਿ ਹਮ ਅਮਕੀ ਕੁਲ ਸੇ ਹੈਂ, ਔਰ ਬ੍ਰਹਮਚਾਰੀ ਹੈਂ। ਇਸ ਪ੍ਰਕਾਰ ਦੇ ਅਭਿਮਾਨ ਤੇ ਭਰਮ ਨੂੰ ਤੁਹਾਨੂੰ ਪਤਾ ਹੈ ਤੀਸਰੇ ਸਤਿਗੁਰਾਂ ਨੇ ਰੋਕਿਆ ਸੀ।

ਬ੍ਰਿਸਟਰ— ਇਹ ਠੀਕ ਹੈ! ਕੁਛ ਮੈਨੂੰ ਹੋਰ ਗੱਲਾਂ ਦੱਸੋ?

ਬਾਬਾ— ਰਾਤ ਵੇਲੇ ਬ੍ਰਿਛਾਂ ਹੇਠ ਸੌਣੋਂ ਪਿਛਲੇ ਲੋਕ ਮਨ੍ਹਾਂ ਕਰਦੇ ਹੁੰਦੇ ਸਨ। ਕਹਿੰਦੇ ਸਨ ਭੂਤ

* ਹੈਜ਼ਾ, ਮੁਹਰਕਾ ਤਪ ਤੇ ਮਰੋੜੇ ਆਦਿ ਦੇ ਜਿਰਮ ਦੁੱਧ ਪਾਣੀ ਤੇ ਖ਼ਾਣ ਵਾਲੇ ਪਦਾਰਥਾਂ ਦੇ ਰਸਤੇ ਅੰਦਰ ਜਾਂਦੇ ਹਨ ਤੇ ਅਕਸਰ ਮੱਖੀਆਂ ਦੇ ਪੈਰ ਏਹ ਪ੍ਰਮਾਣੂ ਦੁੱਧ ਮਿਠਾਈ ਰੋਟੀ ਆਦਿ ਵਿਚ ਪੁਚਾ ਦੇਂਦੇ ਹਨ।

 www.sikhbookclub.com

ਲੱਗ ਜਾਂਦੇ ਹਨ, ਪਰ ਉਸ ਦਿਨ ਡਾਕਟਰ ਜੀ ਦੱਸਦੇ ਸਨ ਕਿ ਰਾਤ ਨੂੰ ਜੋ ਹਵਾ ਹੁੰਦੀ ਹੈ ਮੈਲੀ ਹੁੰਦੀ ਹੈ ਤੇ ਬ੍ਰਿੱਛ ਉਸ ਨੂੰ ਸਾਫ ਨਹੀਂ ਕਰ ਸਕਦੇ, ਜਿਸ ਕਰਕੇ ਬ੍ਰਿੱਛਾਂ ਹੇਠ ਰਾਤ ਨੂੰ ਸੌਣਾ ਠੀਕ ਨਹੀਂ ਹੈ, ਆਦਮੀ ਬੀਮਾਰ ਹੋ ਜਾਂਦਾ ਹੈ।

ਬ੍ਰਿਸਟਰ— ਬਾਬਾ ਜੀ! ਠੀਕ ਹੈ, ਇਹ ਮੈਂ ਭੀ ਪੜ੍ਹਿਆ ਹੈ। ਪਰ ਰਾਤ ਨੂੰ ਪੱਤ੍ਰ ਨਹੀਂ ਤੋੜਨ ਦੇਂਦੇ, ਟਾਹਣੀ ਨਹੀਂ ਵੱਢਣ ਦੇਂਦੇ ਕਿਉਂ?

ਬਾਬਾ— ਇਹ ਮੈਨੂੰ ਨਹੀਂ ਪਤਾ।

ਬ੍ਰਿਸਟਰਾਣੀ— (ਬ੍ਰਿਸਟਰ ਵਲ ਤਕ ਕੇ) ਇਹ ਤਾਂ ਤੁਸੀਂ ਆਪ ਵਿਚਾਰ ਲਓ। ਸਾਡੇ ਦੇਸ਼ ਦੇ ਇਕ ਵਿਗਿਆਨਕ ਨੇ ਸਿੱਧ ਕੀਤਾ ਹੈ ਕਿ ਬ੍ਰਿੱਛ ਰਾਤ ਨੂੰ ਸੌਂਦੇ ਹਨ। ਜੇ ਸੁੱਤੇ ਪਏ ਦੀ ਨੀਂਦ ਖ਼ਰਾਬ ਕਰੋਗੇ ਆਪੇ ਉਸਦੀ ਤਰੱਕੀ ਖ਼ਰਾਬ ਹੋਵੇਗੀ।

ਬ੍ਰਿਸਟਰ— ਸ਼ਾਬਾਸ਼! ਬਹੁਤ ਠੀਕ ਕਿਹਾ ਹੈ। ਹੁਣ ਦੁੱਖ ਬਾਬਾ ਜੀ! ਇਹ ਹੈ ਕਿ ਪਿਛਲੀ ਹਰ ਗੱਲ ਧਰਮ ਵਿਚ ਵਾੜ ਦਿੱਤੀ ਗਈ ਸੀ ਤੇ ਫੇਰ ਭਰਮ ਬਣ ਗਈ ਸੀ। ਜਿਸ ਤਰ੍ਹਾਂ ਰੋਜ਼ ਇਸ਼ਨਾਨ ਕਰਨਾ ਧਰਮ ਦੀ ਵਸਤੂ ਨਹੀਂ, ਪਰ ਸਰੀਰ ਰਾਜ਼ੀ ਰਹਿੰਦਾ ਹੈ, ਪਿੰਡੇ ਦੀ ਮੈਲ ਲਹਿ ਜਾਂਦੀ ਹੈ ਤੇ ਸਰੀਰ ਦੀਆਂ ਰੋਮ ਕੂਪ ਨਾਲੀਆਂ ਸਾਫ ਹੋ ਜਾਂਦੀਆਂ ਹਨ। ਰੋਮਾਂ ਦੇ ਰਾਹ ਅੰਦਰਲੇ ਜ਼ਹਿਰ ਮੁੜ੍ਹਕਾ ਬਣਕੇ ਨਿਕਲ ਜਾਂਦੇ ਹਨ। ਸੋ ਜੇ ਇਹ ਸਾਫ ਰਹਿੰਦੇ ਹਨ ਤਦ ਸਰੀਰ ਅਰੋਗ ਰਹਿੰਦਾ ਹੈ, ਇਹ ਬੰਦ ਹੋ ਜਾਣ ਤਾਂ ਸਰੀਰ ਬੀਮਾਰ ਹੋ ਜਾਂਦਾ ਹੈ।

ਬ੍ਰਿਸਟਰਾਣੀ— ਤੁਹਾਨੂੰ ਯਾਦ ਨਹੀਂ 'ਰੋਮਾਂ' ਦੇ ਦੇਸ਼ ਵਿਚ ਇਕ ਵੇਰ ਕਿਸੇ ਧੂਮ ਧੜਾਕੇ ਦੇ ਜਲਸੇ ਵਿਚ ਜੁ ਸਾਂਗ ਕੱਢੇ ਗਏ ਤਾਂ ਇਕ ਆਦਮੀ ਸੋਨੇ ਦੇ ਵਰਕਾਂ ਨਾਲ ਮੜ੍ਹ ਦਿੱਤਾ, ਜੋ ਸਾਰਾ ਸੋਨੇ ਦਾ ਨਜ਼ਰ ਆਵੇ। ਵਰਕ ਬਦਨ ਉੱਤੇ ਚੰਮੜ ਗਏ ਤੇ ਰੋਮ ਕੂਪ ਬੰਦੇ ਹੋ ਗਏ, ਫੇਰ ਉਹ ਜ਼ਹਿਰ ਅੰਦਰੇ ਰਹਿ ਗਿਆ ਜੋ ਹਰ ਵੇਲੇ ਬੇਮਲੂਮੇ ਰੋਮਾਂ ਦੇ ਰਸਤੇ ਨਿਕਲਦਾ ਰਹਿੰਦਾ ਹੈ, ਉਹੋ ਜ਼ਹਿਰ ਉਸ ਆਦਮੀ ਨੂੰ ਚੜ੍ਹ ਗਿਆ ਤੇ ਉਹ ਮਰ ਗਿਆ। ਤਦ ਤੋਂ ਪੱਛਮੀਆਂ ਨੂੰ ਪਤਾ ਲੱਗਾ ਕਿ ਰੋਮ ਖੁੱਲ੍ਹੇ ਰਹਿਣੇ ਠੀਕ ਹਨ। ਪਰ ਸਾਡੇ ਦੇਸ਼ ਵਿਚ ਹਜ਼ਾਰਾਂ ਵਰ੍ਹਿਆਂ ਤੋਂ ਰੋਜ਼ ਇਸ਼ਨਾਨ ਦਾ ਰਿਵਾਜ ਇਸੇ ਸ਼ਰੀਰਕ ਸੁਖ ਵਾਸਤੇ ਹੈ।

ਬਾਬਾ— ਹੈ ਤਾਂ ਠੀਕ, ਪਰ ਇਕ ਗੱਲ ਨਾ ਭੁੱਲੇ। ਕਈ ਗੱਲਾਂ ਦਾ ਧਰਮ ਨਾਲ ਵਾਸਤਾ ਨਹੀਂ ਹੁੰਦਾ ਪਰ ਕਈਆਂ ਦਾ ਹੁੰਦਾ ਹੈ। ਇਸ ਤਰ੍ਹਾਂ ਇਸ਼ਨਾਨ ਦਾ ਫਲ ਸਰੀਰ ਦੀ ਅਰੋਗਤਾ ਹੈ, ਪਰ ਅਰੋਗਤਾ ਪਰਮਾਰਥ ਦਾ ਅੰਗ ਹੈ। ਬੀਮਾਰ ਆਦਮੀ ਕਿਸ ਤਰ੍ਹਾਂ ਮਨ ਦੇ ਟਿਕਾਉ ਦੇ ਸਾਧਨ ਕਰ ਸਕਦਾ ਹੈ? ਦੂਸਰੇ ਜਦ ਇਸ਼ਨਾਨ ਕਰੀਦਾ ਹੈ ਸਰੀਰ ਤਾਂ ਉੱਜਲ ਹੋ ਹੀ ਜਾਂਦਾ ਹੈ, ਪਰ ਮਨ ਉਤੇ ਬੀ ਸ਼ਾਂਤੀ ਦਾ ਅਸਰ ਪੈਂਦਾ ਹੈ। ਇਸ਼ਨਾਨ ਦੇ ਮਗਰੋਂ ਮਨ ਦਾ ਸੁਤੇ ਰੁਖ ਇਕਾਗ੍ਰਤਾ ਵੱਲ ਹੋ ਜਾਂਦਾ ਹੈ। ਉਹੋ ਵੇਲਾ ਹੈ ਭਜਨ ਕਰਨ ਦਾ। ਜਦ ਸਰੀਰ ਦਾ ਅਸਰ ਮਨ ਪਰ ਸ਼ਾਂਤੀ ਵਾਲਾ ਪਿਆ ਤਾਂ ਮਗਰੋਂ ਮਨ ਭੀ ਸਾਧਨ ਸ਼ਾਂਤੀ ਵਾਲਾ ਕਰੇ, ਬੱਸ ਦੋਹਰੀ ਮਦਦ ਹੋ ਗਈ। ਜਿਸ ਤਰ੍ਹਾਂ ਹਰ ਵੇਲੇ ਪਰਮੇਸ਼ੁਰ ਦੀ ਅਰਾਧਨਾ ਹੋ ਸਕਦੀ ਹੈ, ਪਰ ਅੰਮ੍ਰਿਤ ਵੇਲੇ ਦੀ ਮਹਿੰਮਾ ਸਾਡੇ ਸਤਿਗੁਰਾਂ ਨੇ ਬਹੁਤ ਕੀਤੀ ਹੈ। ਕਾਰਨ ਇਹ ਹੈ ਕਿ ਅੰਮ੍ਰਿਤ ਵੇਲੇ ਸੁਤੇ ਹੀ ਮਨ ਦਾ ਰੁਖ ਇਕਾਗ੍ਰਤਾ ਵੱਲ ਹੁੰਦਾ ਹੈ, ਸੰਸਾਰ ਦੇ ਰੌਲੇ ਬਖੇੜੇ ਬੰਦ ਹੁੰਦੇ ਹਨ, ਸ਼ੋਰ ਸ਼ਰਾਬਾ ਨਹੀਂ ਹੁੰਦਾ, ਚੁਪ ਚਾਂ ਤੇ ਏਕਾਂਤ ਹੁੰਦੀ ਹੈ, ਰੋਟੀ ਪਚ ਚੁੱਕੀ ਹੁੰਦੀ ਹੈ, ਸਰੀਰ ਦੇ ਕੰਮਾਂ ਕਾਜਾਂ ਵਲੋਂ ਸੁਰਤ ਨੂੰ ਕੁਛ ਵਿਹਲ ਹੁੰਦੀ ਹੈ, ਇਉਂ ਜੋ ਸਾਮਾਨ ਚੁਗਿਰਦੇ ਦੇ ਹਨ ਸ਼ਾਂਤਮਯ ਹੋ ਜਾਂਦੇ ਹਨ, ਉਹ ਮਨ ਦੇ ਸਾਧਨ ਉਤੇ ਜੋ ਨਾਮ, ਬਾਣੀ, ਸਿਫਤ ਸਲਾਹ, ਭਗਵੰਤ ਦੇ ਪਿਆਰ ਦਾ ਕਰਨਾ ਹੈ ਉਸ ਵਿਚ ਸਹਾਈ ਹੋ ਜਾਂਦੇ ਹਨ। ਇਸ ਤਰ੍ਹਾਂ ਇਸ਼ਨਾਨ ਦਾ ਫਲ ਪਰਮਾਰਥਕ ਭੀ ਹੈ। ਹਾਂ ਇਹ ਗੱਲ ਕਿ ਨਿਰੇ ਨ੍ਹਾਉਣ ਨਾਲ ਮੁਕਤੀ ਹੋ ਜਾਏਗੀ ਅਰ ਨ੍ਹਾਉਣਾ ਹੀ ਪਾਪਾਂ ਦੀ ਮਾਫੀ ਹੈ, ਇਹ ਭਰਮ ਹੈ, ਇਸਨੂੰ ਕੱਟਣਾ ਚਾਹੀਏ। ਸਾਡੇ ਧਰਮ ਵਿਚ ਤਾਂ ਨ੍ਹਾਉਣਾ, ਸਰੀਰ ਦੀ ਸਾਰੀ ਸਫਾਈ, ਫੇਰ ਮਨ ਵਿਚ ਬੁਰੇ ਭਾਵਾਂ ਦੀ ਸਫਾਈ, ਫੇਰ ਬੁੱਧੀ ਦੀ ਉੱਜਲਤਾਈ, ਏਸ ਸਾਰੇ ਨੂੰ ਇਸ਼ਨਾਨ ਆਖਦੇ ਹਨ।

ਬ੍ਰਿਸਟਰ— ਇਹ ਬਹੁਤ ਖ਼ੂਬ ਹੈ।

ਬਾਬਾ— ਸਾਡੇ ਲਿਖਿਆ ਹੈ:-

'ਗੁਰਮੁਖਿ ਨਾਮੁ ਦਾਨੁ ਇਸਨਾਨੁ॥"

ਸਭ ਤੋਂ ਵੱਡਾ ਕਰਮ ਹੈ 'ਨਾਮ'। ਪਿਆਰ ਨਾਲ, ਪਿਆਰ ਭਰੀ ਯਾਦ ਨਾਲ, ਹਰ ਵੇਲੇ ਅਪਣੇ ਪਿਤਾ

SIKHBOOKCLUB.COM

ਪਰਮੇਸੁਰ ਨਾਲ ਲੱਗੇ ਰਹਿਣਾ। ਜਿਸ ਤਰ੍ਹਾਂ ਬੱਚਾ ਮਾਂ ਦੀ ਗੋਦ ਵਿਚ ਪਿਆ ਹੁੰਦਾ ਹੈ, ਇਸ ਤਰ੍ਹਾਂ ਪਰਮ ਗੋਦ ਵਿਚ ਪਏ ਰਹਿਣਾ। ਜਗਤ ਦੇ ਕੰਮ ਕਰਨੇ ਪਰ ਗੋਦ ਵਿਚੋਂ ਨਿਕਲਕੇ ਨਾ, ਗੋਦੀ ਆਸਰੇ ਰਹਿਕੇ ਕਰਨੇ, ਇਹ ਨਾਮ ਹੈ। ਮਨ ਦਾ ਇਕ ਝੁਕਾਉ ਪਾਰਬ੍ਰਹਮ ਵੱਲ ਪਿਆ ਰਹੇ ਤੇ ਇਕ ਕੰਮਾਂ ਕਾਜਾਂ ਵੱਲ।

ਕਿਸੇ ਦਾ ਬੁਰਾ ਨਾ ਕਰਨਾ, ਹੋ ਸਕੇ ਤਾਂ ਭਲਾ ਕਰਨਾ, ਇਹ ਦਾਨ ਹੈ। ਆਪਣੇ ਮਨ ਵਿਚ ਭਲੇ ਦਾ ਸੰਕਲਪ ਰੱਖਦਾ ਜੋ ਮਨ ਦੀ ਭਾਵਨੀ ਭਲੀ ਰਹੇ, ਇਹ ਦਾਨ ਹੈ। ਕਿਸੇ ਨੂੰ ਸੁਖ ਦੇਣਾ ਇਹ ਦਾਨ ਹੈ।

ਸਰੀਰ, ਮਨ ਤੇ ਬੁੱਧੀ ਕਰਕੇ ਸਾਫ ਰਹਿਣਾ ਇਹ ਇਸ਼ਨਾਨ ਹੈ।

ਬ੍ਰਿਸਟਰਾਣੀ— ਮਨ ਤੇ ਬੁੱਧੀ ਕੀਕੂੰ ਸਾਫ ਰੱਖੀਦਾ ਹੈ?

ਬਾਬਾ— ਮਨ ਨੂੰ ਬੁੱਧੀ ਦੇ ਤਾਬੇ ਰੱਖੀਦਾ ਹੈ, ਇਸ ਤਰ੍ਹਾਂ ਮਨ ਬੁੱਧੀ ਦੇ ਵੱਸ ਰਹਿਕੇ ਸਾਫ ਹੁੰਦਾ ਹੈ ਤੇ ਬੁੱਧੀ ਮਨ ਨੂੰ ਵੱਸ ਰਖਕੇ ਸਾਫ ਰਹਿੰਦੀ ਹੈ। ਉਂਵ ਨਾਮ ਜੋ ਜਪੀਦਾ ਹੈ ਉਸ ਦਾ ਪੋਖੂ ਭੀ ਮਨ ਤੇ ਬੁੱਧੀ ਦੀ ਸਫਾਈ ਉੱਤੇ ਪੈਂਦਾ ਹੈ ਤੇ ਉਹ ਧੁਪਦੇ ਰਹਿੰਦੇ ਹਨ।

ਬ੍ਰਿਸਟਰਾਣੀ— ਮਨ ਬੁੱਧ ਦਾ ਕੀਹ ਫਰਕ ਹੈ?

ਬਾਬਾ— ਜੋ ਚੀਜ਼ ਭਾ ਜਾਵੇ, ਚੰਗੀ ਲੱਗ ਜਾਵੇ ਉਸਦੇ ਮਗਰ ਉੱਠ ਭੱਜਣਾ, ਲੈਣ ਲਈ ਲਾਲਸਾ ਕਰਨੀ, ਇਹ ਅੰਦਰ ਜਿੱਥੇ ਫੁਰਨਾ ਹੈ, ਉਹ ਮਨ ਹੈ। ਇਹ ਨਾ ਸੋਚਣਾ ਕਿ ਫਲ ਕੀ ਹੋਊ, ਪਰ ਜੋ ਭਾਵੇ ਸੋ ਲੈਣਾ ਚਾਹੁਣਾ, ਇਹ ਕੰਮ ਮਨ ਦਾ ਹੈ। ਜੋ ਕੁਛ ਕਿ ਮਨ ਵਿਚ ਆਵੇ ਉਸਨੂੰ ਸਮਝਣਾ ਕਿ ਭਲਾ ਹੈ ਕਿ ਨਹੀਂ, ਇਸਦਾ ਫਲ ਸੁੱਖ ਹੈ ਕਿ ਦੁੱਖ, ਇਸਤੋਂ ਪਾਪ ਹੋਊ ਕਿ ਪੁੰਨ? ਇਹ ਵਿਚਾਰਨਾ ਬੁਧੀ ਦਾ ਕੰਮ ਹੈ। ਜਾਚਣਾ, ਤੋਲਣਾ, ਨਿਸ਼ਚੇ ਕਰਨਾ ਕਿ ਕੀਹ ਠੀਕ ਹੈ, ਇਹ ਬੁੱਧੀ ਹੈ। ਸੋ ਜਦੋਂ ਮਨ ਬੁੱਧੀ ਦੇ ਵੱਸ ਹੋਵੇ ਤਦ ਮਨ ਮਾੜੀ ਲਾਲਸਾ ਤੋਂ ਸਾਫ ਰਹਿੰਦਾ ਹੈ। ਮਨ ਇੱਛਿਆ ਕਰਦਾ ਹੈ, ਪਰ ਬੁੱਧੀ ਦੱਸ ਦੇਂਦੀ ਹੈ ਕਿ ਇਹ ਇੱਛਿਆ ਮਾੜੀ ਹੈ ਕਿ ਚੰਗੀ, ਤਦੋਂ ਮਨ ਮਾੜੀ ਇੱਛਾ ਛੱਡ ਦੇਂਦਾ ਹੈ। ਇਹ ਮਨ ਦੀ ਸਫਾਈ ਹੈ। ਜਦੋਂ ਬੁੱਧਿ ਠੀਕ ਜੋਖਕੇ ਮਨ ਉੱਤੇ ਵੱਸ ਪਾ ਜਾਂਦੀ ਹੈ ਤਾਂ ਬੁੱਧੀ ਵਿਚ ਪਾਪਾਂ ਦੀ ਮੈਲ ਨਹੀਂ ਜਮਾ ਹੁੰਦੀ, ਉਹ ਸਾਫ ਰਹਿੰਦੀ ਹੈ। ਤੁਸਾਂ ਸਾਡੀ ਅਰਦਾਸ ਨਹੀਂ ਕਦੇ ਸੁਣੀ। ਅਸੀਂ ਮੰਗਿਆ ਕਰਦੇ ਹਾਂ ਰੋਜ਼:-

ਮਨ ਨੀਵਾਂ,
ਮਤਿ ਉੱਚੀ,
ਮਤਿ ਕਾ ਰਾਖਾ ਵਾਹਿਗੁਰੂ।

ਮਨ ਬੁੱਧੀ ਦੇ ਅੱਗੇ ਨੀਵਾਂ ਰਹੇ, ਬੁੱਧੀ (ਮਤਿ) ਮਨ ਦੇ ਉੱਤੇ ਉੱਚੀ ਰਹੇ, ਉਸਦਾ ਹੁਕਮ ਮਨ ਪਰ ਟੁਰੇ। ਬੁੱਧੀ ਦਾ ਨਿਗਾਹਬਾਨ ਵਾਹਿਗੁਰੂ ਹੋਵੇ ਤਾਂਕਿ ਬੁੱਧੀ ਜੋ ਭਾਵ ਜੋਖੇ ਉਹ ਪਰਮੇਸ਼ੁਰ ਦੇ ਹੁਕਮ ਤੇ ਉਸਦੀ ਮਰਜ਼ੀ ਦਾ ਉਸ ਨੂੰ ਭਾਉਣ ਵਾਲਾ ਹੋਵੇ। ਬੁੱਧੀ ਤਾਂ ਹੋਵੇ ਰੱਬੀ ਨਿਗਾਹਬਾਨੀ ਵਿਚ ਤੇ ਮਨ ਹੋਵੇ ਐਸੀ ਬੁੱਧੀ ਦੀ ਨਿਗਾਹਬਾਨੀ ਵਿਚ। ਇਹ ਗੱਲ ਅਸੀਂ ਰੋਜ਼ ਰੱਬ ਜੀ ਤੋਂ ਮੰਗਦੇ ਹਾਂ।

ਬ੍ਰਿਸਟਰ— ਇਹ ਅਰਦਾਸ ਬੜੀ ਹੀ ਖੂਬਸੂਰਤ ਹੈ।

ਬਾਬਾ— ਸੋ ਤੁਸੀਂ ਡਿੱਠਾ ਹੈ ਕਿ ਸਾਡੇ ਇਸ਼ਨਾਨ ਦੇ ਅਰਥ ਕੀ ਹਨ? ਅਸੀਂ ਨਿਰੇ ਭਰਮ ਵਾਲੇ ਨ੍ਹਾਉਣ ਨੂੰ ਕਹਿੰਦੇ ਹਾਂ:-

'ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥
ਇਕੁ ਭਾਉ ਲਥੀ ਨਾਤਿਆ ਦੁਇ ਭਾ
ਚੜੀਅਸੁ ਹੋਰ॥ ਬਾਹਰਿ ਧੋਤੀ ਤੂਮੜੀ ਅੰਦਰਿ
ਵਿਸੁ ਨਿਕੋਰ॥ ਸਾਧੁ ਭਲੇ ਅਣਨਾਤਿਆ ਚੋਰ
ਸਿ ਚੋਰਾ ਚੋਰ॥'

ਹੁਣ ਇਹ ਮਤਲਬ ਨਹੀਂ ਕਿ ਸਾਧ ਨ੍ਹਾਉਂਦੇ ਨਹੀਂ, ਪਰ ਇਹ ਕਿ ਇਸ਼ਨਾਨ ਦੇ ਅਭਿਮਾਨੀ ਦੁਰਾਚਾਰੀ ਕੋਲੋਂ ਪਰਮੇਸ਼ੁਰ ਦੇ ਪਿਆਰ ਵਾਲੇ-ਇਨ੍ਹਾਂ ਭਰਮਾਂ ਵਾਲੇ ਇਸ਼ਨਾਨਾਂ ਤੋਂ ਕਿ ਅਮਕੇ ਸਮੇਂ ਅਮਕੀ ਨਦੀ ਤੇ ਨਾ ਨ੍ਹਾਵੇ ਤਾਂ ਪਾਪੀ-ਅਣਨ੍ਹਾਤੇ ਹੀ ਚੰਗੇ ਹਨ।

ਬ੍ਰਿਸਟਰ— ਠੀਕ ਹੈ, ਬਹੁਤ ਠੀਕ ਹੈ।

ਬਾਬਾ— ਪਿਛਲੇ ਲੋਕ ਗਾਂ ਦਾ ਮੂੰਹ ਧੋਕੇ, ਫੇਰ ਥਣ ਧੋਕੇ, ਫੇਰ ਉਸ ਭਾਂਡੇ ਵਿਚ, ਜੋ ਧੋਕੇ ਧੁੱਪੇ ਸੁਕਾਯਾ ਹੋਵੇ, ਦੁੱਧ ਚੋਂਦੇ ਸਨ। ਹੁਣ ਗੁੱਜਰਾਂ ਨੇ ਤੇ ਹੋਰਨਾਂ ਦਲਿੱਦ੍ਰੀਆਂ ਨੇ ਇਹ ਸਭ ਕੁਛ ਛੱਡ ਦਿੱਤਾ ਹੈ। ਅਗਲੇ ਦਿਨ ਡਾਕਟਰ ਸਾਹਿਬ ਕਹਿੰਦੇ ਸਨ


SIKHBOOKCLUB.COM

ਕਿ ਹੁਣ ਪੱਛੋਂ ਵਾਲੇ ਕਹਿੰਦੇ ਹਨ, ਗਾਂ ਨੂੰ ਬੜਾ ਸੁਥਰਾ ਰੱਖਣਾ ਚਾਹੀਦਾ ਹੈ। ਇਸ ਨੂੰ ਦਿੱਕ ਤਾਪ ਹੋ ਜਾਂਦਾ ਹੈ, ਫੇਰ ਉਥੋਂ ਮਨੁਖਾਂ ਨੂੰ ਆ ਜਾਂਦਾ ਹੈ, ਤਾਂ ਤੇ ਗਾਂ ਅਰੋਗ ਤੇ ਸੁਥਰੀ ਰਹੇ। ਇਹ ਭੀ ਕਹਿੰਦੇ ਸਨ ਕਿ ਗਾਂ ਦਾ ਮੂੰਹ ਸਾਫ ਕਰਨਾ ਤੇ ਥਣ ਧੋਣੇ ਭੀ ਜ਼ਰੂਰੀ ਹਨ ਤੇ ਦੁੱਧ ਚੋਣ ਵਾਲੇ ਭਾਂਡੇ ਨੂੰ ਧੋਕੇ ਤੇ ਮਾਂਜਕੇ ਧੁੱਪ ਜ਼ਰੂਰ ਲੁਆਉਣੀ ਚਾਹੀਏ। ਦੁੱਧ ਜਮਾਉਣ ਵਾਲੇ ਭਾਂਡੇ ਨੂੰ ਭੀ ਧੋ ਕੇ ਧੁੱਪੇ ਰਖ ਕੇ ਫੇਰ ਵਰਤਣਾ ਚਾਹੀਏ। ਇਹਨਾਂ ਗੱਲਾਂ ਨਾਲ ਦੁੱਧ, ਦਹੀਂ, ਲੱਸੀ ਤੇ ਮੱਖਣ ਸਾਫ ਰਹਿੰਦੇ ਹਨ, ਨਹੀਂ ਤਾਂ ਜੋ ਦੁੱਧ ਦੀ ਲਾਗ ਭਾਂਡਿਆਂ ਵਿਚ ਰਹਿ ਜਾਂਦੀ ਹੈ ਉਹ ਤ੍ਰੱਕ ਉਠਦੀ ਹੈ ਤੇ ਕਈ ਨਾ ਦਿੱਸਣ ਵਾਲੇ ਕਿਰਮ ਪੈਦਾ ਕਰ ਲੈਂਦੀ ਹੈ ਜੋ ਵਿਚੇ ਰਹਿਣ ਤਾਂ ਦੁੱਧ ਨੂੰ ਮਾੜਾ ਕਰ ਦੇਂਦੇ ਹਨ।

ਬ੍ਰਿਸਟਰ— ਡਾਕਟਰ ਸਾਹਿਬ ਨੇ ਆਪ ਨੂੰ ਠੀਕ ਦੱਸਿਆ ਹੈ।

ਬਾਬਾ— ਹੁਣ ਵੇਖੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪਰਮੇਸੁਰ ਦੇ ਨਾਮ ਜਪਣ ਦਾ ਦ੍ਰਿਸ਼ਟਾਂਤ ਦੇਂਦੇ ਹੋਏ ਕਿਹਾ ਹੈ ਕਿ ਦੁੱਧ ਦੇ ਭਾਂਡੇ ਨੂੰ ਧੋਵੇ ਤੇ ਧੁੱਪ ਦਿਓ ਤਾਂ ਦੁੱਧ ਉਸ ਵਿਚ ਪਾਓ:-

'ਭਾਂਡਾ ਧੋਇ ਬੈਸਿ ਧੂਪੁ ਦੇਵਹੁ
ਤਉ ਦੂਧੈ ਕਉ ਜਾਵਹੁ॥'

ਤੇ ਸਾਰੇ ਲੋਕ ਇਸ ਤਰ੍ਹਾਂ ਕਰਕੇ ਸੁਖ ਪਾਉਂਦੇ ਸਨ।

ਬਾਬੇ ਦੇ ਘਰ ਵਾਲੀ— ਕਈ ਧੁੱਪ ਦੀ ਥਾਂ ਧੂਪ ਦੇਂਦੇ ਹਨ। ਪਰ ਮੇਰੀ ਮਾਂ ਭਾਂਡਾ ਧੋਕੇ ਪਹਿਲਾਂ ਧੂਪ ਧੁਖਾਕੇ ਉੱਤੇ ਮੂਧਾ ਮਾਰਕੇ ਧੂੰਏਂ ਨਾਲ ਭਰ ਦੇਂਦੀ ਹੁੰਦੀ ਸੀ ਤੇ ਫੇਰ ਪਹਿਰ ਭਰ ਧੁੱਪੇ ਰੱਖਿਆ ਕਰਦੀ ਸੀ।

ਬ੍ਰਿਸਟਰ— ਦੋਵੇਂ ਗੱਲਾਂ ਠੀਕ ਹਨ। ਧੂੰਏਂ ਵਿਚ ਅਕਸਰ ਕਿਰਮ ਜਿਰਮ ਮਰ ਜਾਂਦੇ ਹਨ ਤੇ ਸੂਰਜ ਦੀ ਧੁੱਪ ਵਿਚ ਵੀ ਮਰ ਜਾਂਦੇ ਹਨ। ਨਾਲੇ ਭਾਂਡੇ ਵਿਚ ਖਟਿਆਈ ਨਹੀਂ ਰਹਿੰਦੀ, ਮਾੜੀ ਕਿਸਮ ਦੀ ਮੁਸ਼ਕ ਨਹੀਂ ਜਮਾਂ ਹੁੰਦੀ।

ਬ੍ਰਿਸਟਰ— (ਬਾਬੇ ਵੱਲ ਤੱਕ ਕੇ) ਹਾਂ, ਬਾਬਾ ਜੀ! ਤੁਸੀਂ ਪਿੰਡਾਂ ਦੀ ਸਫਾਈ ਦੀ ਗਲ ਕਰ ਰਹੇ ਸਾਓ।

ਬਾਬਾ— ਅਗਲੇ ਸਮੇਂ ਗਏ। ਜਦੋਂ ਡਾਢੀ ਤੜਕੇ ਉੱਠਕੇ ਮਰਦ ਹਲ ਢੱਗੇ ਲੈਕੇ ਵਾਹੀ ਜਾਂ ਖੂਹਾਂ ਨੂੰ ਜਾਂਦੇ ਸਨ, ਪਰ ਤਾਂ ਸਵਾਣੀ ਉੱਠ ਕੇ ਡੰਗਰਾਂ ਦਾ ਗੋਹਾ ਸਾਂਭਦੀ ਤੇ ਉਹਨਾਂ ਦੇ ਕੋਠੇ ਨੂੰ ਸਾਫ ਕਰਦੀ ਸੀ। ਫੇਰ ਹੱਥ ਪੈਰ ਧੋਕੇ ਆਪਣਾ ਘਰ ਸਾਫ ਕਰਦੀ ਸੀ। ਫੇਰ ਇਸ਼ਨਾਨ ਕਰਦੀ ਸੀ ਤੇ ਸਭ ਕੰਮ ਕਰਦੀ ਬਾਣੀ ਦਾ ਪਾਠ ਕਰਦੀ ਰਹਿੰਦੀ ਸੀ। ਨ੍ਹਾ ਧੋਕੇ ਫੇਰ ਦਹੀਂ ਦੇ ਚਾਟੇ ਨੂੰ ਹੱਥ ਲਾਉਂਦੀ ਸੀ ਤੇ ਲੱਸੀ ਰਿੜਕਦੀ, ਮੱਖਣ ਕੱਢਦੀ ਸੀ। ਫੇਰ ਸਾਫ ਸੁਥਰੇ ਕੀਤੇ ਚੌਂਕੇ ਵਿਚ ਯਾ ਲੰਗਰ ਦੀ ਥਾਵੇਂ ਬੈਠਕੇ ਰੋਟੀ ਪਕਾਉਂਦੀ ਸੀ ਤੇ ਪਰਿਵਾਰ ਨੂੰ ਨੇੜੇ ਬਿਠਾਕੇ ਛਕਾਉਂਦੀ ਸੀ ਯਾ ਸੁਥਰੀ ਪੱਛੀ ਵਿਚ ਨਾਲੋ ਨਾਲ ਰੋਟੀਆਂ ਸਾਂਭੀ ਜਾਂਦੀ ਸੀ ਤੇ ਰੋਟੀਆਂ ਤੇ ਲੱਸੀ ਦੀ ਚਾਟੀ ਸਿਰ ਤੇ ਚੁੱਕ ਕੇ ਖੇਤਾਂ ਵਿਚ ਲਿਜਾਕੇ ਪਤੀ-ਪੁੱਤਾਂ ਨੂੰ ਵਗਦੇ ਖੂਹਾਂ ਅਤੇ ਖੇਤਾਂ ਵਿਚ ਬੂਟਿਆਂ ਦੀ ਛਾਵੇਂ ਬਿਠਾਕੇ ਛਕਾਉਂਦੀ ਸੀ। ਹੁਣ ਸੁਆਣੀ ਸਵੇਰੇ ਨਹੀਂ ਉਠਦੀ। ਉਠਦੀ ਹੈ ਤਾਂ ਸਾਰੇ ਕੰਮਾਂ ਵਿਚ ਮੈਲ ਕੁਚੈਲ ਵਿਚੇ ਦਲੀ ਮਲੀ ਜਾਂਦੀ ਹੈ। ਨ੍ਹਾਉਣ ਦਾ ਕੋਈ ਧਿਆਨ ਨਹੀਂ, ਬਾਣੀ ਦੀ ਪਰਵਾਹ ਨਹੀਂ। ਗੋਡੇ ਗੋਡੇ ਕੂੜਾ ਚੌਂਕੇ ਵਿਚ ਤੇ ਸਾਰੇ ਘਰ ਵਿਚ, ਆਖਦੀ ਹੈ, ਨੀ ਛੱਡ ਭੈਣੇਂ ਐਵੇਂ ਭਰਮ ਹਨ। ਦੱਸੋ ਹੁਣ ਪਿੰਡਾਂ ਵਿਚ ਵੀ ਕੀ ਬਣੇ?

ਵੱਡੀ ਮਾਰ ਤਾਂ ਪਈ ਲਵੇਰੇ ਘਟਣ ਕਰਕੇ। ਦੁੱਧ-ਘਿਉ ਘਟ ਗਏ, ਸਾਡਾ ਬਲ ਘਟ ਗਿਆ। ਘਟੇ ਬਲ ਨੂੰ ਬਹੁਤ ਸਫਾਈ ਦੀ ਲੋੜ ਸੀ, ਪਰ ਦੇਖੋ ਘਟੇ ਬਲ ਵਾਲੇ ਆਲਸੀ ਹੋ ਗਏ, ਘਰਾਂ ਵਿਚ ਸਗੋਂ ਸਫਾਈ ਘਟ ਗਈ।

ਮਿਤ ਸਿੰਘ ਇਹ ਸੁਣਕੇ ਫੇਰ ਨਾ ਰਹਿ ਸਕਿਆ, ਆਖਣ ਲੱਗਾ— ਮੈਂ ਕਿਹਾ ਸੀ ਕਿ ਕੋਈ ਬਾਨ੍ਹਣੂ ਬੰਨ੍ਹੋ ਜੋ ਸਾਨੂੰ ਕਣਕ ਘਿਉ ਗੁੜ ਤੇ ਖੰਡ ਸਸਤੀ ਮਿਲੇ। ਤੁਸੀਂ ਚੇਤੇ ਰੱਖਣਾ ਕੁਛ ਥੋੜੇ ਹੀ ਸਮੇਂ ਨੂੰ ਸਰਕਾਰ ਨੂੰ ਭੀ ਸਮਝ ਆਵੇਗੀ, ਜਦੋਂ ਪਿੰਡਾਂ ਦੇ ਭਰਤੀ ਕੀਤੇ ਸਿਪਾਹੀ ਮੁਹਿੰਮਾਂ ਉਤੇ ਥਕੇਵੇਂ ਤੇ ਕਮਜ਼ੋਰੀਆਂ ਦੱਸੈਣਗੇ, ਓਦੋਂ ਤੱਕਣਗੇ ਕਿ ਪਿੰਡਾਂ ਵਿਚ ਕੀਹ ਲੋੜ੍ਹਾ ਵਰਤ ਗਿਆ ਹੈ ਤੇ ਇਨ੍ਹਾਂ ਦੀ ਤਾਕਤ ਕਿੱਥੇ ਟੁਰ ਗਈ ਹੈ? ਹਾਲੇ ਅਜੇ ਬਲ ਹੈ। ਇਹ ਜੋ ਬਾਰਾਂ ਵਸਾਈਆਂ ਹਨ, ਕਣਕ ਕੁਪਾਹ ਤਾਂ ਸਾਰੇ ਜਗਤ ਨੂੰ ਮਿਲ ਗਈ, ਪਰ ਪੰਜਾਬੀਆਂ ਨੂੰ ਦੁੱਧ, ਦਹੀਂ, ਲੱਸੀ, ਮੱਖਣ, ਘਿਉ ਦੀ ਥੁੜੋਂ ਹੋ ਗਈ,

ਜਿਸਦਾ ਫਲ ਸਾਡੀ ਸਰੀਰਕ ਤਾਕਤ ਦੀ ਤਬਾਹੀ ਹੈ। ਸਰਕਾਰ ਤੇ ਪਰਜਾ ਦੋਹਾਂ ਨੂੰ ਭਾਰੀ ਫਿਕਰ ਲੋੜੀਏ ਕਿ ਪੰਜਾਬੀ ਪੁੱਤਰਾਂ ਨੂੰ ਦੁੱਧ ਘਿਉ ਦੀ ਥੁੜ ਕਿਵੇਂ ਹਟੇ?

ਬ੍ਰਿਸਟਰ (ਮੁਸਕ੍ਰਾਕੇ)— ਮਿਤ ਸਿੰਘਾ! ਤੇਰੀ ਗਲ ਚਾਲੀ ਸੇਰੀ ਹੈ। ਪੱਕੀ ਕਰ ਰੱਖ, ਇਸਦੇ ਦੱਸਣ ਦਾ ਵੇਲਾ ਆਵੇਗਾ। (ਬਾਬੇ ਵਲ) ਪਰ ਪਿੰਡਾਂ ਵਿਚ ਪਲੇਗ ਦੇ ਡਾਕਟਰ ਤੇ ਦੂਸਰੇ ਵੱਡੇ ਡਾਕਟਰ ਫਿਰਦੇ ਹਨ ਕਿ ਸਫਾਈ ਰਹੇ, ਪਿੰਡਾਂ ਦੇ ਮਦਰੱਸਿਆਂ ਨੂੰ ਡਾਕਟਰ ਤੱਕਦੇ ਹਨ, ਫੇਰ ਸਫਾਈ ਕਿਉਂ ਨਹੀਂ?

ਬਾਬਾ— ਠੀਕ ਹੈ ਤੇ ਕਿਉਂ ਦਾ ਪਤਾ ਤਾਂ ਡਾਕਟਰਾਂ ਨੂੰ ਹੋਵੇ। ਜੋ ਹੈ ਸੋ ਇਹ ਹੈ ਕਿ ਰੂੜੀਆਂ ਦੇ ਢੇਰ ਖੂਹਾਂ ਦੇ ਲਾਗੇ ਲੱਗ ਪਏ ਹਨ, ਜਦ ਮੀਂਹ ਪੈਂਦਾ ਹੈ ਇਨ੍ਹਾਂ ਦਾ ਗੰਦਾ ਪਾਣੀ ਰੁੜ੍ਹਕੇ ਪਿੰਡ ਦੇ ਛੱਪੜਾਂ ਵਿਚ ਜਾਂਦਾ ਹੈ ਤੇ ਰਿਸ ਰਿਸ ਕੇ ਖੂਹਾਂ ਦੇ ਉਦਾਲੇ ਧਰਤੀ ਵਿਚ ਸਿੰਜਰਦਾ ਹੈ। ਵਿਹੜਿਆਂ ਵਿਚ, ਗਲੀਆਂ ਵਿਚ ਢੇਰ ਲੱਗੇ ਰਹਿੰਦੇ ਹਨ, ਕੋਈ ਨਹੀਂ ਚਾਉਂਦਾ। ਜਦੋਂ ਮੀਂਹ ਦੇ ਦਿਨ ਆਉਂਦੇ ਹਨ ਤਦੋਂ ਇਹ ਕੂੜੇ ਤੁੱਕਦੇ ਹਨ। ਸ਼ਹਿਰਾਂ ਵਿਚ ਤਾਂ ਮੋਰੀਆਂ ਹਨ, ਪਾਣੀ ਕੱਢ ਲੈ ਜਾਂਦੀਆਂ ਹਨ, ਪਿੰਡਾਂ ਵਿਚ ਮੋਰੀਆਂ ਨਹੀਂ, ਮੀਂਹ ਦੇ ਪਾਣੀ ਗਲੀਆਂ ਵਿਚ ਹੀ ਸੁੱਕਦੇ ਹਨ। ਡਾਕਟਰ ਤੇ ਹੋਰ ਸਫਾਈਆਂ ਵਾਲੇ ਤਾਂ ਕਦੇ ਕਦਾਈਂ ਆਉਂਦੇ ਹਨ, ਪਰ ਕਦੇ ਉਹਨਾਂ ਪਿੰਡ ਦੇ ਲੋਕ ਕੱਠੇ ਕਰਕੇ ਇਹ ਗੱਲਾਂ ਨਹੀਂ ਸਮਝਾਈਆਂ* ਕਦੇ ਉਹਨਾਂ ਸਾਨੂੰ ਹੀ ਕੱਠਿਆਂ ਕਰ ਕੇ ਦੋ ਕੋਠੇ ਬਣਵਾਕੇ ਨਹੀਂ ਸਿਖਾਇਆ ਕਿ ਐਉਂ ਦੇ ਘਰ ਬਣਾਓ, ਐਨੀ ਗਲੀ ਰੱਖੋ, ਪਾਣੀ ਦੇ ਵਗਣ ਦਾ ਐਉਂ ਬੰਦੋਬਸਤ ਕਰੋ, ਪਿੰਡ ਜੇ ਨੀਵੇਂ ਥਾਂ ਹੈ ਤਾਂ ਉਚੇ ਥਾਂ ਬਣਾਓ। ਘਰਾਂ ਨੂੰ ਮੁੱਘ ਤੇ ਝਰੋਖੇ ਰੱਖੋ। ਹਵਾ, ਚਾਨਣ ਤੇ ਧੁੱਪ ਖੁੱਲ੍ਹੀ ਪੈਣ ਦਿਓ। ਦਾਰੂ ਨਾ ਪੀਓ, ਘਿਉ, ਦੁੱਧ, ਮੱਖਣ, ਗੁੜ ਤੇ ਰੋਟੀ ਖਾਓ, ਲੱਸੀ ਪੀਓ। ਲੱਸੀ ਤੇ ਦੁੱਧ ਦੀ ਥਾਂ ਚਾਹ ਦੀ ਵਾਦੀ ਨਾ ਪਾਓ। ਚਾਹ ਤੁਸਾਂ ਲਈ ਮਾੜੀ ਸ਼ੈ ਹੈ। ਜੋ ਸਿਪਾਹੀ ਪਿਨਸ਼ਨ ਪਾਕੇ ਆਉਂਦਾ ਹੈ, ਉਹ ਚਾਹ ਦੀ ਬੀਮਾਰੀ ਨਾਲ ਲੈਕੇ ਆਉਂਦਾ ਹੈ। ਅੱਗੇ ਹੀ ਦੁੱਧ ਦਹੀਂ ਘਟ ਗਏ ਹਨ, ਚਾਹ ਨੇ ਦੁੱਧ ਪੀਣ ਦੀ ਵਾਦੀ ਹੋਰ ਘਟਾ ਦਿਤੀ ਹੈ। ਸੋ ਅਸੀਂ ਅੱਜ ਓਡੇ ਜਵਾਨ ਨਹੀਂ, ਜੇਡੇ ਸਾਡੇ ਬਾਬੇ ਦੇ ਵੇਲੇ ਹੁੰਦੇ ਸਨ। ਦਿਨੋਂ ਦਿਨ ਘਾਟਾ ਹੀ ਘਾਟਾ ਪੈ ਰਿਹਾ ਹੈ।

ਬ੍ਰਿਸਟਰ— (ਹਾਹੁਕਾ ਭਰਕੇ) ਦੁੱਧ ਕਿਵੇਂ ਵਧੇ?

ਬਾਬਾ— ਬੱਚੇ ਜੀਵਨੀ, ਇਹੋ ਗੱਲ ਹੈ। ਪੱਛੋਂ ਦੇ ਲੋਕ ਤਾਂ ਰੋਜ ਮਾਸ ਖਾ ਖਾ ਕੇ ਤਕੜੇ ਰਹਿੰਦੇ ਹੋਣਗੇ। ਸਾਡਾ ਦੇਸ਼ ਗਰਮ ਹੋਣ ਕਰਕੇ ਮਾਸ ਸ਼ਰਾਬ ਸਾਡੇ ਸਰੀਰਾਂ ਨੂੰ ਰੋਜ ਖਾਣੇ ਘੱਟ ਮਾਫਕ ਪੈਂਦੇ ਹਨ। ਦੁੱਧ ਦਹੀਂ ਮੱਖਣ ਦੇ ਸਿਰ ਤੇ ਹੀ ਪੰਜਾਬੀਆਂ ਦਾ ਬਲ ਸੀ। ਦੇਸ਼ ਦਾ ਜਲ ਪੌਣ ਗਰਮ ਤੇ ਖੁਸ਼ਕ ਹੋਣ ਕਰਕੇ ਅਤੇ ਗਰਮੀਆਂ ਵਿਚ ਅਤਿ ਖੁਸ਼ਕ ਗਰਮੀ ਪੈਣ ਕਰਕੇ ਤੇ ਸਰਦੀਆਂ ਵਿਚ ਅਤਿ ਖੁਸ਼ਕ ਸਰਦੀ ਪੈਣ ਕਰਕੇ ਸਾਡੇ ਲਈ ਦਹੀਂ ਦੁੱਧ ਮੱਖਣ ਹੀ ਮਾਫਕ ਖੁਰਾਕ ਹੈ। ਇਹੋ ਸਾਡਾ ਖਾਣਾ ਦੇਸ਼ ਦੇ ਜਲ ਪੌਣ ਕਰ ਕੇ ਸਭ ਤੋਂ ਵਧੀਕ ਸੁਖਦਾਈ ਹੈ। ਇਹੋ ਦੋਵੇਂ ਚੀਜ਼ਾਂ ਵਧੇਰੇ ਮਹਿੰਗੀਆਂ ਹੋ ਰਹੀਆਂ ਹਨ ਤੇ ਸਾਡੇ ਹੱਡਾਂ ਵਿਚੋਂ ਆਸੰਙ ਤੇ ਤਾਣ ਘਟਦੀ ਜਾ ਰਹੀ ਹੈ ਤੇ ਸਰੀਰ ਨਿੱਕੇ ਹੁੰਦੇ ਜਾਂਦੇ ਹਨ। ਮੈਂ ਗਊ ਨੂੰ ਮਾਤਾ ਦੇ ਭਰਮ ਵਿਚ ਪੂਜਦਾ ਨਹੀਂ, ਨਾ ਗਊ ਦੇ ਪਿਸ਼ਾਬ ਨੂੰ ਪੰਜ ਗੱਬਯ ਬਣਾਕੇ ਪੀਂਦਾ ਹਾਂ, ਪਰ ਮੈਂ ਇਹ ਜਾਣਦਾ ਹਾਂ ਕਿ ਗਊ ਤੇ ਮਹਿੰ ਤੋਂ ਅਸੀਂ ਦੁੱਧ ਦਹੀਂ ਅਤੇ ਖੇਤੀ ਦੀ ਵਾਹੀ ਲਈ ਬਲਦ ਤੇ ਸੰਢੇ ਪ੍ਰਾਪਤ ਕਰਦੇ ਹਾਂ, ਇਸ ਕਰਕੇ ਇਹ ਦੋ ਜਾਨਵਰ ਬਹੁਤ ਸਸਤੇ ਹੋਣ ਤਾਂ ਹੀ ਠੀਕ ਹੈ। ਪਰ ਮੈਂ ਮੰਡੀਆਂ ਤੇ ਵੇਖਦਾ ਹਾਂ ਕਿ ਪਠਾਣਾਂ ਦੇ ਦੇਸ਼ ਦੇ ਰਾਸ਼ੇ ਹਜ਼ਾਰਾਂ ਗਊਆਂ ਮਹੀਆਂ ਹਰ ਥਾਓਂ ਹਰ ਮੰਡੀ ਤੋਂ ਲੈ ਜਾਂਦੇ ਹਨ। ਇਸ ਤਰ੍ਹਾਂ ਸਾਡੇ ਦੇਸ਼ ਦੇ ਲਵੇਰੇ ਘਟਦੇ ਹਨ ਤੇ ਦੁੱਧ ਮਹਿੰਗਾ ਹੁੰਦਾ ਹੈ। ਪਠਾਣ ਕਿਉਂ ਸਾਡੇ ਦੇਸ਼ ਦੇ ਪਸ਼ੂ ਖਰੀਦਣ? ਉਹਨਾਂ ਦੀ ਲੋੜ ਪੂਰੀ ਹੋ ਹੀ ਨਹੀਂ ਸਕਦੀ, ਕਿਉਂਕਿ ਮੈਂ ਸੁਣਿਆਂ ਹੈ ਕਿ ਉਹ ਦੁੱਧ ਬੀ ਪੀਂਦੇ ਹਨ ਤੇ ਨਾਲ ਇਨ੍ਹਾਂ ਨੂੰ ਮਾਰਕੇ ਖਾ ਬੀ ਜਾਂਦੇ ਹਨ। ਆਪਣੇ ਦੇਸ਼ ਵਿਚ ਬੀ ਸੁਣਦਾ ਹਾਂ ਕਿ ਪਸ਼ੂ ਮਾਸ ਦੀ ਖਾਤਰ ਮਾਰੇ ਜਾਂਦੇ ਹਨ। ਫੇਰ ਇਨ੍ਹਾਂ ਨੇ ਮਹਿੰਗੇ ਹੋਣਾ ਹੀ

* ਉਸ ਸਮੇਂ ਪਿੰਡਾਂ ਦੇ ਸੁਧਾਰ ਦੇ ਕੰਮ ਨਹੀਂ ਸਨ ਜਾਰੀ ਹੋਏ।

ਹੋਇਆ। ਸੋ ਕੋਈ ਉਪਰਾਲਾ ਚਾਹੀਏ ਜਿਸ ਨਾਲ ਗਊ ਤੇ ਮਹਿੰ ਸਸਤੀ ਮਿਲੇ। ਮੇਰੀ ਸੰਭਾਲ ਵਿਚ ਜੋ ਗਾਂ ੩੦ ਨੂੰ ਆਉਂਦੀ ਸੀ ਹੁਣ ਇਕ ਸੌ ਨੂੰ ਨਹੀਂ ਮਿਲਦੀ। ਜੋ ਮਹਿੰ ਸੱਠਾਂ ਨੂੰ ਲੱਭਦੀ ਸੀ ਹੁਣ ਦੋ ਸੌ ਨੂੰ ਨਹੀਂ ਮਿਲਦੀ। ਫੇਰ ਜਦ ਅਣਾਈ ਪੈ ਜਾਂਦੀ ਹੈ ਤਦੋਂ ਪਸ਼ੂ ਬੜੇ ਹੀ ਘਟ ਜਾਂਦੇ ਹਨ, ਪਰ ਕੋਈ ਉਪਰਾਲਾ ਤੁਹਾਡੇ ਜੈਸੇ ਦਾਨਿਆਂ ਨੇ ਐਸਾ ਨਹੀਂ ਬਣਾਇਆ ਜਿਸ ਨਾਲ ਗਊਆਂ ਮਹੀਆਂ ਦੀ ਨਸਲ ਵਧੇ ਤੇ ਲਵੇਰੇ ਸਸਤੇ ਮਿਲਣ। ਸ਼ਹਿਰਾਂ ਦੇ ਦਾਨੇ ਲੋਕ ਇਹ ਵਪਾਰ ਕਿਉਂ ਨਹੀਂ ਕਰਦੇ?

ਬ੍ਰਿਸਟਰ— ਸਰਕਾਰ ਕੁਛ ਸੋਚ ਤਾਂ ਰਹੀ ਹੈ।

ਬਾਬਾ— ਸੋਚ ਛੱਡਕੇ ਉਨਾਂ ਨੇ ਮੁਰੱਬੇ ਦੇ ਕੇ ਗਊਆਂ ਦੀ ਨਸਲ ਦੇ ਵਾਧੇ ਦਾ ਯਤਨ ਬੀ ਕੀਤਾ ਹੈ, ਪਰ ਇਹ ਯਤਨ ਘਾਟੇ ਪੂਰਾ ਕਰਨ ਜੋਗਾ ਨਹੀਂ। ਤੁਸੀਂ ਚਾਹੋ ਰਾਜਾ ਪਰਜਾ ਰਲਕੇ ਕੋਈ ਭਾਰੇ ਪਰਬੰਧ ਕਰੋ ਕਿ ਲਵੇਰੇ ਬਹੁਤ ਹੋ ਜਾਣ, ਦੇਸੋਂ ਬਾਹਰ ਨਾ ਜਾਣ, ਬਾਹਰੋਂ ਚੰਗੀਆਂ ਨਸਲਾਂ ਦੇ ਆਂਦੇ ਜਾਣ ਤੇ ਮਾਰ ਕੇ ਖਾਧੇ ਨਾ ਜਾਣ, ਤਦ ਦੇਸ਼ ਦੀ ਤਾਕਤ ਬਚ ਸਕਦੀ ਹੈ। ਕਿਉਂਕਿ ਆਦਮੀ ਰੋਗਾਂ ਤੋਂ ਫੋਕੇ ਜਤਨਾ ਨਾਲ ਇੰਨਾਂ ਨਹੀਂ ਬਚ ਸਕਦਾ ਜਿਨਾਂ ਕਿ ਅੰਦਰਲੇ ਬਲ ਨਾਲ ਬਚ ਸਕਦਾ ਹੈ। ਜਿਸ ਦਾ ਸਰੀਰ ਤਕੜਾ ਹੈ ਉਸ ਨੂੰ ਰੋਗ ਕੀ ਆਖਦਾ ਹੈ।

ਬ੍ਰਿਸਟਰ— ਬਾਬਾ ਜੀ! ਆਖਦੇ ਤਾਂ ਸੱਚ ਹੋ ਪਰ ਪਿੰਡਾਂ ਦੇ ਲੋਕ ਅਜੇ ਤਕੜੇ ਹਨ।

ਬਾਬਾ— ਅਜੇ ਤਾਂ ਤਕੜੇ ਹਨ, ਪਰ ਦਿਨੋਂ ਦਿਨ ਤਕੜਾਈ ਘਟ ਰਹੀ ਹੈ, ਅੰਤ ਖਤਰੇ ਵਾਲਾ ਹੈ।

ਬ੍ਰਿਸਟਰ— ਤੇ ਬੀਮਾਰ ਭੀ ਘੱਟ ਹੁੰਦੇ ਹਨ।

ਬਾਬਾ— ਇਹ ਬੀ ਠੀਕ ਹੈ, ਪਰ ਅੱਗੇ ਵਾਂਗੂੰ ਨਹੀਂ। ਬੀਮਾਰੀ ਦਾ ਕਦੇ ਹਾਲ ਤੱਕਣਾ ਹੋਵੇ ਤਾਂ ਕਿਸੇ ਵਬਾ ਪਈ ਤੇ ਪਿੰਡਾਂ ਵਿਚ ਆ ਕੇ ਤੱਕੋ। ਵਿਚਾਰਿਆਂ ਨੂੰ ਹਵਾ ਚਾਨਣੇ ਦੇ ਠੀਕ ਰੱਖਣ ਦੀ ਸਮਝ ਨਹੀਂ, ਸਰੀਰਾਂ ਵਿਚ ਉਹ ਬਲ ਨਹੀਂ, ਬਾਣੀ ਭਜਨ ਤੋਂ ਖਾਲੀ ਹੁੰਦੇ ਜਾਣ ਕਰਕੇ ਮੱਤਾਂ ਵਿਚ ਉਹ ਬਲ ਨਹੀਂ ਕਿ 'ਜਿਤੁ ਵੰਞੈ ਰੋਗਾ ਘਾਣਿ॥' ਉਹ ਸੁਰਤ ਦਾ ਤਾਣ ਨਹੀਂ ਰਿਹਾ ਤੇ ਅੱਗੋਂ ਦਵਾ ਤੇ ਡਾਕਟਰ ਹਕੀਮ ਪਿੰਡਾਂ ਵਿਚ ਨਾ ਹੋਏ, ਸੋ ਵਬਾ ਪਈ ਤੇ ਪਿੰਡਾਂ ਦਾ ਹਾਲ ਮਾੜਾ ਹੁੰਦਾ ਹੈ। ਜਿਸ ਪਿੰਡ ਹਸਪਤਾਲ ਹੋਵੇ, ਉਥੇ ਤਾਂ ਕੁਝ ਦਾਰੂ ਲੱਭ ਜਾਂਦਾ ਹੈ ਤੇ ਬਾਕੀ ਥਾਈਂ ਤਾਂ ਘਰਾਂ ਦੇ ਘਰ ਮੂਧੇ ਪੈ ਜਾਂਦੇ ਹਨ। ਕੋਈ ਚਾਰ ਸ਼ੀਸ਼ੀਆਂ ਜਾਂ ਬਿੱਲ ਲੈਕੇ ਆ ਜਾਵੇ ਤਾਂ ਵੇਖੋ ਸਾਰਾ ਪਿੰਡ ਕੀਕੂੰ ਦਾਰੂ ਦਾਰੂ ਕੂਕਦਾ ਹੈ।

ਸੋ ਮੈਂ ਚਾਹੁੰਦਾ ਹਾਂ ਕਿ:-

(੧) ਪਿੰਡਾਂ ਵਿਚੋਂ ਕਿਸੇ ਤਰੀਕੇ ਦਾਰੂ ਪੀਣਾ ਹਟੇ।
(੨) ਪਿੰਡਾਂ ਵਿਚੋਂ ਚਾਹ ਪੀਣ ਦੀ ਵਾਦੀ ਘਟੇ।
(੩) ਪਿੰਡਾਂ ਦੇ ਲੋਕਾਂ ਨੂੰ ਐਸੀ ਮੱਤ ਤੇ ਮੱਦਦ ਮਿਲੇ ਕਿ ਸਭ ਲੋਕ ਰਲਕੇ ਉੱਚੇ ਥਾਈਂ ਨਵੇਂ ਸਿਰੇ ਪਿੰਡ ਬੰਨ੍ਹਣ, ਖੁੱਲ੍ਹੇ ਘਰ ਬਨਾਉਣ, ਮੁੱਘ ਤੇ ਝਰੋਖੇ ਰੱਖਣ ਤੇ ਘਰਾਂ ਦੇ ਪਾਣੀ ਵਹਿ ਜਾਣ ਦਾ ਖਿਆਲ ਰਖ ਲੈਣ।
(੪) ਪਿੰਡਾਂ ਦੀਆਂ ਰੂੜੀਆਂ ਦੂਰ ਥਾਵੇਂ ਹੋਣ ਤੇ ਦੱਬ ਦਿੱਤੀਆਂ ਜਾਇਆ ਕਰਨ, ਜਦ ਗਲ ਗਈਆਂ ਕੱਢ ਲਈਆਂ।
(੫) ਪਿੰਡ ਦਾ ਛੰਭ ਸੁਥਰਾ ਰਹੇ।
(੬) ਨਿਆਈਂ ਦੀਆਂ ਪੈਲੀਆਂ ਵਿਚ ਕੋਈ ਜੰਗਲ ਪਾਣੀ ਨਾ ਜਾਵੇ।
(੭) ਘਰ ਘਰ ਲਵੇਰੇ ਹੋਣ, ਦੁੱਧ ਦਹੀਂ ਖੁੱਲ੍ਹਾ ਮਿਲੇ।
(੮) ਵੱਡੇ ਸ਼ਹਿਰਾਂ ਦੇ ਨੇੜੇ ਪੋਨੇ ਤੇ ਹੋਰ ਵਧਵੇਂ ਕਮਾਦ ਬੀਜ ਕੇ ਕਾਰਖਾਨੇ ਬਣਾਕੇ ਖੰਡਾਂ ਤੇ ਗੁੜ ਬਣਨ, ਪਿੰਡਾਂ ਦੇ ਗੁੜ ਸ਼ੱਕਰ ਜਿੱਥੋਂ ਤਕ ਹੋ ਸਕੇ ਪਿੰਡਾਂ ਵਿਚ ਰਹਿਣ।
(੯) ਅਸੀਂ ਅਨਪੜ੍ਹ ਹਾਂ ਸਾਨੂੰ ਸੁਮੱਤੇ ਲਾਇਆ ਜਾਇਆ ਕਰੇ।

ਬ੍ਰਿਸਟਰ— ਬਾਬਾ ਜੀ! ਤੁਸੀਂ ਸਿੱਧੇ ਸਾਦੇ ਲੱਗਦੇ ਹੋ, ਧਰਮ ਵਿਸ਼ੇ ਤੇ ਤੁਸੀਂ ਅਸਚਰਜ ਗੱਲਾਂ ਕੀਤੀਆਂ ਹਨ ਤੇ ਇਧਰ ਸਫਾਈ ਉਤੇ ਭੀ ਤੁਸਾਂ ਚਾਲੀ ਸੇਰੀਆਂ ਹੀ ਸੁਣਾਈਆਂ ਹਨ।

ਬਾਬਾ— ਜੋ ਗੱਲਾਂ ਮੈਂ ਕੀਤੀਆਂ ਹਨ, ਸਿੱਧੀਆਂ ਪੱਧਰੀਆਂ ਗੱਲਾਂ ਹਨ ਤੇ ਹੱਡ ਵਾਪਰੇ ਦੁਖੜੇ ਹਨ, ਕੋਈ ਚਾਤੁਰੀ ਨਹੀਂ ਹੈ। ਕੁਛ ਗਲਾਂ ਡਾਕਟਰ ਜੀ ਦੀਆਂ ਦੱਸੀਆਂ ਬੀ ਹਨ। ਤੁਸਾਂ ਕਿਹਾ ਸੀ ਕਿ ਪਿੰਡਾਂ ਵਿਚ ਵੱਸਣਾ ਚਾਹੀਦਾ ਹੈ, ਸੋ ਇਹ ਮੈਂ ਭੀ ਮੰਨਦਾ ਹਾਂ ਕਿ ਪਿੰਡਾਂ ਵਿਚ ਅਜੇ ਤੱਕ ਸ਼ਹਿਰਾਂ ਨਾਲੋਂ

SIKHBOOKCLUB.COM

ਸੁਥਰੀ ਪੌਣ
ਸਾਫ ਜਲ
ਧੁੱਪ-ਚਾਨਣ

ਖੁੱਲ੍ਹਾ ਤੇ ਸਸਤਾ ਮਿਲਦਾ ਹੈ। ਆਟਾ, ਦਾਲ, ਸ਼ੱਕਰ, ਗੁੜ ਭੀ ਸਸਤਾ ਹੈ, ਲਵੇਰੇ ਦਾ ਖਰਚ ਭੀ ਘੱਟ ਪੈਂਦਾ ਹੈ, ਸ਼ਹਿਰਾਂ ਨਾਲੋਂ ਆਦਮੀ ਸੁਖੀ ਤੇ ਸਸਤਾ ਰਹਿ ਸਕਦਾ ਹੈ, ਪਰ ਪਿੰਡਾਂ ਦਾ ਭੀ ਉਹ ਹਾਲ ਨਹੀਂ ਰਿਹਾ ਜੋ ਅੱਗੇ ਸੀ। ਜੇ ਆਪ ਵਰਗੇ ਪੰਡਤ ਕੁਛ ਇਧਰ ਪਰ-ਸੁਆਰਥ ਕਰਨ ਤਾਂ ਪਿੰਡ ਬਹੁਤ ਸੁਖਦਾਈ ਹੋ ਸਕਦੇ ਹਨ, ਜੋ ਆਕੇ ਮੱਤ ਦੇਣ ਤੇ ਕਰਕੇ ਭੀ ਦੱਸਣ।

ਬ੍ਰਿਸਟਰ— ਤੁਹਾਡਾ ਪਿੰਡ ਬੜਾ ਸੁਥਰਾ ਹੈ, ਤੁਹਾਡੇ ਛਪੜ ਦਾ ਪਾਣੀ ਬੜਾ ਸਾਫ ਹੈ, ਅਰ ਮੈਂ ਡਿੱਠਾ ਹੈ ਕਿ ਤੁਸਾਂ ਇਕ ਛੱਪੜ ਦੇ ਤ੍ਰੈ ਛਪੜ ਕਰ ਦਿਤੇ ਹਨ। ਡੰਗਰਾਂ ਲਈ ਵੱਖਰਾ ਹੈ, ਮਰਦਾਂ ਦੇ ਨ੍ਹਾਉਣ ਲਈ ਵੱਖਰਾ ਹੈ ਤੇ ਡੰਗਰਾਂ ਦੇ ਪੀਣ ਲਈ ਵੱਖਰਾ ਹੈ। ਉਂਵ ਤੁਸੀਂ ਬਹੁਤਾ ਨ੍ਹਾਉਂਦੇ ਧੋਂਦੇ ਖੂਹਾਂ ਤੇ ਹੋ। ਰੂੜੀਆਂ ਤੁਸੀਂ ਚੰਗੀ ਦੂਰ ਤੇ ਪੱਧਰੇ ਥਾਂ ਦੱਬੀਆਂ ਹਨ। ਰੂੜੀਆਂ ਪਰ ਮੀਂਹ ਪੈਕੇ ਰੰਦਾ ਪਾਣੀ ਕਿਸੇ ਛੰਭ ਖੂਹ ਵੱਲ ਰੁਖ ਨਹੀਂ ਕਰਦਾ। ਪਿੰਡ ਦੇ ਖੂਹ ਤੇ ਮਣ ਬੱਧੀ ਹੈ, ਤੇ ਉੱਤੇ ਉੱਚਾ ਲੱਕੜ ਦਾ ਛੱਪਰ ਬੱਧਾ ਹੈ, ਵਗਦੇ ਖੂਹ ਭੀ ਉੱਚੀਆਂ ਮਣਾਂ ਵਾਲੇ ਹਨ। ਘਰ ਭੀ ਜਿੰਨੇ ਡਿੱਠੇ ਹਨ ਮੁੱਘਾਂ ਵਾਲੇ, ਖੁੱਲ੍ਹੇ ਤੇ ਚਾਨਣੇਦਾਰ ਹਨ। ਪਸ਼ੂਆਂ ਦੇ ਕੋਠੇ ਭੀ ਹਵਾਦਾਰ, ਮੁੱਘਾਂ ਵਾਲੇ ਤੇ ਵੱਖਰੇ ਹਨ। ਗਲੀਆਂ ਭੀ ਸੁਥਰੀਆਂ ਹਨ।

* * * * *

੨੨.

ਮਿਤ ਸਿੰਘ ਨੂੰ ਕੋਈ ਕੰਮ ਚੇਤੇ ਆ ਗਿਆ ਉਹ ਤਾਂ ਆਗਯਾ ਲੈ ਕੇ ਟੁਰ ਗਿਆ ਤੇ ਹੋਰ ਇਕ ਦੋ ਸੱਜਣ ਆ ਗਏ। ਗੱਲਾਂ ਬਾਤਾਂ ਹੁੰਦੀਆਂ ਰਹੀਆਂ। 'ਬਾਬਾ ਇੰਨਾ ਸਮਝਦਾਰ ਕਿਵੇਂ ਹੈ' ਇਹ ਹਰਿਆਨਗੀ ਬ੍ਰਿਸਟਰ ਨੂੰ ਮੁੜ ਮੁੜ ਪੈਂਦੀ ਸੀ ਤੇ ਪੁੱਛ ਵੀ ਕਈ ਵੇਰ ਲੈਂਦਾ ਸੀ, ਉਤਰ ਬੀ ਸੁਣ ਲੈਂਦਾ ਸੀ। ਹੁਣ ਫੇਰ ਪੁਛਣ ਲੱਗਾ ਕਿ ਬਾਬਾ ਜੀ ਇਹ ਅੰਦਰ ਬਾਹਰ ਦੀਆਂ ਸਫਾਈਆਂ ਦੇ ਭਾਉ ਤੁਹਾਨੂੰ ਕਿਵੇਂ ਆ ਗਏ, ਪੱਛੋਂ ਦੀ ਵਿਦਯਾ ਤੁਸਾਂ ਕੋਈ ਨਹੀਂ ਪਾਈ?

ਬਾਬਾ— ਬਈ ਸੱਜਣਾਂ! ਸੱਚੀ ਗੱਲ ਤਾਂ ਹਈ ਇਹ ਕਿ ਸਾਡਾ ਸਭ ਕੁਛ ਅੰਦਰੋਂ ਹੈ ਤੇ ਪੱਛੋਂ ਵਾਲਿਆਂ ਦਾ ਸਭ ਕੁਛ ਬਾਹਰੋਂ ਹੈ। ਜਦੋਂ ਸਵੇਰੇ ਉਠੇ, ਬਾਣੀ ਪੜ੍ਹੀ, ਨਾਮ ਜਪਿਆ, ਤਦੋਂ ਅੰਦਰਲੇ ਵਿਚ ਸਫਾਈ ਹੋ ਜਾਂਦੀ ਹੈ। ਜਦ ਅੰਦਰ ਸਾਫ ਹੁੰਦਾ ਹੈ ਤਾਂ ਬਾਹਰ ਭੀ ਸਫਾਈ ਮੰਗਦਾ ਹੈ। ਫੇਰ ਆਪੇ ਸੁਭਾਉ ਸਫਾਈ ਦਾ ਪੈ ਜਾਂਦਾ ਹੈ। ਜਿਸ ਦਾ ਮਨ 'ਬਾਣੀ ਨਾਮ' ਨਾਲ ਰੋਜ਼ ਮਾਂਜਿਆਂ ਜਾਂਦਾ ਹੈ ਉਸਨੂੰ ਮੈਲੇ ਕਪੜੇ ਉਦਾਸੀ ਪਾਉਂਦੇ ਹਨ, ਉਹ ਆਪੇ ਕਪੜੇ ਧੋਕੇ ਪਾਉਂਦਾ ਹੈ। ਕੂੜਾ ਕਰਕਟ ਘਰ ਗਲੀ ਵਿਚ ਪਿਆ ਉਸਨੂੰ ਉਦਾਸ ਕਰਦਾ ਹੈ, ਉਹ ਆਪੇ ਸਫਾਈਆਂ ਕਰਦਾ ਹੈ। ਖਾਣਾ ਪੀਣਾ ਉਸਨੂੰ ਸੁਥਰਾ ਚੰਗਾ ਲਗਦਾ ਹੈ, ਜੂਠ ਮੀਠ ਤੇ ਮੈਲ ਤੋਂ ਉਸਦਾ ਦਿਲ ਸੂਗ ਖਾਂਦਾ ਹੈ, ਉਸਦੀ ਅੰਦਰ ਦੀ ਹੋਸ਼, ਉਸਦੀ ਅੰਦਰ ਆਈ ਜਾਗ, ਉਸਨੂੰ ਬਾਹਰ ਸਾਫ ਸੁਥਰਾ ਤੇ ਸੁੱਚਾ ਰੱਖਦੀ ਹੈ। ਫੇਰ ਜਿਉਂ ਜਿਉਂ ਬਾਹਰੋਂ ਸੁਥਰੇ ਰਹਿੰਦੇ ਹਨ ਤਿਉਂ ਤਿਉਂ ਅੰਦਰ ਦਾ ਸੁਖ ਵਧਦਾ ਹੈ। ਜੇ ਕਦੇ ਬਾਹਰ ਦੀ ਸਫਾਈ ਭੁਲਾਉਂਦੇ ਹਨ ਤਾਂ ਅੰਦਰ ਦੀ ਕੀਤੀ ਸਫਾਈ ਪਰ ਧੂੜ ਜੇਹੀ ਪੈਂਦੀ ਹੈ; ਐਉਂ ਆਪੇ ਹੀ ਅੰਦਰੋਂ ਸਫਾਈ ਦੀ ਇਕ ਜਾਚ ਆਉਂਦੀ ਹੈ। ਪੱਛੋਂ ਵਾਲੇ ਜਿਸ ਗੱਲ ਤੋਂ ਦੁਖ ਪਾਉਂਦੇ ਹਨ, ਸਮਝਦੇ ਹਨ ਇਹ ਮਾੜੀ ਹੈ, ਉਸਨੂੰ ਛੱਡਦੇ ਹਨ। ਜੇ ਘੱਟ ਪੌਣ ਕਰਕੇ ਕਿਸੇ ਬੰਦ ਕਮਰੇ ਵਿਚ ਕੋਈ ਰੋਗੀ ਹੋ ਕੇ ਤੇ ਚਾਨਣੇ ਰਹਿਕੇ ਵੱਲ ਹੋ ਗਿਆ ਤਾਂ ਉਹ ਸਮਝਦੇ ਹਨ ਕਿ ਚਾਨਣ ਚੰਗੀ ਚੀਜ਼ ਹੈ, ਫੇਰ ਚਾਨਣੇ ਦਾ ਬੰਦੋਬਸਤ ਕਰਦੇ ਹਨ। ਇਸੇ ਤਰ੍ਹਾਂ ਜੇ ਬੰਦ ਹਵਾ ਵਿਚ ਕੋਈ ਬੀਮਾਰ ਹੋ ਗਿਆ ਤਾਂ ਉਹ ਫੇਰ ਖੁੱਲ੍ਹੀ ਹਵਾ ਦਾ ਬੰਦੋਬਸਤ ਕਰਦੇ ਹਨ, ਉਸ ਹਵਾ ਨੂੰ ਫੇਰ ਵੇਖਦੇ ਹਨ, ਪਰਖਦੇ, ਨਾਮ ਧਰਦੇ ਤੇ ਪੋਖੂ (ਤਾਸੀਰਾਂ) ਲਖਦੇ ਹਨ। ਇਸ ਤਰ੍ਹਾਂ ਬਾਹਰੋਂ ਦੇਖ ਦੇਖ ਤੇ ਪਰਖ ਪਰਖ ਕੇ ਉਹ ਸਾਰੀਆਂ ਅਕਲਾਂ ਸਿੱਖਦੇ ਹਨ। ਸਾਡੇ ਲੋਕ, ਮੈਂ ਕਿਹਾ ਹੈ ਕਿ ਅੰਦਰ ਸਾਫ ਕਰਦੇ ਤੇ ਫੇਰ ਉਸ ਅੰਦਰਲੀ ਸੋਝੀ ਤੋਂ ਸਿੱਟੇ ਕੱਢਕੇ ਸਿੱਖਦੇ ਹਨ।


SIKHBOOKCLUB.COM

ਅਸਾਂ ਦਾਰੂ ਦੀ ਹੱਟੀ ਉਠਵਾ ਦਿੱਤੀ ਹੈ ਕਿਉਂਕਿ ਦਾਰੂ ਪੀਕੇ ਬਾਣੀ ਨਾਮ ਵਾਲੇ ਦੀ ਉੱਜਲ ਮਤ ਵਿਚਲਦੀ ਸੀ ਤੇ ਅੰਦਰ ਮੈਲ ਪੈਂਦੀ ਸੀ। ਅਸਾਂ ਦੁੱਧ ਆਮ ਕਰ ਦਿੱਤਾ ਹੈ ਜੋ ਸਰੀਰ ਬਲਵਾਨ ਤੇ ਮਨ ਸੁਹਨਾ ਰਹਿੰਦਾ ਹੈ, ਉੱਤੋਂ ਸਾਡੇ ਡਾਕਟਰ ਜੀ ਨੇ ਸਾਨੂੰ ਪੱਛੋਂ ਵਾਲਿਆਂ ਦੀਆਂ ਕੀਤੀਆਂ ਪਰਖਾਂ ਦੀ ਬੀ ਸੋਝੀ ਦਿੱਤੀ ਹੈ ਕਿ ਫਲਾਣੀ ਗੱਲ ਤੋਂ ਆਹ ਰੋਗ ਹੁੰਦਾ ਹੈ, ਫਲਾਣੀ ਗੱਲ ਤੋਂ ਆਹ ਦੁੱਖ ਹੁੰਦਾ ਹੈ; ਸੋ ਦੋਵੇਂ ਗਲਾਂ ਰਲਾ ਮਿਲਾ ਕੇ ਅਸੀਂ ਆਪਣੇ ਪਿੰਡ ਨੂੰ ਹੋਰ ਭੀ ਚੰਗਾ ਬਣਾ ਲਿਆ ਹੈ। ਚਾਹੀਦਾ ਭੀ ਇਹੋ ਹੈ ਕਿ ਅਸੀਂ ਆਪਣੇ ਵਡਿਆਂ ਦੇ ਤਰੀਕੇ ਨੂੰ ਨਾ ਛੱਡੀਏ। ਸਾਡਾ ਅੰਦਰਲਾ ਤਰੀਕਾ "ਧਿਆਨ" ਦਾ ਮਹਾਂ ਉੱਤਮ ਹੈ। ਇਸ ਨਾਲ ਲੋਕ ਪ੍ਰਲੋਕ ਸੁਧਰ ਜਾਂਦੇ ਹਨ ਤੇ ਅੰਦਰਲੇ ਤਰੀਕੇ ਤੋਂ ਬਾਹਰਲੇ ਸੁਖ ਸਿੱਖ ਜਾਈਦੇ ਹਨ, ਪਰ ਹੁਣ ਜਦ ਬਾਹਰ ਦੇ ਤਰੀਕੇ ਭੀ ਬੜੀ ਸੋਝੀ ਵਾਲੇ ਹੋ ਗਏ ਹਨ, ਤਦ ਕਿਉਂ ਨਾਂ ਦੋਹਾਂ ਨੂੰ ਮਿਲਾਕੇ ਸੁਖ ਪਾਇਆ ਜਾਵੇ? ਪਰ ਤੁਸੀਂ ਹੁਣ ਇਹ ਕਰ ਰਹੇ ਹੋ ਕਿ ਨਿਰੇ ਪੱਛੋਂ ਦੀਆਂ ਡੌਲਾਂ ਤੇ ਵਿਉਂਤਾਂ ਦੇ ਮਗਰ ਲਗ ਰਹੇ ਹੋ, ਉਹ ਭੀ ਰੀਸ ਦੀ ਸ਼ਕਲ ਵਿਚ, ਜਾਂਚ ਪੜਤਾਲ ਤੋਲ ਜੋਖ ਕੇ ਨਹੀਂ ਤੇ ਆਪਣੇ ਰਸਤੇ ਨੂੰ ਉੱਕਾ ਛੱਡ ਰਹੇ ਹੋ। ਸਾਡੇ ਦੇਸ਼ ਨੂੰ ਹੀ ਇਕ ਇਹ ਸੁਭਾਗ ਪ੍ਰਾਪਤ ਹੈ ਕਿ ਅੰਦਰਲੇ ਦੀ ਉਚਿਆਈਆਂ ਸਭ ਜਗਤ ਤੋਂ ਵਧੀਕ ਪ੍ਰਾਪਤ ਰਹੀ ਹੈ, ਹੁਣ ਉਸਨੂੰ ਤੁਸੀਂ ਮਖੌਲਾਂ ਕਰ ਰਹੇ ਹੋ ਤੇ ਛੱਡੀ ਜਾ ਰਹੇ ਹੋ। ਪੱਛੋਂ ਦੇ ਬਾਹਰਲੇ ਚਾਨਣੇ ਵਿਚ ਚੁੰਧਿਆਕੇ ਦਿਲ ਵਿਚ ਰਾਤ ਪਾ ਰਹੇ ਹੋ:-

"ਬਾਹਰਿ ਦਿਸੈ ਚਾਨਣਾ
ਦਿਲਿ ਅੰਧਿਆਰੀ ਰਾਤਿ॥"

ਬਾਹਰ ਦੇ ਤਰੀਕੇ ਤੋਂ ਲੱਭੀਆਂ ਅਕਲਾਂ ਲਓ, ਪਰ ਅੰਦਰਲੇ ਨੂੰ ਸਾਫ ਸੁਥਰਾ ਚਾਨਣਾ ਚਰਾਗ ਰੱਖਣ ਦਾ ਗੁਣ ਨਾ ਤਿਆਗੋ। ਜੇ ਅੰਦਰ ਘਟ-ਦੀਪ ਨਹੀਂ ਜਗਿਆ, ਜੇ ਅੰਦਰ ਸੋਝੀ ਨਹੀਂ ਆਈ, ਜੇ ਅੰਦਰਲਾ ਉੱਚਾ ਸੁੱਚਾ ਨਹੀਂ ਹੋ ਗਿਆ ਤਾਂ ਅਸਲ ਸੁਧਰਨ ਯੋਗ ਨਹੀਂ ਸੁਧਰਿਆ ਤੇ ਅਸਲ ਸੁਖੀ ਹੋਣ ਵਾਲਾ ਸੁਖੀ ਨਹੀਂ ਹੋਇਆ। ਜੇ ਅੰਦਰਲਾ ਸੁਖੀ ਹੋ ਜਾਵੇ ਤਾਂ ਬਾਹਰ ਦੇ ਸੁਖ ਭੀ ਸੁਖ ਭਾਸਦੇ ਹਨ, ਜੇ ਅੰਦਰਲਾ ਮੈਲਾ ਤੇ ਦੁਖੀ ਹੋਵੇ ਤਾਂ ਬਾਹਰ ਦੇ ਸੁਖ ਦੁਖ ਰੂਪ ਹੀ ਲੱਗਦੇ ਹਨ, ਇਸ ਲਈ ਅੰਦਰਲੇ ਨੂੰ ਜਗਾਉਣਾ ਨਾ ਛੱਡੋ। ਜੇ ਕੁਦਰਤ ਨੇ ਤੁਹਾਨੂੰ ਪਹਿਲਾਂ ਬਾਹਰ ਤੋਂ ਵਿੱਦਜਾ ਦਿੱਤੀ ਹੈ ਤਾਂ ਤੁਸੀਂ ਹੁਣ ਅੰਦਰਲੇ ਦੀ ਵਿਦਜਾ ਪਾਓ, ਨਹੀਂ ਤਾਂ ਸੱਚ ਜਾਣੋਂ ਤੁਹਾਡੀ ਸਾਰੀ ਵਿੱਦਜਾ ਅਧੂਰੀ ਹੈ।

ਬ੍ਰਿਸਟਰ— ਬਾਬਾ ਜੀ! ਤੁਸੀਂ ਕਿਸ ਕਾਲਜ ਵਿਚ ਪੜ੍ਹੇ ਹੋ? ਜੋ ਗੱਲ ਕਰਦੇ ਹੋ ਮੈਂ ਹੈਰਾਨ ਰਹਿ ਜਾਂਦਾ ਹਾਂ ਕਿ ਮੋਟੀ ਜਿਹੀ, ਸਿੱਧੀ ਜੇਹੀ ਕਰਕੇ ਧਰ ਦੇਂਦੇ ਹੋ, ਪਰ ਉਸ ਵਿਚ ਇਲਮ ਦੇ ਦਫਤਰ ਭਰੇ ਹੁੰਦੇ ਹਨ। ਪੱਛੋਂ ਤੇ ਪੂਰਬ ਦੀ ਵਿੱਦਜਾ ਦੇ ਨੁਕਤਿਆਂ ਦਾ ਫਰਕ ਤੁਸਾਂ ਕਿਸ ਤਰ੍ਹਾਂ ਸਾਫ ਦੱਸਿਆ ਹੈ, ਮੈਨੂੰ ਸੋਝੀ ਆ ਗਈ ਹੈ। ਨਹੀਂ ਤਾਂ ਮੈਂ ਹੁਣ ਤੱਕ ਪੱਛੋਂ ਦੇ ਤਰੀਕੇ ਠੀਕ ਸਮਝਦਾ ਤੇ ਆਪਣਿਆਂ ਨੂੰ ਮਖੌਲ ਕਰਦਾ ਸਾਂ। ਮੈਂ ਜਦੋਂ ਯੂਰਪ ਵਿਚ ਗਏ ਹੋਏ ਹਿੰਦੁਸਤਾਨ ਦੇ ਬਣੇ ਹੋਏ "ਪ੍ਰਗਜਾਪਾਰਮਿਤਾ"* ਦੇ ਬੁੱਤ ਨੂੰ ਡਿੱਠਾ ਤਾਂ ਸਮਝ ਨਾ ਸੱਕਿਆ। ਇਕ ਆਦਮੀ ਨੇ ਮੈਨੂੰ ਦੱਸਿਆ ਕਿ ਇਹ ਖ਼ੂਬਸੂਰਤੀ ਵਿਚ

---

* ਪ੍ਰਗਜਾਪਾਰਮਿਤਾ-ਅਸਲ ਵਿਚ ਨਾਮ ਹੈ ਅਪਾਰ ਬੁੱਧੀ ਯਾ ਦੈਵੀ ਬੁੱਧੀ ਦਾ। ਇਹ ਬੁਧਮਤ ਦਾ ਇਕ ਪਦ ਹੈ। ਇਸ ਨਾਮ ਦਾ ਇਕ ਜਾਵਾ ਦਾ ਬਣਿਆ ਬੁਤ ਬਹੁਤ ਪ੍ਰਸਿੱਧ ਹੈ, ਜਿਸ ਵਿਚ ਇਕ ਦੇਵੀ ਚੌਕੜੀ ਮਾਰਕੇ ਬੈਠੀ ਹੈ, ਹੱਥ ਇਸ ਦੇ 'ਧਰਮ ਚੱਕ੍ਰ ਮੁਦ੍ਰਾਂ' ਵਿਚ ਹਨ, ਇਸ ਦੀ ਖੱਬੀ ਬਾਂਹ ਹੇਠੋਂ ਇਕ ਨੀਲਾ ਕਮਲ ਨਿਕਲਿਆ ਹੈ ਜਿਸ ਪਰ ਪੁਸਤਕ ਧਰੀ ਹੈ। ਬੁਧ ਮਤ ਵਿਚ ਪ੍ਰਗਜਾਪਾਰਮਿਤਾ ਇਕ ਪੁਸਤਕ ਦਾ ਬੀ ਨਾਮ ਹੈ। ਉਸ ਮਤ ਵਿਚ 'ਬੁਧਾਂ' ਦਾ ਇਹ ਸੋਮਾ ਬੀ ਮੰਨੀ ਗਈ ਹੈ। ਇਸ ਨੂੰ ਧਰਮਕਾਯਾ ਨਾਲ ਬੀ ਮੇਲਦੇ ਹਨ। ਮਗਰਲੀ ਮਹਾਯਾਨਾ ਵਿਦਜਾ ਵਿਚ ਧਜਾਨੀ ਬੁਧ ਨਾਲ ਸੰਬੰਧਤ ਉੱਚ ਬੁਧ ਨੂੰ ਬੀ ਕਿਹਾ ਹੈ। ਮੋ: ਵਿ: ਲਿਖਦੇ ਹਨ ਕਿ ਬੋਧੀਆਂ ਦੇ ੧੦ ਯਾ ਛੇ ਪਰਾਧਰਮਾਂ ਦਾ ਨਾਮ ਪ੍ਰਗਜਾਪਾਰਮਿਤਾ ਹੈ। ਪਰ ਸੁੱਖਲੀ ਗਲ ਇਹ ਹੈ ਕਿ ਇਹ ਅਪਾਰਮਿਤ ਬੁੱਧੀ ਯਾ ਦੈਵੀ ਬੁੱਧੀ ਹੈ ਤੇ ਬੁਤ ਜੋ ਹੈ ਉਸ ਵਿਚ ਇਸ ਬੁਧੀ ਨੂੰ ਮੂਰਤੀਮਾਨ ਕੀਤਾ ਗਿਆ, ਜਿਸ ਵਿਚ ਸੁਤੇ ਟਿਕਾਊ ਤੇ ਸੁੰਦਰਤਾ ਦਾ ਕਮਾਲ ਹੈ।


www.sikhbookclub.com

ਦੁਨੀਆਂ ਦੀਆਂ ਸਾਰੀਆਂ ਘੜੀਆਂ ਮੂਰਤੀਆਂ ਤੋਂ ਸੁੰਦਰ ਹੈ। ਪਰ ਮੈਨੂੰ ਪੱਛੋਂ ਵਾਲਿਆਂ ਦੇ ਘੜੇ ਬੁੱਤ ਸੁਹਣੇ ਲੱਗਦੇ ਸਨ। ਅੱਜ ਮੈਨੂੰ ਜਾਗ ਵਾਂਗੂੰ ਜਾਗ ਆਈ ਹੈ। ਹੁਣ ਮੇਰੀਆਂ ਅੱਖਾਂ ਅਗੇ "ਪ੍ਰਗਜਾਪਾਰਮਿਤਾ" ਦੀ ਮੂਰਤੀ ਆਈ ਹੈ ਤੇ ਹੁਣ ਸੋਝੀ ਆਈ ਹੈ ਕਿ ਕਾਰੀਗਰ ਨੇ ਆਪਣੇ ਅੰਦਰਲੇ ਦੇ ਸਾਫ ਹੋ ਜਾਣ ਤੇ ਜੋ ਉਸਨੂੰ ਦੈਵੀ ਬੁੱਧੀ ਯਾ ਹੱਦਬੰਦੀ ਤੋਂ ਉੱਚ ਬੁੱਧੀ ਅਨੁਭਵ ਹੋਈ, ਉਸਨੂੰ ਉਸ ਨੇ ਪੱਥਰ ਵਿਚ ਪ੍ਰਗਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਐਸ ਵੇਲੇ ਮੇਰੀਆਂ ਅੱਖਾਂ ਤੋਂ ਉਹ ਬੁੱਤ ਤਾਂ ਉਹਲੇ ਹੈ, ਪਰ ਮੇਰੇ ਮਨ ਨੂੰ ਅਤਿ ਸੁੰਦਰ ਲੱਗ ਰਿਹਾ ਹੈ।

ਬਾਬਾ— ਇਸੇ ਗੱਲ ਨੂੰ 'ਧਿਆਨ' ਆਖਦੇ ਹਨ। ਤੁਹਾਡੇ ਸਾਮਣੇ ਉਹ ਬੁੱਤ ਨਹੀਂ, ਪਰ ਤੁਹਾਡੇ ਧਿਆਨ ਵਿਚ ਹੈ ਤੇ ਹੁਣ ਤੁਸੀਂ ਉਸ ਦੀ ਸੁੰਦਰਤਾ ਧਿਆਨ ਵਿਚ ਅਨੁਭਵ ਕਰ ਰਹੇ ਹੋ। ਸਾਡੇ ਵੱਡੇ ਕਹਿੰਦੇ ਹੁੰਦੇ ਸਨ ਕਿ ਸਾਡਾ ਸਾਰਾ ਕੁਛ 'ਧਿਆਨ ਜਾਂ' ਹੈ। 'ਧਿਆਨ ਜਾਂ' ਦਾ ਅਰਥ ਹੈ ਧਿਆਨ ਤੋਂ ਉਤਪੰਨ ਹੋਇਆ। ਪਰ ਬ੍ਰਿਸਟਰ ਜੀ! ਪੱਛੋਂ ਵਲਿਆਂ ਦਾ ਹੁਨਰ 'ਦਰਸ਼ਨ ਜਾਂ' ਹੈ, ਅਰਥਾਤ ਉਹ ਵੇਖਕੇ ਮੂਰਤੀਮਾਨ ਕਰਦੇ ਹਨ।

ਬ੍ਰਿਸਟਰ— ਠੀਕ ਹੈ। ਬਾਬਾ ਜੀ! ਤੁਸਾਂ ਕੈਸਾ ਸੁਹਣਾ ਕਿਹਾ ਹੈ। ਇਸੇ ਕਰਕੇ ਪੱਛੋਂ ਵਿੱਚ ਸਾਡੇ ਹੁਨਰਾਂ ਨੂੰ ਪਹਿਲਾਂ ਮਖੌਲਾ ਕਰਦੇ ਰਹੇ ਹਨ। ਉਹ ਸਮਝਦੇ ਸਨ ਕਿ ਉਹਨਾ ਵਾਂਗੂੰ ਅਸਾਂ ਬਾਹਰੋਂ ਤੱਕ ਕੇ ਹੁਨਰਾਂ ਵਿਚ ਹੱਥ ਪੈਰ ਮਾਰੇ ਹਨ, ਪਰ ਉਹਨਾਂ ਨੂੰ ਪਤਾ ਨਹੀਂ ਕਿ ਅਸਾਂ ਸਭ ਕੁਛ ਅੰਦਰੋਂ ਉੱਠਕੇ ਉਚੇ ਹੋਕੇ, ਅੰਦਰ ਧਿਆਨ ਜੋੜਕੇ ਡਿੱਠਾ ਹੈ ਤੇ ਫੇਰ ਉਸ ਭਾਵ ਨੂੰ ਬਾਹਰ ਪ੍ਰਗਟ ਕੀਤਾ ਹੈ। ਸਾਡਾ ਧਰਮ ਭਾਵ, ਆਤਮ-ਰਸ ਲੀਨਤਾ, ਸਾਡਾ ਫਿਲਸਫਾ, ਸਾਡੇ ਕੋਮਲ ਉਨਰ, ਸਾਡਾ ਸੰਗੀਤ, ਸਾਡੀ ਚਿੱਤ੍ਰਕਾਰੀ, ਸਾਡੀ ਮੂਰਤ ਘੜਨੀ, ਸਾਡੀ ਕਵਿਤਾ, ਸਾਡੀਆਂ ਉਸਾਰੀਆਂ ਸਭ 'ਧਿਆਨ ਜਾਂ' ਹਨ ਪਰ ਉਹਨਾਂ ਦਾ ਸਾਰਾ 'ਦਰਸ਼ਨ ਜਾਂ' ਹੈ, ਜਿਵੇਂ ਉਹਨਾਂ ਨੇ ਨੈਣਾਂ ਨਾਲ ਡਿੱਠਾ ਤਿਵੇਂ ਬੱਧਾ ਹੈ। ਬਾਬਾ ਜੀ! ਤੁਹਾਡੀ ਇਕ ਇਸ ਗੱਲ ਨੇ ਮੇਰੇ ਅੰਦਰਲੇ ਕਪਾਟ ਖੋਲ੍ਹ ਦਿੱਤੇ ਹਨ। ਮੈਨੂੰ ਸਾਰੀ ਪਾਈ ਵਿਦਿਆ ਦੀ ਅੱਜ ਸੋਝੀ ਆਈ ਹੈ ਤੇ ਅੱਜ ਇਕ ਕੇਂਦਰ ਲੱਭਾ ਹੈ, ਜਿੱਥੇ ਖਲੋਕੇ ਮੈਂ ਹੁਣ ਹਰ ਗੱਲ ਦਾ ਵਿਚਾਰ ਤੇ ਦਰੁਸਤ ਗਿਆਨ ਪਾ ਸਕਦਾ ਹਾਂ। ਸਿੱਧੇ ਸਾਦੇ ਬਾਬਾ ਜੀ! ਹੁਣ ਤਾਂ ਚਰਨਾਂ ਨੂੰ ਹੱਥ ਲਾਉਣ ਤੇ ਜੀ ਕਰਦਾ ਹੈ, ਲਾ ਲੈਣ ਦਿਓ। (ਪਲ ਭਰ ਤੱਕ ਤੱਕ ਕੇ ਤੇ ਝਿਜਕ ਝਿਜਕ ਕੇ ਤੇ ਬਾਬੇ ਵੱਲੋਂ ਇਸ ਗੱਲ ਦੀ ਛੁਟੀ ਨਾ ਵੇਖਕੇ ਥੋੜਾ ਸੀਸ ਨਿਵਾਕੇ) ਬਾਬਾ ਜੀ! ਇਹ ਤਾਂ ਦੱਸੋ ਇਹ ਸੋਝੀਆਂ ਕਿਵੇਂ ਆਈਆਂ?

ਬਾਬਾ— ਮੈਂ ਜੋ ਦੱਸਿਆ ਹੈ ਕਿ ਸਾਰੇ ਤਰੀਕੇ ਅੰਦਰਲੇ ਤੋਂ ਟੁਰਦੇ ਹਨ। ਸਾਡੇ ਉਸਤਾਦ ਜਦ ਅੰਦਰਲੇ ਦੀ ਵਿਦਜਾ ਸਿਖਾਲਦੇ ਹਨ ਤਾਂ ਅੰਦਰਲਾ ਉੱਚਾ ਹੋ ਜਾਂਦਾ ਹੈ ਤੇ ਉਸਦੀ ਨਜ਼ਰ ਲੰਮੇਰੀ ਦੂਰ ਤਕ ਪੈਣ ਵਾਲੀ ਹੋ ਜਾਂਦੀ ਹੈ। ਫੇਰ ਠੀਕ ਗੱਲਾਂ ਤੇ ਅਕਲਾਂ ਸਭ ਅੰਦਰੋਂ ਫੁਰਦੀਆਂ ਹਨ। ਦੱਸੋ ਪੱਛਮ ਵਾਲਿਆਂ ਨੇ ਹੁਣ ਦੱਸਿਆ ਹੈ ਕਿ ਧਰਤੀ ਹੇਠ ਬੌਲਦ ਨਹੀਂ, ਪਰ ਗੁਰੂ ਨਾਨਕ ਦੇਵ ਜੀ ਸਾਢੇ ਚਾਰ ਸੌ ਬਰਸ ਹੋਇਆ ਹੈ ਕਿ ਇਹੋ ਗੱਲ ਆਪਣੇ ਅੰਦਰਲੇ ਤੋਂ ਦੱਸ ਗਏ ਹਨ। ਅੰਦਰਲੇ ਦਾ ਸੁਭਾਵ ਹੈ ਕਿ ਜਦ ਉੱਚਾ ਹੋ ਜਾਵੇ, ਨਿਰਮਲ ਹੋ ਜਾਵੇ, ਤਾਂ ਉਹ ਇਕ ਸੁਖ ਮਾਣਦਾ ਹੈ ਤੇ ਬਾਹਰਲੇ ਤੋਂ ਸੁਤੰਤਰ ਜਿਹਾ ਵਰਤਦਾ ਹੈ, ਪਰ ਜੇ ਬਾਹਰਲੇ ਵੱਲ ਧਿਆਨ ਕਰੇ ਤਾਂ ਜੋ ਗਿਆਨ ਉਸ ਨੂੰ ਹੁੰਦਾ ਹੈ, ਉਹ ਠੀਕ ਗਿਆਨ ਹੁੰਦਾ ਹੈ। ਮੇਰੇ ਉਹ ਮਹਾਂ ਪੁਰਖ ਜੀ ਜਿਨ੍ਹਾਂ ਪਾਸੋਂ ਮੈਂ ਵਿਦਜਾ ਪਾਈ ਹੈ, ਗੁਰ ਵਾਕ ਦੱਸਿਆ ਕਰਦੇ ਸਨ:-

ਕਾਂਇਆ ਮਾਂਜਸਿ ਕਉਨ ਗੁਨਾਂ॥
ਜਉ ਘਟ ਭੀਤਰਿ ਹੈ ਮਲਨਾਂ॥

ਉਹ ਕਹਿੰਦੇ ਸਨ ਅੰਦਰਲਾ ਨਿਰਮਲ ਹੋਵੇ ਫੇਰ ਕਾਇਆ ਤੇ ਕਾਇਆ ਨਾਲ ਸੰਬੰਧਿਤ ਸਾਮਾਨ ਸਭ ਸਾਫ਼ ਕਰ ਲਓਗੇ ਤਾਂ ਅੰਦਰੋਂ ਉਹ ਅਕਲਾਂ ਫੁਰਿਆ ਕਰਨਗੀਆਂ ਜੋ "ਅਸਲ" ਹੋਇਆ ਕਰਨਗੀਆਂ। ਭਾਵੇਂ ਬਾਹਰੋਂ ਸਿੱਖੀ ਯਾ ਤੋਤੇ ਵਾਂਗ ਪੜ੍ਹੀ ਅਕਲ ਘੱਟ ਹੋਵੇਗੀ, ਪਰ ਅੰਦਰੋਂ "ਅਸਲੀ" ਅਕਲ ਦੇ ਫੁਰਨੇ ਫੁਰਿਆ ਕਰਨਗੇ, ਜੋ ਅਤਿ ਸੁਖਦਾਈ ਹੋਇਆ ਕਰਨਗੇ, ਆਪਣੇ ਆਪ ਨੂੰ ਵੀ ਤੇ ਸ੍ਰਿਸ਼ਟੀ ਨੂੰ ਵੀ। ਇਸ ਦਾ ਇਹ ਮਤਲਬ ਨਹੀਂ ਕਿ ਬਾਹਰਲੀ ਵਿਦਜਾ ਨਹੀਂ ਪਾਉਣੀ, ਪਰ ਇਹ ਕਿ ਦੋਹਾਂ ਦਾ ਸੁੰਦਰ ਮੇਲ ਕਰਨਾ ਹੈ ਦੋਹਾਂ ਤੋਂ ਲਾਭ ਲੈਣਾ ਹੈ।

SIKHBOOKCLUB.COM

ਬ੍ਰਿਸਟਰ— ਸੁਆਦ ਆ ਗਿਆ ਹੈ। ਮੇਰੇ ਪੜ੍ਹੇ ਮਨ ਨੂੰ, ਜੋ ਹੁੱਜਤਾਂ ਤੇ ਵਾਲਾਂ ਦੀ ਖੱਲ ਲਾਹੁਣ ਦੇ ਫੇਰਾਂ ਵਿਚ ਪੈਕੇ ਬਾਹਰ ਲੇ ਛਿੱਲੜਾਂ ਤੇ ਭਟਕਣ ਵਾਲਾ ਹੋ ਗਿਆ ਸੀ, ਜਿਸਨੂੰ ਅਸੀਂ ਵਿਦਜਾ ਆਖਦੇ ਹਾਂ। ਅੱਜ ਬੜਾ ਹੀ ਸੁਆਦ ਆਇਆ ਹੈ ਤੇ ਅਸਲੀ ਅਕਲ ਦਾ ਇਕ ਐਸਾ "ਸ਼ੋਸ਼ਾ" ਮਿਲ ਗਿਆ ਹੈ ਕਿ ਜਿਸਨੇ ਇਕ ਦਮ ਚੱਕਕੇ ਕਿਸੇ ਟੀਸੀ ਤੇ ਖੜਾ ਕਰ ਦਿੱਤਾ ਹੈ। ਪਰ ਬਾਬਾ ਜੀ! ਇਹ 'ਧਜਾਨ ਜਾਂ' ਤੇ 'ਦਰਸ਼ਨ ਜਾਂ' ਦੋ ਨਵੇਂ ਲਫ਼ਜ਼ ਹਨ ਜੋ ਤੁਸਾਂ ਪੰਜਾਬੀ ਵਿਚ ਬੋਲੇ ਹਨ; ਇਹ ਤੁਸਾਂ ਘੜੇ ਹਨ ਕਿ ਕਿਸੇ ਹੋਰ ਨੇ? ਖਜਾਲ ਤਾਂ ਤੁਹਾਨੂੰ ਆਪਣੇ ਮਨ ਜੋੜਵੇਂ ਧਿਆਨ ਵਾਲੇ ਪਾਸੇ ਤੋਂ ਪੈਦਾ ਹੋ ਜਾਂਦੇ ਹਨ ਪਰ ਪਦ ਵੀ ਉਹਨਾਂ ਖਿਆਲਾਂ ਲਈ ਆਪ ਘੜੇ ਨੇ ਕਿ ਸੁਣੇ ਨੇ?

ਬਾਬਾ— ਹਾਂ, ਮੈਂ ਆਪਣੇ ਕਿਸੇ ਵੱਡੇ ਪਾਸ ਬੈਠਿਆਂ ਕੋਮਲ ਉਨਰਾਂ ਤੇ ਹੋ ਰਹੀ ਗਲ ਬਾਤ ਸੁਣੀ ਸੀ। ਉਸ ਵਿਚ ਇਨ੍ਹਾਂ ਦੋ ਪਦਾਂ ਵਾਸਤੇ ਦੋ ਅੰਗ੍ਰੇਜ਼ੀ ਪਦ ਵਰਤੇ ਗਏ ਤਾਂ ਮੈਂ ਕਿਹਾ ਕਿ ਕੋਈ ਸਾਡੀ ਬੋਲੀ ਵਿਚ ਵੀ ਪਦ ਬੋਲੋ ਤਾਂ ਓਸ ਸਾਡੀ ਬੋਲੀ ਬੋਲਣ ਵਾਲੇ ਦਾਨੇ ਨੇ ਦੋ ਪਦ ਕਹੇ 'ਆਦਰਸ਼ਕ ਤੇ ਵਾਸਤਵਕ'।* ਮੈਂ ਕਿਹਾ ਇਹ ਤਾਂ ਔਖੀ ਸੰਸਕ੍ਰਿਤ ਹੈ ਕੋਈ ਸੌਖਾ ਕਰਕੇ ਦੱਸੋ ਤਾਂ ਉਨ੍ਹਾਂ ਨੇ ਇਹ ਦੋ ਪਦ ਉਸੇ ਵੇਲੇ ਘੜੇ, 'ਧਜਾਨ ਜਾਂ' ਤੇ 'ਦਰਸ਼ਨ ਜਾਂ' ਤੇ ਖੋਹਲ ਕੇ ਦੱਸਿਆ। ਉਨ੍ਹਾਂ ਪਾਸ ਜੋ ਬੁੱਤ ਤੁਸਾਂ ਕਿਹਾ ਹੈ ਉਸਦੀ ਉਤਰੀ ਹੋਈ ਫੋਟੋ ਮੈਂ ਵੀ ਵੇਖੀ ਸੀ। ਸੋ ਜੀਓ! ਗੱਲ ਤਾਂ ਇਹ ਹੈ ਕਿ ਅਸੀਂ ਤਾਂ ਬਾਹਰੋਂ ਸਫ਼ਾਈ ਤੇ ਇਸ ਦੇ ਹਾਣ ਲਾਭ ਦੀਆਂ ਪਰਖਾਂ ਕਰ ਕਰਕੇ ਸੋਝੀ ਪਾ ਲੈਂਦੇ ਹਾਂ ਕਿ ਘਰ, ਸਰੀਰ, ਸ਼ਹਿਰ ਦੀ ਸਫਾਈ ਕੀਕੂੰ ਹੋਵੇ? ਤੇ ਮੈਲ ਕੀ ਹੈ ਤੇ ਕੀਕੂੰ ਮਾੜੇ ਪੋਖ਼ ਪਾਉਂਦੀ ਹੈ? ਪਰ ਮੈਂ ਡਿੱਠੇ ਹਨ ਅੰਦਰਲੇ ਦੀ ਸਫਾਈ ਵਾਲੇ ਜੋ ਨਾ ਕੇਵਲ ਸ਼ਹਿਰ, ਘਰ ਤੇ ਸਰੀਰ ਦੀ ਮੈਲ ਨੂੰ ਪਛਾਣਦੇ ਤੇ ਉਸਨੂੰ ਦੂਰ ਕਰਦੇ ਹਨ, ਪਰ ਉਹ ਦੂਸਰਿਆਂ ਦੇ ਦਿਲਾਂ ਦੀਆਂ ਮੈਲਾਂ ਦੇ ਆਪੂੰ ਜਾਣੂੰ ਹੋ ਕੇ ਠੀਕ ਠੀਕ ਦੱਸ ਦਿਆ ਕਰਦੇ ਹਨ। ਕਈ ਵੇਰੀ ਮੈਂ ਡਿੱਠਾ ਹੈ ਕਿ ਉਨ੍ਹਾਂ ਨੇ ਦੂਸਰੇ ਦੀ ਮੈਲ ਨੂੰ ਐਉਂ ਪਰਖ ਲਿਆ ਹੈ ਕਿ ਉਸਦੇ ਪਾਸ ਬੈਠਦਿਆਂ ਉਹ ਲੱਭ ਗਏ ਹਨ ਕਿ ਇਹ ਆਦਮੀ ਅੰਦਰੋਂ ਸਾਫ਼ ਤੇ ਉੱਚਾ ਨਹੀਂ, ਮੈਲਾ ਹੈ ਤੇ ਜੀਵਨ ਇਸ ਦਾ ਪਾਪ ਵੱਲ ਰੁਚੀ ਰੱਖਦਾ ਹੈ ਅਰ ਉਨ੍ਹਾਂ ਦੀ ਇਹ ਪਰਖ ਮੈਂ ਡਿੱਠੀ ਹੈ ਕਿ ਕਦੇ ਕੱਚੀ ਨਹੀਂ ਨਿਕਲਦੀ। ਉਂਞ ਉਹ ਇਹਨਾਂ ਖੇਡਾਂ ਵਿਚ ਨਹੀਂ ਪੈਂਦੇ ਪਰ ਸਹਿਜ ਸੁਭਾ ਕਈ ਵੇਰੀ ਕਿਸੇ ਆਏ ਗਏ ਮਿਲੇ ਬਾਬਤ ਕਹਿ ਦੇਂਦੇ ਹਨ ਕਿ ਇਸਦਾ ਪੋਖ਼ ਜਾਂ ਪ੍ਰਭਾਵ ਜਾਂ ਜਿਵੇਂ ਤੁਸੀ ਕਹਿੰਦੇ ਹੋ ਅਸਰ ਬੜਾ ਦਬਾਉ ਵਾਲਾ ਜਿਹਾ ਪੈਂਦਾ ਹੈ, ਇਸਦੇ ਪਾਸੋਂ ਇਸ ਪ੍ਰਕਾਰ ਦੇ ਕੰਮ ਹੁੰਦੇ ਹੋਣੇ ਹਨ। ਜਦ ਫਿਰ ਪਰਤਾਓ ਤਾਂ ਉਨ੍ਹਾਂ ਦੀ ਪਰਖ ਠੀਕ ਨਿਕਲਦੀ ਹੈ। ਇਹ ਗੱਲ ਐਸ ਤਰ੍ਹਾਂ ਦੀ ਨਹੀਂ ਜਿਵੇਂ ਕੋਈ ਤਮਾਸ਼ਾ ਕਰਦਾ ਹੈ ਯਾ ਕੋਈ ਆਪਣੀ ਵਿਦਜਾ ਜਤਾਉਣ ਪਿੱਛੇ ਆਪਣੇ ਹੁਨਰ ਦੱਸਦਾ ਹੈ। ਨਹੀਂ, ਕਦੇ ਐਵੇਂ ਕਿਸੇ ਦੇ ਆਇਆਂ ਗਿਆਂ ਇਹ ਲੋਕ ਸਹਿਜ ਸੁਭਾ ਕਹਿ ਦਿਆ ਕਰਦੇ ਹਨ, ਜਾਂ ਕਦੇ ਸਾਨੂੰ ਕੁਝ ਸਮਝਾਉਣਾ ਹੋਵੇ ਤਾਂ ਕੋਈ ਅਸਲ ਪਤੇ ਦੀ ਗੱਲ ਮੂੰਹੋਂ ਨਿਕਲ ਜਾਂਦੀ ਹੈ।

ਬ੍ਰਿਸਟਰ ਜੀ! ਅੰਦਰਲਾ ਜਦੋਂ ਇਕਾਗਰ ਹੋ ਜਾਵੇ, ਨਿਰਮਲ ਹੋ ਜਾਵੇ, ਆਪਣੇ ਦੁਖ ਸੁਖ ਦਾ ਜਾਣੂੰ ਹੋ ਜਾਵੇ ਤੇ ਆਪੇ ਨੂੰ ਲੱਭ ਲਵੇ ਤਾਂ ਕਹੀਦਾ ਹੈ ਕਿ ਉਹ ਜੀ ਉਠਿਆ ਹੈ। ਜੀਉਂਦੇ ਨੂੰ ਦੁਖ ਸੁਖ ਪੀੜ ਸੁਆਦ ਸਭ ਗੱਲ ਦੀ ਪਰਖ ਹੋ ਜਾਂਦੀ ਹੈ। ਇਸੇ ਤਰ੍ਹਾਂ ਜਦੋਂ ਅੰਦਰਲਾ ਸੁਰਜੀਤ ਹੋ ਜਾਂਦਾ ਹੈ, ਤਦੋਂ ਇਸਨੂੰ ਸੋਝੀ ਹੋ ਆਉਂਦੀ ਹੈ ਕਿ ਹੁਣ ਮੈਂ ਸੁਖੀ ਹਾਂ, ਉੱਚਾ ਹਾਂ, ਹੁਣ ਨੀਵਾਂ ਹਾਂ, ਦੁੱਖੀ ਹਾਂ, ਚੜ੍ਹਦੀਆਂ ਕਲਾਂ ਵਿਚ ਹਾਂ, ਹੁਣ ਢਹਿੰਦੀਆਂ ਕਲਾਂ ਵਿਚ ਹਾਂ। ਹੁਣ ਫਲਾਣਾ ਕੌਤਕ ਵਰਤਿਆ ਹੈ ਜਿਸ ਦਾ ਅਸਰ ਦਿਲਗੀਰੀ ਪਿਆ ਹੈ। ਹੁਣ ਫਲਾਣਾ ਕੌਤਕ ਵਰਤਿਆ ਹੈ ਜਿਸ ਦਾ ਅਸਰ ਦਿਲਗੀਰੀ ਪਿਆ ਹੈ। ਹੁਣ ਫਲਾਣਾ ਕੌਤਕ ਵਰਤਿਆ ਹੈ, ਜਿਸ ਕਰਕੇ ਅੰਦਰਲੀ ਤਾਰ ਉਚਿਆਈ ਤੇ ਸੁਖ ਦੀ ਟੁੱਟ ਗਈ ਹੈ। ਇਸ ਤਰ੍ਹਾਂ ਉਨ੍ਹਾਂ ਦੀ ਅੰਦਰਲੀ ਪਾਰਖੂ ਸ਼ਕਤੀ ਇੰਨੀਂ ਤਿੱਖੀ ਹੋ ਜਾਂਦੀ ਹੈ ਕਿ ਜਗਤ ਅਸਚਰਜ ਹੋ ਹੋ ਕੇ ਰਹਿ ਜਾਂਦਾ ਹੈ। ਉਹਨਾਂ ਦੀ ਇਹ ਪਰਖ ਆਪਣੇ ਤੋਂ ਬਾਹਰ ਦੇ ਭੀ ਪਤੇ ਲਾਉਣ ਲੱਗ ਜਾਂਦੀ ਹੈ। ਅੰਦਰਲਾ ਜੋ ਹੈ, ਉਹ ਸਾਰੀਆਂ ਵਿਦਯਾ ਦਾ ਖੋਜੀ ਤੇ ਪਤਾ ਲਾਉਣ ਵਾਲਾ ਹੈ। 'ਉਸਦੀ ਆਪਣੀ

* Idealistic and Realistic.


SIKHBOOKCLUB.COM

ਬਾਬਤ ਜੋ ਸੋਝੀ ਯਾ ਵਿਦ੍ਯਾ ਹੈ ਉਹ ਇਕ ਆਪਣੇ ਆਪ ਵਿਚ ਵਿਦ੍ਯਾ ਹੈ, ਗਿਆਨ ਹੈ। ਤੁਸੀਂ ਜੋ ਬਾਹਰ ਦੀ ਵਿਦ੍ਯਾ ਪਾਉਂਦੇ ਹੋ, ਉਹ ਵਿਦ੍ਯਾ ਪਾਉਂਦੇ ਹੋ ਜੋ ਬਾਹਰਲੇ ਪਦਾਰਥਾਂ ਦੀ ਹੈ ਤੇ ਪਦਾਰਥਾਂ ਪਰ ਬਾਹਰੋਂ ਪਰਖਾਂ ਪਰਤਾਵੇ ਕਰ ਕਰਕੇ ਸਿੱਟੇ ਕੱਢ ਕੱਢ ਕੇ ਬਣਾਈ ਗਈ ਹੈ। ਇਹ ਵਿਦ੍ਯਾ ਪਾ ਕੇ ਤੁਸੀਂ ਕਹਿਣ ਲੱਗ ਜਾਂਦੇ ਹੋ ਕਿ ਅੰਦਰਲੇ ਦੀ ਵਿਦ੍ਯਾ ਕੋਈ ਸ਼ੈ ਹੀ ਨਹੀਂ, ਇਹ ਐਵੇਂ ਭਰਮ ਹੈ, ਫਕੀਰਾਂ ਨੇ, ਅਵਤਾਰਾਂ ਨੇ ਐਵੇਂ ਉਬਾਲ ਕਹੇ ਹਨ, ਵਿਚ ਕੁਛ ਨਹੀਂ। ਬੱਸ ਏਨੀ ਗੱਲ ਆਖਕੇ ਤੁਸੀਂ ਇਸ ਵਿਦ੍ਯਾ ਦੀ ਖੋਜ ਤੋਂ ਮੂੰਹ ਫੇਰ ਲੈਂਦੇ ਹੋ। ਪਰ ਇਹ ਵਿਦ੍ਯਾ ਅਸਲੀ ਵਿਦ੍ਯਾ ਹੈ ਜੋ ਮਰਕੇ ਨਾਲ ਜਾਂਦੀ ਹੈ, ਜੋ ਜੀਉਂਦਿਆਂ ਸੁਖੀ ਕਰਦੀ ਹੈ ਤੇ ਅਸਲੀ ਮੱਤ ਦੇਂਦੀ ਹੈ। ਇਹ ਬੁੱਧੀ ਤੇ ਮੱਤ ਨੂੰ ਅੰਦਰੋਂ ਉੱਜਲਤਾ ਦੇਂਦੀ ਤੇ ਉੱਚਿਆਂ ਕਰਦੀ ਹੈ। ਤੁਸੀਂ ਹੀ ਦੱਸੋ ਤੁਸੀਂ ਵਿਦ੍ਯਾ ਵਾਲੇ ਹੋ, ਪੈਸੇ ਵਾਲੇ ਹੋ, ਨਾਮਣੇ ਵਾਲੇ ਹੋ, ਪਰ ਮੈਨੂੰ ਸੱਚੋ ਸੱਚ ਦੱਸੋ ਤੁਸੀਂ ਸੁਖੀ ਭੀ ਹੋ?

ਬ੍ਰਿਸਟਰ— ਸੱਚ ਇਹ ਹੈ ਕਿ ਸੁਖੀ ਨਹੀਂ ਹਾਂ। ਮੇਰੀ ਜਾਚੇ ਕੋਈ ਭੀ ਸੁਖੀ ਨਹੀਂ।

ਬਾਬਾ— ਇਹ ਜਿਹੜੀ ਗਿਆਤ ਹੈ ਕਿ ਮੈਂ ਸੁਖੀ ਨਹੀਂ, ਕੀ ਇਹੋ ਨਹੀਂ ਦੱਸਦੀ ਕਿ ਇਹ ਆਵਾਜ਼ ਅੰਦਰਲੇ ਦੀ ਹੈ ਜੋ ਸੁਖੀ ਨਹੀਂ। ਅੰਦਰ ਜਿੱਥੇ ਦੁੱਖ ਹੈ ਉੱਥੋਂ ਉਹ ਵਿਦ੍ਯਾ, ਪਦਾਰਥ ਤੇ ਨਾਮਣੇ ਨਾਲ ਬੀ ਨਹੀਂ ਦੂਰ ਹੋਇਆ। ਉਹ ਥਾਂ ਪੁਕਾਰਦਾ ਹੈ ਕਿ ਕੋਈ ਹੋਰ ਉਪਰਾਲਾ ਢੂੰਡ ਕਿ ਮੈਂ ਸੁਖੀ ਹੋਵਾਂ। ਪਰ ਹੇ ਵਿਦ੍ਯਾ ਵਾਲੇ ਸਜਨ! ਉਹ ਉਪਰਾਲਾ ਉਸੇ ਅੰਦਰਲੇ ਦੀ ਆਪਣੀ ਸਫਾਈ ਹੈ। ਉਸਦੀ ਮੈਲ ਉਸ ਦਾ ਦੁੱਖ ਹੈ। ਹਾਂ, ਖਿੰਡੇ ਰਹਿਣਾ ਤੇ ਕਦੇ ਆਪੇ ਵਿਚ ਕੱਠੇ ਨਾ ਹੋਣਾ ਉਸਦੀ ਨਿਰਬਲਤਾਈ ਤੇ ਦੁੱਖਾਂ ਦੇ ਲਗਣ ਦਾ ਕਾਰਣ ਹੈ। ਜੇ ਉਸਨੂੰ ਸਾਫ ਕਰੋ ਤ੍ਰਿਸ਼ਨਾ ਦੀ ਮੈਲ ਤੋਂ, ਉਸ ਨੂੰ ਕੱਠਿਆਂ ਕਰੋ ਆਪੇ ਵਿਚ ਤੇ ਲਾਓ ਉਸ ਨੂੰ 'ਪਰਮ ਆਪੇ' ਪਰਮਾਤਮ ਵੱਲ, ਤਦ ਉਹ ਧਿਆਨ ਦੇ ਮੰਡਲ ਵਿਚ ਜਾਵੇ, ਟਿਕੇ ਤੇ ਸੁਖੀ ਹੋ ਜਾਵੇ। ਉਸਤੋਂ ਫੇਰ ਜਦ ਫੁਰਨੇ ਨਿਕਲਣ ਤਾਂ ਅਸਲੀ ਫੁਰਨੇ ਨਿਕਲਨ ਆਪੇ ਦੀ ਵਿਦ੍ਯਾ ਦੇ ਤੇ ਸੁਖਦਾਈ ਗਿਆਨ ਦੇ। ਫੇਰ ਇਹ ਤੁਹਾਡੀ ਬਾਹਰਲੇ ਤੋਂ ਪਾਈ ਵਿਦ੍ਯਾ ਉਸਦੇ ਨਾਲ ਜੁੜੇ, ਫੇਰ ਤੁਸੀਂ ਵੇਖੋ ਕਿ ਕਿੰਨੇ ਸੁਖੀ ਹੁੰਦੇ ਹੋ? ਇਹੋ ਵਿਦ੍ਯਾ ਇਹੋ ਰੁਪੱਯਾ, ਇਹੋ ਨਾਮਣਾ ਤੁਹਾਨੂੰ ਆਪਣੇ ਅਸਲੀ ਰੂਪ ਵਿਚ ਨਜ਼ਰ ਆਵੇ ਤੇ ਤੁਸੀਂ ਦੁਖ ਸੁਖ ਦੀ ਅਸਲੀ 'ਪ੍ਰਤੀਤੀ' ਤੇ ਅਸਲੀ ਪਛਾਣ ਵਿਚ ਆ ਜਾਓ। ਤੁਹਾਡੇ ਅੰਦਰ ਘਟ-ਦੀਪ ਜਗਦਾ ਦਿੱਸੇ, ਆਪਾ ਉੱਚਾ ਸਾਖੀ ਹੋ ਕੇ ਭਾਸੇ, ਸਾਰਾ 'ਬਾਹਰ ਦਿੱਸਦਾ ਸਾਮਾਨ' ਤੁਹਾਨੂੰ ਦ੍ਰਿਸ਼ਟਮਾਨ ਹੋਕੇ ਦਿੱਸੇ ਤੇ ਫੇਰ ਤੁਹਾਡੇ ਉਚੇ ਹੋਏ ਆਪੇ ਉਤੇ ਕਿਸੇ ਦਾ ਅਸਰ ਨਾ ਪਵੇ। ਤੁਸੀਂ ਪੋਖੂ (ਅਸਰ) ਪਾਉਣ ਵਾਲੇ ਹੋਵੋ, ਪੋਖੂ ਲੈਣ ਵਾਲੇ ਨਾ ਹੋਵੋ। ਬੱਸ ਜਦੋਂ ਸਾਡਾ ਅੰਦਰਲਾ ਪੋਖੂ ਲੈਣ ਤੋਂ ਉੱਚਾ ਰਹਿ ਸਕਣ ਦੇ ਬਲ ਵਾਲਾ ਹੋ ਗਿਆ ਫੇਰ ਕਾਹਦੇ ਦੁਖ ਤੇ ਕਾਹਦੀਆਂ ਦਿਲਗੀਰੀਆਂ। ਅੰਦਰ ਬਲ ਆ ਜਾਂਦਾ ਹੈ ਬਲੀ ਹੋਕੇ ਦੁਖਾਂ ਦਾ ਟਾਕਰਾ ਕਰਨੇ ਦਾ। ਪਰ ਜਦ ਅੰਦਰਲਾ ਅੰਧਕਾਰ ਵਿਚ ਪਿਆ ਹੈ ਤੇ ਖਿੰਡਾਉ ਵਿਚ ਹੈ, ਉਹ ਹਰ ਅਸਰ ਦੇ ਹੇਠਾਂ ਲਗਦਾ ਹੈ ਤੇ ਕਮਜ਼ੋਰਾ ਜੇਹਾ ਰਹਿੰਦਾ ਹੈ। ਦ੍ਰਿਸ਼ਟਮਾਨ ਦੀ ਤ੍ਰਿਸ਼ਨਾਂ ਉਸਨੂੰ ਦ੍ਰਿਸ਼ਟਮਾਨ ਵਿਚ ਉਸੇ ਵਰਗਾ ਬਣਾ ਦੇਂਦੀ ਹੈ। 'ਦੇਖਣੇਹਾਰ' ਦੀ ਹਾਲਤ ਵਲੋਂ ਉਹ ਮਾਨੋਂ ਮੁਰਦਾ ਹੈ। ਮੁਰਦੇ ਨੂੰ ਪੋਥੀਆਂ ਉਤੇ ਲੰਮਾ ਪਾ ਦਿਓ, ਸੋਨੇ ਵਿਚ ਦੱਬ ਦਿਓ ਤੇ ਯਸ਼ ਦੇ ਸੁਹਲੇ ਸੁਣਾਓ ਉਹ ਹਰ ਹਾਲ ਮੁਰਦਾ ਹੈ। ਨਿਰੀ ਬਾਹਰਲੇ ਦੀ ਵਿਦ੍ਯਾ ਨਾਲ ਅੰਦਰਲਾ 'ਉਚਿਆਣ ਤੇ ਜਾਗ' ਵਿਚ ਨਹੀਂ ਆਉਂਦਾ ਪਰ ਅੰਦਰਲੇ ਦੀ ਵਿਦ੍ਯਾ ਨਾਲ ਅੰਦਰਲਾ ਸੁਰਜੀਤ ਹੋ ਜਾਂਦਾ ਹੈ, ਫਿਰ ਬਾਹਰਲੇ ਦੀ ਵਿਦ੍ਯਾ ਵਿਚ ਸੁਤੇ ਹੀ ਠੁਹਕਰ ਨਹੀਂ ਖਾਂਦਾ। ਹਾਂ, ਫੇਰ ਅੰਦਰਲਾ ਉਹਨਾਂ ਪੋਖੂਆਂ (ਅਸਰਾਂ) ਤੋਂ ਜੋ ਅੰਦਰਲੇ ਦੇ ਸੁਰਜੀਤ ਹੋਣ ਪਰ ਪੈਂਦੇ ਹਨ, ਪਰਖਾਂ ਕਰਦਾ ਹੋਇਆ ਬਾਹਰਲੇ ਵਿਚ ਭੀ ਸੁਖ ਪਾ ਲੈਂਦਾ ਹੈ। ਜੇ ਹੁਣ ਬਾਹਰਲੇ ਦੀ ਵਿਦ੍ਯਾ ਉਸ ਦੇ ਨਾਲ ਜੋੜ ਦਿਓ ਤਦ ਉਹ ਆਪਣੇ ਤੇ ਜਗਤ ਦੇ ਸੁਖ ਨੂੰ ਹੋਰ ਵਧਾ ਲੈਂਦਾ ਹੈ। ਸੋ ਹੁਣ ਤੁਸਾਂ ਲਈ ਚੰਗਾ ਇਹ ਹੈ ਕਿ ਤੁਸੀਂ ਬਾਹਰ ਦੀ ਵਿਦ੍ਯਾ ਪਾਈ ਹੈ, ਹੁਣ ਅੰਦਰਲੇ ਦੀ ਵਿਦ੍ਯਾ ਪਾਕੇ ਦੋਵੇਂ ਸੁਖ ਪਾਓ ਤੇ ਸੁਖ ਦਿਓ। ਅਗੋਂ ਆਪਦੀ ਰਜ਼ਾ!

ਇਸ ਵੇਲੇ ਬਾਬੇ ਦੀ ਬਾਤ ਚੀਤ ਹੁੰਦੀ ਹੁੰਦੀ ਹੋਰ ਸੂਖਮ ਹੋ ਗਈ। ਇਕ ਚੁੱਪ ਦਾ ਨਕਸ਼ਾ ਬੱਝ

SIKHBOOKCLUB.COM

ਰਿਹਾ ਸੀ, ਸਾਰੇ ਮਾਨੋਂ ਬੁੱਤ ਹੋਕੇ ਸੁਣ ਰਹੇ ਸਨ। ਗੱਲਾਂ ਕਿਥੋਂ ਟੁਰੀਆਂ ਸਨ ਤੇ ਕਿਥੋਂ ਦੀਆਂ ਹੁੰਦੀਆਂ ਹੁੰਦੀਆਂ ਕਿੱਥੇ ਸੂਖਮ ਥਾਵੇਂ ਆ ਗਈਆਂ, ਜਿਥੇ ਬਾਬਾ ਜੀ ਦੇ ਆਪਣੇ ਅੰਦਰਲੇ ਚਾਨਣੇ ਦੀਆਂ ਰਿਸ਼ਮਾਂ ਐਸੀਆਂ ਪਾਈਆਂ ਕਿ ਸਾਰਿਆਂ ਦੇ ਘਟ- ਦੀਪ ਮਾਨੋਂ ਵਿਸਮਾਦੀ ਲੋ ਵਿਚ ਜਗ ਪਏ। ਅੱਜ ਬ੍ਰਿਸਟਰ ਜੀ ਦੇ ਅੰਦਰੋਂ ਅੰਦਰਲੇ ਦਾ ਪੜਦਾ ਟੁੱਟਾ ਤੇ ਹਠ ਤੇ ਗਮਰੁੱਠਤਾਈ ਹਟੀ। ਉਹਨਾਂ ਨੂੰ ਆਪਣੀ ਭੁੱਲ ਸਾਫ ਦਿੱਸ ਪਈ ਤੇ ਬਾਬੇ-ਸਿੱਧੇ ਮੋਟੇ ਠੁੱਲ੍ਹੇ ਬਾਬੇ-ਦੀਆਂ ਗੱਲਾਂ "ਅਸਲੀ" ਤੇ ਸਾਫ ਸੁੱਚੀਆਂ ਕਿਸੇ ਕੁਦਰਤੀ ਸੋਮੇਂ ਤੋਂ ਪਾਟਦੀਆਂ ਨਜ਼ਰ ਪਈਆਂ। ਬਾਬਾ ਜੀ ਇਸ ਵੇਲੇ ਕਿਸੇ ਇਲਾਹੀ ਰੰਗ ਨਾਲ ਦਮਕ ਰਹੇ ਸਨ, ਅੱਖਾਂ ਲਸ ਰਹੀਆਂ ਸਨ, ਸਰੀਰ ਵਿਚ ਬਲ ਤੇ ਲਾਲੀ ਦੀ ਭਾਹ ਸੀ ਤੇ ਪਿਆਰ ਦਾ ਫੁਹਾਰਾ ਪੈ ਰਿਹਾ ਜਾਪਦਾ ਸੀ।

ਜਦ ਬਾਬਾ ਜੀ ਇਸ ਤਰ੍ਹਾਂ ਬੋਲਦੇ ਚੁੱਪ ਹੋ ਗਏ ਤਦ ਸਭ ਪਰ ਚੁਪ ਛਾ ਗਈ। ਫੇਰ ਚਿਰ ਸਾਰੇ ਕਿਸੇ ਸੁਖ ਦੇ ਸਮੁੰਦਰ ਵਿਚ ਡੁੱਬੇ ਰਹੇ। ਕੋਈ ਐਸਾ ਸੁਖ ਦਾ ਰਸ ਸਾਰਿਆਂ ਨੂੰ ਆ ਰਿਹਾ ਸੀ ਕਿ ਕਿਸੇ ਦਾ ਜੀ ਬੋਲਣ ਨੂੰ ਨਹੀਂ ਸੀ ਕਰਦਾ। ਫੇਰ ਸਾਰੇ ਚਿਰ ਪਿਛੋਂ ਬ੍ਰਿਸਟਰ ਨੇ ਕਿਹਾ "ਬਾਬਾ ਜੀ! ਹੁਣ ਕਹਿੰਦਿਆਂ ਸ਼ਰਮ ਨਹੀਂ ਆਉਂਦੀ, ਕਿਉਂਕਿ ਭਾਵੇਂ ਗੱਲਾਂ ਅੱਗੇ ਕਿੰਨੀ ਵੇਰ ਤੇ ਕੋਡੀਆਂ ਹੀ ਚੰਗੀਆਂ ਹੋਈਆਂ ਪਰ ਅੱਜ ਵਾਲੀ ਗੱਲ ਮੇਰੇ ਪੜ੍ਹੇ ਮਨ ਨੂੰ ਵਿਦਜਾ ਤੇ ਅਕਲ ਦੇ ਨੁਕਤੇ ਤੋਂ ਬੀ ਪੁੜ ਗਈ ਹੈ ਤੇ ਪਿੱਛਾ ਸਾਰਾ ਸੁਣਿਆਂ ਸਮਝਿਆ ਸਫਲ ਹੋ ਗਿਆ ਹੈ। ਅੱਜ ਮੇਰੇ ਅੰਦਰੋਂ ਹਠ ਤੇ ਅਭਿਮਾਨ ਭੀ ਹਟ ਗਿਆ ਹੈ। ਹੁਣ ਮੈਨੂੰ ਸੱਚ ਕਹਿੰਦਿਆਂ ਤੇ ਆਪਣੀਆਂ ਕਮਜ਼ੋਰੀ ਦਾ ਇਕਰਾਰ ਕਰਦਿਆਂ ਸ਼ੰਕਾ ਨਹੀਂ ਆਉਂਦੀ। ਬਾਬਾ ਜੀ! ਮੈਂ ਅੰਦਰਲੇ ਦੀ ਵਿਦਜਾ ਤੋਂ ਕੋਰਾ ਹਾਂ ਤੇ ਆਪ ਜਾਣੂੰ ਹੋ। ਮੈਂ ਜਾਣਦਾ ਹਾਂ ਤੁਸੀਂ ਬਹਰਲੇ ਦੀ ਵਿਦਜਾ ਘੱਟ ਪਾਈ ਹੈ, ਪਰ ਹੁਣ ਮੈਂ ਇਸ ਵਿਦਜਾ ਦੀ ਥੁੜੋਂ ਨੂੰ ਮੂਰਖਤਾਈ ਤੇ ਅਨਪੜ੍ਹਤਾ ਕਹਿਣ ਨੂੰ ਤਿਆਰ ਨਹੀਂ। ਅਸਲੀ ਵਿਦਜਾ ਜੋ ਅੰਦਰਲੇ ਨੂੰ ਠੰਢ ਪਾਉਂਦੀ ਤੇ ਸੁਖ ਦੇਂਦੀ ਹੈ ਉਹ ਤੁਸਾਂ ਪਾਈ ਹੈ ਤੇ ਇਸੇ ਕਰਕੇ ਤੁਸੀਂ ਜੋ ਗੱਲ ਕਰਦੇ ਹੋ ਸੋ ਗੱਲ 'ਅਸਲੀ' ਰੰਗ ਰੂਪ ਵਾਲੀ ਹੁੰਦੀ ਹੈ ਤੇ ਕਾਲਜੇ ਨੂੰ ਪੁੜਦੀ ਹੈ। ਮੈਂ ਵਿਦਵਾਨ ਹੋਕੇ ਸੁਖੀ ਨਹੀਂ ਹਾਂ ਤੇ ਅੰਦਰਲਾ ਮੇਰਾ ਆਪ ਦੇ ਵਾਕ ਮੂਜਬ ਖਿੰਡਿਆ ਤੇ ਮੈਲਾ ਹੈ। ਹੁਣ ਕਿਰਪਾ ਕਰੋ ਕਿ ਮੈਨੂੰ ਕੋਈ ਪੈਂਤੀ ਪਾ ਦਿਓ ਕਿ ਮੈਂ ਇਸ ਪਾਸੇ ਟੁਰ ਪਵਾਂ ਤੇ ਇਹ ਵਿਦਜਾ ਪਾਵਾਂ ਜੋ ਤੁਸਾਨੂੰ ਪ੍ਰਾਪਤ ਹੈ। ਹਾਂ, ਮੈਂ ਬੀ ਕਿਸੇ ਅਸਲੀਅਤ ਦੇ ਧ੍ਰੁੱਵੇ ਉੱਤੇ ਕਿਸੇ ਸੱਚ ਉੱਤੇ ਅੰਦਰ ਟਿਕ ਜਾਵਾਂ।

ਸੁਭਾਗ ਜੀ, ਜੋ ਚਿਰ ਤੋਂ ਆਏ ਪਾਸ ਬੈਠੇ ਹੋਏ ਸਭ ਕੁਛ ਸੁਣ ਰਹੇ ਸਨ, ਇਸ ਵੇਲੇ ਕੁਛ ਨਹੀਂ ਸਨ ਸੁਣ ਰਹੇ। ਉਨ੍ਹਾਂ ਦੀ ਪਵਿੱਤ੍ਰ ਨਜ਼ਰ ਦੂਰ ਦਿਖਹੱਦੇ ਵਲ ਪੈ ਰਹੀ ਹੈ।* ਏਥੇ ਨਜ਼ਰ ਐਸੀ ਪਈ ਹੈ ਕਿ ਉੱਠਦੀ ਨਹੀਂ। ਇਨ੍ਹਾਂ ਨੂੰ ਕੋਈ ਨੂਰ ਦਾ ਨੁਕਤਾ ਆ ਰਿਹਾ ਭਾਸਦਾ ਹੈ। ਇਹ ਨਜ਼ਰ ਬੱਝਦੀ ਬੱਝਦੀ ਅਝਮਕ ਹੋ ਗਈ, ਪਰ ਕਿਸੇ ਨੇ ਗਉਲਿਆ ਨਹੀਂ। ਉਸਨੂੰ ਪਾਸ ਦੀ ਸੁਰਤ ਨਹੀਂ, ਪਾਸ ਵਾਲਿਆਂ ਨੂੰ ਉਸਦੀ ਨਜ਼ਰ ਬੱਝੀ ਦਾ ਪਤਾ ਨਹੀਂ। ਹੁਣ ਉਸਦਾ ਰੰਗ ਹੋਰ ਪਲਟਣਾ ਸ਼ੁਰੂ ਹੋ ਗਿਆ, ਚਿਹਰਾ ਕਿਸੇ ਐਸੇ ਟਿਕਾਉ ਵਿਚ ਗਿਆ ਤੇ ਅੰਦਰੋਂ ਕਿਸੇ ਰਸਭਿੰਨੜੀ ਰੌ ਦੇ ਅਸਰ ਹੇਠ ਆਇਆ ਕਿ ਲਾਲ ਹੋ ਹੋ ਕੇ ਰੰਗ ਹੀ ਛੱਡ ਗਿਆ। ਅੱਖ ਅਚਾਨਕ ਬੰਦ ਹੋ ਗਈ ਤੇ ਸੁਭਾਗ ਇਹ ਅਵਾਜ਼ ਦੇਕੇ ਬੇਹੋਸ਼ ਹੋ ਗਈ:-

"ਆ ਗਏ"

'ਆ ਗਏ' ਪਤਾ ਨਹੀਂ ਕਿਸ ਕਟਕ ਤੇ ਪਿਆਰ ਨਾਲ ਕਿਹਾ ਗਿਆ ਕਿ ਸੁਭਾਗ ਆਪ ਤਾਂ ਬੇਸੁਧ ਹੋ ਗਈ ਤੇ ਉਧਰ ਸਭ ਨਜ਼ਰਾਂ ਉਠ ਗਈਆਂ। ਇਕ ਆਨ ਵਿਚ ਜੀਕੂੰ ਬਿਜਲੀ ਪੈਂਦੀ ਹੈ, ਕੋਈ ਆ ਗਿਆ। ਬ੍ਰਿਸਟਰ ਦੇ ਸਿਰ ਇਕ ਹੱਥ ਧਰਿਆ ਗਿਆ ਤੇ ਦੂਆ ਬ੍ਰਿਸਟਰਾਣੀ ਤੇ। ਇਕ ਗੂੰਜਵੀਂ, ਭਰਵੀਂ ਤੇ ਰਸ ਵਾਲੀ ਅਵਾਜ਼ 'ਸੁਰ ਹੋਏ ਸਾਜ਼' ਵਾਂਗੂੰ ਆਈ:-

"ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥
ਕਲਿ ਕਲੇਸ ਤਨ ਮਾਹਿ ਮਿਟਾਵਉ॥"

* ਜਿੱਥੇ ਜ਼ਿਮੀਂ ਅਸਮਾਨ ਮਿਲਦੇ ਦਿਸਦੇ ਹਨ, ਉਸ ਨੂੰ ਦਿਖ ਹੱਦਾ ਆਖਦੇ ਹਨ।



SIKHBOOKCLUB.COM

ਇਹ ਸੱਦ ਤਿੰਨ ਵਾਰ ਹੋਈ। ਫੇਰ ਬੜੇ ਪਿਆਰ, ਬੜੇ ਸੁਆਦ ਤੇ ਗੰਭੀਰ ਜ਼ੋਰਦਾਰ ਸੁਰ ਵਿਚ ਪੰਜ ਵੇਰ ਅਵਾਜ਼ ਆਈ:-

ਵਾਹਿਗੁਰੂ

ਵਾਹਿਗੁਰੂ

ਵਾਹਿਗੁਰੂ

ਵਾਹਿਗੁਰੂ

ਵਾਹਿਗੁਰੂ

ਅੱਗੇ ਹੀ ਇਕ ਰਸ ਦਾ ਸਮਾਂ ਜਾ ਰਿਹਾ ਸੀ, ਹੁਣ ਤਸ-ਲਯਤਾ ਛਾ ਗਈ। ਕੁਛ ਚਿਰ ਚੁਪ ਚਾਂ ਰਹੀ। ਜਦ ਨੈਣ ਖੁੱਲ੍ਹੇ ਤਦ ਕੀਹ ਦੇਖਦੇ ਹਨ ਕਿ ਜਿੰਨੇ ਬੈਠੇ ਸਨ ਓਨੇਂ ਹੀ ਹਨ। ਕੋਈ ਆਇਆ ਸੀ? ਕੌਣ ਸੀ? ਕਿਧਰ ਗਿਆ? ਪਤਾ ਨਹੀਂ ਲੱਗਾ। ਪਰ ਬ੍ਰਿਸਟਰ ਤੇ ਬ੍ਰਿਸਟਰਾਣੀ ਦੇ ਮੂੰਹ ਤੋਂ 'ਧੰਨ! ਧੰਨ!! ਧੰਨ!!!' ਦੀ ਅਵਾਜ਼ ਆ ਰਹੀ ਸੀ। ਉਨ੍ਹਾਂ ਦੇ ਲੂੰ ਲੂੰ ਵਿਚੋਂ ਇਕ ਝਰਨਾਟ ਨਿਕਲੀ, ਕਲੇਜੇ ਵਿਚੋਂ ਇਕ ਦਮਕ ਰਸ ਦੀ ਆਈ, ਸਾਰੇ ਰਸ ਤੇ ਸੁਆਦ ਪੂਰਬ ਪੱਛਮ ਦੇ ਦੇਖੇ ਤੇ ਭੋਗੇ ਭੁੱਲ ਗਏ। ਕਦੇ ਇਹ ਰਸ ਨਹੀਂ ਸੀ ਡਿੱਠਾ। ਇਕ ਤਰ੍ਹਾਂ ਦੀ ਗ਼ਰਕਾਬੀ ਸੀ, ਲੀਨਤਾ ਸੀ, ਪਰ ਹੋਸ਼ ਸੀ। ਇਕ ਤਰ੍ਹਾਂ ਦਾ ਸੁਆਦ ਸੀ, ਪਰ ਅਕਹਿ ਸੀ, ਜਿਸਦਾ ਅਸਰ ਲੂੰ ਲੂੰ ਵਿਚ ਫਿਰ ਗਿਆ ਸੀ। ਆਪਣਾ ਬਦਨ ਨਾਲ ਨਹੀਂ ਸੀ ਜਾਪਦਾ। ਐਉਂ ਦਾ ਹਲਕਾਪਨ ਵਾਪਰਿਆ ਸੀ ਜਿਸ ਤਰ੍ਹਾਂ ਕਿ ਆਪਾ ਤਾਂ ਰਹਿ ਗਿਆ ਹੈ, ਪਰ ਸਰੀਰ ਦਾ ਭਾਰ ਤੇ ਕੋਈ ਨਹੀਂ ਰਿਹਾ। 'ਰਸ' ਆ ਨਹੀਂ ਰਿਹਾ ਸਗੋਂ ਰਸ ਰੂਪ ਹੋਕੇ ਇਕ ਬਿਜਲੀ-ਚਮਕਾਰ ਲੰਘਿਆ ਹੈ ਕਿ ਉਸ ਛਿਨ 'ਰਸ', ਲੈਣ ਤੇ ਰਸ ਆਉਣ ਦਾ ਕੋਈ ਬੋਧ ਨਹੀਂ ਰਿਹਾ। ਹਾਂ ਹੁਣ ਹੋਸ਼ ਪਰਤੀ ਤੇ ਬੋਧ ਵੀ ਆਇਆ ਹੈ ਕਿ ਹਲਕੇ ਫੁੱਲ ਹਾਂ, ਸੁਆਦ ਹੈ ਤੇ ਸ਼ੁਕਰ ਲੂੰ ਲੂੰ ਵਿਚ ਭਰਪੂਰ ਹੈ। ਪਿਆਰ ਹੈ, ਕਿਉਂ? ਕਿਸ ਵਲ? ਪਤਾ ਨਹੀਂ। ਪਿਆਰ ਦਾ ਰਸ ਭਰ ਰਿਹਾ ਹੈ। ਕੁਛ ਬਿਨੈ ਦਾ ਰੁਖ ਬੀ ਹੈ, ਕੁਛ ਅਸਚਰਜ ਤੇ ਸ਼ੁਕਰ ਹੈ, ਕੁਛ ਲੂੰਆਂ ਵਿਚ ਪ੍ਰਤੀਤੀ ਹੈ ਤੇ ਕੁਛ ਅੱਖਾਂ ਵਿਚ ਨਮੀਂ ਹੈ। ਪਹਿਲਾਂ ਜੀਭ ਬੰਦ ਸੀ, ਪਰ ਹੁਣ 'ਧੰਨ ਧੰਨ' ਕਹਿ ਰਹੀ ਹੈ ਤੇ ਹੁਣ ਤਾਂ ਬਾਬੇ ਦੇ ਅੱਗੇ ਢਹਿਕੇ ਬ੍ਰਿਸਟਰ ਦੀ ਆਵਾਜ਼ ਆਈ:-

ਬਾਬਾ ਜੀ!

ਰੱਬ ਹੈ! ਰੱਬ ਹੈ!! ਰੱਬ ਹੈ!!!

ਮੈਂ ਡਿੱਠਾ ਹੈ, ਮੈਂ ਡਿੱਠਾ ਹੈ, ਮੈਂ ਡਿੱਠਾ ਹੈ। ਉਹ ਪਰੱਤਖ ਹੈ। ਸਾਮਰਤੱਖ ਹੈ, ਜ਼ਾਹਰਾ ਜ਼ਹੂਰ ਹੈ, ਹਾਜ਼ਰਾ ਹਜ਼ੂਰ ਹੈ।

ਮੇਰੇ ਅੰਦਰ ਉਹ ਰਸ ਆਇਆ ਹੈ ਕਿ ਉਸ ਰਸ ਦਾ ਰੂਪ ਹੋਕੇ ਮੈਨੂੰ ਸੋਝੀ ਨਹੀਂ ਰਹੀ। ਪਰ ਹਾਂ, ਸੋਝੀ ਰਹੀ ਹੈ ਕਿ ਕਿਸੇ ਰਸ ਦੇ ਸਾਗਰ ਵਿਚ, ਕਿਸੇ ਰਸਾਂ ਦੇ ਰਸ ਮਹਾਂ ਰਸ ਦੇ ਸਮੁੰਦਰ ਵਿਚ ਮੇਰਾ ਗ਼ੋਤਾ ਲਗ ਗਿਆ ਹੈ। ਗ਼ੋਤਾ ਖਾਕੇ ਕੀ ਹੋਇਆ? ਮੇਰੇ ਯਾਦ ਨਹੀਂ, ਪਰ ਮੇਰੇ ਯਾਦ ਹੈ ਕਿ ਮੇਰਾ ਜੀ ਉਥੋਂ ਮੁੜਨ ਤੇ ਨਹੀਂ ਸੀ, ਓਥੇ ਹੀ ਰਹਿਣ ਤੇ ਸੀ। ਹਾਂ ਯਾਦ ਹੈ ਕਿ ਓਥੋਂ ਪਰਤਿਆਂ ਮੈਂ ਕਿਸੇ ਰਸਲੀਨਤਾ ਵਿਚੋਂ ਆਇਆ ਹਾਂ ਤੇ ਹੁਣ ਬੀ ਰਸ ਵਿਚ ਹਾਂ। ਜਿਥੇ ਜਾਕੇ ਆਪੇ ਦੀ ਖਬਰ ਨਹੀਂ ਰਹੀ, ਓਥੋਂ ਮੁੜਨਾ ਜੇ ਮੇਰੇ ਵੱਸ ਹੁੰਦਾ ਤਾਂ ਮੈਂ ਕਦੇ ਨਾ ਮੁੜਦਾ। ਹਾਂ ਹੁਣ ਇਹ ਜਾਪਦਾ ਹੈ ਕਿ ਇਹ ਗ਼ੋਤਾ ਪਰਮਾਨੰਦ ਜੀ ਨਾਲ ਛੁਹ ਸੀ। ਇਹੋ ਵਾਹਿਗੁਰੂ ਪ੍ਰਾਪਤੀ ਸੀ। ਮੈਂ ਕਹਿ ਨਹੀਂ ਸਕਦਾ, ਦੱਸ ਨਹੀਂ ਸਕਦਾ, ਪਰ ਪ੍ਰਤੀਤੀ ਕਰਦਾ ਹਾਂ ਕਿ ਇਹ ਭਗਵੰਤ ਜੀ ਦੇ ਦਰਸ਼ਨ ਸਨ ਯਾ ਮਿਲਾਪ। ਦਰਸ਼ਨ ਮੈਨੂੰ ਯਾਦ ਨਹੀਂ, ਪਰ ਹਾਂ ਉਸ ਆਨੰਦ ਦੀ ਛੁਹ ਤੋਂ ਆਇਆ ਰਸ, ਆ ਰਿਹਾ ਹੈ। ਮੇਰੇ ਲੂੰ ਲੂੰ ਇਸ ਵੇਲੇ ਤਕ ਸਤਾਰ ਦੀ ਤਾਰ ਵਾਂਙੂ ਗੂੰਜ ਰਹੇ ਹਨ, 'ਵਾਹਿਗੁਰੂ ਵਾਹਿਗੁਰੂ'। ਹਾਂ ਵਾਹਿਗੁਰੂ ਦੀ ਸੰਗੀਤ ਲਹਿਰ ਸਾਰੇ ਫਿਰ ਰਹੀ ਹੈ। ਬਾਬਾ ਜੀ ਜੁਗ ਜੁਗ ਜੀਓ, ਜਿਨ੍ਹਾਂ ਮੇਰੇ ਜੇਹੇ ਮੂਰਖ ਨੂੰ ਤਾਰਿਆ ਹੈ। ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ।

ਬ੍ਰਿਸਟਰ ਜੀ ਤਾਂ ਕੂ ਸਹਿ ਰਹੇ ਸਨ, ਪਰ ਬ੍ਰਿਸਟਰਾਣੀ ਇਸੇ ਹਾਲ ਵਿਚ ਚੁੱਪ ਤੇ ਮਗਨ ਸੀ। ਉਸਦਾ ਸੀਸ ਉਸਦੇ ਆਪਣੇ ਗੋਡਿਆਂ ਤੇ ਪਿਆ ਮਾਨੋਂ ਨਮਸਕਾਰ ਵਿਚ ਝੁਕ ਰਿਹਾ ਸੀ ਤੇ ਉਹ ਇਸ ਤਰ੍ਹਾਂ ਇਸ ਸੁਖ ਵਿਚ ਲੀਨ ਸੀ ਕਿ ਹਿੱਲ ਨਹੀਂ ਸੀ ਸਕਦੀ। ਉਹ ਰਸ ਦੀ ਬਹੁਲਤਾ ਨਾਲ

SIKHBOOKCLUB.COM

ਨਿਤਾਣੀ ਜਿਹੀ ਹੋ ਰਹੀ ਸੀ ਤੇ ਹੱਥ ਪੈਰ ਜੀਭ ਹਿੱਲਣਾ ਨਹੀਂ ਸੀ ਚਾਹੁੰਦੇ। ਬਾਬਾ ਜੀ ਆਪ ਆਪਣੇ ਰੰਗ ਵਿਚ ਸਨ। ਸਾਰੇ ਇਸੇ ਤਰ੍ਹਾਂ ਮਗਨ ਟਿਕੇ ਰਹੇ। ਕਿਸੇ ਨੂੰ ਘਰ ਬਾਰ ਖੇਤੀਆਂ ਯਾਦ ਨਹੀਂ ਸੀ, ਕਿਸੇ ਨੂੰ ਸੰਸਾਰ ਦਾ ਖਿਆਲ ਨਹੀਂ ਰਿਹਾ। ਠੀਕ ਹੈ ਜਦੋਂ ਨਾਮ ਯਾਦ ਆਇਆ, ਸੁਰਤ ਜੁੜੀ, ਰੱਬ ਨੇ ਫੇਰਾ ਪਾਇਆ, ਤਦੋਂ ਸਾਰਾ ਸੰਸਾਰ ਮਿਥਿਆ, ਤਿੰਨ ਕਾਲ ਮਿਥਿਆ। ਐਉਂ ਹੈ ਜਗਤ ਅਸੱਤਿ ਤੇ ਮਿਥਿਆ। ਪਰ ਜਦੋਂ ਭੁੱਲ ਗਿਆ ਵਾਹਿਗੁਰੂ ਫੇਰ ਜਗਤ ਸੱਤਿ ਤੇ ਸੱਚ ਭਾਸਦਾ ਹੈ। ਫੇਰ ਭੁੱਲੇ ਹੋਏ ਲੋਕ ਰੱਬ ਤੇ ਪਰਮਾਰਥ ਨੂੰ ਮਿਥਿਆ ਤੇ ਭਰਮ ਆਖਦੇ ਹਨ।

ਟਿਕੇ ਰਸ ਵਿਚ ਬਾਬੇ ਨੇ ਬ੍ਰਿਸਟਰ ਦੀ ਗਲ ਸੁਣੀ ਸੀ। ਸਹਿਜੇ ਬੋਲਿਆ: ਭਾਈ! ਮਿਹਰ ਹੈ। ਜਦੋਂ ਜੀਵ ਦਾ ਆਪਾ ਦ੍ਰਿਸ਼ਟਮਾਨ ਤੋਂ ਉਚਾ ਹੋਕੇ ਅਨੰਦ ਦੀ ਛੁਹ ਲੈਂਦਾ ਹੈ ਤਾਂ ਮਨ ਨਾਲ ਨਹੀਂ ਜਾਂਦਾ। ਮਨ ਦੀ ਕਲਾ ਮਾਨੋਂ ਉਸ ਛਿਨ ਖੜੋ ਜਾਂਦੀ ਹੈ। ਜਦੋਂ ਆਪਾ ਮਨ ਦੇ ਦੇਸ ਫੇਰ ਆਉਂਦਾ ਹੈ ਤਾਂ ਇਸ ਨੂੰ ਰਸਮਯ ਕਰ ਦੇਂਦਾ ਹੈ ਪਰ ਮਨ ਦੱਸ ਕੁਛ ਨਹੀਂ ਸਕਦਾ।

ਬਹੁਤ ਸਾਰੇ ਚਿਰ ਦੇ ਬਾਦ ਸਭ ਨੇ ਘਰਾਂ ਦੀ ਸੋਝੀ ਕੀਤੀ। ਬਾਬਾ ਜੀ ਨੇ ਕਿਹਾ: 'ਚਲੋ ਚੱਲੀਏ। ਬ੍ਰਿਸਟਰ ਜੀ! ਉੱਠੋ ਤੁਹਾਡੇ ਉੱਤੇ ਸਾਈਂ ਦੀ ਮੇਹਰ ਹੋ ਗਈ ਹੈ। ਸਵੇਰੇ ਉੱਠਿਆ ਕਰੋ, ਉੱਠਕੇ ਵਾਹਿਗੁਰੂ ਜੀ ਦੀ ਸਿਫਤ ਸਲਾਹ ਕੀਤਾ ਕਰੋ। ਜਿਸ ਦੇ ਗੁਣ ਗਾਵੀਏ ਉਸਦਾ ਪਿਆਰ ਮੌਲਦਾ ਹੈ। ਉਹ ਗੁਣਾਂ ਦਾ ਸਮੁੰਦਰ ਹੈ, ਉਸਦੇ ਗੁਣ ਗਾਇਆ ਕਰੋ। ਸਿਫਤ ਸਲਾਹ ਕਰਿਆ ਕਰੋ।

'ਜਿਸ ਨੋ ਬਖਸੇ ਸਿਫਤਿ ਸਾਲਾਹ॥
ਨਾਨਕ ਪਾਤਿਸਾਹੀ ਪਾਤਿਸਾਹੁ॥'

ਸਿਫਤ ਸਲਾਹ ਉਹਨਾਂ ਦੀ ਬਾਣੀ ਵਿਚ ਕਰਿਆ ਕਰੋ, ਜੋ ਵਾਹਿਗੁਰੂ ਨਾਲ ਮਿਲੇ ਪਏ ਸਨ, ਜੋ ਉਸਦਾ ਦਰਸ਼ਨ ਕਰਕੇ ਸਿਫਤਾਂ ਗਾਇਆ ਕਰਦੇ ਸਨ, ਜਿਸ ਤਰ੍ਹਾਂ ਤੁਸਾਂ ਅੱਜ ਰੱਬੀ ਰੌ ਵਿਚ ਸੁਰਤ ਪਾਕੇ 'ਧੰਨ ਧੰਨ' ਦੇ ਅੱਖਰ ਗਾਵੇਂ ਹਨ, ਉਹਨਾਂ ਮਹਾਂ ਜਜੋਤੀਆਂ ਨੇ ਬਾਣੀਆਂ ਸਿਰ ਬਾਣੀ ਗੁਰ-ਬਾਣੀ ਗਾਵੀਂ ਹੈ। ਉਹ ਬਾਣੀ ਗਾਂਵਿਆਂ ਕਰੋ ਧਿਆਨ ਨਾਲ, ਤਾਂ ਜੋ ਮਨ ਉਸ ਦੀ ਸਿਫਤ ਸਲਾਹ ਵਿਚ ਲੱਗੇ ਜਿਸਦਾ ਅੱਜ ਝਲਕਾ ਪਾਇਆ ਨੇ, ਅਰਥਾਤ ਗੁਰੂ ਦੀ ਪੱਕੀ ਬਾਣੀ ਵਿਚ ਸਿਫਤਾਂ ਕਰਿਆ ਕਰੋ। ਗੁਰਬਾਣੀ ਪੜ੍ਹਿਆ ਤੇ ਵਿਚਾਰਿਆ ਬੀ ਕਰੋ। ਫਿਰ ਉਸਦਾ ਨਾਮ ਲੈਕੇ ਉਸਨੂੰ ਯਾਦ ਰੱਖਿਆ ਕਰੋ। ਉਠਦੇ ਬੈਠਦੇ ਟੁਰਦੇ ਫਿਰਦੇ ਕੰਮ ਕਾਜ ਤੋਂ ਜਦ ਰਤਾ ਵਿਹਲ ਲੱਗੇ ਆਪਣੇ ਮਾਲਕ ਨੂੰ ਉਸਦੇ ਗੁਣਾਂ ਨਾਲ ਆਪਣਾ ਪਿਆਰਾ ਜਾਣਕੇ ਯਾਦ ਰੱਖਿਆ ਕਰੋ ਕਿ ਉਹ ਅੰਗ ਸੰਗ ਹੈ ਤੇ ਪਿਆਰ ਕਰਦਾ ਹੈ। ਇਸ ਤਰ੍ਹਾਂ ਤੁਸੀਂ ਜੁੜੋਗੇ, ਨਿਰਮਲ ਹੋਵੋਗੇ ਤੇ ਹਜ਼ੂਰੀ ਵਿਚ ਵਾਸਾ ਪਾਓਗੇ।

ਬ੍ਰਿਸਟਰ (ਕੋਮਲਤਾ ਵਿਚ)— ਬਾਬਾ ਜੀ ਆਪ ਕੌਣ ਸਨ, ਕਿਵੇਂ ਆਏ, ਕਿਵੇਂ ਮਿਹਰ ਦਾ ਮੀਂਹ ਵਸਾਕੇ ਟੁਰ ਗਏ।

ਬਾਬਾ— ਇਕ ਅਤਿ ਉੱਚ ਕੋਟੀ ਦੇ ਆਪ ਗੁਰਮੁਖ ਹਨ। ਜਿਨ੍ਹਾਂ ਦੀ ਕਿ ਇਕ ਵਾਹਿਗੁਰੂ ਜੀ ਨਾਲ ਅਭੇਦਤਾ ਹੈ। ਧਰਮ ਦੇ ਬੱਦਲਾਂ ਦੀ ਛਾਂ ਆਪ ਉਤੇ ਸਦਾ ਰਹਿੰਦੀ ਹੈ, ਕਿਸੇ ਉੱਤੇ ਤ੍ਰੁੱਠਦੇ ਹਨ ਤਾਂ ਬਿਜਲੀ ਵਾਂਙ ਲਿਸ਼ਕਾਰਾ ਮਾਰਕੇ ਨਾਮ ਦਾ ਦਾਨ ਦੇ ਜਾਂਦੇ ਹਨ, ਮੁਏ ਜਿਵਾ ਜਾਂਦੇ ਹਨ, ਭੁੱਲੇ ਭਟਕੇ ਰਾਹੇ ਪਾ ਜਾਂਦੇ ਹਨ। ਰੋਜ਼ ਅਰਦਾਸੇ ਵਿਚ ਅਸੀਂ ਗੁਰਮੁਖ ਦਾ ਮੇਲ ਮੰਗਦੇ ਹਾਂ। 'ਜਨ ਕੈ ਸੰਗਿ ਚਿਤਿ ਆਵੈ ਨਾਉਂ'। ਏਹ ਆਪਾ ਨਹੀਂ ਜਣਾਉਂਦੇ ਪਰ ਮਿਹਰਾਂ ਨਾਲ ਘਾਲਾਂ ਕਰ ਰਿਹਾਂ ਨੂੰ ਆ ਮਦਦਾਂ ਦੇਂਦੇ ਹਨ ਤੇ ਨਵਿਆਂ ਨੂੰ ਲਾ ਜਾਂਦੇ ਹਨ। ਇਨ੍ਹਾਂ ਦਾ ਆਉਣਾ ਜਾਣਾ ਕਈ ਵੇਰ ਇਸ ਤਰ੍ਹਾਂ ਝਲਕੇ ਮਾਤ੍ਰ ਹੁੰਦਾ ਹੈ। ਪਰ ਇਨ੍ਹਾਂ ਦੀ ਮਿਹਰ ਦਾ ਅਸਰ ਡਾਢਾ ਹੁੰਦਾ ਹੈ। ਸਾਡਾ ਸਤਿਸੰਗ ਇਨ੍ਹਾਂ ਦੀ ਮਿਹਰ ਦਾ ਇਕ ਫਲ ਹੈ। ਇਨ੍ਹਾਂ ਨੇ ਅਨੇਕਾਂ ਨੂੰ ਤਾਰਿਆ ਹੈ। ਤੁਸੀਂ ਸਤਿਸੰਗ ਨਾਲ ਪਿਆਰ ਰੱਖਣਾ, ਨਾਮ ਜਪਣ ਵਾਲੇ ਸੰਗ ਦਾ ਸੰਗ ਪਿਆਰਾ ਰੱਖਣਾ। ਕਿਸੇ ਦਾ ਬੁਰਾ ਨਹੀਂ ਕਰਨਾ। ਫੇਰ ਗੁਰੂ ਕਰੇਗਾ ਦਰਸ਼ਨ ਪ੍ਰਸਨ ਹੁੰਦੇ ਰਹਿਣਗੇ। ਸਤਿਸੰਗ ਦੇ ਪ੍ਰਤਾਪ ਤੁਸੀਂ ਵਧ ਤੋਂ ਵਧ ਵਿਦਿਆ ਪਾਉਂਦੇ ਰਹੋਗੇ।

SIKHBOOKCLUB.COM

ਇਸ ਪ੍ਰਕਾਰ ਬਚਨ ਬਿਲਾਸ ਕਰਕੇ ਜਦੋਂ ਘਰ ਨੂੰ ਟੁਰਨ ਲਗੇ ਤਾਂ ਸੁਭਾਗ ਜੀ ਬੇਹੋਸ਼ ਪਾਏ। ਜਲ ਆਂਦਾ, ਛੱਟੇ ਮਾਰੇ, ਮਾਈ ਨੇ ਮੁੱਠੀਆਂ ਭਰੀਆਂ, ਤਲੀਆਂ ਝਸੀਆਂ, ਸਿਰ ਹਿਲਾਇਆ ਹੋਸ਼ ਆਈ। 'ਹਾਇ, ਕਿਉਂ ਜਗਾਇਆ ਨੇਂ ਅਵਾਜ਼ ਆਈ। ਇਸ ਵੇਲੇ ਅੱਗੇ ਹੋ ਕੇ ਬਾਬਾ ਜੀ ਨੇ ਸਿਰ ਤੇ ਪਿਆਰ ਦਿੱਤਾ 'ਬੱਚਾ ਸ਼ੁਕਰ ਕਰੋ, ਧੰਨ ਵਾਹਿਗੁਰੂ ਹੈ ਕਿ ਸਾਡੇ ਵਰਗਿਆਂ ਨੂੰ ਆਪਣੇ ਅਨੰਦ ਦੇ ਝਾਕੇ ਬਖਸ਼ਦਾ ਹੈ। ਪੁੱਤ ਜੀਓ, ਬੇਟਾ ਜੀਓ, ਉੱਠੋ ਸੁਰਤ ਵਿਚ ਉੱਠੋ ਜੀ!"

ਸੁਭਾਗਾ— ਚਲੇ ਗਏ ਹਨ? ਹੈਂ? ਜੀਓ ਪਿਤਾ ਜੀਓ, ਪਿਆਰੇ ਪਿਤਾ ਜੀਓ! ਚਲੇ ਗਏ ਹਨ? ਗੁਰ ਨਾਨਕ ਦੇਵ ਜੀ ਦੇ ਪਿਆਰ ਰੱਤੇ ਤੇ ਨਾਮ ਮੱਤੇ ਚਲੇ ਗਏ ਹਨ? ਦਾਤੇ, ਦਾਤੇ...।

ਬਾਬਾ— ਬੇਟਾ ਜੀਓ! ਸ਼ੁਕਰ ਕਰੋ। ਸ਼ੁਕਰ ਵਿਚ ਉੱਠੋ, ਆਖੋ: ਹੇ ਅਕਾਲ ਪੁਰਖ! ਤੂੰ ਧੰਨ ਹੈਂ ਜੋ ਅਸਾਂ ਤੇ ਮਿਹਰਾਂ ਕਰਨਾ ਹੈਂ, ਮਿਹਰਾਂ ਭੇਜਨਾ ਹੈਂ ਤੇ ਸਾਨੂੰ ਗਲਤ ਘੋਰ ਅੰਧ ਤੋਂ ਨਦਰਿ ਨਿਹਾਰਕੇ ਕੱਢਦਾ ਹੈਂ।

ਫੇਰ ਸਾਰਿਆਂ ਨੇ ਮਹਾਰਾਜ ਦੇ ਚਰਨਾਂ ਵੱਲ ਮਨ ਲਾ ਕੇ:-

ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ॥
ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ
ਪਇਓਈ॥ ਤਰਸੁ ਪਇਆ ਮਿਹਰਾਮਤਿ ਹੋਈ
ਸਤਿਗੁਰੁ ਸਜਣੁ ਮਿਲਿਆ॥ ਨਾਨਕ ਨਾਮੁ
ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ॥੧॥

ਦਾ ਸਲੋਕ ਬੜੇ ਪਿਆਰ ਨਾਲ ਗਾਵਿਆਂ। ਘਰ ਨੂੰ ਟੁਰ ਪਏ, ਬੜੀ ਸਹਿਜੇ ਸਹਿਜੇ ਸ਼ੁਕਰ ਵਿਚ ਭਰੇ ਹੋਏ।

SIKHBOOKCLUB.COM

[ਇਤਿ ਭਾਗ ਪਹਿਲਾ]

# ਸੁਭਾਗ ਜੀ ਦਾ ਸੁਧਾਰ

## ਹੱਥੀਂ

# ਬਾਬਾ ਨੌਧ ਸਿੰਘ ਜੀ

[ਦੂਜਾ ਭਾਗ]

੧.

ਫਕੜ ਜਾਤੀ ਫਕੜੁ ਨਾਉ॥
ਸਭਨਾ ਜੀਆ ਇਕਾ ਛਾਉ॥
ਆਪਹੁ ਜੇ ਕੋ ਭਲਾ ਕਹਾਏ॥
ਨਾਨਕ ਤਾ ਪਰੁ ਜਾਪੈ ਜਾ ਪਤਿ ਲੇਖੈ ਪਾਇ॥

ਬ੍ਰਿਸਟਰ ਤੇ ਬ੍ਰਿਸਟਰਾਣੀ ਟੁਰ ਚੁਕੇ ਹਨ, ਪਿੰਡ ਤੋਂ ਵਿਦਾ ਹੋਇਆਂ ਨੂੰ ਚਿਰ ਬੀਤ ਗਿਆ ਹੈ। ਮੋਟਰ ਦੇ ਮੁਕੱਦਮੇ ਹੋ ਚੁਕੇ ਤੇ ਓਹ ਬਰੀ ਹੋ ਚੁਕੇ ਹਨ, ਪਰ ਬ੍ਰਿਸਟਰ ਹੁਣ ਪੱਥਰ ਚਿਤ ਨਹੀਂ ਸੀ। ਉਸ ਨੇ ਨੱਥੂ, ਖੈਰੇ ਤੇ ਹੋਰ, ਜਿਸ ਜਿਸ ਦਾ ਨੁਕਸਾਨ ਉਸ ਦੇ ਹਥੋਂ ਹੋਇਆ ਸੀ, ਸਭ ਨੂੰ ਮਾਇਆ ਦੇ ਕੇ ਖੁਸ਼ ਕੀਤਾ ਹੈ ਤੇ ਆਕੜ ਛੋੜਕੇ ਮਾਫ਼ੀ ਲਈ ਹੈ।

ਪਿੰਡ ਵਾਲਿਆਂ ਦੇ ਦਿਨ ਸੁਹਣੇ ਬੀਤ ਰਹੇ ਹਨ। ਅੰਮ੍ਰਿਤ ਵੇਲੇ ਲੱਸੀਆਂ ਦੇ ਰੇੜਕੇ ਦੀ ਆਵਾਜ਼ ਨਾਲ ਬਾਣੀ ਦੀ ਧੁਨਿ ਕੰਨੀਂ ਪੈਂਦੀ ਹੈ ਕਿਤੋਂ ਚੱਕੀ ਦੀ ਆਵਾਜ਼ ਆਉਂਦੀ ਹੈ ਤੇ ਨਾਲੇ ਬਾਣੀ ਦੀ ਸੱਦ ਗੂੰਜਦੀ ਹੈ। ਧਰਮਸਾਲਾ ਜਾਓ ਤਾਂ ਪਿੰਡ ਦੇ ਵਾਸੀ ਆਪੇ ਹੀ ਵਾਰ ਲਾਉਂਦੇ ਬੈਠੇ ਹਨ ਤੇ ਐਉਂ ਜਾਪਦਾ ਹੈ ਕਿ ਸਾਰੇ ਤੀਮੀਂ ਮਰਦ ਏਥੇ ਜੁੜੇ ਬੈਠੇ ਹਨ। ਇਕ ਦਿਨ ਜਦੋਂ ਭੋਗ ਪੈ ਗਿਆ, ਅਰਦਾਸਾ ਹੋ ਗਿਆ ਇਕ ਸਿਖ ਨੇ ਉਠ ਕੇ ਆਖਿਆ, ਬਈ ਸਾਡੇ ਪਿੰਡ ਇਕ ਉਪੱਦਰ ਹੋਣ ਲਗਾ ਹੈ, ਹੁਣੇ ਕੋਈ ਬਾਨਣੂੰ ਬੰਨ੍ਹੋ। ਸਾਰਿਆਂ ਨੇ ਅਚਰਜ ਹੋਕੇ ਤੱਕਿਆ, ਤਦੋਂ ਇਕ ਹੋਰ ਜਣੇ ਨੇ ਪੁੱਛਿਆ, ਸੁਣਾ ਬਈ! ਉਪੱਦਰ ਕਾਹਦਾ? ਸਾਡਾ ਪਿੰਡ ਤਾਂ ਗੁਰੂ ਕਿਆਂ ਦੇ ਪਿਆਰ ਦਾ ਪਿੰਡ ਹੈ। ਉਸਨੇ ਦੱਸਿਆ ਕਿ ਪਿੰਡ ਦੇ ਚੂੜ੍ਹਿਆਂ ਨੇ ਰਲਕੇ ਰੁਪਏ ਕੱਠੇ ਕੀਤੇ ਹਨ ਤੇ ਇਕ ਵੱਡਾ ਸਾਰਾ ਕੱਚਾ ਕੋਠਾ ਪਾਇਆ ਨੇ ਪਿੰਡੋਂ ਬਾਹਰ। ਓਥੇ ਗੁਰੂ ਗ੍ਰੰਥ ਸਾਹਿਬ ਜੀ ਲੈ ਆਏ ਹਨ ਤੇ ਆਖਦੇ ਹਨ ਅਸੀਂ ਪਾਠ ਕਰਿਆ ਕਰਾਂਗੇ ਤੇ ਏਥੇ ਆਪਣੇ ਬਾਲਕਾਂ ਨੂੰ ਗੁਰਮੁਖੀ ਪੜ੍ਹਾਇਆ ਕਰਾਂਗੇ।

ਇਹ ਸੁਣ ਕੇ ਬਾਬਾ ਨੌਧ ਸਿੰਘ ਬੋਲਿਆ— ਵੀਰ! ਇਸ ਗਲ ਨੂੰ ਉਪੱਦਰ ਆਖਨਾ ਹੈਂ? ਜ਼ਰਾ ਗੁਰੂ ਬਾਬੇ ਨੂੰ ਪੜ੍ਹਕੇ ਤਾਂ ਦੇਖੋ ਓਹ ਆਪ ਕੀ ਆਖਦੇ ਹਨ:-

ਊਆ ਤੇ ਊਤਮ ਗਨਉ ਚੰਡਾਲਾ॥
ਨਾਨਕ ਜਿਹ ਮਨਿ ਬਸਹਿ ਗੁਪਾਲਾ॥

ਜੇ ਚੰਡਾਲ ਨੂੰ ਵਾਹਿਗੁਰੂ ਯਾਦ ਰੱਖਣ ਦੀ ਆਗਿਆ ਨਹੀਂ ਤਾਂ ਉਸਨੂੰ ਉੱਤਮ ਕਿਉਂ ਆਖਦੇ ਹਨ? ਫੇਰ ਸਤਿਗੁਰ ਜੀ:-

ਫਕੜ ਜਾਤੀ ਫਕੜੁ ਨਾਉ॥
ਸਭਨਾ ਜੀਆ ਇਕਾ ਛਾਉ॥

ਕਿਉਂ ਆਖਦੇ ਹਨ? ਤੁਸੀਂ ਖੁਸ਼ ਹੋਵੋ ਕਿ ਤੁਹਾਡੇ ਚਾਨਣੇ ਨੇ ਉਨ੍ਹਾਂ ਗਰੀਬਾਂ ਦੇ ਘਰੀਂ ਵੀ ਰਾਹ ਕਰ ਲਿਆ ਹੈ। ਗੁਰੂ ਨਾਨਕ ਦਾ ਨਿਵਾਸ ਨੀਚਾਂ ਦੇ ਘਰ ਬੀ ਹੋਣ ਲੱਗਾ ਹੈ ਜੋ ਨਾਮ ਜਪ ਨਾਲ ਉਚ ਹੋ ਜਾਣਗੇ। ਗੁਰੂ ਨਾਨਕ ਦੇਵ ਜੀ ਆਪ ਆਖਦੇ ਹਨ:-

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥

ਜੇ ਨੀਚ ਉਸ ਰਾਹੇ ਪੈ ਜਾਣ, ਜਿਸ ਨਾਲ ਨਦਰ ਤੇ ਬਖਸੀਸ਼ ਵਾਲੇ ਹੋ ਜਾਣ ਤਾਂ ਓਹ ਉਚ ਹੋ ਗਏ।


www.sikhbookclub.com

ਮੇਰੀ ਜਾਚੇ ਤਾਂ ਸਾਰੇ ਸੱਜਣ ਉਹਨਾਂ ਨੂੰ ਜੇ ਰੁਪੱਜਾਂ ਦੀ ਥੁੜ ਹੋਵੇ ਤਾਂ ਵੇਲ ਪਾਈਏ ਤੇ ਕਾਰਜ ਸਿਰੇ ਚਾੜ੍ਹ ਦੇਈਏ ਅਤੇ ਕੋਈ ਗੱਭਰੂ ਉਨ੍ਹਾਂ ਨੂੰ ਗੁਰਮੁਖੀ ਪੜ੍ਹਾਇਆ ਕਰੇ। ਇਕ ਗੱਭਰੂ ਨੇ ਕਿਹਾ "ਬਾਬਾ ਐਦਾਂ ਤਾਂ ਕੰਮ ਖਰਾਬ ਹੈ।"

ਹੁਣ ਧੁੱਪ ਨਿਕਲ ਆਈ ਸੀ, ਦਲਾਨ ਤੋਂ ਉੱਠ ਕੇ ਸਾਰੇ ਬਾਹਰ ਵਿਹੜੇ ਵਿਚ ਆ ਗਏ ਸਨ। ਉੱਤੋਂ ਰਾਂਝਾ ਵੀ ਆ ਗਿਆ, ਉਸਨੇ ਬੀ ਏਹੋ ਗੱਲ ਸੁਣਾਈ ਤੇ ਆਖਿਆ:- ਬਾਬਾ! ਜੇ ਕੰਮੀਂ ਵੀ ਪੜ੍ਹ ਗਏ ਤਾਂ ਬਰੱਬਰੀਆਂ ਕਰਨਗੇ। ਸਾਡੇ ਨਾਲ ਵਾਢੀਆਂ ਲਾਵੀਆਂ ਕੌਣ ਕਰਿਆ ਕਰੂ? ਇਹ ਸੁਣਕੇ ਬਾਬੇ ਨੇ ਰੰਗ ਪਲਟਿਆ ਤੇ ਹੱਸਕੇ ਆਖਣ ਲਗਾ:-

ਵੀਰੋ! ਇਕ ਜੰਗਲ ਵਿਚ ਇਕ ਸਾਧੂ ਰਹਿੰਦਾ ਸੀ। ਉਸ ਨੇ ਇਕ ਦਿਨ ਡਿੱਠਾ ਕਿ ਇਕ ਰੁੱਖਾਂ ਦੀ ਝੁੰਗੀ ਹੇਠਾਂ ਕੋਈ ਮੁਸਾਫਰ ਰਾਤ ਕੱਟ ਗਏ ਹਨ ਤੇ ਪਾਲਾ ਬਹੁਤ ਹੋਣ ਕਰਕੇ ਰਾਤ ਅੱਗ ਬਾਲ ਕੇ ਸੇਕਦੇ ਰਹੇ ਹਨ। ਸਵੇਰੇ ਜਦ ਉਹ ਟੁਰ ਗਏ ਤਾਂ ਬਨ ਦੇ ਬਾਂਦਰ ਉਸ ਅੱਗ ਦੇ ਉਦਾਲੇ ਆ ਬੈਠੇ ਤੇ ਸੇਕ ਸੇਕ ਕੇ ਨਿੱਘੇ ਹੁੰਦੇ ਰਹੇ। ਹੌਲੇ ਹੌਲੇ ਅੱਗ ਸੌਂਦੀ ਗਈ ਤੇ ਸਾਰੀ ਹਿੱਸ ਬੁਝ ਗਈ। ਬਾਂਦਰ ਹੋਰ ਨੇੜੇ ਹੋਕੇ ਬੈਠ ਰਹੇ। ਅੱਗ ਦਾ ਸੇਕ ਤਾਂ ਹੁਣ ਨਹੀਂ ਸੀ ਰਿਹਾ, ਪਰ ਉਨ੍ਹਾਂ ਨੂੰ ਆਪਣੀ ਸਾਰਿਆਂ ਦੀ ਨਿੱਘ ਦੀ ਹੁੱਫ ਰਹੀ। ਕੋਲ ਵਾਰ ਮੁਸਾਫਰਾਂ ਦੀਆਂ ਕੱਠੀਆਂ ਕੀਤੀਆਂ ਲੱਕੜਾਂ ਪਈਆਂ ਸਨ ਪਰ ਬਾਂਦਰਾਂ ਨੂੰ ਇਹ ਅਕਲ ਨਾਂ ਫੁਰੀ ਕਿ ਉਹ ਲੱਕੜੀਆਂ ਅੱਗ ਵਿਚ ਪਾ ਕੇ ਅੱਗ ਬਾਲੀ ਰੱਖਣ। ਇਹ ਗਲ ਦੇਖਕੇ ਸਾਧੂ ਨੂੰ ਬੜਾ ਤਰਸ ਆਇਆ ਕਿ ਇਹ ਰੱਬ ਦੇ ਜੀ ਜੋ ਆਦਮੀ ਵਰਗੇ ਹੀ ਹਨ ਏਨੀਂ ਅਕਲ ਖੁਣੋਂ ਕਿ ਅੱਗ ਕੀਕੁਣ ਬਾਲਣੀ ਹੈ, ਕੇਡਾ ਦੁਖ ਪਾ ਰਹੇ ਹਨ? ਹਰ ਸਾਲ ਪਾਲੇ ਨਾਲ ਕਿੰਨੇ ਹੀ ਮਰਦੇ ਹਨ। ਮੈਂ ਰੱਬ ਤਰਸੀ ਕਰਾਂ, ਇਨ੍ਹਾਂ ਨੂੰ ਅੱਗ ਬਾਲਣੀ ਸਿਖਾ ਦਿਆਂ। ਸੋ ਉਸ ਨੇ ਆਪਣੀ ਕੁਟੀ ਦੇ ਬਾਂਦਰ ਨੂੰ, ਜੋ ਬਹੁਤ ਗਿੱਝਾ ਹੋਇਆ ਸੀ, ਅੱਗ ਬਾਲਣੀ ਸਿਖਾਉਣੀ ਸ਼ੁਰੂ ਕੀਤੀ, ਕਦੀ ਪਿਆਰ ਕਰਕੇ, ਕਦੇ ਮਾਰ ਕੇ। ਉਸਨੇ ਉਸਨੂੰ ਅੱਗ ਦੀ ਅੰਗਿਆਰੀ ਕਿਸੇ ਪੱਥਰ ਤੇ ਚੁੱਕ ਕੇ ਕਿਤੇ ਲੈ ਜਾਣੀ ਯਾ ਚੁਆਤੀ ਫੜ ਲੈਣੀ ਤੇ ਉਤੇ ਲੱਕੜਾਂ ਧਰ ਦੇਣ ਦਾ ਵੱਲ ਸਿਖਾਇਆ। ਜੀਕੂੰ ਤੋਤਾ ਪੜ੍ਹ ਜਾਂਦਾ ਹੈ ਪਰ ਨਹੀਂ ਸਮਝਦਾ ਕਿ ਮੈਂ ਕੀ ਪਿਆ ਬੋਲਦਾ ਹਾਂ? ਤਿਵੇਂ ਬਾਂਦਰ ਇੰਨੀ ਕ੍ਰਿਆ ਸਿੱਖ ਗਿਆ ਕਿ ਜਿਥੇ ਅੱਗ ਹੋਵੇ ਚੁਕ ਲਿਆਇਆ ਕਰੇ ਤੇ ਧਰਕੇ ਲੱਕੜਾਂ ਲਾ ਦਿਆ ਕਰੇ, ਪਰ ਇਹ ਨਾ ਸਮਝੇ ਕਿ ਮੈਂ ਇਹ ਕਿਉਂ ਕਰਦਾ ਹਾਂ। ਜਦ ਸਾਧੂ ਨੇ ਡਿੱਠਾ ਕਿ ਉਸ ਦੀ ਮਿਹਨਤ ਥਾਂ ਪਈ ਹੈ ਤਾਂ ਬਾਂਦਰ ਨੂੰ ਦੂਰ ਛੱਡ ਆਇਆ ਕਿ ਇਹ ਆਪਣੇ ਭਰਾਵਾਂ ਨੂੰ ਬੀ ਇਹ ਜਾਚ ਸਿਖਾ ਦੇਵੇ। ਜਾਚ ਤਾਂ ਉਸਨੇ ਕੀ ਸਿਖਾਉ ਸੀ, ਪਰ ਜਿਥੇ ਉਹ ਅੱਗ ਬਲਦੀ ਦੇਖੇ ਦਾਉ ਲਾਕੇ ਕੋਈ ਚੁਆਤੀ ਖਿਸਕਾ ਲਿਆ ਕਰੇ ਤੇ ਕਿਤੇ ਰੱਖਕੇ ਉੱਤੇ ਲੱਕੜਾਂ ਯਾ ਕੱਖ ਪਾ ਦਿਆ ਕਰੇ। ਪਹਿਲੇ ਤਾਂ ਬਨ ਦੇ ਬਾਂਦਰ ਇਹ ਅਲਾਂਬਾ ਦੇਖਕੇ ਡਰ ਜਾਇਆ ਕਰਨ, ਪਰ ਫੇਰ ਸਿਆਲੇ ਅੱਗ ਦੇ ਨੇੜੇ ਆ ਬੈਠਿਆ ਕਰਨ। ਫੇਰ ਹੌਲੇ ਹੌਲੇ ਬਹੁਤਿਆਂ ਨੂੰ ਵਾਦੀ ਹੀ ਪੈ ਗਈ। ਫਲ ਇਹ ਹੋਇਆ ਕਿ ਇਕ ਦਿਨ ਕਿਸੇ ਬਾਂਦਰ ਨੇ ਇਕ ਸੁੱਕੇ ਰੁੱਖ ਦੇ ਹੇਠਾਂ ਅੱਗ ਲਾ ਦਿੱਤੀ, ਉਹ ਅੱਗ ਉਸ ਬ੍ਰਿੱਛ ਨੂੰ ਲੱਗਕੇ ਵਧ ਤੁਰੀ ਤੇ ਸਹਿਜੇ ਸਹਿਜੇ ਸਾਰੇ ਫੈਲ ਪਈ, ਇੰਨੀ ਫੈਲੀ ਕਿ ਬਨ ਹੀ ਬਲ ਉੱਠਿਆ। ਰੁੱਤ ਸੀ ਸ਼ੁਰੂ ਹੁਨਾਲ ਚੇਤ ਵਿਸਾਖ ਦੀ। ਸੁੱਕੇ ਪੱਤ੍ਰਾਂ ਦੇ ਬਨ ਵਿਚ ਕੁਸਕ ਲੱਗੇ ਪਏ ਸਨ ਤੇ ਅਨੇਕਾਂ ਰੁੱਖ ਵਿਚ ਵਿਚ ਸੁੱਕੇ ਪਏ ਸਨ। ਅੱਗ ਵਧਦੀ ਗਈ*। ਅਜੇ ਅੱਗ ਬਹੁਤ ਦੂਰ ਸੀ ਕਿ ਸਾਧੂ ਜੀ ਨੂੰ ਬਨ ਦੀ ਅੱਗ ਦਾ ਬਹੁ ਪੈ ਗਿਆ। ਇਹ ਸਮਝ ਕੇ ਕਿ ਅੱਗ ਨੇ ਏਥੇ ਵੀ ਆ ਜਾਣਾ ਹੈ ਸਾਧੂ ਜੀ ਘਬਰਾਏ। ਹੁਣ ਕਾਹਲੀ ਨਾਲ ਸਾਥੀਆਂ ਨੂੰ ਨਾਲ ਲੈਕੇ ਪਿਛਲ਼ੇ ਰੁਖ ਵਾਹੋ ਦਾਹੀ ਨੱਸੇ, ਬਨ ਤੋਂ ਪਾਰ ਹੋਕੇ ਦਮ ਲਿਆ ਤੇ ਇਕ ਗੁਰਦੁਆਰੇ ਜਾ ਕੇ ਡੇਰਾ ਕੀਤਾ। ਆਪ ਨੇ ਜਦ ਆਪਣੀ ਸਾਰੀ ਵਿੱਥਜਾ ਭਾਈ ਜੀ ਨੂੰ ਸੁਣਾਈ ਤਾਂ ਉਹ ਹੱਸ ਪਏ, ਆਖਣ ਲੱਗੇ : ਸੰਤ ਜੀ! ਇਹ ਆਪ ਦੇ ਉਪਕਾਰ ਦਾ ਫਲ ਹੈ। ਅੱਗ ਬਾਲਣ ਦੀ ਵਿੱਦਜਾ ਜੋ ਆਪ ਨੇ ਬਾਂਦਰ ਨੂੰ ਪੜ੍ਹਾਈ, ਉਸਨੇ

* ਇਕ ਵੇਰੀ ਜੇ ਬਨ ਵਿਚ ਅੱਗ ਲਗ ਜਾਵੇ ਤਾਂ ਸੇਕ ਨਾਲ ਹਰੇ ਬ੍ਰਿਛ ਸੁਕਦੇ ਤਪਦੇ ਤੇ ਅੱਗ ਪਕੜੀ ਜਾਂਦੇ ਹਨ।

SIKHBOOKCLUB.COM

ਨਾ ਆਪਣੇ ਸੁਖ ਲਈ ਵਰਤੀ ਨਾ ਉਸਨੇ ਆਪਣੀ ਜਾਤ ਬਰਾਦਰੀ ਦੇ ਸੁਖ ਵਾਸਤੇ ਵਰਤੀ। ਉਸਨੂੰ ਇਕ ਚੰਚਲਤਾਈ ਦਾ ਤਮਾਸ਼ਾ ਹੱਥ ਲੱਗ ਗਿਆ ਜਿਸ ਨਾਲ ਕਿ ਬਨ ਸੜ ਗਿਆ ਤੇ ਆਸ ਹੈ ਕਿ ਬਾਂਦਰ ਬੀ ਸੜੇ ਹੋਣਗੇ, ਆਪ ਵੀ ਸੜਿਆ ਹੋਊ ਤੇ ਆਪ ਦੀ ਕੁਟੀਆ ਵੀ ਅਹੂਤੀ ਹੋ ਗਈ ਹੋਊ। ਸਾਧੂ ਨੇ ਦੱਸਿਆ ਕਿ ਠੀਕ ਹੈ, ਮੈਂ ਬਾਂਦਰਾਂ ਦਾ ਭਲਾ ਲੋਚਦਾ ਸਾਂ, ਪਰ ਭਲੇ ਦੀ ਥਾਂ ਬੁਰਾ ਹੋਇਆ।

ਇਹ ਕਥਾ ਸੁਣਕੇ ਰਾਂਝਾ ਬੜਾ ਉਤਾਵਲਾ ਹੋ ਰਿਹਾ ਸੀ ਕਿ ਮੇਰੀ ਗੱਲ ਬਾਬੇ ਨੇ ਆਪ ਪੂਰੀ ਕਰ ਦਿੱਤੀ ਹੈ; ਕਾਹਲਾ ਹੋਕੇ, ਨਾਸਾਂ ਫੁੜਕਾ ਕੇ ਤੇ ਅੱਖਾਂ ਮੋਟੀਆਂ ਕਰਕੇ ਬੋਲਿਆ, "ਵਾਹ ਬਈ ਬਾਬਾ! ਨਹੀਓਂ ਰੀਸਾਂ ਤੇਰੀਆਂ। ਬੱਸ ਮੇਰਾ ਮਤਲਬ ਏਹੋ ਈ।"

ਬਾਬਾ ਹੱਸਕੇ ਬੋਲਿਆ:- ਰਾਂਝਿਆ! ਪਰ ਮੇਰਾ ਮਤਲਬ ਹੋਰ ਏ। ਮੇਰਾ ਮਤਲਬ ਇਹ ਈ ਕਿ ਜੇ ਮੂਰਖਾਂ ਨੂੰ ਮੂਰਖਤਾ ਨਾਲ ਪੜ੍ਹਾਈਏ ਤਾਂ ਬਾਂਦਰਾਂ ਵਾਲਾ ਫਲ ਲੱਗਣ ਦਾ ਡਰ ਹੈ[1], ਪਰ ਜੇ ਆਦਮੀ ਦੇ ਬੱਚਿਆਂ ਨੂੰ ਵਿੱਦਜਾ ਨੇਕੀ ਸਿਖਾ ਕੇ ਦੇਈਏ ਤਾਂ ਵਿੱਦਜਾ ਦੇਵਤਾ ਬਣਾ ਦੇਂਦੀ ਹੈ। ਸੋ ਪਹਿਲਾਂ ਉਨ੍ਹਾਂ ਨੂੰ ਨੇਕੀ ਸਿਖਾਕੇ ਸੁਮੱਤੇ ਲਾਈਏ, ਫਿਰ ਉਹ ਪੜ੍ਹਨਗੇ ਗੁਰੂ ਕੀ ਬਾਣੀ ਤੇ ਬਾਣੀ ਤੋਂ ਸਮਝ ਜਾਣਗੇ ਕਿ ਪੜ੍ਹੀਦਾ ਹੈ ਪਰਉਪਕਾਰੀ ਹੋਣ ਲਈ ਤੇ ਮਨੋਂ ਉਚੇ ਹੋਕੇ ਸੁਖ ਦੇਣ ਲਈ[2]। ਸੋ ਜੇ ਤਾਂ ਚੂਹੜਿਆਂ ਨੇ ਆਪੇ ਪੜ੍ਹ ਜਾਣਾ ਹੈ ਤੇ ਉਨ੍ਹਾਂ ਨੂੰ ਕਿਸੇ ਹੋਰਸ ਨੇ ਗੁਰੂ ਕੀ ਬਾਣੀ ਦੇ ਆਸ਼ੇ ਤੋਂ ਉਲਟ ਸੁਆਰਥ ਤੇ ਪਰ ਕਾ ਬੁਰਾ ਕਰਨ ਵਾਲੀ ਚੰਚਲਤਾਈ ਦੀ ਕੋਈ ਜਾਚ ਦੱਸ ਦੇਣੀ ਹੈ ਤਾਂ ਕੰਮ ਬਾਂਦਰ ਦੇ ਅੱਗ ਬਾਲਣੀ ਸਿੱਖਣ ਵਾਲਾ ਹੋਊ, ਪਰ ਜੇ ਉਹ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਗੇ ਤੇ ਤੁਹਾਡੇ ਵਿਚੋਂ ਕੋਈ ਅਰਥ ਸਿਖਾਵੇਗਾ ਅਤੇ ਜਾਚ ਦੱਸੇਗਾ ਬਈ ਐਉਂ ਗੁਰੂ ਗ੍ਰੰਥ ਸਾਹਿਬ ਵਿਚ ਦੱਸੇ ਸੁਖ ਦੇ ਨੁਸਕੇ (ਨੁਸਖੇ) ਵਰਤੀਦੇ ਹਨ ਤੇ ਐਉਂ ਜੇ ਸੁਖ ਦਾ ਰਾਹ, ਤਦ ਉਹ ਸੁਖੀ ਹੋਣਗੇ ਤੇ ਸੁਖ ਦੇਣਗੇ। ਮੇਰਾ ਮਤਲਬ ਹੈ ਕਿ ਉਨ੍ਹਾਂ ਨੂੰ ਸਤਿਸੰਗ ਪ੍ਰਾਪਤ ਕਰਾਓ ਤੇ ਸਤਿਸੰਗ ਹੀ ਉਨ੍ਹਾਂ ਨੂੰ ਪੜ੍ਹਾਵੇ। ਹਾਲੇ ਤਾਂ ਓਹ ਪੜ੍ਹਨ ਲੱਗੇ ਹਨ ਪਰ ਡਰ ਹੈ ਕਿ ਜੋ ਗੁਰਬਾਣੀ ਦੇ ਉਲਟੇ ਅਰਥ ਕਰ ਕ਼ਰ ਕੁਰਸਤੇ ਲਾਉਂਦੇ ਹਨ ਓਹ ਲੋਕ ਨਾ ਉਨ੍ਹਾਂ ਪਾਸ ਪੁਜ ਪੈਣ। ਸੋ ਤੁਸੀਂ ਉਹਨਾਂ ਨੂੰ ਆਪ ਪੜ੍ਹਾਓ, ਸੱਚਾ ਗਿਆਨ ਦਿਓ, ਨੇਕੀ ਸਿਖਾਓ, ਨਾਮ ਵਲ ਪ੍ਰੇਰੋ, ਫੇਰ ਸਭ ਕੁਛ ਠੀਕ ਹੋ ਜਾਊ। ਨਹੀਂ ਤਾਂ ਡਰ ਹੈ ਕਿ ਉਹ ਕੋਈ ਪਖੰਡ ਨਾ ਲਾ ਬਹਿਣ, ਮਾਨ ਨਾ ਧਾਰ ਲੈਣ ਤਾਂ ਜੋ 'ਬਾਣੀ ਦੇ ਆਸ਼ੇ ਤੇ ਤੁਰਨ ਵਾਲੇ ਤੇ ਕਰਨੀ ਵਾਲੇ ਬੰਦੇ' ਬਣ ਜਾਣ। ਬਾਬੇ ਦੀ ਇਹ ਗੱਲ ਸਭਨਾਂ ਦੇ ਪਸਿੰਦ ਆਈ; ਸਾਰਿਆਂ ਨੇ ਕਿਹਾ: ਹੱਛਾ ਬਾਬਾ! ਜਿਵੇਂ ਆਖੇਂਗਾ ਕਰਾਂਗੇ। ਰਾਂਝੇ ਨੂੰ ਬੀ ਠੰਢ ਪੈ ਗਈ, ਪਰ ਹੁਣ ਮੁਸ਼ਕਲ ਇਹ ਬਣੀ ਕਿ ਕੋਈ ਉਨ੍ਹਾਂ ਦੀ ਧਰਮਸਾਲੇ ਜਾ ਕੇ ਪੜ੍ਹਾਉਣ ਵਾਲਾ ਨਾ ਨਿੱਤਰੇ। ਤਦੋਂ ਬਾਬੇ ਨੇ ਕਿਹਾ, ਵੀਰੋ! ਸਾਨੂੰ ਆਪਣੇ ਵਡਿਆਂ ਦੇ ਪੂਰਨਿਆਂ ਉੱਤੇ ਤੁਰਨਾ ਲੋੜੀਏ। ਦੇਖੋ ਸਾਡੇ ਵਿਚ ਇਕ ਬਾਬਾ ਧੰਨਾਂ ਸਿੰਘ ਜੀ ਗੁਰੂ ਦੇ ਪਿਆਰੇ ਹੋਏ ਹਨ। ਸਤਲੁਜ ਦੇ ਕੰਢੇ ਉਰਾਰਵਾਰ ਜੋ ਫਲੌਰ ਸ਼ਹਿਰ ਹੈ, ਇਸ ਦੇ ਲਾਗੇ ਉਹ ਰਹਿੰਦੇ ਹੁੰਦੇ ਸਨ। ਨਾਮ ਦੇ ਪਿਆਰੇ ਸਨ ਤੇ ਡਾਢੇ ਖਰੇ ਬੰਦੇ ਸਨ। ਲਾਹੌਰ ਵਿਚ ਜੋ ਭਾਈ ਵਸਤੀ ਰਾਮ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਾਸਕ ਤੇ ਸਾਧੂ ਹੋਏ ਹਨ, ਉਨ੍ਹਾਂ ਦੀ ਸੰਗਤ ਵਿੱਚ ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬ੍ਰਹਮ ਵਿਦਜਾ ਪਾਈ ਸੀ। ਆਪ ਨਾਮ ਜਪਦੇ ਤੇ ਸੁਖੀ ਸਨ ਤੇ ਪਰਉਪਕਾਰ ਵੀ ਕਰਦੇ ਸਨ। ਲਾਗ ਲਾਗ ਦੇ ਪਿੰਡਾਂ ਤੋਂ ਰੋਟੀਆਂ ਮੰਗ ਲਿਆਇਆ ਕਰਦੇ ਸਨ। ਬੀਮਾਰਾਂ, ਭੁੱਖਿਆਂ, ਗਰੀਬਾਂ ਤੇ ਕੰਮੀਆਂ ਦਿਆਂ ਬਾਲਾਂ ਨੂੰ, ਜਿਨ੍ਹਾਂ ਨੂੰ ਟੁੱਕ ਨਹੀਂ ਲੱਭਦਾ ਸੀ, ਵਿਲੂੰ ਵਿਲੂੰ ਕਰਦੇ ਸਨ, ਇਹ ਰੋਟੀਆਂ ਖੁਲਾਇਆ ਕਰਦੇ ਤੇ ਟੁਰਦੇ ਫਿਰਦੇ ਪਰਮੇਸਰ ਦੇ ਪਿਆਰ, ਧਿਆਨ ਤੇ ਲਟਕ ਵਿਚ ਵਾਹਿਗੁਰੂ ਵਾਹਿਗੁਰੂ ਧਿਆਇਆ ਕਰਦੇ ਸਨ। ਇਕ ਦਿਨ ਖਹਿਰਿਆਂ ਵਾਲੇ ਪਿੰਡ ਤੋਂ ਰੋਟੀਆਂ ਲੈਕੇ ਆ ਰਹੇ ਸਨ ਕਿ ਅੱਗੇ ਮਲ੍ਹਿਆਂ ਦੇ ਛਾਪਿਆਂ ਵਿਚ ਇਕ ਚੂੜ੍ਹਿਆਂ ਦਾ ਬੱਚਾ ਫਸ ਰਿਹਾ ਸੀ। ਇਸ ਦਾ ਝੱਗਾ ਕੰਡਿਆਂ ਵਿਚ ਅੜ ਗਿਆ ਤੇ ਜਿਉਂ ਜਿਉਂ ਇਸਨੇ ਹੱਥ ਪੈਰ ਮਾਰੇ ਤੇ ਫੁਰਿਆ

੧. ਮਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ॥

੨. ਵਿਦਿਆ ਵੀਚਾਰੀ ਤਾਂ ਪਰਉਪਕਾਰੀ॥

ਤਿਉਂ ਤਿਉਂ ਮਲ੍ਹਿਆਂ ਵਿਚ ਵੱਧ ਫਸ ਗਿਆ। ਹੁਣ ਲਹੂ ਲੁਹਾਨ ਹੋ ਕੇ ਰੋ ਰਿਹਾ ਸੀ ਤੇ ਕਈ ਹਿੰਦੂ ਮੁਸਲਮਾਨ ਖੜੇ ਦੇਖ ਰਹੇ ਸਨ, ਪਰ ਕੋਈ ਛੁਡਾਉਂਦਾ ਨਹੀਂ ਸੀ ਕਿ ਮਤਾਂ ਛੁਹ ਨਾ ਜਾਈਏ। ਜਦੋਂ ਬਾਬਾ ਜੀ ਨੇ ਬੱਚੇ ਨੂੰ ਚਿਚਲਾਉਂਦੇ ਡਿੱਠਾ ਤੇ ਕਈ ਮਨੁੱਖਾਂ ਨੂੰ ਕੋਲ ਖੜੋਤੇ ਤੇ ਵਿਹਲੇ ਖੜੋਤੇ, ਪਰ ਮਿਹਰ ਨਾ ਕਰਦੇ ਡਿੱਠਾ, ਤਾਂ ਰੋਟੀਆਂ ਦਾ ਟੋਕਰਾ ਸਿਰ ਤੋਂ ਹੇਠਾਂ ਧਰ ਕੇ ਅੱਗੇ ਹੋਏ ਤੇ ਬੱਚੇ ਨੂੰ ਛਾਪਿਆਂ ਵਿਚੋਂ ਛੁਡਾਕੇ ਬਾਹਰ ਲੈ ਆਏ। ਉਸਨੂੰ ਪਿਆਰ ਕੀਤਾ, ਉਸਦੇ ਹੱਥ ਪੈਰ ਧੋਤੇ, ਫੇਰ ਆਪਣੇ ਹੱਥ ਧੋਤੇ ਤੇ ਫੇਰ ਟੁੱਕਰ ਰੋਟੀ ਦਾ ਉਸਦੇ ਹੱਥ ਦਿਤਾ ਤੇ ਦੂਰ ਉਸਦੀ ਮਾਂ ਕੋਲ, ਜੋ ਫੁੱਟੀ ਚੁਣ ਰਹੀ ਸੀ, ਜਾਕੇ ਛੱਡ ਆਏ। ਜਦ ਵਗਦੇ ਖੂਹ ਤੋਂ ਆਪਣੇ ਹੱਥ ਪੈਰ ਧੋਕੇ ਆ ਕੇ ਰੋਟੀਆਂ ਫੇਰ ਚਾਈਆਂ ਤਾਂ ਸਾਰੇ ਖੜੋਤੇ ਆਦਮੀ ਬੋਲ ਉਠੇ, "ਬਾਬਾ ਜੀ! ਬਾਬਾ ਜੀ!! ਇਹਨਾਂ ਰੋਟੀਆਂ ਨੂੰ ਤਾਂ ਛੁਹ ਲੱਗ ਗਈ ਹੈ, ਏਹ ਸੁੱਟ ਦਿਓ, ਇਹ ਤਾਂ ਛੁਹੀਆਂ ਗਈਆਂ ਹਨ, ਡੇਰੇ ਨਾ ਲੈ ਜਾਣੀਆਂ"। ਬਾਬੇ ਹੋਰਾਂ ਰੋਟੀਆਂ ਫੇਰ ਹੇਠਾਂ ਰਖੀਆਂ, ਉਪਰੋਂ ਪਰਨਾ ਚਾਇਆ ਤੇ ਇਕ ਦੋ ਰੋਟੀਆਂ ਕੱਢਕੇ ਪਰਤ ਸਰਤ ਕੇ ਵੇਖੀਆਂ ਤੇ ਬੋਲੇ, "ਜੁਆਨੋਂ! ਰੋਟੀਆਂ ਦਾ ਰੰਗ ਰੂਪ ਤਾਂ ਉਹੋ ਜਿਹਾ ਹੈ, ਕੁਛ ਵੱਟਿਆ ਵਿਚਲਿਆ ਤਾਂ ਹੈ ਨਹੀਂ"। ਤਦ ਫੇਰ ਲੋਕੀਂ ਬੋਲੇ "ਨਹੀਂ ਓਇ ਬਾਬਾ ਜੀ! ਰੋਟੀਆਂ ਭਿੱਟ ਗਈਆਂ ਜੇ "। ਤਦ ਬਾਬੇ ਨੇ ਬੁਰਕੀ ਭੰਨ ਕੇ ਆਪਣੇ ਮੂੰਹ ਪਾਈ ਤੇ ਖਾਕੇ ਕਹਿਣ ਲਗਾ:- "ਭਿਟ ਵੜ ਗਈ ਹੈ ਵਿਚ? ਜੁਆਨੋਂ! ਸੁਆਦ ਤਾਂ ਓਹੋ ਜੇਹਾ ਹੈ, ਸੁਆਦ ਤਾ ਕੋਈ ਨਹੀਂ ਵਿਚਲਿਆ"। ਤਦੋਂ ਸਾਰੇ ਹੱਸ ਪਏ ਤੇ ਸ਼ਰਮਿੰਦੇ ਹੋ ਗਏ। ਫੇਰ ਬਾਬੇ ਨੇ ਇੱਕ ਇੱਕ ਰੋਟੀ ਸਭਨਾਂ ਨੂੰ ਦਿੱਤੀ ਕਿ ਤੱਕੋ ਇਨ੍ਹਾਂ ਦਾ ਕੀ ਵਿਗੜਿਆ ਹੈ? ਲੋਕੀਂ ਬਾਬਾ ਜੀ ਦੇ ਗੁਣਾਂ ਤੇ ਫਕੀਰੀ ਦੇ ਜਾਣੂੰ ਸੇ, ਸਭ ਨੇ ਕੁਛ ਡਰਕੇ ਤੇ ਕੁਛ ਬਾਬੇ ਦੇ ਸਤਿਕਾਰ ਕਰਕੇ ਛਕ ਲਈ। ਸੋ ਵੀਰੋ! ਸਾਡੇ ਵਡਕੇ ਤਾਂ ਐਉਂ ਭਰਮਾਂ ਵਹਿਮਾਂ ਨੂੰ ਕੱਟਦੇ ਸੇ ਅਤੇ ਓਹ ਅਸਲੀ ਵਿਦਿਆਵਾਨ ਸੇ। ਨਾਮ ਵਿਚ ਰਸੀਏ, ਨੇਕੀ ਦੇ ਜਾਣੂ ਤੇ ਸਮਝਦਾਰ। ਸੋ ਮੈਂ ਇਹ ਕਹਾਣੀ ਨਹੀਂ ਪਾਈ, ਇਹ ਹੋ ਚੁੱਕੀ ਸਚ ਮੁਚ ਹੋ ਬੀਤੀ ਗੱਲ ਸੁਣਾਈ ਹੈ। ਹੁਣ ਤੁਸੀਂ ਦੱਸੋ ਕਿ ਕਿਸੇ ਦੇ ਬੱਚੇ ਨੂੰ ਮਲ੍ਹਿਆਂ ਵਿੱਚ ਦੁਖੀ ਦੇਖਕੇ ਛੂਤ ਛਾਤ ਭਿੱਟ ਭਾਟ ਸੋਚਕੇ ਪਰੇ ਖੜੇ ਰਹਿਣਾ ਜੇ ਕਿ ਅੱਗੇ ਹੋਕੇ ਨੇਕੀ ਵਰਤਣੀ ਜੇ? ਜੇ ਤੁਸਾਂ ਵਿੱਚੋਂ ਕੋਈ ਨਹੀਂ ਨਿਤਰਦਾ ਤਾਂ ਇਹ ਬਾਬਾ ਤਾਂ ਉਨ੍ਹਾਂ ਨੂੰ ਪੜ੍ਹਾਉਣ ਜਾਇਆ ਹੀ ਕਰੇਗਾ।

ਫੇਰ ਬਾਬੇ ਨੇ ਦੱਸਿਆ ਕਿ ਪਾਸੀਆਂ ਦੇ ਚੌਕ ਤੋਂ ਦੂਰ ਸਾਰੇ ਜਾਕੇ ਅੰਮ੍ਰਿਤਸਰ ਵਿੱਚ ਇਕ ਮਹੱਲਾ ਹੈ ਜਿੱਥੇ ਪੁਰਾਤਨ ਸਮਿਆਂ ਤੋਂ ਇਕ ਧਰਮਸਾਲਾ ਹੈ, ਜਿਸ ਵਿੱਚ ਚੂਹੜਾ ਜਾਤੀ ਦੇ ਸਾਰੇ ਸੱਜਣ ਗੁਰੂ ਬਾਬੇ ਦਾ ਪ੍ਰਕਾਸ਼ ਕਰਦੇ ਹਨ ਤੇ ਪਾਠ ਕਰਦੇ ਹਨ। ਸੋ ਸਾਡੇ ਵੱਡੇ ਗੁਰੂ ਅਕਾਲ ਪੁਰਖ ਦੇ ਗਿਆਨ ਨੂੰ ਲੁਕਾਉਂਦੇ ਨਹੀਂ ਰਹੇ, ਓਹ ਮਨੁੱਖ ਮਾਤ੍ਰ ਨੂੰ ਦਾਨ ਕਰਦੇ ਰਹੇ ਹਨ। ਮੈਂ ਕੋਈ ਨਵੀਂ ਗੱਲ ਨਹੀ ਆਖਦਾ, ਸਾਡੇ ਵਿੱਚ ਪਰੰਪਰਾ ਤੋਂ ਇਹ ਚਲੀ ਆਈ ਹੈ। ਇਹ ਬੀ ਤੁਸਾਨੂੰ ਪਤਾ ਹੈ ਕਿ ਜੋ ਕੋਈ ਗੁਰੂ ਸਾਹਿਬ ਦੇ ਇਲਾਹੀ ਬ੍ਰਹਮ ਗਿਆਨ ਤੇ ਸਿਦਕ ਧਾਰਕੇ ਅੰਮ੍ਰਿਤ ਛਕਣਾ ਚਾਹੇ ਉਸਨੂੰ ਸਾਡੇ ਵਡੇ ਅੰਮ੍ਰਿਤ ਛਕਾਉਂਦੇ ਹਨ।

ਬਾਬੇ ਦੀਆਂ ਇਹ ਗੱਲਾਂ ਸੁਣਕੇ ਸਭਨਾਂ ਦੇ ਦਿਲ ਮੋਮ ਹੋ ਗਏ ਤੇ ਇਕ ਗਭਰੂ ਨੇ ਕਿਹਾ- ਹੱਛਾ, ਬਾਬਾ! ਮੈਂ ਜਾਇਆ ਕਰਾਂਗਾ। ਤਦੋਂ ਬਾਬੇ ਨੇ ਪਿੰਡ ਵਿਚੋਂ ੨੫) ਕੱਠੇ ਕਰਕੇ ਉਹਨਾਂ ਚੂਹੜਿਆਂ ਨੂੰ ਸਫਾਂ, ਤਖਤਪੋਸ਼ ਤੇ ਹੋਰ ਸਾਮਾਨ ਮੰਗਵਾ ਦਿੱਤੇ ਤੇ ਗੁਰੂ ਬਾਬਾ ਜੀ ਅਸਥਾਪਨ ਕਰਾ ਦਿੱਤੇ। ਇਕ ਸਿਆਣਾ ਸਿੰਘ ਜਾਕੇ ਉਨ੍ਹਾਂ ਨੂੰ ਪੜ੍ਹਾਉਣ ਤੇ ਸੁਮੱਤੇ ਲਾਉਣ ਤੇ ਬੀ ਲਾ ਦਿੱਤਾ। ਹੌਲੇ ਹੌਲੇ ਓਹ ਪਾਠ ਕਰਨ, ਸਮਝਣ ਤੇ ਵਿਚਾਰਨ ਜੋਗੇ ਹੋ ਗਏ ਤੇ ਬਾਣੀ ਨਾਮ ਦੀ ਰੌ ਉਨ੍ਹਾਂ ਵਿਚ ਟੁਰ ਪਈ। ਇਉਂ ਕੁਛ ਸਮਾਂ ਹੋਰ ਬੀਤ ਗਿਆ।

* * * * *

## ੨.

ਗੁਰਮੁਖਿ ਭ੍ਰਮ ਭੈ ਮੋਹ ਮਿਟਾਇਆ॥
ਨਾਨਕ ਤੇਹ ਪਰਮ ਸੁਖ ਪਾਇਆ॥

ਸੁਭਾਗ ਜੀ ਬਿਸਤਰੇ ਤੇ ਪਏ ਹਨ, ਅੱਖਾਂ ਬੰਦ ਹਨ, ਸੁਆਸ ਬਹੁਤ ਨਰਮ ਨਰਮ ਆ ਰਹੇ ਹਨ, ਹੋਸ਼ ਹੈ ਨਹੀਂ, ਮਾਤਾ ਜੀ ਕੋਲ ਬੈਠੇ ਹਨ ਤੇ ਪੱਖੇ


www.sikhbookclub.com

ਦੀ ਮੱਠੀ ਮੱਠੀ ਹਵਾ ਦੇ ਰਹੇ ਹਨ। ਡਾਕਟਰ ਜੀ ਛੁੱਟੀ ਪੂਰੀ ਕਰਕੇ ਨੌਕਰੀ ਤੇ ਟੁਰ ਗਏ ਹੋਏ ਹਨ। ਬਾਬਾ ਜੀ ਵਾਂਢੇ ਗਏ ਹੋਏ ਹਨ, ਘਰ ਵਿੱਚ ਕੇਵਲ ਮਾਈ, ਬਰਖ਼ੁਰਦਾਰ, ਨੌਂਹ ਤੇ ਸੁਭਾਗ ਜੀ ਹਨ। ਸੋ ਸੁਭਾਗ ਜੀ ਬੇਹੋਸ਼ ਪਏ ਹਨ ਤੇ ਮਾਈ ਪੱਖਾ ਕਰ ਰਹੀ ਹੈ ਤੇ ਕਾਕਾ, ਨਾਲ ਦੇ ਪਿੰਡ ਇਕ ਹਕੀਮ ਰਹਿੰਦਾ ਹੈ, ਉਸਨੂੰ ਲੈਣ ਗਿਆ ਹੈ!

ਮਾਈ ਉਦਾਸ ਨਹੀਂ, ਪਰ ਬੇਪਰਵਾਹ ਵੀ ਨਹੀਂ, ਠਹਿਰਾਉ ਤੇ ਪਿਆਰ ਵਿਚ ਹੈ ਤੇ ਸਹਿਜੇ ਸਹਿਜੇ ਸ੍ਰੀ ਸੁਖਮਨੀ ਜੀ ਦਾ ਪਾਠ ਕਰ ਰਹੀ ਹੈ। ਕਿਸੇ ਕਿਸੇ ਵੇਲੇ ਨਾੜ ਵੇਖਦੀ ਹੈ, ਕਦੇ ਛੱਪਰ ਚਾ ਕੇ ਅੱਖਾਂ ਦੀ ਧੀਰੀ ਨੂੰ ਵੇਖਦੀ ਹੈ। ਕਿਸੇ ਵੇਲੇ ਪੱਖਾ ਛੱਡਕੇ ਪਿਨੀਆਂ ਘੁੱਟਦੀ ਹੈ ਤੇ ਫੇਰ ਗੋਡੇ ਤੋਂ ਉੱਪਰ ਲੱਤਾਂ ਨੂੰ ਦਬਾਉਂਦੀ ਹੈ, ਤਦ ਇਕ ਕਚੀਚੀ ਜੇਹੀ ਵੱਟਕੇ ਸੁਭਾਗ ਜੀ ਦੇ ਗਲੇ ਤੋਂ ਆਵਾਜ਼ ਜੇਹੀ ਨਿਕਲਦੀ ਹੈ, ਅੱਖਾਂ ਤੇ ਵੱਟ ਪੈਂਦੇ ਹਨ, ਬਾਹਾਂ ਉਠਦੀਆਂ ਹਨ ਤੇ ਸਰੀਰ ਹਿੱਲ ਖਲੋਂਦਾ ਹੈ, ਜਾਪਦਾ ਹੈ ਕਿ ਹੋਸ਼ ਆਉਂਦੀ ਹੈ ਪਰ ਹੋਸ਼ ਪਰਤਦੀ ਨਹੀਂ। ਕਦੇ ਮਾਈ ਦੰਦਣ ਖੋਲ੍ਹਦੀ ਹੈ ਤੇ ਘੁੱਟ ਪਾਣੀ ਦਾ ਪਾਉਂਦੀ ਹੈ, ਪਰ ਪਾਣੀ ਅੰਦਰ ਨਹੀਂ ਲੰਘਦਾ ਜਾਪਦਾ। ਕਈ ਵਾਰ ਮੱਥੇ ਨੂੰ ਗਿੱਲੇ ਸਾਫੇ ਨਾਲ ਠੰਡਾ ਕਰਦੀ ਹੈ, ਪਰ ਇਨ੍ਹਾਂ ਸਾਰੇ ਓਹੜਾਂ ਦਾ ਕੋਈ ਐਸਾ ਅਸਰ ਨਹੀਂ ਹੋ ਰਿਹਾ ਕਿ ਸੁਭਾਗ ਜੀ ਦੀ ਹੋਸ਼ ਪੂਰੀ ਪੂਰੀ ਪਰਤ ਜਾਵੇ। ਫੇਰ ਮਾਈ ਆਪਣੀ ਸੁਰੀਲੀ ਅਵਾਜ਼ ਨਾਲ ਆਪਣੇ ਪਾਠ ਵਿਚ ਲੱਗ ਜਾਂਦੀ ਹੈ। ਚਾਹੁੰਦੀ ਹੈ ਕਿ ਕਾਕੀ ਨੂੰ ਹੋਸ਼ ਆਵੇ ਪਰ ਖਿਆਲ ਇਹ ਬੀ ਫੁਰ ਜਾਂਦਾ ਹੈ ਕਿ ਮਤੇ ਕਾਕੀ ਦਾ ਅੰਤ ਆ ਗਿਆ ਹੋਵੇ, ਤਦ ਵਾਹਿਗੁਰੂ- ਪਿਆਰ ਵਿੱਚ ਜੁੜ ਜਾਂਦੀ ਹੈ ਤੇ ਆਖਦੀ ਹੈ : ਮੇਰੇ ਦਾਤਾ ਜੀ! ਇਹ ਆਪ ਦੀ ਬੱਚੀ ਆਪਦੇ ਪਿਆਰ ਵਿੱਚ ਰਹੇ, ਇਸਦੀ ਸੁਰਤ ਇਸ ਬੇਹੋਸ਼ੀ ਵਿੱਚ ਆਪ ਤੋਂ ਅੱਡਰੀ ਹੋਕੇ ਨਾ ਭਟਕੇ।

ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ॥ ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ॥

ਇਉਂ ਆਖਦੀ ਸੁਖਮਨੀ ਦਾ ਪਾਠ ਕਰਦੀ ਇਸ ਸ਼ਬਦ ਤੇ ਆ ਜਾਂਦੀ ਹੈ, ਹੱਥ ਜੁੜ ਜਾਂਦੇ ਹਨ, ਸਰੀਰ ਇਕ ਅਦਬ ਦੀ ਸ਼ਕਲ ਵਿਚ ਆ ਜਾਂਦਾ ਹੈ ਤੇ ਸਹਿਜੇ ਸਹਿਜੇ ਪਿਆਰ ਭਰੀ ਸੁਰ ਵਿਚ ਗਾਉਂਦੀ ਹੈ:-

ਚਰਨ ਕਮਲ ਸੰਗਿ ਲਾਗੀ ਡੋਰੀ॥ ਸੁਖ ਸਾਗਰ ਕਰਿ ਪਰਮ ਗਤਿ ਮੋਰੀ॥੧॥ ਰਹਾਉ॥ ਅੰਚਲਾ ਗਹਾਇਓ ਜਨ ਅਪੁਨੇ ਕਉ ਮਨੁ ਬੀਧੋ ਪ੍ਰੇਮ ਕੀ ਖੋਰੀ॥ ਜਸੁ ਗਾਵਤ ਭਗਤਿ ਰਸੁ ਉਪਜਿਓ ਮਾਇਆ ਕੀ ਜਾਲੀ ਤੋਰੀ॥੧॥ ਪੂਰਨ ਪੂਰਿ ਰਹੇ ਕਿਰਪਾ ਨਿਧਿ ਆਨ ਨ ਪੇਖਉ ਹੋਰੀ॥ ਨਾਨਕ ਮੇਲਿ ਲੀਓ ਦਾਸ ਅਪੁਨਾ ਪ੍ਰੀਤਿ ਨ ਕਬਹੂ ਥੋਰੀ॥੨॥੫॥੬॥*

ਫਿਰ ਅੱਖਾਂ ਖੋਹਲਦੀ ਹੈ, ਹੱਥਾਂ ਨਾਲ ਪੱਖਾ ਕਰਦੀ ਹੈ, ਮੱਥੇ ਤੇ ਆਇਆ ਸੁਭਾਗ ਦਾ ਪਸੀਨਾ ਪੂੰਝਦੀ ਹੈ ਤੇ ਸੁਖਮਨੀ ਸਾਹਿਬ ਦੀ ਮਧੁਰਿ ਧੁਨਿ ਵਿਚ ਲਗ ਜਾਂਦੀ ਹੈ। ਕੁਛ ਚਿਰ ਮਗਰੋਂ ਫੇਰ ਖਿਆਲ ਆਉਂਦਾ ਹੈ, ਕਾਕੀ ਚਲ ਬਸੇਗੀ? ਹਾਂ ਚੱਲ ਬਸੇਗੀ ਤਾਂ ਅਪਣੇ ਪਿਤਾ ਦੇ ਦੇਸ਼। ਮੈਨੂੰ ਵਿਛੋੜਾ! ਪਰ ਵਿਛੋੜਾ ਸਦਾ ਦਾ ਨਹੀਂ, ਮੈਂ ਬੀ ਉਸੇ ਸੱਚੇ ਘਰ ਜਾਣਾ ਹੈ। ਫੇਰ ਮੋਹ ਕਿਉਂ ਫੁਰਦਾ ਹੈ?.... ਇਹ ਮੋਹ ਨਹੀਂ। ਮੈਂ ਇਹ ਤਾਂ ਨਹੀਂ ਆਖਦੀ 'ਹਾਇ! ਹਾਇ! ਐਉਂ ਨਾ ਹੋਵੇ ਤੇ ਐਉਂ ਹੋਵੇ!' ਮੈਂ ਵਾਹਿਗੁਰੂ ਜੀ ਦੀ ਰਜ਼ਾ ਵੱਲ ਤੱਕਦੀ ਹਾਂ। ਹਾਂ, ਮੰਗਦੀ ਹਾਂ ਕਿ ਬੱਚੀ ਨਾਮ ਜਪਦੀ ਹੈ, ਰਾਜ਼ੀ ਹੋ ਜਾਵੇ ਤੇ ਸਾਡਾ ਸਤਿਸੰਗ ਦਾ ਪਰਵਾਹ ਬੱਝਿਆ ਰਹੇ। ਪਰ ਜੇ ਹੁਕਮ ਹੋਰ ਤਰ੍ਹਾਂ ਹੈ ਤਾਂ ਭਾਣਾ ਮਿੱਠਾ ਲੱਗੇ। ਇਹ ਅਰਦਾਸ ਜ਼ਰੂਰ ਹੈ ਕਿ ਇਸ ਵੇਲੇ ਤਾਰ-ਲਿਵ ਦੀ ਤਾਰ-ਲਗੀ ਰਹੇ ਸੂ। ਬੇਸੁਰਤੀ ਵਿਚ ਬੀ ਸੁਰਤ ਨਾਮ ਵਿਚ ਰਹੇ ਸੂ:-

ਸਿਰ ਊਪਰਿ ਠਾਢਾ ਗੁਰੁ ਸੂਰਾ॥
ਨਾਨਕ ਤਾ ਕੈ ਕਾਰਜ ਪੂਰਾ॥

ਬੱਚੀ ਦਾ ਰਾਖਾ, ਬੱਚੀ ਦੀ ਸੁਰਤ ਆਤਮਾ ਦਾ ਰਾਖਾ ਗੁਰੂ ਹੈ, ਸੱਚਾ ਸਤਿਸੰਗ ਸਿਰ ਤੇ ਹੈ, ਬੱਚੀ ਦੀ ਸੁਰਤ ਸੁੱਚੀ ਹੈ। ਇਉਂ ਸੋਚ ਕੇ ਫਿਰ ਬਾਣੀ ਵਿਚ ਲੱਗ ਜਾਂਦੀ ਹੈ। ਬਾਣੀ ਵਿਚੋਂ ਮਲਕੜੇ ਇਹ ਸ਼ਬਦ ਸਹਿਜ ਸੁਰ ਵਿਚ ਉਚਾਰਨ ਲੱਗ ਜਾਂਦੀ ਹੈ-

* ਇਹ ਸ਼ਬਦ 'ਨਟ ਮਹਲਾ ੫' ਦਾ ਹੈ।

SIKHBOOKCLUB.COM

ਸਾਜਨੜਾ ਮੇਰਾ ਸਾਜਨੜਾ ਨਿਕਟਿ ਖਲੋਇਅੜਾ ਮੇਰਾ ਸਾਜਨੜਾ॥ ਜਾਨੀਅੜਾ ਹਰਿ ਜਾਨੀਅੜਾ ਨੈਣ ਅਲੋਇਅੜਾ ਹਰਿ ਜਾਨੀਅੜਾ॥ ਨੈਣ ਅਲੋਇਆ ਘਟਿ ਘਟਿ ਸੋਇਆ ਅਤਿ ਅੰਮ੍ਰਿਤ ਪ੍ਰਿਅ ਗੂੜਾ॥ ਨਾਲਿ ਹੋਵੰਦਾ ਲਹਿ ਨ ਸਕੰਦਾ ਸੁਆਉ ਨ ਜਾਣੈ ਮੂੜਾ॥ ਮਾਇਆ ਮਦਿ ਮਾਤਾ ਹੋਛੀ ਬਾਤਾ ਮਿਲਣੁ ਨ ਜਾਈ ਭਰਮ ਧੜਾ॥ ਕਹੁ ਨਾਨਕ ਗੁਰ ਬਿਨੁ ਨਾਹੀ ਸੂਝੈ ਹਰਿ ਸਾਜਨੁ ਸਭ ਕੈ ਨਿਕਟਿ ਖੜਾ॥੧॥*

ਇਸ ਤਰ੍ਹਾਂ ਕਰਦੀ ਨੇ ਸੁਖਮਨੀ ਸਾਹਿਬ ਦਾ ਭੋਗ ਪਾ ਲਿਆ। ਇੰਨੇ ਨੂੰ ਹਕੀਮ ਜੀ ਆ ਗਏ, ਉਹਨਾਂ ਨੇ ਹੱਥ ਦੀ ਨਾੜ ਦੇਖੀ, ਪੈਰ ਦੀ ਨਾੜ ਤੱਕੀ, ਸੁਆਸ ਦੀ ਤਾਰ ਪਛਾਣੀ, ਦੰਦਣ ਤੱਕੀ, ਨੈਣ ਤੱਕੇ, ਦਿਲ ਦੀ ਅਵਾਜ਼ ਸੁਣੀ, ਆਖਣ ਲਗੇ: "ਵਿਗੜਿਆ ਕੁਛ ਨਹੀਂ, ਕੋਈ ਭਾਰੀ ਗ਼ਮ ਦਾ ਸਦਮਾਂ, ਕੋਈ ਡਾਢਾ ਖ਼ੌਫ ਖਾਧਾ ਹੈ, ਜਿਸਦਾ ਇਹ ਫਲ ਹੈ। ਤੁਸੀਂ ਗੁਰਮੁਖ ਹੋ, ਗੁਰਮੁਖਾਂ ਤੇ ਸਾਈਂ ਮਿਹਰਵਾਨ ਹੈ, ਕਾਕੀ ਵੱਲ ਹੋਸੀ"। ਇਹ ਕਹਿਕੇ ਹਕੀਮ ਸਾਹਿਬ ਨੇ ਦੰਦਾਂ ਵਿਚ ਕੁਛ ਦੇਕੇ ਦੰਦਣ ਖੋਲ੍ਹ ਕੇ ਇਕ ਕੱਖ ਜਿੰਨੀ ਪੁੜੀ ਮੂੰਹ ਵਿਚ ਝਾੜੀ, ਗੁਲਾਬ ਤੇ ਕਿਉੜੇ ਦੇ ਛੱਟੇ ਮਾਰੇ ਤੇ ਹੁਕਮ ਦਿੱਤਾ ਕਿ ਇਸਨੂੰ ਚੰਗੀ ਤਰ੍ਹਾਂ ਲਿਤਾੜੋ। ਮਾਈ ਨੇ ਆਗਿਆ ਮੰਨ ਕੇ ਲਿਤਾੜਿਆ। ਇਸ ਤਰ੍ਹਾਂ ਕਰਦਿਆਂ ਕਈ ਇਕ ਚੀਕਾਂ ਵੱਜਕੇ ਤੇ ਤਨੀਣੀਆਂ ਆ ਆਕੇ ਸੁਭਾਗ ਜੀ ਦੀ ਅੱਖ ਖੁੱਲ੍ਹੀ, ਹੋਸ਼ ਪਰਤੀ, ਏਧਰ ਉਧਰ ਤੱਕੀ ਤੇ ਧੀਮੀ ਧੀਮੀ ਆਵਾਜ਼ ਆਈ:-

ਧੰਨ ਗੁਰੂ ਨਾਨਕ! ਮੈਂ ਤੇਰੀ! ਰੱਖ ਲੈ!
ਗੁਰੂ ਨਾਨਕ ਮੈਨੂੰ ਰੱਖ ਲੈ।
ਤ੍ਰਾਹਿਮਾਂ, ਤ੍ਰਾਹਿਮਾਂ।
ਪਾਹਿਮਾਂ, ਪਾਹਿਮਾਂ।

ਫਿਰ ਕੁਛ ਅੱਖਾਂ ਬੰਦ ਹੋਣ ਲਗੀਆਂ ਸਨ ਕਿ ਇਸ ਵੇਲੇ ਮਾਂ ਨੇ ਅੱਗੇ ਹੋਕੇ ਕਿਹਾ "ਬੱਚੀ! ਤੂੰ ਮੇਰੇ ਪਾਸ ਹੈਂ, ਸਤਿਸੰਗ ਦੇ ਮੰਡਲ ਵਿਚ ਹੈਂ, ਤੇਰੀ ਸੁਰਤ ਸਤਿਗੁਰ ਦੀ ਸ਼ਰਨ ਹੈ" ਘਬਰਾਕੇ ਸੁਭਾਗ ਨੇ ਮਾਂ ਵਲ ਤੱਕਿਆ ਤੇ ਡਡਿਆਕੇ ਕਿਹਾ, "ਅੰਮੀਂ! ਅੰਮੀਂ!! ਤੇ ਹੱਥ ਚੱਕੇ ਗਲ ਵਿਚ ਪਾ ਲੈਣ ਨੂੰ, ਪਰ ਹੱਥ ਢਹਿ ਪਏ। ਹੁਣ ਮਤਲਬ ਸਮਝਕੇ ਅੰਮੀਂ ਸਿਰ੍ਹਾਣੇ ਆ ਬੈਠੀ, ਸਿਰ ਆਪਣੀ ਗੋਦੀ ਵਿਚ ਰੱਖ ਲਿਆ ਤੇ ਪਿਆਰ ਦੇ ਦੇ ਕੇ ਆਖਣ ਲੱਗੀ— "ਕਲਗੀਆਂ ਵਾਲੇ ਦੇ ਸ਼ੇਰ ਬੱਚਿਆ! ਸ਼ੇਰ ਹੋ ਜਾਹ। ਭੈ ਕਿਉਂ ਖਾ ਰਹੀ ਹੈਂ? ਸਿੱਖ ਭੈ ਨਹੀਂ ਖਾਇਆ ਕਰਦਾ। ਤਕੜੀ ਹੋ ਜਾਹ।"

ਸੁਭਾਗ— ਬਾਬਾ ਜੀ ਕਿੱਥੇ ਹਨ?

ਮਾਈ— ਹੁਣੇ ਆ ਜਾਣ ਦੀ ਆਸ ਲੱਗ ਰਹੀ ਹੈ।

ਸੁਭਾਗ— ਵੀਰ ਕਿੱਥੇ ਹੈ?

ਮਾਈ— (ਕਾਕੇ ਵੱਲ ਤੱਕ ਕੇ) ਕਾਕਾ! ਭੈਣ ਦੇ ਸਾਹਮਣੇ ਆ ਖੜੋ।

ਵੀਰ— ਭੈਣ ਜੀ! ਤੁਸੀਂ ਆਪਣੇ ਘਰ ਹੋ। ਅਸੀਂ ਤੁਸਾਡੇ ਕੋਲ ਹਾਂ।

ਸੁਭਾਗ— ਹੱਛਾ, ਮੈਂ ਘਰ ਹਾਂ? ਸ਼ੁਕਰ ਹੈ! ਧੰਨ ਗੁਰੂ ਹੈ!

ਹਕੀਮ— ਪਲ ਕੁ ਹੋਰ ਨਾ ਬੋਲੇ ਤਾਂ ਚੰਗਾ ਹੈ, ਦਵਾ ਅਸਰ ਕਰ ਲਵੇ ਤਾਂ ਸ਼ੇਰ ਹੋਕੇ ਬੋਲੇਗੀ। ਕੋਈ ਸਹਿਮ ਯਾ ਸਦਮਾ ਖਾ ਗਈ ਹੈ, ਪੱਠੇ ਕਮਜ਼ੋਰੀ ਖਾ ਗਏ ਹਨ, ਫਿਕਰ ਨਹੀਂ।

ਇਸ ਪ੍ਰਕਾਰ ਗਲ ਬਾਤ ਦੇ ਮਗਰੋਂ ਹਕੀਮ ਜੀ ਘੰਟਾ ਦੋ ਘੰਟੇ ਉਥੇ ਹੀ ਰਹੇ। ਜਦੋਂ ਪੂਰੀ ਪੂਰੀ ਹੋਸ਼ ਆ ਗਈ ਤੇ ਕਾਕੀ ਨੇ ਦੁੱਧ ਪੀ ਲਿਆ, ਤਾਂ ਹਕੀਮ ਜੀ ਵਿਦਾ ਹੋ ਗਏ, ਪਰ ਇਹ ਤਾਕੀਦ ਕਰ ਗਏ ਕਿ ਗੱਲਾਂ ਨਾ ਕਰਨੀਆਂ ਤੇ ਨੀਂਦ ਆਉਣ ਦੇਣੀ। ਬਾਕੀ ਦਾ ਦਿਨ ਤੇ ਸਾਰੀ ਰਾਤ ਇਸੇ ਤਰ੍ਹਾਂ ਲੰਘ ਗਏ। ਸੁਭਾਗ ਨੇ ਨੀਂਦ ਚੰਗੀ ਕਰ ਲਈ ਤੇ ਅਗਲੇ ਦਿਨ ਵੱਲ ਹੋ ਗਈ, ਪਰ ਕਮਜ਼ੋਰੀ ਤੇ ਲੱਤਾਂ ਦੀ ਖਿੜਕਨ ਅਜੇ ਬਾਕੀ ਸੀ।

ਬਾਬਾ ਜੀ ਦੀ ਬੜੀ ਉਡੀਕ ਸੀ, ਪਰ ਓਹ ਅਜੇ ਆਏ ਨਹੀਂ। ਮਾਈ ਹੈਰਾਨ ਹੈ ਕਿ:- 'ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ॥" ਦੇ ਰੱਬੀ ਕੋਟ ਵਿਚ ਵੱਸਦੀ ਕਾਕੀ ਨੂੰ ਭਉ ਕਿਉਂ ਵਿਆਪ ਗਿਆ ਤੇ ਕਿਸ ਗੱਲ ਦਾ ਵਿਆਪ ਗਿਆ? ਪਰ ਪੁੱਛਣਾਂ ਠੀਕ ਨਹੀਂ ਸੀ, ਕਿਉਂਕਿ ਪੁੱਛਣ ਨਾਲ ਕਾਕੀ ਫਿਰ ਖਿੜਕਣ ਲਗ ਪੈਂਦੀ ਸੀ, ਇਸ ਲਈ ਮਾਂ ਉਸਨੂੰ ਪਰਚਾਉਂਦੀ ਹੈ ਤੇ ਚੇਤੇ ਵਲ ਨਹੀਂ

* ਇਹ ਪਾਠ 'ਰਾਮਕਲੀ ਮਹਲਾ ੫, ਛੰਤ' ਵਿਚ ਹੈ।



SIKHBOOKCLUB.COM

ਜਾਣ ਦੇਂਦੀ। ਭਾਵੇਂ ਆਪ ਉਤਾਵਲੀ ਹੈ ਜਾਣਨ ਲਈ ਕਿ ਕਿਸ ਗੱਲ ਨੇ ਬੱਚੀ ਨੂੰ ਐਡੀ ਭਾਰੀ ਦ੍ਰੇੜ ਦਿਤੀ ਹੈ।

ਦੋ ਦਿਨ ਹੋਰ ਲੰਘ ਗਏ। ਬਾਬਾ ਜੀ ਬੀ ਆ ਗਏ। ਉਨ੍ਹਾਂ ਸਾਰੀ ਵਿਥਿਆ ਗਸ਼ ਖਾਣ ਦੀ ਸੁਣੀ। ਬੱਚੀ ਨੂੰ ਦਿਲਾਸਾ ਦਿੱਤਾ ਤੇ ਤੁਲ੍ਹਾ ਬਨਾਇਆ ਤੇ ਆਖਿਆ, ਦੇਖ ਧੀਏ! ਸਤਿਗੁਰ ਦਾ ਵਾਕ ਹੈ 'ਭੈ ਨਾ ਦੇਣਾ ਤੇ ਨਾ ਭੈ ਖਾਣਾ' ਤੇ ਤੂੰ ਕੋਈ ਭੈ ਖਾਧਾ ਹੈ। ਭੈ ਖਾਣ ਨਾਲ ਅਸੀਂ ਆਪਣਾ ਆਪ ਅਗਲੇ ਦੀ ਸੱਟ ਦੇ ਹੇਠਾਂ ਆਪ ਲਾ ਦੇਂਦੇ ਹਾਂ ਤੇ ਆਪਣੇ ਆਪ ਨੂੰ ਆਪ ਨਿਤਾਣਾ ਕਰ ਸੁੱਟਦੇ ਹਾਂ। ਭੈ ਖਾਣ ਵਾਲੀਆਂ ਸੁਰਤਾਂ ਗੱਲਾਂ ਨਾਲ ਨਿਰਭੈ ਨਹੀਂ ਹੁੰਦੀਆਂ। ਨਾਮ ਜਪਿਆਂ ਸੁਰਤ ਜ਼ੋਰ ਫੜਦੀ ਹੈ ਤੇ ਉੱਚੀ ਹੁੰਦੀ ਹੈ ਤਦ ਭੈ ਹਟਦਾ ਹੈ। ਅੰਤ ਨਾਮੀ ਨੂੰ ਨਿਰਭੈ ਪਦ ਪ੍ਰਾਪਤ ਹੁੰਦਾ ਹੈ। ਸਿੱਖ ਨੂੰ ਏਸ ਮਨ ਤੇ ਪਹਿਰਾ ਰੱਖਣਾ ਲੋੜੀਏ। ਨਾਮੀ ਪੁਰਖ ਦਾ ਮਨ ਜੇ ਕਦੇ:-

ਮੋਹ ਹੇਠਾਂ ਨਾ ਲੱਗੇ,
ਵੈਰ ਹੇਠਾਂ ਨਾ ਲੱਗੇ,
ਭੈ ਨਾ ਖਾਵੇ

ਤਾਂ ਸਦਾ ਸੁਖੀ ਤੇ ਚੜ੍ਹਦੀਆਂ ਕਲਾਂ ਵਿਚ ਖਿੜਿਆ ਰਹਿੰਦਾ ਹੈ। ਪਰ ਬੰਦਾ ਨਿਰਬਲ ਹੈ, ਕਦੇ ਮੋਹ, ਕਦੇ ਵੈਰ, ਕਦੇ ਭੈ ਤੇ ਕਦੇ ਭਰਮ ਇਸ ਨੂੰ ਨਿਤਾਣਿਆਂ ਕਰ ਜਾਂਦੇ ਹਨ। ਜਿਸ ਨਾਲ ਮੋਹ ਕਰੀਏ ਉਸ ਦੇ ਮਨ ਦਾ ਅਕਸ ਆਪਣੇ ਮਨ ਤੇ ਪੈਂਦਾ ਹੈ, ਜਿਸ ਤਰ੍ਹਾਂ ਉਹ ਕਲੇਸ਼ ਵਿਚ ਹੈ ਉਸਦੇ ਕਲੇਸ਼ ਦਾ ਭਾਵ ਅਪਣੇ ਮਨ ਤੇ ਪੈ ਜਾਂਦਾ ਹੈ। ਜਿਸ ਨਾਲ ਵੈਰ ਅੰਦਰ ਫੁਰੇ ਉਸਦੇ ਮਨ ਨਾਲ ਬੀ ਸਾਡੇ ਮਨ ਦੀ ਘਾਸ ਜਾ ਲਗਦੀ ਹੈ। ਉਸਦੇ ਮਨ ਦਾ ਕਲੇਸ਼ ਸਾਡੇ ਮਨ ਤੇ ਅਸਰ ਕਰਦਾ ਹੈ। ਜਿਸਦਾ ਭੈ ਖਾਈਏ ਉਸਦੇ ਮਨ ਦਾ ਦਬਾਉ ਸਾਡੇ ਮਨ ਤੇ ਪੈ ਕੇ ਸਾਨੂੰ ਘੁੱਟ ਸੁੱਟਦਾ ਹੈ ਤੇ ਮਨ ਤਾਂ ਕਿਤੇ ਰਿਹਾ ਸਰੀਰ ਭੀ ਰੋਗੀ ਹੋ ਜਾਂਦਾ ਹੈ। ਸੋ ਬੱਚੀ! ਜੋ ਪਾਰਬ੍ਰਹਮ ਦੇ ਭਗਤ ਹਨ ਸੋ-

ਨਿਰਵੈਰ ਹਨ,
ਨਿਰਭਉ ਹਨ,
ਨਿਰਮੋਹ ਹਨ ਤੇ
ਭਰਮ ਤੋਂ ਪਰੇ ਹਨ।

ਨਾਮੀ ਪੁਰਖ ਦਾ ਮਨ ਦਾਤਾ ਮਨ ਹੈ, ਉੱਚਾ ਮਨ ਹੈ, ਉਨਮਨ ਹੈ। ਉਨਮਨ ਕਹਿੰਦੇ ਹਨ ਉੱਚੇ ਹੋ ਗਏ ਨੂੰ, ਜੋ ਸੋਚ ਵਿਚਾਰ ਤੋਂ ਉੱਚਾ 'ਖੇੜੇ ਤੇ ਰਸ' ਦੇ ਘਰ ਵਿਚ ਉੱਨਤ ਹੋ ਗਿਆ ਹੈ ਸੋ ਉਨਮਨ ਹੈ। ਜਿਸ ਦਾ ਮਨ ਉਨਮਨ (ਉੱਚਾ) ਹੈ ਉਹ ਕਿਸੇ ਦੇ ਹੇਠ ਨਹੀਂ ਲਗਦਾ, ਸਾਰੇ ਮਨ ਜਗਤ ਦੇ ਉਸ ਪਰ ਆਪਣਾ ਅਸਰ ਨਹੀਂ ਪਾ ਸਕਦੇ, ਉਸ ਨੇ ਆਪਣੇ ਮਨ ਨੂੰ ਜਗਤ ਦੇ ਮਨਾਂ ਦੇ 'ਵੈਰ ਮੋਹ, ਭੈ ਭਰਮ' ਦੇ ਅਸਰਾਂ ਵਾਲੇ ਮੰਡਲ ਤੋਂ ਉੱਚਾ ਕਰਕੇ ਵਾਹਿਗੁਰੂ ਅਕਾਲ ਪੁਰਖ ਦੇ ਜੋਤ ਰੂਪ ਤੇ ਸਰਵੱਗ ਮਨ ਦੇ ਹੇਠ ਲਾਇਆ ਹੈ, ਉਸ ਪਰ ਉੱਚੇ ਸਤਿਸੰਗ, ਸਤਿਗੁਰੂ, ਵਾਹਿਗੁਰੂ ਦਾ ਆਸਰਾ ਪੈਂਦਾ ਹੈ, ਸੋ ਸਦਾ ਕਲੇਸ਼ ਰਹਿਤ, ਅਮਾਨ ਦਾ ਘਰ ਤੇ ਸੁਖ ਦਾ ਟਿਕਾਣਾ ਹੈ। ਸੋ ਬੇਟਾ! ਨਾਮ ਜਪਣਾ ਦਬਦੂ ਘੁਸਦੂ ਹੋਣ ਦਾ ਨਾਮ ਨਹੀਂ ਤੇ ਨਾ ਹੀ ਹੈਂਕੜੀਏ ਹੋਣ ਦਾ ਨਾਮ ਹੈ। ਨਾਮ ਜਪਣ ਵਾਲਾ ਅਤੇ, ਸਭ ਤੋਂ ਉੱਚਾ, ਪਰ ਵਾਹਿਗੁਰੂ ਦੇ ਭੈ ਤੇ ਪਿਆਰ ਦੇ ਅਸਰ ਹੇਠਾਂ ਰਹਿੰਦਾ ਹੈ, ਜਿਸਦਾ ਪ੍ਰਤੱਖ ਫਲ ਹੈ 'ਰਸ ਤੇ ਖੇੜੇ' ਦਾ ਅੰਦਰ ਵੱਸਣਾ*। ਜਿਹੜਾ ਬੱਚੀ! ਸਾਡਾ ਹੈ ਨਾ ਅੰਦਰਲਾ, ਇਹ ਖਿੜਿਆ ਰਹੇ। ਪੁੱਤ! ਟਹਿਕਿਆ ਰਹੇ ਕੌਲ ਫੁਲ ਵਾਙੂੰ ਤੇ ਹੇਠ ਨਾ ਲੱਗੇ ਕਿਸੇ ਹੋਰ ਦੇ ਦਿੱਤੇ ਭੈ ਦੇ। ਨਾ ਹੀ ਮਨ ਪੱਥਰ ਹੋ ਜਾਵੇ, ਰਹੇ ਤਾਂ ਜੀਉਂਦਾ, ਸੁਰਜੀਤ, ਨਰਮ, ਦ੍ਰਵਿਆ, ਸੁਆਦ ਵਿਚ, ਰਸ ਵਿਚ, ਪਰ ਰਹੇ ਉਨਮਨ, ਸਭ ਤੋਂ ਉੱਚਾ, ਤਾਂ ਜੋ ਹੋਰ ਕਿਸੇ ਦਾ ਅਸਰ ਇਸ ਉਤੇ ਨਾ ਪਵੇ। ਬੱਚੀ! ਮੈਂ ਮੁੜ ਮੁੜ ਓਹੋ ਗੱਲ ਆਖੀ ਹੈ, ਤੂੰ ਸਮਝੀ ਹੈ,...ਹੈਂ ?

ਸੁਭਾਗ— ਬਾਪੂ ਜੀ! ਮੈਂ ਸਮਝ ਤਾਂ ਲਈ ਹੈ, ਅੱਗੇ ਬੀ ਅੰਦਰ ਪੁੜੀ ਸੀ, ਹੁਣ ਮੈਨੂੰ ਉਸਰੱਗੀ ਬੀ ਆ ਗਈ ਹੈ, ਭੈ ਅੰਦਰ ਰਿਹਾ ਬੀ ਨਹੀਂ ਪਰ ਦੱਸੋ ਨਾ ਜਦੋਂ ਵੇਲਾ ਆਉਂਦਾ ਹੈ ਪਰਤਾਵੇ ਦਾ ਤਾਂ ਕਿਉਂ ਢੈ ਪਈਦਾ ਹੈ?

ਬਾਬਾ— ਡਿੱਗ ਡਿੱਗਕੇ ਸਵਾਰ ਹੋਈਦਾ ਹੈ। ਇਸ ਤਰ੍ਹਾਂ ਸੱਟਾਂ ਖਾ ਖਾ ਕੇ ਤਕੜੇ ਹੋਈਦਾ ਹੈ। ਪਰ ਬੱਚੀ! ਹੁਣ ਤੂੰ ਨਾਮ ਵਿਚ ਤੁਰ ਪਈ ਹੈਂ, ਐਨੀ ਸੱਟ ਨਹੀਂ ਖਾਣੀ। ਜੋ ਲੋਕ ਗੱਲਾਂ ਕਰਦੇ

* ਨਾਨਕ ਭਗਤਾ ਸਦਾ ਵਿਗਾਸੁ॥


www.sikhbookclub.com

ਹਨ ਸੋ ਗੱਲਾਂ ਕਰਦੇ ਹਨ, ਜੋ ਕਥਨੀ ਦੇ ਸੂਰੇ ਗਿਆਨੀ ਹਨ ਸੋ ਗਿਆਨੀ ਹਨ, ਪਰ ਜੋ ਨਾਮ ਦੀ ਕਾਰ ਕਰਦੇ ਹਨ ਉਹਨਾਂ ਦੇ ਮਨਾਂ ਤੋਂ ਸੱਚਮੁੱਚ ਹਉਮੈਂ ਦਾ ਪਰਦਾ ਉਤਰਦਾ ਹੈ। ਜਦ ਇਹ ਪਰਦਾ ਉਤਰਦਾ ਹੈ ਤਾਂ ਮਨ ਮਾਨੋਂ ਨੰਗਾ ਹੋ ਜਾਂਦਾ ਹੈ, ਉਸ ਮਨ ਪਰ ਵਾਹਿਗੁਰੂ ਦਾ ਜਲਵਾ ਪਏ ਤੇ ਵਾਹਿਗੁਰੂ ਉਸਦਾ ਪੜਦਾ ਬਣੇ ਤਾਂ ਮਨ ਤਕੜਾ ਸ਼ੇਰ ਹੋ ਜਾਂਦਾ ਹੈ ਪਰ ਜੇ ਵਾਹਿਗੁਰੂ ਦੀ ਥਾਂ ਸਾਡੇ ਨੰਗੇ ਹੋ ਗਏ ਮਨ ਉਤੇ ਅਕਸ ਪਵੇ ਵੈਰ ਦਾ, ਮੋਹ ਦਾ, ਭਉ ਦਾ, ਭਰਮ ਦਾ, ਈਰਖਾ, ਜਲਨ, ਕ੍ਰੁੱਝਣ, ਲੋਭ, ਲਾਲਚ ਜਾਂ ਮਾਇਆ ਦਾ ਤਾਂ ਫੇਰ ਬੇਟਾ! ਮਨ ਫੱਟੜ ਹੋ ਜਾਂਦਾ ਹੈ ਤੇ ਕਈ ਵੇਰ ਸਰੀਰ ਬੀ ਨਾਲ ਠੁਹਕਰ ਖਾਂਦਾ ਹੈ। ਏਸੇ ਕਰਕੇ ਨਾਮ ਦੇ ਰਸੀਏ ਜਦ ਨਾਮ ਦਾ ਅੰਦਰ ਵਾਸਾ ਕਰਾਉਂਦੇ ਹਨ ਤਾਂ ਨਿਰਭੈਤਾ, ਨਿਰਵੈਰਤਾ, ਨਿਰਮੋਹਤਾ ਸਿਖਾਲਦੇ ਹਨ ਤੇ ਸਦਾ ਆਪਣੇ 'ਧਿਆਨ ਦੇਵ' ਦੇ ਨਾਲ ਲਿਵ ਵਿਚ ਰੱਖਣ ਦੀ ਗੰਢ ਪਾਉਂਦੇ ਹਨ। ਜੋ ਆਪਣੇ ਧਿਆਨ ਤੋਂ ਉੱਖੜਦੇ ਹਨ ਉਨ੍ਹਾਂ ਦੇ ਧਿਆਨ ਵਿਚ, ਜੋ ਓਪਰੀ ਸ਼ੈ ਵਾਸਾ ਪਾਉਂਦੀ ਹੈ, ਦੁਖ ਦੇਂਦੀ ਹੈ; ਕਿਉਂਕਿ ਸਿਵਾ ਉਸ ਆਪਣੇ ਉੱਚੇ ਠੰਢੇ ਧਿਆਨ ਦੇ ਹੋਰ ਤੋਂ ਠੰਢ ਨਹੀਂ ਲੱਭਦੀ। ਇਸ ਲਈ ਬੇਟਾ! ਸਦਾ ਸਤਿਗੁਰ ਦੀ ਸ਼ਰਨ ਰਹੁ, ਸਤਿਸੰਗ ਦੀ ਓਟ ਵਿਚ ਮਾਣ ਨਾਲ ਸਦਾ ਰਹੁ, ਵਾਹਿਗੁਰੂ ਦੇ ਨਾਮ ਤੇ ਰਸ ਵਿਚ ਵੱਸ ਤੇ ਭੈ, ਭਰਮ, ਮੋਹ ਵੈਰ ਤੋਂ ਸਦਾ ਬਚ। ਸਿਮਰਣ ਵਿਚ ਆ ਕੇ 'ਆਪਣੇ ਅੰਦਰਲੇ ਨੂੰ ਸਦਾ ਉੱਚਾ ਰੱਖੀਏ'। ਇਹ ਹੰਕਾਰ ਨਹੀਂ, ਇਹ ਅਸਲੀ ਉਚਯਾਣ ਹੈ ਜੋ ਨਾਮ ਨਾਲ ਆਉਂਦੀ ਹੈ। ਮਨ ਉੱਚਾ ਰਹੇ ਤਾਂ ਦੂਏ ਦੇ ਦਬਾ ਹੇਠ ਨਹੀਂ ਆਉਂਦਾ।

ਹੁਣ ਸੁਭਾਗ ਵੱਲ ਤਾਂ ਹੋ ਗਈ ਸੀ, ਉਹ ਜੋ ਮਨ ਹਿੱਲ ਗਿਆ ਸੀ ਟਿਕ ਬੀ ਗਿਆ ਸੀ, ਪਰ ਬਾਬਾ ਚਾਹੁੰਦਾ ਸੀ ਕਿ ਜਿਸ ਗੱਲ ਨਾਲ ਬੱਚੀ ਡਰੀ ਸੀ ਉਹ ਗਲ ਇਹ ਸੁਣਾਵੇ ਤਾਂ ਇਹ ਪੂਰੀ ਰਾਜ਼ੀ ਹੋਵੇ। ਡੂੰਘੀ ਸੱਟ ਮਾਰਨ ਵਾਲੇ ਭੈ ਜਦ ਖਾ ਜਾਈਦੇ ਹਨ ਤਾਂ ਓਹ ਅੰਦਰ ਧਸ ਜਾਂਦੇ ਹਨ ਡੂੰਘੇ ਥਾਂ। ਤੇ ਕਈ ਵੇਰ ਓਹ ਗੱਲ ਭੁੱਲ ਜਾਈਦੀ ਹੈ, ਪਰ ਜੋ ਸੱਟ ਵੱਜੀ ਸੀ ਉਹ ਮਨ ਦੇ ਡੂੰਘੇ ਪਰਤ ਵਿਚ ਕੋਈ ਹਿਲਾਉ ਦਾ ਅਸਰ ਛੱਡ ਜਾਂਦੀ ਹੈ। ਇਸ ਤਰ੍ਹਾ ਗਸ਼ਾਂ ਤੇ ਦੰਦਣਾ ਪੈਣ ਆਦਿਕ ਦੀਆਂ ਬੀਮਾਰੀਆਂ ਹੋ ਜਾਂਦੀਆਂ ਹਨ। ਜੇ ਕਿਸੇ ਤਰ੍ਹਾਂ ਉਹ ਗੱਲ, ਜਿਸ ਨਾਲ ਅੰਦਰ ਸੱਟ ਵੱਜੀ ਸੀ, ਚੇਤੇ ਆ ਜਾਵੇ ਤੇ ਉਹ ਗੱਲ ਕਿਸੇ ਦਰਦੀ ਨਾਲ ਕਰ ਲਈਏ ਤਾਂ ਓਹ ਰੋਗ ਬਿਨ ਦਵਾ ਹੀ ਵੱਲ ਹੋ ਜਾਂਦੇ ਹਨ। ਬਾਬਾ ਜਾਣੂ ਸੀ ਇਸ ਭੇਤ ਦਾ। ਉਹ ਚਾਹੁੰਦਾ ਸੀ ਕਿ ਕਾਕੀ ਜ਼ਰਾ ਜ਼ੋਰ ਪਾ ਲਵੇ ਤਾਂ ਉਹ ਗੱਲ ਪੁੱਛਾਂ। ਕਾਕੀ ਨੂੰ ਅਜੇ ਗਲ ਭੁੱਲੀ ਬੀ ਨਹੀਂ ਹੋਣੀ, ਦੱਸ ਬੀ ਛੇਤੀ ਸਕੂ ਤੇ ਦੱਸਦੇ ਸਾਰ ਹਲਕੀ ਬੀ ਹੋ ਜਾਊਗੀ। ਨਾਲੇ ਦੱਸਣ ਨਾਲ ਅਗੋਂ ਲਈ ਤਕੜਿਆਂ ਰਹਿਣ ਦੀ ਮੱਤ ਦੇਣ ਦਾ ਸਮਾਂ ਬੀ ਹੋਵੇਗਾ, ਪਰ ਬਾਬੇ ਦੀ ਸਿੰਘਣੀ ਡਰਦੀ ਸੀ ਕਿ ਮਤੇਂ ਗੱਲ ਚੇਤੇ ਕਰਕੇ ਕਾਕੀ ਨੂੰ ਫੇਰ ਗਸ਼ ਨਾ ਪੈ ਜਾਵੇ। ਬਾਬੇ ਨੇ ਸਿੰਘਣੀ ਨੂੰ ਸਮਝਾ ਦਿਤਾ ਸੀ ਕਿ ਡਰੋ ਨਾ, ਸੁਖ ਹੋਊ। ਫੇਰ ਬਾਬੇ ਨੇ ਬੜੇ ਬਚਵੇਂ ਢੰਗ ਨਾਲ ਕਾਕੀ ਤੋਂ ਗੱਲ ਪੁੱਛੀ।

ਸੁਭਾਗ ਜੀ— ਬਾਬਾ ਜੀ! ਜਦੋਂ ਤੁਸੀਂ ਵਾਂਢੇ ਗਏ ਹੋਏ ਸੀ ਤਾਂ ਮੈਂ ਇਕ ਦਿਨ ਖੂਹ ਤੇ ਗਈ ਤਾਂ ਕੀਹ ਦੇਖਦੀ ਹਾਂ ਕਿ ਧੂਣੀ ਤਪ ਰਹੀ ਹੈ ਅਰ ਉਥੇ ਇਕ ਸਾਧੂ ਬੈਠਾ ਹੈ, ਜੋ ਝਾੜੂ ਬੁਹਾਰੀ ਕਰ ਰਿਹਾ ਹੈ। ਮੈਂ ਜਾਤਾ ਕੋਈ ਮੁਸਾਫਰ ਸਾਧੂ ਆ ਉਤਰਿਆ ਹੈ, ਇਸਨੂੰ ਅੰਨ ਪਾਣੀ ਦੀ ਲੋੜ ਹੋਵੇਗੀ, ਜਾ ਪੁੱਛਾਂ। ਇਹ ਚਾਉ ਲੈ ਕੇ ਮੈਂ ਅੱਗੇ ਹੋਈ ਤਾਂ ਮੈਂ ਕੀ ਪਛਾਤਾ ਕਿ ਇਹ ਉਨ੍ਹਾਂ ਬਾਲਕਿਆਂ ਵਿੱਚੋਂ ਇਕ ਹੈ ਜੋ ਮਾਂਡਵੀ ਵਿਚ ਓਸ ਮਾਂਦ੍ਰੀ ਦੇ ਦੁਆਲੇ ਝੁਰਮਟ ਪਾਏ ਹੁੰਦੇ ਸਨ। ਇਹ ਪਛਾਣ ਕੇ ਮੇਰੇ ਸਾਰੇ ਸਰੀਰ ਵਿਚ ਇਕ ਝਰਨਾਟ ਛਿੜੀ ਤੇ ਕੰਬਣ ਲਗ ਗਈ। ਮੈਨੂੰ ਉਹ ਸਮਾਂ ਅੱਖਾਂ ਅੱਗੇ ਆ ਗਿਆ ਜਦੋਂ ਮੈਂ ਪਤੀ ਦੇ ਦੇਸ਼ ਦਾ ਰਾਹ ਪੁੱਛਣ ਜਾਂਦੀ ਸਾਂ। ਮੈਨੂੰ ਪਤੀ ਦਾ ਮਰਨਾ ਯਾਦ ਆ ਗਿਆ, ਮੇਰੀਆਂ ਅੱਖਾਂ ਅਗੇ ਮਾਂ ਪਿਉ ਭਰਾ ਫਿਰ ਗਏ। ਮੈਨੂੰ ਆਪਣਾ ਉੱਠ ਨੱਸ਼ਣਾ ਤੇ ਪਹਾੜ ਤੋਂ ਪਾਣੀ ਦੇ ਗਿੜ ਗਿੜਾਂਦੇ ਝਰਨੇ ਕੋਲ ਬੈਠਣਾ ਤੇ ਮਾਂਦ੍ਰੀ ਦਾ ਧ੍ਰੋਹ ਯਾਦ ਆ ਗਿਆ। ਸਿਰ ਚਕ੍ਰਾ ਗਿਆ ਤੇ ਪੈਰ ਆਖਾ ਮੰਨਣੋਂ ਰਹਿ ਗਏ। ਮੈਂ ਬੜਾ ਜ਼ੋਰ ਲਾਇਆ ਕਿ ਘਰ ਨੂੰ ਮੁੜ ਪਵਾਂ ਪਰ ਪੈਰ ਕੰਬਣ ਤੇ ਖਿੜਕਣੇ। ਕਿਸੇ

ਡਾਢੇ ਡਰ ਹੇਠ ਮੈਨੂੰ ਇਹ ਘਰ, ਮਾਂ, ਵੀਰ, ਤੁਸੀਂ ਤਾਰਨਹਾਰ, ਡੁਬਦੇ ਨੂੰ ਤਾਰਨਹਾਰ ਮਹਾਂਪੁਰਖਾਂ ਦਾ ਪਿਆਰਾ ਆਸਰਾ ਵਿਸਰ ਗਿਆ, ਗੁਰੂ ਦਾ ਪਿਆਰ ਤੇ ਵਾਹਿਗੁਰੂ ਦਾ ਪ੍ਰੇਮ ਭੁੱਲ ਗਿਆ! ਨਾਮ ਦਾ ਮੈਨੂੰ ਥਹੁ ਨਹੀਂ ਰਿਹਾ, ਪਤਾ ਨਹੀਂ ਕੀ ਹੋਇਆ। ਕਾਰਨ ਇਹ ਸੀ ਕਿ ਉਚੇ ਉਚੇ ਬੂਟਿਆਂ ਵਿਚ ਦੀ, ਮੈਨੂੰ ਦੂਰੋਂ ਉਸੇ ਮਾਂਦ੍ਰੀ ਦੀ ਸੂਰਤ ਦਿੱਸੀ ਜਿਸ ਮੇਰੇ ਨਾਲ ਧ੍ਰੋਹ ਕੀਤਾ ਸੀ। ਮੈਂ ਦੋਹਾਂ ਹੱਥਾਂ ਨਾਲ ਮੂੰਹ ਨੂੰ ਘੁੱਟਿਆ, ਪਰ ਚੀਕ ਨਿਕਲ ਗਈ ਤੇ ਫੇਰ ਮੈਨੂੰ ਪਤਾ ਨਹੀਂ ਰਿਹਾ ਕਿ ਕੀਹ ਹੋਇਆ।

ਹੁਣ ਇਸ ਤੋਂ ਅੱਗੇ ਦੀ ਵਿਥਿਆ ਘਰ ਦਿਆਂ ਨੂੰ ਮਲੂਮ ਸੀ ਕਿ ਕਿਸੇ ਨੇ ਪਿੰਡ ਆ ਕੇ ਖ਼ਬਰ ਦਿੱਤੀ ਕਿ ਖੂਹ ਤੋਂ ਗੋਲੀ ਕੁ ਦੀ ਵਾਟ ਉਤੇ ਸਣਕੁਕੜੇ ਦੇ ਖੇਤ ਵਿਚ ਸੁਭਾਗ ਬੇਸੁੱਧ ਪਈ ਹੈ। ਇਹ ਸੁਣਕੇ ਵੀਰ ਤੇ ਮਾਂ ਨੇ ਜਾਕੇ ਮੰਜੇ ਤੇ ਪਾ ਕੇ ਚੁਕਵਾ ਕੇ ਘਰ ਆਂਦੀ ਸੀ। ਮਾਂਦ੍ਰੀ ਦੀ ਗੱਲ ਵੀ ਪਿੰਡ ਵਿਚ ਹੁੱਲੀ ਸੀ ਕਿ ਕੋਈ ਦੋ ਸਾਧੂ ਖੂਹ ਤੇ ਆ ਟਿਕੇ ਹਨ ਅਰ ਉਹ ੨੧ ਜੋਤਾਂ ਦਾ ਦਰਸ਼ਨ ਕਰਵਾਉਂਦੇ ਹਨ, ਪਰ ਫੇਰ ਪਤਾ ਨਹੀਂ ਲੱਗਾ ਕਿ ਉਹ ਕਿਧਰ ਗਏ। ਅਗਲੇ ਦਿਨ ਧੂਣੀ ਬਾਕੀ ਸੀ ਤੇ ਧੂਣਨ-ਹਾਰਿਆਂ ਦਾ ਖੁਰਾ ਖੋਜ ਨਹੀਂ ਸੀ। ਕੋਈ ਆਖਦਾ ਸੀ ਕਿ ਉਨ੍ਹਾਂ ਨੂੰ ਸਿਪਾਹੀ ਫੜ ਕੇ ਲੈ ਗਏ ਹਨ ਅਤੇ ਕੋਈ ਆਖਦਾ ਸੀ ਕਿ ਉਹ ਸੂਹੀਏ ਸਨ ਤੇ ਕਿਸੇ ਦੇ ਮਗਰ ਫਿਰ ਰਹੇ ਸਨ, ਕੋਈ ਸੂਹ ਪੈ ਜਾਣ ਕਰਕੇ ਸੂਹ ਦੇ ਮਗਰ ਨੱਸ ਗਏ ਹਨ।

ਬਾਬੇ ਨੂੰ ਸੋਝੀ ਆ ਗਈ ਕਿ ਸੁਭਾਗ ਦਾ ਇੱਡਾ ਬੁਰਾ ਹਾਲ ਕਿਉਂ ਹੋਇਆ? ਉਸਨੇ ਸਮਝਿਆ ਕਿ ਬੰਦਾ ਅਖੀਰ ਬੰਦਾ ਹੈ ਤੇ ਮਨ ਜਿਥੋਂ ਕਦੇ ਭੈ ਹੇਠ ਆ ਚੁਕਾ ਹੈ ਤੇ ਧ੍ਰੋਹ ਨਾਲ ਸੱਟ ਖਾ ਚੁੱਕਾ ਹੈ ਕਿਸੇ ਅਚਾਨਕਤਾ ਵਿਚ ਆਕੇ ਫੇਰ ਭੈ ਦੀ ਸੱਟ ਖਾ ਜਾਂਦਾ ਹੈ। ਪਰ ਜਿੱਥੇ 'ਘੜੀਐ ਸਬਦੁ ਸਚੀ ਟਕਸਾਲ॥' ਓਥੇ ਭੈ ਕਿਉਂ ਆਵੇ? ਸੋ ਫੇਰ ਸੁਭਾਗ ਜੀ ਨੂੰ ਸਮਝਾਉਣ ਲੱਗਾ ਕਿ:-

ਦੇਖੋ! ਜਿਨ੍ਹਾਂ ਮਹਾਂਪੁਰਖਾਂ, ਅਗੰਮੀ ਲੋਕਾਂ ਨੇ ਤੁਸਾਂ ਨੂੰ ਦਰਯਾ ਵਿਚੋਂ ਕਢਿਆ ਸੀ, ਉਨ੍ਹਾਂ ਨੇ ਕੀ ਮੱਤ ਦਿੱਤੀ ਸੀ? ਤੁਸੀਂ ਇਸ ਅਸਗਾਹ ਸੰਸਾਰ ਪਰ ਨਾਮ ਦੀ ਟੇਕ ਧਾਰਕੇ ਆਪਣੇ ਆਪ ਨੂੰ ਕਦੇ ਇਕੱਲਿਆਂ ਨਾ ਸਮਝੋ, ਤੁਹਾਡੇ ਅੰਦਰ ਤੁਸਾਡਾ ਧਰਮ ਤੇ ਸੱਚ, ਤੁਹਾਡੇ ਸਿਰ ਤੇ ਰੱਬ, ਇਹ ਸਦਾ ਅੰਗ ਸੰਗ ਹੈਨ। ਕਦੇ ਨਾ ਡੋਲੇ।

"ਤੂ ਕਾਹੇ ਡੋਲਹਿ ਪ੍ਰਾਣੀਆ
ਤੁਧੁ ਰਾਖੈਗਾ ਸਿਰਜਣਹਾਰੁ॥"

ਫਿਰ ਤੁਸਾਂ ਡੋਲ ਖਾਧੀ। ਤੁਹਾਡੀ ਸੁਰਤ ਤੇ ਸਰੀਰ ਦੋਹਾਂ ਨੂੰ ਧੱਕਾ ਲੱਗਾ ਤੇ ਡਾਢਾ ਧੱਕਾ ਲੱਗਾ, ਮਾਨੋਂ ਮੌਤ ਦੇ ਮੂੰਹੋਂ ਹੌਕੇ ਮੁੜੇ ਹੋ। ਧਰਮ ਤੇ ਧੁਰ ਬੰਨ੍ਹਿਆਂ ਕਰੋ। ਸੁੱਚੀ ਹੀਰਾ ਕਣੀ ਨਾਮ ਦੀ, ਮਹਾਂ-ਪੁਰਖਾਂ ਦੀ ਮਿਹਰ ਨਾਲ ਤੇ ਸਤਿਸੰਗ ਦੇ ਪ੍ਰਤਾਪ ਨਾਲ ਤੁਹਾਡੇ ਮਨ ਵਿਚ ਹੁਣ ਨਿਵਾਸ ਪਾ ਗਈ ਹੈ। ਜਦੋਂ ਹੀ ਤੁਸੀਂ ਆਪਣੇ ਅੰਦਰ ਵੈਰ ਤੇ ਮੋਹ, ਭੈ ਕਿ ਤ੍ਰਿਸ਼ਨਾ, ਕੋਈ ਤ੍ਰਿਖਾ ਭਾਵ ਜੋ ਹਉਮੈ ਦਾ ਹੋਊ ਵਾੜੋਗੇ ਤਾਂ ਆਪ ਨਾਮ ਨਾਲ ਆਪਣੀ ਵਿੱਥ ਪਾ ਲਓਗੇ।

"ਹਉਮੈ ਨਾਵੈ ਨਾਲਿ ਵਿਰੋਧੁ ਹੈ
ਦੁਇ ਨ ਵਸਹਿ ਇਕ ਠਾਇ॥"

ਰੱਬ ਤਾਂ ਨਿਰਭਉ ਹੈ, ਨਿਰਭਉ ਨੂੰ ਭਜਿਆਂ ਸਗਲ ਭੈ ਮਿਟਦਾ ਹੈ, ਪਰ ਜੇ ਅੰਦਰ ਭੈ ਨੂੰ ਥਾਂ ਦਿਓਗੇ ਤਾਂ ਨਾਮ ਕੀਕੂੰ ਟਿਕੇਗਾ? ਤੁਸੀਂ ਕਿਉਂ ਡਰੇ? ਪਾਪੀ ਉਹ ਸੀ, ਜਿਸ ਨੇ ਧ੍ਰੋਹ ਕੀਤਾ ਸੀ। ਸਤਿਗੁਰੂ ਜੀ ਆਖਦੇ ਹਨ:-

ਸੋ ਡਰੈ ਜਿਨਿ ਪਾਪ ਕਮਤੇ ਰਾਮ॥

ਫਿਰ ਆਖਦੇ ਹਨ:-

ਸੋ ਡਰੈ ਜਿ ਪਾਪਿ ਕਮਾਂਵਦਾ ਧਰਮੀ ਵਿਗਸੇਤੁ॥

ਸੋ ਤੁਸਾਂ ਨੂੰ ਵਿਗਸਣਾ ਲੋੜੀਂਦਾ ਸੀ। ਓਹ ਜੇ ਤੁਸਾਂ ਨੂੰ ਪਛਾਣਦਾ ਤਾਂ ਉਸਨੂੰ ਡਰਨਾਂ ਬਣਦਾ ਸੀ, ਕਿਉਂਕਿ ਉਸਨੇ ਪਾਪ ਕਮਾਏ ਸਨ। ਪਰਮੇਸ਼ਰ ਨੇ "ਭਉ" ਨੂੰ ਪਾਪ ਦੀ ਸਜ਼ਾ ਬਣਾਇਆ ਹੈ। "ਵਿਗਸਣ" ਨੂੰ ਧਰਮ ਦਾ ਫਲ ਬਣਾਇਆ ਹੈ।

ਸੁਭਾਗ— ਬਾਪੂ ਜੀ! ਮੈਨੂੰ ਇਹ ਡਰ ਪਿਆ ਕਿ ਹਾਇ! ਇਹ ਪਾਪੀ ਏਥੇ ਵੀ ਮੇਰੇ ਮਗਰ ਆਇਆ ਹੈ, ਖਬਰੇ ਹੁਣ ਕੀ ਕਰੇਗਾ?

ਬਾਬਾ— ਇਹ ਵੀ ਠੀਕ ਨਹੀਂ ਸੀ। ਅੱਗੇ ਤੁਸੀਂ ਆਸਰੇ ਤੋਂ ਸੱਖਣੇ ਸਾਓ, ਤੁਸਾਂ ਨੂੰ ਸਤਿਸੰਗ ਨਹੀਂ ਸੀ ਤਾਂ ਉਹ ਧ੍ਰੋਹ ਕਰ ਗਿਆ। ਹੁਣ ਤੁਸਾਡੇ ਪਾਸ ਨਾਮ ਹੈ, ਸੱਚਾ ਚਾਨਣਾ ਹੈ। ਉਸ ਪਾਪੀ ਨੇ ਹੁਣ


SIKHBOOKCLUB.COM

ਕੀ ਕਰਨਾ ਸੀ, ਉਸਨੇ ਤਾਂ ਆਪ ਥਿੜਕਣਾ ਸੀ। ਪਾਪੀ ਦੇ ਪੈਰ ਖਿੜਕਦੇ ਹਨ, ਬਦਾਂ ਨੂੰ ਕਦੇ ਰਾਜੇ ਨੇ ਤਾਂ ਨਹੀਂ ਫੜਿਆ, ਬਦਾਂ ਨੂੰ ਉਨ੍ਹਾਂ ਦੀ ਬਦੀ ਨਿਰਬਲ ਕਰ ਦੇਂਦੀ ਹੈ ਤੇ ਉਹ ਨਿਰਬਲਤਾਈ ਉਨ੍ਹਾਂ ਨੂੰ ਫੜਾ ਦੇਂਦੀ ਹੈ। ਧਰਮੀ ਤਾਕਤ ਵਿਚ ਵਸਦੇ ਹਨ ਤੇ ਪਾਪੀ ਨਿਰਬਲ ਹੋ ਜਾਂਦੇ ਹਨ। ਜੇ ਕਦੇ ਉਸਨੂੰ ਪਤਾ ਲਗਦਾ ਕਿ ਤੁਸੀ ਏਥੇ ਹੋ ਤਾਂ ਉਹ ਉੱਠ ਨੱਸਦਾ। ਕੀਹ ਜਾਣੀਏ ਉਸਦੇ ਛੇਤੀ ਜਾਣ ਦਾ ਇਹੋ ਕਾਰਣ ਹੀ ਹੋਵੇ ਕਿ ਉਸ ਤੁਹਾਨੂੰ ਸਿੰਞਾਤਾ ਹੋਵੇ ਤੇ ਆਪਣੀ ਕਰਤੂਤ ਦਾ ਭੈ ਖਾਕੇ ਭੱਜ ਗਿਆ ਹੋਵੇ। ਪਰ ਪੱਕ ਜਾਣੋਂ, ਉਸਦੇ ਪਾਪ ਉਸਨੂੰ ਕੰਬਾਉਂਦੇ ਹੋਣਗੇ। ਪਾਪੀ ਕਦੇ ਸੁਖੀ ਨਹੀਂ। ਜੋ ਦੁੱਖ ਦੇਂਦਾ ਹੈ ਦੁੱਖ ਦਾ ਬੀਜ 'ਭੈ' ਆਪਣੇ ਅੰਦਰ ਬੀਜ ਲੈਂਦਾ ਹੈ, ਜੋ ਕਦੇ ਛੇਤੀ, ਕਦੇ ਚਿਰਾਕਾ ਵਧ ਵਧਕੇ ਬ੍ਰਿੱਛ ਬਣ ਜਾਂਦਾ ਹੈ। ਸੁਰਤ ਤੇ ਸਰੀਰ ਦੀ ਕਮਜ਼ੋਰੀ ਇਹ ਫਲ ਉਸਨੂੰ ਲਗਦੇ ਹਨ। ਤਕੜੀ ਹੋ, ਕਾਕੀ! ਸ਼ੇਰ ਬਾਬਲ ਦੀ ਬੇਟੀ ਹੋਕੇ ਗਿੱਦੜਾਂ ਤੋਂ ਡਰ ਗਈ?

ਇਹ ਕਹਿਕੇ ਬਾਬਾ ਹੱਸ ਪਿਆ ਤੇ ਤਾੜੀ ਮਾਰ ਦਿੱਤੀ ਤੇ ਵੀਰ ਮਾਂ ਵੀ ਹੱਸ ਪਏ। ਸੁਭਾਗ ਦੇ ਸਰੀਰ ਵਿਚ ਲਹੂ ਨੇ ਜ਼ੋਰ ਦਾ ਗੇੜਾ ਲਾਇਆ ਤੇ ਅੰਦਰਲੇ ਨੇ ਅਵਾਜ਼ ਦਿੱਤੀ ਕਿ ਹੁਣ ਜੇ ਮਾਂਦ੍ਰੀ ਆ ਜਾਵੇ ਤਾਂ ਉਸ ਨਾਲ ਤਾੜ ਤਾੜ ਗੱਲਾਂ ਕਰਾਂ, ਕਦੇ ਨਾਂ ਡਰਾਂ ਭਾਵੇਂ ਉਹ ਡਰ ਡਰ ਪਿਆ ਮਰੇ।

* * * * *

ੜ.

ਥਿਰੁ ਨਾਰਾਇਣੁ ਥਿਰੁ ਗੁਰੂ ਥਿਰੁ ਸਾਚਾ ਬੀਚਾਰੁ॥

ਇਸ ਗਲ ਨੂੰ ਬੀਤਿਆਂ ਥੋੜੇ ਹੀ ਦਿਨ ਹੋਏ ਸਨ ਕਿ ਇਕ ਮੁਸਾਫਰ ਧਰਮਸਾਲਾ ਆਣ ਉਤਰਿਆ। ਇਸ ਦਾ ਕੱਦ ਲੰਮੇਰਾ ਜਿਹਾ, ਸਰੀਰ ਪਤਲਾ ਜਿਹਾ ਸੀ ਤੇ ਚਿਹਰੇ ਪਰ ਭੀ ਲਿੱਸਾਪਨ ਸੀ। ਇਸਦੇ ਪਾਸ ਕੁਛ ਦਵਾਈਆ ਪਾਣੀ ਵਰਗੀਆਂ ਸਨ ਤੇ ਇਹ ਉਨਹਾਂ ਦਵਾਈਆਂ ਮੁਫਤ ਦੇਂਦਾ ਸੀ ਅਤੇ ਆਖਦਾ ਸੀ ਕਿ ਕਿਸੇ ਮਦਰੱਸੇ ਦਾ ਮਾਸਟਰ ਹਾਂ, ਹੁਣ ਦੋ ਮਹੀਨੇ ਗਰਮੀ ਦੀਆਂ ਛੁੱਟੀਆਂ ਹਨ ਤੇ ਪਰਉਪਕਾਰ ਵਾਸਤੇ ਘਰੋਂ ਨਿਕਲਿਆਂ ਹਾਂ, ਜਿਸ ਕਿਸੇ ਨੂੰ ਦਵਾ ਦੀ ਲੋੜ ਹੋਵੇ, ਮੇਰੇ ਪਾਸੋਂ ਲਵੇ। ਇਹ ਸੱਜਣ ਚਾਰ ਦਿਨ ਰਿਹਾ ਪਰ ਪਿੰਡ ਵਿਚੋਂ ਕੋਈ ਦਵਾ ਲੈਣ ਨਾ ਆਇਆ। ਇਸ ਨੂੰ ਹੈਰਾਨੀ ਹੋਈ ਕਿ ਕੋਈ ਏਥੇ ਬੀਮਾਰ ਨਹੀਂ ਕਿ ਲੋਕੀਂ ਮੈਥੋਂ ਡਰਦੇ ਹਨ! ਫਿਰ ਇਹ ਵੇਖੇ ਕਿ ਲੋਕੀਂ ਸਵੇਰੇ ਆਸਾ ਦੀ ਵਾਰ ਲਾਉਂਦੇ ਹਨ, ਸੰਝ ਨੂੰ ਸੋਦਰ ਰਹਿਰਾਸ ਦਾ ਦੀਵਾਨ ਸੱਜਦਾ ਹੈ; ਮੁਸਲਮਾਨ ਬੀ ਨਮਾਜ਼ ਪੜ੍ਹਦੇ ਹਨ ਤੇ ਕਈ ਵੇਰ ਧਰਮਸਾਲਾ ਆ ਕੇ ਕੀਰਤਨ ਬੀ ਸੁਣਦੇ ਹਨ। ਇਹ ਸੋਚੇ ਕਿ ਮੈਨੂੰ ਭੀ ਧਰਮਸਾਲਾ ਤੋਂ ਆਦਰ ਨਾਲ ਦੋਨੋਂ ਵੇਲੇ ਪ੍ਰਸ਼ਾਦਾ ਮਿਲ ਜਾਂਦਾ ਹੈ, ਪਰ ਹੋਰਨੀਂ ਪਿੰਡੀਂ ਜਿਸ ਤਰ੍ਹਾਂ ਮੇਰੀ ਪੁੱਛ ਹੋਈ ਸੀ ਏਥੇ ਨਹੀਂ ਹੋਈ। ਇਸ ਹੈਰਾਨੀ ਵਿਚ ਇਸਨੂੰ ਇਹ ਥਹੁ ਬੀ ਪੈ ਗਿਆ ਕਿ ਪਿੰਡ ਵਿਚ ਇਕ ਆਦਮੀ ਹੈ, ਜੀਹਦਾ ਲੋਕ ਬੜਾ ਆਦਰ ਰੱਖਦੇ ਹਨ ਤੇ ਬਾਬਾ ਕਰਕੇ ਕਹਾਉਂਦੇ ਹਨ। ਹੋਵੇ ਨਾ ਤਾਂ ਇਸਨੂੰ ਪੁੱਛੀਏ, ਨਹੀਂ ਤਾਂ ਅੱਗੇ ਕੂਚ ਕਰੀਏ। ਇਹ ਵਿਚਾਰ ਕੇ ਇਸਨੇ ਬਾਬਾ ਜੀ ਨੂੰ ਇਕ ਦਿਨ ਇਕੱਲਾ ਵੇਖਕੇ ਆਖਿਆ:-

ਬਾਬਾ ਜੀ! ਮੈਂ ਆਪ ਨਾਲ ਕੁਛ ਗੱਲਾਂ ਕਰਨੀਆਂ ਹਨ।

ਬਾਬਾ ਜੀ (ਘੂਰ ਕੇ ਤੱਕ ਕੇ)— ਚੰਗਾ ਜੀ, (ਮੁਸਕ੍ਰਾਕੇ) ਜੰਮ ਜੰਮ ਕਰੋ।

ਮੁਸਾਫਰ— ਮੈਂ ਦੁਵਾਵਾਂ ਲੈ ਕੇ ਪਰ-ਸੁਆਰਥ ਲਈ ਚਾਰ ਪੰਜ ਦਿਨਾਂ ਤੋਂ ਏਥੇ ਆਇਆ ਹੋਇਆ ਹਾਂ, ਪਰ ਏਥੇ ਕਿਸੇ ਨੇ ਲਾਭ ਨਹੀਂ ਉਠਾਇਆ। ਸ਼ਾਇਦ ਲੋਕੀਂ ਡਰਦੇ ਹਨ ਕਿ ਇਹ ਡਾਕਟਰ ਹੈ ਮਤੇ ਫੀਸਾਂ ਮੰਗੇ। ਮੈਂ ਤਾਂ ਸਕੂਲ ਮਾਸਟਰ ਹਾਂ ਤੇ ਪਰ-ਸੁਆਰਥ ਲਈ ਆਇਆ ਹਾਂ। ਮੇਰੇ ਦਾਰੂ ਡਾਕਟਰੀ ਨਹੀਂ, ਇਹ ਇਕ ਨਵੀਂ ਕਾਢ ਹੈ, ਜਿਸਨੂੰ ਹੋਮਿਓਪੈਥੀ ਆਖਦੇ ਹਨ। ਏਹ ਦਵਾਵਾਂ ਬੜੀਆਂ ਬੇਖ਼ਤਰ ਹਨ, ਨਾ ਗਰਮ ਹਨ ਨਾ ਸਰਦ, ਭੁੱਲਕੇ ਬਹੁਤੀ ਪੀ ਹੋਵੇ ਤਾਂ ਹਾਨੀ ਕੁਛ ਨਹੀਂ, ਲਾਭ ਹੀ ਲਾਭ ਹੈ। ਫੀਸ ਤੇ ਮੁੱਲ ਮੈਂ ਲੈਣਾ ਨਹੀਂ, ਫਿਰ ਕਿਉਂ ਸੰਗ ਹੈ? ਆਓ ਲਾਭ ਉਠਾਓ।

ਬਾਬਾ— ਤੁਸਾਡੀ ਵਾਸ਼ਨਾ ਸ਼ੁਭ ਹੈ, ਪਰ ਅੱਜ ਕੱਲ ਪਿੰਡ ਵਿਚ ਮੇਰੀ ਜਾਚੇ ਬੀਮਾਰ ਕੋਈ ਨਹੀਂ, ਜੇ ਹੁੰਦਾ ਤਾਂ ਆਪ ਪਾਸ ਆ ਹੀ ਜਾਂਦਾ।

ਮੁਸਾਫਰ (ਅੱਖਾਂ ਫੇਰ ਕੇ)— ਅਚਰਜ ਹੈ, ਘਰ ਘਰ ਬੀਮਾਰੀ ਹੈ, ਪਿੰਡ ਪਿੰਡ ਰੋਗ ਹੈ, ਏਥੇ ਸਾਰਾ ਪਿੰਡ ਰਾਜ਼ੀ ਹੈ।

ਬਾਬਾ— (ਖੰਘੂਰ ਕੇ) ਤੁਸੀਂ ਪੁੱਛ ਲਓ ਮਤੇ ਕੋਈ ਹੋਵੇ। ਮੈਂ ਤਾਂ ਸਾਧਾਰਨ ਗੱਲ ਆਖੀ ਹੈ ਕਿ ਜੇ ਕੋਈ ਰੋਗੀ ਹੁੰਦਾ ਤਾਂ ਆ ਹੀ ਜਾਂਦਾ।

ਮੁਸਾਫਰ— ਏਥੇ ਕੀਹ ਕੋਈ ਜੀਵਨ ਬੂਟੀ ਖਾਂਦੇ ਹਨ?

ਬਾਬਾ— ਕੁਛ ਹੈ ਹੀ ਗਲ। ਖੁੱਲੀ ਸੱਜਰੀ ਹਵਾ ਭੱਖਦੇ ਹਨ। ਸਾਫ ਸੁਥਰੇ ਉੱਚੀਆਂ ਮਣਾਂ ਵਾਲੇ ਤੇ ਛੱਤੇ ਖੂਹਾਂ ਦਾ ਪਾਣੀ ਪੀਂਦੇ ਹਨ। ਜਦ ਤੋੜੀ ਭੁੱਖ ਨਾ ਲੱਗੇ ਖਾਂਦੇ ਨਹੀਂ। ਅਜੇ ਭੁੱਖ ਕੁਛ ਹੁੰਦੀ ਹੈ ਤਾਂ ਚੁਲਾ ਕਰ ਲੈਂਦੇ ਹਨ। ਸ਼ਰਾਬ ਦੀ ਹੱਟੀ ਅਸਾਂ ਪਿੰਡੋਂ ਉਠਵਾ ਦਿੱਤੀ ਹੈ, ਬਰਫ, ਸੋਡੇ ਤੇ ਚਾਹਾਂ ਏਥੇ ਹੁੰਦੇ ਹੀ ਨਹੀਂ। ਸਿਲ੍ਹਾਬਾ ਤੇ ਚਿੱਕੜ ਵਾਲੇ ਥਾਂ ਅਸਾਂ ਰਹਿਣ ਨਹੀਂ ਦਿੱਤੇ। ਗਲੀਆਂ ਸਾਡੀਆਂ ਖੁੱਲ੍ਹੀਆਂ ਤੇ ਸੁਥਰੀਆਂ ਹਨ। ਕਮਾਮ ਸਾਡੇ ਸਖਤ ਹਨ, ਸਿਰ ਤੋਂ ਮੁੜ੍ਹਕਾ ਚੋ ਕੇ ਪੈਰਾਂ ਤਕ ਜਾਂਦਾ ਹੈ ਤਾਂ ਸਾਨੂੰ ਟੁੱਕ ਲੱਝਦਾ ਹੈ। ਖਾਣਾ ਸਾਡਾ ਕਣਕ, ਦੁੱਧ, ਲੱਸੀ ਤੇ ਗੁਰੂ ਦੇਵੇ ਤਾਂ ਮੱਖਣ ਹੈ। ਕਣਕ ਸੁੱਖ ਹੋਵੇ ਤਾਂ ਮੱਕੀਆਂ, ਛੋਲੇ। ਵੱਸਦੇ ਅਸੀਂ ਪਿਆਰ ਵਿਚ ਹਾਂ। ਕਚਹਿਰੀ ਕਦੇ ਗਏ ਨਹੀਂ। ਕਮਾਈਆਂ ਸਾਡੀਆਂ ਮੁਨਸ਼ੀਆਂ, ਮੁਸੱਦੀਆਂ, ਵਕੀਲਾਂ ਤੇ ਵੱਢੀ ਖੋਰੇ ਅਫਸਰਾਂ ਨੂੰ ਜਾਂਦੀਆਂ ਨਹੀਂ, ਸਾਡੇ ਘਰੀਂ ਰਹਿੰਦੀਆਂ ਹਨ। ਸੋ ਭਾਵੇਂ ਅਮੀਰੀ ਨਹੀਂ, ਪਰ ਤੰਗੀ ਤੋਟਾ ਸਾਨੂੰ ਸਾਈ ਨਹੀਂ ਦਿਖਾਉਂਦਾ। ਕਿਸੇ ਦਾ ਵਧੇ ਘਟੇ ਤਾਂ ਅਸੀਂ ਰਲ ਵਰਤਦੇ ਹਾਂ। ਸਿੱਖਾਂ ਦਾ ਪਿੰਡ ਹੈ, ਪਰ ਜਿੰਨੇ ਹਿੰਦੂ ਮੁਸਲਮਾਨ ਵੱਸਦੇ ਹਨ, ਸਾਰੇ ਆਪੋ ਵਿਚ ਮੋਹ ਪਿਆਰ ਨਾਲ ਵਰਤਦੇ ਹਨ। ਦੁਖ ਸੁਖ ਸਾਂਝੇ ਹਨ ਸਾਡੇ ਸਭਨਾਂ ਦੇ। ਡੰਗਰ ਬੰਨ੍ਹਣ ਤੇ ਰੂੜੀਆਂ ਗੋਹਿਆਂ ਦੀ ਸਾਨੂੰ ਜਾਚ ਘੱਟ ਸੀ, ਸੋ ਇਕ ਡਾਕਟਰ ਸਾਡਾ ਬੇਲੀ ਹੈ, ਉਹ ਸਾਨੂੰ ਡੰਗਰਾਂ ਦੇ ਕੋਠੇ ਕੀਕੂੰ ਦੇ ਹੋਣ, ਗੋਹਾ ਕੀਕੂੰ ਸਾਂਭੀਏ ਤੇ ਅਰੂੜੀ ਕੀਕੂੰ ਬਣਾਈਏ, ਐਸੀਆਂ ਗੱਲਾਂ ਸਿਖਾ ਗਿਆ ਹੈ ਕਿ ਭੈੜੀਆਂ ਮੁਸ਼ਕਾਂ ਵੀ ਪਿੰਡ ਦੇ ਲਾਗ ਨਹੀਂ ਰਹੀਆਂ। ਛੱਪੜ ਸਾਡਾ ਸਾਫ ਹੈ ਤੇ ਪਾਣੀ ਖੜੋ ਕੇ ਤ੍ਰੱਕਣ ਦੇ ਥਾਂ ਅਸਾਂ ਪੂਰ ਲਏ ਹਨ। ਹੁਣ ਕਦੇ ਤਪਾਲੀ ਬੀ ਨਹੀਂ ਪਈ ਤੇ ਉਦਰ ਵਿਕਾਰ ਬੀ ਨਹੀਂ ਹੋਏ। ਨਿੱਕੀ ਮੋਟੀ ਲੋੜ ਵਾਸਤੇ ਸਾਡੇ ਪਿੰਡ ਇਕ ਹੱਟੀ ਵਾਲਾ ਹੈ ਹੀ, ਜੋ ਕੁਛ ਹਿੰਗ ਜਵੈਣ ਜੀਰਾ ਵਰਤਣਾ ਜਾਣਦਾ ਹੈ ਤੇ ਜੇ ਡਾਢੀ ਲੋੜ ਪਵੇ ਤਾਂ ਨਾਲ ਦੇ ਪਿੰਡੋਂ ਹਕੀਮ ਸੱਦ ਲਈਦਾ ਹੈ।

ਮੁਸਾਫਰ(ਹੈਰਾਨ ਹੋਕੇ)— ਤੁਸੀਂ ਤਦ ਅਨੋਖੇ ਲੋਕ ਹੋ?

ਬਾਬਾ (ਮੂੰਹ ਚੱਕਕੇ)— ਤੁਸੀਂ ਕੇਹੜੀ ਗਲ ਚੰਗੀ ਸਮਝਦੇ ਹੋ? ਲੋਕੀ ਬੀਮਾਰ ਹੋਣ, ਤੁਸੀਂ ਦਵਾ ਦਿਓ, ਰਾਜ਼ੀ ਹੋਣ ਤੇ ਤੁਹਾਡਾ ਉਪਕਾਰ ਹੋਵੇ? ਕਿ ਲੋਕੀ ਐਉਂ ਰਹਿਣ ਕਿ ਬੀਮਾਰ ਨਾ ਹੋਣ ਤੇ ਤੁਹਾਡੀ ਲੋੜ ਨਾ ਪਵੇ?

ਮੁਸਾਫਰ (ਸੋਚ ਕੇ ਤੇ ਠੋਡੀ ਤੇ ਹੱਥ ਫੇਰ ਕੇ)— ਚੰਗੀ ਗਲ ਤਾਂ ਇਹੋ ਹੈ ਕਿ ਸਾਡੀ ਲੋੜ ਨਾ ਹੀ ਪਵੇ।

ਬਾਬਾ (ਹੱਸ ਕੇ)— ਤਦ ਫੇਰ ਏਥੇ ਤੁਹਾਡਾ ਮਨੋਰਥ ਤੁਹਾਨੂੰ ਖੇਚਲ ਦਿੱਤੇ ਬਿਨਾਂ ਹੀ ਸਿੱਧ ਹੈ, ਤੁਸੀਂ ਏਥੋਂ ਹਸੂੰ ਹਸੂੰ ਕਰਦੇ ਕਿਤੇ ਹੋਰ ਥੇ ਜਾਕੇ ਉਪਕਾਰ ਕਰ ਸਕਦੇ ਹੋ।

ਮੁਸਾਫਰ (ਢਿੱਲੀ ਜੇਹੀ ਵਾਜ ਵਿੱਚ)— ਹਾਂ, ਤੇ ਤੁਸੀਂ ਪੋਥੀ ਅੱਗੇ ਕਿਉਂ ਝੁਕਦੇ ਹੋ?

ਬਾਬਾ (ਧੀਰਜ ਨਾਲ)— ਤੁਹਾਡੇ ਕੰਮ ਦਾ ਇਸ ਗੱਲ ਨਾਲ ਕੀ ਮਤਲਬ ਹੈ?

ਮੁਸਾਫਰ— ਮੈਂ ਬੀ ਪਰਮੇਸ਼ਰ ਦਾ ਹਲਕਾਰਾ ਹਾਂ, ਬੁੱਤਪ੍ਰਸਤੀ ਦੇ ਬਰਖਿਲਾਫ ਹਾਂ ਤੇ ਇਕ ਦਾ ਉਪਾਸਕ ਹਾਂ?

ਬਾਬਾ— ਜੰਮ ਜੰਮ, ਪਰ ਦਵਾਵਾਂ ਨਾਲ ਇਹ ਗੱਲਾਂ ਕਿਉਂ?

ਮੁਸਾਫਰ— ਦਵਾਵਾਂ ਦੇਂਦਾ ਹਾਂ, ਨਾਲ ਪਰਮੇਸ਼ਰ ਦਾ ਧਰਮ ਪ੍ਰਚਾਰ ਕਰਦਾ ਹਾਂ।

ਬਾਬਾ (ਗਹੁ ਕਰਕੇ ਤੱਕਿਆ)— ਹੱਛਾ, ਨਾਲੇ ਤੁਸੀਂ ਉਪਦੇਸ਼ਕ ਹੋ ਨਾਲੇ ਡਾਕਦਾਰ, ਮੈਂ ਜਾਤਾ ਸੀ ਨਿਰੇ ਡਾਕਦਾਰ ਹੋ।

ਮੁਸਾਫਰ— ਡਾਕਦਾਰ ਤਾਂ ਮੈਂ ਨਹੀਂ, ਪਰਉਪਕਾਰ ਕਰਦਾ ਹਾਂ।

ਬਾਬਾ— ਇਹ ਤਾਂ ਮੈਂ ਬੀ ਜਾਣਦਾ ਹਾਂ ਕਿ ਸਾਰੇ ਪਸਾਰੀ ਇਲਾਜ ਭੀ ਕਰ ਲੈਂਦੇ ਹਨ, ਪਰ ਬਿਨਾਂ ਸਿੱਖੇ ਦਵਾ ਦੇਣੀ ਮਾੜਾ ਕੰਮ ਹੈ। ਹੋਣਾ ਸਕੂਲ ਦਾ ਉਸਤਾਦ, ਪੜ੍ਹੇ ਉਹ ਵਿਦਯਾ ਤੇ ਕਮਾਮ ਕਰਨਾਂ ਵਿਦੰਗੀ ਦਾ! ਇਹ ਪਰਮੇਸ਼ਰ ਦੇ ਬੰਦਿਆਂ ਤੇ ਤਰਸ ਨਹੀਂ। ਜਦ ਤਕ ਕਿ ਪੂਰੀ ਵਿਦਯਾ


SIKHBOOKCLUB.COM

ਵਿਦੰਗੀ ਦੀ ਬੰਦਾ ਨਾ ਪਾ ਲਵੇ ਤਦ ਤੋੜੀ ਦਾਰੂ ਨਾ ਕਰੇ, ਨਹੀਂ ਤਾਂ ਭੁੱਲ ਕਰੇਗਾ ਤੇ ਸੁਖ ਦੀ ਥਾਂ ਦੁਖ ਦੇਵੇਗਾ। ਫੇਰ ਨਾਲੇ ਤੁਸੀਂ ਉਪਦੇਸ਼ਕ ਨਿਕਲ ਆਏ ਹੋ। ਦਵਾਵਾਂ ਦੀ ਸਾਨੂੰ ਜੀਕੂੰ ਲੋੜ ਨਹੀਂ ਉੱਕਰ ਉਪਦੇਸ਼ ਦੀ ਬੀ ਲੋੜ ਨਹੀਂ। ਅਸੀਂ ਠੁੱਲੇ ਲੋਕ ਹਾਂ, ਦਿਹਾੜੀ ਭਰ ਲਹੂ ਪਾਣੀ ਇਕ ਕਰਦੇ ਹਾਂ ਤਾਂ ਟੁੱਕ ਕਮਾਉਂਦੇ ਹਾਂ, ਸਾਡੇ ਪਾਸ ਸਮਾਂ ਕਿੱਥੇ ਭਈ ਦਲੀਲ ਬਾਜ਼ੀਆਂ ਤੇ ਪਏ ਲਾਈਏ। ਸਾਨੂੰ ਇਕ ਪਿਆਰ ਕਰਨ ਵਾਲੇ ਸਾਡੀਆਂ ਸੁਣਨ ਵਾਲੇ ਰੱਬ ਦੀ ਲੋੜ ਹੈ, ਸੋ ਸਾਨੂੰ ਸੋਝੀ ਹੈ ਕਿ 'ਹੈ'। ਸਾਨੂੰ ਇਕ ਮਿਹਰਾਂ ਕਰਕੇ ਬੱਚਿਆਂ ਵਾਂਗ ਪਿਆਰਨ ਵਾਲੇ ਰਹਿਬਰ ਦੀ ਲੋੜ ਹੈ, ਸੋ ਗੁਰੂ ਨਾਨਕ ਸਾਡਾ ਹੈ। ਸਾਨੂੰ ਸਾਡੀ ਬੋਲੀ ਵਿਚ ਸਾਡੇ ਪਾਸ ਅੰਗ-ਸੰਗ ਰਹਿਣ ਵਾਲੇ ਗਿਆਨ ਦੀ ਲੋੜ ਹੈ, ਸੋ ਸਾਡੇ ਪਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਸਾਨੂੰ ਇਕ ਗੁਰਮੁਖ ਦੀ ਲੋੜ ਹੈ ਜਿਸਨੂੰ ਪਰਮਾਰਥ ਦੇ ਰਾਹ ਦੀ ਅਮਲੀ ਸੋਝੀ ਹੋਵੇ ਸੋ ਸਾਨੂੰ ਸਾਈਂ ਨੇ ਬਖਸ਼ਿਆ ਹੋਇਆ ਹੈ। ਬਾਕੀ ਰਹਿ ਗਿਆ ਮਿੱਤ੍ਰਾ! ਸਾਡਾ ਅਮਲ, ਸੋ ਅਸੀਂ ਜਤਨ ਕਰ ਰਹੇ ਹਾਂ ਕਿ ਅਸੀਂ

ਕਿਰਤ ਕਰੀਏ,
ਵੰਡ ਛਕੀਏ ਤੇ
ਨਾਮ ਜਪੀਏ।

ਮੁਸਾਫਰ (ਘਬਰਾ ਕੇ)— ਪਰ ਏਥੇ ਤੁਸੀਂ ਬੁਤਪ੍ਰਸਤੀ ਕਰਦੇ ਹੋ, ਪਰ ਮੈਂ ਇਸ ਦੇ ਉਲਟ ਹਾਂ।

ਬਾਬਾ— ਅਸੀਂ ਤਾਂ ਨਹੀਂ ਕਰਦੇ। ਬੁੱਤ ਆਖਦੇ ਹਨ ਬੁੱਧ ਜੀ ਦੀ ਮੂਰਤੀ ਨੂੰ, ਅਸੀਂ ਬੁੱਧ ਦੀ ਮੂਰਤੀ ਨਹੀਂ ਰੱਖੀ ਹੋਈ। ਮੈਨੂੰ ਡਾਕਟਰ ਜੀ ਨੇ ਦੱਸਿਆ ਸੀ ਕਿ ਬੁੱਧ ਦੀਆਂ ਮੂਰਤਾਂ ਵੇਖਕੇ ਅਰਬੀ ਫਾਰਸੀ ਲੋਕਾਂ ਨੇ 'ਬੁੱਤ' ਪਦ ਘੜਿਆ ਸੀ।

ਮੁਸਾਫਰ (ਹੈਰਾਨ ਹੋਕੇ)— ਸ਼ਾਇਦ।

ਬਾਬਾ— ਤੁਸਾਡੀ ਜੇ ਵਹੁਟੀ, ਪੁੱਤ ਕੋਈ ਬੀਮਾਰ ਹੋਵੇ ਤਾਂ ਰੱਬ ਅਗੇ ਦੁਆ ਬੇਨਤੀ ਕਰਦੇ ਹੋ ਕਿ ਵੱਲ ਹੋਵੇ?

ਮੁਸਾਫਰ— (ਹੈਰਾਨ ਹੋਕੇ) ਕਰਦੇ ਹਾਂ।

ਬਾਬਾ— ਫੇਰ ਰੱਬ ਨਾਲੋਂ ਵਹੁਟੀ ਪੁੱਤ੍ਰ ਵਧੀਕ ਪਿਆਰੇ ਹੋਏ ਨਾ? ਨਹੀਂ ਤਾਂ ਜਦ ਤੁਸੀਂ ਰੱਬ ਦੇ ਆਸ਼ਕ ਹੋ ਤਾਂ ਉਸਦੇ ਪਿਆਰ ਵਿਚ ਵੱਸੋ, ਉਸ ਕੋਲੋਂ ਉਸਦਾ ਪਿਆਰ ਮਿਲਾਪ ਮੰਗੋ ਤੇ ਵਹੁਟੀ ਪੁਤਰ ਲਈ ਉਸ ਅਗੇ ਬੇਨਤੀਆਂ ਕਿਉਂ ਕਰੋ?

ਮੁਸਾਫਰ— ਮੈਂ ਨਹੀਂ ਸਮਝਿਆ।

ਬਾਬਾ— ਜਿਸ ਤਰ੍ਹਾਂ ਮੈਨੂੰ ਲਗਦਾ ਹੋਵੇ ਪਾਲਾ, ਤਦ ਮੈਨੂੰ ਲੋਈ ਲਗਦੀ ਹੈ ਪਿਆਰੀ। ਇਕ ਸ਼ਾਹੂਕਾਰ ਪਾਸ ਲੋਈਆਂ ਹਨ, ਮੈਂ ਜਾਕੇ ਲੋਈ ਮੰਗਦਾ ਹਾਂ। ਮੈਨੂੰ! ਪਿਆਰ ਲੋਈ ਨਾਲ ਹੈ, ਮੈਨੂੰ ਸ਼ਾਹੂਕਾਰ ਨਾਲ ਪਿਆਰ ਨਹੀਂ। ਤਿਵੇਂ ਮੇਰਾ ਮਤਲਬ ਹੈ ਕਿ ਮੇਰੇ ਮਨ ਨੂੰ ਸਭ ਤੋਂ ਨੇੜੇ ਲੋਈ ਹੈ, ਦਾਤਾ ਜਿਸ ਤੋਂ ਲੋਈ ਮੰਗਦਾ ਹਾਂ ਉਹ ਮੈਨੂੰ ਵਿੱਥ ਤੇ ਹੈ ਤੇ ਲੋਈ ਲੈਣ ਦੇ ਮਤਲਬ ਪਿੱਛੇ ਮੈਂ ਉਸ ਵਲ ਰੁਖ਼ ਕਰਦਾ ਹਾਂ।

ਮੁਸਾਫਰ— ਠੀਕ ਹੈ।

ਬਾਬਾ— ਇਸੇ ਤਰ੍ਹਾਂ ਜਦੋਂ ਪੁੱਤ ਮਰਨ ਲੱਗਾ ਤੇ ਆਂਦਰਾਂ ਨੂੰ ਪਏ ਕਲਵਲ ਤੇ ਦਵਾ ਦਾਰੂ ਦੀ ਪੇਸ਼ ਨਾ ਗਈ, ਤਦ ਬੇਨਤੀਆਂ ਕਰੀਦੀਆਂ ਹਨ ਕਿ ਹੇ ਰੱਬਾ! ਇਸਦੀ ਜਿੰਦ ਬਖਸ਼। ਉਸ ਵੇਲੇ ਪੁੱਤ ਮਨ ਨੂੰ ਨੇੜੇ ਹੁੰਦਾ ਹੈ, ਪਰਮੇਸ਼ਰ ਪੁਤ ਨਾਲੋਂ ਕੁਛ ਵਿੱਥ ਤੇ ਹੁੰਦਾ ਹੈ।

ਮੁਸਾਫਰ— ਠੀਕ ਹੈ।

ਬਾਬਾ— ਫੇਰ ਸੱਜਣਾਂ! ਐਸੇ ਆਦਮੀਆਂ ਲਈ ਭਲਾ ਹੈ ਕਿ ਖੁਦਾ ਪ੍ਰਸਤੀ ਦੀ ਡੀਂਗ ਨਾ ਮਾਰਨ।

ਮੁਸਾਫਰ— ਕਿਉਂ?

ਬਾਬਾ— ਜਦ ਪਰਮੇਸ਼ਰ ਨਾਲੋਂ ਪੁੱਤ ਤੇ ਵਹੁਟੀ, ਆਦਰ ਤੇ ਧਨ ਨੇੜੇ ਲਗ ਰਹੇ ਹਨ, ਤਦ ਬੁੱਤ ਪ੍ਰਸਤੀ ਹੋ ਰਹੀ ਹੈ। ਪਰਮੇਸ਼ਰ ਤੋਂ ਬਿਨਾਂ ਜਿਸ ਚੀਜ਼ ਨਾਲ ਪਿਆਰ ਕਰਨਾ ਹੈ ਸਭ ਬੁੱਤਪ੍ਰਸਤੀ ਹੈ। ਪਰਮੇਸ਼ਰ ਜੀਵਤ ਆਤਮਾ ਹੈ, ਸਦਾ ਸਥਿਰ ਆਤਮਾ ਹੈ, ਉਸ ਤੋਂ ਛੁੱਟ ਜੋ ਪਿਆਰ ਹੈ, ਆਤਮਾ ਨਾਲ ਨਹੀਂ। ਜੋ ਆਤਮਾ ਨਹੀਂ ਸੋ ਅਨਾਤਮਾ ਹੈ। ਜੋ ਅਨਾਤਮਾ ਹੈ ਉਹ ਆਤਮਾ ਦੇ ਟਾਕਰੇ ਤੇ ਨਿਰਜਿੰਦ ਹੈ। ਨਿਰਜਿੰਦ ਹੀ ਹੁੰਦਾ ਹੈ ਨਾ ਜਿਸਨੂੰ ਬੁੱਤ ਕਹਿੰਦੇ ਹੋ। ਨਿਰਜਿੰਦ ਦਾ ਪਿਆਰ ਬੁੱਤ ਪ੍ਰਸਤੀ ਹੈ। ਜੋ ਕੋਈ ਆਤਮਾ ਨੂੰ ਛੱਡਕੇ ਅਨਾਤਮਾ ਨਾਲ ਪਿਆਰ ਕਰਦਾ ਹੈ ਉਹ ਬੁੱਤ ਪ੍ਰਸਤ ਹੈ। ਸੋ ਬੁੱਤਪ੍ਰਸਤੀ ਤਾਂ ਸਾਰੇ ਕਰ ਰਹੇ ਹੋ।

ਮੁਸਾਫਰ— (ਘਬਰਾਕੇ) ਹੈਂ ਹੈਂ, ਕੀ ਕੀ, ਅਸੀਂ ਕੋਈ ਪਥਰ ਪੂਜਦੇ ਹਾਂ?

ਬਾਬਾ— ਭਾਈ ਜੀਵੀ! ਇਕ ਪੂਜਾ ਹੈ ਹੱਥਾਂ ਨਾਲ, ਇਕ ਹੈ ਮਨ ਨਾਲ। ਹੱਥਾਂ ਦੀ ਪੂਜਾ ਦਾ ਮਤਲਬ ਹੁੰਦਾ ਹੈ ਕਿ ਮਨ ਪੂਜਾ ਵਿਚ ਆਵੇ, ਸੋ ਅਸਲ ਪੂਜਾ ਹੋਈ ਮਨ ਦੀ ਪੂਜਾ, ਜਾਂ ਜਿਸ ਨੂੰ ਕਹੀਦਾ ਹੈ ਮਾਨਸਕ ਪੂਜਾ। ਜਿੱਥੇ ਮਨ ਲਗਾ ਹੈ, ਓਥੇ ਪੂਜਾ ਹੈ। ਜਿਸ ਸ਼ੈ ਨਾਲ ਜਿਸਦਾ ਪਿਆਰ ਹੈ, ਓਹੋ ਹੀ ਉਸਦੀ ਪੂਜਾ ਹੈ। ਸ਼ਰਧਾ ਬਿਨਾਂ ਚੱਕੀ ਰਾਹਾ ਸਿਰ ਠੋਕਦਾ ਹੀ ਰਹਿੰਦਾ ਹੈ, ਸ਼ਿਕਾਰੀ ਸਿਰ ਝੁਕਾਉਂਦਾ ਹੀ ਰਹਿੰਦਾ ਹੈ ਤੇ ਸਰਕੜਾ ਨਿਉਂ ਨਿਉਂ ਸਲਾਮ ਕਰਦਾ ਹੀ ਰਹਿੰਦਾ ਹੈ, ਪਰ ਮੂਲੋਂ ਨਹੀਂ ਕੋਈ ਆਖਦਾ ਕਿ ਓਹ ਪੂਜਾ ਕਰ ਰਹੇ ਹਨ।

ਮੁਸਾਫਰ— ਬਾਬਾ ਜੀ! ਕੁਛ ਪੜ੍ਹੇ ਹੋ?

ਬਾਬਾ— ਹਾਂ।

ਮੁਸਾਫਰ— ਕਿੱਥੇ?

ਬਾਬਾ— ਇਸ਼ਕ ਦੇ ਮਕਤਬ ਵਿਚ।

ਮੁਸਾਫਰ— ਓਥੇ ਕੀ ਕੀ ਵਿਦਯਾ ਪੜ੍ਹੇ ਹੋ?

ਬਾਬਾ— ਪਿਆਰੇ ਤੋਂ ਸਦਕੇ ਹੋਣਾ ਤੇ ਪਿਆਰੇ ਦੀਆਂ ਪ੍ਰਿਯ ਵਸਤੂਆਂ ਤੋਂ ਘੁੰਮਦੇ ਰਹਿਣਾ।

ਮੁਸਾਫਰ— ਮੈਂ ਨਹੀਂ ਸਮਝਿਆ।

ਬਾਬਾ— ਮੈਂ ਪਸ਼ਤੋ ਨਹੀਂ ਬੋਲੀ, ਕੋਈ ਬੁਝਾਰਤ ਨਹੀਂ ਪਾਈ।

ਮੁਸਾਫਰ— ਜ਼ਰਾ ਖੋਲ੍ਹਕੇ ਦੱਸੋ?

ਬਾਬਾ— ਪ੍ਰੇਮ ਦੇ ਮਦਰੱਸੇ ਵਿਚ ਪੜ੍ਹਿਆ ਹਾਂ ਤੇ ਇਹ ਪੜ੍ਹਿਆ ਹਾਂ ਕਿ ਪਿਆਰੇ ਨੂੰ ਪਿਆਰ ਕਰਨਾ ਹੈ ਅਰ ਉਸਦੇ ਪਿਆਰਿਆਂ ਨੂੰ ਪਿਆਰ ਕਰਨਾ ਹੈ।

ਮੁਸਾਫਰ— ਪਿਆਰਾ ਆਪਦਾ ਕੌਣ ਹੈ?

ਬਾਬਾ— ਵਾਹਿਗੁਰੂ ਅਕਾਲ ਪੁਰਖ ਜਾਗਤੀ ਜੋਤ!

ਮੁਸਾਫਰ— ਉਸਦੇ ਪਿਆਰੇ ਕੌਣ ਹਨ?

ਬਾਬਾ— ਉਹਦੇ ਪਿਆਰ ਵਿੱਚ ਜੋ ਹੋਣ, ਜੋ ਉਸਨੂੰ ਪਿਆਰ ਕਰਦੇ ਹਨ ਤੇ ਜਿਨ੍ਹਾਂ ਨੂੰ ਓਹ ਪਿਆਰ ਕਰਦਾ ਹੈ।

ਮੁਸਾਫਰ— ਮਸਲਨ?

ਬਾਬਾ— ...ਮਸਲਨ.....ਮਸਲਨ.....। ਬਈ ਉਸਦਾ ਆਪਣਾ ਬ੍ਰਹਮ ਗਿਆਨ, ਰੱਬੀ ਗਿਆਨ।

ਮੁਸਾਫਰ— ਓਹ ਕਿੱਥੇ ਹੈ?

ਬਾਬਾ— ਉਸਦੇ ਆਪਣੇ ਸ੍ਵੈ ਸਰੂਪ ਵਿਚ।

ਮੁਸਾਫਰ— ਤੂੰ ਉਸਨੂੰ ਕੀਕੂੰ ਦੇਖਦਾ ਹੈਂ?

ਬਾਬਾ— ਜਦੋਂ ਓਹ ਉਸਨੂੰ ਮੇਰੀ ਸਮਝ ਗੋਚਰਾ ਕਰਨ ਲਈ ਅਪਣੇ ਪਿਆਰੇ ਵਿਚ ਪਾ ਦੇਂਦਾ ਹੈ ਤੇ ਉਸਨੂੰ ਮੇਰੀ ਬੋਲੀ ਵਿਚ ਮੈਨੂੰ ਦੱਸ ਦੇਂਦਾ ਹੈ।

ਮੁਸਾਫਰ— ਕਦੇ ਓਸਨੇ ਤੈਨੂੰ ਆਪਣਾ ਗਿਆਨ ਦੱਸਿਆ ਹੈ?

ਬਾਬਾ— ਹਾਂ!

ਮੁਸਾਫਰ— ਦਿਖਾ ਕਿੱਥੇ ਹੈ?

ਬਾਬਾ (ਸੈਨਤ ਕਰਕੇ)— ਔਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਮੁਸਾਫਰ— ਹਾਂ, ਇਹ ਮੰਨਿਆਂ ਕਿ ਇਸ ਵਿਚ ਪਰਮੇਸ਼ਰ ਦਾ ਗਿਆਨ ਹੈ, ਪਰ ਇਸ ਦੀ ਇੱਜ਼ਤ ਕਿਉਂ?

ਬਾਬਾ— ਇਸ ਕਰਕੇ ਕਿ ਵਾਹਿਗੁਰੂ ਦਾ ਗਿਆਨ ਹੈ, ਪਿਆਰੇ ਦਾ ਗਿਆਨ ਹੈ।

ਮੁਸਾਫਰ— ਗਿਆਨ ਤਾਂ ਮੰਨਿਆਂ ਤੇ ਗਿਆਨ ਦਾ ਆਦਰ ਭੀ ਮੰਨਿਆਂ, ਪਰ ਕੀ ਕਾਗਤ ਵੀ ਗਿਆਨ ਹੈ?

ਬਾਬਾ— ਕੀ ਤੁਸੀਂ ਹੱਡ ਚੰਮ ਹੋ ਯਾ ਰੂਹ?

ਮੁਸਾਫਰ (ਬੇਚੈਨ ਹੋਕੇ)— ਰੂਹ।

ਬਾਬਾ— ਸਰੀਰ ਮਰ ਜਾਏ ਤਾਂ ਤੁਸੀਂ ਹੋਸੋ?

ਮੁਸਾਫਰ— ਹੋਸਾਂ!

ਬਾਬਾ— ਫੇਰ ਤੁਸੀਂ ਤਾਂ ਰੂਹ ਹੋਏ, ਇਹ ਸਰੀਰ ਤਾਂ ਰੂਹ ਦੇ ਰਹਿਣ ਦੀ ਥਾਂ ਹੀ ਹੈ ਨਾ?

ਮੁਸਾਫਰ— ਠੀਕ।

ਬਾਬਾ— ਫੇਰ ਤੁਹਾਨੂੰ ਪਿਆਰ ਕਰਨ ਵਾਲੇ ਤੁਹਾਡੇ ਵਹੁਟੀ ਪੁੱਤ੍ਰ ਮਿੱਤ੍ਰ ਆਦਿਕ ਤੁਹਾਡੀ ਰੂਹ ਨੂੰ ਪਿਆਰ ਕਰਦੇ ਹੋਏ ਤੁਹਾਡੇ ਸਰੀਰ ਦਾ ਆਦਰ ਕਰਦੇ ਹਨ ਕਿ ਨਹੀਂ?

ਮੁਸਾਫਰ— ਕਰਦੇ ਹਨ।

ਬਾਬਾ— ਪਰ ਤੁਹਾਡੇ ਹਿਸਾਬ ਤਾਂ ਚਾਹੀਦਾ ਹੈ ਕਿ ਓਹ ਤੁਹਾਡੀ ਰੂਹ ਦਾ ਆਦਰ ਕਰਨ, ਪਰ ਸਰੀਰ ਦਾ ਆਦਰ ਨਾ ਕਰਨ।

ਮੁਸਾਫਰ— ਇਹ ਕਿਸ ਤਰ੍ਹਾਂ ਹੋ ਸਕਦਾ ਹੈ? ਰੂਹ ਸਰੀਰ ਵਿਚ ਜੁ ਵਸਦੀ ਹੋਈ।

SIKHBOOKCLUB.COM

ਬਾਬਾ— ਫੇਰ ਮੇਰੇ ਪਿਆਰੇ ਰੱਬ ਨੇ ਜਦ ਆਪਣਾ ਬ੍ਰਹਮ ਗਿਆਨ ਮੇਰੇ ਨਿਸਤਾਰੇ ਵਾਸਤੇ ਮੇਰੀ ਬੋਲੀ ਵਿਚ ਤੇ ਮੇਰੀ ਸਮਝ ਗੋਚਰੇ ਅੱਖਰਾਂ ਵਿਚ ਮੈਨੂੰ ਬਖਸ਼ਿਆ ਤਾ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਪਿਆਰੇ ਦੇ ਗਿਆਨ ਦਾ- ਜੋ ਰੂਹ ਸਮਾਨ ਸਮਝੋ- ਆਦਰ ਕਰਦਿਆਂ ਮੈਂ ਉਸ ਸਰੀਰ ਦਾ ਆਦਰ ਨਾ ਕਰਾਂ ? ਜਿਸ ਵਿਚ ਓਹ ਗਿਆਨ ਮੇਰੀ ਕਲਿਆਣ ਵਾਸਤੇ, ਮੇਰੀ ਸਮਝ ਗੋਚਰਾ ਕਰਨ ਲਈ ਮੈਨੂੰ ਦਿੱਤਾ ਗਿਆ ਹੈ।

ਵੇਖੋ, ਮੈਂ ਪੂਜਾ ਕਰਦਾ ਹਾਂ ਵਾਹਿਗੁਰੂ ਦੀ, ਮੈਂ ਪੂਜਾ ਕਰਦਾ ਹਾਂ ਉਸਦੇ ਗਿਆਨ ਦੀ, ਜੋ ਉਸਦਾ ਸ੍ਵੈ ਸਰੂਪ ਹੈ। ਮੈਂ ਹੱਦਬੰਦੀ ਵਿਚ ਹਾਂ, ਉਹ ਬੇਹੱਦ ਹੈ। ਮੈਂ ਨਾ ਉਸਨੂੰ, ਨਾ ਉਸਦੇ ਗਿਆਨ ਨੂੰ ਪਾ ਸਕਦਾ ਹਾਂ। ਉਹ ਤਰਸ ਕਰਕੇ ਆਪਣੇ ਗਿਆਨ ਨੂੰ ਮੇਰੀ ਸਮਝ ਗੋਚਰਾ ਕਰਕੇ ਬੋਲੀ ਵਿਚ ਤੇ ਅੱਖਰਾਂ ਵਿਚ ਕਿਸੇ ਪਰਮ ਪਵਿੱਤ੍ਰ ਪ੍ਰੇਮ ਵਾਲੇ ਹਿਰਦੇ ਦੁਆਰਾ ਮੈਨੂੰ ਦੇਂਦਾ ਹੈ। ਮੈਂ ਇਸ਼ਕ ਦੇ ਮਕਤਬ ਦਾ ਪੜ੍ਹਿਆ ਉਸ ਪਿਆਰੇ ਦੇ ਗਿਆਨ ਦੀ ਪੂਜਾ ਕਰਦਾ ਹਾਂ ਤੇ ਜਿਸ ਸਰੀਰ ਵਿਚ ਉਹ ਵਸਦਾ ਹੈ, ਉਸ ਦਾ ਆਦਰ ਸਤਿਕਾਰ, ਪਿਆਰ ਪੂਜਾ ਕਰਦਾ ਹਾਂ, ਕਿਉਂਕਿ ਪਿਆਰੇ ਦੇ ਗਿਆਨ ਦਾ ਆਦਰ ਪਿਆਰੇ ਦਾ ਆਦਰ ਹੈ। ਸੋ ਸੱਜਣਾ! ਮੈਂ ਤਾਂ ਪ੍ਰੇਮ ਦੀ ਪਾਠਸ਼ਾਲਾ ਵਿਚ ਪੜ੍ਹਿਆ ਹੋਇਆ ਹੋਣ ਕਰਕੇ ਪਿਆਰ ਕਰਦਾ ਹਾਂ ਰੱਬ ਨੂੰ ਤੇ ਉਸ ਦੇ ਗਿਆਨ ਨੂੰ। ਰੱਬ ਤੇ ਉਸ ਦੇ ਗਿਆਨ ਦੇ ਪਿਆਰ, ਪੂਜਾ ਤੇ ਸਤਿਕਾਰ ਨੂੰ ਮੈਂ ਬੁੱਤ-ਪ੍ਰਸਤੀ ਨਹੀਂ ਜਾਣਦਾ, ਇਹ ਤਾਂ ਪਿਆਰੇ ਦੀ ਪੂਜਾ ਹੈ। ਪੂਜਾ ਮੈਂ ਦੋ ਤਰ੍ਹਾਂ ਕਰਦਾ ਹਾਂ, ਇਕ ਤਾਂ ਜੋ ਉਸਦਾ ਗਿਆਨ ਮੈਨੂੰ ਆਖਦਾ ਹੈ ਉਸ ਤੇ ਅਮਲ ਕਰਨ ਦਾ ਅੰਦਰੋਂ ਜਤਨ ਕਰਦਾ ਹਾਂ, ਇਕ ਓਸ ਗਿਆਨ ਨੂੰ ਆਦਰ ਸਤਿਕਾਰ, ਪਿਆਰ ਪੂਜਾ ਨਾਲ ਰੱਖਦਾ ਹਾਂ। ਮੇਰੀ ਸਾਰੀ ਕੌਮ ਇਹੋ ਕੁਛ ਕਰਦੀ ਹੈ ਅਰ ਅਸੀਂ ਸਾਰੇ ਇਕ ਦੀਪਕ ਦੇ ਪਤੰਗੇ ਹਾਂ। ਅਸੀਂ ਇਕ ਕਮਲ ਦੇ ਭੌਰੇ ਹਾਂ ਤੇ ਇਕ ਨਿਸ਼ਾਨੇ ਦੇ ਆਸ਼ਕ ਹਾਂ, ਬੱਸ।

ਮੁਸਾਫਰ— ਠੀਕ ਹੈ, ਪਰ ਗਿਆਨ ਤੋਂ ਸਿਵਾ ਹੋਰ ਨੂੰ ਬੀ ਪਿਆਰਦੇ ਹੋ?

ਬਾਬਾ— ਜੀ ਹਾਂ। ਜਿਸ ਪਰਮ ਪਵਿੱਤ੍ਰ ਵਾਹਿਗੁਰੂ ਦੇ ਪਿਆਰੇ ਹਿਰਦੇ ਨੇ ਸਾਨੂੰ ਉਸਦਾ ਗਿਆਨ ਦਿੱਤਾ ਤੇ ਰੱਬ ਨਾਲ ਜੋੜਿਆ ਉਸਨੂੰ ਪਿਆਰ ਕਰਦੇ ਹਾਂ। ਉਸਦਾ ਨਾਉਂ ਅਸਾਂ ਆਪਣੇ ਚੇਤੇ ਦੀ ਖ਼ਾਤਰ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਰੱਖਿਆ ਹੈ। ਸੋ ਅਸੀਂ ਪਿਆਰ ਕਰਦੇ ਹਾਂ:- ਅਪਣੇ ਪ੍ਰੀਤਮ ਵਾਹਿਗੁਰੂ ਨੂੰ

ਉਸਦੇ ਪਿਆਰੇ

ਉਸਦੇ ਬ੍ਰਹਮ ਗਿਆਨ ਨੂੰ

ਤੇ ਉਸਦੇ ਪਿਆਰੇ

ਬ੍ਰਹਮ ਗਿਆਨ ਦਾਤਾ ਗੁਰੂ ਨੂੰ।

ਏਹ ਤ੍ਰੈਏ ਪਿਆਰ ਉਸੇ ਵਾਹਿਗੁਰੂ ਦੇ ਪਿਆਰ ਹਨ। ਇਸ ਪਿਆਰ ਵਿਚ ਅਸੀਂ ਆਤਮਾ ਨੂੰ ਪਿਆਰ ਕਰਦੇ ਹਾਂ, ਅਨਾਤਮਾ ਨੂੰ ਪਿਆਰ ਨਹੀਂ ਕਰਦੇ। ਜਿੱਥੇ ਅਨਾਤਮ ਪਿਆਰ ਹੈ ਤੂੰ ਮੈਨੂੰ ਖੋਲ੍ਹਕੇ ਦੱਸ ਦੇਹ?

ਮੁਸਾਫਰ— ਇਸ ਵਿਚ ਤਾਂ ਅਨਾਤਮ ਪਿਆਰ ਨਹੀਂ?

ਬਾਬਾ— ਫੇਰ ਮਿੱਤ੍ਰਾ, ਜੋ ਅਨਾਤਮਾ ਨੂੰ ਪਿਆਰ ਨਹੀਂ ਕਰਦਾ ਓਹ ਬੁੱਤ-ਪ੍ਰਸਤੀ ਨਹੀਂ ਕਰ ਰਿਹਾ। ਹੈ ਠੀਕ?

ਮੁਸਾਫਰ— ਠੀਕ ਹੈ। ਬਾਬਾ ਤੂੰ ਅਨਪੜ੍ਹ ਜਾਪਦਾ ਹੈਂ, ਪਰ ਗੱਲਾਂ ਪਤੇ ਦੀਆਂ ਹਨ। ਕਿਥੇ ਪੜ੍ਹਿਆ ਹੈਂ?

ਬਾਬਾ— ਮੈਂ ਸਤਿਸੰਗ ਵਿਚ ਪੜ੍ਹਿਆ ਹਾਂ, ਜਿੱਥੇ ਆਤਮਾ ਦਾ ਨਿਵਾਸ ਹੈ।

ਮੁਸਾਫਰ— ਸਤਿਸੰਗ? ਕਿਸੇ ਮਨੁੱਖ ਦੀ ਸੇਵਾ ਵਿਚ? ਹੈਂ? ...ਮਰਦਮ ਪ੍ਰਸਤੀ?

ਬਾਬਾ— ਜਿੰਦਾ ਪ੍ਰਸਤ, ਮੁਰਦਾ ਪ੍ਰਸਤੀ ਨਹੀਂ?

"ਸਤਸੰਗਤਿ ਕੈਸੀ ਜਾਣੀਐ॥

ਜਿਥੈ ਏਕੋ ਨਾਮੁ ਵਖਾਣੀਐ॥"

ਜਿਥੇ ਵਾਹਿਗੁਰੂ ਦਾ ਹੀ ਜਸ ਹੋਵੇ ਉਹ ਸਤਿਸੰਗ ਹੈ, ਉਹ ਤਾਂ ਆਤਮਾਂ ਦੀ ਮਹਿਮਾਂ ਦੀ ਥਾਂ ਹੈ। ਉਹ ਆਤਮ ਪ੍ਰਸਤੀ ਹੈ। ਹੈ ਕਿ ਨਹੀਂ?

ਮੁਸਾਫਰ— (ਗੱਲ ਨੂੰ ਵਲਾਕੇ)....ਹਾਂ, ਗੁਰੂ ਨਾਨਕ ਦੇਵ ਦੀ ਅਸੀਂ ਬੀ ਇੱਜ਼ਤ ਕਰਦੇ ਹਾਂ, ਪਰ ਤੁਸੀਂ ਉਸ ਨੂੰ ਰੱਬ ਜਾਣਦੇ ਹੋ।

ਬਾਬਾ— ਅਸੀਂ ਰੱਬ ਨੂੰ 'ਅਜੋਨੀ' ਆਖਦੇ ਹਾਂ।

ਮੁਸਾਫਰ— ਗੁਰੂ ਨਾਨਕ ਨੂੰ ਰੱਬ ਆਖਦੇ ਹੋ?

ਬਾਬਾ— ਨਹੀਂ।

ਮੁਸਾਫਰ— ਗੁਰੂ ਨਾਨਕ ਨੂੰ ਆਦਮੀ ਆਖਦੇ ਹੋ?


SIKHBOOKCLUB.COM

ਬਾਬਾ— ਨਹੀਂ।

ਮੁਸਾਫਰ— ਨਾ ਰੱਬ ਆਖਦੇ ਹੋ ਨਾ ਆਦਮੀ, ਕੀ ਆਖਦੇ ਹੋ?

ਬਾਬਾ— ਗੋਬਿੰਦ ਰੂਪ।

ਮੁਸਾਫਰ— ਉਹ ਕੀ ਹੋਇਆ?

ਬਾਬਾ— ਉਹ ਹੋਇਆ ਆਦਮੀ, ਉਹ ਹੋਇਆ ਰੱਬ।

ਮੁਸਾਫਰ— ਇਹ ਤਾਂ ਬੁਝਾਰਤ ਬਣ ਗਈ।

ਬਾਬਾ— ਆਤਮਾ ਦੇ ਦੇਸ ਦੀਆਂ ਅਸਲ ਗੱਲਾਂ ਅਸੀਂ ਨਹੀਂ ਸਮਝ ਸਕਦੇ ਪਰ ਟੋਹਾਂ ਤੇ ਦ੍ਰਿਸ਼ਟਾਂਤਾਂ ਨਾਲ। ਸੋ ਇਕ ਠੁਲੀ ਜੇਹੀ ਸੁਣ ਲਓ। ਜੇਕਰ ਇਕ ਸੋਨੇ ਦਾ ਟੁਕੜਾ ਅੱਗ ਵਿਚ ਪੈਕੇ ਲਾਲ ਅੰਗਾਰਾ ਹੋ ਜਾਏ ਤਾਂ ਕੀ ਤੁਸੀਂ ਕਹੋਗੇ ਕਿ ਇਹ ਅਗਨੀ ਨਹੀਂ, ਇਹ ਅੱਗ ਤੁੱਲ, ਤੇਜ ਤੇ ਸੇਕ ਨਾਲ ਸਮਰੱਥ ਨਹੀਂ?

ਮੁਸਾਫਰ— ਨਹੀਂ, ਅਸੀਂ ਮੰਨਾਂਗੇ ਕਿ ਇਹ ਅਗਨੀ ਹੈ ਅਰ ਅਗਨੀ ਵਤ ਸਮਰੱਥ ਹੈ।

ਬਾਬਾ— ਫੇਰ ਉਸਨੂੰ ਅੱਗ ਰੂਪ ਦੇਖਕੇ ਕੀ ਤੁਸੀਂ ਕਹੋਗੇ ਕਿ ਓਹ ਸੋਨਾ ਨਹੀਂ?

ਮੁਸਾਫਰ— ਨਹੀਂ, ਸੋਨਾ ਕਿਉਂ ਨਹੀਂ, ਓਹ ਸੋਨਾ ਹੈ।

ਬਾਬਾ— ਫੇਰ ਮੇਰੀ ਕਹਿਣੀ ਬੁਝਾਰਤ ਕਿਉਂ ਹੋਈ?

ਮੁਸਾਫਰ— ਘਟਾ ਕੇ ਦਿਖਾਓ ਨਾ ਜੋ ਮੈਂ ਸਮਝਾਂ।

ਬਾਬਾ— ਗੁਰੂ ਨਾਨਕ ਦੇਵ ਜੀ ਇਨਸਾਨ ਹਨ, ਕਿਉਂਕਿ ਦੇਹਧਾਰੀ ਹੋਕੇ ਸਾਡੇ ਵਿਚ ਰਹੇ ਤੇ ਦੁਖ ਸੁਖ ਦੇਖੇ, ਸਾਕ, ਸਨਬੰਧ, ਮਿਤ੍ਰ, ਵੈਰੀ ਤੱਕੇ। ਇਹ ਇਨਸਾਨੀ ਰੰਗ ਪ੍ਰਤੱਖ ਹੈ। ਓਹ ਇਨਸਾਨ ਤੋਂ ਉਚੇ ਰਹੇ। ਸੱਚ ਦੇ ਚਾਨਣ ਚਰਾਗ਼ ਰਹੇ। ਕਦੇ ਆਪਣੇ ਰੱਬ ਤੋਂ ਨਾ ਵਿਛੜੇ। ਹਰ ਛਿਨ ਹਰ ਘੜੀ ਆਪਣੇ ਮਾਲਕ ਨਾਲ ਅੰਤਰ ਆਤਮੇ ਜੁੜੇ ਰਹੇ। ਨਿਰਾ ਇਹ ਨਹੀਂ, ਰੱਬ ਉਨ੍ਹਾਂ ਦੇ ਆਤਮਾ, ਮਨ ਸਰੀਰ ਵਿਚ ਭਰਪੂਰ ਰਿਹਾ। ਓਹ ਤੇ ਰੱਬ ਜੀ ਅੰਤਰੇ ਰਹਿਤ ਮੇਲ ਵਿਚ ਇਕ ਰੂਪ ਹੋਏ ਰਹੇ। ਫੇਰ ਇਸਤਰ੍ਹਾਂ ਦੀ ਰੱਬੀਅਤ ਵਿਚ ਰੱਬ ਹੋਕੇ ਉਨ੍ਹਾਂ ਨੇ ਆਪਾ ਵਾਰਿਆ। ਜਗਤ ਜਲੰਦੇ ਨੂੰ ਆਪਣੇ ਉਪਦੇਸ਼ ਨਾਲ, ਆਪਣੀ ਛੁਹ ਨਾਲ ਰੱਬੀ ਰੰਗਣਾ ਵਿਚ ਪਾ ਦਿੱਤਾ। ਅਮਿਤ ਪਿਆਰ, ਅਸਗਾਹ ਮਾਫੀ ਤੇ ਬੇਹਦ ਤਰਸ ਵਿਚ ਵਰਤੇ, ਮੁਰਦੇ ਜਿਵਾ ਦਿੱਤੇ, ਜੀਅਦਾਨ ਦੇਕੇ ਜੀਵਨ ਰੌ ਰੁਮਕਾ ਦਿਤੀ ਤੇ ਮਨੁੱਖਾਂ ਦੇ ਦੇਉਤੇ ਬਣਾ ਦਿੱਤੇ। ਇਹ ਸਾਰੇ ਕੰਮ ਰੱਬੀ ਹਨ। ਓਹ ਆਪ ਰੱਬ ਦੇ ਨਿਰੰਤਰ ਮੇਲ ਵਿਚ ਸਨ, ਉਨ੍ਹਾਂ ਵਿਚ, ਸਾਈਂ ਵਿਚ ਵਿੱਥ ਤੇ ਅੰਤਰਾ ਨਹੀਂ ਸੀ। ਉਨ੍ਹਾਂ ਦੇ ਸਰੀਰ ਮਨ ਆਤਮਾ ਵਿਚ ਰੱਬ ਪਰੀਪੂਰਣ ਤੇ ਉਨ੍ਹਾਂ ਦੇ ਅਨੁਭਵ ਵਿਚ ਰੱਬ ਦਾ ਜਲਵਾ ਸਦਾ ਜਾਗਦੀ ਜੋਤ ਸੀ। ਓਹ ਜੱਸ ਦੀ ਸਿੱਖਯਾ ਦਾਤੀ (ਗੁਰੂ ਸ਼ਕਤੀ) ਦਾ ਵਿਦਤ ਸਰੂਪ ਸਨ, ਉਨ੍ਹਾਂ ਵਿਚ ਰੱਬੀਅਤ ਨੂੰ ਵੇਖਕੇ ਉਸਤੋਂ ਇਨਕਾਰ ਕਰਨਾ ਸੱਚ ਹੈ?

ਮੁਸਾਫਰ (ਸੋਚ ਸੋਚ ਕੇ)— ਹਾਂ ਰੱਬੀਅਤ ਤਾਂ ਉਨ੍ਹਾਂ ਵਿਚ ਪੂਰੇ ਕਮਾਲ ਦੀ ਮੰਨਣੀ ਪਵੇਗੀ, ਪਰ ਤੁਸੀਂ ਉਨ੍ਹਾਂ ਨੂੰ ਰੱਬ ਆਖਦੇ ਹੋ।

ਬਾਬਾ— ਜਿਵੇਂ ਤੁਸੀਂ ਸਮਝਦੇ ਹੋ ਇਵੇਂ ਨਹੀਂ। ਤੁਸੀਂ ਸਮਝਦੇ ਹੋ ਕਿ ਇਕ ਟਾਹਣੀ ਤੋਂ ਟੁੱਟਕੇ ਫੁੱਲ ਫੁਲਦਾਨ ਵਿਚ ਆ ਗਿਆ। ਪਿੱਛੇ ਟਾਹਣੀ ਸੱਖਣੀ ਰਹਿ ਗਈ। ਅਸੀਂ ਕਹਿੰਦੇ ਹਾਂ ਕਿ ਕੋਈ ਕੁਦਰਤ ਵਿਚ ਐਸਾ ਟਿਕਾਣਾ ਹੈ ਕਿ ਜਿੱਥੇ ਫੁੱਲ ਟਾਹਣੀ ਤੋਂ ਟੁੱਟਕੇ ਤੁਹਾਡੇ ਹੱਥ ਵਿਚ ਬੀ ਹੈ ਤੇ ਟਾਹਣੀ ਤੇ ਬੀ ਲੱਗਾ ਪਿਆ ਹੈ। ਰੱਬ ਰੱਬ ਹੈ ਤੇ ਜਿਵੇਂ ਹੈ ਅਬਦਲ ਓਵੇਂ ਹੈ। ਗੁਰੂ ਨਾਨਕ ਉਸਦੀ ਗੁਰੂ ਸ਼ਕਤੀ ਸਾਡੇ ਵਿਚ ਆ ਕੇ ਕੰਮ ਕਰ ਗਈ ਹੈ। ਓਸਦੇ ਸਾਡੇ ਵਿਚ ਆ ਕੇ ਕੰਮ ਕਰਨ ਨਾਲ ਰੱਬ ਦੀ ਰੱਬੀਅਤ ਗੁਰੂ ਸ਼ਕਤੀ ਤੋਂ ਸੱਖਣੀ ਨਹੀਂ ਹੋ ਗਈ ਤੇ ਉਹ ਜਯੋਤੀ ਜੂਨ ਵਿਚ ਨਹੀਂ ਪੈ ਗਈ। ਸੋਨੇ ਦੇ ਗੋਲੇ ਵਿਚ ਅਗਨਿ ਸ਼ਕਤਿ ਪ੍ਰਵੇਸ਼ ਕਰ ਗਈ, ਅਗਨੀ ਜੋਨਿ ਵਿਚ ਨਹੀਂ ਆਈ, ਪਰ ਸੋਨਾ ਅਗਨੀ ਹੋ ਗਿਆ ਹੈ। ਮੁਸ਼ਕਲ, ਬਾਬੂ ਜੀ ਇਹ ਹੈ ਕਿ ਗੱਲਾਂ ਬਾਤਾਂ, ਸਮਝਣਾ ਸਮਝਾਣਾ ਸਭ ਹੱਦ ਵਿਚ ਹੁੰਦਾ ਹੈ। ਯਾ ਜਿਵੇਂ ਉਸ ਦਿਨ ਪੰਡਤ ਜੀ ਕਹਿੰਦੇ ਸਨ ਕਿ ਦੇਸ਼ ਕਾਲ ਵਿਚ ਹੁੰਦਾ ਹੈ ਤੇ ਰੱਬ ਦੇਸ਼ ਕਾਲ ਤੋਂ ਪਰੇ ਹੈ। ਇਸ ਕਰਕੇ ਜਦ ਬੋਲੀਦਾ ਹੈ, ਸਮਝਾਉਣ ਲਈ ਤਾਂ ਦ੍ਰਿਸ਼ਟਾਂਤਾਂ ਵਿਚ ਬੋਲੀਦਾ ਹੈ। ਪਰ ਦ੍ਰਿਸ਼ਟਾਂਤ ਦੇਸ਼ ਕਾਲ ਵਾਲੇ ਹੋਣ ਕਰਕੇ ਨੇੜੇ ਨੇੜੇ ਲੈ ਜਾਂਦੇ ਹਨ, ਪੂਰੇ ਪੂਰੇ ਨਹੀਂ ਘਟ ਸਕਦੇ। ਇਹ ਵਿਚਾਰ ਲਓ। ਇਸ ਕਰਕੇ ਅਸੀਂ ਗੁਰੂ ਨਾਨਕ ਦੇਵ ਜੀ ਨੂੰ ਇਨਸਾਨ, ਪਰ ਸਭ ਇਨਸਾਨਾਂ ਤੋਂ ਉੱਚਾ, ਫਿਰ ਗੋਬਿੰਦ ਰੂਪ ਆਖਦੇ ਹਾਂ।

SIKHBOOKCLUB.COM

"ਗੁਰ ਨਾਨਕ ਦੇਵ ਗੋਵਿੰਦ ਰੂਪ[੧]॥" ਤੇ "ਵਹ ਪ੍ਰਗਟਿਓ ਪੁਰਖ ਭਗਵੰਤ ਰੂਪ[੨]॥" ਇਸ ਤਰ੍ਹਾਂ ਨਾ ਤਾਂ ਪਰਮੇਸ਼ੁਰ ਜਨਮ ਮਰਨ ਵਿਚ ਆਉਂਦਾ ਹੈ, ਨਾ ਓਹ ਪਰਮੇਸ਼ੁਰ ਨਾਲ ਜੁੜੇ ਤੇ ਅਭੇਦ ਹੋਕੇ ਪਰਮੇਸ਼ੁਰ ਰੂਪ ਹੋ ਰਹੇ ਮਹਾਂ ਪੁਰਖ ਇਸ ਬੇਅਦਬੀ ਦੇ ਵਾਕ ਦੇ ਹੱਕਦਾਰ ਬਣਦੇ ਹਨ ਕਿ 'ਵੋਹ ਮਾਮੂਲੀ ਇਨਸਾਨ ਥੇ।' ਓਹ ਸਨ ਮਰਦ, ਮੁਕੰਮਲ ਇਨਸਾਨ ਪਰ ਰੱਬ ਦੀ ਰੱਬੀਅਤ ਨਾਲ ਪਰੀਪੂਰਨ ਰੱਬ ਰੂਪ, ਓਸੇ ਨਾਲ ਅਭੇਦ ਮਿਲੇ ਉਸਦਾ ਸਰੂਪ। ਹਰੀਜਨ ਨੂੰ ਕਹਿ ਲਈਦਾ ਹੈ:-

ਹਰਿ ਹਰਿ ਜਨ ਦੁਇ ਏਕ ਹੈ
ਬਿਬ ਬਿਚਾਰ ਕਛੁ ਨਾਹਿ॥

ਤੇ ਗੁਰੂ ਜੀ ਤਾਂ ਧੁਰੋਂ ਹੀ ਪੂਰਨ ਆਏ ਸੇ, ਉਨ੍ਹਾਂ ਨੂੰ ਇਸ ਕਰਕੇ ਅਸੀਂ ਗੋਬਿੰਦ ਰੂਪ ਮੰਨਦੇ ਹਾਂ। ਇਸ ਤਰ੍ਹਾਂ ਸਜਣਾਂ! ਅਸੀਂ ਗੁਰੂ ਨੂੰ ਰੱਬ ਤੇ ਇਨਸਾਨ ਮੰਨਦੇ ਹਾਂ ਤੇ ਵਾਹਿਗੁਰੂ ਨੂੰ ਅਜਨਮਾਂ ਤੇ ਅਜੋਨੀ ਭੀ ਮੰਨਦੇ ਹਾਂ। ਸਾਡੇ ਗੁਰੂ ਅਰਜਨ ਦੇਵ, ਭਾਈ ਗੁਰਦਾਸ ਤੇ ਭਾਈ ਨੰਦ ਲਾਲ ਨੇ ਸਤਿਗੁਰਾਂ ਨੂੰ ਜਦੋਂ ਵਾਹਿਗੁਰੂ ਰੂਪ ਕਿਹਾ ਹੈ ਉਨ੍ਹਾਂ ਵਿਚ ਰੱਬੀਅਤ ਦਾ ਜਲਾਲ ਤੇ ਜਮਾਲ ਤੱਕ ਕੇ, ਪ੍ਰਤੀਤ ਕਰਕੇ, ਆਪ ਰੱਖੀ ਰੌ ਪ੍ਰਾਪਤ ਕਰਕੇ ਉਨ੍ਹਾਂ ਨੂੰ ਸਰਬ ਸਮਰੱਥ ਅਭੁੱਲ ਪੂਰਨ ਆਖਿਆ ਹੈ। ਇਸੇ ਤਰ੍ਹਾਂ ਅਸੀਂ ਇਹ ਵੀ ਕਦੇ ਨਹੀਂ ਆਖਦੇ ਕਿ ਰੱਬ ਅਰਸ਼ਾਂ ਬੈਕੁੰਠਾਂ ਦੇ ਤਖਤ ਸੁੰਞੇ ਛੱਡਕੇ ਨਿੱਕਾ ਜਿਹਾ ਪੁਤਲਾ ਬਣਕੇ ਮਾਤਾ ਦੇ ਗਰਭ ਵਿਚ ਆਕੇ ਨੌਂ ਮਹੀਨੇ ਮਗਰੋਂ ਜੰਮ ਪੈਂਦਾ ਹੈ।

ਮੁਸਾਫਰ— ਇਹ ਤਾਂ ਠੀਕ ਹੈ ਕਿ ਤੁਸੀਂ ਵਾਹਿਗੁਰੂ ਨੂੰ ਜੋਨੀ ਵਿਚ ਨਹੀਂ ਦੱਸਦੇ, ਪਰ ਤੁਸੀਂ ਗੁਰੂ ਨਾਨਕ ਦੇਵ ਜੀ ਨੂੰ ਜਨਮ ਮਰਨ ਵਿਚ ਆਇਆ ਤਾਂ ਮੰਨਦੇ ਹੋ। ਜੋ ਜਨਮ ਵਿਚ ਆਉਂਦਾ ਹੈ ਉਹ ਜੀਵ ਹੈ, ਕਿਉਂਕਿ ਜੋ ਕਰਮਾਂ ਦਾ ਬੱਧਾ ਹੈ ਉਹੋ ਜਨਮ ਮਰਨ ਵਿਚ ਆਉਂਦਾ ਹੈ। ਜੋ ਕਰਮਾਂ ਦਾ ਬੱਧਾ ਆਉਂਦਾ ਹੈ, ਉਹ ਬ੍ਰਹਮ ਰੂਪ ਤੇ ਗੋਬਿੰਦ ਰੂਪ ਕਿਵੇਂ ਹੋ ਸਕਦਾ ਹੈ?

੧. ਇਹ ਗੁਰੂ ਨਾਨਕ ਸਾਹਿਬ ਬਾਬਤ ਗੁਰੂ ਅਰਜਨ ਦੇਵ ਜੀ ਦਾ ਵਾਕ ਹੈ)॥'

੨. ਗੁਰੂ ਗੋਬਿੰਦ ਸਿੰਘ ਜੀ ਬਾਬਤ ਭਾਈ ਗੁਰਦਾਸ ਦੂਜੇ ਦਾ ਇਹ ਵਾਕ ਹੈ॥"

ਬਾਬਾ (ਮੁਸਕ੍ਰਾ ਕੇ)— ਸੱਜਣਾਂ ਤੂੰ ਕਿਸੇ ਸ਼ਹਿਰ ਜਾਹ ਤੇ ਸਾਡੇ ਕਿਸੇ ਗਿਆਨੀ ਉਪਦੇਸ਼ਕ ਨਾਲ ਵਿਚਾਰਾਂ ਕਰ, ਜਿਨ੍ਹਾਂ ਨੂੰ ਦਿਨੇ ਰਾਤ ਇਹੋ ਕੰਮ ਹੈ। ਮੈਂ ਤਾਂ ਗ਼ਰੀਬ ਕਿਰਤੀ ਹਾਂ ਤੇ ਹੁਣ ਜਾ ਕੇ ਪੱਠੇ ਦੱਥੇ ਦੀ ਸਾਰ ਲੈਣੀ ਹੈ।

ਮੁਸਾਫਰ— ਮੈਨੂੰ ਸ਼ੋਕ ਹੈ ਕਿ ਆਪ ਦਾ ਵਕਤ ਗੁਆ ਰਿਹਾ ਹਾਂ, ਪਰ ਤੁਸੀਂ ਗੱਲਾਂ ਬੜੀਆਂ ਦਾਨੀਆਂ ਤੇ ਨਿਸਚੇ ਨੂੰ ਪ੍ਰੋ ਲੈਣ ਵਾਲੀਆਂ ਕਰਦੇ ਹੋ, ਇਸ ਕਰਕੇ ਮੇਰਾ ਜੀ ਨਹੀਂ ਕਰਦਾ ਕਿ ਤੁਹਾਨੂੰ ਉੱਠਣ ਦਿਆਂ। ਤੁਹਾਡੀ ਮੋਟੀ ਠੁੱਲੀ ਜਟਕੀ ਗਲ ਮੈਨੂੰ ਵਧੇਰੇ ਤੱਸਲੀ ਬਨ੍ਹਾ ਰਹੀ ਹੈ, ਪੰਡਤਾਂ ਦੀਆਂ ਗੁੰਝਲਾਂ ਤੇ ਉਲਝਾ ਸੁਲਝਾ ਮੈਂ ਬਥੇਰੇ ਤੱਕੇ ਹਨ। ਤੁਸੀਂ ਮੈਨੂੰ ਦਇਆ ਕਰਕੇ ਮੇਰੇ ਪ੍ਰਸ਼ਨਾਂ ਦਾ ਉੱਤਰ ਦਿਓ?

ਬਾਬਾ— ਗੱਲਾਂ ਨਾਲ ਨਿਸ਼ਾ ਹੋਣੀਆਂ ਔਖੀਆਂ ਹਨ, ਪਰ ਹੱਛਾ ਜੋ ਸਾਡੇ ਭਰੋਸੇ ਵਿਚ ਹੈ ਸੁਣ ਲੈ। ਦੱਸ ਕਦੇ ਜੇਲ੍ਹਖਾਨੇ ਗਿਆ ਹੈਂ?

ਮੁਸਾਫਰ— ਹਾਂ, ਇਕ ਦੋ ਵਾਰੀ।

ਬਾਬਾ— ਕਿਸੇ ਪਹਿਮਾਨਗੀ ਕੀਤੀ ਦੇ ਬਦਲੇ ਕੈਦ ਹੋਕੇ ਗਿਆ ਸੈਂ?

ਮੁਸਾਫਰ— ਨਹੀਂ।

ਬਾਬਾ— ਜਦ ਤੂੰ ਕੋਈ ਕਰਮ ਮਾੜਾ ਨਹੀਂ ਸੀ ਕੀਤਾ-ਤਦ ਤੂੰ ਜੇਲਖਾਨੇ ਕਿਵੇਂ ਗਿਓਂ? ਕਿਉਂਕਿ ਸਾਰੇ ਸੰਸਾਰ ਦੀਆਂ ਸਰਕਾਰਾਂ ਦਾ ਨੇਮ ਹੈ ਕਿ ਜੋ ਖੁਨਾਮੀ ਕਰੇ ਉਹ ਜੇਲਖਾਨੇ ਜਾਵੇ। ਬਿਨਾਂ ਡੰਡ ਜੋਗ ਕੰਮ ਕੀਤੇ ਦੇ ਜੇਲ੍ਹਖਾਨੇ ਕੋਈ ਨਹੀਂ ਜਾ ਸਕਦਾ।

ਮੁਸਾਫਰ— ਨਹੀਂ, ਮੈਂ ਤਾਂ ਦੇਖਣ ਵਾਸਤੇ ਤੇ ਉਪਦੇਸ਼ ਦੇਣ ਵਾਸਤੇ ਸਰਕਾਰ ਵਲੋਂ ਗਿਆ ਸੀ।

ਬਾਬਾ— ਤਦ ਬਿਨਾਂ ਕਰਮ ਕੀਤੇ ਦੇ ਜਾਂ ਇਉਂ ਕਹੀਏ ਕਿ ਕਰਮਾਂ ਵਿਚ ਬੱਝੇ ਤੋਂ ਬਿਨਾਂ ਭੀ ਆਦਮੀ ਐਸੀ ਥਾਂ ਤੇ ਜਾ ਸਕਦਾ ਹੈ ਕਿ ਜਿੱਥੇ ਕੇਵਲ 'ਕਰਮ ਬੱਝ' ਹੋਕੇ ਹੀ ਜਾ ਸਕੀਦਾ ਹੈ।

ਮੁਸਾਫਰ (ਬੇਚੈਨ ਹੋਕੇ)— ਹਾਂ,...ਜਾ ਹੀ ਸਕੀਦਾ ਹੈ।

ਬਾਬਾ— ਫੇਰ ਸੱਜਣਾ! ਗੁਰੂ ਨਾਨਕ ਦੇਵ ਗੁਰੂ ਗੋਬਿੰਦ ਸਿੰਘ ਏਸ ਜਗਤ ਵਿਚ ਆਏ, ਜਿਸ ਵਿਚ 'ਕਰਮ ਬੱਝ' ਹੀ ਆ ਸਕਦੇ ਹਨ, ਤਾਂ ਕੀ ਹੋ ਨਹੀਂ



SIKHBOOKCLUB.COM

ਸਕਦਾ ਕਿ ਤੇਰੇ ਵਾਂਗੂ ਓਹ ਕਰਮ ਵਿਚ ਬੱਝ ਤਾਂ ਨਾ ਹੋਣ,[੧] ਪਰ ਫੇਰ ਦੇਖਣ ਵਾਸਤੇ,[੨] ਮੱਤ ਦੇਣ ਵਾਸਤੇ ਤੇ ਜੀਅਦਾਨ ਦੇਣ ਵਾਸਤੇ ਆਏ ਹੋਣ?

ਮੁਸਾਫਰ (ਸ਼ਰਮਾਕੇ)— ਗੱਲ ਦਿਲ ਤਾਂ ਲੱਗਦੀ ਹੈ।

ਬਾਬਾ— ਤੂੰ ਹੀ ਨਹੀਂ, ਡਾਕਟਰ, ਦਰੋਗਾ, ਉਪਦੇਸ਼ਕ ਕਈ ਲੋਕ ਹਨ ਜੋ 'ਕਰਮ ਬੱਝ' ਨਹੀਂ, ਪਰ ਫੇਰ ਜੇਲ੍ਹਖਾਨੇ ਜਾਂਦੇ ਹਨ। ਉਸੇ ਸੀਖਾਂ ਵਾਲੇ ਦਰਵੱਜੇ ਥਾਣੀ ਲੰਘਦੇ ਹਨ, ਜਿਸ ਤੋਂ 'ਕਰਮ ਬੱਝ' ਤੇ 'ਖੁਨਾਮੀ ਵਾਲੇ' ਲੰਘਦੇ ਹਨ। ਉਨ੍ਹਾਂ ਹੀ ਥਾਵਾਂ ਵਿਚ ਅੰਦਰ ਫਿਰਦੇ ਹਨ, ਪਰ ਕੋਈ ਉਨ੍ਹਾਂ ਨੂੰ ਕੈਦੀ ਨਹੀਂ ਆਖਦਾ। ਤਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ 'ਕਰਮ ਬੱਝ' ਨਹੀਂ ਸਨ। ਓਹ ਪੂਰਨ ਪੁਰਖ ਸਨ, ਓਹ ਪੂਰਨ ਬ੍ਰਹਮਵੇਤਾ, ਬ੍ਰਹਮ ਵਿਚ ਲੀਨ ਬ੍ਰਹਮ ਰੂਪ ਸਨ, ਓਹ ਗੁਰ ਅਵਤਾਰ ਸਨ। ਜਗਤ ਜਲੰਦਾ ਵੇਖ ਕੇ ਤਰਸ ਖਾ ਕੇ ਸੁਮੱਤਾਂ ਦੇਣ ਅਤੇ ਜੀਅਦਾਨ ਬਖਸ਼ ਕੇ ਮੋਇਆਂ ਨੂੰ ਜਿਵਾਲਣ ਆਏ ਸਨ[੩] ਅਸੀਂ ਜੋ ਉਹਨਾਂ ਨੂੰ ਜਨਮ ਮਰਨ ਤੋਂ ਰਹਿਤ ਮੰਨਦੇ ਹਾਂ, ਉਸਦਾ ਏਹੋ ਅਰਥ ਹੈ। ਉਨ੍ਹਾਂ ਦੀ ਮਹਿਮਾਂ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਆਖਿਆ ਹੈ:-

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰ ਉਪਕਾਰੀ ਆਏ॥ ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥

ਓਹ ਜਨਮ ਮਰਨ ਵਿਚ ਨਹੀਂ, ਚਾਹੋ ਜਗਤ ਵਿਚ ਆਏ। ਓਹ ਨਿਰੋਲ ਪਰਉਪਕਾਰੀ ਹਨ, ਅਸੀਂ ਮਰ ਰਹੇ ਸਾਂ, ਸਾਨੂੰ ਜੀਅ ਦਾਨ ਦੇਣ ਆਏ ਸਨ। ਓਹ ਇਕ ਕਿਣਕਾ ਜੀਵਨ (ਰੂਹਾਨੀ ਜ਼ਿੰਦਗੀ) ਦਾ ਸਾਡੇ ਅੰਦਰ ਪਾਕੇ ਸਾਨੂੰ ਭਗਤੀ (ਪਰਮੇਸ਼ਰ ਦੇ ਪਿਆਰ ਦੀ ਸੇਵਾ) ਵਿਚ ਲਾਉਂਦੇ ਹਨ ਤੇ ਐਉਂ ਰੱਬ ਨਾਲ ਮਿਲਾ ਦੇਂਦੇ ਹਨ*। ਸੋ ਜੋ ਐਸੇ ਪਰਉਪਕਾਰੀ ਹਨ, ਜੋ ਆਪ ਰੱਬੀ ਰੌ ਨਾਲ ਨਕਾ ਨਕ ਭਰਪੂਰ ਲਹਿਰਾ ਰਹੇ ਹਨ, ਜੋ ਕਰਮ ਬੱਝ ਨਹੀਂ ਪਰ ਪਰਉਪਕਾਰ ਦੀ ਖਾਤਰ ਸਾਡੇ ਵਿਚ ਆਏ, ਉਨ੍ਹਾਂ ਨੂੰ ਤੁਸੀਂ ਕਰਮ-ਬੱਝਾਂ ਵਾਂਗੂ ਜਨਮ ਮਰਨ ਵਿਚ ਕੀਕੂੰ ਕਹਿ ਸਕਦੇ ਹੋ? ਸਗੋਂ ਉਨ੍ਹਾਂ ਦਾ ਪਿਆਰ, ਸਤਿਕਾਰ, ਆਦਰ, ਯਾਦ, ਧਿਆਨ, ਲਿਵ ਸਾਡੀ ਕਲਯਾਨ ਕਰਤਾ ਹੈ ਤੇ ਸਾਨੂੰ ਰੱਬ ਦੇ ਦੇਸ਼ ਲਿਜਾਂਦੀ ਹੈ। ਅਸੀਂ ਉਨ੍ਹਾਂ ਵਿਚ ਰੱਬੀ ਪਿਆਰ, ਰੱਬੀ ਨੂਰ ਦਾ ਜਲ ਜਲੌਂ ਦੇਖਕੇ ਮਸਤ ਤੇ ਖੀਵੇ ਹੁੰਦੇ ਹਾਂ। ਤੁਸੀਂ ਲੋਕ ਸਾਨੂੰ ਕਿਉਂ ਮਸ਼ਕਰੀਆਂ ਕਰਦੇ ਹੋ? ਕਿਉਂ ਸਾਡੇ ਪਿਆਰ ਨੂੰ ਆਪਣੀ ਸੋਚ ਦੇ ਧੁਰੇ ਤੋਂ ਤੱਕਦੇ ਹੋ, ਕਿਉਂ ਸਾਡੇ ਆਪਣੇ ਸੋਚਣ ਤੇ ਸਮਝਣ ਦੇ ਧੁਰੇ ਤੋਂ ਨਹੀਂ ਵੇਖਦੇ ਹੋ? ਸਭ ਪਿੰਜ ਆਪਣੀ ਧੁਰ ਉੱਤੇ ਘੁੰਮਦੇ ਹਨ। ਇਸੇ ਤਰ੍ਹਾਂ ਹਰ ਕਿਸੇ ਦੇ ਵਿਚਾਰ ਨੂੰ ਉਸਦੀ ਆਪਣੀ ਧੁਰ ਤੋਂ ਸਮਝਿਆ ਕਰੋ। ਅਸੀਂ ਪ੍ਰੇਮ ਦੇ ਧੁਰ ਤੇ ਖੜੇ ਹਾਂ, ਸਾਡਾ ਪ੍ਰੇਮ ਸੁਰਜੀਤ ਤੇ ਦਾਨਾ ਪ੍ਰੇਮ ਹੈ, ਸਾਨੂੰ ਏਥੋਂ ਤੱਕਿਆ ਕਰੋ। ਹੁਣ ਦੱਸੋ ਇਹ ਗੱਲ ਠੀਕ ਹੈ ਕਿ ਗੁਰੂ ਨਾਨਕ ਦੇਵ ਜੀ ਜਨਮ ਮਰਨ ਤੋਂ ਰਹਿਤ ਬੀ ਹਨ, ਫੇਰ ਮਾਤਾ ਤ੍ਰਿਪਤਾ ਦੇ ਗ੍ਰਿਹ ਜਨਮੇ ਵੀ ਸਨ ਤੇ ਜਗਤ ਵਿਚ ਆਏ ਤੇ ਏਥੋਂ ਟੁਰੇ ਵੀ ਸਨ?

ਮੁਸਾਫਰ (ਲੰਮਾਂ ਸਾਹ ਭਰਕੇ)— ਠੀਕ ਹੈ ਬਾਬਾ ਜੀ। ਹੁਣ ਤਾਂ ਇਹ ਗੱਲ ਮੇਰੀ ਧੁਰ ਤੋਂ ਵੀ ਮੈਨੂੰ ਠੀਕ ਭਾਸੀ ਹੈ।

ਬਾਬਾ— ਫੇਰ ਉਹ ਮਨੁੱਖ ਵੀ ਸਨ, ਰੱਬ ਰੂਪ ਵੀ ਸਨ ਅਰ ਉਨ੍ਹਾਂ ਨੂੰ ਐਸਾ ਕਹਿਣ ਵਿਚ ਅਸੀਂ ਨਾ ਦੋ ਰੱਬ ਬਣਾ ਰਹੇ ਹਾਂ, ਨਾ ਰੱਬ ਨੂੰ ਜਨਮ ਮਰਨ ਵਾਲਾ ਬਣਾ ਰਹੇ ਹਾਂ, ਨਾ ਬੁੱਤ ਪ੍ਰਸਤੀ ਸਿਖਾ ਰਹੇ ਹਾਂ।

ਮੁਸਾਫਰ— ਹਾਂ! ਮੇਰੀ ਸਮਝ ਵਿਚ ਆ ਗਿਆ ਹੈ ਕਿ ਇਹ ਠੀਕ ਹੈ। ਤੁਸਾਂ ਮੇਰੇ ਸੰਸੇ ਨਵਿਰਤ ਕਰ ਦਿੱਤੇ ਹਨ। ਤੁਸਾਡਾ ਰਾਹ ਹੈ ਉੱਚਾ ਆਚਰਨ, ਪਰਮੇਸ਼ੁਰ ਜੀ ਨਾਲ ਪਿਆਰ ਤੇ ਸਰਬ ਜੀਆਂ

---

੧. ਪਹਿਲਾਂ ਬਾਬੇ ਪਾਯਾ ਬਖਸ਼ੁ ਦਰਿ ਪਿਛੋਂ ਦੇ ਫਿਰਿ ਘਾਲ ਕਮਾਈ॥ (ਭਾ: ਗੁ: ੧.੨੪)

੨. ਮੈਂ ਹੋ ਪਰਮ ਪੁਰਖ ਕਉ ਦਾਸਾ॥ ਦੇਖਨ ਆਯੋ ਜਗਤ ਤਮਾਸਾ॥ ਪੁਨਾ— ਧਰਮ ਹੇਤ ਗੁਰਦੇਵ ਪਠਾਏ॥ ਪੁਨਾ— ਯਾਹੀ ਕਾਜ ਧਰਾ ਹਮ ਜਨਮੰ॥ ਸਮਝਿ ਲੇਹੁ ਸਾਧੂ ਸਭ ਮਨਮੰ॥ ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਨਿ॥

੩. ਬਾਬਾ ਦੇਖੈ ਧਿਆਨ ਧਰਿ ਜਲਤੀ ਸਭ ਪ੍ਰਿਥਮੀ ਦਿਸ ਆਈ।. ... ਚੜ੍ਹਿਆ ਸੋਧਣਿ ਧਰਤਿ ਲੁਕਾਈ। (ਭਾ: ਗੁ: ੧.੨੪)

* ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ॥

ਮਿਹਰਾਮਤ। ਇਸਦੀ ਪ੍ਰਾਪਤੀ ਲਈ ਤੁਸੀਂ ਟੁਰਦੇ ਹੋ ਰੱਬੀ ਗਿਆਨ ਦੇ ਚਾਨਣੇ ਵਿਚ, ਆਪਣੀ ਬੁੱਧੀ ਦੇ ਸੁੱਚੇ ਪ੍ਰਕਾਸ਼ ਵਿਚ, ਮਨ ਨੂੰ ਲਾਉਂਦੇ ਹੋ ਐਸੀ ਬੁੱਧੀ ਦੇ ਅਸਰ ਹੇਠ ਤੇ ਸਰੀਰ ਤੋਂ ਕਰਦੇ ਹੋ ਸੱਚੇ ਤੇ ਸੁਹਣੇ ਕੰਮ।

* * * * *

੪

ਬਾਬਾ— ਤੁਹਾਡੇ ਸੰਸੇ ਤੁਹਾਨੂੰ ਮਲੂਮ ਹੁੰਦਾ ਹੈ ਕਿ ਨਵਿਰਤ ਹੋ ਗਏ ਹਨ, ਪਰ ਮੈਨੂੰ ਜਾਪਦਾ ਹੈ ਕਿ ਅਜੇ ਕੋਈ ਨਵਿਰਤ ਨਹੀਂ ਹੋਏ?

ਮੁਸਾਫਰ— ਇਹ ਤੁਹਾਨੂੰ ਕਿਵੇਂ ਪਤਾ ਹੈ?

ਬਾਬਾ— ਤੁਸੀਂ ਪੜ੍ਹੇ ਹੋ ਤੇ ਜਾਪਦਾ ਹੈ ਕਿ ਗੁੜ੍ਹੇ ਨਹੀਂ, ਤੇ ਪੜ੍ਹੇ ਭੀ ਬਹੁਤ ਦੂਰ ਤਾਂਈਂ ਨਹੀਂ ਹੋ।

ਮੁਸਾਫਰ— ਕਿਵੇਂ ?

ਬਾਬਾ— ਜੇ ਤੁਸੀਂ ਚੰਗਾ ਪੜ੍ਹਦੇ ਤੇ ਪੜ੍ਹਕੇ ਗੁੜ੍ਹਦੇ ਤਾਂ ਤੁਹਾਨੂੰ ਇਸ ਗੱਲ ਦੀ ਸੋਝੀ ਹੁੰਦੀ ਕਿ ਜਦ ਕਿਸੇ ਸ਼ੈ ਦੀ ਪਰਖ ਕਰੀਦੀ ਹੈ, ਜਿਨੂੰ ਤੁਸੀਂ ਆਖ ਲੈਂਦੇ ਹੋ ਕਿ ਨੁਕਤਾਚੀਨੀ ਕਰੀਦੀ ਹੈ ਤਾਂ ਉਸਦੇ ਸੱਚ ਤੇ ਸਮਝ ਦੇ ਧ੍ਰਵੇ ਨੂੰ ਲੱਭਦੇ। ਆਪਣੇ ਖਿਆਲ ਦੇ ਧ੍ਰਵੇ ਤੋਂ ਹਰ ਗੱਲ ਨੂੰ ਨਹੀਂ ਹਾੜੀਦਾ। ਸਗੋਂ ਉਸਦੇ ਧੁਰੇ ਨੂੰ ਸਮਝ ਕੇ ਫੇਰ ਉਸਦੇ ਗੁਣ ਔਗੁਣ ਦੀ ਪਛਾਣ ਕਰੀਦੀ ਹੈ, ਸੋ ਇਹ ਉਹ ਕਰ ਸਕਦਾ ਹੈ ਜੋ ਆਪ ਵਿਦਯਾ ਦਾ ਗੂੜ੍ਹਾ ਜਾਣੂੰ ਹੋਵੇ ਜਾਂ ਪੜ੍ਹਕੇ ਗੁੜ੍ਹਿਆ ਹੋਵੇ।

ਮੁਸਾਫਰ— ਤੁਸੀਂ ਜਾਪਦੇ ਤਾਂ ਹੋ ਅਨਪੜ੍ਹ, ਪਰ ਹਓ ਪੜ੍ਹੇ ਹੋਏ।

ਬਾਬਾ— ਸੱਜਣਾਂ! ਮੈਂ ਅਮਲੀ ਪੜ੍ਹਿਆਂ ਦੇ ਪਾਸ ਬੈਠਾ ਹਾਂ, ਜਿਨ੍ਹਾਂ ਪਾਸ ਬੈਠਿਆਂ ਕੂੜ ਦੀ ਰਾਸ ਘਟਦੀ ਹੈ*। 'ਜੋ ਅਨੁਭਵ ਦੇ ਬੰਦੇ ਹਨ' ਮੈਂ ਉਨ੍ਹਾਂ ਦੇ ਜੋੜੇ ਝਾੜੇ ਹਨ। ਉਹ ਲੋਕ ਇਲਮ ਦ੍ਵਾਰਾ ਗਿਆਨੀ ਹੋਣ ਭਾਵੇਂ ਨਾ ਹੋਣ, ਉਹ ਸੁਹਬਤਾਂ ਵਿਚ, ਮਰਦਾਂ ਦੀਆਂ ਸੁਹਬਤਾਂ ਵਿਚ ਸਮਝਦੇ ਹਨ ਤੇ ਅਮਲ ਕਰਨਾ ਸਿੱਖਦੇ ਹਨ। ਅਮਲਾਂ ਨਾਲ ਉਹ "ਸੱਚ" ਤੇ ਅੱਪੜਦੇ ਹਨ। 'ਇਲਮ' ਦਾ ਪ੍ਰਯੋਜਨ ਭੀ 'ਸੱਚ' ਤੇ ਅੱਪੜਨਾ ਹੈ, 'ਅਮਲ' ਦਾ ਭੀ ਏਹੋ ਕੰਮ ਹੈ। ਜਿੱਥੇ ਇਲਮ ਤੇ ਅਮਲ ਦੋਵੇਂ ਹੋਣ, ਧੰਨ ਭਾਗ! ਜੇ ਨਿਰਾ ਇਲਮ ਹੋਵੇ, ਪਰ ਕਪਟ ਨਾਲ ਨਾ ਹੋਵੇ, ਤਦ ਵੀ ਸੱਚ ਦੀ ਕੁਝ ਸੋਝੀ ਆਉਂਦੀ ਹੈ, ਭਾਵੇਂ ਸੱਚ ਦੀ "ਪ੍ਰਤੀਤੀ ਦੇ ਦੇਸ਼" ਮਨ ਦਾ ਪ੍ਰਵੇਸ਼ ਸੁੱਖ ਹੋਵੇ। ਪਰ ਅਮਲ ਤਾਂ ਰਸਾਇਣੀ ਵਿਦਯਾ ਹੋਈ ਨਾ, ਇਸ ਨੇ ਤਾਂ "ਸੱਚ" ਦਿਖਾ ਦੇਣਾ, "ਸੱਚ" ਅੰਦਰ ਵਸਾ ਦੇਣਾ, "ਸੱਚ ਦੀ ਪ੍ਰਤੀਤੀ ਦੇ ਦੇਸ਼" ਪ੍ਰਵੇਸ਼ ਕਰਾ ਦੇਣਾ ਹੈ। ਮੈਂ ਜੁ ਤੁਹਾਨੂੰ ਕਿਹਾ ਸੀ ਕਿ ਕਿਸੇ ਦੀ ਪਰਖ ਕਰਨ ਲਈ ਤੇ ਉਸਦੀ ਸਚਿਆਈ ਜਾਚਣ ਲਈ ਉਸਦੇ ਖਯਾਲ ਦੇ ਧੁਰੇ ਨੂੰ ਪਹਿਲਾਂ ਸਮਝੋ।

ਮੁਸਾਫਰ (ਗੱਲ ਟੁੱਕ ਕੇ)— ਖਯਾਲ ਦੀ ਧੁਰ ਤੋਂ ਤੁਹਾਡਾ ਮਤਲਬ 'ਨੁਕਤਾ ਖਯਾਲ' ਤੋਂ ਹੈ?

ਬਾਬਾ— ਜੀਓ ਜੀ! ਇਹੋ ਗਲ। ਹੁਣ ਤੁਸੀਂ ਦੇਖੋ, ਸਾਡੇ ਸਤਿਗੁਰਾਂ ਤੇ ਭਾਈ ਗੁਰਦਾਸ ਜੀ ਨੇ ਸਾਨੂੰ ਨਿੰਦਿਆ ਮਨ੍ਹੇਂ ਕੀਤੀ ਹੈ। ਸੱਚੀ ਮੁੱਚੀ ਔਗੁਣ ਦੇਖ ਕੇ ਭੰਡਣ ਨੂੰ ਤੁਸੀਂ ਨੁਕਤਾਚੀਨੀ ਕਹਿਕੇ ਕਰ ਲੈਂਦੇ ਹੋ। ਸਾਡੀ ਵਿਦਯਾ ਵਿਚ ਲਿਖਿਆ ਹੈ 'ਜਉ ਦੇਖੈ ਛਿਦ੍ਰੁ ਤਉ ਨਿੰਦਕੁ ਉਮਾਹੈ"। ਸਾਡੀ ਵਿਦਯਾ ਕਹਿੰਦੀ ਹੈ ਅਵਗੁਣ ਵੇਖਕੇ ਅਣਡਿਠ ਕਰੋ। ਇਹ ਮਤਲਬ ਨਹੀਂ ਕਿ ਔਗੁਣਾਂ ਨੂੰ ਪਿਆਰ ਕਰੋ, ਯਾ ਇਹ ਕੂੜਾ ਲੋਕਾਂ ਵਿਚ ਰਹਿਣ ਦਿਓ। ਪਰ ਇਹ ਕਿ ਕਿਸੇ ਦੇ ਔਗੁਣ ਦੇਖਕੇ ਉਸਨੂੰ ਭੰਡੋ ਛੰਡੋ ਨਾ, ਪਰ ਜੇ ਸਰੇ ਬਣੇ ਤਾਂ ਪ੍ਰੇਰਨਾ ਨਾਲ ਤੇ ਪਿਆਰ ਨਾਲ ਉਸਨੂੰ ਭਲੇ ਪਾਸੇ ਲਾਓ ਜੋ ਉਸਦੇ ਔਗੁਣ ਦੂਰ ਹੋ ਜਾਣ ਤੇ ਉਹ ਨਿਰਮਲ ਹੋ ਜਾਵੇ। ਤੂੰ ਦੱਸ ਭਾਈ ਇਹ ਸਿਖਯਾ ਚੰਗੀ ਹੈ ਕਿ ਭੰਡਣ ਵਾਲੀ।

ਮੁਸਾਫਰ— ਤੁਸੀਂ ਸੱਚੇ ਹੋ, ਐਉਂ ਕਦੇ ਮੈਂ ਵੀਚਾਰ ਨਹੀਂ ਸੀ ਕੀਤੀ।

ਬਾਬਾ— ਤਾਂ ਫਿਰ ਨਿੰਦਿਆ ਕਰਨੀ, ਕੁਨਸ ਛਾਂਟਣੇ, ਛਿਦ੍ਰ ਲੱਭ ਕੇ ਭੰਡਣਾਂ ਆਦਿ ਕੰਮ ਛੱਡ ਦੇਣੇ ਚਾਹੀਏ।

ਮੁਸਾਫਰ— ਠੀਕ ਕਿਹਾ ਨੇ।

ਬਾਬਾ— ਸੋ ਸੱਜਣ ਜੀ! ਮੈਂ ਤੁਸਾਂ ਨਾਲ ਇਲਮ ਦੀਆਂ ਗੱਲਾਂ ਨਹੀਂ ਕਰ ਰਿਹਾ, ਨਾ ਗੱਲਾਂ ਦਾ ਮੈਨੂੰ ਸ਼ੌਕ ਹੈ, ਨਾ ਗੱਲਾਂ ਦਾ ਰਸ। ਮੈਂ ਤਾਂ ਜੋ ਮੈਨੂੰ ਆ ਟੱਕਰੇ, ਉਸ ਤੋਂ "ਸੱਚ ਦੀ ਸੋਝੀ" ਲੈਣ ਦਾ ਜਤਨ ਕਰਦਾ ਹਾਂ। ਜੇ ਮੈਂ ਬੋਲਾਂ ਤਾਂ 'ਸੱਚ ਦੀ

* ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ॥
ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ॥



SIKHBOOKCLUB.COM

ਸੋਝੀ ਜਿੰਨੀ ਕਿ ਮੈਨੂੰ ਹੈ, ਦੱਸਣ ਦਾ ਉਪਰਾਲਾ ਕਰਦਾ ਹਾਂ। ਗੱਲਾਂ ਤੇ ਬਕਵਾਸ ਤਾਂ ਡਾਕਟਰ ਜੀ ਕਹਿੰਦੇ ਸਨ ਵਕਤ ਨੂੰ ਕਤਲ ਕਰਨ ਦੇ ਉਪਰਾਲੇ ਹਨ। ਓਹ ਦੱਸਦੇ ਸਨ ਕਿ ਵਕਤ ਜਦ ਨਾ ਬੀਤੇ ਤਾਂ ਨਿਕੰਮੇ ਕੰਮ ਕਰਕੇ ਲੋਕੀਂ ਕਹਿੰਦੇ ਹਨ 'ਵਕਤ ਕਤਲ ਪਏ ਕਰਦੇ ਹਾਂ'। ਮਨੋਰਥ ਨੂੰ ਸਿੱਧ ਕਰ ਲੈਣ ਵਾਸਤੇ ਤਾਂ "ਸੱਚ ਦੀ ਸੋਝੀ" ਬਦਲੇ 'ਸੁਣਨਾ' ਤੇ 'ਸੱਚ ਦੀ ਸੋਝੀ' ਬਦਲੇ 'ਬੋਲਨਾ' ਹੈ। ਤੁਸੀਂ ਸ਼ਾਇਦ ਸਾਡੇ ਧਰਮ ਪੁਸਤਕ ਪੜ੍ਹੇ ਨਹੀਂ, ਜਗਤ ਦੇ ਪਿਆਰੇ ਗੁਰੂ ਨਾਨਕ ਦੇਵ ਜੀ ਨੇ ਆਖਿਆ ਹੈ ਕਿ ਜਿਨ੍ਹਾਂ ਨੂੰ 'ਸੱਚ ਦੀ ਸੋਝੀ' ਦਾ ਸ਼ੌਕ ਸੀ, ਜਿਨ੍ਹਾਂ ਦੇ ਹਿਰਦੇ 'ਸੱਚ ਦੀ ਸੋਝੀ' ਦਾ ਪ੍ਰੇਮ ਸੀ, ਉਨਾਂ ਨੇ ਸੁਣਿਆ, ਕਿਨ੍ਹਾਂ ਤੋਂ ਸੁਣਿਆ? ਜਿਨ੍ਹਾਂ ਵਿਚ 'ਸੱਚ ਦੀ ਸੋਝੀ' ਦਾਨ ਕਰਨ ਦੀ ਸਮਰੱਥਾ ਸੀ, ਸੁਣਿਆ ਨਾਮ, ਨਾਮ ਦਾ ਅਸਰ, ਫਲ ਤੇ ਮਹਾਤਮ, ਜੋ ਸੁਣਨਾ ਕਿ ਨਿਰਾ ਕੰਨਾਂ ਦਾ ਸੁਣਨ ਮਾਤ੍ਰ ਨਹੀਂ ਸੀ, ਪਰ ਜਿਸ ਵਿਚ ਅੰਦਰ ਅਸਰ ਕਰ ਦੇਣ ਵਾਲੀ ਸੱਤਯਾ ਸੀ:-

ਸੁਣਿਐ ਈਸਰੁ ਬਰਮਾ ਇੰਦੁ॥
ਸੁਣਿਐ ਮੁਖਿ ਸਾਲਾਹਣ ਮੰਦੁ॥
ਸੁਣਿਐ ਜੋਗ ਜੁਗਤਿ ਤਨਿ ਭੇਦ॥
ਸੁਣਿਐ ਸਾਸਤ ਸਿਮ੍ਰਿਤਿ ਵੇਦ॥
ਨਾਨਕ ਭਗਤਾ ਸਦਾ ਵਿਗਾਸੁ॥
ਸੁਣਿਐ ਦੂਖ ਪਾਪ ਕਾ ਨਾਸੁ॥

ਸੋ ਸੱਜਣਾ! ਉਸ ਸਿਰਜਣਹਾਰ ਪਿਤਾ ਵਾਹਿਗੁਰੂ ਦੀ ਮਿਹਰ ਨਾਲ ਮੈਂ ਅਨਪੜ੍ਹ ਨੂੰ ਐਸੇ ਕਿਸੇ ਟਿਕਾਣੇ ਸੁਣਨ ਦਾ ਮੌਕਿਆ ਮਿਲਿਆ, ਹੁਣ ਸੁਣ ਕੇ ਮੈਂ:-

"ਸੁਣਿਐ ਅੰਧੇ ਪਾਵਹਿ ਰਾਹੁ॥"

ਮੇਰੇ ਵਰਗੇ ਅੰਨ੍ਹੇ ਨੇ "ਸੱਚ ਦੀ ਖੋਜ ਤੇ ਪਿਆਰ ਦਾ ਰਸਤਾ" ਪਾ ਲਿਆ ਹੈ ਜਿਸ ਨਾਲ ਦੁਖਾਂ ਤੇ ਪਾਪਾਂ ਦਾ ਨਾਸ਼ ਹੁੰਦਾ ਹੈ ਤੇ ਸਦਾ ਵਿਗਾਸ ਮਿਲਦਾ ਹੈ। ਸੋ ਮੈਂ ਖੁੱਲ੍ਹੀ ਖੁਰਦਰੀ ਗੱਲ ਕਰਦਾ ਹਾਂ, ਪਰ ਮੇਰੇ ਅੰਦਰ ਟੋਲ ਤੇ ਟੋਲ ਸੱਚ ਸਮਝਣ ਤੇ ਸੱਚ ਸਮਝਾਉਣ ਦੀ ਹੁੰਦੀ ਹੈ ਜਿੱਥੇ ਮੇਰੀ ਭੁੱਲ ਹੋਵੇ ਕੱਢ ਦੇਣੀ।

ਮੁਸਾਫਰ— ਤੁਸੀਂ ਮੈਨੂੰ ਕੀਹ ਗੱਲ ਦੱਸਣ ਲੱਗੇ ਸੀ ਕਿ ਅਜੇ ਮੇਰਾ ਸੰਸਾ ਨਵਿਰਤ ਨਹੀਂ ਹੋਇਆ?

ਬਾਬਾ— ਹਾਂ! ਤੁਸਾਂ ਇਕ ਗੱਲ ਸਿੱਖਣੀ ਹੈ ਕਿ ਜਦ ਕਿਸੇ ਦੇ ਗੁਣ ਔਗੁਣ ਤੱਕਣ ਲੱਗੋ ਤਾਂ ਪਹਿਲਾਂ ਉਸਦੀ ਆਪਣੀ ਵਿਚਾਰ ਦੀ 'ਧੁਰ' ਨੂੰ ਲੱਭੋ। ਜੇ ਤੁਸੀਂ ਸਦਾ ਆਪਨੀ ਸਮਝ ਦੀ ਧੁਰ ਤੋਂ ਲੋਕਾਂ ਦੇ ਫੈਸਲੇ ਕਰੋਗੇ ਤਾਂ ਬਹੁਤੀ ਵੇਰ ਟਿੱਬੇ ਖੋੜਿਆਂ ਵਿਚ ਡਿੱਗੋਗੇ ਤੇ ਗਿੱਟੇ ਗੋਡੇ ਭਨਾਓਗੇ। ਨਿਸ਼ਾਨਾ ਸਦਾ ਸੱਚ ਦਾ ਰਖੋ।

ਮੁਸਾਫਰ— ਕਿਵੇਂ?

ਬਾਬਾ— ਜਿਵੇਂ ਤੁਸੀਂ ਮੇਰੇ ਨਾਲ ਕੀਤੀ ਹੈ। ਸਾਡਾ ਸਿੱਖਾਂ ਦਾ ਅੰਦਰਲਾ "ਪ੍ਰੇਮ" ਦੇ ਧੁਰੇ ਦਾ ਹੈ ਤੇ ਪ੍ਰੇਮ ਸਾਡਾ ਦਾਨਾ ਹੈ, ਵਹਿਮੀ ਨਹੀਂ। ਅਸੀਂ ਵਾਹਿਗੁਰੂ ਨੂੰ ਪਿਤਾ, ਮਾਤਾ, ਭ੍ਰਾਤਾ, ਸਖਾ, ਮਿੱਤ੍ਰ, ਦਾਤਾ, ਮਾਲਕ, ਪਾਲਕ, ਜੋ ਪਿਆਰ ਦੇ ਸਰਬੰਧ ਹਨ, ਸਾਰਿਆਂ ਨਾਲ ਯਾਦ ਕਰਦੇ ਹਾਂ ਤੇ ਉਸਨੂੰ ਪਿਆਰ ਕਰਦੇ ਹਾਂ। 'ਉਸ ਨਾਲ ਪਿਆਰ' ਇਹੋ ਸਾਡੀ ਕਲਿਆਣ ਹੈ। 'ਪਿਆਰ ਨਾਲ ਕਲਿਆਣ ਲੱਭੇਗੀ' ਅਸੀਂ ਨਿਰਾ ਇਹ ਨਹੀਂ ਮੰਨਦੇ, ਅਸੀਂ "ਉਸ ਨਾਲ ਪਿਆਰ" ਨੂੰ ਹੀ ਕਲਿਆਣ ਸਮਝਦੇ ਹਾਂ। ਸਾਡੀ ਪਰਖ ਕਰਨ ਲੱਗਿਆਂ ਤੈਨੂੰ ਚਾਹੀਦਾ ਸੀ ਕਿ ਪਹਿਲਾਂ ਸਾਡੀ ਇਸ 'ਸਮਝ ਦੀ ਧੁਰ' ਨੂੰ ਸਮਝ ਲੈਂਦੋਂ। ਜੇ ਐਸਾ ਕਰਦੋਂ ਤਾਂ ਕੁਣਸ ਨਾ ਛਾਂਟਦੋਂ, ਜਿਸ ਨਾਲ ਮਨ ਟੋਟੇ ਵਲ ਜਾਂਦਾ ਹੈ। ਸੱਚੀ ਪਰਖ ਨਾਲ ਮਨ ਸਿਆਣਾ ਹੁੰਦਾ ਹੈ ਤੇ ਲਾਹੇ ਵਲ ਰੁਖ਼ ਕਰਦਾ ਹੈ। ਤੂੰ ਗੱਲਾਂ ਸੁਣੀਆਂ ਸਨ ਮੁਸਲਮਾਨਾਂ ਦੀਆਂ ਯਾ ਉਨ੍ਹਾਂ ਤੋਂ ਪੈਦਾ ਹੋਏ ਹੋਰ ਖਿਆਲਾਂ ਦੀਆਂ ਕਿ ਬੁੱਤ ਪ੍ਰਸਤੀ ਪਾਪ ਹੈ, ਪਰ ਤੂੰ ਕਦੇ ਖੋਜ ਨਾ ਕੀਤੀ ਕਿ ਜਿਹੜੇ ਬੁੱਤ ਪ੍ਰਸਤੀ ਬੁਤਪ੍ਰਸਤੀ ਪਏ ਆਖਦੇ ਹਨ, ਕਿਤੇ ਉਹ ਆਪ ਹੀ ਤਾਂ ਕਿਸੇ ਹੋਰ ਡੌਲ ਵਿਚ ਬੁਤ ਨਹੀਂ ਪੂਜਦੇ? ਫਿਰ ਦੂਜੀ ਸੋਚ ਇਹ ਕਰਦੋਂ ਕਿ ਜਿਨ੍ਹਾਂ ਨੇ ਅਸਲ ਭੇਦ ਨਾ ਸਮਝਿਆ ਤੇ ਐਵੇਂ ਬੁਤ ਪ੍ਰਸਤੀ ਦੇ ਉਲਟ ਟੁਰ ਪਏ ਉਨ੍ਹਾਂ ਨੇ ਆਪਣੇ ਜੋਸ਼ ਵਿਚ ਸੁਧਾਰ ਕਰਦਿਆਂ ਕਿਤੇ ਨੁਕਸਾਨ ਬੀ ਕੀਤੇ ਹਨ ਕਿ ਨਹੀਂ? ਪੱਛੋਂ ਦੇ ਬਦੇਸ਼ੀ ਹੱਲੇ ਕਰਨ ਵਾਲਿਆਂ ਨੇ ਅਟਕੋਂ ਪਾਰ ਤੇ ਪੰਜਾਬ ਦੇ ਸਾਰੇ ਇਲਾਕਿਆਂ ਵਿਚੋਂ ਬੋਧੀਆਂ

SIKHBOOKCLUB.COM

ਤੇ ਹਿੰਦੂਆਂ ਦੇ ਬੁਤ ਤੇ ਬੁਤਖਾਨੇ ਨਾਂਫਤ ਕਰ ਦਿਤੇ। ਉਨ੍ਹਾਂ ਪੱਥਰ ਪੂਜਾ ਦੇ ਥਾਉਂ ਉਡਾਏ ਤੇ ਪੰਜਾਬ ਵਿਚ ਬੁਤਖਾਨੇ ਤੋੜਨ ਵਿਚ ਬੁਤਪ੍ਰਸਤੀ ਨੂੰ ਸੱਟ ਤਾਂ ਮਾਰੀ, ਪਰ ਬੜੇ ਬੜੇ ਆਲੀਸ਼ਾਨ ਮੰਦਰ ਮਲੀਆਮੇਟ ਕਰ ਦਿਤੇ ਤੇ ਬੜੇ ਬੜੇ ਹੁਨਰ ਤੋਂ ਬਣੇ ਕਾਰੀਗਰੀ ਦੇ ਕੰਮ ਤਬਾਹ ਕਰ ਦਿਤੇ।

ਪੱਥਰ ਪੂਜਣਾ ਮੈਂ ਚੰਗਾ ਨਹੀਂ ਕਹਿੰਦਾ। ਇਹ ਤਾਂ ਬੁੱਧੀ ਦੇ ਨੀਵੇਂ ਹੋਣ ਦੀ ਨਿਸ਼ਾਨੀ ਤੇ ਪਰਮੇਸਰ ਜੀ ਦਾ ਮੁਕਾਬਲਾ ਤੇ ਪਾਪ ਬੀ ਹੋ ਸਕਦਾ ਹੈ, ਪਰ ਜਿਸ ਪੱਥਰ ਘਾੜੇ ਕਾਰੀਗਰ ਨੇ ਆਪਣੇ ਅੰਦਰਲੇ ਅਨੁਭਵ ਤੋਂ ਇਕ ਪੱਥਰ ਦੀ ਸ਼ਿਲਾ ਨੂੰ ਉੱਕਰ ਕੇ ਉਸ ਵਿਚ ਕਿਸੇ ਉੱਚੇ ਖਿਆਲ, ਉੱਚੀ ਸੋਚ ਦਾ ਨਿਸ਼ਾਨਾ ਬੰਨ੍ਹ ਦਿਤਾ ਹੈ, ਉਸਨੇ ਇਕ ਕਮਾਲ ਕੀਤਾ ਹੈ, ਉਸਨੂੰ ਤਬਾਹ ਕਰਨਾ ਸੰਸਾਰ ਵਿਚੋਂ ਇਕ ਵਿਦਯਾ, ਇਕ ਹੁਨਰ, ਇਕ ਕਮਾਲ ਦਾ ਤਬਾਹ ਕਰਨਾ ਹੈ। ਲੋਕਾਂ ਨੂੰ ਚਾਨਣਾ ਦਿਓ ਕਿ ਕਿਸੇ ਬੁੱਤ ਦੀ ਪੂਜਾ ਨਾ ਕਰਨ, ਪਰ ਜੇ ਕਿਸੇ ਬੁੱਤ ਦੇ ਘੜਨਹਾਰੇ ਨੇ ਕੋਈ ਅੰਦਰਲਾ ਉੱਚਾ ਖਿਆਲ ਪੱਥਰ ਵਿਚ ਪੈਦਾ ਕਰ ਦਿਤਾ ਹੈ, ਤਦ ਉਸ ਬੁੱਤ ਨੂੰ ਤਬਾਹ ਕਰਨ ਵਿਚ ਤੁਸੀਂ ਉੱਚੇ ਖਿਆਲ ਨੂੰ ਤਬਾਹ ਕਰ ਰਹੇ ਹੋ। ਏਸੇ ਕਰਕੇ ਪੰਜਾਬ ਸਾਰੇ ਹਿੰਦ ਵਿਚੋਂ ਪਿੱਛੇ ਹੈ ਕਿ ਇਸ ਦੀ ਕਾਰੀਗਰੀ ਦੀਆਂ ਮੂਰਤਾਂ, ਮੂਰਤੀਆਂ ਤੇ ਉੱਚੇ ਤੋਂ ਉੱਚੇ ਨਮੂਨੇ ਦੀਆਂ ਇਮਾਰਤਾਂ ਢਾਹ ਦਿੱਤੀਆਂ ਗਈਆਂ। ਇਸ ਦੇ ਭਾਰੇ ਭਾਰੇ ਹੁਨਰਾਂ ਤੇ ਵਿਦਯਾ ਦੇ ਅਸਥਾਨ ਤਬਾਹ ਕੀਤੇ ਗਏ ਅਤੇ ਇਸਦੇ ਸ਼ਿਲਪਕਾਰਾਂ ਦੇ ਅਨੁਭਵਾਂ ਤੋਂ ਬਣੇ ਨਮੂਨੇ "ਬੁੱਤ ਬੁੱਤ" ਆਖਕੇ ਭੰਨ ਤੋੜ ਦਿਤੇ ਗਏ। ਇਸ ਵਿਚ ਮੂਰਤਾਂ ਲਿਖਣ ਵਾਲਿਆਂ ਦੇ ਪੁਰਾਤਨ ਹੁਨਰ ਫੂਕ ਦਿਤੇ ਗਏ। ਹੁਨਰਾਂ ਦੇ ਨਮੂਨੇ, ਵਿਦਯਾ ਦੇ ਕਮਾਲ, ਕਾਗਤਾਂ, ਪੱਥਰਾਂ, ਕੰਧਾਂ ਤੋਂ ਜਦ ਉਜਾੜ ਦਿਤੇ ਗਏ ਤਾਂ ਪਿੱਛੇ ਰਹਿ ਗਿਆ,- ਹੁਨਰ ਹੀਣ ਤੇ ਹੁਨਰ ਦੀ ਕਦਰ ਦੇ ਨੈਣਾਂ ਤੋਂ ਹੀਣਾ ਪੰਜਾਬ। ਹਲ ਵਾਹਿਆ, ਹਾਲਾ ਭਰਿਆ, ਪੇਟ ਭਰਿਆ ਤੇ ਕਾਰਦਾਰਾਂ ਦੇ ਹੱਥੋਂ ਦੁਖ- ਸੁਖ ਸਹਿੰਦੇ ਦਿਨ ਬਿਤਾ ਲਏ। ਇਉਂ ਵਿਦਯਾ ਤੋਂ ਵੀ ਰਹਿ ਗਏ। ਅੱਜ ਕੱਲ ਤੁਸੀਂ ਸਾਰੇ ਪਏ ਜਾਪਾਨ ਦੀ ਮਹਿੰਮਾ ਕਰਦੇ ਹੋ। ਪਤਾ ਜੇ ਜਾਪਾਨ ਕਿਉਂ ਤ੍ਰੱਕੀ ਕਰ ਰਿਹਾ ਹੈ? ਮੈਨੂੰ ਡਾਕਟਰ ਜੀ ਨੇ ਦੱਸਿਆ ਸੀ ਕਿ ਜਾਪਾਨ ਦੇ ਆਪਣੇ ਹੁਨਰ ਕਾਇਮ ਸਨ, ਪਰਜਾ ਸਾਰੀ ਅਪਣੇ ਹੁਨਰਾਂ ਤੋਂ ਕਾਰੀਗਰੀਆਂ ਤੋਂ ਵਿਦਯਾ ਨਾਲ ਮੰਝੀ ਪਈ ਸੀ। ਉਨ੍ਹਾਂ ਨੇ ਪੱਛਮੀ ਵਿਦਯਾ ਵਲ ਧਿਆਨ ਦਿੱਤਾ। ਸੋ ਛੇਤੀ ਸਿੱਖ ਕੇ ਜਗਤ ਦੇ ਵਿਦਵਾਨਾਂ ਵਿਚ ਵਿਦਵਾਨ ਤੇ ਮਾਰਖੰਡ ਲੋਕਾਂ ਦੇ ਸਾਮ੍ਹਣੇ ਮਾਰਖੰਡ ਹੋ ਗਏ। ਸੋ ਮਿੱਤ੍ਰਾ! ਜਿਨ੍ਹਾਂ ਲੋਕਾਂ ਨੇ ਪੰਜਾਬ ਦੇ 'ਹੁਨਰ' ਨੂੰ, ਜੋ ਧਰਮ ਭਾਵ ਨਾਲ ਸੀਤਾ ਪਿਆ ਸੀ, ਬੁੱਤਪ੍ਰਸਤੀ ਦੇ ਭੁਲੇਵੇ ਤਬਾਹ ਕੀਤਾ, ਉਨ੍ਹਾਂ ਨੇ ਪੰਜਾਬ ਦੇ ਸਿਰ ਆਪਣੇ ਜਾਣੇ ਅਹਿਸਾਨ ਕੀਤਾ, ਪਰ ਅਸਲ ਵਿਚ ਧ੍ਰੋਹ ਕਮਾਇਆ। ਉਨ੍ਹਾਂ ਨੇ ਸੁਹਜ ਤੇ ਸੁੰਦਰਤਾਈਆਂ, ਅਕਲਾਂ ਨਾਲ ਬਣੇ ਮੰਦਰ, ਦਿਲ ਦੇ ਡੂੰਘੇ ਵਲਵਲਿਆਂ ਤੋਂ ਬਣੀਆਂ ਅਤੇ ਅੰਦਰਲੇ ਦੇ ਧਿਆਨ ਤੋਂ ਉਪਜੀਆਂ ਹੋਈਆਂ ਮੂਰਤਾਂ ਤੇ ਮੂਰਤੀਆਂ ਤਬਾਹ ਕਰਕੇ, "ਹੁਨਰ" ਤਬਾਹ ਕਰ ਦਿੱਤੇ। ਇਉਂ ਸਾਰੀ ਹੁਨਰੀ ਸੋਝੀ ਵੱਲੋਂ ਕਾਲੀ ਰਾਤ ਪੈ ਗਈ। ਪਰ ਜੇ ਉਹ ਆਪਣੇ ਜੋਸ਼ ਦੇ ਖਿਆਲ ਦੇ ਧੁਰ ਤੋਂ ਪਰੇ ਹੋ ਕੇ ਕਾਰੀਗਰਾਂ ਦੇ ਨਿਰੋਲ "ਹੁਨਰ" ਦੇ ਨੁਕਤੇ ਤੋਂ ਤੱਕਦੇ ਤਦ ਲੋਕਾਂ ਨੂੰ ਬੁੱਤ-ਪ੍ਰਸਤੀ ਤੋਂ ਪ੍ਰੇਰਕੇ ਹਟਾ ਦੇਂਦੇ ਪਰ "ਹੁਨਰ" ਨੂੰ ਤਬਾਹ ਨਾ ਕਰਦੇ। ਤੁਸੀਂ ਬੀ ਜੋ ਆਦਮ- ਪ੍ਰਸਤੀ ਤੇ ਬੁੱਤ-ਪ੍ਰਸਤੀ ਕੂਕ ਰਹੇ ਹੋ, 'ਤੋਤੇ' ਵਾਂਗੂੰ 'ਲਟਪਟ ਪੰਛੀਂ' ਦੁਹਰਾ ਰਹੇ ਹੋ, 'ਸੱਚ' ਦੀ ਸੋਝੀ ਤੇ ਅੱਪੜਕੇ ਤੇ ਉਸ ਸੋਝੀ ਦੀ ਉਚਾਈ ਤੇ ਖੜੋ ਕੇ ਸਾਰੇ ਨਜ਼ਰ ਮਾਰਕੇ "ਸੱਚ ਸਮਝੇ" ਤੇ "ਅਨੁਭਵ ਕੀਤੇ ਸੱਚ" ਦੀ ਕੂਕ ਨਹੀਂ ਦੇ ਰਹੇ।

ਮੈਂ ਬੁਤਪ੍ਰਸਤ ਨਹੀਂ, ਮੇਰਾ ਧਰਮ ਬੁਤਪ੍ਰਸਤੀ ਨਹੀਂ, ਮੈਂ ਹਰ ਬੁਤਪ੍ਰਸਤ ਨੂੰ ਬੁਤਪ੍ਰਸਤੀ ਤੋਂ ਹੋੜਦਾ ਹਾਂ ਤੇ ਸਮਝਾਉਂਦਾ ਹਾਂ ਕਿ ਇਕ ਅਕਾਲ ਪੁਰਖ ਦੀ ਪ੍ਰੀਤੀ ਵਿਚ ਆਓ ਤੇ ਜੜ੍ਹ ਪਦਾਰਥਾਂ ਨੂੰ ਈਸ਼੍ਵਰ ਜਾਣ ਕੇ ਨਾ ਪੂਜੋ। ਜਦ ਕੋਈ ਮੇਰੀ ਸਮਝਾਈ ਗੱਲ ਸਮਝ ਕੇ ਬੁਤਪ੍ਰਸਤੀ ਛੱਡੇ ਤਾਂ ਮੈਂ ਖੁਸ਼ ਹੁੰਦਾ ਹਾਂ, ਐਉਂ ਮੇਰੇ ਗੁਰੂ ਨੇ ਬੁਤ ਤੋੜਨੇ ਦੱਸੇ ਹਨ, ਪਰ ਮੈਂ ਕੁਹਾੜਾ ਲੈ ਕੇ ਕਿਸੇ ਮੰਦਰ ਵਿਚ ਜਾ ਕੇ ਸ਼ਰਧਾਲੂਆਂ ਦੇ ਰੋਂਦਿਆਂ ਤੇ ਪਿੱਟਦਿਆਂ ਉਨ੍ਹਾਂ ਦੇ ਬੁੱਤਾਂ ਨੂੰ ਤੋੜਨ ਵਾਸਤੇ ਤਿਆਰ ਨਹੀਂ। ਤੁਸੀਂ ਦੱਸੋ ਜਦ ਕਿ ਬੁੱਢਾਂ

ਦੇ ਪੂਜਣ ਵਾਲਿਆਂ ਨੂੰ ਏਸ 'ਸੱਚ ਦੀ ਸੋਝੀ' ਨਾ ਆਈ ਕਿ ਜੀਊਂਦੇ ਰੱਬ ਨੂੰ ਛੱਡਕੇ ਪੱਥਰਾਂ ਨੂੰ ਨਹੀਂ ਪੂਜਣਾ ਤੇ ਅਸਾਂ ਪੱਥਰ ਤੋੜ ਦਿੱਤੇ ਤਦ ਅਸਾਂ ਬਣਾਇਆ ਕੀ? ਪੱਥਰ ਪੂਜਣ ਵਾਲੇ ਮਨ ਤਾਂ ਪੱਥਰ ਪੂਜ ਹੀ ਰਹੇ, ਉਨ੍ਹਾਂ ਨੂੰ ਤਾਂ ਮੇਰੇ ਕੁਹਾੜੇ ਨਾਲ ਪ੍ਰਕਾਸ਼ ਨਾ ਮਿਲਿਆ। ਮੇਰਾ ਉਨ੍ਹਾਂ ਨੂੰ ਪ੍ਰਕਾਸ਼ ਨਾ ਦੇਣਾ ਤੇ ਕੁਹਾੜਾ ਵਰਤਣਾ ਮੇਰੀ ਬੇਸਬਰੀ ਹੈ। ਇਹ ਮੇਰੇ ਨਿਤਾਣਪੁਣੇ ਦਾ ਸਬੂਤ ਹੈ ਕਿ ਮੈਂ ਕਾਫੀ ਚਾਨਣਾ ਨਹੀਂ ਦੇ ਸਕਦਾ, ਜਿਸ ਨਾਲ ਕਿ ਉਨ੍ਹਾਂ ਦੇ ਮਨ ਤੋਂ ਹਨੇਰਾ ਦੂਰ ਹੋਵੇ। ਜੇ ਮੈਂ ਪ੍ਰਚਾਰ ਕਰਾਂ, ਭਜਨ ਬੰਦਗੀ ਆਪ ਕਰਾਂ, ਉਨ੍ਹਾਂ ਨੂੰ ਸਿਖਾਵਾਂ, ਸਮਝਾਵਾਂ ਤਾਂ ਉਹ ਆਪੇ ਰੱਬ ਦੇ ਪਿਆਰੇ ਹੋ ਕੇ ਬੁੱਤ ਪੂਜਾ ਨੂੰ ਤਿਲਾਂਜਲੀ ਦੇ ਦੇਣਗੇ। ਫੇਰ ਉਨ੍ਹਾਂ ਦੇ ਬੁੱਤਾਂ ਨੂੰ ਸਿਆਣੇ ਲੋਕਾਂ ਨੂੰ ਦਿਖਾਕੇ ਨਿਰਣਾ ਕਰਾਂਗੇ ਕਿ ਐਵੇਂ ਮੂਰਤਾਂ ਹੀ ਹਨ ਕਿ ਕਿਸੇ ਪ੍ਰਬੀਨ ਦਿਲ ਨੇ ਕੋਈ ਉੱਚੇ ਅੰਦਰਲੇ ਅਨੁਭਵ ਦੇ ਨਕਸ਼ੇ ਬੰਨ੍ਹੇ ਹਨ। ਜੇ ਪਿਛਲੀ ਗਲ ਹੋਈ ਤਾਂ ਬੁੱਤਾਂ ਨੂੰ ਅਜੈਬ ਘਰਾਂ ਵਿਚ ਤੇ ਚਿੱਤ੍ਰਕਾਰੀ ਦੇ ਮੰਦਰਾਂ ਵਿਚ ਫਬਾ ਦਿਆਂਗੇ। ਯਾਦ ਰੱਖੋ! ਜਿਸ ਦੇਸ਼ ਦਾ "ਹੁਨਰ" ਕਿਸੇ ਹੀ ਬਹਾਨੇ ਨਾਲ ਤਬਾਹ ਹੋ ਜਾਏਗਾ ਉਹ ਦੇਸ਼ ਸਾਰਾ ਤਬਾਹ ਹੋ ਜਾਏਗਾ।

ਮੁਸਾਫਰ (ਲੰਮਾ ਸਾਹ ਲੈਕੇ)— ਮੈਂ ਕਦੇ ਨਹੀਂ ਮੰਨ ਸਕਦਾ ਕਿ ਬਾਬਾ! ਤੂੰ ਅਨਪੜ੍ਹ ਹੈਂ? ਜੋ ਗੱਲ ਬੋਲਦਾ ਹੈਂ ਕਲੇਜੇ ਘਾਉ ਕਰਦੀ ਹੈ।

ਬਾਬਾ— ਮੈਂ ਕਦ ਆਖਦਾ ਹਾਂ ਕਿ ਮੈਂ ਅਨਪੜ੍ਹ ਹਾਂ! ਹਾਂ ਮੈਂ ਪੜ੍ਹਿਆ ਨਹੀਂ, ਮੈਂ 'ਪੜ੍ਹਿਆਂ' ਦੇ ਜੋੜੇ ਝਾੜੇ ਹਨ, ਕੇਵਲ 'ਸੱਚ ਦੀ ਸੋਝੀ' ਨਮਿਤ।

'ਅੱਛਾ, ਹੁਣ ਤੁਸੀਂ ਆਪਣਾ ਨੇਮ ਬਣਾਓ ਕਿ ਜਦ ਕਿਸੇ ਦੀ ਪਰਖ ਕਰੋਗੇ...

ਮੁਸਾਫਰ (ਗੱਲ ਟੁੱਕ ਕੇ)— ਖਿਮਾਂ ਕਰਨੀ, ਪਰਖ ਤੋਂ ਤੁਹਾਡਾ ਮਤਲਬ ਹੈ ਕੁਨਸ ਛਾਂਟਣੇ?

ਬਾਬਾ— ਕੁਨਸ ਛਾਂਟਣਾ ਹੈ ਨੁਕਸ ਕੱਢਣੇ, ਐਬ ਛਾਂਟਣੇ। ਨੁਕਤਾਚੀਨੀ ਵੀ ਹੈ ਔਗੁਣ ਕੱਢਣੇ ਪਰ ਮੇਰਾ ਮਤਲਬ ਹੈ ਤੁਸੀਂ ਪਰਖ ਤਾਂ ਕਰੋ ਤੇ ਸੁਹਣੀ ਤਰ੍ਹਾਂ ਕਰੋ, ਪਰ ਕੁਨਸ ਛਾਂਟਣੇ, ਐਬ ਕੱਢਣੇ ਤੇ ਭੰਡਣਾ ਛੱਡ ਦਿਓ। ਹਾਂ ਪਰਖ ਕਰੋ, ਗੁਣ ਲੱਭਕੇ ਧਾਰਨ ਲਈ ਤੇ ਅਵਗੁਣ ਲੱਭ ਕੇ ਛੱਡਣ ਲਈ। ਕਿਸੇ ਨਾਲ ਵੈਰ ਲਈ ਨਾ ਤੇ ਨਾ ਕਿਸੇ ਦੇ ਮਗਰ ਗੁੱਡਾ ਬੰਨ੍ਹਣ ਤੇ ਉਸਨੂੰ ਰਾਉ ਲਈ।

ਮੁਸਾਫਰ— ਬਹੁਤ ਠੀਕ ਹੈ, ਅਸਲੀ ਨੁਕਤਾਚੀਨੀ ਏਹੋ ਹੈ।

ਬਾਬਾ— ਜੋ ਜਦ ਇਹ ਕੰਮ ਕਰੋ ਤਦ ਨਿਰੇ ਅਪਣੇ ਖਿਆਲ ਦੇ ਧੁਰੇ ਤੋਂ ਨਾ ਨਿੰਦ ਸੁੱਟੋ। ਉਸਦੇ ਖਿਆਲ ਦੇ ਨੁਕਤੇ ਨੂੰ ਬੀ ਪਹਿਲਾਂ ਸਮਝੋ। ਫੇਰ ਵੇਖੋ ਕੋਈ ਹੋਰ ਧ੍ਰੁਵਾ ਹੈ, ਜਿਸਤੋਂ ਉਸਦੀ ਪਰਖ ਹੋਰਵੇਂ ਬੀ ਹੋ ਸਕਦੀ ਹੈ?

ਮੁਸਾਫਰ— ਇਹ ਗੱਲ ਮੈਂ ਚੰਗੀ ਤਰ੍ਹਾਂ ਸਮਝੀ ਹੈ।

ਬਾਬਾ— ਫੇਰ ਹੁਣ ਦੱਸੋ ਅਸੀਂ ਬੁੱਤ-ਪ੍ਰਸਤ ਹਾਂ?

ਮੁਸਾਫਰ— ਨਹੀਂ, ਤੁਸੀਂ ਰੱਬ ਦੇ ਪਿਆਰ ਵਿਚ ਹੋ। 'ਪਿਆਰਾ' ਪਿਆਰਾ ਲੱਗਦਾ ਹੈ ਤੇ ਪਿਆਰੇ ਦੇ ਸਾਰੇ ਪਦਾਰਥ ਪਿਆਰੇ ਲਗਦੇ ਹਨ। ਤੁਸੀਂ ਪਿਆਰੇ ਰੱਬ ਜੀ ਦੇ ਅਦਬ ਤੇ ਪਿਆਰ ਵਿਚ ਹੋ ਅਰ ਉਸਦੇ ਅਦਬ ਦੇ ਕਾਰਨ ਉਸਦੇ ਘੱਲੇ ਗੁਰੂ ਸਾਹਿਬਾਨ ਤੇ ਉਸਦੇ ਬ੍ਰਹਮ ਗਿਆਨ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਦਬ ਤੇ ਪਿਆਰ ਨਾਲ ਸਤਿਕਾਰ ਦੇਂਦੇ ਹੋ ਕਿ ਓਹ "ਤੁਹਾਡੇ ਪ੍ਰੀਤਮ ਦੇ ਹਨ" ਤੇ ਤੁਸਾਡੇ ਕਲਿਆਨ ਕਰਤਾ ਹਨ।

ਬਾਬਾ— ਕੀ ਤੁਸੀਂ ਸਾਨੂੰ ਆਦਮ-ਪ੍ਰਸਤ ਸਮਝਦੇ ਹੋ?

ਮੁਸਾਫਰ— ਨਹੀਂ, ਤੁਸੀਂ ਸਤਿਗੁਰਾਂ ਨੂੰ ਗੁਰੂ ਆਖਦੇ ਹੋ ਤੇ ਉਨ੍ਹਾਂ ਦੀ ਸਿੱਖਯਾ ਤੋਂ ਸਿਵਾ ਉਨ੍ਹਾਂ ਦੀ ਜ਼ਾਤ ਨੂੰ ਪਿਆਰ ਕਰਦੇ ਹੋ, ਇਹ ਭੀ ਤੁਹਾਡਾ ਵਾਹਿਗੁਰੂ ਦੇ ਨਾਲ ਪ੍ਰੇਮ ਹੈ। ਤੁਸੀਂ ਵਾਹਿਗੁਰੂ ਦੇ ਗਿਆਨਦਾਤਾ ਹੋਣ ਕਰਕੇ ਉਹਨਾਂ ਨੂੰ ਇਤਨਾ ਨਿੱਜ ਦਾ, ਸ਼ਖਸੀ ਤੇ ਅਪਣੱਤ ਦਾ ਪਿਆਰ ਕਰਦੇ ਹੋ। ਜੋ ਘਾਲਾਂ, ਕੁਰਬਾਨੀਆਂ ਤੇ ਆਪਾ ਵਾਰ ਪਿਆਰ ਉਨ੍ਹਾਂ ਨੇ ਜਗਤ ਨਾਲ ਕੀਤਾ ਹੈ ਉਹ ਬੀ ਇਤਨਾ ਹੈ ਕਿ ਉਨ੍ਹਾਂ ਨਾਲ ਪਿਆਰ ਕੀਤੇ ਬਿਨਾਂ ਰਿਹਾ ਨਹੀਂ ਜਾ ਸਕਦਾ। ਪਰ ਮੈਂ ਦੋ ਗੱਲਾਂ ਅਜੇ ਸਮਝਣੀਆਂ ਹਨ, ਇਕ ਇਹ ਕਿ ਕਿਉਂ ਰੱਬ ਦੇ ਗਿਆਨ ਦੇ ਦਾਤਾ ਦੀ ਲੋੜ ਹੈ ਤੇ ਕਿਉਂ ਤੁਸੀਂ ਉਸਦੇ ਦੱਸੇ ਗਿਆਨ ਤੋਂ ਵਾਧੂ ਉਸਦੇ ਵਜੂਦ ਨੂੰ ਪਿਆਰ ਕਰਦੇ

 www.sikhbookclub.com

ਹੋ? ਇਹ ਮੇਰੀ ਟਿਚਕਰ ਨਹੀਂ, ਹੁੱਜਤ ਨਹੀਂ, ਇਹ ਮੈਂ ਸਮਝਣਾ ਚਾਹੁੰਦਾ ਹਾਂ।

ਬਾਬਾ— ਤੁਸੀਂ ਸਮਝਦੇ ਹੋ ਕਿ "ਸਾਰੇ ਦਿਲ ਜਾਂ ਦਮਾਕ (ਦਿਮਾਗ਼)" ਇੱਕੋ ਜਿਹੇ ਚਾਨਣੇ ਨਹੀਂ। ਜੋ ਗਿਆਨ ਕਿਸੇ ਤੋਂ ਮਿਲਦਾ ਹੈ ਉਹ ਦਿਲ ਦੀ ਸਫਾਈ ਮੂਜਬ ਹੀ ਮੈਲਾ, ਘਸਮੈਲਾ, ਸਾਫ ਤੇ ਨਿਰਮਲ ਹੁੰਦਾ ਹੈ। ਵਾਹਿਗੁਰੂ ਦਾ ਗਿਆਨ ਬੜਾ ਉੱਚਾ ਹੈ, ਬੜਾ ਬ੍ਰੀਕ ਹੈ, ਬੜਾ ਸੂਖਮ ਹੈ। ਆਮ ਹਿਰਦੇ, ਆਮ ਦਿਮਾਗ਼, ਸਾਧਾਰਨ ਅਕਲਾਂ ਉਸ ਨੂੰ ਅਨੁਭਵ ਨਹੀਂ ਕਰਦੀਆਂ। ਜਿਨਾਂ ਕਿਸੇ ਦਾ ਦਿਲ ਘੱਟ ਚਾਨਣਾ ਹੋਵੇਗਾ ਉੱਨਾਂ ਰੱਬੀ ਚਾਨਣੇ ਨੂੰ ਆਪਣਾ ਰੰਗ ਦੇਵੇਗਾ। ਸੂਰਜ ਦਾ ਚਿੱਟਾ ਚਾਨਣਾ ਲਾਲ, ਪੀਲੇ, ਨੀਲੇ, ਘਸਮੈਲੇ ਸ਼ੀਸ਼ੇ ਵਿਚੋਂ ਲੰਘਕੇ ਚਿੱਟਾ ਚਾਨਣਾ ਨਹੀਂ ਦੇਂਦਾ, ਨਿਰੋਲ ਨਿਰਮਲ ਸ਼ੀਸ਼ੇ ਵਿਚੋਂ ਚਾਨਣਾ ਲੰਘਕੇ ਚਿੱਟਾ ਸਾਫ ਪੈਂਦਾ ਹੈ। ਇਸੇ ਤਰ੍ਹਾਂ ਦਿਲ ਦਾ ਹਾਲ ਹੈ ਜਦ ਕਿਸੇ ਆਤਮਾਂ ਵਿਚ ਵਾਹਿਗੁਰੂ ਦੇ ਗਿਆਨ ਦਾ ਚਾਨਣਾ ਪੈਂਦਾ ਹੈ ਤਾਂ ਅੱਗੋਂ ਜਦ ਉਹ ਉਸ ਦੇ ਦਿਲ ਥਾਣੀਂ ਲੰਘ ਮਨੁੱਖਾਂ ਦੀ ਸਮਝ ਦੀ ਸ਼ਕਲ ਦਾ ਬਣਕੇ ਉਸਦੀ ਜੀਭ ਦੁਆਰਾ ਨਿਕਲਦਾ ਹੈ ਤਾਂ ਦਿਲ ਦੇ ਰੰਗ ਨੂੰ ਨਾਲ ਲੈ ਲੈਂਦਾ ਹੈ, ਤਾਂ ਤੇ ਓਹ 'ਨਿਰੋਲ' ਨਹੀਂ ਕਹੀਦਾ। ਇਸ ਲਈ ਲੋੜੀਂਦੀ ਗੱਲ ਤੇ ਜ਼ਰੂਰੀ ਜ਼ਰੂਰਤ ਇਹ ਬਣ ਗਈ ਹੈ ਕਿ ਦਿਲ ਐਸਾ ਨਿਰਮਲ ਹੋਵੇ ਕਿ ਜਦੋਂ ਰੱਬੀ ਗਿਆਨ ਉਸ ਵਿਚੋਂ ਲੰਘਕੇ ਮਨੁੱਖੀ ਸਮਝ ਗੋਚਰਾ ਹੋ ਕੇ ਨਿਕਲੇ ਤਾਂ "ਨਿਰੋਲ" ਹੋਵੇ। ਸੋ ਰੱਬੀ ਗਿਆਨ ਦੇ ਅਨੁਭਵ ਕਰਨ ਲਈ ਤੇ ਅੱਗੋਂ ਉਸਨੂੰ ਨਿਰੋਲ ਰੂਪ ਵਿਚ ਦਾਨ ਕਰਨ ਲਈ ਨਿਰਮੈਲ, ਪੂਰੇ ਪੂਰੇ ਨਿਰਮੈਲ, ਉੱਕਾ ਹੀ ਸਾਫ ਚਿੱਤ ਤੇ ਸ਼ੀਸ਼ੇ ਵਰਗੇ ਹਿਰਦੇ ਦੀ ਲੋੜ ਹੈ। ਇਸੀ ਤਰ੍ਹਾਂ ਇਕ ਮਹਾਂਪੁਰਖ ਦੀ ਲੋੜ ਹੈ, ਜਿਸਦਾ ਹਿਰਦਾ ਸ਼ੀਸ਼ੇ ਵਰਗਾ ਨਿਰਮਲ ਹੋਵੇ। ਗੁਰੂ ਦਾ ਦਰਜਾ ਜੋ ਅਸੀਂ ਆਪਣੇ ਸਤਿਗੁਰਾਂ ਨੂੰ ਦੇਂਦੇ ਹਾਂ ਓਹ ਮਨ ਦੀ ਨਿਰਮਲਤਾ ਦੀ ਪੂਰਨਤਾਈ ਕਰਕੇ ਤੇ ਗਿਆਨ ਦਾਨ ਕਰਨ ਦੀ "ਨਿਰੋਲਤਾਈ" ਡਾਢੀ ਤੋਂ ਡਾਢੀ, ਸੁਥਰੀ ਤੋਂ ਸੁਥਰੀ ਹੋਣ ਕਰਕੇ ਤੇ ਵਾਹਿਗੁਰੂ ਵਲੋਂ ਓਹ ਇਸ ਕੰਮ ਤੇ ਥਾਪੇ ਗਏ ਆਦਿ ਕਾਰਨਾਂ ਕਰਕੇ ਦੇਂਦੇ ਹਾਂ। ਇਸ ਕਰਕੇ ਸਾਡਾ ਖਿਆਲ ਹੈ ਕਿ ਰੱਬ ਦੇ ਗਿਆਨ ਨੂੰ ਜਿਉਂ ਕਾ ਤਿਉਂ ਆਪਣਾ ਹਉਂ ਦਾ ਕੋਈ ਰਲਾ ਨਾ ਪਾਕੇ ਦੇਣਹਾਰਾ, ਜਿਸ ਨੂੰ ਅਸੀਂ ਗੁਰੂ ਆਖਿਆ ਹੈ, ਵਾਹਿਗੁਰੂ ਵਾਂਙੂ ਹੀ ਜ਼ਰੂਰੀ ਹੈ ਤੇ ਐਸਾ ਵਜੂਦ ਗੁਰੂ ਸਾਹਿਬ ਗੁਰੂ ਨਾਨਕ ਦੇਵ ਜੀ ਦਾ (ਦਸੋਂ ਸਰੂਪਾਂ ਵਿਚ) ਹੋਇਆ ਹੈ।

ਮੁਸਾਫਰ— ਮੈਂ ਬੀ ਤਾਂ ਰੱਬ ਦਾ ਪੁੱਤਰ ਹਾਂ, ਤੂੰ ਬੀ ਤਾਂ ਰੱਬ ਦਾ ਪੁੱਤਰ ਹੈਂ, ਰੱਬ ਦਾ ਗਿਆਨ— ਰੱਬ ਸਮਦ੍ਰਿਸ਼ਟੇ ਦਾ- ਇਕੋ ਜਿਹਾ ਸਭ ਨੂੰ ਮਿਲਨਾ ਚਾਹੀਏ। ਮੀਂਹ ਸਿੱਧਾ ਸਾਰੇ ਵੱਸਦਾ ਹੈ, ਕਿਸੇ ਗੁਰੂ ਅਵਤਾਰ ਦੇ ਜ਼ਰੀਏ ਨਹੀਂ ਲੱਭਦਾ। ਕਿਉਂ ਉਸ ਦਾ ਗਿਆਨ ਮੀਂਹ ਵਾਂਗ ਨਹੀਂ ਵਸਦਾ? ਕਿਉਂ ਮੈਂ ਵਿਰਵਾ ਹਾਂ ਤੇ ਗੁਰੂ ਨਾਨਕ ਸਰਵਾ?

ਬਾਬਾ (ਗੰਭੀਰ ਧੁਨੀ ਹੋ ਕੇ)— ਮੀਂਹ ਵਰ੍ਹਦਾ ਹੈ ਸਾਰੇ, ਪਰ ਰੇਤ ਥੱਲੇ ਪਿਆਂ ਰੇਤ ਥਲਾ ਜੀਉਰ ਜਾਂਦਾ ਹੈ, ਨਾ ਬ੍ਰਿੱਛ ਨਾ ਸਬਜ਼ੀ ਪੈਦਾ ਕਰਦਾ ਹੈ, ਧੁੱਪ ਪਈ ਤਾਂ ਸੜਦਾ ਤੇ ਸਾੜਦਾ ਹੈ। ਮੀਂਹ ਪੈਂਦਾ ਹੈ ਕੱਲਰ ਵਿਚ ਤੇ ਕੋਈ ਕਾਜ ਨਹੀਂ ਸੌਰਦਾ, ਬੀ ਪਾਓ ਤਾਂ ਸੜ ਜਾਂਦਾ ਹੈ। ਮੀਂਹ ਪੈਂਦਾ ਹੈ ਸਮੁੰਦਰਾਂ ਤੇ ਜਿੱਥੇ ਅੱਗੇ ਹੀ ਜਲ ਅਸਗਾਹ ਹੈ। ਹਾਂ, ਮੀਂਹ ਪੈਂਦਾ ਹੈ ਪਰਬਤਾਂ ਤੇ ਜੋ ਜੀਉਰ ਜਾਂਦੇ ਹਨ ਤੇ ਫੇਰ ਚਸ਼ਮਿਆਂ ਤੇ ਝਰਨਿਆਂ ਥਾਣੀਂ ਕੱਢਦੇ ਹਨ, ਲਗਾਤਾਰ ਰੌ ਜਾਰੀ ਕਰਕੇ ਮੈਦਾਨਾਂ ਨੂੰ ਟੋਰਦੇ ਹਨ। ਉਸ ਰੌ ਨਾਲ ਖੇਤ, ਬਾਗ਼, ਮੱਲਗੁਜ਼ਾਰਾਂ ਹੁੰਦੀਆਂ, ਸ਼ਹਿਰ ਵੱਸਦੇ ਤੇ ਜਗਤ ਵਰੋਸਾਉਂਦਾ ਹੈ। ਤਿਵੇਂ ਵਾਹਿਗੁਰੂ ਦੇ ਗਿਆਨ ਦਾ ਨਿੱਝਰ ਧਾਰ ਮੀਂਹ ਵੱਸ ਰਿਹਾ ਹੈ, ਹਰ ਛਿਨ, ਹਰ ਘੜੀ ਸਾਰੇ, ਹਾਂ, ਸਾਰੇ ਦਿਲਾਂ ਤੇ, ਲਗਾਤਾਰ ਉਸ ਦਾਤੇ ਦੇ ਦਾਨ- ਗਿਆਨ ਦੀ ਵਰਖਾ ਹੋ ਰਹੀ ਹੈ। ਪਾਪੀ ਦੇ ਦਿਲ ਤੇ ਭੀ ਟੰਕਾਰ ਉਸਦੀ ਵੱਜਦੀ ਹੈ, ਪਰ ਦਿਲ ਟੁੱਟ ਚੁੱਕਾ ਹੈ, ਅਗੋਂ ਧੁਨਿ ਨਹੀਂ ਉਠਦੀ। ਡਾਕੂ ਦੇ ਦਿਲ ਤੇ ਭੀ ਇਸ ਇਲਹਾਮ ਦੀ ਰੌ ਦਾ ਰੁਮਕਾ ਵੱਜਦਾ ਹੈ ਪਰ ਦਿਲ ਤੇ ਬੁੱਧੀ ਦੋਵੇਂ ਸਖਤ ਹੋ ਚੁਕੇ ਹਨ, ਉਸ ਨੂੰ ਪ੍ਰਤੀਤ ਨਹੀਂ ਹੁੰਦਾ ਕਿ ਕੀਹ ਸ਼ੈ ਮੇਰੇ ਉਤੇ ਆ ਕੇ ਮੈਨੂੰ ਛੁਹ ਛੁਹ ਕੇ ਜਾ ਰਹੀ ਹੈ? ਪਾਪਾਂ ਵਿਚ ਵਿਹੜੇ, ਮਾਯਾਧਾਰੀ, ਸ਼ੂਮ ਤੇ

ਮੋਹ ਵਿਚ ਲੰਪਟ ਦਿਲਾਂ ਤੇ ਵੀ ਇਲਹਾਮ ਦਾ ਇਹ ਨਕਸ਼ਾ ਫਿਰਦਾ ਹੈ, ਪਰ ਧਿਆਨ ਹੋਰਥੇ ਮਗਨ ਹੈ, ਪ੍ਰਤੀਤ ਨਹੀਂ ਹੁੰਦਾ ਕਿ ਕੀ ਹੋ ਗਿਆ ਤੇ ਕੀ ਹੋ ਰਿਹਾ ਹੈ? ਹੰਕਾਰੀ ਦਿਲਾਂ ਤੇ ਇਹ ਪੈਂਦਾ ਹੈ ਪਰ ਟਿੱਬਿਆ ਤੇ ਪਏ ਮੀਂਹ ਵਾਂਗ ਰੁੜ੍ਹ ਜਾਂਦਾ ਹੈ। ਕੌਣ ਹੈ ਜਿਸ ਤੇ ਇਲਹਾਮ ਨਹੀਂ ਉਤਰਦਾ? ਰੱਬੀ ਇਲਹਾਮ, ਰੱਬੀ ਗਿਆਨ ਮੀਂਹ ਵਾਂਗ ਮਨ ਦੇ ਮੰਡਲਾਂ ਉਤੇ ਸਦਾ ਉਤਰਦਾ ਹੈ ਪਰ ਫਲਵਾਨ ਨਿਰਾ ਉਥੇ ਹੈ, ਜਿਥੇ ਦਿਲ ਸਾਫ਼ ਹੈ, ਧਿਆਨ ਵਾਹਿਗੁਰੂ ਵੱਨੇ ਹੈ, ਮਨ ਮੈਦਾਨ ਹੋ ਰਿਹਾ ਹੈ ਤੇ ਪਿਆਰੇ ਵਾਹਿਗੁਰੂ ਦੇ ਗਿਆਨ ਦੀ ਗੁੰਜਾਰ ਸੁਣਨ ਵਾਸਤੇ ਦਿਲ ਖਿੱਚ ਵਿਚ ਹੈ। ਹਾਂ, ਜੋ ਸਦਾ ਉਡੀਕ ਵਿਚ ਹੈ, ਸਦਾ ਆਸਾ ਵਿਚ ਹੈ, ਤਾਂਘਾਂ, ਸਿੱਕਾਂ ਤੇ ਸੱਧਰਾਂ ਵਿਚ ਹੈ; ਹਾਂ, ਜਿਸ ਦਾ ਮਨ ਬਲੌਰ ਵਾਂਗ ਨਿਰਮਲ ਹੈ ਤੇ ਦੂਈ ਦਾ ਅਸਰ ਲੈਣੋਂ ਬਚਾਉ ਕਰਦਾ ਹੈ। ਉਸ ਮਨ ਉਤੇ ਨਿਰੋਲ ਗਿਆਨ ਕਹੋ ਯਾ ਨਿਰੋਲ ਇਲਹਾਮ ਕਹੋ ਆਪਣਾ ਜਲ ਜਲੌ ਦੇਂਦਾ ਹੈ, ਆਪਣੀ ਅਸਲੀ ਮੂਰਤ ਪਾਉਂਦਾ ਹੈ। ਜੇ ਉਹ ਦਿਲ ਮੂਲੋਂ ਸ਼ੁਧ ਹੈ, ਧੁਰੋਂ ਹੀ ਸ਼ੁਧ ਆਇਆ ਹੈ, ਜਿਸ ਉਤੇ ਮਾਯਾ ਕਿ ਹਉਂ ਅਸਰ ਨਹੀਂ ਪਾ ਸਕੀ* ਉਹ ਹੈ ਦਿਲ ਗੁਰੂ ਨਾਨਕ ਦੇਵ ਜੀ ਦਾ। ਉਹ ਮੂਲੋਂ ਨਿਰਮਲ ਦਿਲ ਅੱਗੋਂ ਉਸ ਗਿਆਨ ਨੂੰ ਨਿਰਮਲਤਾਈ ਵਿਚ ਰੱਖ ਕੇ ਸਾਡੀ ਬੁੱਧੀ ਗੋਚਰਾ, ਸਾਡੀ ਸਮਝ ਜੋਗ ਕਰਕੇ ਸਾਨੂੰ ਦੇ ਦੇਂਦਾ ਹੈ। ਏਸ ਕਰ ਕੇ ਸਾਨੂੰ ਲੋੜ ਹੈ ਐਸੇ ਮੂਲੋਂ ਨਿਰਮਲ ਅੰਦਰ ਵਾਲੇ ਮਹਾਂਪੁਰਖ ਦੀ ਤੇ ਸਭ ਤੋਂ ਉੱਚੇ ਸੁੱਚੇ, ਸਭ ਤੋਂ ਨਿਰਮਲ ਅੰਦਰ ਵਾਲੇ ਗੁਰੂ ਅਵਤਾਰ ਦੀ।

ਸੋ ਤੁਸਾਂ ਸਮਝ ਲੀਤਾ ਹੋਊ ਕਿ ਸਾਨੂੰ ਲੋੜ ਹੈ- ਐਸੇ ਸੁਥਰੇ ਦਿਲਾਂ ਦੀ ਜੋ (੧) ਸੁਤੇ ਹੀ ਧੁਰੋਂ ਸ੍ਵੱਛ ਹੋਣ ਜਾਂ (੨) ਜਤਨਾਂ ਨਾਲ ਹੋ ਜਾਣ। (੧) ਪਹਿਲੀ ਕਿਸਮ ਦੇ ਮਹਾਂਪੁਰਖ ਹਨ ਅਵਤਾਰ, ਜੋ ਧੁਰੋਂ ਆਉਂਦੇ ਹਨ ਤੇ ਜਿਨ੍ਹਾਂ ਦੇ ਸ਼ਿਰੋਮਣੀ ਗੁਰੂ ਨਾਨਕ ਦੇਵ ਜੀ ਹਨ, ਕਿਉਂਕਿ ਓਹ ਗੁਰੂ ਜਯੋਤੀ ਆਪ ਹਨ, ਬਾਕੀ ਦੇ ਅਵਤਾਰ ਆਦਿਕ ਗੁਰੂ ਜਯੋਤੀ ਦੇ ਚਾਨਣੇ ਵਿਚ ਕੰਮ ਕਰਦੇ ਰਹੇ ਹਨ। (੨) ਦੂਸਰੇ ਹਨ ਭਗਤ ਜਨ। ਏਹ ਓਹ ਲੋਕ ਹਨ ਜੋ ਜੀਵਾਂ ਵਿਚੋਂ ਸਾਧਨ ਤੇ ਭਗਤੀ ਕਰ ਕਰਕੇ, ਨਿਰਮਲ ਹੋਕੇ ਵਾਹਿਗੁਰੂ ਦੇ ਨੂਰ ਨਾਲ ਸ਼ੁੱਧ ਅਨੁਭਵ ਨੂੰ ਅੱਪੜੇ।

ਮੁਸਾਫਰ— ਠੀਕ ਹੈ। ਪਰ ਮੇਰੀ ਮੱਤ ਤਾਂ ਇਹ ਹੈ ਕਿ ਮੈਂ ਕਿਸੇ ਦੂਸਰੇ ਦੀ ਮਤ ਤੇ ਨਹੀਂ ਟੁਰਨਾ, ਮੇਰੇ ਮਨ ਤੇ ਜੋ ਅਸਰ ਹੈ ਤੇ ਜੋ ਇਸ ਮਨ ਤੋਂ ਨਿਕਲਦਾ ਹੈ ਓਹੋ ਦਰੁਸਤ ਹੈ। ਮਹਾਂਪੁਰਖਾਂ ਨੂੰ ਮੰਨਦਾ ਹਾਂ ਪਰ ਅੱਗੇ ਮੈਂ ਆਪਣੇ ਵਰਗੇ ਮੰਨਦਾ ਸਾਂ ਹੁਣ ਆਪਣੇ ਤੋਂ ਉੱਚੇ ਮੰਨਦਾ ਹਾਂ। ਉਨ੍ਹਾਂ ਦੇ ਗ੍ਰੰਥ ਪੜ੍ਹਦਾ ਹਾਂ, ਹਾਂ। ਮੈਂ ਸਾਰੇ ਧਰਮ ਪੁਸਤਕ ਪੜ੍ਹਦਾ ਹਾਂ ਤੇ ਸਾਰੇ ਮਹਾਂਪੁਰਖਾਂ ਦਾ ਸਤਿਕਾਰ ਕਰਦਾ ਹਾਂ, ਪਰ ਪੜ੍ਹ ਸੁਣਕੇ ਮੈਂ ਆਪਣੇ ਮਨ ਦੇ ਮਗਰ ਟੁਰਦਾ ਹਾਂ। ਮਨ ਦੇ ਮਗਰ ਨਾ ਟੁਰਨਾ ਆਪਣੀ ਅਜ਼ਾਦੀ ਵੇਚ ਦੇਣੀ ਹੈ। ਕਿਸੇ ਅਵਤਾਰ, ਗੁਰੂ ਯਾ ਪੈਗ਼ੰਬਰ ਦੀ ਲਿਖਤ ਦੇ ਪਾਬੰਦ ਹੋਣਾ ਕੈਦ ਹੈ ਤੇ ਖੁੱਲ੍ਹੇ ਰਹਿਣਾ ਮਨ ਦੀ ਆਜ਼ਾਦੀ ਹੈ।

ਬਾਬਾ— ਤੁਹਾਡੇ ਮਤ ਦਾ ਕੋਈ ਨਾਉਂ?

ਮੁਸਾਫਰ— ਬ੍ਰਹਮੋ ਸਮਝ ਲਓ।

ਬਾਬਾ— ਹੱਛਾ ਵਾਹ ਵਾਹ! ਪਰ ਮਤਾਂ ਤੇ ਨਾਵਾਂ ਨਾਲ ਮੈਨੂੰ ਕੀਹ? ਮੈਂ ਤਾਂ ਸੱਚ ਖੋਜਣਾ ਹੈ। ਸੱਜਣਾਂ!

ਮਨ ਹੈ ਮਿਣਤੀ, ਗਿਣਤੀ ਤੇ ਹੱਦ ਵਿਚ, ਇਹ ਸਰਬੱਗ ਨਹੀਂ। ਫਿਰ ਇਸ ਦਾ ਸੁਭਾਵ ਹੈ ਰੁਚੀ ਤੇ ਅਰੁਚੀ। ਮਨ ਦਾ ਸੁਭਾਵ ਤਾਂ ਤੋਲਣ ਜਾਚਣ ਦਾ ਬੀ ਨਹੀਂ, ਇਸ ਕਰਕੇ ਮਨ ਦੇ ਮਗਰ ਜੋ ਲੱਗਦਾ ਹੈ ਸੋ ਮਨਮੁਖ ਹੈ, ਸਾਡੀ ਬੋਲੀ ਵਿਚ। ਅਸੀਂ ਮਨਮੁਖ ਪਾਪੀ ਨੂੰ ਨਹੀਂ ਆਖਦੇ ਹਾਂ ਜੈਸਾ ਕਿ ਆਮ ਲੋਕ ਸਮਝਦੇ ਹਨ। ਮਨਮੁਖ ਉਹ ਹੈ ਜੋ ਆਪਣੇ ਮਨ ਦੇ ਮਗਰ ਲਗਦਾ ਹੈ। ਰਾਵਣ ਤੇ ਹਰਨਾਕਸ਼ ਬੜੇ ਪੰਡਤ ਤੇ ਪ੍ਰਬੀਨ ਸਨ, ਪਰ ਆਪਣੇ ਮਨ ਦੇ ਮਗਰ ਲਗਦੇ ਸਨ ਤਾਂ ਤੇ ਓਹ ਮਨਮੁਖ ਸਨ। ਮਨ ਤਾਂ ਜੋ ਇਸ ਨੂੰ ਚੰਗਾ ਲੱਗ ਜਾਵੇ ਉਸੇ ਦੇ ਮਗਰ ਉੱਠ ਟੁਰਦਾ ਹੈ। ਮਨ ਦੇ ਸਿਰ ਤੇ ਕੁੰਡਾ ਹੈ ਅਕਲ ਦਾ, ਬੁੱਧੀ ਦਾ। ਜੋਖਣਾ, ਪੜਤਾਲਣਾ, ਵਿਚਾਰਨਾ, ਨਿਸਚੇ ਕਰਨਾ ਬੁਧਿ (ਜਾਂ ਮਤ) ਦਾ ਕੰਮ ਹੈ। ਸੋ ਜੋ ਬੁੱਧੀ ਦੇ ਮਗਰ ਲੱਗੇ

* ਹੋਦਾ ਫੜੀਅਗੁ ਨਾਨਕ ਜਾਣੁ॥ ਨਾ ਹਉ ਨਾ ਮੈ ਜੂਨੀ ਪਾਣੁ॥

 www.sikhbookclub.com

ਉਹ ਮਨ ਤੇ ਕੁੰਡਾ ਪਾ ਲੈਂਦਾ ਹੈ, ਫੇਰ ਉਹ ਕੁਛ ਠੀਕ ਟੁਰ ਪੈਂਦਾ ਹੈ। ਪਰ ਬੁੱਧੀ ਨੂੰ ਬੀ ਚਾਨਣੇ ਦੀ ਲੋੜ ਹੈ। ਹਾਂ, ਬੁੱਧੀ ਕਈ ਕਾਰਨਾਂ ਕਰਕੇ ਅਸਥ ਵਿਅਸਥ ਬੀ ਹੋ ਜਾਂਦੀ ਹੈ, ਕਈ ਵੇਰ ਜਾਚ ਪੜਤਾਲ ਗਲਤ ਕਰ ਬੈਠਦੀ ਹੈ, ਕਦੀ ਧ੍ਰਵਾ ਭੁੱਲ ਵਾਲਾ ਬੰਨ੍ਹ ਕੇ ਟੁਰ ਪੈਂਦੀ ਹੈ ਤਾਂ ਸਾਰੇ ਸਿੱਟੇ ਉਲਟ ਪੁਲਟ ਕੱਢ ਲੈਂਦੀ ਹੈ। ਬੁੱਧੀ ਤੋਂ ਉਤੇ ਹੈ ਵਾਹਿਗੁਰੂ। ਜੇ ਬੁੱਧੀ ਵਾਹਿਗੁਰੂ ਦੀ ਅਗਵਾਨੀ ਵਿਚ ਟੁਰੇ ਤਦ ਬੁੱਧੀ ਫੇਰ ਠੀਕ ਜਾਚਦੀ ਹੈ ਤੇ ਮਨ ਫੇਰ ਉਸ ਜਾਚ ਹੇਠ ਭੁੱਲ ਨਹੀਂ ਕਰਦਾ। ਬੁੱਧੀ ਵਾਹਿਗੁਰੂ ਦੀ ਅਗਵਾਨੀ ਵਿਚ ਟੁਰੇ, ਇਸ ਲਈ ਅਸੀਂ ਉਹ ਜਤਨ ਕਰਦੇ ਹਾਂ ਜਿਸ ਨਾਲ ਸਾਡਾ ਅੰਦਰਲਾ ਵਾਹਿਗੁਰੂ ਜੀ ਦੇ ਨਾਲ ਲੱਗਾ ਰਹੇ। ਐਉਂ ਟੁਰਨ ਨੂੰ ਅਸੀਂ ਗੁਰਮੁਖਤਾਈ ਆਖਦੇ ਹਾਂ ਤੇ ਐਉਂ ਟੁਰਨ ਵਾਲੇ ਨੂੰ ਗੁਰਮੁਖ ਕਹੀਦਾ ਹੈ।

ਮੁਸਾਫਰ— ਕਿਵੇਂ, ਜ਼ਰਾ ਫੇਰ ਕਹਿਣਾ।

ਬਾਬਾ— ਅਸੀਂ ਰੋਜ਼ ਰੱਬ ਅੱਗੇ ਅਰਦਾਸ ਕਰਦੇ ਹਾਂ, ਉਸ ਵਿਚ ਇਕ ਗੱਲ ਇਹ ਮੰਗਦੇ ਹਾਂ:-

ਮਨ ਨੀਵਾਂ
ਮਤ ਉੱਚੀ
ਮਤ ਦਾ ਰਾਖਾ ਵਾਹਿਗੁਰੂ।

ਇਸ ਦਾ ਅਰਥ ਇਹ ਹੈ ਕਿ-

ਅਸੀਂ ਅਪਣੇ ਮਨ ਦੇ ਮਗਰ ਨਾ ਲਗੀਏ। ਸਾਡਾ ਮਨ ਹੈ ਮੁਤਾਣਾ, ਮੂੰਹ ਜ਼ੋਰ, ਸਾਡੇ ਆਖੇ ਨਾ ਲੱਗਣ ਵਾਲਾ ਤੇ ਅਪਣੀ ਕੀਤੀ ਕਰਨ ਵਾਲਾ ਤਾਂ ਤੇ ਮਨ ਨੀਵਾਂ ਹੋਵੇ। ਨੀਵਾਂ ਐਉਂ ਨਾ ਕਿ ਮੁਰਦਾ ਤੇ ਦਬੇਲ ਹੋਵੇ। ਨਾ ਬਈ ਸੱਜਣਾ ਐਉਂ ਨਾ ਕਿਉਂਕਿ ਜੇ ਮਨ ਨੂੰ ਭੈ ਜੋਰ ਦਾਬੇ ਨਾਲ ਨੀਵਾਂ ਕਰੀਏ ਤਾਂ ਬੀ ਸਰੀਰ ਨਰੋਆ ਨਹੀਂ ਰਹਿੰਦਾ। ਮਨ ਹੋਵੇ ਨੀਵਾਂ, ਪਰ ਨੀਵਾਂ ਹੋਵੇ ਮਤ ਦੇ ਅਗੇ। ਮਤ ਆਖਦੇ ਹਨ ਅਕਲ ਨੂੰ, ਬੁੱਧੀ ਨੂੰ । ਬੁੱਧੀ ਜਾਚਦੀ ਹੈ, ਪੜਤਾਲਦੀ ਹੈ, ਤੋਲਦੀ ਹੈ ਮਨ ਦੀ ਰੁਚੀ ਨੂੰ ਅਰੁਚੀ ਨੂੰ, ਪਛਾਣਦੀ ਹੈ ਤੇ ਨਿਸਚੇ ਕਰਕੇ ਦੱਸ ਦੇਂਦੀ ਹੈ ਕਿ

ਆਹ ਤਾਂ ਹੈ ਠੀਕ ਤੇ
ਆਹ ਹੈ ਨਾ ਠੀਕ, ਜਾਂ
ਆਹ ਹੈ ਚੰਗਾ ਤੇ
ਆਹ ਹੈ ਬੁਰਾ, ਜਾਂ
ਆਹ ਹੈ ਪੁੰਨ ਤੇ
ਆਹ ਹੈ ਪਾਪ, ਜਾਂ
ਐਸ ਦਾ ਫਲ ਹੈ ਸੁੱਖ ਤੇ
ਐਸ ਦਾ ਫਲ ਹੈ ਦੁੱਖ।

ਸੋ ਜਦ ਮਨ ਮੱਤ ਦੀ ਅਗਵਾਨੀ ਵਿਚ ਟੁਰ ਪੈਂਦਾ ਹੈ ਤਾਂ ਪਸ਼ੂਪਨਾ ਛੱਡਕੇ ਮਨੁੱਖ ਬਣ ਜਾਂਦਾ ਹੈ। ਜੇ ਨਿਰਾ ਮਨ ਦੇ ਮਗਰ ਟੁਰੇ ਤਾਂ ਪਸ਼ੂਆਂ ਵਾਂਗ ਕੰਮ ਕਰਦਾ ਹੈ। ਜੇ ਮਨ ਮੱਤ ਅੱਗੇ ਨੀਵਾਂ ਹੋ ਟੁਰੇ, ਮਤ ਦੇ ਕੀਤੇ ਫੈਸਲੇ ਮੂਜਬ ਟੁਰੇ ਤਾਂ ਬਣ ਜਾਂਦਾ ਹੈ ਮਨੁੱਖ ਤੇ ਪਾਉਂਦਾ ਹੈ ਸੁੱਖ। ਪਰ ਇਹ ਕੰਮ ਐਉਂ ਸਮਝਕੇ ਕਰਨਾ ਹੈ ਕਿ ਅਸਾਂ ਮਨ ਨੂੰ ਬੁੱਧੀ ਨਾਲ ਮੇਲਕੇ ਉਚਿਆਂ ਕਰਨਾ ਹੈ, ਨਾ ਕਿ ਕਿਸੇ ਭੈ ਹੇਠ ਲਾ ਕੇ ਮਨ ਨੂੰ ਰੋਗੀ ਬਨਾਉਣਾ ਹੈ।

ਹੁਣ ਬੁੱਧੀ ਨੂੰ ਬੀ ਚਾਨਣੇ ਦੀ ਲੋੜ ਹੈ। ਸਾਥੋਂ ਪਹਿਲੇ ਹੋ ਚੁਕੇ ਦਾਨਿਆਂ ਦੀ ਪ੍ਰਾਪਤ ਕੀਤੀ ਵਾਕਫੀ (ਗਿਆਨ) ਨਾਲ ਬੁੱਧੀ ਮਾਂਜੀ ਜਾਂਦੀ ਹੈ। ਫੇਰ ਰੱਬ ਜੀ ਦੇ ਗਿਆਨ ਨਾਲ ਬੁੱਧੀ ਚਾਨਣੀ ਹੋ ਕੇ ਸੱਚ ਦੇ ਰਸਤੇ ਤੇ ਤੁਰ ਪੈਂਦੀ ਹੈ। ਅਰਥ ਇਹ ਹੈ ਕਿ ਪਰਮੇਸ਼ੁਰ ਆਪਣੇ ਗਿਆਨ ਦੇ ਚਾਨਣੇ ਵਿਚ ਟੋਰੇ ਮੱਤ ਨੂੰ ਤਦ ਮੱਤ ਭੁੱਲਾਂ ਨਹੀਂ ਕਰਦੀ, ਫੇਰ ਮਨੁੱਖ ਬਣ ਜਾਂਦਾ ਹੈ ਦੇਉਤਾ, ਉਸ ਨੂੰ ਅਸੀਂ ਆਖਦੇ ਹਾਂ ਗੁਰਮੁਖ। ਜਿਸ ਨੂੰ ਆਪਣੇ ਕੰਮਾ ਵਿਚ ਆਪਣਾ ਮਨ ਮੁੱਖ ਨਹੀਂ ਰਿਹਾ, ਸਗੋਂ ਉਸ ਨੂੰ ਗੁਰੂ ਮੁੱਖ ਹੋ ਗਿਆ ਹੈ, ਯਾ ਉਸ ਦਾ ਮੁੱਖ ਕਹੀਏ ਮੂੰਹ (ਰੁਖ਼) ਆਪਣੇ ਮਨ ਵੱਲ ਨਹੀਂ, ਪਰ ਗੁਰੂ ਵੱਲ ਹੈ, ਰੱਬ ਵੱਲ ਹੈ।

ਇਥੇ ਗੁਰੂ ਵੱਲ ਮੁੱਖ ਦੀ ਵਿਉਂਤਰ ਐਉਂ ਹੈ ਕਿ ਜੋ ਆਪਣੇ ਮਨ ਤੇ ਬੁੱਧੀ ਉਤੇ ਵਾਹਿਗੁਰੂ ਦਾ ਕੁੰਡਾ ਭਾਲਦਾ ਹੈ, ਸੋ ਵਾਹਿਗੁਰੂ ਦੇ ਬਖਸ਼ੇ ਗਿਆਨ ਨੂੰ ਲੱਭਦਾ ਹੈ, ਜੋ ਉਸ ਨੂੰ ਗੁਰੂ ਵਿਚੋਂ ਮਿਲਦਾ ਹੈ, ਕਿਉਂਕਿ ਉਹ ਜਗਿਆਸੂ ਹੈ ਤੇ ਉਸ ਦੇ ਮਨ ਤੇ ਅਜੇ ਰੱਬੀ ਅਵਾਜ਼ ਪ੍ਰਕਾਸ਼ ਨਹੀਂ ਪਾਉਂਦੀ, ਉਹ ਆਪਣੀ ਮਨੁੱਖੀ ਸਮਝ ਜੋਗ ਗਿਆਨ ਮਨੁੱਖੀ ਬੋਲੀ ਵਿਚ ਗੁਰੂ ਤੋਂ ਲੈਂਦਾ ਹੈ। ਗੁਰੂ ਉਸ ਨੂੰ ਰੱਬੀ ਗਿਆਨ ਦੇਂਦਾ ਹੈ, ਜੋ ਉਸਨੇ ਆਪਣੇ ਡਾਢੇ ਨਿਰੋਲ ਨਿਰਮਲ ਆਤਮੇ ਵਿਚ ਰੱਬ ਤੋਂ ਲਿਆ ਹੈ।


SIKHBOOKCLUB.COM

ਸੋ ਜੋ ਜਗਿਆਸਾ ਵਾਲਾ ਜਾਂ ਕਹੋ ਸਿੱਖ ਆਪਣੀ ਮਤ ਨੂੰ ਯਾ ਬੁੱਧੀ ਨੂੰ ਵਾਹਿਗੁਰੂ ਦੀ ਮਤ ਵਿਚ ਟੋਰਦਾ ਹੈ, ਸੋ ਵਾਹਿਗੁਰੂ ਦੀ ਰਾਖੀ ਤੇ ਚਾਨਣੇ ਵਿਚ ਟੁਰਦਾ ਹੈ, ਇਸ ਤਰ੍ਹਾਂ ਅਸੀਂ ਉਸ ਨੂੰ ਗੁਰਮੁਖ ਆਖਦੇ ਹਾਂ।

ਗੁਰਮੁਖ ਉਹ ਜਗਿਆਸੂ ਹੈ ਜਿਸਦਾ ਮਨ ਨੀਵਾਂ ਹੈ, ਆਪਣੀ ਮਤ ਦੇ ਅੱਗੇ, ਜਿਸਦੀ ਮਤ ਟੁਰਦੀ ਹੈ, ਵਾਹਿਗੁਰੂ ਦੀ ਰੋਸ਼ਨੀ ਤੇ ਰਾਖੀ ਵਿਚ। ਵਾਹਿਗੁਰੂ ਦੀ ਰਾਖੀ ਤੇ ਰੋਸ਼ਨੀ ਮਿਲਦੀ ਹੈ ਤਾਂ ਜੋ ਉਹ ਗੁਰੂ ਦੇ ਦੱਸੇ ਰੱਬੀ ਗਿਆਨ ਦੇ ਚਾਨਣੇ ਵਿਚ ਟੁਰ ਕੇ ਆਪਾ ਸਾਫ ਕਰ ਲਵੇ। ਐਉਂ ਉਹ ਆਪਣੀ ਮਤ ਨੂੰ ਗੁਰੂ ਦੀ ਮਤ ਦੇ ਤਾਬਿਆ ਕਰਦਾ ਹੈ, ਸੋ ਗੁਰਮਤ ਉਸਦੀ ਮਤ ਦੀ ਹੁੰਦੀ ਹੈ ਰਹਿਬਰ। ਫੇਰ ਅਸੀਂ ਗੁਰਮੁਖ ਉਸਨੂੰ ਭੀ ਆਖਦੇ ਹਾਂ ਜੋ ਐਉਂ ਟੁਰਦਾ ਟੁਰਦਾ ਮੁਕੰਮਲ ਹੋ ਗਿਆ ਹੈ ਤੇ ਹੁਣ ਉਸਦਾ ਆਤਮਾ ਵਾਹਿਗੁਰੂ ਨਾਲ ਇਕ ਸੁਰ ਹੋ ਗਿਆ ਹੈ। ਉਸ ਉਤੇ ਵਾਹਿਗੁਰੂ-ਗਿਆਨ ਸੂਰਜ ਵਾਂਙੂ ਪੈਂਦਾ ਹੈ। ਉਸਦੀ ਮਤ ਵਾਹਿਗੁਰੂ ਦੇ ਗਿਆਨ ਨਾਲ ਚਾਨਣਾ ਚਰਾਗ ਹੋ ਗਈ ਹੁੰਦੀ ਹੈ ਤੇ ਮਨ ਹੁਰੀਂ ਮਨ ਨਹੀਂ ਰਹੇ ਹੁੰਦੇ, ਪਰ ਵਾਹਿਗੁਰੂ ਰੰਗੇ ਹੋ ਕੇ ਸਾਰੀਆਂ ਰੁਚੀਆਂ ਰੌਆਂ ਤੇ ਕੰਮਾਂ ਵਿਚ ਰੱਬ ਦਾ ਜਲਾਲ ਹੀ ਜਲਾਲ, ਪ੍ਰਤਾਪ ਹੀ ਪ੍ਰਤਾਪ ਪਏ ਚਮਕਾਉਂਦੇ ਹਨ। ਸੋ ਐਉਂ ਹੋ ਕੇ ਜੋ ਹੁਣ ਸਿੱਧਾ ਵਾਹਿਗੁਰੂ ਦੇ ਚਾਨਣੇ ਨੂੰ ਪ੍ਰਾਪਤ ਕਰਨ ਲਗ ਪਿਆ ਹੈ ਉਹ ਹੈ ਗੁਰਮੁਖ, ਉਹ ਹੈ ਸੁਤੰਤਰ ਤੇ ਉਹ ਹੈ ਉੱਜ਼ਲ। ਸੋ ਤੂੰ ਸੋਚ ਲੈ ਕਿ ਇਹੋ ਜਿਹਾ ਬੰਦਾ ਕਿਸੇ ਦੀ ਮਤ ਦਾ ਦਬੇਲ ਹੋਊ ਕਿ ਉਸਦੀ ਮਤ ਉੱਜਲ ਤੇ ਸੁਤੰਤਰ ਹੋਊ ਅਤੇ ਗਿਆਨ ਦਾ ਆਪ ਭੰਡਾਰ ਤੇ ਦਾਤਾ ਹੋ ਜਾਊ।

ਸੋ ਸੱਜਣਾਂ! ਤੇਰੇ ਮਤ ਦੀ ਮੈਨੂੰ ਸੋਝੀ ਨਹੀਂ, ਪਰ ਜੋ ਗੱਲਾਂ ਤੂੰ ਕੀਤੀਆਂ ਹਨ ਗੁਰਮਤਿ ਵਿਚ ਉਹਨਾਂ ਦਾ ਵਿਚਾਰ ਐਉਂ ਹੈ। ਮੇਰੀ ਮੂਰਖ ਦੀ ਜਾਚੇ-

ਮਨ ਨਿਰਬਲ ਹੈ,
ਮਨ ਮੂੰਹਤਾਣਾ ਹੈ,
ਮਨ ਹੱਦ ਬੰਦੀ ਵਿਚ ਹੈ।

ਮਨ ਪਾਪਾਂ ਤੇ ਮੋਹ ਦੇ ਹਨੇਰੇ ਵਿਚ ਬੇਵਸ ਹੈ, ਇਸਦੇ ਮਗਰ ਨਾ ਲੱਗ। ਇਸ ਵਿਚ ਕੀ ਤਾਕਤ ਹੈ ਕਿ ਇਹ ਸਦਾਚਾਰ ਵਿਚ ਬੱਝ ਸਕੇ ਯਾ ਕਿ ਰੱਬੀ ਗਿਆਨ ਵਿਚ ਟੁਰ ਸਕੇ। ਇਹ ਰੱਬ ਦੇ ਗਿਆਨ ਦੇ ਉਤੇ ਟੁਰਨ ਵਾਲਾ ਹੈ ਨਹੀਂ, ਤਾਂ ਤੇ ਇਹ ਮਤ ਯਾ ਬੁੱਧੀ ਦੇ ਕੁੰਡੇ ਵਿਚ ਚਾਹੀਏ। ਮਤ ਗੁਰੂ ਦੀ ਮਤ ਦੇ ਚਾਨਣ ਵਿਚ ਟੁਰਨੀ ਚਾਹੀਏ ਤੇ ਗੁਰੂ ਹੋਵੇ ਵਾਹਿਗੁਰੂ ਦੀ ਮਤ ਦੇ ਚਾਨਣੇ ਦਾ ਨਿਰਮਲ ਲੈਣਹਾਰਾ ਅਤੇ ਨਿਰੋਲ ਦੇਣਹਾਰਾ। ਐਉਂ ਜਦ ਅੰਦਰ ਗਯਾਨ ਕਾਸ਼ ਵਾਹਿਗੁਰੂ ਦਰੋਂ ਪੈਣ ਲਗ ਜਾਵੇ ਫੇਰ ਉਸਦੀ ਕਰਨੀ ਕਹਿਣੀ ਉੱਚੀ ਤੇ ਸੁਖਦਾਈ ਹੋਵੇਗੀ। ਉਹ ਫਿਰ ਆਪ ਹੋਵੇਗਾ ਗਯਾਨ ਦਾ ਅਨੁਭਵੀ, ਰਸੀਆ ਤੇ ਦਾਤਾ। ਜੋ ਮਨ ਦੀ ਸੁਤੰਤ੍ਰਤਾ ਤੂੰ ਲੋੜਦਾ ਹੈ, ਉਸਨੂੰ ਪ੍ਰਾਪਤ ਹੋਵੇਗੀ। ਅੱਗੋਂ ਵਿਚਾਰ ਤੂੰ ਕਰ ਲੈ।

ਮੁਸਾਫਰ (ਠੰਡਾ ਸਾਹ ਲੈਕੇ)— ਕੀ ਆਖਾਂ ਬਾਬਾ? ਮੈਂ ਸਾਰੇ ਹਿੰਦ ਵਿਚ ਫਿਰਿਆ ਹਾਂ, ਮੈਂ ਬੜੇ ਪੰਡਤਾਂ, ਸੰਨਿਆਸੀਆਂ, ਤਿਆਗੀਆਂ ਤੇ ਮਸ਼ਹੂਰ ਆਗੂਆਂ ਪਾਸ ਗਿਆ ਹਾਂ, ਪਰ ਜੋ ਰਸ ਤੇਰੇ ਅਨਪੜ੍ਹ ਦੇ ਪਾਸੋਂ ਆ ਰਿਹਾ ਹੈ, ਕਿਤੇ ਨਹੀਂ ਆਇਆ। ਮੈਨੂੰ ਸਹੁੰ ਹੈ ਓਸੇ ਰੱਬ ਦੀ ਜਿਨਾਂ ਤੈਨੂੰ ਸਾਜਿਆ ਹੈ ਕਿ ਮੈਂ ਜੋ ਸੁਆਦ ਐਥੇ ਵੇਖਿਆ ਹੈ ਕਿਤੇ ਨਹੀਂ ਵੇਖਿਆ। ਵਾਸਤੇ ਕਿਸੇ ਆਪਣੇ ਪਿਆਰੇ ਦੇ ਮੇਰਾ ਇਕ ਸੰਸਾ ਹੋਰ ਦੂਰ ਕਰ।

ਬਾਬਾ— ਗੁਰੂ ਦੂਰ ਕਰੇ! ਦੱਸ ਸਜਣਾਂ!

ਮੁਸਾਫਰ— ਗੁਰੂ ਨੇ, ਜਿਹਨੂੰ ਤੁਸੀਂ ਦੱਸਿਆ ਹੈ ਕਿ ਤੁਸੀਂ 'ਦਸੋ ਗੁਰੂ ਸਾਹਿਬਾਨ' ਸਮਝਦੇ ਹੋ, ਰੱਬ ਦਾ ਗਿਆਨ ਨਿਰਮਲ ਅਨੁਭਵ ਕੀਤਾ ਤੇ ਨਿਰੋਲ ਸਾਨੂੰ ਦਿਤਾ। ਫਰਕ ਐਨਾਂ ਪਿਆ ਕਿ ਉਨ੍ਹਾਂ ਨੇ ਅੰਤਰ ਆਤਮੇ ਅਨੁਭਵ ਕੀਤਾ, ਫੇਰ ਉਸਨੂੰ ਮਨੁੱਖ ਦੀ ਸਮਝ ਵਿਚ ਆ ਜਾਣ ਵਾਲਾ ਰੂਪ ਆਪ ਦਿਤਾ ਤੇ ਫਿਰ ਬਾਣੀ ਦੇ ਸਰੂਪ ਵਿਚ ਉਚਾਰਿਆ ਤੇ ਲਿਖਿਆ ਜਿਸ ਲਿਖੇ ਹੋਏ ਨੂੰ ਤੁਸੀਂ ਗੁਰੂ ਗ੍ਰੰਥ ਸਾਹਿਬ ਆਖਦੇ ਹੋ। ਇਹ ਜੋ ਉਨ੍ਹਾਂ ਨੇ ਨਿਰੋਲ ਆਤਮ-ਅਨੁਭਵਤਾ ਤੋਂ ਉਸਨੂੰ ਬਾਣੀ ਦਾ ਰੂਪ ਦਿਤਾ, ਇਸ ਵਿਚ ਉਨਾਂ ਨੇ ਗਿਆਨ ਦੀ ਨਿਰੋਲਤਾ ਵਿਚ ਫਰਕ ਨਹੀਂ ਪਾਇਆ। ਇਸ ਗੱਲ ਵਿਚ ਗੁਰੂ ਸਾਹਿਬਾਂ ਦੀ ਕਮਾਲਤਾਈ, ਹੋਰਨਾਂ ਤੋਂ ਉਚਿਆਈ

ਤੇ ਵਡਿਆਈ ਹੈ ਤੇ ਇਸ ਕਰ ਕੇ ਤੁਸੀਂ ਗੁਰੂ ਸਾਹਿਬਾਂ ਨੂੰ ਮਹਾਂ ਪੁਰਖਾਂ ਤੋਂ ਬੀ ਮਹਾਨ ਤੇ ਅਵਤਾਰਾਂ ਤੋਂ ਬੀ ਸ੍ਰੇਸ਼ਟ ਸਮਝਦੇ ਹੋ, ਸੋ ਮੁਬਾਰਕ ਹੈ। ਮੈਂ ਬੀ ਬਾਣੀ ਪੜ੍ਹੀ ਹੈ, ਮੈਂ ਆਪ ਕਾਇਲ ਹਾਂ ਕਿ ਗੁਰੂ ਸਾਹਿਬਾਂ ਦਾ ਗਿਆਨ "ਨਿਰੋਲ ਰੱਬੀ ਗਿਆਨ" ਹੈ। ਹੁਣ ਸਾਨੂੰ ਰੱਬ ਦਾ ਨਿਰੋਲ ਗਿਆਨ ਪ੍ਰਾਪਤ ਹੋ ਗਿਆ, ਇਸਦੇ ਚਾਨਣ ਵਿਚ ਜੋ ਸਿੱਖਯਾ ਰੂਪ ਹੈ- ਅਸਾਂ ਟੁਰਨਾ ਹੈ। ਅਸੀਂ ਟੁਰੀਏ; ਗੁਰੂ ਦਾਤਾ ਹੈ, ਸਿਖਯਾ ਉਨ੍ਹਾਂ ਨੇ ਦੇ ਦਿਤੀ, ਲਿਖ ਦਿੱਤੀ, ਸੋ ਸਾਨੂੰ ਮਿਲ ਗਈ, ਅਸੀਂ ਹੁਣ ਟੁਰੀਏ ਉਸ ਸਿਖਯਾ ਦੇ ਮਗਰ, ਪਰ ਇਹ ਦੱਸੋ ਕਿ ਸਿਖਯਾ ਪ੍ਰਚਾਰ ਕਰਨ ਵਾਲੇ ਗੁਰੂ ਨਾਲ ਤੁਸਾਡਾ 'ਸ਼ਖਸੀ ਨੇਹੁੰ" "ਜ਼ਾਤੀ ਪਿਆਰ" ਕਿਉਂ ਹੈ?

ਬਾਬਾ— ਇਸ ਦਾ ਕੁਛ ਉੱਤਰ ਪਹਿਲੇ ਆ ਚੁੱਕਾ ਹੈ, ਪਰ ਜੇ ਵਧੇਰੇ ਸਮਝਣਾ ਹੈ ਤਾਂ ਮੈਂ ਫੇਰ ਕੁਛ ਜ਼ੋਰ ਲਾਉਂਦਾ ਹਾਂ।

ਗੁਰੂ ਕੇਵਲ ਸਿਖਯਾ ਦਾਤਾ ਨਹੀਂ, ਜਿਸ ਤਰ੍ਹਾਂ ਕਿ ਪਾਧਾ ਪਹਾੜੇ ਪੜ੍ਹਾ ਦੇਂਦਾ ਹੈ, ਸਾਧੂ ਲਿਖਣ ਪੜ੍ਹਨ ਸਿਖਾ ਦੇਂਦਾ ਹੈ, ਪੰਡਤ ਅਰਥ ਸਿਖਾ ਦੇਂਦਾ ਹੈ ਤੇ ਅਸੀਂ ਪੁਸਤਕ ਪੜ੍ਹ ਸਮਝ ਲੈਂਦੇ ਹਾਂ। ਯਾ ਕਿਸੇ ਦਾਨੇ ਕੋਲ ਜਾਓ ਤਾਂ ਉਹ ਸਿੱਖ ਮਤ ਦੀਆਂ ਗੱਲਾਂ ਦੱਸ ਦੇਂਦਾ ਹੈ ਕਿ ਐਉਂ ਟੁਰੋ ਤਾਂ ਸੁਖ ਹੈ ਐਉਂ ਦੁਖ ਹੈ। ਇਹ ਕੁਛ ਤਾਂ ਹੈ ਸਿਖਯਾ, ਪਰ "ਗੁਰੂ" ਜਿਸਨੂੰ ਅਸੀਂ ਆਖਦੇ ਹਾਂ, ਯਾ "ਗੁਰੂ ਅਵਤਾਰ" ਜਿਸ ਨੂੰ ਆਖਦੇ ਹਾਂ, ਉਹ ਕੇਵਲ ਸਿਖਯਾ ਦਾਤਾ ਨਹੀਂ, ਉਹ ਇਕ ਹੋਰ ਸ਼ੈ ਦੇਂਦਾ ਹੈ, ਪਰ ਓਹ ਸ਼ੈ ਜੇ ਮਿਲੇ ਹੀ ਤਾਂ ਸਮਝ ਵਿਚ ਆਉਂਦੀ ਹੈ। ਮੇਰਾ ਉਸ ਨੂੰ ਖੁਹਲ ਖੁਹਲ ਦੱਸਣਾ, ਉਸਦਾ ਪਰਵੇਸ਼ ਤੁਹਾਡੇ ਅੰਦਰ ਨਹੀਂ ਕਰਾ ਸਕੇਗਾ। ਖਿਆਲ ਭਾਵੇਂ ਬਣਾ ਸਕੇ। ਉਸ ਦਾਤ ਦਾ ਨਾਮ ਦਾਤੇ ਨੇ 'ਜੀਅ ਦਾਨ' ਲਿਖਿਆ ਹੈ, ਤੇ ਐਉਂ ਦੱਸਿਆ ਹੈ:-

ਜੀਅਦਾਨੁ ਦੇ ਭਗਤੀ ਲਾਇਨਿ
ਹਰਿ ਸਿਉ ਲੈਨਿ ਮਿਲਾਏ॥੨॥

"ਜੀਅਦਾਨ" ਦੇਕੇ ਵਾਹਿਗੁਰੂ ਦੇ ਪਿਆਰ ਵਿਚ ਸਾਨੂੰ ਪਾ ਕੇ ਉਸ ਨਾਲ ਮਿਲਾ ਲੈਂਦੇ ਹਨ। ਸਾਡੇ ਮੁਰਦੇ ਅੰਦਰਾਂ ਵਿਚ ਕੋਈ ਉੱਚਾ ਜੀਵਨ ਲਾ ਦੇਣਾ "ਜੀਅਦਾਨ" ਦੇਣਾ ਹੈ ਤੇ ਉਸ ਦਾਤੇ ਨਾਲ ਵਾਹਿਗੁਰੂ ਦਾ ਪਿਆਰ ਤੇ ਮਿਲਾਪ ਕਰਾ ਦੇਣਾ ਹੈ। ਗੁਰੂ ਦਾ ਦੂਸਰਾ ਕੰਮ ਹੈ ਇਹ ਤੇ ਇਹ ਹੈ ਉਹ ਸਰਬੰਸ ਜਿਸਨੂੰ ਤੁਸਾਂ ਆਖਿਆ ਸੀ- "ਸ਼ਖਸੀ ਨੇਹੁੰ" ਤੇ "ਜ਼ਾਤੀ ਪਿਆਰ"। ਗੁਰੂ ਜੀ ਫੁਰਮਾਉਂਦੇ ਹਨ:-

ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥ ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥

ਇਸਦੀ ਵੀਚਾਰ:-

"ਤੈ ਸਾਹਿਬ" ਨਾਲ ਹੈ ਨੇਹੁੰ*, ਇਹ ਹੈ ਸਾਡਾ ਮਨੋਰਥ। ਉਹ ਸਾਹਿਬ ਸਾਨੂੰ ਹੋ ਰਿਹਾ ਹੈ ਓਪਰਾ, ਸਾਡੇ ਤੇ ਉਸ ਵਿਚ ਪੈ ਰਿਹਾ ਹੈ ਕੋਈ ਵਿਛੋੜਾ, ਹੁਣ ਸਾਡੀ ਮੁਰਾਦ ਹੈ ਕਿ ਉਹ ਸਾਨੂੰ ਮਿਲੇ। ਇਹ ਗੱਲ ਹੋ ਗਈ ਨਾ ਲੁੜੀਂਦੀ ਗੱਲ, ਪੜ੍ਹੇ ਹੋਏ ਜਿਨੂੰ ਕਹਿੰਦੇ ਹਨ "ਮੁੱਖ ਗੱਲ"। ਹੁਣ ਉਸ ਸਾਹਿਬ ਦੀ ਸਾਨੂੰ ਕੋਈ ਵਾਰਤਾ, ਗੁਣ, ਮਹਿਮਾਂ ਆ ਕੇ ਸੁਣਾਉਂਦਾ ਹੈ। ਕਹਿੰਦੇ ਹਨ ਜੋ ਕੋਈ ਐਤਨਾ ਉਪਕਾਰ ਬੀ ਕਰੇ ਕਿ ਉਸਦਾ ਕੋਈ ਗੁਣ, ਕੋਈ ਕਥਾ ਆਕੇ ਸੁਣਾਵੇ ਤਾਂ ਉਸਦਾ ਏਨਾ ਸ਼ੁਕਰ ਮੰਨੀਏਂ ਕਿ ਆਪਣਾ ਸਿਰ ਵੱਢਕੇ ਤਾਂ ਉਸਨੂੰ ਬੈਠਣ ਲਈ ਦੇਵੀਏ ਤੇ ਬਾਕੀ ਧੜ ਨਾਲ ਉਸਦੀ ਸੇਵਾ ਕਰੀਏ। ਮਤਲਬ ਇਹ ਕਿ ਉਸਦੇ ਕੀਤੇ ਦਾ ਗੁਣ ਬੜਾ ਹੀ ਜਾਣੀਏ। ਸੋਚੋ, ਜੇ ਕੋਈ ਬਾਤ ਹੀ ਸੁਣਾਵੇ ਤਾਂ ਐਨੇ ਆਦਰ ਦੇ ਯੋਗ ਹੈ ਤੇ ਜਿਹੜਾ ਮਿਲਾਪ ਹੀ ਕਰਾ ਦੇਵੇ ਉਸਦਾ ਕੀਤਾ ਕਿੰਨਾਂ ਕੁ ਜਾਣਨਾ ਲੋੜੀਏ, ਇਹ ਤੁਸੀਂ ਸੋਚ ਲਵੋ। ਸੋ ਇਹ ਕੀਤਾ ਜਾਣਨਾ, ਸਾਨੂੰ ਸਾਡੇ ਸਤਿਗੁਰਾਂ ਨਾਲ ਜ਼ਾਤੀ ਨੇਹੁੰ ਵਿਚ ਪ੍ਰੋਂਦਾ ਹੈ। ਦੱਸੋ, ਐਉਂ ਜ਼ਾਤੀ ਨੇਹੁੰ ਪੈਦਾ ਹੁੰਦਾ ਹੈ ਕਿ ਨਾ? ਜੋ ਮੱਤ ਦੇਵੇ ਉਸਦਾ ਸ਼ੁਕਰ ਸਦਾ ਕਰੀਦਾ ਹੈ; ਜੋ ਮੱਤ ਬੀ ਦੇਵੇ, ਕੀਰਤਿ ਮਹਿਮਾਂ ਬੀ ਸੁਣਾਵੇ, ਮੁਰਦੇ ਜਿਵਾਲ ਬੀ ਦੇਵੇ, ਮਿਲਾਪ ਬੀ ਕਰਾ ਦੇਵੇ ਤੇ ਅਸੀਂ ਇਸ ਜੋਗ ਹੋ ਜਾਵੀਏ ਕਿ ਸਾਡੇ ਮਨ ਆਪ ਅਨੁਭਵ ਦੇ ਦਰਜੇ ਤੇ ਪੁੱਜ ਜਾਣ ਤਦ ਦੱਸੋ ਕਿ ਉਸ ਨਾਲ ਨਾ 'ਨਿਜ ਦਾ ਪਿਆਰ' ਪਵੇ ਤਾਂ ਕਿਸ ਨਾਲ ਪਵੇ? ਇਹ ਹੈ ਸਾਡਾ, ਸਾਡੇ ਸਤਿਗੁਰਾਂ ਨਾਲ ਨਿਜ ਦਾ ਸਨਬੰਧ, ਜਿਸਨੂੰ ਤੁਸੀਂ ਕੀ ਆਖਸੋ?

---

* ਨੇਹੁੰ=ਪਿਆਰ



www.sikhbookclub.com

ਮੁਸਾਫਰ— ਜ਼ਾਤੀ ਤਅੱਲਕ।

ਬਾਬਾ— ਜ਼ਾਤੀ ਤਅੱਲਕ, ਜ਼ਾਤੀ ਤਅੱਲਕ ਹੈਂ? ਅਪਣੱਤ। ਸਾਰੀ ਅਪਣੱਤ।

ਦੂਸਰੀ ਗੱਲ ਇਹ ਹੈ ਕਿ ਸਾਡੇ ਸਤਿਗੁਰੂ ਸਾਡੇ ਵਿਚ ਆ ਕੇ ਵੱਸੇ, ਸਾਡੇ ਵਾਂਗੂੰ ਵਿਆਹ ਕੀਤੇ, ਪਰਵਾਰੀ ਹੋਏ, ਸਾਡੀ ਬੋਲੀ ਵਿਚ ਬੋਲੇ, ਰੱਬੀ ਭੇਤ ਸਾਡੀ ਬੋਲੀ ਵਿਚ (ਜੋ ਮੂਲੋਂ ਹੀ ਪੁਸਤਕਾਂ ਵਾਲੀ ਬੋਲੀ ਤਦੋਂ ਨਹੀਂ ਸੀ) ਗੱਲਾਂ ਕੀਤੀਆਂ ਤੇ ਸਾਡੇ ਦੁਖਾਂ ਦਰਦਾਂ ਵਿਚ ਸਾਂਝੀਵਾਲ ਹੋਏ। ਸਾਡੀਆਂ ਮੂਰਖਤਾਈਆਂ ਤੇ ਸਾਡੇ ਦੁਖਾਂ ਦੇ ਦਰਦੀ ਹੋਏ, ਸਾਡੀ ਪੀੜ ਦੀ ਝਰਨਾਟ ਉਨ੍ਹਾਂ ਨੂੰ ਛਿੜੀ ਤੇ ਉਨ੍ਹਾਂ ਨੇ ਆਪਣੇ ਵਿਚ ਪੀੜ ਪ੍ਰਤੀਤ ਕੀਤੀ। ਆਪ ਅੱਠੇ ਪਹਿਰ ਸਿਮਰਨ ਰਸ ਵਿਚ ਮਗਨ ਸਨ, ਪਰ ਫੇਰ ਸਾਡੇ ਦੁਖਾਂ ਤੇ ਪੀੜਾਂ ਵਿਚ ਸਾਡੇ ਤੇ ਤੁੱਠੇ। ਜੇ ਕੋਈ ਦਿਲ ਉਨ੍ਹਾਂ ਦੇ ਪ੍ਰੇਮ ਵਿਚ ਆਇਆ ਤਾਂ ਵਲਿੱਖਾਂ ਚੀਰ ਕੇ ਅੱਪੜੇ, ਜੇ ਅਸੀਂ ਲਾਡਾਂ ਵਿਚ ਆ ਗਏ ਤਾਂ ਉਨ੍ਹਾਂ ਨੇ ਮਾਨ ਰੱਖੇ। ਉਨ੍ਹਾਂ ਨੇ ਇਨਸਾਨ ਦੇ ਦਿਲੀ ਭਾਵਾਂ ਨੂੰ ਆਪਣੇ ਬ੍ਰਹਮ ਗਿਆਨ ਤੇ ਉੱਚੇ ਗਿਆਨ ਦੇ ਮਦ ਵਿਚ ਫਿਟਕਾਰ ਕੇ ਪਰੇ ਨਹੀਂ ਸੁੱਟਿਆ। ਸਾਡੇ ਅਗਿਆਨ, ਥੋੜੇ ਗਿਆਨ, ਸਾਡੀਆਂ ਮਨੁੱਖੀ ਲੋੜਾਂ, ਪਿਆਰਾਂ, ਲਾਡਾਂ, ਸਾਡੇ ਵਲਵਲਿਆਂ ਨਾਲ ਦਰਦੀ ਹੋਏ, ਦਰਦ ਵੰਡਾਏ ਤੇ ਪਿਆਰ ਕੀਤੇ। ਉਨ੍ਹਾਂ ਦੇ ਪਿਆਰ ਵਲ ਤੱਕੋ! ਸਾਨੂੰ ਉਨ੍ਹਾਂ ਨੇ ਅਨਭਉ ਦੇ ਰਸਤੇ ਪਾਇਆ ਕਿ ਅਸੀਂ ਆਪ ਰੱਬੀ ਗਿਆਨ ਪਾ ਸਕੀਏ।

ਦੇਖੋ! ਇਕ ਅੰਨ੍ਹੀ ਗਰੀਬ ਕੰਗਲੀ ਬੁੱਢੀ ਮਰਨਾਊ ਆਪ ਕੱਤ ਉਣਾਕੇ ਕਪੜੇ ਦਾ ਚੋਲਾ ਸੀਉਂਕੇ ਕਸ਼ਮੀਰ ਵਿਚ ਤੜਫਦੀ ਹੈ ਕਿ ਇਹ ਗੁਰੂ ਪਹਿਨੇ। ਆਪ ਆ ਨਹੀਂ ਸਕਦੀ। ਦੱਸੋ ਗੁਰੂ ਐਨੀ ਦੂਰ ਕਿਉਂ ਜਾਵੇ? ਇਕ ਖੁਰਦਰੇ ਝੱਗੇ ਦੀ ਖ਼ਾਤਰ? ਇਕ ਗਰੀਬ ਕੰਗਲੀ ਅੰਨ੍ਹੀ ਦੇ ਵਾਸਤੇ ਤ੍ਰੈ ਸੌ ਮੀਲ ਦੇ ਸਫਰ ਦਾ ਕੋਈ ਕਿਉਂ ਦੁੱਖ ਉਠਾਵੇ। ਪਰ ਇਹ ਦੂਰਅੰਦੇਸ਼ੀ ਗੁਰੂ ਦੇ ਮਨ ਤੇ ਨਹੀਂ ਆਈ, ਉਸਦੇ ਦਮਕਾਂ ਵਾਲੇ ਮਨ ਉਤੇ ਉਸ ਝੀਨੀ ਨਿਤਾਣੀ ਬਾਣੀ ਦੀ ਧੁਨਿ ਟੰਕਾਰ ਦਿੰਦੀ ਹੈ, ਉਹ "ਅਪਣੱਤਾਂ ਵਾਲਾ ਸਾਈਂ" ਤੁਸੀਂ ਕੀ ਕਿਹਾ ਸੀ 'ਜ਼ਾਤੀ ਤਅੱਲਕ', ਹਾਂ! ਉਹ ਜ਼ਾਤੀ ਤਅੱਲਕਾਂ ਵਾਲਾ ਦਾਤਾ ਪੰਜਾਬੋਂ ਕਸ਼ਮੀਰ ਅੱਪੜਦਾ ਹੈ। ਆਪ ਮਾਈ ਦੇ ਘਰ ਜਾਂਦਾ ਹੈ, ਆਪ ਕੁੜਤਾ ਮੰਗਦਾ ਹੈ, ਪਹਿਨਦਾ ਹੈ ਤੇ ਖੁਸ਼ ਹੁੰਦਾ ਹੈ। ਮਾਈ ਹੱਥ ਲਾ ਲੇ ਕੇ ਵੇਖਦੀ ਹੈ, "ਮੇਰਾ ਤੁੰਬਿਆ, ਮੇਰਾ ਕੱਤਿਆ, ਮੇਰੀ ਸੀਤਾ ਕੁੜਤਾ, ਹਾਂ ਮਸਾਂ ਮਸਾਂ ਸੀਤਾ ਜਾਮਾਂ, ਉਸ ਅਰਸ਼ਾਂ ਦੇ ਮਾਲਿਕ ਤੇ ਧਰਤੀ ਦੇ ਪਰਤਾਪੀ ਨੇ ਪਹਿਨਿਆਂ ਹੈ ਤੇ ਪਹਿਨ ਕੇ ਗਦਗਦ ਹੋ ਰਿਹਾ ਹੈ"। ਹਾਂ! ਮਾਈ ਖਿੜਦੀ ਹੈ ਤੇ ਉਸੇ ਖੇੜੇ ਤੇ ਖੁਸ਼ੀਆਂ ਵਿਚ ਕਪਾਟ ਖੁਲ੍ਹਦੇ ਹਨ ਤੇ ਜੀਅਦਾਨ ਤੇ ਰੱਬ ਦਾ ਮਿਲਾਪ ਉਸਨੂੰ ਮਿਲਦਾ ਹੈ, ਉਹ ਕਿਸ ਤਰ੍ਹਾਂ ਨਾ ਗੁਰੂ ਵਿਚ "ਅਪਣੱਤ" ਪ੍ਰਤੀਤ ਕਰੇਗੀ? ਅੱਜ ਮੈਂ ਇਹ ਗਲ ਕਹਿ ਕੇ ਤੇ ਆਪ ਸੁਣਕੇ ਕੀਕੂੰ ਨਾ ਉਸ ਅਪਣੱਤ ਵਲ ਖਿੱਚ ਖਾਵਾਂਗਾ?

ਔਰੰਗਜ਼ੇਬ ਦਾ ਪਰਵਾਨਾ ਜਾਰੀ ਹੁੰਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਦਿੱਲੀ ਆਉਣ। ਓਹ ਜਾਣਦੇ ਹਨ ਕਿ ਸਾਡੇ ਕਤਲ ਵਾਸਤੇ ਇਹ ਸੱਦਾ ਹੈ। ਸੀਸ ਦੇਣ ਲਈ ਤਿਆਰ ਹਨ। ਇਕ ਜਗਤ ਕਸ਼ਟ ਵਿਚ ਹੈ, ਉਨ੍ਹਾਂ ਨੇ ਔਰੰਗਜ਼ੇਬ ਨੂੰ ਸੁਨੇਹਾ ਘੱਲਿਆ ਹੈ ਕਿ ਤੂੰ ਮਜ਼ਬੀ ਖੁੱਲ੍ਹ ਵਿਚ ਨਾ ਦਖਲ ਦੇਹ। ਉਹ ਗੁੱਸੇ ਹੈ, ਕਸ਼ਮੀਰੀ ਤੇ ਪੰਜਾਬੀ ਔਰੰਗਜ਼ੇਬ ਨੂੰ ਕਹਿੰਦੇ ਹਨ ਅਸੀਂ ਗੁਰੂ ਕੇ ਸਿੱਖ ਹਾਂ। ਕਾਜ਼ੀ ਕਹਿੰਦੇ ਹਨ ਗੁਰੂ ਨੂੰ ਹੀ ਮੁਸਲਮਾਨ ਕਰੋ, ਮੁਰੀਦ ਆਪੇ ਫੇਰ ਹੋ ਜਾਣਗੇ। ਏਹੋ ਮਨਸੂਬੇ ਹਨ ਪਾਤਸ਼ਾਹੀ। ਗੁਰੂ ਜੀ ਨੇ ਜਾਣਾ ਹੈ, ਆਪੇ ਜਾਣਾ ਹੈ। ਪਰ ਕਿਉਂ ਅਨੰਦਪੁਰੋਂ ਸਿੱਧੇ ਦਿਲੀ ਨਹੀਂ ਜਾਂਦੇ? ਆਪ ਅਨੰਦ ਪੁਰੋਂ ਟੁਰ ਕੇ ਕਿਸੇ ਹੋਰ ਰਸਤੇ ਪੈ ਗਏ ਹਨ ਤੇ ਆਗਰੇ ਨੂੰ ਮੂੰਹ ਧਰ ਦਿਤਾ ਹੈ, ਆਗਰੇ ਹੋਕੇ ਦਿੱਲੀ ਜਾਣਗੇ। ਆਗਰੇ ਕੀ ਹੈ? ਕੋਈ ਭੈਣ ਭਰਾ ਉੱਥੇ ਹੈ? ਨਹੀਂ । ਕੋਈ ਸੰਸਾਰਕ ਕੰਮ ਹੈ? ਕਿਆ ਕੋਈ ਬੇਟਾ ਓਥੇ ਹੈ ਕਿ ਉਸਨੂੰ ਰਾਜ ਕਾਜ ਸੰਭਾਲਣਾ ਹੈ? ਨਹੀਂ। ਫੀਰ ਕੀ ਹੈ ਕਿ ਇਸ ਔਕੜ ਵੇਲੇ ਜਾਂਦੇ ਹਨ? ਓਥੇ ਇਕ ਪ੍ਰੇਮ ਵਿਚ ਆਈ ਮਾਈ ਦਾ ਸਰੀਰ ਅੰਤਮ ਦਰਸ਼ਨਾਂ ਨੂੰ ਲੋਚ ਰਿਹਾ ਹੈ ਤੇ ਸੱਚੇ ਪ੍ਰੇਮ ਪਛਾਣਨ ਵਾਲੇ ਸਤਿਗੁਰੂ ਆਪਣੇ ਅੰਤਲੇ ਸਫਰ ਤੋਂ ਪਹਿਲਾਂ ਉਸਨੂੰ ਜ਼ਰੂਰ ਮਿਲਣਗੇ, ਤੇ ਜ਼ਰੂਰ ਮਿਲੇ।



SIKHBOOKCLUB.COM

ਜਿਥੇ ਆਪ ਉਸ ਗਰੀਬ ਬਿਰਧ ਤੇ ਨਿਰਧਨ ਮਾਈ ਨੂੰ ਮਿਲੇ, ਓਥੇ ਹੁਣ ਤਕ 'ਮਾਈਂ' ਥਾਨ ਨਾਮੇ ਗੁਰਦੁਆਰਾ ਹੈ। ਉਸ ਸੱਧਰ ਭਰੇ ਸਰੀਰ ਨੂੰ ਜੀਅਦਾਨ ਦੇਕੇ, ਰੱਬੀ ਰੌ ਨਾਲ ਚਮਕਾ ਕੇ ਆਪ ਫੇਰ ਦਿੱਲੀ ਜਾਂਦੇ ਹਨ*। ਦੱਸੋ ਇੱਡੇ ਇਨਸਾਨੀ ਦਿਲਾਂ ਦੇ ਨੇੜੇ ਆ ਕੇ ਅਪਣੱਤ ਦੇ ਵਰਤਾਵੇ ਕਰਨੇ ਤੁਸੀਂ ਕਿਤੇ ਡਿੱਠੇ ਹਨ? ਦੱਸੋ ਇਹ ਵਰਤਾਵੇ ਕਿਉਂ ਅਪਣੱਤ ਪੈਦਾ ਨਹੀਂ ਕਰਦੇ? ਤੁਹਾਨੂੰ ਪਤਾ ਹੈ ਦਿੱਲੀ ਕਿਉਂ ਜਾਂਦੇ ਹਨ? ਔਰੰਗਜ਼ੇਬ ਦੀ ਜ਼ਬਰਦਸਤੀ ਹਿੰਦੂਆਂ ਨੂੰ ਧਰਮਹੀਨ ਕਰ ਰਹੀ ਹੈ ਤੇ ਕਸ਼ਮੀਰ ਵਿਚ ਖਾਸ ਸਖਤੀ ਹੋ ਰਹੀ ਹੈ। ਆਪ ਉਸ ਨੂੰ ਸਮਝਾਉਣਗੇ ਕਿ ਇਹ ਤਰੀਕਾ ਗ਼ਲਤ ਹੈ, ਪਰ ਉਸਨੇ ਸਮਝਣਾ ਨਹੀਂ, ਉਲਟਾ ਆਪ ਨੂੰ ਮੁਸਲਮਾਨ ਕਰਨ ਲਈ ਕਹਿਣਾ ਹੈ ਤੇ ਨਾ ਹੋਣ ਤੇ ਕਤਲ ਕਰਾਉਣਾ ਹੈ। ਉਹਨਾਂ ਨੇ ਖੁਸ਼ੀ ਨਾਲ ਸੀਸ ਦੇਣਾ ਹੈ, ਕਿਉਂਕਿ ਇਸ ਸੀਸ ਦੇਣ ਨੇ ਸ੍ਰਿਸ਼ਟੀ ਦਾ ਭਾਰ ਹਰਨਾ ਹੈ। ਉਨ੍ਹਾਂ ਨੇ ਸੀਸ ਆਪਣੇ ਰੰਗ ਵਿਚ ਸਹਿ ਸੁਭਾ ਦੇਣਾ ਹੈ, ਪਰ ਇਸ ਦਾ ਅਸਰ ਪਰਜਾ ਤੇ ਇਹ ਪੈਣਾ ਹੈ ਕਿ ਮੁਰਦਿਆਂ ਨੇ ਜੀਉ ਉਠਣਾ ਹੈ। ਦੱਸੋ ਇਹ ਸਤਿਗੁਰਾਂ ਦੇ ਪਿਆਰ, ਮਾਨੁੱਖੀ ਵਲਵਲਿਆਂ ਲੋੜਾਂ ਤੇ ਪੀੜਾਂ ਨਾਲ ਕੀ ਕਿਹਾ ਸਾਨੇ-ਜ਼ਾਤੀ ਤਅੱਲਕਾਤ ਕਿੰਨੇ ਅਮੁੱਲਵੇਂ ਹਨ?

ਇਕ ਆਦਮੀ ਇਕ ਡਾਢੇ ਜਰਵਾਣੇ ਦੀ ਕੈਦ ਵਿਚ ਪੈ ਜਾਂਦਾ ਹੈ, ਇਹ ਨਾਮ ਦਾ ਰਸੀਆ ਹੈ। ਹੋਰ ਵੀ ਦੁਖੀਏ ਉਥੇ ਕੈਦ ਹਨ, ਪਰ ਇਹ ਨਾਮ ਦਾ ਰਸੀਆ ਉਸ ਕੈਦ ਵਿਚ ਗੁਰੂ ਨਾਨਕ ਨੂੰ ਯਾਦ ਕਰਦਾ ਤੇ ਦਰਸ਼ਨਾਂ ਨੂੰ ਤਰਸਦਾ ਹੈ। ਉਥੇ ਕਿਵੇਂ ਅੱਪੜਨ? ਇਨਸਾਨੀ ਪੀੜਾਂ ਦੀ ਝਰਨਾਟ ਨਾਲ ਪੰਘਰ ਜਾਣ ਵਾਲੇ ਦਿਆਲੂ ਆਪ ਗ਼ੁਲਾਮ ਬਣਕੇ ਵਿਕ ਜਾਂਦੇ ਤੇ ਉਸ ਜਰਵਾਣੇ ਦੀ ਕੈਦ ਵਿਚ ਪੈਂਦੇ ਤੇ ਐਉਂ ਉਸ ਦੁਖੀ ਤਰਸਦੇ ਦਿਲ ਨੂੰ ਜਾ ਠੰਢ ਪਾਉਂਦੇ ਹਨ। ਉਹ ਵੇਖਦਾ ਹੈ ਕਿ ਅਪਣੱਤਾਂ ਦਾ ਸਾਈਂ ਆ ਗਿਆ ਹੈ, ਪਰ ਹਾਇ ਕਸ਼ਟ! ਕਿ ਆਪ ਵਿਕ ਕੇ ਗ਼ੁਲਾਮੀ ਵਿਚ ਪੈਕੇ ਆਇਆ ਹੈ। ਹਾਇ ਕਸ਼ਟ! ਮੈਂ ਕੰਗਲੇ-ਕੀਰ ਦੀ ਖ਼ਾਤਰ ਦਾਤਾ ਆਪਣੇ ਆਪ ਨੂੰ ਵਿਕਾ ਕੇ ਆਇਆ ਹੈ। ਪਰ ਦੇਖੋ ਸਾਈਂ ਦੇ ਰੰਗ! ਓਥੇ ਸਭ ਤਲਾ, ਖੂਹ ਸੁੱਕ ਜਾਂਦੇ ਹਨ ਤੇ ਉਹ ਜਰਵਾਣਾ ਦੁਖੀ ਹੁੰਦਾ ਹੈ, ਦੁਖ ਵਿਚ ਉਸਦੀ ਜਾਗ ਖੁਲ੍ਹਦੀ ਹੈ ਤੇ ਗੁਰੂ ਨਾਨਕ ਉਸ ਨੂੰ ਸੋਝੀ ਦੇਂਦੇ ਹਨ। ਉਹ ਨਾਮ ਜਪਦਾ ਹੈ ਤੇ ਸਾਰੇ ਬੰਦੀ ਸਾਰੇ ਕੈਦੀ, ਛੁਟਕਾਰਾ ਪਾਉਂਦੇ ਹਨ। ਉਹ 'ਆਪ ਵਿਕ ਗਿਆ ਗੁਰੂ ਨਾਨਕ' ਉਸ ਕੈਦ ਪਏ ਪਿਆਰ ਦੀ ਝਰਨਾਟ ਵਾਲੇ ਪਿਆਰੇ ਨੂੰ ਛੁਡਾ ਕੇ ਵਾਪਸ ਆਉਂਦਾ, ਜੀਅਦਾਨ ਦੇਂਦਾ ਤੇ ਰੱਬ ਨਾਲ ਵਸਲ ਕਰਾ ਕੇ ਅੱਗੇ ਟੁਰਦਾ ਹੈ। ਮੈਨੂੰ ਦੱਸੋ ਤੁਹਾਡਾ ਦਿਲ ਉਸ ਅਪਣੱਤ ਨਾਲ ਨਹੀਂ ਪੰਘਰਦਾ ਜੋ ਗੁਰੂ ਨੇ ਮਨੁੱਖੀ ਜਾਮਾ ਧਾਰ ਕੇ ਸਾਡੇ ਨਾਲ ਵਰਤੀ ਹੈ? ਕੀ ਅੱਗੋਂ ਸਾਡੇ ਅੰਦਰੋਂ ਗੁਰੂ ਨਾਲ ਅਪਣੱਤ ਦਾ ਵਲਵਲਾ ਜ਼ੋਰ ਨਾਲ ਉੱਠ ਕੇ ਗੁਰੂ ਜੀ ਦੇ ਚਰਨਾਂ ਨੂੰ ਨਹੀਂ ਚੰਬੜ ਜਾਂਦਾ?

(ਮੁਸਾਫਰ ਇਸ ਵੇਲੇ ਰੋ ਰਿਹਾ ਸੀ ਤੇ ਬਾਬੇ ਹੁਰੀਂ ਆਪਣੇ ਰੰਗ ਵਿਚ ਕਹੀ ਜਾ ਰਹੇ ਸਨ) ਗੁਰੂ ਹਰਿ ਰਾਇ ਜੀ ਇਕ ਖਾਸ ਸਾਫ ਕਮਰੇ ਤੋਂ ਬਾਹਰ ਪ੍ਰਸ਼ਾਦ ਨਹੀਂ ਸਨ ਛਕਦੇ ਹੁੰਦੇ, ਅਜ ਜਦ ਸੈਰ ਚੜ੍ਹੇ ਹਨ, ਘੋੜੇ ਤੇ ਸਵਾਰ ਹਨ, ਨਾਲ ਪ੍ਰੇਮੀ ਹਨ, ਜੰਗਲ ਫਿਰਦੇ ਫਿਰਦੇ ਘਰ ਨਹੀਂ ਮੁੜਦੇ। ਡੇਢ ਪਹਿਰ ਦਿਨ ਹੋ ਗਿਆ ਹੈ, ਘਰ ਉਡੀਕ ਹੋ ਰਹੀ ਹੈ, ਪ੍ਰਸ਼ਾਦ ਦਾ ਵੇਲਾ ਹੈ, ਪਰ ਆਪ ਚਲੇ ਜਾ ਰਹੇ ਹਨ।

ਕਿਸੇ ਪਿੰਡ ਇਕ ਮਾਈ ਹੈ, ਭੋਲੀ, ਨਿਰਛਲ, ਸਾਫ ਸਰਲ ਦਿਲ ਵਾਲੀ। ਉਸਨੇ ਗੁਰੂ ਦਾ ਜਸ ਸੁਣਿਆ ਹੈ, ਕਿਸੇ ਸਤਿਸੰਗਣ ਨੇ ਸੁਣਾਇਆ ਹੈ। ਗੁਰੂ ਜੀ ਦੂਰ ਰਹਿੰਦੇ ਹਨ, ਇਕੱਲੀ ਜਾ ਨਹੀਂ ਸਕਦੀ, ਪਰਵਾਰ ਜਾਂਦਾ ਨਹੀਂ, ਉਸਦੇ ਆਤਮਾ ਵਿਚ ਦਰਸ਼ਨ ਦੀ ਸਿੱਕ ਭਰੀ ਰਹੀ ਹੈ। ਮਨ ਆਖਦਾ ਹੈ ਕਿ ਜੇ ਇਕ ਝਲਕਾ ਮਿਲ ਜਾਵੇ ਤਾਂ ਤਰ ਜਾਵਾਂ।

* ਤਵਾ: ਖਾਲਸਾ ਵਿਚ ਲਿਖਿਆ ਹੈ ਕਿ ਮਾਈ ਨੂੰ ਦਰਸ਼ਨ ਦੇ ਕੇ ਬਾਗ ਵਿਚ ਆਏ ਜਿਥੇ ਗ੍ਰਿਫਤਾਰੀ ਹੋਈ ਇਤਿਹਾਸ ਗੁ: ਖਾ: ਨੇ ਲਿਖਿਆ ਹੈ ਕਿ ਮਾਈ ਨੂੰ ਕ੍ਰਿਤਾਰਥ ਕਰਕੇ ਆਗਰੇ ਤੋਂ ਦਿੱਲੀ ਆਪ ਪੁੱਜੇ ਹਨ। ਸਭ ਤੋਂ ਪੁਰਾਣੇ ਗੁਰ ਬਿਲਾਸ ਵਿਚ ਜੋ ਭਾਈ ਮਨੀ ਸਿੰਘ ਜੀ ਦਾ ਕਹਿਲਾਉਂਦਾ ਹੈ ਲਿਖਿਆ ਹੈ ਕਿ ਬਾਗ ਵਾਲੀ ਸਾਖੀ ਤੇ ਗ੍ਰਿਫਤਾਰੀ ਦਿਲੀ ਹੀ ਹੋਈ ਹੈ।

SIKHBOOKCLUB.COM

ਦਿਨ ਰਾਤ ਦੀ ਤਾਘ ਲੱਗ ਜਾਂਦੀ ਹੈ। ਛਾਹ ਵੇਲੇ ਦੇ ਮਗਰੋਂ ਜਦ ਰੋਟੀ ਪਾਣੀ ਲਗਦੀ ਹੈ ਤਾਂ ਗੁਰੂ-ਗੁਰੂ ਜਪਦੀ ਪਹਿਲੀ ਰੋਟੀ ਬੜੇ ਪਿਆਰ ਵਿਚ ਗੁਰੂ-ਲਈ ਪਕਾਉਂਦੀ ਹੈ। ਖਿਆਲ ਕਰਦੀ ਹੈ ਆ ਰਹੇ ਹਨ, ਪ੍ਰਸ਼ਾਦ ਛਕਣਗੇ। ਰੋਟੀ ਪਕਾ ਕੇ ਰੱਖ ਦੇਂਦੀ ਹੈ, ਗੁਰੂ ਜੀ ਕੋਈ ਨਹੀਂ ਆਉਂਦੇ। ਅੰਤ ਸਾਰੇ ਟੱਬਰ ਦੇ ਖਾ ਲੈਣ ਮਗਰੋਂ ਉਹ ਰੋਟੀ ਆਪ ਖਾ ਛੱਡਦੀ ਹੈ। ਹਾਇ! ਬੇਅਦਬੀ, ਪਰ ਕੀ ਕਰੇ? ਕਹਿੰਦੀ ਹੈ ਕੱਲ ਇਹ ਰੋਟੀ ਗੁਰੂ ਲਈ ਪਕਾ ਕੇ ਆਪ ਨਹੀਂ ਖਾਵਾਂਗੀ ਜਾਂ ਮੈਂ ਪਕਾਵਾਂਗੀ ਹੀ ਨਹੀਂ, ਪਰ ਚੌਂਕੇ ਬਹਿੰਦਿਆਂ ਹੱਥ ਮੱਲੋਮੱਲੀ ਪਕਾਉਂਦੇ ਤੇ ਮਨ 'ਗੁਰੂ' 'ਗੁਰੂ' ਕਰਦਾ ਹੈ। ਕਦੇ ਰੋਟੀ ਲੈ ਕੇ ਸੜਕ ਤੇ ਜਾ ਖਲੋਂਦੀ ਹੈ, ਪਰ ਗੁਰੂ-ਨਹੀਂ ਆਏ। ਦਿਨ ਬੀਤਦੇ ਗਏ ਪਰ ਰੋਜ਼ ਉਹ ਰੱਬੀ ਰੰਗ ਵਾਲੀ ਰੋਟੀ ਪੱਕਦੀ ਰਹੀ। ਕਦੇ ਰੋਟੀ ਛੱਬੀ ਵਿਚ ਪਈ ਰਹਿੰਦੀ ਹੈ ਤੇ ਮਾਈ ਮਗਰੋਂ ਆਪ ਖਾਂਦੀ ਹੈ, ਕਦੇ ਸਮਾਂ ਲੱਝ ਜਾਵੇ ਤਾਂ ਰੋਟੀ ਲੈ ਘੜੀਆਂ ਸੜਕ ਤੇ ਖੜੀ ਉਡੀਕਾਂ ਕਰਦੀ ਅੰਤ ਨਿਰਾਸ ਹੋਕੇ ਘਰ ਮੁੜ ਆਉਂਦੀ ਹੈ।

ਅੱਜ ਫੇਰ ਉਹੋ ਰੋਟੀ ਪੱਕੀ। ਉਸ ਰੋਟੀ ਦੀ ਖੁਸ਼ਬੋ ਤੇ ਉਸ ਦਰਦ ਦਿਲ ਦੀ ਸੋਇ ਉਸ ਤ੍ਰਿਲੋਕੀ ਦੇ ਨਾਥ ਨੂੰ ਧੂਈ ਲਈ ਜਾਂਦੀ ਹੈ। ਰੋਟੀ ਪਕਾ ਕੇ ਮਾਈ ਸੜਕ ਤੇ ਆ ਖੜੋਤੀ ਹੈ, ਉਡੀਕ ਵਿਚ ਹੈ, ਅੱਜ ਉਡੀਕ ਵਿਚ ਉਡੀਕ ਰੂਪ ਹੋ ਗਈ ਹੈ। ਦੁਪਹਿਰਾਂ ਆ ਢੁਕੀਆਂ ਹਨ। ਅੱਖਾਂ ਬੰਦ ਹੋ ਗਈਆਂ, ਬੰਦ ਅੱਖਾਂ ਵਿਚੋਂ ਹੰਝੂ ਕਿਰਦੇ ਹਨ ਕਿ ਅਚਾਨਕ ਕੋਈ ਹੱਥੋਂ ਰੋਟੀ ਖਿੱਚ ਰਿਹਾ ਤੇ ਕਹਿ ਰਿਹਾ ਹੈ:-

"ਹਾਇ ਮੈਂ ਭੁੱਖਾ ਹਾਂ
ਬੀਬੀ! ਛੇਤੀ ਦੇਹ ਰੋਟੀ।"

ਘੋੜੇ ਦੀਆਂ ਰਾਸਾਂ ਵਾਲੇ ਹੱਥ ਗੁਰੂ ਨੇ ਨਹੀਂ ਧੋਤੇ, ਇਸ਼ਨਾਨ ਨਹੀਂ ਕੀਤਾ, ਆਪਣੇ ਸੁੱਛ ਕਮਰੇ ਨਹੀਂ ਬੈਠੇ, ਓਥੇ ਹੀ ਜੋੜੇ ਪਹਿਰੇ ਖੜੇ ਹਨ ਤੇ ਮਾਈ ਦੇ ਦੇ ਹਥੋਂ ਪ੍ਰਸ਼ਾਦਾ ਛਕ ਰਹੇ ਹਨ। ਨੈਣ ਖੁੱਲ੍ਹਦੇ ਹਨ ਤੇ ਉਹ ਸੂਖਮ ਸਰੀਰ ਵਾਲੀ ਮਾਈ ਕੀ ਵੇਖਦੀ ਹੈ ਕਿ ਮੇਰੇ ਜੇਹੀ ਨਿਮਾਣੀ ਦੀ ਰੋਟੀ ਖਾਣ ਵਾਲਾ ਆ ਗਿਆ ਹੈ ਤੇ ਕਿਸ ਪਿਆਰ ਨਾਲ ਖਾ ਰਿਹਾ ਹੈ। ਪ੍ਰਸ਼ਾਦਾ ਛਕਕੇ ਗੁਰੂ ਜੀ ਨੇ ਮਾਈ ਦੇ ਸਿਰ ਤੇ ਹੱਥ ਧਰਿਆ, ਆਖਿਆ 'ਨਿਹਾਲ ਨਿਹਾਲ ਨਿਹਾਲ' ਦੇਖੋ ਜੀਅਦਾਨ ਹੋ ਗਿਆ, ਬੀਬੀ ਦੇ ਲੂਆਂ ਵਿਚ ਰੱਬੀ ਰੌ ਫਿਰ ਗਈ, ਸਾਈਂ, ਰੱਬ, ਵਾਹਿਗੁਰੂ ਅੰਤਰ ਆਤਮੇ ਭਾਸ ਆਇਆ। ਤਾਰਨ ਹਾਰ ਤਾਰ ਕੇ ਮੁੜ ਪਏ।

ਅਗਲੇ ਦਿਨ ਸੇਵਕਾਂ ਨੇ ਰੋਟੀ ਨਾਲ ਬੰਨ੍ਹ ਲਈ। ਜਦ ਸੈਰ ਵਿਚ ਦੇਹੁੰ ਵੱਡਾ ਆ ਗਿਆ ਤਾਂ ਕਹਿਣ ਲੱਗੇ ਪ੍ਰਸ਼ਾਦਾ ਛਕ ਲਓ, ਨਾਲ ਆਂਦਾ ਹੋਇਆ ਹੈ। ਆਪ ਮਿੱਠੀ ਜੇਹੀ ਤੀਊੜੀ ਪਾਕੇ ਬੋਲੇ: ਰਾਸਾਂ ਵਾਲੇ ਮੈਲੇ ਹੱਥ, ਐਥੇ ਰੋਟੀ? ਸੇਵਕ ਨੇ ਕਿਹਾ ਕੱਲ ਆਪ ਨੇ ਏਸੇ ਹਾਲ ਛਕਿਆ ਸੀ। ਅਸਾਂ ਕਿਹਾ ਕਿ ਕਿਤੇ ਭੁੱਖ ਦੀ ਖੇਚਲ ਅਜ ਭੀ ਨਾ ਹੋਵੇ ਸੋ ਨਾਲ ਲੈ ਆਏ ਸਾਂ। 'ਅਪਣੱਤਾਂ ਦੇ ਸਾਈਂ' ਬੋਲੇ: "ਉਸ ਰੋਟੀ ਦੀ ਰੀਸ ਕਰਦੇ ਹੋ? ਉਹ ਰੋਟੀ ਤਾਂ ਮਨੁੱਖ ਨਾਟ ਵਿਚ ਮੈਨੂੰ ਕਦੇ ਕਦੇ ਲੱਭਦੀ ਹੈ। ਕੱਲ ਕਿਸੇ ਦੇ ਆਤਮਾ ਦੀ 'ਵਾਹਿਗੁਰੂ ਲਈ ਭੁੱਖ' ਮੇਰੇ ਮੂੰਹ ਚੜ੍ਹ ਬੋਲੀ ਸੀ। ਮੈਂ ਭੁੱਖਾ ਸਾਂ। ਠੀਕ ਭੁੱਖਾ ਸਾਂ ਪਰ 'ਪਿਆਰ ਰੋਟੀ' ਦਾ, ਮੈਂ ਰੱਜਿਆ, ਪਰ 'ਪਿਆਰ ਰੋਟੀ' ਨਾਲ"। ਇਹ ਕਹਿਕੇ ਨੈਣ ਬੰਦ ਕਰ ਲਏ ਤੇ ਇਕ ਰੱਬੀ ਜਲਾਲ ਕਿਤਨਾ ਚਿਰ ਚਿਹਰੇ ਤੇ ਚਮਕਦਾ ਰਿਹਾ।

ਸੋਚ ਸੱਜਣਾਂ! ਇਕ ਮਾਈ ਦੀ ਦਿਲੀ ਤੜਪ ਉਤੇ ਇਕ ਵੱਡਾ ਰੂਹਾਨੀ ਤੇਜ ਵਾਲਾ ਤੇ ਸੰਗਤਾਂ ਵਾਲਾ ਉੱਚਾ ਗੁਰੂ ਕਿਵੇਂ ਪਸੀਜਿਆ? ਕੀ ਹਰ ਇਨਸਾਨੀ ਦਿਲ ਉਸ ਦੇ ਦਿਲ ਵਿਚ ਥਾਂ ਨਹੀਂ ਸੀ ਰਖਦਾ? ਕੀ ਹਰ ਖਿੱਚ ਲਈ ਉਹ ਧਾ ਕੇ ਪਹੁੰਚਣ ਦਾ ਡੁੱਲ੍ਹਵਾਂ ਪਿਆਰ ਨਹੀਂ ਸੀ ਰਖਦਾ? ਕੀ ਉਸਦੇ ਅੰਦਰ ਮਾਂ, ਪਿਉ, ਭਰਾ, ਭੈਣ ਸਭ ਤੋਂ ਵਧੀਕ ਤਰ੍ਹਾਂ ਦੀ ਅਪਣੱਤ ਓਪਰੇ ਤੋਂ ਓਪਰੇ ਦਿਲਾਂ ਦੀ ਝਰਨਾਟ ਅੱਗੇ ਝਰਨ ਝਰਨ ਕਰਕੇ ਪੰਘਰ ਤੇ ਤ੍ਰੁੱਠ ਪੈਣ ਵਾਲੀ ਨਹੀਂ ਸੀ? ਫਿਰ ਕਿਵੇਂ ਨਾ ਸਾਨੂੰ ਉਸ ਨਾਲ ਅਪਣੱਤ ਪਵੇ, ਉਸ ਗੁਰੂ ਦੇ ਵਜੂਦ ਨਾਲ, ਉਸਦੀ ਯਾਦ ਨਾਲ?

ਜੇਠ ਹਾੜ ਦੀ ਕੜਕਦੀ ਧੁੱਪ ਪੈ ਰਹੀ ਸੀ। ਗੁਰੂ ਸਾਹਿਬ ਡੋਲੀ ਪਿੰਡ ਆਪਣੀ ਵਾਹਿਗੁਰੂ ਪਿਆਰ ਨਾਲ ਪੂਰਤ ਭਗਤ ਰੂਪ ਸਾਲੀ ਦੇ ਘਰ ਆਰਾਮ ਨਾਲ ਸੁੱਤੇ ਪਏ ਸਨ। ਬੀਬੀ ਦਾ ਘਰ ਵਾਲਾ ਭਾਈ

SIKHBOOKCLUB.COM

ਸਾਈਂ ਦਾਸ ਪੱਖਾ ਕਰ ਰਿਹਾ ਸੀ ਕਿ ਉਸ ਕੜਕਦੀ ਦੁਪਹਿਰੇ ਕਈ ਮੀਲਾਂ ਦੀ ਵਿੱਥ ਪਰ ਇਕ ਬਨ ਵਿਚ ਇਕ ਪ੍ਰੇਮੀ ਪਿਤਾ ਪੁਤਰ ਆਪਣੇ ਕੰਮ ਤੋਂ ਵਿਹਲੇ ਹੋਕੇ ਜਦ ਅੰਨ ਛਕਣ ਲਗੇ ਤੇ ਪਾਣੀ ਦਾ ਕੂਨ੍ਹਾ ਉਨ੍ਹਾਂ ਨੇ ਬ੍ਰਿੱਛ ਨਾਲੋਂ ਖੁਹਲਿਆ ਜਿਹੜਾ ਕਿ ਸਵੇਰ ਤੋਂ ਬੰਨ੍ਹ ਰੱਖਿਆ ਸੀ, ਤਾਂ ਕੀ ਵੇਖਦੇ ਹਨ ਕਿ ਪਾਣੀ ਅਤਿ ਠੰਢਾ ਹੋ ਗਿਆ ਹੈ। ਉਸ ਵੇਲੇ ਪਿਆਰ ਭਰੇ ਦਿਲਾਂ ਵਿਚ ਕੀ ਸਿੱਕ ਪੈਦਾ ਹੋ ਗਈ? ਕਿ ਇਹ ਪਾਣੀ ਐਸਾ ਠੰਢਾ ਹੈ ਕਿ ਸਤਿਗੁਰਾਂ ਦੇ ਪੀਣ ਦਾ ਹੈ। ਇਹ ਖਿਆਲ ਦਿਲੋਂ ਲੰਘਣਾ ਸੀ ਕਿ ਆਪ ਅੰਨ ਪਾਣੀ ਤੋਂ ਉਚਾਟ ਹੋਕੇ ਬੈਠ ਗਏ, ਨੈਣ ਛਮਾਂ ਛਮ ਬਰਸਣ ਲਗ ਪਏ ਤੇ ਇਕ ਸਿੱਕ ਅਰਦਾਸ ਬਣਕੇ ਅੰਦਰੋਂ ਹੋ ਟੁਰੀ ਕਿ ਇਹ ਜਲ ਸਤਿਗੁਰੂ ਹੀ ਛਕਣ, ਇਹ ਸਾਡੇ ਛਕਣ ਦਾ ਨਹੀਂ। ਘੜੀ, ਦੋ, ਚਾਰ, ਪੰਜ ਬੀਤ ਗਈਆਂ, ਇਸੇ ਸਿੱਕ ਵਿਚ ਭੁੱਖੇ ਤਿਹਾਏ, ਪਰ ਖਿੱਚ ਦੇ ਰਸ ਨਾਲ ਭਰੇ ਬੈਠੇ ਹਨ ਕਿ ਉਹ ਪਿਆਰ ਵਾਲੇ ਦਿਲਾਂ ਦਾ ਵਾਲੀ ਸਿਰਪੱਟ ਘੋੜਾ ਸੱਟੀ ਆ ਪਹੁੰਚਾ। ਦੇਖੋ ਉਹ ਠੰਢਾ ਕਮਰਾ, ਉਹ ਆਰਾਮ ਛੱਡਕੇ, ਉਸ ਸੜਦੀ ਹਾੜ ਦੀ ਦੁਪਹਿਰੇ ਚਾਰ ਘੁੱਟ ਠੰਢਾ ਪਾਣੀ ਪੀਣ ਵਾਸਤੇ, ਨਹੀਂ ਨਹੀਂ ਪ੍ਰੇਮੀਆਂ ਦੀ ਸਿੱਕ ਪੂਰਨ ਵਾਸਤੇ ਸੱਚਾ ਗੁਰੂ ਕਿਵੇਂ ਅੱਪੜਦਾ ਹੈ। ਪਾਣੀ ਦੀ ਲੋੜ ਤਾਂ ਉਸ ਵੇਲੇ ਗੁਰੂ ਜੀ ਨੂੰ ਕੋਈ ਨਹੀਂ ਸੀ, ਉਹ ਜੋ ਇਨਸਾਨੀ ਦਿਲ ਨੇ ਇਕ ਪਿਆਰ ਦੀ ਝਰਨਾਟ ਖਾਧੀ ਹੈ, ਚਾਹੇ ਉਹ ਚਾਰ ਘੁੱਟ ਪਾਣੀ ਅਰਪਨ ਕਰਨ ਲਈ ਖਾਧੀ, ਉਹ ਅਪਣੱਤਾਂ ਦਾ ਸਾਈਂ ਉਸ ਝਰਨਾਟ ਨੂੰ ਭੀ ਪ੍ਰਤੀਤ ਕਰਦਾ ਹੈ ਤੇ ਸੁਖ ਆਰਾਮ ਛੱਡਕੇ ਅੱਪੜਦਾ ਹੈ ਅਰ ਉਨ੍ਹਾਂ ਬੇਹੋਸ਼ ਤੇ ਬੇਤਾਬ ਹੋ ਰਹੇ ਪ੍ਰੇਮੀਆਂ ਦੀ ਭੇਟ ਕਬੂਲਕੇ ਉਨ੍ਹਾਂ ਨੂੰ ਗੋਦੀ ਲੈ ਪਿਆਰ ਕਰਦਾ ਹੈ। ਨਾ ਕੇਵਲ ਉਸ ਵੇਲੇ ਉਨ੍ਹਾਂ ਦੀ ਭੁੱਖ ਤ੍ਰੇਹ ਦੂਰ ਕਰਦਾ ਤੇ ਅੰਨ ਛਕਾਉਂਦਾ ਹੈ ਸਗੋਂ ਜੀਅਦਾਨ ਦੇਕੇ ਵਰ ਦੇਂਦਾ ਹੈ ਕਿ ਅਤੁਟ ਲੰਗਰ ਚਲੇਗਾ, ਜੋ ਲੰਗਰ ਕਿ ਅੱਜ ਤੱਕ ਜਾਰੀ ਹੈ*।

ਸੱਜਣਾਂ! ਮੈਂ ਤੈਨੂੰ ਕਿੰਨੇ ਕੁ ਸਮਾਚਾਰ ਸੁਣਾਵਾਂ? ਸਾਡੇ ਪੁਸਤਕਾਂ ਵਿਚ ਐਸੇ ਵਾਕਿਆਤ ਕਈ ਲਿਖੇ ਹਨ। ਹਰ ਗੁਰੂ ਸਾਹਿਬ ਦਾ ਜੀਵਨ ਇਹ ਦੱਸਦਾ ਹੈ ਕਿ ਇਨਸਾਨੀ ਦਿਲਾਂ ਦੀ ਪੁਕਾਰ ਜਿੰਨੀ ਨੇੜੇ ਹੋਕੇ ਗੁਰੂ ਸਾਹਿਬਾਂ ਨੇ ਸੁਣੀ ਹੈ ਤੇ ਜਿੰਨੀ ਨੇੜੇ ਹੋਕੇ ਬਾਹੁੜੀ ਕੀਤੀ ਹੈ, ਉਹ ਐਨੀ ਅਪਣੱਤ ਦੇ ਭਾਵ ਵਾਲੀ ਹੈ ਕਿ ਅੱਗੋਂ ਅਪਣੱਤ ਪਾਏ ਬਿਨਾਂ ਰਹਿ ਨਹੀਂ ਸਕਦੀ। ਇਹ ਅਪਣੱਤ ਜੋ ਵਰਤੋਂ ਵਿਚ ਆਈ, ਦੱਸਦੀ ਹੈ ਕਿ ਗੁਰੂ ਜੀ ਦੇ ਪ੍ਰਿਥਵੀ ਤੇ ਆਉਣ ਦਾ ਭੀ ਇਹੋ ਸਬੱਬ ਸੀ ਕਿ ਉਨ੍ਹਾਂ ਨੂੰ ਜਗਤ ਦਾ ਦੁਖ ਦੇਖਕੇ ਤਰਸ ਆਇਆ ਤੇ ਏਥੇ ਆਕੇ ਉਪਦੇਸ਼, ਪਿਆਰ ਤੇ ਜੀਅਦਾਨ ਦਾ ਜੱਗ ਲਾ ਦਿੱਤਾ।

ਮੁਸਾਫਰ— (ਠੰਢਾ ਸਾਹ ਭਰਕੇ) ਇਹ ਪਿਆਰ ਦੇ ਵਰਤਾਉ ਤੇ ਵਾਕਿਆਤ ਬੜੇ ਅਚਰਜ ਹਨ, ਦਿਲ ਨੂੰ ਬੜਾ ਖਿਚਦੇ ਹਨ ਤੇ ਜ਼ਰੂਰ ਜ਼ਾਤੀ ਪਿਆਰ ਪੈਦਾ ਕਰ ਦੇਣ ਵਾਲੇ ਹਨ। ਗੁਰੂ ਸਾਹਿਬਾਂ ਦੇ ਇਨ੍ਹਾਂ ਪ੍ਰਸੰਗਾਂ ਤੋਂ ਸਿਵਾ ਪ੍ਰਜਾ ਦੀ ਰੱਖਿਆ ਵਾਸਤੇ ਉਨ੍ਹਾਂ ਦੇ ਸੀਸ ਦੇਣੇ, ਪੁਤ੍ਰ ਬਲੀਦਾਨ ਕਰਨੇ, ਐਸ੍ਵਰਜ ਲੁਟਾ ਦੇਣੇ ਤੇ ਆਪਾ ਵਾਰ ਦੇਣ ਦੇ ਹਾਲ ਤਾਂ ਮੈਂ ਅਗੇ ਸੁਣੇ ਹੋਏ ਹਨ। ਓਹ ਬੀ ਇਨਸਾਨ ਨਾਲ ਪਿਆਰ ਦੇ ਕਮਾਲ ਦੀਆਂ ਕੁਰਬਾਨੀਆਂ ਦੇ ਵਾਕੇ ਹੈਨ ਤੇ ਜ਼ਰੂਰ ਐਸੇ ਉਪਕਾਰੀਆਂ ਲਈ ਪਿਆਰ ਫੁਟ ਪੈਂਦਾ ਹੈ। ਸਭ ਕੁਝ ਵਿਚਾਰ ਕੇ ਮੇਰੇ ਜੀ ਨੂੰ ਆਪ ਹੁਣ ਖਿੱਚ ਵੱਜ ਰਹੀ ਹੈ। ਮੈਂ ਤੁਸਾਡਾ ਹੋਰ ਰਿਣੀ ਹੋਵਾਂ ਜੇ "ਜੀਅਦਾਨ" ਦਾ ਕੁਝ ਅਰਥ ਮੈਨੂੰ ਹੋਰ ਸਮਝਾਓ ਤਾਂ।

ਬਾਬਾ— ਮੈਂ ਕੀ ਸਮਝਾਵਾਂ? ਖੰਡ ਕਿਹਾਂ ਜਿਵੇਂ ਮੂੰਹ ਮਿੱਠਾ ਨਹੀਂ ਹੁੰਦਾ, ਦੁੱਧ ਕਿਹਾਂ ਜਿਵੇਂ ਅੰਮ੍ਰਿਤ ਰਸ ਨਹੀਂ ਆਉਂਦਾ, ਤਿਵੇਂ ਜੀਅਦਾਨ ਕਿਹਾਂ ਰਸ ਦੇਸ਼ ਦੀ ਉਚਿਆਈ ਦਾ ਹੁਲਾਰਾ ਨਹੀਂ ਆ ਵੱਜਦਾ। ਪਰ ਪਿਆਰ ਨਾਲ ਹਾਲ ਦੱਸਿਆਂ ਤੇ ਭਾਵਨਾਂ ਨਾਲ ਸੁਣਿਆਂ ਚਿੱਤ ਜੁੜਦਾ ਤੇ ਰਸ ਦੇਸ਼ ਵਲ ਰੁਖ ਕਰਦਾ ਹੈ ਤੇ ਪ੍ਰਾਪਤੀ ਲਈ ਉੱਦਮ ਜਾਗ ਪੈਂਦਾ ਹੈ। ਤੁਸੀਂ ਜਾਣਦੇ ਹੋ ਹੀਰਾ ਅਮੋਲਕ ਸ਼ੈ ਹੈ, ਪਰ ਮੁਰਦਾ ਸ਼ੈ ਹੈ, ਘਾਸ ਇਕ ਨਿਮਾਣੀ ਚੀਜ਼ ਹੈ ਪਰ ਜੀਉਂਦੀ ਹੈ। ਜੇ ਘਾਸ ਵਾਲੀ ਜੀਵਨਕਣੀ ਹੀਰੇ ਨੂੰ ਮਿਲ ਜਾਵੇ ਤਾਂ ਹੀਰਾ ਆਖੇ ਮੈਂ ਜੀਅਦਾਨ ਪਾਇਆ ਹੈ। ਜਿਵੇਂ ਘਾਹ ਜੀਉਂਦਾ ਹੈ ਪਰ ਆਪਣੀਆਂ ਜੜ੍ਹਾਂ ਨਾਲ ਬੱਧਾ ਖੜਾ ਹੈ; ਟੁਰ, ਫਿਰ, ਦੇਖਭਾਲ, ਹੱਸ ਖੇਡ ਨਹੀਂ ਸਕਦਾ। ਜੇ ਕੋਈ ਉਸ ਨੂੰ ਪੈਰ, ਅੱਖਾਂ, ਕੰਨ ਦੇਕੇ

---

* ਇਹ ਪ੍ਰਸੰਗ ਛੇਵੇਂ ਗੁਰਾਂ ਦਾ ਹੈ

ਸਹੇ ਵਾਂਗੂੰ ਟੋਰ ਦੇਵੇ ਤਦ ਘਾਹ ਆਖੇਗਾ ਮੈਂ ਜੀਅਦਾਨ ਪਾਇਆ ਹੈ। ਜਿਵੇਂ ਬਲਦ ਵੇਖਦਾ ਹੈ, ਟੁਰਦਾ ਹੈ, ਖਾਂਦਾ ਹੈ, ਪਰ ਨਹੀਂ ਸਮਝਦਾ ਕਿਉਂ ਮੇਰਾ ਜੀਵਨ ਹੈ, ਦੋ ਤੇ ਦੋ ਚਾਰ ਹੁੰਦੇ ਹਨ, ਧਰਤੀ, ਜਲ, ਪੌਣ, ਆਕਾਸ਼ ਕੀ ਹਨ? ਜੇ ਉਸ ਦੇ ਸਾਹਮਣੇ ਅੱਗ ਬਾਲੋ ਤਾਂ ਉਹ ਅਗੋਂ ਅੱਗ ਬਲਦੀ ਜਾਰੀ ਨਹੀਂ ਰੱਖ ਸਕਦਾ, ਪਰ ਜੇ ਉਸਦੇ ਮਗਜ਼ ਵਿਚ ਕੋਈ ਮਨੁਖ ਵਾਲੀ ਅਕਲ ਪਾ ਦੇਵੇ ਤੇ ਉਹ ਹਰ ਗਲ ਦੀ 'ਕਿਉਂ' ਦੀ ਖੋਜ ਕਰ ਸਕੇ ਤੇ ਸਮਝ ਸਕੇ, ਮਨੁੱਖਾਂ ਵਾਂਗੂੰ ਬੁੱਧੀ ਦਾ ਮਾਲਿਕ ਹੋ ਜਾਵੇ ਤਾਂ ਉਹ ਆਖੇਗਾ ਕਿ ਮੈਂ ਜੀਅਦਾਨ ਪਾਇਆ ਹੈ। ਤਿਵੇਂ ਸੱਜਣਾ! ਮਨੁੱਖ ਆਪਣੀ ਅਕਲ ਮੂਜਬ ਸਮਝ ਸਮਝਾਕੇ ਕਿਸੇ ਹੋਰ ਜੀਉਣ ਨਾਲੋਂ ਨੀਵਾਂ ਹੈ, ਜੇ ਉਹ ਉੱਚੀ ਰੌ ਉੱਚੇ ਜੀਵਨ ਦੀ ਇਸ ਦੇ ਅੰਦਰ ਆ ਰੁਮਕੇ ਤਾਂ ਇਹ ਆਖਦਾ ਹੈ ਕਿ ਮੈਂ ਜੀਅਹੱਦਾਨ ਪਾਇਆ ਹੈ।

ਮੁਸਾਫਰ— ਉਹ ਕੀ?

ਬਾਬਾ— ਇਹ ਮੈਂ ਕਿਵੇਂ ਕਹਿ ਸਕਾਂ ਕਿ ਉਹ ਕੀ ਹੈ? ਪਰ ਉਸਦੇ ਅੰਦਰ ਆਇਆਂ ਤੋਂ ਅਸਰ ਇਹ ਹੁੰਦਾ ਹੈ ਕਿ ਅੰਦਰਲਾ ਅੰਦਰੋਂ ਇਕ ਉਚਿਆਈ ਤੇ ਚਲਾ ਜਾਂਦਾ ਹੈ। ਆਪਾ ਸਾਫ ਸੁਥਰਾ ਹਲਕਾ ਪ੍ਰਤੀਤ ਦੇਂਦਾ ਹੈ। ਹਉਂ ਤੇ ਵਿਕਾਰਾਂ ਦਾ ਹਨੇਰਾ ਢਹਿ ਪਿਆ ਦਿੱਸਦਾ ਹੈ। ਇਕ ਸੁੱਛ ਉਚਿਆਈ, ਲਗਾਤਾਰ ਪ੍ਰਸੰਨਤਾ, ਇਕ ਐਉਂ ਦੀ ਪ੍ਰਤੀਤੀ[1] ਅੰਦਰ ਆ ਜਾਂਦੀ ਹੈ ਕਿ ਜਿਵੇਂ ਕੋਈ ਸੁੱਤਾ ਹੋਇਆ ਸੁਹਣੀ ਜਾਗ ਦੇ ਆਇਆਂ ਪ੍ਰਤੀਤ ਕਰਦਾ ਹੈ ਕਿ ਮੈਂ ਹੁਣ ਤੱਕ ਸੁਤਾ ਹੀ ਰਿਹਾ, ਹੁਣੇ ਹੀ ਜਾਗਿਆ ਹਾਂ[2]। ਇਕ ਹੁਣੇ ਜਾਗਿਆਂ ਦੀ ਤਰੋ ਤਾਜ਼ਗੀ ਤੇ ਇਕ ਰਸ ਰੰਗ ਦਾ ਭਾਵ ਅੰਦਰ ਖਿੜਿਆ ਦਿੱਸਦਾ ਹੈ। ਸਿਰਜਣਹਾਰ ਦੀ ਯਾਦ ਦਾ ਅੰਦਰ ਇਕ ਧੁਰਾ ਜਿਹਾ ਗੱਡ ਜਾਂਦਾ ਹੈ[3] ਜਾਂ ਕੋਈ ਟਿਕਾਣਾ ਆਪੇ ਵਿਚ ਭਾਸਣ ਲੱਗ ਜਾਂਦਾ ਹੈ, ਜੋ ਦੁਨੀਆਂ ਦੇ ਸਾਰੇ ਅਸਰਾਂ ਤੋਂ ਸਿਰ ਕੱਢੀ ਰੱਖਦਾ ਤੇ ਅੰਦਰਲੇ ਦਾ ਉਪਰ ਨੂੰ ਰੁਖ ਬਣਾਈ ਰਖਦਾ ਹੈ। ਕੁਛ ਸੁਆਦ, ਕੁਛ ਰਸ, ਕੁਛ ਹੁਲਾਰਾ, ਕਦੇ ਸ਼ੁਕਰ, ਕਦੇ ਅਰਦਾਸ, ਕਦੇ ਬਿਨੈ

੧. ਅਹਿਸਾਸ
੨. ਬ੍ਰਹਮ ਗਿਆਨੀ ਸਦਾ ਸਦ ਜਾਗਤ॥
੩. ਬ੍ਰਹਮ ਗਿਆਨੀ ਕੈ ਨਾਮੁ ਅਧਾਰੁ॥

ਦੇ ਤਰੰ ਵਿਚ ਲਹਿਰੇ ਲੈਂਦੇ ਲੈਂਦੇ ਇਕ ਉੱਚੀਆ ਹੋਸ਼ਾਂ ਵਾਲੀ ਮਗਨਤਾ ਦੀ ਰੌ ਵਜਦੀ ਹੈ ਜੋ ਅੰਤ ਕਿਸੇ ਅਕਹਿ ਹਾਲ ਵਿਚ ਲੈ ਜਾਂਦੀ ਹੈ।

ਮੁਸਾਫਰ (ਠੰਢਾ ਸਾਹ ਭਰਕੇ)— ਇਹ ਜਿੰਨਾਂ ਕੁਝ ਤੁਸਾਂ ਕਿਹਾ ਹੈ, ਸੁਣਿਆ ਸਮਝਿਆ ਤੇ ਆਪ ਬੀਤਿਆ ਹੈ?

ਬਾਬਾ (ਮੁਸਕ੍ਰਾਕੇ, ਫੇਰ ਨਿੰਮ੍ਰਤਾ ਨਾਲ ਨੈਣ ਭਰਕੇ)— ਇਹ ਸੱਜਣਾਂ ਹੱਡ ਬੀਤੀਆਂ ਹਨ! ਪਰ ਬੀਤੀਆਂ ਲਈ ਤਾਂ ਇਕੋ 'ਜੀਅਦਾਨ' ਕਹਿ ਦੇਣਾ ਕਾਫੀ ਸੀ। ਮੈਂ ਤੁਸਾਨੂੰ ਸਾਰਾ ਕੁਛ ਨਹੀਂ ਕਹਿ ਸਕਿਆ, ਮੈਂ ਤਾਂ ਜਿਵੇਂ ਮੇਰੇ ਮਨ ਤੇ ਅਸਰ ਪੈਂਦਾ ਹੈ ਤਿਵੇਂ ਆਖਦਾ ਹਾਂ ਯਾ ਜਿਵੇਂ ਤੁਸੀਂ ਆਖੋ ਕਿ ਤਜਰਬੇ ਵਿਚ ਆਉਂਦਾ ਹੈ, ਸੋ ਕਹਿੰਦਾ ਹਾਂ। ਹੋ ਸਕਦਾ ਹੈ ਕਿ ਗੁਣ ਸੁਭਾਵ ਅੰਦਰਲੇ ਦੇ ਹੋਰ ਚੰਗੇ ਹੋਣ ਤੇ ਹੋਰਵੇਂ ਭੀ ਹੁੰਦਾ ਹੋਵੇ, ਪਰ ਮੋਟੇ ਮੋਟੇ ਲੱਛਣ ਇਸੇ ਤਰ੍ਹਾਂ ਦੇ ਹੁੰਦੇ ਹਨ। ਫਿਰ ਜੀਅਦਾਨ ਵਾਲੇ ਦੇ ਅੰਦਰ ਸੱਚ ਤੇ ਪ੍ਰੇਮ, ਇਨਸਾਨ ਤੇ ਭਲਿਆਈ ਇਸ ਤਰ੍ਹਾਂ ਦੀ ਹੁੰਦੀ ਹੈ ਕਿ ਉਸਦੇ ਸੁਤੇ ਹੀ ਕੀਤੇ ਕੰਮ ਸੁਖਦਾਈ[1] ਹੁੰਦੇ ਹਨ ਤੇ ਭਲਿਆਈ ਵਾਲੇ ਹੁੰਦੇ ਹਨ। ਉਹ ਜੋਖ, ਤੋਲ, ਗਿਣ ਮਿਥਕੇ ਨੇਕੀਆਂ ਨਹੀਂ ਕਰਦਾ। ਉਸਤੋਂ ਜੋ ਹੁੰਦਾ ਹੈ ਸੋ ਭਲਾ ਹੁੰਦਾ ਹੈ ਹਾਂ ਆਪੇ ਹੁੰਦਾ ਹੈ[2] ਤੇ ਜੋ ਹੁੰਦਾ ਹੈ ਉਹ ਨੇਕੀ ਹੁੰਦਾ ਹੈ:

"ਬ੍ਰਹਮ ਗਿਆਨੀ ਕੈ ਹੋਇ ਸੁ ਭਲਾ॥"

ਉਹ ਸਹਿਜ ਭਾਇ ਨੇਕੀ ਦਾ ਸੋਮਾ ਹੁੰਦਾ ਹੈ। ਸਾਡੇ ਵਾਂਗੂੰ ਉਹ ਬਾਹਰੋਂ ਨੇਕੀਆਂ ਦੀਆਂ ਪੰਡਾਂ ਬੰਨ੍ਹਕੇ ਅੰਦਰੋਂ ਸ਼ੁਨ ਤੇ ਸੱਖਣਾ ਜਾਂ ਦਿਖਾਵੇ ਦੀ ਨੇਕੀਆਂ ਦੀ ਹੱਟੀ ਲਾਕੇ ਸੌਦੇ ਕਰਨ ਨਹੀਂ ਉਠ ਤੁਰਦਾ। ਉਸ ਦੇ ਅੰਦਰ ਸਾਈਂ ਮੇਲ[3] ਦਾ ਐਸਾ ਅਸਰ ਹੁੰਦਾ ਹੈ ਕਿ ਭਲਿਆਈ ਉਸ ਵਿਚੋਂ ਚਸ਼ਮੇ ਵਾਂਙੂ ਉਮਾਹੂ ਟੁਰਦੀ ਹੈ:-

'ਬ੍ਰਹਮ ਗਿਆਨੀ ਪਰਉਪਕਾਰ ਉਮਾਹਾ'।

ਨੇਕੀਆਂ ਕਰਨ ਵਾਲੇ ਚੰਗੇ ਹਨ ਪਰ ਮੈਂ ਇਕ ਸਿਰ ਨੇਕੀਆਂ ਦੀ ਨੇਕੀ ਦਾ ਹਾਲ ਦੱਸ ਰਿਹਾ ਹਾਂ

੧. ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ॥
੨. ਬ੍ਰਹਮ ਗਿਆਨੀ ਕੈ ਹੋਇ ਅਚਿੰਤ॥
੩. ਬ੍ਰਹਮ ਗਿਆਨੀ ਏਕ ਸੰਗਿ ਹੇਤਾ॥

ਤੇ ਇਕ ਫਰਕ ਸਮਝਾ ਰਿਹਾ ਹਾਂ ਕਿ ਜੋ "ਜੀਅ ਦਾਨ" ਪ੍ਰਾਪਤ ਵਾਲੇ ਦੀ ਨੇਕੀ ਤੇ ਆਮ ਨੇਕਾਂ ਦੀ ਨੇਕੀ ਦਾ ਹੈ।

ਮੁਸਾਫਰ— ਇਹ ਜੀਅਦਾਨ ਗੁਰੂ ਦੇਂਦਾ ਹੈ?

ਬਾਬਾ— ਜੀ ਹਾਂ। ਨਾਮ ਦੀ ਘਾਲ ਉਤੇ ਹੀ ਮਿਹਰ ਹੁੰਦੀ ਹੈ।

ਮੁਸਾਫਰ— ਜਦੋਂ ਗੁਰੂ ਅੰਤਰ ਧਿਆਨ ਹੋ ਜਾਵੇ?

ਬਾਬਾ— ਫੇਰ ਗੁਰੂ ਸਤਿਸੰਗ ਦਾ ਸਦਾ ਜਾਰੀ ਸੋਮਾਂ ਜੋ ਜਾਰੀ ਕਰ ਦੇਂਦਾ ਹੈ। ਗੁਰੂ ਮੁਰਦਿਆਂ ਨੂੰ ਜੀਅਦਾਨ ਦੇ ਕੇ ਜੀਉਂਦੇ ਸਿੱਖ ਬਣਾ ਦੇਂਦਾ ਹੈ। ਇਨ੍ਹਾਂ ਜੀਉਂਦੇ ਸਿੱਖਾਂ ਦੇ ਸਤਿਸੰਗ ਤੋਂ ਹੋਰ ਲੋਕ ਜੀਉਂਦੇ ਸਿੱਖ ਬਣਦੇ ਹਨ। ਐਉਂ ਜੀਅਦਾਨ ਦਾ ਖਮੀਰ ਜਾਰੀ ਰਹਿੰਦਾ ਹੈ।

ਮੁਸਾਫਰ— ਤੁਹਾਡੇ ਵਿਚ ਦੀਖਯਾ ਹੈ? ਜੇ ਹੈ ਤਾਂ ਉਹ ਪਹਿਲੇ ਤਾਂ ਗੁਰੂ ਜੀ ਦੇਂਦੇ ਹੋਣਗੇ, ਹੁਣ ਕੌਣ ਦੇਂਦਾ ਹੈ?

ਬਾਬਾ— ਹਾਂ ਹੈ। ਸਾਡੀ ਦੀਖਯਾ ਦਾ ਨਾਮ ਹੈ 'ਅੰਮ੍ਰਿਤ' ਜੋ ਪੰਜ ਨਾਮ ਵਾਲੇ ਪੁਰਖ ਦੇਂਦੇ ਹਨ। ਓਹ ਨਾਮ ਦਾਨ ਕਰਦੇ ਹਨ ਅੰਮ੍ਰਿਤ ਦੀ ਮ੍ਰਿਯਾਦਾ ਨਾਲ। ਦੀਖਯਤ ਫੇਰ ਨਾਮ ਸਿਮਰਨ ਵਿਚ ਲਗਦਾ ਹੈ। ਨਾਮ ਸਿਮਰਣ, ਸ਼ੁਭ ਆਚਰਨ ਤੇ ਬਾਣੀ ਦਾ ਪਾਠ ਵੀਚਾਰ।

ਮੁਸਾਫਰ— ਫੇਰ ਪਹਿਲੇ 'ਦਾਤਾ' ਗੁਰੂ ਨਾਲ ਭੀ ਤਅੱਲਕ ਰਹਿੰਦਾ ਹੈ?

ਬਾਬਾ— ਜ਼ਰੂਰ। ਕਿਉਂਕਿ ਗੁਰੂ ਜੀ ਸਰੀਰ ਦਾ ਚੋਲਾ ਛੱਡਕੇ ਅਭਾਉ ਵਿਚ ਤਾਂ ਨਹੀਂ ਨਾ ਤੁਰ ਗਏ। ਗੁਰੂ ਤਾਂ ਜੀਉਂਦਾ ਹੈ "ਸਤਿਗੁਰੁ ਜਾਗਤਾ ਹੈ ਦੇਉ॥" ਸਦਾ ਜੀਉਂਦਾ ਹੈ ਅਰ ਉਹ ਆਪਣੇ ਜੀਅਦਾਨ ਦੀ ਰੌ ਸਿੱਖੀ ਵਿਚ ਜਾਰੀ ਰੱਖਦਾ ਹੈ ਤੇ ਆਪਣੇ ਜੀਉਂਦੇ ਸਿੱਖਾਂ ਵਿਚ ਸਿੱਖਾਂ ਦੇ ਸਤਿਸੰਗ ਵਿਚ ਸਦਾ ਸੱਤਯਾ ਦਾਤਾ ਹੈ। ਹਰ ਸਿੱਖ ਜੋ ਜੀਅਦਾਨ ਵਾਲਾ ਹੈ, ਉਹ ਗੁਰੂ ਨਾਲ ਸੰਬੰਧਤ ਹੁੰਦਾ ਹੈ, ਓਸ ਲਈ ਗੁਰੂ ਇਸ ਤਰ੍ਹਾਂ ਜੀਉਂਦੀ ਤਾਕਤ ਹੈ ਜਿਵੇਂ ਗੁਰੂ ਨਾਨਕ ਦੇਵ ਜੀ ਦੇ ਮਨੁੱਖੀ ਜਾਮੇਂ ਵੇਲੇ ਭਾਈ ਮਨਸੁਖ ਨੂੰ ਗੁਰੂ ਜੀਉਂਦੀ ਤਾਕਤ ਸੀ। ਜੋ ਗੁਰਮੁਖ ਹੈ ਉਸਦੇ ਅੰਗ ਸੰਗ ਗੁਰੂ ਤੇ ਵਾਹਿਗੁਰੂ ਹੈ, ਵਸਦਾ ਹੈ*।

ਮੁਸਾਫਰ— ਜਿਸਨੇ ਦੀਖਯਾ ਲਈ ਹੈ, ਕੀ ਓਹ ਗੁਰਮੁਖ ਦਾ ਸੰਗ ਬੀ ਕਰਦਾ ਹੈ?

* ਬ੍ਰਹਮ ਗਯਾਨੀ ਕੈ ਬਸੈ ਪ੍ਰਭੁ ਸੰਗ॥

ਬਾਬਾ— ਮੈਂ ਅੱਗੇ ਦੱਸ ਆਇਆ ਹਾਂ ਕਿ ਗੁਰਮੁਖ ਦਾ ਸਤਿਸੰਗ ਬੜੀ ਨਿਆਮਤ ਹੈ। ਸਾਡੇ ਸਤਿਗੁਰਾਂ ਨੇ ਸੰਤ, ਸਾਧ, ਜਨ, ਹਰੀਜਨ, ਗੁਰਮੁਖ ਆਦਿ ਪਦਾਂ ਨਾਲ ਆਦਰਸ਼ਕ ਸਿੱਖ ਦੀ ਮਹਿਮਾਂ ਬਾਣੀ ਵਿਚ ਕਹੀ ਹੈ ਤੇ ਉਸਦੇ ਸਤਿਸੰਗ ਦਾ ਉਪਦੇਸ਼ ਦਿੱਤਾ ਹੈ।

ਮੁਸਾਫਰ— ਇਹ ਜੀਅਦਾਨ ਕੋਈ ਆਪੇ ਕਿਸੇ ਦੇ ਦੇਣ ਨਾਲ ਆਉਂਦਾ ਹੈ ਕਿ ਕਿਸੇ ਸਾਧਨ ਨਾਲ?

ਬਾਬਾ— ਇਹ ਮਿਹਰ ਹੈ, ਮਿਹਰ ਹੈ, ਮਿਹਰ ਹੈ।

"ਜਾਕਉ ਮਿਹਰ ਮਿਹਰ ਮਿਹਰਵਾਨਾ।
ਸੋਈ ਮਰਦੁ ਮਰਦੁ ਮਰਦਾਨਾ॥"

ਪਰ ਇਹ ਸਾਧਨ ਭੀ ਹੈ।

ਇਉਂ ਕਹਿਣਾ ਕਿ ਨਿਰਾ ਸਾਧਨ ਹੈ ਭੁੱਲ ਹੈ, ਪਰ ਸਾਧਨ ਬਿਨਾਂ ਇਸ ਦਾਤ ਦੀ ਮਿਹਰ ਹੋਣੀ ਭੀ ਕਠਨ ਹੈ।

'ਅੰਮ੍ਰਿਤ ਵੇਲੇ ਉਠਣਾ', ਵਾਹਿਗੁਰੂ ਜੀ ਦਾ ਧਿਆਨ ਧਰਨਾ, ਜੋ ਉਨ੍ਹਾਂ ਦੇ ਨਾਮ ਸਿਮਰਨ ਤੇ ਗੁਣ ਚਿੰਤਨ ਨਾਲ ਹੁੰਦਾ ਹੈ, ਜੀਵਨ ਨੂੰ ਸੱਚ ਉਤੇ ਟੋਰਨਾ, ਵਰਤੋਂ ਪਿਆਰ ਜਾਂ ਸਰਬੱਤ ਦੇ ਭਲੇ ਦੀ ਰੱਖਣੀ। ਇਉਂ ਮਨ ਤੋਂ ਮੈਲਾਂ ਦੂਰ ਹੋ ਜਾਂਦੀਆਂ ਹਨ ਤੇ ਇਹੋ ਨਾਮ, ਜੋ ਪਹਿਲਾਂ ਮੈਲ ਕੱਟਦਾ ਸੀ, ਅੰਮ੍ਰਿਤ ਰਸ ਵਾਲਾ ਹੋ ਕੇ ਹਿਰਦੇ ਵਿਚ ਟਿਕ ਜਾਂਦਾ ਹੈ।

'ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥'

ਫੇਰ- "ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ॥"

ਸਿਮਰਨ ਵਾਲਿਆਂ ਤੇ ਮਿਹਰ ਹੁੰਦੀ ਹੈ, ਨਾਮ ਅੰਮ੍ਰਿਤ (ਰਸ) ਰੂਪ ਹੋਕੇ ਉਨ੍ਹਾਂ ਦੇ ਅੰਦਰ ਸਮਾਉਂਦਾ ਹੈ ਤਦ ਫੇਰ ਉਹ ਹਾਲਤ ਰਹਿੰਦੀ ਹੈ ਜੋ ਮੈਂ ਉਪਰ ਕਹੀ ਹੈ। ਕਦੇ ਸੁਆਦ, ਕਦੇ ਹਲਕਾਪਨ, ਕਦੇ ਉਚਿਆਈ, ਕਦੇ ਸ਼ੁਕਰ, ਕਦੇ ਅਰਦਾਸ, ਕਦੇ ਮਗਨਤਾ, ਕਦੇ ਸ਼ਾਂਤਿ ਰੰਗ, ਪਰ ਸਦਾ ਇਕ ਜਾਗ ਜਿਹੀ ਦਾ ਭਾਵ, ਸੁਆਦ ਜੇਹਾ ਜਾਰੀ ਹੋ ਰਹਿੰਦਾ ਹੈ। ਅੰਦਰਲਾ ਕਿਸੇ ਲਗਾਤਾਰੀ ਰੰਗ ਵਿਚ ਰਹਿੰਦਾ ਹੈ*।

ਮੁਸਾਫਰ— ਜੇ ਦੀਖਯਤ ਹੋ ਕੇ ਕਿਸੇ ਦਾ ਸਾਧਨ ਨਾਮ ਦਾ ਨਾ ਟੁਰੇ, ਔਕੜ ਆਵੇ ਤਾਂ ਕਿਸ ਨੂੰ ਪੁੱਛੇ?

ਬਾਬਾ— ਮੈਂ ਦੱਸ ਚੁੱਕਾ ਹਾਂ ਕਿ ਸਾਡੇ ਵਿਚ ਜੋ ਨਾਮ ਦੇ ਰਸੀਏ ਹਨ, ਗੁਰਮੁਖ ਕਹੀਦੇ ਹਨ।

* ਬ੍ਰਹਮ ਗਿਆਨੀ ਕੈ ਏਕੈ ਰੰਗ॥

ਗੁਰਮੁਖ ਤੋਂ ਪੁੱਛੇ। ਗੁਰਮੁਖ ਦਾ ਸਤਿਸੰਗ ਕਰੇ। ਗੁਰਮੁਖ ਨਾਲ ਗੁਰਮੁਖ ਪਿਆਰ ਕਰੇ। ਉਸ ਤੋਂ ਸੰਸੇ ਨਵਿਰਤ ਕਰੇ ਤੇ ਘਾਲ ਵਿਚ ਸਹਾਇਤਾ ਪ੍ਰਾਪਤ ਕਰੇ[1] ਪਿਆਰ ਤੇ ਅਦਬ ਵਿਚ ਤੁਰੇ[1] ਗੁਰਮੁਖ ਦੇ ਲੱਛਣ ਮੈਂ ਹੁਣੇ ਦੱਸੇ ਹਨ।

ਮੁਸਾਫਰ— ਫੇਰ ਗੁਰੂ ਗ੍ਰੰਥ ਸਾਹਿਬ ਜੀ ਨੂੰ ਕੀਹ ਦਰਜਾ ਦੇਂਦੇ ਹੋ?

ਬਾਬਾ— ਸਭ ਤੋਂ ਵਡਾ ਤੇ ਆਦਿ ਗੁਰੂ ਹੈ ਅਕਾਲ ਪੁਰਖ। ਫੇਰ ਹਨ ਦੱਸੋਂ ਗੁਰੂ ਸਾਹਿਬ ਜਿਨ੍ਹਾਂ ਵਿਚ ਵਸਦਾ ਹੈ ਨਿਰਮਲ ਬ੍ਰਹਮ ਗਿਆਨ। ਇਹ ਗਯਾਨ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਤਾਂ ਤੇ ਉਹ ਹੈ ਵਾਹਿਗੁਰੂ ਦੇ ਗਯਾਨ ਸਥਾਨੀ। ਵਾਹਿਗੁਰੂ ਦਾ ਗਯਾਨ ਗੁਰੂ ਹੈ,[2] ਗ੍ਯਾਨ ਪਰਮੇਸ਼ੁਰ[3] ਹੈ। ਇਸ ਤੋਂ ਵੱਖਰੇ ਆਤਮ ਮੰਡਲ ਦੀ ਇਹ ਖੇਡ ਹੈ ਕਿ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਜੂਦ ਅਸਥਾਪਤ ਹੈ ਉਥੇ ਅਣਦਿਸਦੇ ਸੰਸਾਰ ਵਲੋਂ ਅਤਿ ਪਵਿੱਤ੍ਰਾਂ ਦਾ ਪਹਿਰਾ ਹੁੰਦਾ ਹੈ। ਤੁਸੀਂ ਵੇਖੋ ਕਿ ਜਿੱਥੇ ਪ੍ਰਕਾਸ਼ ਹੁੰਦਾ ਹੈ, ਉਥੇ ਪ੍ਰਭਾਉ ਹੋਰ ਤਰ੍ਹਾਂ ਦਾ ਹੁੰਦਾ ਹੈ ਅਰ ਉਹ ਉੱਚਾ ਤੇ ਸੁੱਚਾ ਪ੍ਰਭਾਉ ਹੁੰਦਾ ਹੈ। ਉਹ ਪ੍ਰਭਾਉ ਆਤਮ ਮੰਡਲ ਦੇ ਉਨ੍ਹਾਂ ਮਹਾਂ ਜੋਤੀਆਂ ਦਾ ਹੈ ਜੋ ਸ੍ਰੀ ਗੁਰੂ ਗ੍ਰੰਥ ਪ੍ਰਕਾਸ਼ ਵਾਲੇ ਥਾਂ ਆਪਣਾ ਆਤਮ ਰਸ ਦਾ ਅਸਰ ਪਾਉਂਦੇ ਹਨ।

ਮੁਸਾਫਰ— ਕਿਰਪਾ ਕਰਕੇ ਫੇਰ ਦੱਸਣਾ ਪ੍ਰਭਾਉ ਮੈਂ ਨਹੀਂ ਸਮਝਿਆ। ..ਪੋਖਾ?

ਬਾਬਾ (ਮੁਸਕ੍ਰਾਕੇ)— ਲਓ ਸਮਝੋ। ਸੋਚੋ, ਤੁਸੀਂ ਇਕ ਦਲਾਨ ਵਿਚ ਬੈਠੇ ਹੋ ਇਕੱਲੇ, ਉਸ ਵੇਲੇ ਤੁਹਾਡੇ ਮਨ ਦੀ ਇਕ ਦਸ਼ਾ ਹੈ। ਉਹ ਦਸ਼ਾ ਕੀ ਹੈ? ਇਸ ਨਾਲ ਕੋਈ ਮਤਲਬ ਨਹੀਂ। ਕੋਈ ਇਕ ਦਸ਼ਾ ਤੁਹਾਡੇ ਮਨ ਦੀ ਜ਼ਰੂਰ ਹੋਵੇਗੀ।

ਮੁਸਾਫਰ— ਮੈਂ ਸਮਝਿਆ, ਇਹ ਠੀਕ ਹੈ।

ਬਾਬਾ— ਫੇਰ ਉਸ ਦਲਾਨ ਵਿਚ ਤੁਹਾਡੇ ਘਰੋਂ ਕੋਈ ਆ ਗਿਆ, ਤੁਹਾਡੇ ਮਨ ਦੀ ਓਹ ਦਸ਼ਾ ਕੁਛ ਬਦਲੇਗੀ। ਜੇ ਉਤੋਂ ਕੋਈ ਹੋਰ ਆ ਜਾਂਦਾ ਹੈ ਤਾਂ ਫੇਰ ਦਸ਼ਾ ਹੋਰ ਬਦਲੇਗੀ। ਫੇਰ ਉਹ ਸਾਰੇ ਚਲੇ ਜਾਂਦੇ ਹਨ ਫੇਰ ਦਸ਼ਾ ਬਦਲੇਗੀ। ਕੀ ਇਸ 'ਦਸ਼ਾ-ਬਦਲੀ' ਨੂੰ ਤੁਸੀਂ ਮੰਨਦੇ ਹੋ ਕਿ ਹੁੰਦੀ ਹੈ?

ਮੁਸਾਫਰ— ਹਾਂ, ਇਹ ਤਾਂ ਪ੍ਰਤੱਖ ਹੁੰਦੀ ਹੈ ਪਰ ਜੇ ਮਨ ਵੰਨੇ ਵੇਖੀਏ ਤਾਂ ਪਤਾ ਲਗਦਾ ਹੈ।

ਬਾਬਾ— ਜੇਕਰ ਤੁਸੀਂ ਬੜੀ ਗਹੁ ਨਾਲ ਸਦਾ ਵਿਚਾਰਨ ਲਗ ਜਾਓ ਕਿ ਫਲਾਣੇ ਦੇ ਫਲਾਣੇ ਹਾਲ ਵਿਚ ਆਇਆਂ ਸਦਾ ਮੇਰੇ ਮਨ ਦੀ ਦਸ਼ਾ ਐਉਂ ਹੋ ਜਾਂਦੀ ਹੈ ਤੇ ਉਸ ਵਰਗੇ ਹੋਰ ਕਿਸੇ ਦੇ ਉਸੇ ਹਾਲ ਆਇਆਂ ਉਸੇ ਵਰਗੀ ਦਸ਼ਾ ਹੁੰਦੀ ਹੈ ਤਾਂ ਇਹ ਸਿਆਣ ਭੀ ਸਹਿਜੇ ਸਹਿਜੇ ਵਧ ਸਕਦੀ ਹੈ ਕਿ ਕਿਸ ਕਿਸ ਦੇ ਆਇਆਂ ਕੀਹ ਕੀਹ ਪ੍ਰਭਾਉ ਪੈਂਦਾ ਹੈ। ਜਿਸ ਤਰ੍ਹਾਂ ਜੌਹਰੀ ਨਜ਼ਰ ਜਮਾਉਂਦਾ ਜਮਾਉਂਦਾ, ਜ੍ਵਾਹਰਾਤ ਦੀ ਪਰਖ ਕਰਦਾ ਕਰਦਾ ਉਨ੍ਹਾਂ ਦੀਆਂ ਭਾਂਤਾਂ ਨੂੰ ਵਖੋ ਵਖ ਪਛਾਣਨ ਲੱਗ ਜਾਂਦਾ ਹੈ।

ਮੁਸਾਫਰ— (ਅਸਚਰਜ ਹੋ ਕੇ) ਹਾਂ, ਇਹ ਤਾਂ ਸਿੱਧੀ ਗਲ ਹੈ।

ਬਾਬਾ— ਫੇਰ ਪ੍ਰਭਾਉ ਏਸੇ ਨੂੰ ਆਖਦੇ ਹਨ। ਸਾਨੂੰ ਮੂਰਖਾਂ ਨੂੰ ਪਤਾ ਹੈ ਕਿ ਕਿਸੇ ਦੇ ਆਇਆਂ ਸਾਡੇ ਮਨ ਦੀ ਜੋ ਪਹਿਲਾਂ ਹਾਲਤ ਹੁੰਦੀ ਹੈ, ਵਟੀਂਦੀ ਹੈ, ਜੋ ਦਾਨੇ ਤੇ ਪਾਰਖੂ ਹਨ ਉਹ ਸਮਝਦੇ ਹਨ ਕਿ ਫਲਾਣੇ ਦੇ ਆਇਆਂ ਆਹ ਅਸਰ ਪੈਂਦਾ ਹੈ। ਉਨ੍ਹਾਂ ਨੇ ਪਤਾ ਲਾਇਆ ਹੈ ਕਿ ਪਰਮੇਸ਼ੁਰ ਦੇ ਪਿਆਰ ਵਾਲਿਆਂ ਦੇ ਆਇਆਂ ਪ੍ਰਭਾਉ ਸ਼ਾਂਤਿ ਦਾ, ਸੁਆਦ ਦਾ, ਸਤਿਕਾਰ ਦਾ, ਉਚੇ ਪਾਸੇ ਧਿਆਨ ਲੱਗਣ ਦਾ ਹੁੰਦਾ ਹੈ। ਸੋ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਥਾਪਨ ਹੁੰਦੇ ਹਨ ਉਥੇ ਆਤਮ ਮੰਡਲ ਦਾ ਉੱਚਾ, ਸ਼ਾਂਤਿ ਤੇ ਏਕਾਗਰਤਾ ਦੇ ਰਸ ਵਾਲਾ ਪ੍ਰਭਾਉ ਹੁੰਦਾ ਹੈ। ਇਹ ਪ੍ਰਭਾਉ ਜਗਿਆਸੂ ਮਨਾਂ ਤੇ ਜੀਅਦਾਨ ਦੀ ਰੌ ਨੂੰ ਤਾਜ਼ਿਆਂ ਰੱਖਣ, ਜਾਰੀ ਰੱਖਣ ਤੇ ਮਦਦ ਦੇਣ ਪਰ ਅਸਰ ਪਾਉਂਦਾ ਹੈ। ਪਾਠ, ਵੀਚਾਰ, ਕਥਾ

---

੧. ਗੁਰਮੁਖੀਆ ਹਰਿ ਮੇਲੁ ਮਿਲਾਵਣਹਾਰੀਆ॥
ਹਉ ਬਲਿ ਜਾਵਾ ਦਿਨੁ ਰਾਤਿ ਗੁਰ ਦੇਖਣਹਾਰੀਆ॥
(ਵਾ: ਸੋ: ਮ: ੪)

੨. ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥
(ਨਟ ਅ: ਮ: ੪)

੩. ਪੋਥੀ ਪਰਮੇਸੁਰ ਕਾ ਥਾਨੁ॥ ਕਿਉਂਕਿ ਇਸ ਵਿਚ ਹੈ ਪੂਰਨ ਬ੍ਰਹਮ ਗਿਆਨ ਤੇ ਗੋਬਿੰਦ ਦੇ ਗੁਣ:-
ਸਾਧ ਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥
(ਸਾ: ਮ: ੫)

SIKHBOOKCLUB.COM

ਤੇ ਕੀਰਤਨ ਦਾ ਅਸਰ ਤੁਸੀਂ ਜਾਣਦੇ ਹੀ ਹੋ ਕਿ ਗੁਰਬਾਣੀ ਦਾ ਕਿੰਨਾ ਸ਼ਾਂਤਿਮਯ ਤੇ ਰਸਦਾਇਕ ਹੁੰਦਾ ਹੈ।

ਮੁਸਾਫਰ— ਬਾਬਾ ਜੀ! ਸਾਡੇ ਮਤ ਵਿਚ ਅਸੀਂ ਸਾਰੇ ਵਡਿਆਂ ਦੀ ਕਦਰ ਕਰਦੇ ਹਾਂ ਅਰ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਖਾਸ ਉੱਚਾ ਦਰਜਾ ਦੇਂਦੇ ਹਾਂ। ਗੁਰਬਾਣੀ ਦੀ ਬੀ ਬੜੀ ਕਦਰ ਹੈ ਸਾਡੇ ਵਿਚ, ਪਰ ਬਾਬਾ! ਤੂੰ ਬੜਾ ਦੀਰਘ ਆਤਮ ਦਰਸ਼ੀ ਹੈਂ।

ਬਾਬਾ— ਮੈਂ ਤਾਂ ਸਤਿਸੰਗ ਵਿਚ ਜੋ ਵਿਦਯਾ ਸਿੱਖੀ ਹੈ ਉਸਦੇ ਕੋਈ ਕੋਈ ਹਾਲ ਦੱਸ ਰਿਹਾ ਹਾਂ, ਬਾਕੀ ਮੈਂ ਤਾਂ ਸਾਧ ਸੰਗਤ ਦਾ ਜੋੜੇ ਬਰਦਾਰ ਹੈ।

ਮੁਸਾਫਰ— ਮੇਰੇ ਅੰਦਰ ਭਾਨ ਪਿਆ ਹੁੰਦਾ ਹੈ ਕਿ ਇਕ ਸ਼ੂਨਤਾ ਮੇਰੇ ਅੰਦਰ ਹੈ ਤੇ ਇਕ ਸੱਖਣਾਪਨ ਹੈ। ਚਾਹੇ ਮੈਂ ਨੇਕੀਆਂ ਕੀਤੀਆਂ, ਲੋਕਾਂ ਨੂੰ ਪਾਪਾਂ ਤੋਂ ਘ੍ਰਿਣਾ ਦੁਆਈ, ਪਰਉਪਕਾਰ ਕੀਤੇ ਪਰ ਇਕ ਸੱਖਣਾਪਨ ਜੋ ਅੰਦਰ ਹੈ ਦੂਰ ਨਹੀਂ ਸੀ ਹੋਇਆ। ਆਪਦੇ ਬਚਨ ਕੋਈ ਮਰਹਮ ਯਾ ਕੋਈ ਸੁਆਦ ਵਾਲੇ ਲੱਗਦੇ ਹਨ। ਕਿਵੇਂ ਮੇਰਾ ਅੰਦਰ ਬੀ ਭਰ ਸਕਦਾ ਹੈ?

ਬਾਬਾ— ਅੰਦਰ ਦਾ ਸੱਖਣਾਪਨ ਦਿੱਸ ਪੈਣਾ ਰੱਬ ਦੀ ਮਿਹਰ ਹੈ। ਜਿਸਨੂੰ ਅੰਦਰ ਦੀ ਇਹ ਸ਼ੂਨਤਾ ਪਹਿਲਾਂ ਭਾਸੇਗੀ ਉਹੋ ਦਾਰੂ ਕਰੇਗਾ, ਉਹੋ ਟੋਲੇਗਾ ਕਿ ਇਹ ਕਿਵੇਂ ਭਰੇ? ਜੋ ਟੋਲੇਗਾ ਉਹ ਕਦੇ ਮੁਰਾਦ ਪਾਏਗਾ।

ਅੰਦਰ ਦਾ ਭਰਨਾ ਇਕ ਗੱਲ ਨਾਲ ਹੈ ਕਿ ਇਸ ਜੀਵਨ ਦੇ ਸੋਮੇ ਨਾਲ ਸਾਡਾ ਲਗਾਤਾਰੀ ਨੇਹੁੰ ਹੋਵੇ। ਜਿਵੇਂ ਸੱਖਣੇ ਹੋ ਰਹੇ ਤਲਾਉ ਦਾ ਸੰਜੋਗ ਕੋਈ ਹੰਸਲੀ ਖੁੱਟਕੇ ਦਰਯਾਉ ਨਾਲ ਕਿ ਸੋਮੇ ਨਾਲ ਕਰ ਦਿਓ ਤਾਂ ਉਸ ਤਲਾਉ ਦਾ ਸੱਖਣਾਪਨ ਭਰ ਜਾਏਗਾ ਤੇ ਉਹ ਤਾਜ਼ਾ ਹੋ ਜਾਏਗਾ। ਹਾਂ ਜੀਵਨ ਦੇ ਸੋਮੇ ਰੱਬ ਜੀ ਨਾਲ ਲਗਾਤਾਰੀ ਸਰਬੰਧ ਪਾਓ ਤਾਂ ਉਸ ਵੱਡੇ, ਸਭ ਤੋਂ ਉੱਚੇ ਸੁੱਚੇ ਸਿਰਜਣਹਾਰ ਵਿਚੋਂ ਕੋਈ ਰੁਮਕਾ ਸਾਡੇ ਅੰਦਰ ਆਵੇ ਤੇ ਸੱਖਣਾਪਨ ਭਰੇ।

ਮੁਸਾਫਰ— ਉਸਦੀ ਤਿਆਰੀ?

ਬਾਬਾ— ਮਨ ਕਲਪਤ ਉਪਕਾਰ ਜੋ ਤੇਰੇ ਆਤਮਾਂ ਨੂੰ ਖਿੰਡਾ ਰਹੇ ਹਨ, ਹਾਲੇ ਛੱਡ ਦੇਹ। ਆਪਣਾ ਮਨ ਸੱਖਣੇਪਨ ਤੋਂ ਭਰਕੇ ਫੇਰ ਸੁਚੇ ਉਪਕਾਰ ਕਰੀਂ, ਹਾਲੇ ਉਸ ਵਾਹਿਗੁਰੂ ਦੇ ਧਿਆਨ ਵਿਚ ਪਉ ਤੇ ਉਸਦੇ ਗੁਣ ਗਾਉ। ਬਾਣੀ ਪੜ੍ਹ, ਵਿਚਾਰ ਕਰ ਤੇ ਕਰਤਾ ਦੀ ਸਿਫਤ ਸਲਾਹ ਵਿਚ ਆ।

ਜਿਸ ਨੋ ਬਖਸੇ ਸਿਫਤਿ ਸਾਲਾਹ॥
ਨਾਨਕ ਪਾਤਿਸਾਹੀ ਪਾਤਿਸਾਹੁ॥

ਉਸ ਮਾਲਿਕ ਦੇ ਗੁਣਾਂ ਦੇ ਰਸ ਵਿਚ ਉਸਦੇ ਨਾਮ ਦੀ ਅਰਾਧਨਾ ਕਰ. ਐਉਂ ਤੇਰੇ ਅੰਦਰ ਸਫਾਈ ਆਵੇਗੀ. ਮੈਲ ਹਰੀ ਜਾਏਗੀ। ਫੇਰ ਤੇਰੇ ਅੰਦਰੋਂ ਖਿੰਡਾਉ ਵੀ ਘਟੇਗਾ, ਇਕਾਗ੍ਰਤਾ ਆਵੇਗੀ। ਫੇਰ ਸਾਈਂ ਪਿਆਰ ਦਾ ਚਿਣਗਾਰਾ ਕਿਸੇ ਮਿਹਰ ਦੇ ਸਦਕੇ ਮਘ ਪਏਗਾ, ਫੇਰ ਤੂੰ ਜੀ ਉੱਠੇਂਗਾ ਤੇ ਤੇਰਾ ਜੀਵਨ ਅੰਦਰੋਂ ਰਸ ਭਰਿਆ ਤੇ ਬਾਹਰੋਂ ਸੁਖਾਂ ਦਾ ਦਾਤਾ ਹੋ ਜਾਵੇਗਾ। ਜਿਵੇਂ ਗੁਲਾਬ ਦਾ ਫੁੱਲ ਜਦੋਂ ਖਿੜਦਾ ਹੈ, ਆਪ ਅੰਦਰੋਂ ਬਾਹਰੋਂ ਰੂਪ ਰੰਗ ਖੁਸ਼ਬੋ ਵਾਲਾ ਹੋ ਜਾਂਦਾ ਹੈ ਤਾਂ ਹਰ ਕਿਸੇ ਨੂੰ ਉਸ ਤੋਂ ਖੁਸ਼ਬੋ ਤੇ ਸੁੰਦਰਤਾਈ ਦਾ ਦਾਨ ਮਿਲਦਾ ਹੈ।

ਮੁਸਾਫਰ— ਫੇਰ ਇਹ ਜੋ ਮੈਂ ਘਰ ਘਰ ਵਿਚ ਦਵਾ ਦਾਰੂ ਦੇਂਦਾ ਹਾਂ, ਇਹ ਉਪਕਾਰ ਮਾੜਾ ਹੈ?

ਬਾਬਾ— ਮੈਂ ਉਪਕਾਰ ਨੂੰ ਤਾਂ ਮਾੜਾ ਨਹੀਂ ਕਿਹਾ, ਮੈਂ ਤਾਂ ਜੋ ਕਿਹਾ ਹੈ ਸੋ ਇਹ ਹੈ ਕਿ ਹੇ ਜ਼ਮੀਨ ਦੇ ਖੁਦੇ ਹੋਏ ਟੁਕੜੇ! ਸੁੱਕਾ ਨਾ ਰਹੁ, ਆਪ ਪਾਣੀ ਨਾਲ ਭਰਕੇ ਸੁਭਰ ਭਰਿਆ ਤਲਾਉ ਹੋ, ਜੋ ਤੇਰੇ ਤੋਂ ਪਸ਼ੂ, ਪੰਖੀ ਮਨੁੱਖ ਸਾਰੇ ਸੁਖ ਪਾਉਣ।

ਮੁਸਾਫਰ— ਮੈਂ ਨਹੀਂ ਸਮਝਿਆ।

ਬਾਬਾ— ਪਹਾੜਾਂ ਵਿਚ ਚਸ਼ਮੇ ਫੁਟਦੇ ਹਨ, ਪਸ਼ੂ ਪੰਖੀ ਉਸ ਤੋਂ ਉਪਕਾਰੇ ਜਾਂਦੇ ਹਨ। ਓਹ ਦਰਯਾ ਬਣਕੇ ਮੈਦਾਨਾਂ ਵਿਚ ਵਗਦੇ ਹਨ। ਦਰਯਾਵਾਂ ਨਾਲ ਟੋਏ ਟਿੱਬੇ ਭਰਕੇ ਝੀਲਾਂ, ਛੰਭ ਤੇ ਤਲਾ ਬਣਦੇ ਹਨ ਤੇ ਉਨ੍ਹਾਂ ਤੋਂ ਲੋੜਵੰਦ ਉਪਕਾਰੇ ਜਾਂਦੇ ਹਨ। ਕਦੇ ਸੁੱਕੇ ਟੋਏ ਬੀ ਸੁਖ ਦੇ ਸਕਦੇ ਹਨ? ਖੂਹ ਦਾਤਾ ਹੈ, ਪਰ ਪਹਿਲਾਂ ਉਹ ਖੁਦਿਆ ਜਾਂਦਾ ਹੈ ਤੇ ਚਾਰ ਚੁਫੇਰਿਓਂ ਸਿੰਮ ਸਿੰਮ ਕੇ ਆਪ ਪਾਣੀ ਨਾਲ ਭਰ ਜਾਂਦਾ ਹੈ ਫੇਰ ਸਾਰੇ ਉਸ ਤੋਂ ਵਰੋਸਾਏ ਜਾਂਦੇ ਹਨ। ਪਹਿਲਾਂ ਆਪ ਰਸੀਆ ਹੋ, ਉੱਚਾ ਹੋ, ਉੱਚੇ ਪ੍ਰੇਮ ਨਾਲ ਭਰ ਫੇਰ ਜਗਤ ਦਾ ਭਲਾ ਕਰ। ਜਗਤ ਦਾ ਭਲਾ ਜਮ ਜਮ ਕਰ, ਪਰ ਆਪ ਕਿਸੇ ਧੁਰ ਤੇ ਟਿਕ ਕੇ। ਐਸਾ ਨਾ ਹੋਵੇ ਕਿ ਤੇਰਾ ਉਪਕਾਰ ਬੀ ਇਕ ਹਉਮੈਂ ਦੀ ਖੇਡ ਹੀ ਬਣੇ।


SIKHBOOKCLUB.COM

ਕਰਮ ਧਰਮ ਪਾਖੰਡ ਜੋ ਦੀਸਹਿ
ਤਿਨ ਜਮੁ ਜਾਗਾਤੀ ਲੂਟੈ॥

ਮੁਸਾਫਰ— (ਲੰਮਾ ਸਾਹ ਲੈਕੇ) ਗੱਲਾਂ ਦਿਲ ਲੱਗੀਆਂ ਹਨ। ...ਤੁਸੀਂ...ਤਲਾਉ ਵਾਂਗੂੰ ਮੈਨੂੰ ਭਰੋਗੇ?

ਬਾਬਾ— ਭਰਨ ਵਾਲਾ ਅਕਾਲ ਪੁਰਖ ਹੈ। ਪਰ ਜੇ ਸਜਣਾਂ ਤੇਰਾ ਦਿਲ ਕੁਛ ਚਿਰ ਸਾਡੇ ਪਾਸ ਟਿਕਣ ਤੇ ਕਰਦਾ ਹੈ ਤਾਂ ਅੰਮੀ ਜੰਮੀ ਟਿਕ। ਡੇਰਾ ਬੀ ਸਿੱਧ ਪਧਰਾ ਪੇਂਡੂਆਂ ਵਾਲਾ ਮਿਲ ਜਾਏਗਾ ਤੇ ਰੁੱਖਾ ਮਿੱਸਾ ਅੰਨ ਬੀ ਏਥੇ ਗੁਰੂ ਕਾ ਦਿੱਤਾ ਹੈ। ਸਤਿਸੰਗ ਬੀ ਲਗਦਾ ਹੈ, ਜਿੱਥੇ ਅਸੀਂ ਕਿਸੇ ਨੂੰ ਆਉਣੋਂ ਰੋਕ ਨਹੀਂ ਪਾਉਂਦੇ। ਸਤਿਸੰਗ ਕਰ, ਸੁਖ ਪਾ, ਸੁਖ ਦੇਹ। ਮਨੁੱਖ ਦਾ ਧਰਮ ਹੈ ਨਾਮ ਜਪਣਾ, ਪਰ ਜਪਣ ਵਾਲੇ ਦਾ ਪੁੰਨ ਹੈ ਜੋ ਹੋਰਨਾਂ ਨੂੰ ਜਪਾਵੇ* ਏਥੇ ਨਾਮ ਦੇ ਤਰਲੇ ਵਾਲੇ ਲੋਕ ਰਹਿੰਦੇ ਹਨ, ਤੁਸੀਂ ਭੀ ਆਓ, ਨਾਮ ਜਪਣਾ ਸਿੱਖੋ, ਆਪਣਾ ਮਨੁੱਖ ਜਨਮ ਸੁਆਰੋ। ਜਦ ਨਾਮ- ਨਿਵਾਸ ਤੁਹਾਡੇ ਅੰਦਰ ਹੋ ਜਾਏਗਾ ਫੇਰ ਤੁਹਾਥੋਂ ਨੇਕੀ, ਉਪਕਾਰ, ਭਲਿਆਈ ਆਪੇ ਪਈ ਹੋਵੇਗੀ।

ਇਸ ਪ੍ਰਕਾਰ ਗੱਲਾਂ ਬਾਤਾਂ ਕਰਕੇ ਬਾਬਾ ਜੀ ਨੇ ਮੁਸਾਫਰ ਦਾ ਉਤਾਰਾ ਧਰਮਸਾਲਾ ਦੀ ਇਕ ਕੋਠੜੀ ਵਿਚ ਕਰਵਾ ਦਿਤਾ ਤੇ ਅੰਨ ਪਾਣੀ ਦਾ ਬੰਦੋਬਸਤ ਬੀ ਕਰ ਦਿੱਤਾ। ਦੋਨੋਂ ਵੇਲੇ ਪ੍ਰਸ਼ਾਦ ਬਾਬੇ ਦੇ ਘਰੋਂ ਆ ਜਾਇਆ ਕਰੇ। ਮੁਸਾਫਰ ਨੇ ਆਪਣੀਆਂ ਦਵਾਵਾਂ ਦੀ ਸੰਦੂਕੜੀ ਤਾਂ ਬੰਦ ਕੀਤੀ ਤੇ ਦੋ ਇਕ ਪੁਸਤਕਾਂ ਜੋ ਪਾਸ ਸਾਸੂ, ਉਹ ਬੀ ਠੱਪਕੇ ਸਾਂਭ ਦਿਤੀਆਂ। ਸਵੇਰੇ ਭਾਈ ਜੀ ਦੇ ਨਾਲ ਉਠਿਆ ਕਰੇ, ਧਰਮਸਾਲ ਦੀ ਸਫਾਈ ਵਿਚ ਹਿੱਸਾ ਲਿਆ ਕਰੇ। ਫੇਰ ਆਪ ਇਸ਼ਨਾਨ ਕਰਕੇ ਆਸਾ ਦੀ ਵਾਰ ਦੇ ਦੀਵਾਨ ਵਿਚ ਬੈਠ ਜਾਇਆ ਕਰੇ। ਭੋਗ ਪਏ। ਤੇ ਸਤਿਸੰਗ ਦੀ ਵਾਰਤਾਲਾਪ ਹੋਵੇ। ਕਿਸੇ ਭਰਾ ਦੇ ਦੁਖ ਸੁਖ ਦੀ ਵੰਡ, ਕਿਸੇ ਜਗਿਆਸੂ ਨੂੰ ਪਰਮਾਰਥ ਦੇ ਰਸਤੇ ਦੀ ਕੋਈ ਮੁਸ਼ਕਲ ਆ ਪਵੇ ਤਾਂ ਉਸਦੀ ਵੀਚਾਰ ਤੁਰ ਪਵੇ। ਮੁਸਾਫਰ ਇਨ੍ਹਾਂ ਸਿੱਧੇ ਪਰ ਦਿਲ ਸਾਫ ਲੋਕਾਂ ਦੀ ਅਕਲ ਵੇਖਕੇ ਹੈਰਾਨ ਰਹਿ ਜਾਯਾ ਕਰੇ। ਪਿੰਡਾਂ ਦੇ ਲੋਕ ਅਕਸਰ ਮੋਟੀ ਬੁੱਧੀ ਵਾਲੇ ਕਹੀਦੇ ਹਨ ਤੇ ਕਈ ਵੇਰ ਮੁਕੱਦਮੇ ਬਾਜ਼ੀ ਤੇ ਮਾਰ ਧਾੜੇ ਦੇ ਪੱਖਾਂ ਵਿਚ ਇਨ੍ਹਾਂ ਦੀ ਰੁਚੀ ਸਮਝੀ ਦੀ ਹੈ। ਇਹੋ ਖਿਆਲ ਮੁਸਾਫਰ ਦੇ ਸਨ, ਪਰ ਏਥੇ ਬਾਬੇ ਨੇ ਜੋ ਗੁਰੂ ਬਾਣੀ ਦੀ ਸੱਚੀ ਰੋਸ਼ਨੀ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਠੀਕ ਆਸ਼ੇ ਮੂਜਬ ਗੁਰਸਿੱਖੀ ਦੀ ਜਾਚ ਲੋਕਾਂ ਨੂੰ ਦੱਸੀ ਸੀ, ਉਸਦੇ ਸੱਚਮੁਚ ਸੁਰਗ ਦਾ ਨਮੂਨਾ ਬਣਾ ਰੱਖਿਆ ਸੀ। ਵੈਰ ਦੁਜੈਗੀ ਏਥੇ ਬੜੀ ਘੱਟ ਸੀ, ਪਿਆਰ ਵੰਨੇ ਸਭ ਦਾ ਜ਼ੋਰ ਸੀ। ਸਿਖ, ਹਿੰਦੂ, ਮੁਸਲਮਾਨ, ਊਚ, ਨੀਚ ਸਾਰੇ ਪਿਆਰ ਵਰਤੋਂ ਵਿਚ ਸਨ। ਮੁਸਾਫਰ ਇਹ ਵਰਤੋਂ ਤੇ ਕਰਨੀ ਕਰਤੂਤ ਦੀਆਂ ਚੰਗਿਆਈਆਂ ਵੇਖ ਵੇਖ ਮੋਹਿਤ ਹੋ ਰਿਹਾ ਸੀ। ਉਸ ਨੂੰ ਸਾਰੇ ਪਰਉਪਕਾਰੀ ਦਿਸਦੇ ਸਨ, ਪਰ ਉਹ ਨਹੀਂ ਸਨ ਜਾਣਦੇ ਕਿ ਅਸੀਂ ਪਰਉਪਕਾਰੀ ਹਾਂ। ਮੁਸਾਫਰ ਦੇ ਪੁੱਛਣੇ ਤੇ ਉਹ ਹੈਰਾਨ ਹੋਕੇ ਆਖਦੇ ਕਿ "ਸਭ ਮਹਿ ਜੋਤਿ ਜੋਤਿ ਹੈ ਸੋਇ" ਤਦ ਉਪਕਾਰ ਕਿਸ ਉੱਤੇ? ਸਭਨਾਂ ਵਿਚ ਪਿਆਰ ਹੈ, ਪਿਆਰੇ ਨਾਲ ਪਿਆਰ ਦੀ ਵਰਤੋਂ ਹੁੰਦੀ ਹੈ, ਅਸੀਂ ਅੰਤਰ ਆਤਮੇ ਪਰਮੇਸ਼ੁਰ ਦਾ ਨਾਮ ਅਰਾਧਨ ਜੀਭ ਤੋਂ ਲੈਕੇ ਮਨ ਨਾਲ ਕਰਨ ਤਕ ਦੇ ਆਹਰ ਵਿਚ ਰਹਿੰਦੇ ਹਾਂ। ਬਾਕੀ ਪ੍ਰਾਣੀ ਮਾਤ੍ਰ ਵਿਚ ਸਰਬੱਤ ਦਾ ਭਲਾ ਜਾਣਦੇ ਹਾਂ। ਸਭ ਵਿਚ ਰੱਬ ਵੱਸਦਾ ਹੈ, ਕਿਸੇ ਨਾਲ ਅਸੀਂ ਬੁਰਾ ਨਹੀਂ ਕਰਦੇ।

ਕਿਸੇ ਨਾਲ ਬੁਰਾ ਨਾ ਕਰਨਾ ਧਰਮ ਹੈ।
ਧਰਮ ਨਿਆਂ ਦੇ ਆਸਰੇ ਹੈ।

ਗੁਰੂ ਬਾਬੇ ਨੇ ਆਖਿਆ ਹੈ ਕਿ ਜਗਤ ਦਾ ਸੂਤ ਤਾਂ ਕਾਇਮ ਰਹਿੰਦਾ ਹੈ ਜੇ ਮਨੁੱਖਾਂ ਦੀ ਵਰਤੋਂ ਆਪੋ ਵਿਚ ਦੀ ਧਰਮ ਰੂਪੀ ਬਲਦ ਦੇ ਸਿੰਙਾਂ ਉਤੇ ਖੜੀ ਰਹੇ।

ਸੋ ਧਰਮ ਜਾਂ ਨਿਆਂ ਕੀਹ ਹੈ?
"ਕਿਸੇ ਦਾ ਬੁਰਾ ਨਾ ਕਰਨਾ"

ਤੇ ਸਾਨੂੰ ਹੁਕਮ ਹੈ:-

"ਦੂਖੁ ਨ ਦੇਈ ਕਿਸੈ ਜੀਅ
ਪਤਿ ਸਿਉ ਘਰਿ ਜਾਵਉ॥"

ਫੇਰ ਸਾਨੂੰ ਹੁਕਮ ਹੈ ਕਿ ਨਿਰਾ ਨਿਆਂ ਨਹੀਂ, ਨਿਆਂ ਵਿਚ ਦਇਆ ਰਲਾਓ; ਐਸਾ ਧਰਮ ਕਮਾਓ ਜੋ ਦਇਆ ਦਾ ਪੁੱਤ੍ਰ ਹੋਵੇ। ਸੋ ਦਇਆ ਕੀ ਸ਼ੈ ਹੈ?

---
* ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥

 www.sikhbookclub.com

ਦੂਸਰੇ ਨੂੰ ਸੁਖ ਦੇਣਾ। ਦੂਸਰੇ ਨੂੰ ਸੁਖ ਦੇਂਦਿਆਂ ਆਪ ਨੂੰ ਖੇਚਲ ਹੁੰਦੀ ਹੈ ਜ਼ਰੂਰ, ਚਾਹੇ ਥੋੜੀ ਚਾਹੇ ਬਹੁਤੀ, "ਅਪਨਾ ਬਿਗਾਰਿ ਬਿਰਾਨਾ ਸਾਂਢੈ।" ਸੋ ਪਹਿਲਾਂ ਹੁਕਮ ਸੀ ਕਿਸੇ ਨੂੰ ਦੁੱਖ ਨਾ ਦਿਓ ਦੂਜੀ ਸੰਥਿਆ ਮਿਲੀ ਇਸ ਵਿਚ ਰਲਾਓ ਦਇਆ। ਆਪਣਾ ਸੁਖ ਵੰਡੋ, ਦੁਖ ਪਾ ਕੇ ਦੂਏ ਨੂੰ ਸੁਖ ਦਿਓ। ਇਹ ਦੂਈ ਸੰਥਿਆ ਪੜ੍ਹੀ।

ਧੌਲੁ ਧਰਮੁ ਦਇਆ ਕਾ ਪੂਤੁ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥

ਤੀਸਰੀ ਗੱਲ ਆਈ ਸੰਤੋਖ, ਕਿ ਜੇ ਤੁਸਾਨੂੰ ਕੋਈ ਥੁੜ ਪਵੇ ਯਾ ਦੁਖ ਦੇਵੇ ਤਾਂ ਘਾਬਰੋ ਨਹੀਂ। ਉਧਰ ਨਾਮ ਦਾ ਅਭਿਆਸ ਹੋ ਰਿਹਾ ਹੈ "ਊਠਤ ਬੈਠਤ ਸੋਵਤ ਨਾਮ॥" ਇਸ ਨਾਲ ਅੰਦਰੋਂ ਮਾਇਆ ਦੀ ਕੈਦ ਕੱਟੀ ਜਾ ਰਹੀ ਹੈ, ਹਉਮੈ ਦੀ ਮੈਲ ਧੋਪ ਰਹੀ ਹੈ, ਜਮ ਦੀ ਫਾਸ ਵੱਢੀ ਜਾ ਰਹੀ ਹੈ:-

ਮਨੁ ਮੇਰੋ ਗਜੁ ਜਿਹਵਾ ਮੇਰੀ ਕਾਤੀ॥
ਮਪਿ ਮਪਿ ਕਾਟਉ ਜਮ ਕੀ ਫਾਸੀ॥

ਅੰਦਰ ਤਾਂ ਵਸਦਾ ਹੈ ਨਾਮ, ਬਾਹਰੋਂ ਵਰਤਣ ਹੈ ਕਿਸੇ ਨੂੰ ਦੁੱਖ ਨਾ ਦੇਣ ਦੀ। ਸਰਬੱਤ ਦਾ ਭਲਾ ਹੋ ਸਕੇ ਤਾਂ ਕਰਨਾ। ਇਹ ਸਮਾਧੀ ਲੱਗ ਰਹੀ ਹੈ, ਜੰਗਲਾਂ ਦੀ ਨਾ, ਪਰ ਘਰਾਂ ਵਿਚ ਵਸਦਿਆਂ ਤੇ ਗ੍ਰਿਹਸਤੀ ਰਹਿੰਦਿਆਂ ਲਿਵ ਲਗੀ ਰਹਿੰਦੀ ਹੈ ਸਾਈਂ ਵਿਚ। ਇਨ੍ਹਾਂ ਦੁਹਾਂ ਦਾ ਅਸਰ ਫੇਰ ਇਹ ਹੁੰਦਾ ਹੈ ਕਿ ਵਾਹਿਗੁਰੂ ਜੀ, ਜਿਨ੍ਹਾਂ ਦਾ ਕਿ ਨਾਮ ਜਪੀ ਦਾ ਹੈ (ਉਹ ਨਾਮੀ ਜੀ) ਆਪਣੇ ਅੰਦਰ ਤੇ ਘਟ ਘਟ ਵਣ ਤ੍ਰਿਣ ਵਿਚ ਭਾਸਣ ਲਗ ਪੈਂਦੇ ਹਨ। ਅੰਦਰਲਾ ਉਛਾਲਾ ਖਾ ਕੇ ਮੈਂ ਮੇਰੀ ਦੀ ਹੱਦ ਟੱਪ ਕੇ ਉਨ੍ਹਾਂ ਦੇ ਚਰਨਾਂ ਦੇ ਨਾਲ ਛੋਹ ਖਾ ਲੈਂਦਾ ਹੈ। ਕਦੇ ਕੋਈ ਕੀਰਤਨ ਦੀ ਪਿਆਰ ਭਰੀ ਸੱਦ ਉਛਾਲਾ ਦੇ ਕੇ ਉਸ ਨਾਮੀ ਦੇ ਚਰਨਾਂ ਤੇ ਮੱਥਾ ਟਿਕਾ ਦੇਂਦੀ ਹੈ। ਗੱਲ ਕੀ, ਸਹਿਜੇ ਸਹਿਜੇ, ਬੇਮਲੂਮੇ ਅੰਦਰਲਾ ਰੱਬ ਜੀ ਦੇ ਚਰਨਾਂ ਦੀ ਲਟਕ ਵਿਚ ਆ ਜਾਂਦਾ ਹੈ ਤੇ ਜਗਤ ਨਾਲ ਅੰਦਰੋਂ ਉਹ ਨੇਹੁੰ ਘਟ ਯਾ ਟੁੱਟ ਜਾਂਦਾ ਹੈ, ਜੋ ਬੇੜੀਆਂ ਵਾਂਗੂੰ ਲਗ ਰਿਹਾ ਸੀ ਤੇ ਜੋ ਵਿਤਕਰੇ ਪਾਉਂਦਾ, ਆਪੇ ਨੂੰ ਲੋਚਦਾ ਤੇ ਦੂਜਿਆਂ ਨਾਲ ਬੁਰਾਈਆਂ ਕਰਾਉਂਦਾ ਸੀ। ਫੇਰ ਉਹ ਨੇਹੁੰ ਲਗ ਜਾਂਦਾ ਹੈ ਕਿ "ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥" ਉਹ ਵਾਸੀ ਸਾਰੇ ਭਾਸਦਾ ਹੈ। ਐਉਂ ਇਕ ਭਿੱਜਵਾਂ ਪਿਆਰ ਤੇ ਰਸਭਿੰਨੜੀ ਪ੍ਰੀਤ ਖੁਸ਼ਬੋ ਅੰਦਰ ਉਪਜ ਪੈਂਦੀ ਹੈ ਅਰ ਇਹ ਜੀਵਨ ਸੁੱਖਾਂ ਦਾ ਘਰ ਬਣ ਜਾਂਦਾ ਹੈ।

ਇਸ ਤਰ੍ਹਾਂ ਦੀਆਂ ਵਾਰਤਾਲਾਪਾਂ ਵਿਚ ਮੁਸਾਫਰ ਖੁਸ਼ ਹੁੰਦਾ ਹੈ, ਸਿੱਖਦਾ ਹੈ, ਰਸ ਲੈਂਦਾ ਹੈ, ਪਰ ਪੜ੍ਹਿਆ ਹੋਣ ਕਰਕੇ ਤਰੀਕੇ ਤੇ ਜਾਚਾਂ ਭਾਲਦਾ ਹੈ। ਬਾਬੇ ਨੂੰ ਮੁਸਾਫਰ ਨਾਲ ਕੁਛ ਸਮਾਂ ਵਰਤਕੇ ਸਮਝ ਪਈ ਕਿ ਚਾਹੇ ਇਹ ਆਦਮੀ ਆਪਾ ਸੁਆਰਨ ਦੇ ਜਤਨ ਵਿਚ ਤਾਂ ਲਗ ਪਿਆ ਹੈ ਪਰ ਪੁਰਾਣੀ ਬਾਣ ਬਹੁਤ ਗੱਲਾਂ ਕਰਨ ਦੀ ਤੇ ਮੱਲੋਮੱਲੀ ਉਪਦੇਸ਼ ਦੇਣ ਦੀ ਇਸਦੀ ਹਟਦੀ ਨਹੀਂ ਤੇ ਹਰ ਗਲ ਦੇ ਸਮਝਣ ਵਿਚ ਲੰਮੀ ਲੰਮੀ ਗਲ ਬਾਤ ਦੀ ਲੋੜ ਰਖਦਾ ਹੈ। ਬਾਬਾ ਲੋੜ ਵੇਲੇ ਤਾਂ ਗੱਲਾਂ ਕਰਦਾ ਹੁੰਦਾ ਸੀ ਪਰ ਉਸਨੂੰ ਬਹੁਤ ਗੱਲਾਂ ਕਰਨ ਦੀ ਬਾਣ ਨਹੀਂ ਸੀ ਪਈ ਹੋਈ। ਬਾਬਾ ਚਾਹੁੰਦਾ ਸੀ ਕਿ ਮੁਸਾਫਰ ਨੂੰ ਸਿੱਧਾ ਰਾਹ ਲੱਭੇ ਤੇ ਉਸਦੀ ਨਿਸ਼ਾ ਹੁੰਦੀ ਰਹੇ ਪਰ ਹੋਰਨਾਂ ਦਾ ਬੀ ਨਾਲ ਨਾਲ ਭਲਾ ਹੋਵੇ। ਇਸ ਵੀਚਾਰ ਵਿਚ ਬਾਬੇ ਨੂੰ ਇਕ ਵਿਉਂਤ ਫੁਰੀ। ਉਹ ਇਹ ਸੀ ਕਿ ਬਾਬੇ ਪਾਸ ਇਕ ਪੋਥੀ ਸੀ 'ਜੀਵਨ ਭਾਈ ਸਾਈਂ ਦਾਸ'। ਇਸ ਵਿਚ ਪਰਮਾਰਥ ਵਿਚ ਟੁਰਨ ਦੇ ਗੁਰਸਿੱਖੀ ਦੇ ਹਾਲ ਗੱਲਾਂ ਬਾਤਾਂ ਵਿਚ ਚੰਗੀ ਤਰ੍ਹਾਂ ਦੱਸੇ ਹੋਏ ਸੇ। ਬਾਬੇ ਨੇ ਇਸ ਪੋਥੀ ਦੀ ਕਥਾ ਰਖਵਾ ਦਿੱਤੀ ਕਿ ਮੁਸਾਫਰ ਵਿਸਥਾਰ ਨਾਲ ਸੁਣੇ ਤੇ ਹੋਈਆਂ ਗੱਲਾਂ ਬਾਤਾਂ ਵਿਚ ਇਸਨੂੰ ਫੁਰ ਰਹੇ ਪ੍ਰਸ਼ਨਾਂ ਦੇ ਉੱਤਰ ਮਿਲ ਜਾਣ। ਧਰਮਸਾਲੇ, ਜੋ ਲੌਢੇ ਪਹਿਰ ਤੇ ਰਾਤ ਨੂੰ ਕਥਾ ਹੁੰਦੀ ਸੀ ਕਦੇ ਗੁਰ ਪ੍ਰਤਾਪ ਸੂਰਜ ਦੀ ਤੇ ਕਦੇ ਗੁਰਬਿਲਾਸ ਆਦਿ ਦੀ ਸੋ ਨਾਲ ਹੀ ਉਸੇ ਵੇਲੇ ਇਹ ਕਥਾ ਬੀ ਹੋ ਜਾਯਾ ਕਰੇ। ਓਹ ਕਥਾ ਇਹ ਸੀ:-

(ਜੀਵਨ ਭਾਈ ਸਾਈਂ ਦਾਸ)

(ੳ)

ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਬਾਲ ਅਵਸਥਾ ਦੇ ਮਗਰੋਂ ਸੁਲਤਾਨਪੁਰ ਆ ਰਹੇ ਸੀ, ਜਿੱਥੇ ਆਪ ਨੇ ਨਵਾਬ ਦੌਲਤ ਖਾਂ ਦਾ ਮੋਦੀਖਾਨਾ ਤੋਰਿਆ ਅਰ ਗ਼ਰੀਬਾਂ ਦੀ ਪਾਲਣਾ ਕੀਤੀ। ਇਥੇ

ਗੁਰੂ ਜੀ ਦਾ ਸਤਿਸੰਗ ਦਾ ਰੰਗ ਵੀ ਜ਼ੋਰਾਂ ਵਿਚ ਸੀ। ਆਲੇ ਦੁਆਲੇ ਤੇ ਦੂਰ ਨੇੜੇ ਗਿਰਾਵਾਂ ਸ਼ਹਿਰਾਂ ਵਿਚ ਆਪ ਦੇ ਸਤਿ ਉਪਦੇਸ਼ ਦਾ ਪਰਚਾ ਫੈਲ ਰਿਹਾ ਸੀ। ਪਹਿਲੀ ਉਦਾਸੀ ਇਸ ਥਾਂ ਤੋਂ ਹੀ ਆਰੰਭ ਹੋਈ। ਇਹ ਨਗਰ ਹੁਣ ਰਿਆਸਤ ਕਪੂਰਥਲਾ ਵਿਚ ਬਿਆਸਾ ਦੇ ਨੇੜੇ ਹੈ। ਬਿਆਸਾ ਤੋਂ ਉਰਾਰ ਗੋਇੰਦਵਾਲ ਤੇ ਪਾਰ ਪਰੇ ਹੇਠਲੇ ਪਾਸੇ ਸੁਲਤਾਨਪੁਰ ਹੈ। ਇਹ ਨਗਰ ਤਦੋਂ ਦੁਆਬੇ ਦੀ ਰਾਜਧਾਨੀ ਸੀ ਤੇ ਸ਼ਾਹੀ ਸੜਕ ਏਥੋਂ ਲੰਘਦੀ ਸੀ। ਇਸ ਸਿੱਖ ਇਤਿਹਾਸ ਦੇ ਯਾਦ ਲਾਇਕ ਅਸਥਾਨ ਤੋਂ ਤ੍ਰੈ ਕੁ ਕੋਹ ਪਰੇ ਡੱਲਾ ਨਾਮੇ ਗ੍ਰਾਮ ਹੈ। ਇਸ ਪਿੰਡ ਨੇ ਉਸ ਮਹਾਂਪੁਰਖ ਨੂੰ ਜਨਮ ਦਿੱਤਾ ਕਿ ਜਿਸ ਵਿਚ ਸ੍ਰੀ ਗੁਰੂ ਅਮਰਦਾਸ ਜੀ ਗੁਰਯਾਈ ਦੀ ਉਚਿਆਈ ਦੇ ਚਿੰਨ੍ਹ ਵੇਖਦੇ ਸੀ, ਪਰ ਉਸ ਪੂਰਨ ਸਿੱਖ ਨੇ ਆਪਣੇ ਆਪ ਨੂੰ ਕੇਵਲ ਸਿੱਖੀ ਜੋਗ ਸਮਝਕੇ ਪਰਮ ਨਿੰਮ੍ਰਤਾ ਨਾਲ "ਸਿਖੀ" ਦਾਨ ਹੀ ਮੰਗਿਆ, ਅਰ ਸਿੱਖੀ ਦਾਨ ਪ੍ਰਾਪਤ ਕੀਤਾ। ਉਸ ਵੇਲੇ ਸ੍ਰੀ ਗੁਰੂ ਅਮਰ ਦਾਸ ਜੀ ਨੇ ਸਰੂਪ ਨਿਵਾਸ ਤੋਂ ਵੱਖਰਾ ਇਹ ਵਰ ਬਖਸ਼ਿਆ :-

ਭਾਈ ਪਾਰੋ ਕੋ ਵਰ ਭਯੋ।
ਸ੍ਰੀ ਗੁਰ ਅਮਰਦਾਸ ਜੀ ਦਯੋ।
ਗੁਰ ਘਰ ਸੋਂ ਤਵ ਕੁਲ ਕੋ ਨਾਤਾ।
ਹੁਇ ਹੈ ਆਗੇ ਜਗ ਬਖਯਾਤਾ।
(ਸੂ: ਪ੍ਰ: ਰਾ: ੪, ਅੰ: ੫)

ਐਸੇ ਪੂਰਨ ਸਿੱਖ ਭਾਈ ਪਾਰੋ ਜੀ ਦੀ ਕੁਲ ਵਿਚ ਨਾਰਾਇਣ ਦਾਸ ਨਾਮੇ ਇਕ ਪ੍ਰਸਿੱਧ ਗੁਰੂ ਕਾ ਸਿੱਖ ਹੋਇਆ। ਇਹ ਸੱਜਣ ਗੁਰੂ ਘਰ ਦਾ ਬੜਾ ਪ੍ਰੇਮੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਅਨਿੰਨ ਸਿੱਖ ਸੀ। ਇਸਦੇ ਘਰ ਦੋ ਪੁਤ੍ਰੀਆਂ ਹੋਈਆਂ, ਵੱਡੀ ਦਾ ਨਾਮ ਰਾਮੋ ਤੇ ਛੋਟੀ ਦਾ ਦਮੋਦਰੀ ਸੀ। ਇਹ ਬੀਬੀਆਂ ਆਪਣੀ ਕੁਲ ਸੁਭਾਵ ਅਨੁਸਾਰ ਸ਼ੀਲਵੰਤੀਆਂ ਤੇ ਭਗਤੀ ਭਾਵ ਨਾਲ ਭਰੇ ਰਿਦੇ ਵਾਲੀਆਂ ਸਨ। ਸਤਲੁਜੋਂ ਪਾਰ ਡੱਲੇ ਤੋਂ ਪੰਝੀ ਤੀਹ ਮੀਲ ਡਰੋਲੀ ਨਾਮੇ ਪਿੰਡ ਹੈ, ਇਸ ਥਾਂ ਤੇ ਇਕ ਭਲਾ ਘਰ ਸੀ। ਭਾਈ ਨਰਾਇਣ ਦਾਸ ਨੇ ਅਪਣੀ ਵੱਡੀ ਪੁੱਤ੍ਰੀ ਰਾਮੋ ਦਾ ਵਿਆਹ ਡਰੋਲੀ ਦੇ ਇਸ ਕੁਲ ਦੇ ਹੋਣਹਾਰ, ਸ਼ੀਲ ਸੁਭਾਉ 'ਸਾਂਈਦਾਸ' ਨਾਲ ਕੀਤਾ। ਆਪਣੇ ਘਰ ਪੁਤ੍ਰ ਨਹੀਂ ਸੀ ਤੇ ਸਾਈਂ ਦਾਸ ਦਾ ਮਿਲਾਪੜਾ ਤੇ ਨੇਕ ਸੁਭਾਉ ਵੇਖਕੇ ਭਾਈ ਨਰਾਇਣ ਦਾਸ ਨੇ ਉਸਨੂੰ ਆਪਣੇ ਘਰ ਡੱਲੇ ਵਿਚ ਪਾਸ ਹੀ ਰੱਖ ਲਿਆ[1]। ਡੱਲੇ ਵਿਚ ਗੁਰਸਿੱਖੀ ਦਾ ਬਹੁਤ ਹੀ ਚਰਚਾ ਸੀ ਤੇ ਸਤਿਸੰਗ ਦਾ ਭਾਰੀ ਪਰਵਾਹ ਚਲਦਾ ਸੀ। ਭਾਈ ਲਾਲੋ, ਭਾਈ ਧੀਰਾ, ਭਾਈ ਬਹਿਲੋ ਆਦਿ ਸਿੱਖੀ ਦੇ ਚਮਕਦੇ ਤਾਰੇ ਇਸ ਗ੍ਰਾਮ ਵਿਚ ਅਨੇਕਾਂ ਹੀ ਹੋਏ ਹਨ। ਮੰਜੀਆਂ ਪੰਘੂੜਿਆਂ ਤੇ ਪੀੜ੍ਹੀਆਂ ਦੀਆਂ ਬਖਸ਼ੀਸ਼ਾਂ ਕਈ ਇਸ ਪਿੰਡ ਦੇ ਗੁਰਮੁਖਾਂ ਨੂੰ ਤੀਜੇ ਗੁਰੂ ਸਾਹਿਬਾਂ ਵਲੋਂ ਪ੍ਰਾਪਤ ਹੋਈਆਂ ਸਨ। ਸਤਿਸੰਗ ਦੇ ਅਮੀਕ ਪਰਵਾਹ ਏਥੇ ਹੋਣ ਕਰਕੇ ਸਾਈਂ ਦਾਸ ਉਤੇ ਬੀ ਪਰਮਾਰਥ ਦਾ ਅਸਰ ਹੋ ਗਿਆ ਤੇ ਉਹ ਸੰਗਤ ਦੇ ਨਾਲ ਸ੍ਰੀ ਅੰਮ੍ਰਿਤਸਰ ਜੀ ਆਇਆ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕੀਤਿਓਸੁ ਤਾਂ ਆਤਮਾਂ ਨੂੰ ਠੰਢ ਪੈ ਗਈ ਤੇ ਸਾਈਂ ਦਾਸ ਗੁਰੂ ਕਾ ਸਿੱਖ ਹੋ ਗਿਆ। ਅਭਯਾਸ ਨੂੰ ਇਹ ਰੰਗ ਲੱਗਾ ਕਿ ਨਾਮ ਦਾ ਜਾਪ ਰਸਨਾ ਤੇ ਟਿਕ ਗਿਆ ਤੇ ਫੇਰ ਇਹ ਸਿਮਰਣ ਬਣਕੇ ਹ੍ਰਿਦੇ ਵਿਚ ਜਾ ਪਹੁੰਚਾ। ਬੀਬੀ ਰਾਮੋ ਸਿੱਖ ਦੀ ਧੀ ਤੇ ਪੱਕੇ ਭਰੋਸੇ ਵਾਲੀ, ਪਤੀ ਸਿਦਕ ਤੇ ਪ੍ਰੇਮ ਵਾਲਾ ਹੋ ਜਾਣ ਕਰਕੇ ਦੋਹਾਂ ਦੀ ਅਨੂਪਮ ਜੋੜੀ ਹੋ ਗਈ। ਜੀਵਨ ਦਾ ਰਸ ਆ ਗਿਆ। ਦੋਵੇਂ ਉਸ ਰਸ ਨੂੰ ਮਾਣਨ ਲਗ ਪਏ, ਜਿਸ ਰਸ ਦੇ ਆਇਆਂ ਕਿ ਸਾਰੇ ਰਸ ਭੁੱਲ ਜਾਂਦੇ ਹਨ[2]।

ਇਸ ਪ੍ਰਕਾਰ ਜਨਮ ਦਾ ਲਾਹਾ ਲੈਂਦਿਆਂ ਇਕ ਐਸਾ ਸਮਾਂ ਆਇਆ ਕਿ ਸਾਰਾ ਪਰਵਾਰ ਸ੍ਰੀ ਗੁਰੂ ਜੀ ਦੇ ਦਰਸ਼ਨ ਲਈ ਅੰਮ੍ਰਿਤਸਰ ਹਾਜ਼ਰ ਹੋਇਆ। ਅੱਗੇ ਉਥੇ ਉਹ ਮਾਮਲਾ ਛਿੜ ਰਿਹਾ ਸੀ ਕਿ ਜਿਸਦੇ ਦਰਦਨਾਕ ਸਾਕੇ ਅਜ ਤਕ ਗੜੇ ਗੜੇ ਦੀ ਹੰਝੂ ਰੁਆਉਂਦੇ ਹਨ। ਚੰਦੂ ਦੀਵਾਨ ਦੀ ਪੁੱਤ੍ਰੀ ਦਾ ਨਾਤਾ ਫੇਰ ਆਇਆ ਸੀ। ਦਿੱਲੀ ਦੀ ਸੰਗਤ ਦਾ ਇਹ ਵੀ ਫੈਸਲਾ ਪਹੁੰਚ ਹੀ ਚੁੱਕਾ ਹੋਇਆ ਸੀ ਕਿ ਆਪ ਨੇ ਇਹ ਨਾਤਾ ਨਹੀਂ ਲੈਣਾ। ਗੁਰੂ ਜੀ ਰੱਬ ਦੀ

---

੧. ਸਾਈਂ ਦਾਸ ਬਸਯੋ ਸਸੁਰਾਰੇ॥ (ਰਾਸ਼ਿ ੫, ਅੰਸੂ ੨੯-੩)

੨. ਰਾਮ ਰਸੁ ਪੀਆ ਰੇ॥ ਜਿਹ ਰਸ ਬਿਸਰਿ ਗਏ ਰਸ ਅਉਰ॥ (ਗਉੜੀ ਕਬੀਰ ਜੀ।)

ਘੱਲੀ ਹੋਈ ਇਲਾਹੀ ਜੋਤ ਸਨ ਪਰ ਸਿੱਖਾਂ ਨੂੰ ਐਨਾ ਪਿਆਰ ਕਰਦੇ ਸਨ ਕਿ ਕਈ ਵਾਰੀ ਸੰਗਤ ਨੂੰ ਇਕੀ ਵਿਸਵੇ ਤੇ ਨਿਜ ਨੂੰ ੨੦ ਵਿਸਵੇ ਕਿਹਾ ਕਰਦੇ ਸਨ* ਸਿੱਖਾਂ ਨੂੰ ਉਹ 'ਮੇਰੇ ਮਾਧਉ ਜੀ ਸਤਿਸੰਗਤਿ ਮਿਲੇ ਸੁ ਤਰਿਆ' ਦੇ ਪਿਆਰੇ ਉਪਦੇਸ਼ ਦਿਆ ਕਰਦੇ ਸੇ। ਉਹ ਸਿੱਖਾਂ ਦੀ ਬਾਬਤ ਇਹ ਫੁਰਮਾਨ ਆਪ ਦਾ ਸੂ: ਪ੍ਰ: ਵਿਚ ਲਿਖਿਆ ਹੈ:-

ਮਾਨਨੀਯ ਗੁਰਸਿੱਖ ਹਮਾਰੇ॥ ਕਰਹਿਂ ਤਥਾ ਇਹ ਜਥਾ ਉਚਾਰੇਂ॥੩੭॥ ਸ੍ਰੀ ਨਾਨਕ ਆਦਿਕ ਗੁਰ ਸਾਰੇ॥ ਜਾਨਤ ਰਹੇ ਇਨਹੁ ਬਹੁ ਪਜਾਰੇ॥ ਹਮ ਭੀ ਮਾਨਤ ਹੈ ਸਿਖ ਬਾਕ। ਕਹਯੋ ਤਿਨਹੁੰ ਨਹਿ ਲੀਜਹਿ ਸਾਕ॥੩੮॥ ...ਹੋਇ ਸਿਖ ਏਤੋ ਪਦ ਪਾਏ। ਸਕਲ ਜਗਤ ਕੇ ਪੂਜ ਬਨਾਏ। ਸਿਖ ਕੇ ਸਮਸਰ ਅਪਰ ਨ ਪਜਾਰੋ। ਸਾਸ ਸਾਸ ਮੈਂ ਸਿਖ ਸੰਭਾਰੋਂ॥੪੧॥ ਪੂਜਨੀਯ ਹੈਂ ਸਿੱਖਜ ਮਹਾਨ। ਤਨ ਧਨ ਮੇਰੋ ਹੈਂ ਸਿੱਖ ਪ੍ਰਾਨ। ਸਿੱਖਨ ਕੀ ਕਰੁਨਾ ਸੁਖ ਪੱਯੈ। ਕਹਜੋ ਤਿਨਹੁੰ ਕੋ ਕਿਮ ਹਟੱਕਯੈ॥੪੨॥

(ਸੂ: ਪ੍ਰ: ਰਾ: ੪- ੮)

ਸੋ ਦਿੱਲੀ ਦੀ ਸੰਗਤ ਦਾ ਲਿਖਿਆ ਮੰਨਕੇ ਗੁਰੂ ਜੀ ਨੇ ਨਾਤੇ ਤੋਂ ਨਾਂਹ ਕਰ ਦਿੱਤੀ ਹੋਈ ਸੀ। ਅੱਜ ਨਾਂਹ ਕਰਕੇ ਆਪ ਨੇ ਫੁਰਮਾਇਆ ਕਿ ਅਸੀਂ ਕਿਸੇ ਆਪਣੇ ਸਿਖ ਦੇ ਘਰ ਸਾਕ ਕਰਾਂਗੇ। ਇਸ ਪ੍ਰਕਾਰ ਦੇ ਬਚਨਾਂ ਨੇ ਸੰਗਤ ਵਿਚ ਖੁਸ਼ੀ ਭਰ ਦਿੱਤੀ ਸੀ। ਇਸ ਵੇਲੇ ਭਾਈ ਨਰਾਇਣ ਦਾਸ ਦੇ ਜੀ ਵਿੱਚ ਆਈ ਕਿ ਜੇ ਛੋਟੀ ਪੁੱਤ੍ਰੀ ਦਮੋਦਰੀ ਨੂੰ ਸ੍ਰੀ ਗੁਰੂ ਜੀ ਦੇ ਸਪੁੱਤ੍ਰ ਦੀ ਸੇਵਾ ਵਿੱਚ ਅਰਪਣ ਕਰਾਂ ਤਦ ਸੁਭਾਗ ਹੋ ਜਾਣ ਸਾਡੇ। ਸ੍ਰੀ ਗੁਰੂ ਅਮਰਦਾਸ ਜੀ ਨੇ ਮੇਰੇ ਪਿਤਾਮਾ ਜੀ ਨੂੰ ਵਰ ਬੀ ਦਿੱਤਾ ਸੀ ਕਿ ਗੁਰੂ ਘਰ ਨਾਲ ਤੁਸਾਂ ਦੀ ਕੁਲ ਦਾ ਨਾਤਾ ਹੋਵੇਗਾ। ਕਿਆ ਉਸੇ ਵਾਕ ਦੀ ਸਫਲਤਾ ਦਾ ਸਮਾਂ ਤਾਂ ਨਹੀਂ ਆ ਪੁੱਜਾ? ਇਹ ਵਿਚਾਰ ਕੇ ਸਾਈਂ ਦਾਸ ਨੂੰ ਕਹਿਣ ਲੱਗਾ: ਪਿਆਰੇ ਪੁੱਤ੍ਰ! ਮੇਰੇ ਜੀ ਵਿਚ ਇਹ ਫੁਰਨਾ ਆਇਆ ਹੈ ਕਿ ਦਮੋਦਰੀ ਨੂੰ ਗੁਰੂ ਸਪੂਤ ਦੇ ਚਰਨਾਂ ਦੀ ਦਾਸੀ ਅਰਪਣ ਕਰੀਏ, ਤੁਹਾਡੀ ਕੀ ਸਲਾਹ ਹੈ? ਭਾਈ ਸਾਈਂ ਦਾਸ ਦੇ ਆਨੰਦ ਨਾਲ ਨੈਣ ਭਰ ਆਏ ਤੇ ਕਹਿਣ ਲੱਗਾ: ਪਿਤਾ ਜੀ! ਦੇਰ ਨਾ ਕਰੋ, ਇਹ ਬਹੁਤ ਸ਼ੁਭ ਸੰਕਲਪ ਹੈ। ਰਾਮੋ ਤੇ ਮਾਈ ਬੀ ਪਾਸ ਹੀ ਸਨ ਉਨ੍ਹਾਂ ਨੇ ਭੀ ਸੁਣਕੇ ਖੁਸ਼ੀ ਮਨਾਈ। ਹੁਣ ਸਾਈਂ ਦਾਸ ਤੇ ਨਰਾਇਣ ਦਾਸ ਹੱਥ ਜੋੜ ਤੇ ਗੱਲ ਪੱਲਾ ਪਾਕੇ ਖੜੇ ਗਏ ਅਰ ਭਾਈ ਨਾਰਾਇਣ ਦਾਸ ਨੇ ਬਿਨਤੀ ਉਚਾਰੀ:-

ਬਡਜੋ ਸਹਤ ਹਮ ਗੁਰ ਸ਼ਰਨਾਈ॥
ਮਮ ਪੁਤ੍ਰੀ ਕੀ ਲੇਹੁ ਸਗਾਈ॥
ਲਾਜ ਬਿਨਾਂ ਮੈਂ ਸਭਾ ਮਝਾਰੀ॥
ਬਿਨਤੀ ਸ਼ਰਧਾ ਸਹਤ ਉਚਾਰੀ॥੧੩॥
ਰਾਖਹੁ ਲਾਜ ਮੋਹਿ ਭਰਵਾਸਾ॥
ਯਾ ਤੇ ਕਹੀ ਆਪਨੀ ਆਸਾ॥

(ਸੂ: ਪ੍ਰ: ਰਾ: ੪ ਅੰਸੂ: ੬)

ਸ੍ਰੀ ਗੁਰੂ ਜੀ ਨੇ ਬੜੇ ਪ੍ਰੇਮ ਨਾਲ ਸਾਕ ਪ੍ਰਵਾਨ ਕੀਤਾ, ਅਰ ਇਉਂ ਸਿੱਖਾਂ ਦੀ ਮਹਿਮਾ ਕਹੀ:-

'ਮਹਿਮਾ ਗੁਰ ਸਿੱਖਨ ਕੀ ਮਹਾਂ।
ਕੋ ਸਮਤਾ ਕਰ ਸਕਹਿ ਨ ਤਹਾਂ॥'

ਉਸ ਵੇਲੇ ਕੁੜਮਾਈ ਦੀ ਮਰਿਆਦਾ ਹੋ ਗਈ ਅਰ ਭਾਈ ਨਰਾਇਣ ਦਾਸ ਜੀ ਨੇ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੂੰ ਸਗਾਈ ਦਾ ਤਿਲਕ ਦੇ ਦਿੱਤਾ। ਇਸ ਪਵਿਤ੍ਰ ਸੰਜੋਗ ਤੋਂ ਸਭ ਨੂੰ ਸੁਖ ਹੋਇਆ, ਪਰ ਬੀਬੀ ਰਾਮੋ ਤੇ ਸਾਈਂ ਦਾਸ ਜੀ ਨੂੰ ਜਿਨ੍ਹਾਂ ਦੇ ਹਿਰਦੇ ਵਿੱਚ ਪ੍ਰੇਮ ਘਰ ਕਰ ਰਿਹਾ ਸੀ, ਜਿਨ੍ਹਾਂ ਦਾ ਜੀਵਨ ਸਫਲ ਜੀਵਨ ਹੋ ਰਿਹਾ ਸੀ, ਜੋ ਸ਼ਰਧਾ ਤੇ ਪਜਾਰ ਭਰੇ ਮਨ ਨਾਲ ਗੁਰੂ ਕੇ ਹੋ ਰਹੇ ਸਨ, ਉਨ੍ਹਾਂ ਨੂੰ ਸ੍ਰੀ ਗੁਰੂ ਜੀ ਦੇ ਨਾਲ ਇਹ ਨਿਕਟਵਰਤੀ ਸੰਬੰਧ ਹੋਣਾ ਕੁਝ ਐਸੇ ਰਸ ਵਿਚ ਪਾ ਗਿਆ ਕਿ ਜੋ ਅਕਹਿ ਸੀ।

- o -

(ਅ)

ਕੁੜਮਾਈ ਦਾ ਕਾਰਜ ਹੋ ਗਿਆ, ਰਾਤ ਅਨੰਦ ਵਿਚ ਬੀਤੀ, ਅੰਮ੍ਰਿਤ ਵੇਲੇ ਦੀਵਾਨ ਲੱਗਾ, ਸਾਰੇ ਆਸਾ ਦੀ ਵਾਰ ਦੇ ਸੁਣਨ ਵਿਚ ਮਗਨ ਹੋ ਗਏ। ਜਦੋਂ ਭੋਗ ਪੈ ਗਿਆ, ਕਥਾ ਕੀਰਤਨ ਹੋ ਚੁੱਕੇ, ਤਦ

---

* ਸੰਗਤ ਗੁਰੂ ਸਮੇਤ ਸੰਗਤ ਹੈ, ਜਿਸ ਤਰ੍ਹਾਂ ਜੰਞ ਲਾੜੇ ਹੋਣ ਤੇ ਜੰਞ ਹੈ ਪਰ ਲਾੜੇ ਬਿਨਾਂ ਜੰਞ ਨਹੀਂ ਹੈ।

ਪਰਵਾਰ ਦੀ ਸਲਾਹ ਨਾਲ ਨਾਰਾਇਣ ਦਾਸ ਨੇ ਬੇਨਤੀ ਕੀਤੀ ਕਿ 'ਸ੍ਰੀ ਗੁਰੂ ਜੀ! ਜੇ ਵਿਵਾਹ ਦਾ ਕਾਰਜ ਝਬਦੇ ਹੋ ਹੀ ਜਾਵੇ, ਤਦ ਬਹੁਤ ਹੀ ਅਨੰਦ ਹੋਵੇ'। ਸ੍ਰੀ ਗੁਰੂ ਜੀ ਨੇ ਹੱਸ ਕੇ ਕਿਹਾ, 'ਨਾਰਾਇਣ ਦਾਸ! ਦੋ ਮਹੀਨੇ ਬੀਤ ਲੈਣ ਦਿਓ, ਮਾਘ ਵਿਚ ਅਸੀਂ ਡੱਲੇ ਆਵਾਂਗੇ ਅਰ ਵਿਵਾਹ ਰੀਤੀ ਕਰਾਂਗੇ, ਤੁਸੀਂ ਹੁਣ ਅਪਨੇ ਘਰ ਜਾਵੋ ਅਰ ਜਾਕੇ ਤਿਆਰੀ ਕਰੋ'। ਨਾਰਾਇਣ ਦਾਸ ਤੇ ਸਾਈਂ ਦਾਸ ਪਰਵਾਰ ਸਮੇਤ ਵਿਦਾ ਹੋਏ ਤੇ ਖਡੂਰ, ਗੋਇੰਦਵਾਲ, ਸੁਲਤਾਨਪੁਰੇ ਹੁੰਦੇ ਹੋਏ ਡੱਲੇ ਪਹੁੰਚ ਕੇ ਵਿਵਾਹ ਦੀਆਂ ਤਿਆਰੀਆਂ ਕਰਨ ਲੱਗ ਪਏ। ਰਾਮੋ ਬੀ ਮਾਂ ਨਾਲ ਦਾਜ ਦੇਣ ਦੇ ਆਹਰ ਵਿਚ ਲਗ ਪਈ। ਇਸ ਕਰਕੇ ਤਾਂ ਲੱਗਣਾ ਹੀ ਸੀ ਕਿ ਛੋਟੀ ਭੈਣ ਦਾ ਵਿਵਾਹ ਹੈ ਪਰ ਵਧੀਕ ਹੁਲਾਸ ਤੇ ਸ਼ਰਧਾ ਇਸ ਗਲ ਵਿਚ ਸੀ ਕਿ ਭੈਣ ਨੇ ਗੁਰੂ ਘਰ ਵਿਚ ਜਾਣਾ ਹੈ, ਜੋ ਕੁਝ ਭੈਣ ਜੋਗ ਦੇਣਾ ਹੈ, ਉਹ ਗੁਰੂ ਗ੍ਰਿਹਿ ਵਿਚ ਪ੍ਰਵਾਣ ਹੋਣਾ ਹੈ। ਪਿਆਰੇ ਜੀਜਾ ਜੀ, ਜੋ ਜਿੰਦੋਂ ਪਿਆਰੇ ਸਤਿਗੁਰੂ ਦੇ ਸਪੁੱਤ੍ਰ ਹਨ ਅਰ ਜਿਨ੍ਹਾਂ ਨੇ ਗੁਰ ਗਦੀ ਤੇ ਬਿਰਾਜਣਾ ਹੈ, ਹਰ ਵੇਲੇ ਰਾਮੋ ਦੀਆਂ ਅੱਖਾਂ ਅੱਗੇ ਰਹਿੰਦੇ ਹਨ। ਰਾਮੋ ਕਲੀਆਂ ਲਾ ਲਾਕੇ ਉਨ੍ਹਾਂ ਜੋਗਾ ਜਾਮਾ ਸੀਉਂਦੀ ਹੈ, ਨੇਤਰ ਭਰ ਭਰ ਆਉਂਦੇ ਹਨ ਤੇ ਸੋਚਦੀ ਹੈ ਕਿ 'ਵਾਹਿਗੁਰੂ ਦੀ ਕੇਡੀ ਦਿਆਲਤਾ ਹੈ। ਪਿਤਾ ਸਿੱਖ, ਮਾਤਾ ਸਿੱਖ, ਪਤੀ ਸਿੱਖ, ਅਰ ਹੁਣ ਗੁਰੂ ਜੀ ਨਾਲ ਸਾਕਾਦਾਰੀ ਹੋ ਗਈ ਹੈ'। ਇਹੋ ਹਾਲ ਸਾਈਂ ਦਾਸ ਦੇ ਹਿਰਦੇ ਦਾ ਹੈ, ਚੁਣ ਚੁਣ ਕੇ ਵਧੀਆ ਤੋਂ ਸੁੰਦਰ ਸ਼ੈਆਂ ਪਿਆਰ ਨਾਲ ਲਿਆਉਂਦਾ ਹੈ। ਸ੍ਰੀ ਹਰਗੋਬਿੰਦ ਜੀ ਨੂੰ ਉਹ ਨਿਰਾ ਸਾਕ ਹੀ ਨਹੀਂ ਦੇਖਦਾ ਪਰ ਗੁਰੂ ਕਾ ਰੂਪ ਗੁਰ ਗਾਦੀ ਤੇ ਬਿਰਾਜਣਹਾਰ। ਸੋ ਸਾਰੇ ਜਣੇ ਗੁਰਸਿੱਖੀ ਦੇ ਪ੍ਰੇਮ ਵਿਚ ਭਰੇ ਹੋਏ ਜੋ ਤਿਆਰੀ ਕਰ ਰਹੇ ਹਨ, ਸੰਸਾਰੀਆਂ ਵਾਂਗੂੰ ਮੋਹ ਵਿਚ ਨਹੀਂ, ਪਰ ਪ੍ਰੇਮ ਵਿਚ!

ਇਹ ਦੋ ਮਹੀਨੇ ਜਿਸ ਰੰਗ ਦੇ ਨਾਰਾਇਣ ਦਾਸ ਦੇ ਘਰ ਬੀਤੇ ਉਸ ਦਾ ਰਸ ਉਸ ਦਾ ਪਰਵਾਰ ਹੀ ਜਾਣ ਸਕਦਾ ਸੀ। ਮਾਵਾਂ ਧੀਆਂ ਤਾਂ ਦਾਜ ਦੇਣ ਦੇ ਠੀਕ ਕਰਨ, ਹੋਰ ਮੁੱਲ ਲੈਣ ਤੇ ਸੀਉਣ ਪਰੋਣ ਵਿਚ ਲਗੀਆਂ ਰਹਿੰਦੀਆਂ ਹਨ ਤੇ ਸਹੁਰਾ ਤੇ ਜਵਾਈ ਸਾਮਾਨ ਖਰੀਦਣ, ਘਿਉ, ਖੰਡ, ਮੈਦਾ, ਬਾਲਣ ਆਦਿ ਸਾਮਾਨ ਤਿਆਰ ਕਰਾਉਣ ਦੇ ਆਹਰ ਵਿਚ ਹਨ। ਪਿੰਡ ਸਾਰਾ ਪ੍ਰੇਮੀ ਸਿੱਖਾਂ ਨਾਲ ਭਰਪੂਰ ਹੈ, ਸਾਰੇ ਦੇ ਸਾਰੇ ਪ੍ਰੇਮ ਨਾਲ ਸਹਾਇਤਾ ਕਰਦੇ ਹਨ ਅਰ ਸਾਰੇ ਸਮਝਦੇ ਹਨ ਕਿ ਸਾਡੇ ਪਿੰਡ ਦੀ ਮਹਾਨ ਵਡਿਆਈ ਹੋਈ ਹੈ ਕਿ ਸ੍ਰੀ ਗੁਰੂ ਜੀ ਨੇ ਇਸ ਥਾਂ ਦੀ ਬਾਲੀ ਆਪਣੇ ਸਪੂਤ ਦੀ ਦਾਸੀ ਹੋਣ ਲਈ ਕਬੂਲੀ ਹੈ। ਭੈਣਾਂ, ਦੁਭੈਣਾਂ, ਸਤਿਸੰਗਣਾਂ, ਵੱਧ ਤੋਂ ਵੱਧ ਚੋਲੀਆਂ, ਬਾਗ, ਫੁਲਕਾਰੀਆਂ, ਤੇ ਚੋਪ ਕੱਢ ਕੱਢ ਤੇ ਲਿਆ ਲਿਆ ਦੇਂਦੀਆਂ ਤੇ ਕਹਿੰਦੀਆਂ ਹਨ 'ਪ੍ਰੇਮ ਦੇਈਏ! ਜੇ ਇਹ ਲੀਰ ਆਪਣੀ ਸਪੁੱਤ੍ਰੀ ਦੇ ਦਾਜ ਲਈ ਕਬੂਲ ਲਵੇਂ ਤਾਂ ਸਾਡੇ ਬੀ ਧੰਨ ਭਾਗ ਹੋ ਜਾਣ, ਇਸ ਵਸੀਲੇ ਹੀ ਸਹੀ ਜੋ ਇਹ ਨਿਕਾਰੀ ਸ਼ੈ ਸਤਿਗੁਰਾਂ ਦੇ ਦਰਬਾਰ ਅੱਪੜ ਪਵੇ ਅਰ ਸ੍ਰੀ ਗੰਗਾ ਜੀ ਵਰਗੀ ਧਰਮ ਮੂਰਤ ਦੇ ਪਿਆਰੇ ਹੱਥ ਇਨ੍ਹਾਂ ਨੂੰ ਇਕ ਵੇਰ ਛੋਹ ਹੀ ਲੈਣ'। ਪ੍ਰੇਮ ਦਈ ਉਨ੍ਹਾਂ ਦੀ ਸਿੱਕ ਤੇ ਸੱਧਰ ਦੇ ਕਾਰਣ ਅਰ ਉਸ ਸਫਾਈ ਦੀ ਵਰਤਣ ਦੇ ਸਬਬ ਜੋ ਸਤਿਸੰਗੀਆਂ ਦੀ ਆਪੋ ਵਿੱਚ ਹੋਇਆ ਕਰਦੀ ਹੈ, ਕਿਸੇ ਨੂੰ ਨਾਂਹ ਨਹੀਂ ਕਰਦੀ ਤੇ ਸਿਰ ਅੱਖਾਂ ਤੇ ਧਰਕੇ ਕਬੂਲਦੀ ਤੇ ਕਹਿੰਦੀ ਹੈ 'ਮੇਰੇ ਧੰਨ ਭਾਗ ਜਿਸ ਦੇ ਘਰ ਕੁਲਤਾਰੂ ਪੁੱਤਰੀ ਆਈ ਹੈ।

ਦੋ ਮਹੀਨੇ ਬੀਤ ਗਏ। ਦਿਨਾਂ ਬੀਤਦਿਆਂ ਕੀ ਚਿਰ ਲਗਦਾ ਹੈ। ਇਧਰ ਮਾਤਾ ਗੰਗਾ ਜੀ ਨੇ ਸਾਰੀ ਤਿਆਰੀ ਪੁੱਤ੍ਰ ਵਿਵਾਹ ਦੀ ਕਰ ਲਈ ਹੋਈ ਸੀ। ਸ੍ਰੀ ਗੁਰੂ ਜੀ ਸੰਗਤ ਤੇ ਸਨਬੰਧੀ ਨਾਲ ਲੈਕੇ ਤੁਰੇ। ਖਡੂਰ ਸਾਹਿਬ ਆਏ, ਗੁਰ ਅਸਥਾਨ ਦੇ ਦਰਸ਼ਨ ਕੀਤੇ ਦਾਤੂ ਜੀ ਤਾਂ ਪਹਿਲੋਂ ਹੀ ਨਾਲ ਸਨ। ਫੇਰ ਆਪ ਗੋਇੰਦਵਾਲ ਆਏ ਤੇ ਮੋਹਨ ਜੀ ਦੀਆਂ ਅਸੀਸਾਂ ਲਈਆਂ। ਮੋਹਰੀ ਜੀ ਤੇ ਪਰਵਾਰ ਤਾਂ ਨਾਲ ਸੀ ਹੀ। ਮੋਹਰੀ ਜੀ ਨੇ ਸਾਰੀ ਜੰਞ ਨੂੰ ਪ੍ਰਸਾਦਿ ਛਕਾਇਆ। ਫੇਰ ਸੁਲਤਾਨਪੁਰ ਆਏ। ਸਤਿਗੁਰ ਨਾਨਕ ਦੇਵ ਜੀ ਦੇ ਗੁਰਦੁਆਰਿਆਂ ਦੇ ਦਰਸ਼ਨ ਕੀਤੇ। ਅਗਲੇ ਦਿਨ ਡੱਲੇ ਪਹੁੰਚੇ। ਕੁੜਮ ਸਾਰੀ ਸੰਗਤ ਸਮੇਤ ਜੋਟੀਆਂ ਦੇ ਸ਼ਬਦ ਪੜ੍ਹਦੇ ਅਗੋਂ ਲੈਣ ਵਾਸਤੇ ਆਏ ਤੇ ਪ੍ਰੇਮ ਨਾਲ 'ਜੀ ਆਇਆਂ' ਨੂੰ ਕਰਕੇ

SIKHBOOKCLUB.COM

ਸ਼ੁਭ ਅਸਥਾਨ ਉਤਾਰਾ ਦਿੱਤਾ। ਸੀ ਤਾਂ ਵਿਵਾਹ, ਪਰ ਮੰਗਲ ਉਹੋ ਹੋ ਰਹੇ ਸੇ ਜੋ ਆਤਮ ਆਨੰਦ ਦੇਣ। ਸ਼ਬਦ ਕੀਰਤਨ ਦੀ ਅਖੰਡ ਧੁਨਿ ਲੱਗ ਰਹੀ ਸੀ, ਗੁਰਬਾਣੀ ਦਾ ਥਾਂ ਥਾਂ ਉਚਾਰ ਹੋ ਰਿਹਾ ਸੀ ਤੇ ਘਰ ਘਰ ਸ਼ਬਦਾਂ ਦੀ ਘਨਘੋਰ ਲੱਗ ਰਹੀ ਸੀ।

ਵੇਖੋ! ਗੁਰੂ ਕੇ ਸਿੱਖਾਂ ਦੀ ਕਰਨੀ, ਆਪਣੀ ਖੁਸ਼ੀ ਕਿਨ੍ਹਾਂ ਗੱਲਾਂ ਵਿੱਚ ਸਮਝਦੇ ਸਨ। ਗੁਰੂ ਜੀ ਦੇ ਆਪਣੇ ਪਿੰਡ ਵਿਵਾਹ ਲਈ ਆਉਣ ਦੀ ਸਫਲਤਾ ਸਿਖ ਕਿਸ ਗੱਲ ਵਿਚ ਖਿਆਲ ਕਰਦੇ ਸਨ। ਭਰੇ ਦੀਵਾਨ ਵਿੱਚ ਸ੍ਰੀ ਗੁਰੂ ਜੀ ਦੀ ਸੇਵਾ ਵਿਖੇ ਡੱਲੇ ਦੀ ਸੰਗਤ ਬਿਨੈ ਕਰਦੀ ਹੈ ਕਿ ਹੇ ਦੀਨ ਦਿਆਲ ਜੀ! ਆਪ ਨੇ ਏਥੇ ਚਰਨ ਪਾਏ ਹਨ, ਕੋਈ ਐਸੀ ਕਿਰਪਾ ਕਰੋ ਕਿ ਆਪ ਦੇ ਇਥੇ ਕਿਰਪਾ ਕਰਨ ਦਾ ਨਿਸ਼ਾਨ ਕਾਇਮ ਹੋ ਜਾਵੇ। ਸ੍ਰੀ ਗੁਰੂ ਜੀ ਨੇ ਕਿਹਾ 'ਸਤਿ ਬਚਨ, ਜਿਵੇਂ ਸੰਗਤ ਦਾ ਪ੍ਰੇਮ ਹੋਵੇ।'

ਉਸ ਸਮੇਂ ਨਹਿਰਾਂ ਨਹੀਂ ਸਨ ਹੁੰਦੀਆਂ, ਪਾਣੀ ਦੀ ਥੁੜ ਥਾਂ ਥਾਂ ਹੁੰਦੀ ਸੀ। ਸੋ ਸਤਿਗੁਰ ਜੀ ਨੇ ਡੱਲੇ ਵਿਚ ਇਕ ਬਾਉਲੀ ਲਾ ਦੇਣ ਦੀ ਸਲਾਹ ਕੀਤੀ ਤੇ ਲੌਢੇ ਪਹਿਰ ਇਕ ਉੱਤਮ ਥਾਉਂ ਢੂੰਡ ਕੇ ਆਪਣੀ ਹਥੀਂ ਟੱਕ ਲਾਇਆ। ਫੇਰ ਸ੍ਰੀ ਗੁਰੂ ਜੀ ਨੇ ਭਾਈ ਸਾਲੋ ਨੂੰ ਕਿਹਾ ਕਿ ਭਾਈ ਜੀ ਤੁਸੀਂ ਇਥੇ ਕੁਛ ਕਾਲ ਟਿਕ ਜਾਓ ਅਰ ਬਉਲੀ ਦੀ ਸੇਵਾ ਕਰਾਓ। ਡੱਲੇ ਦੀ ਸੰਗਤ ਨੇ ਆਪਣੇ ਧੰਨ ਭਾਗ ਜਾਣਕੇ ਆਪ ਧਰਤੀ ਖੰਨੀ ਅਰ ਆਪ ਉਸਾਰੀ ਕਰਕੇ ਬਾਉਲੀ ਸਮਾਪਤ ਕੀਤੀ। ਇਹ ਬਾਉਲੀ ਸ੍ਰੀ ਗੁਰੂ ਜੀ ਦੇ ਕਰ ਕਮਲਾਂ ਦੇ ਉਪਕਾਰ ਦੀ ਯਾਦਗਾਰ, ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਵਿਵਾਹ ਦੀ ਸੱਚੀ ਖੁਸ਼ੀ ਤੇ ਸੁਖ ਦਾ ਸੋਮਾਂ ਹੁਣ ਤੱਕ ਓਥੇ ਹੈ ਅਰ ਦੱਸ ਰਹੀ ਹੈ ਕਿ ਗੁਰੂ ਜੀ ਕਿਵੇਂ ਉਪਕਾਰ ਦੇ ਕੰਮਾਂ ਨੂੰ ਸਿਰੇ ਚਾੜ੍ਹਦੇ ਸਨ। ਇਸ ਪ੍ਰਕਾਰ ਆਸਾ ਦੀਆਂ ਵਾਰਾਂ ਲਗਦੀਆਂ ਰਹੀਆਂ ਅਰ ਉਸੇ ਤਰ੍ਹਾਂ ਕਥਾ ਕੀਰਤਨ ਉਪਦੇਸ਼ ਹੁੰਦੇ ਰਹੇ ਜਿਸ ਤਰ੍ਹਾਂ ਕਿ ਗੁਰੂ ਜੀ ਦੇ ਨਿਤਾਪ੍ਰਤੀ ਹੁੰਦਾ ਸੀ। ਵਿਆਹ ਕਾਰਜ ਹੋ ਗਿਆ। ਦੂਲੋ ਜੀ ਨੂੰ ਸੱਸ ਨੇ ਗੋਦ ਵਿਚ ਲੈ ਕੇ ਪਿਆਰ ਦਿੱਤਾ। ਸਾਲੀ ਪ੍ਰੇਮ ਨਾਲ ਨਿਹਾਲ ਹੋ ਰਹੀ ਹੈ ਅਰ ਜੀਜਾ ਨੂੰ ਸਿੱਠਣੀਆਂ ਦੇਣ ਦੀ ਥਾਂ ਉਨ੍ਹਾਂ ਦੇ ਚਰਨਾਂ ਪਰ ਸੀਸ ਧਰਕੇ ਮਨ ਹੀ ਵਿਚ ਕਹਿੰਦੀ ਹੈ-

"ਪ੍ਰਭ ਜਨਮ ਮਰਨ ਨਿਵਾਰਿ॥
ਹਾਰਿ ਪਰਿਓ ਦੁਆਰਿ॥"

ਦੂਲੋ ਜੀ ਸੱਸ ਦੀ ਗੋਦ ਵਿਚ ਹਨ, ਉਧਰ ਸਾਲੀ ਚਰਨਾਂ ਨੂੰ ਮਸਤਕ ਨਾਲ ਲਾਈ ਛੰਮ ਛੰਮ ਹੰਝੂ ਕੇਰ ਰਹੀ ਹੈ, ਸਾਈਂ ਦਾਸ ਪ੍ਰੇਮ ਦੀ ਮੂਰਤ ਬਣੀ ਹੱਥ ਬੰਨ੍ਹੀ ਖੜੇ ਹਨ, ਨਾਰਾਇਣ ਦਾਸ ਜੀ ਅਚਰਜ ਪਿਆਰ ਨਾਲ ਤੱਕ ਕੇ ਅਦਬ ਸਹਿਤ ਕੋਲ ਬੈਠੇ ਹਨ, ਸਾਰਾ ਪਰਵਾਰ ਮੂਰਤ ਵਾਂਙ ਅਚੱਲ- ਕੋਈ ਬੈਠਾ ਕੋਈ ਖੜਾ- ਤੱਕ ਰਿਹਾ ਹੈ। ਰਾਮੋਂ ਦਾ ਪ੍ਰੇਮ ਰੋਕਿਆਂ ਰੁਕਿਆ ਨਾ, ਉਸਦੇ ਮੂੰਹੋਂ ਕਿਸੇ ਅਰਦਾਸ ਦੇ ਭਾਉ ਵਿਚ ਨਿਕਲਿਆ:-

"ਪੰਕਜ ਫਾਥੇ ਪੰਕ ਮਹਾ ਮਦ ਗੁੰਫਿਆ॥
ਅੰਗ ਸੰਗ ਉਰਝਾਇ ਬਿਸਰਤੇ ਸੁੰਫਿਆ॥
ਹੈ ਕੋਊ ਐਸਾ ਮੀਤੁ ਜਿ ਤੋਰੈ ਬਿਖਮ ਗਾਂਠਿ॥

ਇਹ ਅੰਤਲੀ ਤੁਕ ਅਤਿ ਅਧੀਨਗੀ ਦੀ ਬਿਨੈ ਵਿਚ ਕਈ ਵਾਰ ਮੂੰਹੋਂ ਨਿਕਲੀ। ਦੂਲਹਾ ਜੀ ਪ੍ਰੇਮ ਨਾਲ ਬੋਲੇ:-

"ਨਾਨਕ ਇਕੁ ਸ੍ਰੀ ਧਰ ਨਾਥੁ ਜਿ ਟੂਟੇ ਲੇਇ ਸਾਂਠਿ॥੧੫॥
ਸਤਿਗੁਰ ਕੀਨੀ ਦਾਤਿ ਮੂਲਿ ਨ ਨਿਖੁਟਈ॥
ਖਾਵਹੁ ਭੁੰਚਹੁ ਸਭਿ ਗੁਰਮੁਖਿ ਛੁਟਈ॥
ਅੰਮ੍ਰਿਤੁ ਨਾਮੁ ਨਿਧਾਨੁ ਦਿਤਾ ਤੁਸਿ ਹਰਿ॥
ਨਾਨਕ ਸਦਾ ਅਰਾਧਿ ਕਦੇ ਨ ਜਾਂਹਿ ਮਰਿ॥੧੭॥

ਇਹ ਆਸ਼ਾ, ਦਾਤ ਤੇ ਕ੍ਰਿਪਾਲਤਾ ਦਾ ਫੁਨਹਾ ਸੁਣਕੇ ਰਾਮੋ ਨੇ ਪਿਆਰ ਨਾਲ ਪੜ੍ਹਿਆ:-

"ਚਾਤ੍ਰਿਕ ਚਿਤ ਸੁਚਿਤ ਸੁ ਸਾਜਨੁ ਚਾਹੀਐ॥
ਜਿਸੁ ਸੰਗਿ ਲਾਗੇ ਪ੍ਰਾਣ ਤਿਸੈ ਕਉ ਆਹੀਐ॥
ਬਨੁ ਬਨੁ ਫਿਰਤ ਉਦਾਸ ਬੂੰਦ ਜਲ ਕਾਰਣੇ॥
ਹਰਿਹਾਂ ਤਿਉ ਹਰਿ ਜਨੁ ਮਾਂਗੈ ਨਾਮੁ ਨਾਨਕ ਬਲਿਹਾਰਣੈ॥੧੧॥

ਪਿਆਰੇ ਦੂਲਹਾ ਜੀ ਬੋਲੇ:-

"ਅਉਖਧੁ ਨਾਮੁ ਅਪਾਰੁ ਅਮੋਲਕੁ ਪੀਜਈ॥
ਮਿਲਿ ਮਿਲਿ ਖਾਵਹਿ ਸੰਤ ਸਗਲ ਕਉ ਦੀਜਈ॥
ਜਿਸੈ ਪਰਾਪਤਿ ਹੋਇ ਤਿਸੈ ਹੀ ਪਾਵਣੇ॥
ਹਰਿਹਾਂ ਹਉ ਬਲਿਹਾਰੀ ਤਿਨ ਜਿ ਹਰਿ ਰੰਗੁ ਰਾਵਣੇ॥੨੨॥

ਇਸ ਵੇਲੇ ਸੰਗਤ ਤੇ ਬੜਾ ਪ੍ਰੇਮ ਦਾ ਪ੍ਰਭਾਵ ਛਾਇਆ। ਇਸ ਮਹਾਨਤਾ ਦੇ ਰਸ ਵਿਚ ਬੇਵਸ ਹੋਈ ਸਾਰੀ ਸੰਗਤ ਇਹ ਗਾਉਣ ਲੱਗ ਪਈ:-

ਜਿਥੈ ਜਾਏ ਭਗਤੁ ਸੁ ਥਾਨੁ ਸੁਹਾਵਣਾ॥
ਸਗਲੇ ਹੋਏ ਸੁਖ ਹਰਿ ਨਾਮੁ ਧਿਆਵਣਾ॥
ਜੀਅ ਕਰਨਿ ਜੈਕਾਰੁ ਨਿੰਦਕ ਮੁਏ ਪਚਿ॥
ਸਾਜਨ ਮਨਿ ਆਨੰਦੁ ਨਾਨਕ ਨਾਮੁ ਜਪਿ॥੧੮॥

ਇਸ ਵੇਲੇ ਦੇ ਇਸ ਮੰਗਲਾਚਾਰ ਤੇ ਸ਼ਬਦ ਉਚਾਰ ਦੀ ਜਦ ਸ੍ਰੀ ਗੁਰੂ ਜੀ ਨੂੰ ਖਬਰ ਅੱਪੜੀ ਤਦ ਸਹਿਜ ਸੁਭਾਵ ਬੋਲੇ- "ਹਰਿਗੋਬਿੰਦ ਸੂਰਾ ਗੁਰੂ, ਸਾਈਂ ਦਾਸ ਰਾਮੋ ਪੂਰੇ ਸਿੱਖ, ਡੱਲੇ ਦੀ ਸਿੱਖੀ ਧੰਨ।"

ਤ੍ਰੈ ਦਿਨ ਸ੍ਰੀ ਗੁਰੂ ਜੀ ਉਥੇ ਰਹੇ, ਨਰਾਇਣ ਦਾਸ ਨੇ ਬੜੇ ਪ੍ਰੇਮ ਤੇ ਆਦਰ ਨਾਲ ਸੇਵਾ ਕੀਤੀ, ਜਥਾ ਸ਼ਕਤ ਪ੍ਰੇਮ ਤੇ ਉਤਸ਼ਾਹ ਨਾਲ ਭਰਪੂਰ ਦਾਜ ਦਿੱਤਾ। ਇਹ ਸਭ ਕੁਝ ਕਰਕੇ ਜਦ ਗੁਰੂ ਜੀ ਵਿਦਾ ਹੋਣ ਲਗੇ ਤਦ ਨਿੰਮ੍ਰਤਾ ਭਰੀ ਬੇਨਤੀ ਕੀਤੀ:-

ਔਰ ਕਛੂ ਨ ਬਨਜੋ ਮੁਝ ਤੇ ਇਕਿ ਦਾਸੀ ਦਈ ਹਿਤ ਸੇਵ ਤੁਮਾਰੀ॥ ਆਪ ਕੋ ਨਾਮ ਅਨਾਥ ਕੋ ਨਾਥ ਹੈ ਰਾਖ ਲਈ ਪਤ ਆਨਿ ਹਮਾਰੀ॥ ਦੋਨਹੁੰ ਲੋਕ ਸਹਾਇ ਕਰਹੁ ਸੁ ਕਰੋਰਨ ਕੀ ਕਰਤੇ ਰਖਵਾਰੀ॥ ਮੈ ਪਕਰਜੋ ਇਕ ਦਾਮਨ ਆਪ ਕੋ ਆਯੋ ਸ਼ਰੰਨ ਲਖੇ ਉਪਕਾਰੀ॥੮॥

(ਸੂ: ਪ੍ਰ:)

ਸ੍ਰੀ ਗੁਰੂ ਜੀ ਨੇ ਨਾਰਾਇਣ ਦਾਸ ਨੂੰ ਗੱਲ ਲਾ ਲਿਆ, ਅਰ ਪ੍ਰੇਮ ਨਾਲ ਕਿਹਾ, "ਭਾਈ ਨਾਰਾਇਣ ਦਾਸ! ਤੇਰਾ ਸਰੂਪ ਵਿਚ ਵਾਸ"। ਇਸ ਵੇਲੇ ਸਾਈਂ ਦਾਸ ਤੇ ਰਾਮੋ ਹੱਥ ਜੋੜੀ ਚਰਨੀਂ ਆ ਪਏ ਅਰ ਇਹ ਸ਼ਬਦ ਉਚਾਰਨ ਲੱਗੇ:-

ਹਮ ਪਾਥਰ ਗੁਰੁ ਨਾਵ ਬਿਖੁ ਭਵਜਲੁ ਤਾਰੀਐ ਰਾਮ॥ ਗੁਰ ਦੇਵਹ ਸਬਦ ਸੁਭਾਇ ਮੈ ਮੂੜ ਨਿਸਤਾਰੀਐ ਰਾਮ॥ ਹਮ ਮੂੜ ਮੁਗਧ ਕਿਛੁ ਮਿਤਿ ਨਹੀ ਪਾਈ ਤੂ ਅਗੰਮੁ ਵਡ ਜਾਣਿਆ॥ ਤੂ ਆਪਿ ਦਇਆਲੁ ਦਇਆ ਕਰਿ ਮੇਲਹਿ ਹਮ ਨਿਰਗੁਣੀ ਨਿਮਾਣਿਆ॥ ਅਨੇਕ ਜਨਮ ਪਾਪ ਕਰਿ ਭਰਮੇ ਹੁਣਿ ਤਉ ਸਰਣਾਗਤਿ ਆਏ॥ ਦਇਆ ਕਰਹੁ ਰਖਿ ਲੇਵਹੁ ਹਰਿ ਜੀਉ ਹਮ ਲਾਗਹ ਸਤਿਗੁਰ ਪਾਏ॥

(ਤੁਖਾ: ਛੰ: ਮ:੪)

ਸ੍ਰੀ ਗੁਰੂ ਜੀ ਸਿੱਖਾਂ ਦੇ ਪ੍ਰੇਮ ਨੂੰ ਦੇਖ ਆਪ ਵੀ ਪ੍ਰੇਮ ਦੇ ਘਰ ਵਿੱਚ ਆ ਗਏ ਤੇ ਪਿਆਰ ਨਾਲ ਥਾਪੀ ਦੇ ਕੇ ਬੋਲੇ:-

ਮਿਤ ਕਾ ਚਿਤੁ ਅਨੂਪੁ ਮਰੰਮੁ ਨ ਜਾਨੀਐ॥
ਗਾਹਕ ਗੁਨੀ ਅਪਾਰ ਸੁ ਤਤੁ ਪਛਾਨੀਐ॥
ਚਿਤਹਿ ਚਿਤੁ ਸਮਾਇ ਤ ਹੋਵੈ ਰੰਗੁ ਘਨਾ॥
ਹਰਿਹਾਂ ਚੰਚਲ ਚੋਰਹਿ ਮਾਰਿ ਤ ਪਾਵਹਿ ਸਚੁ ਧਨਾ॥੧੨॥

(ਫੁਨਹੇ)

- o -

(ੲ)

ਭਾਈ ਸਾਈਂ ਦਾਸ ਜੀ ਦੀਵਾਲੀ ਵੈਸਾਖੀ ਆਦਿਕ ਨੂੰ ਗੁਰੂ ਜੀ ਦੇ ਦਰਸ਼ਨਾਂ ਨੂੰ ਜਾਯਾ ਕਰਦੇ ਸਨ ਤੇ ਇਸ ਤੋਂ ਛੁਟ ਬੀ ਕਈ ਵੇਰ ਜਾਂਦੇ ਸਨ। ਸ੍ਰੀ ਹਰਿਗੋਬਿੰਦ ਜੀ ਸੁਹਰੇ ਘਰ ਆਉਂਦੇ ਤਾਂ ਇਨ੍ਹਾਂ ਦੇ ਅਨੰਦ ਦੀ ਹੱਦ ਨਾ ਰਹਿੰਦੀ। ਇਸ ਪ੍ਰਕਾਰ ਸਮਾਂ ਬਿਤੀਤ ਹੁੰਦਾ ਰਿਹਾ। ਇਸ ਸਮੇਂ ਵਿੱਚ ਅਨੇਕਾਂ ਸਾਮਾਨ ਖੇਦਾਂ ਦੇ ਹੋਏ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕੁਝ ਲਾਹੌਰ ਦੇ ਹਾਕਮਾਂ ਤੇ ਸ਼ਰਈ ਮੁਲਾਣਿਆਂ ਆਦਿਕਾਂ ਦੇ ਤਅੱਸਬ ਨੇ, ਕੁਛ ਚੰਦੂ ਦੀ ਚੁੱਕ ਨੇ ਕਈ ਮੁਸ਼ਕਲਾਂ ਪਾਈਆਂ। ਕਦੇ ਤਾਂ ਅਕਬਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸੁਣੀ ਅਰ ਸੁਣਕੇ ਤਸੱਲੀ ਪਾਈ ਸੀ ਕਿ ਇਹ ਧਰਮ ਪੁਸਤਕ ਨਿਰੀ ਵਾਹਿਗੁਰੂ ਆਰਾਧਣ ਦੀ ਪ੍ਰਤੀਪਾਦਕ ਹੈ, ਸਗੋਂ ਮੁੜਦੀ ਵੇਰ ਅਕਬਰ ਗੋਇੰਦਵਾਲ ਠਹਿਰਿਆ ਬੀ ਅਰ ਗੁਰੂ ਜੀ ਦੇ ਦਰਸ਼ਨ ਪਾ ਕੇ ਅਨੰਦਿਤ ਬੀ ਹੋਇਆ ਸੀ। ਖੁਲਾਸਾ-ਤੁੱ-ਤ੍ਵਾਰੀਖ ਵਿਚ ਲਿਖਿਆ ਹੈ ਕਿ ਇਕ ਵੇਰ ਗੁਰੂ ਅਰਜਨ ਦੇਵ ਜੀ ਦੇ ਕਹਿਣੇ ਤੇ ਅਕਬਰ ਨੇ ਪਰਜਾ ਦੇ ਮਾਮਲੇ ਵਿਚ ਕੁਛ ਛੋਟ ਕਰ ਦਿੱਤੀ ਸੀ*, ਕਦੇ ਹੁਣ ਸਮਾਂ ਆਯਾ ਹੈ ਕਿ ਹਾਕਮਾਂ ਵਲੋਂ ਖੇਦ ਪਹੁੰਚਦੇ ਹਨ!

ਡੱਲੇ ਕਦੇ ਇਹ ਖ਼ਬਰ ਪਹੁੰਚੇ ਕਿ ਸੁਲਬੀ ਖਾਂ ਗੁਰੂ ਜੀ ਨੂੰ ਦੁਖ ਦੇਣ ਲਈ ਆ ਰਿਹਾ ਹੈ। ਕਦੇ

* ਖੁਲਾਸਾ- ਤੁੱ- ਤਾਰੀਖ ਸਫਾ ੪੫੨

ਇਹ ਪਤਾ ਮਿਲੇ ਕਿ ਸੁਲਹੀ ਖਾਂ ਆ ਰਿਹਾ ਹੈ। ਪ੍ਰੇਮੀ ਜ਼ਰਾਕੁ ਫਿਕਰ ਦਾ ਚੱਕਰ ਵੇਖਕੇ ਝਟ ਏਥੇ ਆ ਟਿਕਣ ਕਿ ਗੁਰੂ ਜੀ ਦੇ ਆਪਣੇ ਚੋਜ ਹਨ, ਉਂਜ ਓਹ ਆਪ ਦੁਖਾਂ ਸੁਖਾ ਤੋਂ ਅਤੀਤ ਹਨ। ਫੇਰ ਇਹ ਖਬਰਾਂ ਬੀ ਮਿਲ ਪੈਣ ਕਿ ਸੁਲਬੀ ਨੂੰ ਕਿਸੇ ਮੁਸਲਮਾਨ ਨੇ ਮਾਰ ਦਿੱਤਾ ਹੈ ਤੇ ਸੁਲਹੀ ਆਵੇ ਦੇਖਦਾ ਵਿੱਚੇ ਢੈ ਮੋਇਆ ਹੈ। ਇਸਤਰ੍ਹਾਂ ਸਮੇਂ ਲੰਘਦਿਆਂ ਇਕ ਦਿਨ ਇਹ ਭਿਆਨਕ ਖ਼ਬਰ ਆ ਹੀ ਗਈ ਕਿ ਸ੍ਰੀ ਗੁਰੂ ਜੀ ਲਹੌਰ ਗਏ ਹਨ ਤੇ ਫੇਰ ਪਤਾ ਨਹੀਂ ਕੀ ਹੋਇਆ ਹੈ ਕਿ ਆਪਦਾ ਥਹੁ ਹੀ ਨਹੀਂ ਮਿਲਦਾ। ਜਾਂਦੇ ਹੋਏ ਸ੍ਰੀ ਹਰਿ ਗੋਬਿੰਦ ਜੀ ਲਈ ਗੁਰਿਆਈ ਦਾ ਇਸ਼ਾਰਾ ਬੀ ਕਰ ਗਏ ਹਨ ਅਰ ਮਾਤਾ ਗੰਗਾ ਜੀ ਨੂੰ ਕੁਝ ਭਾਣੇ ਵਰਤਾਉਣ ਦੀ ਸੂੰਹ ਬੀ ਦੇ ਗਏ ਹਨ। ਪ੍ਰੇਮੀ ਗੁਰੂ ਨੂੰ ਸਦਾ "ਜਨਮ ਮਰਨ ਦੋਹਹੂ ਮਹਿ ਨਾਹੀ" ਵੇਖਦੇ ਹਨ, ਪਰ ਦ੍ਰੋਹੀਆਂ ਦੇ ਦ੍ਰੋਹ ਦੇ ਕਾਰਨ ਉਨ੍ਹਾਂ ਦੇ ਸਰੀਰ ਦੇ ਫਿਕਰ ਕਰਕੇ ਡੱਲੇ ਦੀ ਸਾਰੀ ਸਿੱਖ ਸੰਗਤ ਵਾਹੋਦਾਹੀ ਸ੍ਰੀ ਅੰਮ੍ਰਿਤਸਰ ਜੀ ਆਈ। ਅੱਗੇ ਏਥੇ ਬੀ ਉਦਾਸੀ ਛਾ ਰਹੀ ਸੀ ਕਿ ਲਾਹੌਰ ਸਤਿਗੁਰਾਂ ਦਾ ਪਤਾ ਨਹੀਂ ਲਗਦਾ। ਚੰਗੇ ਚੰਗੇ ਸਿੱਖ ਸਾਰੇ ਲਾਹੌਰ ਟੁਰ ਚੁੱਕੇ ਸੇ। ਸਾਈਂ ਦਾਸ ਨਾਰਾਇਣ ਦਾਸ ਬੀ ਵਾਹੋ ਦਾਹੀ ਲਾਹੌਰ ਪਹੁੰਚੇ। ਇਸ ਵੇਲੇ ਮੀਆਂ ਮੀਰ ਫਕੀਰ ਸਾਰਾ ਥਹੁ ਕੱਢਕੇ ਦੱਸ ਚੁੱਕਾ ਸੀ ਕਿ ਸਤਿਗੁਰਾਂ ਦੇ ਪਵਿੱਤ੍ਰ ਸ਼ਰੀਰ ਤੇ ਗਰਮ ਰੇਤੇ ਪਾਏ ਗਏ, ਗਰਮ ਦੇਗਾਂ ਵਿਚ ਬਿਠਾਏ ਗਏ ਤੇ ਭੁੱਖ ਤ੍ਰਿਖਾ ਦੇ ਖੇਦ ਇਸ ਕਹਿਰ ਹੁਨਾਲ ਦੀ ਰੁਤ ਵਿੱਚ ਦਿੱਤੇ ਗਏ ਪਰ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿੱਚ ਇਕ ਅੱਖਰ ਹੋਰ ਵਧਾਉਣਾ ਯਾ ਘਟਾਉਣਾ ਸ੍ਵੀਕਾਰ ਨਾ ਕੀਤਾ* ਯਾ ਕਿਸੇ ਹੋਰ ਤਰ੍ਹਾਂ ਦੀ ਨਿਰਬਲਤਾ ਦਿਖਾਕੇ ਜਿੰਦ ਬਚਾਉਣੀ ਕਬੂਲ ਨਹੀਂ ਕੀਤੀ। ਓਹ ਭਾਣੇ ਤੇ ਰਜ਼ਾ ਪਰ ਐਸੇ ਪੱਕੇ ਰਹੇ ਹਨ ਕਿ ਮੇਰੇ ਅਰਜ਼ ਕਰਨੇ ਪਰ ਕਿ ਮੈਂ ਕੋਸ਼ਸ਼ ਕਰਾਂ ਯਾ ਜ਼ਾਲਮਾਂ ਨੂੰ ਵਰ ਸਰਾਪ ਦਿਆਂ, ਆਪ ਨੇ ਨਹੀਂ ਮੰਨਿਆਂ, ਭਾਣਾ ਹੀ ਮਿੱਠਾ ਕਰਕੇ ਜਾਤਾ ਹੈ। ਇਨ੍ਹਾਂ ਕਸ਼ਟਾਂ ਅਰ ਮਹਾਂ ਭਿਆਨਕ ਖੇਦਾਂ ਦੇ ਸਮਾਚਾਰ ਸੁਣਦੇ ਹੀ ਖਬਰ ਮਿਲ ਗਈ ਕਿ ਅੱਜ ਸ੍ਰੀ ਗੁਰੂ ਜੀ ਨੇ ਰਾਵੀ ਦੇ ਕਿਨਾਰੇ ਕਿਲ੍ਹੇ ਦੇ ਹੇਠ ਸਰੀਰ ਤਿਆਗ ਦਿੱਤਾ ਹੈ। ਸੰਗਤ ਉਧਰ ਧਾਈ ਜਾ ਰਹੀ ਹੈ। ਏਹ ਲੋਗ ਬੀ ਅੱਪੜੇ। ਆਹ! ਅਮਿਤ ਅਥਾਹ ਨਦੀ ਆਪਣੇ ਵੇਗ ਨਾਲ ਜਾਰੀ ਹੈ, ਜਿਸਦੇ ਕਿਨਾਰੇ ਵਾਹਿਗੁਰੂ ਸਰੂਪ ਦਾ ਤੇਜ ਮਈ ਨਿਵਾਸ ਰੱਖਣ ਵਾਲੇ ਸਰੀਰ ਇਲਾਹੀ ਟਿਕਾਉ ਵਿੱਚ ਬਿਰਾਜ ਰਹੇ ਹਨ। ਫਲੂਹੇ ਤੇ ਛਾਲਿਆਂ ਨਾਲ ਸਰੀਰ ਭਰਪੂਰ ਹੈ, ਪਰ ਚਿਹਰੇ ਪਰ ਖਿਮਾਂ, ਧੀਰਜ, ਪ੍ਰੇਮ ਅਰ ਸ਼ਾਂਤੀ ਦੇ ਅੰਤਲੇ ਚੱਕਰ ਦ੍ਰਿੜ੍ਹ ਹੋ ਰਹੇ ਹਨ। ਦੇਹ ਮੁਰਦਾ ਨਹੀਂ ਭਾਸਦੀ, ਐਉਂ ਹੀ ਜਾਪਦਾ ਹੈ ਕਿ ਬਿਰਾਜ ਰਹੇ ਹਨ। ਸੰਗਤ ਵੈਰਾਗ ਦੀ ਮੂਰਤ ਦਰਸ਼ਨ ਕਰਦੀ ਤੇ ਸਦੱਕੜੇ ਹੋ ਰਹੀ ਹੈ। ਚੁੱਪ ਛਾ ਰਹੀ ਹੈ, ਕੋਈ ਬੋਲਦਾ ਨਹੀਂ, ਅੱਖਾਂ ਵਿੱਚ ਹੰਝੂ ਤੇ ਹੰਝੂਆਂ ਵਿੱਚ ਦਿਲ ਪੰਘਰ ਪੰਘਰ ਕੇ ਵਹਿ ਰਿਹਾ ਹੈ। ਸਹਜੇ ਸਹਜੇ ਸਾਰੇ ਪਿਆਰੇ ਕੱਠੇ ਹੋ ਗਏ। ਸੇਵਕ ਨੇ ਗੁਰੂ ਜੀ ਦੇ ਅੰਤਮ ਵਾਕ ਦੱਸੇ ਅਰ ਕਿਹਾ ਕਿ ਆਪ ਅੰਗੀਠੇ ਸਾਜਣ ਦੀ ਆਗਜਾ ਨਹੀਂ ਦੇ ਗਏ, ਪਰ ਸਰੀਰ ਜਲ ਪ੍ਰਵਾਹ ਕਰਨੇ ਦਾ ਹੁਕਮ ਹੈ। ਸੰਗਤ ਨੇ ਉਸੇ ਤਰ੍ਹਾਂ ਉੱਜਲ ਬਸਤਰਾਂ ਵਿੱਚ ਪਰਉਪਕਾਰੀ ਦੇਹ ਨੂੰ ਨਿਵਾਸ ਦੇਕੇ ਮਾਰੂ ਰਾਗ ਦੇ ਸ਼ਬਦ ਪੜ੍ਹਦੇ ਤੇ ਕੀਰਤਨ ਕਰਦੇ ਜਲ ਪ੍ਰਵਾਹ ਦਿੱਤਾ। ਉਸ ਅਸਥਾਨ ਪਰ ਸ੍ਰੀ ਗੁਰੂ ਜੀ ਦੀ ਯਾਦ ਦਾ ਦੇਹੁਰਾ* ਬਣਿਆ ਕਿ ਜਿੱਥੇ ਆਪ ਦਾ ਸਰੀਰ ਜਲ ਪ੍ਰਵਾਹ ਲਈ ਪਹੁਨਾਇਆ ਗਿਆ ਸੀ।

ਇਹ ਦਰਦਨਾਕ ਸਾਕਾ, ਇਹ ਦਿਲ ਤੋੜ ਦੇਣ ਵਾਲੀ ਹੋਣਹਾਰ, ਸੱਚ ਪਰ ਇਹ ਸੱਚੀ ਸੂਰਮਤਾ ਦੀ ਕੁਰਬਾਨੀ ਅਰ ਬਹੁਤ ਉੱਚੀ ਅਨੂਠੇ ਖੇਲ ਦੀ ਕਰਨੀ ਕੋਈ ਛੋਟੀ ਜਿਹੀ ਬਾਤ ਨਹੀਂ ਸੀ। ਸਤਿਗੁਰੂ ਜੀ ਸੱਚ ਦੇ ਸੂਰਜ ਪਰ ਸਦਕੜੇ ਹੋ ਗਏ। ਗੁਰੂ ਜੀ ਆਪ ਨਾ ਭੈ ਦੇਂਦੇ ਸਨ ਤੇ ਨਾਂ ਭੈ ਮੰਨਦੇ ਸਨ; ਕਸ਼ਟ ਝੱਲ ਗਏ ਤੇ ਨਿਰਭੈ ਰਹੇ, ਤਾਂ ਹੀ ਭਾਈ ਗੁਰਦਾਸ ਜੀ ਨੇ ਕਿਹਾ ਹੈ:-

ਰਹਿੰਦੇ ਗੁਰ ਦਰੀਆਉ ਵਿਚਿ
ਮੀਨ ਕੁਲੀਨ ਹੇਤੁ ਨਿਰਬਾਣੀ।
ਦਰਸ਼ਨੁ ਦੇਖਿ ਪਤੰਗ ਜਿਉਂ
ਜੋਤੀ ਅੰਦਰਿ ਜੋਤਿ ਸਮਾਣੀ।

---

* ਤ੍ਵਾ ਖਾ:।

* ਇਹ ਦੇਹੁਰਾ ਕਿਲੇ ਦੇ ਪਾਸ ਹੁਣ ਤੱਕ ਮੌਜੂਦ ਹੈ ਤੇ ਡੇਰਾ ਸਾਹਿਬ ਕਰਕੇ ਸੱਦੀਦਾ ਹੈ।



SIKHBOOKCLUB.COM

ਸਬਦੁ ਸੁਰਤਿ ਲਿਵ ਮਿਰਗ ਜਿਉਂ
ਭੀੜ ਪਈ ਚਿਤਿ ਅਵਰੁ ਨ ਆਣੀ।
ਚਰਣ ਕਵਲ ਮਿਲਿ ਭਵਰ ਜਿਉਂ
ਸੁਖ ਸੰਪਟ ਵਿਚ ਰੈਣਿ ਵਿਹਾਣੀ।
ਗੁਰ ਉਪਦੇਸ ਨ ਵਿਸਰੈ
ਬਾਬੀਹੇ ਜਿਉਂ ਆਖ ਵਖਾਣੀ।
ਗੁਰਮੁਖ ਸੁਖ ਫਲੁ ਪਿਰਮ ਰਸ
ਸਹਜ ਸਮਾਧਿ ਸਾਧ ਸੰਗਿ ਜਾਣੀ।
ਗੁਰ ਅਰਜਨ ਵਿਟਹੁ ਕੁਰਬਾਣੀ।
(ਵਾਰ ੨੪ ਪਉੜੀ ੨੩)

ਉਨ੍ਹਾਂ ਦੇ ਖੇਦ ਨਹੀਂ ਸਹਾਰੇ, ਦੁਖ ਪਾ ਕੇ ਸੁਖ ਮੁੱਲ ਲੀਤੇ ਆਪਣੀ ਸੰਗਤ ਵਾਸਤੇ। ਉਨ੍ਹਾਂ ਨੇ ਸਰੀਰ ਨਹੀਂ ਦਿੱਤਾ ਪਰ ਸਰੀਰ ਦੇਣ ਨਾਲ ਪੰਥ ਵਾਸਤੇ ਇਕ ਹੋਰ ਤਰ੍ਹਾਂ ਦਾ ਜੀਵਨ ਪੈਦਾ ਕਰ ਦਿੱਤਾ। ਇਸ ਸਾਕੇ ਨੇ ਸਿੱਖਾਂ ਦੀ ਕਾਇਆ ਪਲਟ ਦਿੱਤੀ। ਲੋਕੀ ਕਹਿੰਦੇ ਹਨ ਕਿ ਬੀਰ ਰਸੀ ਜੀਵਨ ਸਿਖਾਂ ਵਿੱਚ ਛੇਵੇਂ ਸਤਿਗੁਰਾਂ ਨੇ ਪੈਦਾ ਕੀਤਾ ਸੀ, ਪਰ ਬੀਰ ਰਸੀ ਜੀਵਨ ਦਾ ਮੁੱਢ ਇਸ ਸਾਕੇ ਨੇ ਬੰਨ੍ਹ ਦਿੱਤਾ। ਪਵਿੱਤ੍ਰ ਆਤਮਾ ਦਾ ਸ਼ਹੀਦ ਹੋਣਾ ਇਕ ਐਸੀ ਸ਼ੈ ਹੈ ਕਿ ਕੌਮ ਦੀ ਕਾਇਆ ਪਲਟ ਦੇਂਦਾ ਹੈ, ਪਰ ਏਥੇ ਤਾਂ ਰੱਬੀ ਜੋਤ ਨੇ ਆਪ ਜਾਨ ਤੇ ਖੇਡ ਦਿਖਾਇਆ ਸੀ। ਇਹ ਪਹਿਲੀ ਗ਼ਲਤੀ ਸੀ ਜੋ ਐਨ ਐਸ਼੍ਵਰਜ ਵੇਲੇ ਮੁਗ਼ਲੀਆ ਸਲਤਨਤ ਪਾਸੋਂ ਹੋਈ; ਇਹ ਪਹਿਲੀ ਸੱਟ ਸੀ ਜੋ ਉਨ੍ਹਾਂ ਦੇ ਰਾਜ ਦੀ ਜੜ੍ਹ ਨੂੰ ਉਨ੍ਹਾਂ ਦੇ ਆਪਣੇ ਹਥੋਂ ਵੱਜੀ। ਬੇਗੁਨਾਹ ਦਾ ਮਾਰੇ ਜਾਣਾ, ਮਹਾਤਮਾਂ ਦਾ ਬਿਨਾਂ ਦੋਸ਼ ਕਤਲ ਹੋਣਾ, ਵਾਹਿਗੁਰੂ ਦੇ ਪਿਆਰੇ ਦਾ ਅਦੋਸ਼ ਖੇਦ ਸਹਿਕੇ ਸਰੀਰ ਤਿਆਗਣਾ, ਨਹੀਂ ਨਹੀਂ, ਰੱਬੀ ਜੋਤ ਦਾ ਇਤਨਾ ਖੇਦ ਸਹਾਰਕੇ ਫੇਰ ਨਿਰਭੈ ਰਹਿਕੇ ਟੁਰ ਜਾਣਾ ਇਕ ਐਸਾ ਵਾਕਿਆ ਸੀ ਕਿ ਜਿਸਨੇ ਸਿੱਖਾਂ ਦੇ ਦਿਲਾਂ ਵਿਚ ਇਹ ਤਿਆਰੀ ਪੈਦਾ ਕਰ ਦਿੱਤੀ ਕਿ ਜਿਸ ਰਸਤੇ ਗੁਰੂ ਜੀ ਗਏ ਹਨ, ਸਿੱਖਾਂ ਨੇ ਜਾਣਾ ਹੈ। ਗੁਰੂ ਅਰਜਨ ਦੇਵ ਜੀ ਦਾ ਸਾਕਾ ਪਿਛਲੇ ਸਾਰੇ ਸਾਕਿਆਂ ਦਾ ਆਗੂ ਹੈ। ਇਸ ਮੁਨਾਰੇ ਦੇ ਦੀਪਕ ਨੂੰ ਦੇਖਕੇ ਸਿੱਖ ਪਿੱਛੋਂ ਸੱਚ ਦੀ ਖਾਤਰ ਜਾਨਾਂ ਦੇਂਦੇ ਰਹੇ, ਪਰ ਡੋਲਦੇ ਨਹੀਂ ਰਹੇ। ਨਹੀਂ ਤਾਂ ਜਾਨ ਖ਼ਾਤਰ ਸੱਚ ਦੇਣ ਲੱਗ ਜਾਂਦੇ ਤੇ ਸੱਚ ਦੇਣ ਨਾਲ ਪੰਥ ਮੁਕ ਜਾਂਦਾ। ਕਈ ਅਨਜਾਣ ਇਤਿਹਾਸ ਵੇਤਾ ਲਿਖਦੇ ਹਨ ਕਿ ਸਿੱਖਾਂ ਦੇ ਜੀ ਵਿਚ ਬਦਲੇ ਦਾ ਖਿਆਲ ਆ ਗਿਆ, ਪਰ ਉਹ ਲੋਕ ਉਸ ਵੇਲੇ ਦੇ ਸਿੱਖਾਂ ਦੇ ਵਾਕਫ ਨਹੀਂ ਹਨ। ਸਿੱਖ ਬਦਲਾ ਲੈਣਾ ਓਦੋਂ ਜਾਣਦੇ ਹੀ ਨਹੀਂ ਸਨ, ਪਰ ਹਾਂ 'ਸੱਚ ਦੀ ਖਾਤਰ ਸਦਕੇ ਹੋਣਾ' ਇਹ ਗੁਣ ਸਿੱਖਾਂ ਵਿਚ ਸੀ, ਜਿਸਨੂੰ ਇਸ ਸਾਕੇ ਨੇ, ਇਸ ਜੀਉਂਦੇ ਨਮੂਨੇ ਨੇ ਚਾਰ ਚੰਨ ਹੋਰ ਲਾ ਦਿੱਤੇ। ਸਿੱਖ ਉਂਵ ਹੀ ਗੁਰਬਾਣੀ ਤੋਂ ਸਿੱਖ ਗਏ ਹੋਏ ਸਨ ਕਿ ਸਰੀਰ ਬਿਨਸਨਹਾਰ ਹੈ ਪਰ ਹੁਣ ਤਾ "ਛੈਲ ਲੰਘਦੇ ਪਾਰਿ ਗੋਰੀ ਮਨੁ ਧੀਰਿਆ" ਵਾਲਾ ਲੇਖਾ ਹੋ ਗਿਆ।

ਗੱਲ ਕੀ, ਸੰਗਤਾਂ ਪਰਮ ਵੈਰਾਗ ਨਾਲ ਸ੍ਰੀ ਅੰਮ੍ਰਿਤਸਰ ਆ ਗਈਆਂ। ਦੇਸ਼ ਵਿਚ ਖ਼ਬਰ ਫੈਲ ਗਈ ਤੇ ਘਰ ਘਰ ਸੋਕ ਹੋਇਆ। ਮੁਸਲਮਾਨ ਫਕੀਰ, ਹਿੰਦੂ ਪੰਡਤ; ਜਿਨ੍ਹਾਂ ਕਦੇ ਦਰਸ਼ਨ ਪਾਇਆ ਸੀ, ਸ਼ੋਕਾਤੁਰ ਹੋਏ। ਇਹ ਇਕ ਐਸੀ ਹੋਣੀ ਸੀ ਕਿ ਜਿਸ ਪਰ ਬਿਨਾਂ ਲਿਹਾਜ਼ ਧਰਮ ਤੇ ਜ਼ਾਤ ਪਾਤ ਦੇ ਉਸ ਵੇਲੇ ਦੇ ਮੰਨੇ ਪ੍ਰਮੰਨੇ ਹੋਏ ਰਾਜ ਪੁਰ ਸਾਰੀ ਪਰਜਾ ਦਾ ਸ਼ੋਕ ਪਿਆ, ਪਰ ਕਿਸੇ ਤੋਂ ਆਹ ਦੇ ਨਾਅਰੇ ਮਾਰੇ ਬਿਨਾਂ ਰਿਹਾ ਨਾ ਗਿਆ।

ਗੱਲ ਕੀ, ਸ੍ਰੀ ਗੁਰੂ ਜੀ ਦੇ ਸੱਚ ਖੰਡ ਪਿਆਨ ਦੇ ਮਗਰੋਂ ਸ਼ਬਦ ਕੀਰਤਨ ਪਾਠ ਆਦਿਕ ਹੁੰਦੇ ਰਹੇ। ਹਾੜ ਸੁਦੀ ਦਸਮੀ ਨੂੰ ਲਾਗੇ ਦੀ ਸਾਰੀ ਸੰਗਤ ਕੱਠੀ ਹੋ ਗਈ ਅਰ ਸ੍ਰੀ ਗੁਰੂ ਜੀ ਦੀ ਜਗ੍ਹਾ ਗੁਰੂ ਸਾਹਿਬ ਜੀ ਦੀ ਆਗਿਆ ਮੂਜਬ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗੁਰਤਾ ਦੀ ਗੱਦੀ ਪਰ ਬਿਰਾਜਮਾਨ ਕਰਾਇਆ ਗਿਆ। ਆਪ ਨੇ ਉਸ ਵੇਲੇ ਸੇਲ੍ਹੀ ਦੀ ਥਾਂ ਦਸਤਾਰ ਸਜਾਕੇ ਕਲਗ਼ੀ ਲਗਾਈ ਅਰ ਦੋ ਤਲਵਾਰਾਂ ਸੱਜੇ ਖਬੇ ਲਗਾ ਕੇ ਮੀਰੀ ਪੀਰੀ ਨੂੰ ਕੱਠਾ ਕਰ ਦਿਖਲਾਇਆ।

ਗ੍ਰਿਹਸਤ ਆਸ਼ਰਮ ਤੇ ਪਰਮਾਰਥ ਤਾਂ ਪਹਿਲੇ ਸਤਿਗੁਰਾਂ ਨੇ ਇੱਕਠਾ ਕਰਕੇ ਸੰਸਾਰ ਨੂੰ ਸੁਗਮ ਰਾਹ ਦੱਸ ਦਿੱਤਾ ਸੀ, ਹੁਣ ਸ਼ਾਂਤਿ ਰਸ ਦੀ ਸੇਵਾ ਲਈ ਬੀਰ ਰਸ ਗੁਰੂ ਜੀ ਨੇ ਨਾਲ ਰਲਾ ਦਿੱਤਾ। ਪਰ ਫੇਰ ਨਿਰੋਲ ਧਰਮ ਤੇ ਰਾਜ ਭਾਵ ਅਲੱਗ ਵੀ ਰੱਖੇ। ਜਿਵੇਂ ਸ੍ਰੀ ਗੁਰੂ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੇ ਸਾਹਮਣੇ ਵਾਰ ਸ੍ਰੀ ਤਖਤ ਅਕਾਲ ਬੁੰਗਾ

ਰਚਕੇ ਦਰਬਾਰ ਲਾਉਣੇ ਸ਼ੁਰੂ ਕੀਤੇ। ਸ੍ਰੀ ਹਰਿਮੰਦਰ ਹਰੀ ਦੀ ਸੇਵਾ ਦਾ ਨਿਰੋਲ ਸਥਾਨ ਰਿਹਾ, ਪਰ ਅਕਾਲ ਬੁੰਗਾ ਤਖਤ ਲਗਾਇਆ ਅਰ ਦੀਨ ਦੁਨੀ ਦੀ ਪਾਤਸ਼ਾਹੀ ਦਾ ਡੰਕਾ ਵਜਾ ਦਿੱਤਾ। ਸ਼ਸਤ੍ਰ, ਅਸਤ੍ਰ, ਵਿਦਜਾ, ਘੋੜੇ, ਹੋਰ ਜੰਗ ਦੇ ਸਾਮਾਨ ਕੱਠੇ ਕਰਕੇ ਨਾਲ ਨਾਲ ਬੀਰਰਸ ਦੀ ਅਸਲੀ ਤਿਆਰੀ ਸ਼ੁਰੂ ਕਰ ਦਿੱਤੀ। ਸਿੱਖਾਂ ਨੂੰ ਸ਼ਸਤ੍ਰ ਵਿਦਜਾ ਸਿਖਾਲੀ ਅਰ ਕੁਛ ਸਮੇਂ ਵਿੱਚ ਕਾਫੀ ਜੰਗੀ ਤਾਕਤ ਸ਼ਾਂਤਿ ਰਸ ਦੇ ਬਾਗ਼ ਦੇ ਉਦਾਲੇ ਸ਼ੋਭਣ ਲੱਗ ਗਈ।

ਫੇਰ ਪਾਤਿਸ਼ਾਹ ਵੱਲੋਂ ਦਿੱਲੀ ਤੋਂ ਸੱਦਾ ਆਇਆ, ਦਿੱਲੀ ਪਹੁੰਚੇ। ਸੈਰ ਸ਼ਿਕਾਰ ਅਕਸਰ ਹੁੰਦੇ ਰਹੇ, ਫੇਰ ਆਗਰੇ ਗਏ। ਇਸ ਜਗ੍ਹਾ ਤੋਂ ਕਿਸੇ ਦਾਉ ਨਾਲ ਆਪ ਨੂੰ ਗੁਆਲੀਅਰ ਭੇਜ ਦਿੱਤਾ ਗਿਆ। ਇਸ ਕਿਲ੍ਹੇ ਵਿਚ ਵਡੇ ਵਡੇ ਰਾਜੇ ਤੇ ਅਮੀਰ ਨਜ਼ਰਬੰਦ ਰਿਹਾ ਕਰਦੇ ਸੇ, ਗੁਰੂ ਜੀ ਬੀ ਇੱਥੇ ਰਹਿਣ ਲੱਗੇ। ਆਪਣੇ ਲਈ ਜੋ ਰਸਦਾਂ ਆਉਂਦੀਆਂ ਸਨ, ਸਤਿਗੁਰੂ ਜੀ ਨੇ ਓਹ ਕਿਲ੍ਹੇ ਵਿੱਚ ਵੰਡਵਾ ਦੇਣੀਆਂ ਤੇ ਦੋਂਹ ਸਿੱਖਾਂ ਨੇ ਸ਼ਹਿਰ ਜਾਕੇ ਕੁਛ ਕਿਰਤ ਕਰਕੇ ਰਸਦ ਲਿਆਉਣੀ ਅਰ ਉਸਦਾ ਪ੍ਰਸ਼ਾਦ ਸਤਿਗੁਰਾਂ ਨੇ ਛਕਣਾ। ਸਤਿਸੰਗ ਦਾ ਪ੍ਰਵਾਹ ਕਿਲੇ ਵਿੱਚ ਬੀ ਸ਼ੁਰੂ ਹੋ ਗਿਆ ਅਰ ਪਰਮੇਸ਼ਰ ਦੇ ਪਿਆਰ ਦਾ ਬਗ਼ੀਚਾ ਉਸ ਸੁੰਞੇ ਥਾਂ ਵਿਚ ਬੀ ਖਿੜ ਪਿਆ। ਹਰਦਾਸ, ਕਿਲ੍ਹੇ ਦਾ ਵੱਡਾ ਅਫਸਰ, ਸਿੱਖ ਹੋ ਗਿਆ ਅਰ ਇਸ ਤਰ੍ਹਾਂ ਸਾਰੇ ਦੁਖੀਆਂ ਦੀ, ਜੋ ਓਥੇ ਸਨ, ਮੁਸੀਬਤ ਬਹੁਤ ਘਟ ਗਈ।

'ਜਿਥੈ ਜਾਇ ਭਗਤੁ ਸੁ ਥਾਨੁ ਸੁਹਾਵਣਾ॥'

ਇਧਰ ਸਿੱਖਾਂ ਦਾ ਹਾਲ ਵਿਚਾਰ ਲਓ ਕਿ ਏਹ ਹਾਲ ਸੁਣਕੇ ਕੀਹ ਹੋ ਸਕਦਾ ਸੀ? ਗੁਰੂ ਸਾਹਿਬ ਜੀ ਦੇ ਗੁਵਾਲੀਅਰ ਜਾਣ ਦਾ ਪ੍ਰਸੰਗ ਇਤਨਾ ਲੰਮਾ ਹੈ ਕਿ ਜੇ ਉਸ ਵਿਚ ਲੱਗੀਏ ਤਾਂ ਬੜਾ ਲੰਮਾ ਗ੍ਰੰਥ ਬਣ ਜਾਂਦਾ ਹੈ। ਭਾਈ ਸਾਈਂ ਦਾਸ ਜੀ ਦਾ ਹਾਲ ਨੂੰ ਗੁਰੂ ਜੀ ਨੇ ਦਾਸ ਨੂੰ ਭੇਜਿਆ ਤਾਂ ਪਤਾ ਲੱਗਾ ਕਿ ਸਰੋਵਰ ਦੇ ਕਿਨਾਰੇ ਬੈਠੇ ਪ੍ਰੇਮ ਦੇ ਸ਼ਬਦ ਪੜ੍ਹਦੇ ਤੇ ਵੈਰਾਗ ਕਰ ਰਹੇ ਹਨ, ਅਰ ਰਾਮੋ ਬੀ ਨਾਲ ਹੀ ਹੈ। ਜਾਂ ਫੇਰ ਇਕ ਰਾਤ ਏਥੇ ਦੱਸ ਦੇਣਾ ਹੈ, ਇਸ ਕਰਕੇ ਉਨ੍ਹਾਂ ਦੇ ਪ੍ਰੇਮ ਦੀ ਕਥਾ ਵੱਲ ਧਿਆਨ ਕਰਦੇ ਹੋਏ ਪਿੱਛੇ ਮੁੜਦੇ ਹਾਂ। ਛੇਵੇਂ ਗੁਰਾਂ ਦੇ ਗੱਦੀ ਬਿਰਾਜਣ ਤੋਂ ਉਨ੍ਹਾਂ ਦਾ ਪਿਆਰ ਜੋ ਆਪ ਨਾਲ ਪਹਿਲੇ ਦਿਨੋਂ ਹੀ ਚੋਖਾ ਸੀ, 'ਗੁਰੂ ਪ੍ਰੇਮ' ਵਿੱਚ ਪਲਟ ਗਿਆ। ਗੁਰੂ ਜੀ ਨੂੰ ਉਹ ਸਦਾ ਜਾਗਦੀ ਜੋਤ ਸਮਝਦੇ ਸਨ। ਛੇਵੇਂ ਸਤਿਗੁਰਾਂ ਦੀ ਸਿੱਖੀ ਤੇ ਰਹਿਤ ਓਹੋ ਹੀ ਸੀ ਜੋ ਪਿਛਲੇ ਪੰਜਾਂ ਦੀ ਸੀ, ਇੱਕ ਮੀਰੀ ਦਾ ਵਾਧਾ ਸੀ ਅਰ ਉਹ ਮੀਰੀ ਪਰਮਾਰਥ ਦੇ ਸ਼ਾਂਤਿ ਰਸ ਦੀ ਬਾਧਕ ਨਹੀਂ ਸੀ, ਸ਼ਾਂਤ ਰਸ ਦੀ ਰਖਜਾ ਨਮਿੱਤ ਪੈਦਾ ਕੀਤੀ ਸੀ*। ਉਸਦਾ ਪ੍ਰਯੋਜਨ ਦੀਨ ਰਖਿਆ, ਧਰਮ ਰਖਿਆ ਤੇ ਦੇਸ਼ ਰਖਿਆ ਸੀ, ਇਸ ਤੋਂ ਛੁੱਟ ਹੋਰ ਕੁਛ ਨਹੀਂ ਸੀ। ਮੀਰੀ ਨੇ ਸਿੱਖਾਂ ਵਿੱਚੋਂ ਭਜਨ ਬੰਦਗੀ, ਬਾਣੀ ਦਾ ਪ੍ਰੇਮ, ਸੱਚ ਦਾ ਜੀਵਨ, ਨੇਕੀ ਉਪਕਾਰ ਦਾ ਮਾਦਾ ਕਿਵੇਂ ਨਹੀਂ ਘਟਾਇਆ ? ਸਤਿਗੁਰੂ ਜੀ ਆਪ ਆਤਮ ਰਸੀਏ ਸੇ ਤੇ ਆਪਣੇ ਸਿੱਖਾਂ ਨੂੰ ਕਿਸੇ ਬੜੇ ਉਚੇ ਬੀਰਰਸ ਦੇ ਰਸੀਏ ਬਣਾ ਰਹੇ ਸੀ, ਜਿਸ ਵਿੱਚ ਕਿ ਹਉ, ਹੰਕਾਰ, ਖ਼ੁਦਗਰਜ਼ੀ ਦੀ ਲੇਸ਼ ਨਹੀਂ ਸੀ, ਪਰ ਚੜ੍ਹਦੀਆਂ ਕਲਾਂ ਦਾ ਰੰਗ ਸੀ।

"ਪੰਜ ਪਿਆਲੇ ਪੰਜ ਪੀਰ
ਛਠਮੁ ਪੀਰੁ ਬੈਠਾ ਗੁਰੁ ਭਾਰੀ"

ਭਾਈ ਗੁਰਦਾਸ ਜੀ ਦਾ ਵਾਕ ਹੈ।

ਜਿਸ ਦਿਨ ਤਿਲਕ ਹੋਣਾ ਸੀ, ਭਾਰੀ ਦੀਵਾਨ ਲੱਗਾ। ਸੰਗਤਾਂ ਦੀਆਂ ਭੇਟਾਂ ਪ੍ਰਸ਼ਾਦਾਂ ਵਿਚ ਸਾਈਂ ਦਾਸ ਤੇ ਰਾਮੋ ਬੀ ਭੇਟ ਲੈਕੇ ਹਾਜ਼ਰ ਸਨ, ਆਪਣੇ ਹੱਥ ਦਾ ਕੱਢਿਆ ਤੇ ਸੀਤਾ ਇਕ ਲਾਚੇ ਦਾ ਕਲੀਆਂ ਦਾਰ ਚੋਲਾ ਮਹਾਰਾਜ ਜੀ ਦੀ ਸੇਵਾ ਵਿਚ ਧਰਿਆ; ਅਜ ਜਦ ਸਤਿਗੁਰਾਂ ਨੇ ਉਸੇ ਵੇਲੇ ਪਹਿਨ ਲਿਆ ਤਾਂ ਜੀ ਬਾਗ਼ ਬਾਗ਼ ਹੋ ਗਿਆ।

ਅਜੇ ਏਥੇ ਹੀ ਸਨ ਕਿ ਇਕ ਦਿਨ ਰਾਤ ਨੂੰ ਗੁਰੂ ਸਾਹਿਬਾਂ ਨੇ ਸਾਈਂ ਦਾਸ ਨੂੰ ਯਾਦ ਕੀਤਾ, ਪਰ ਸਾਈਂ ਦਾਸ ਨਾਂ ਲੱਭਿਆ। ਜਾਂ ਵਧੇਰੇ ਕੋਲ ਹੋਈ ਤਾਂ ਪਤਾ ਲੱਗਾ ਕਿ ਸ੍ਰੀ ਦਰਬਾਰ ਸਾਹਿਬ ਜੀ ਝਾੜੂ ਦੇ ਰਹੇ ਹਨ। ਜਾਂ ਦੋ ਕੁ ਦਿਨ ਮਗਰੋਂ ਫੇਰ ਰਾਤ ਨੂੰ ਗੁਰੂ ਜੀ ਨੇ ਦਾਸ ਨੂੰ ਭੇਜਿਆ ਤਾਂ ਪਤਾ ਲੱਗਾ ਕਿ ਸਰੋਵਰ ਦੇ ਕਿਨਾਰੇ ਬੈਠੇ ਪ੍ਰੇਮ ਦੇ ਸ਼ਬਦ ਪੜ੍ਹਦੇ ਤੇ ਵੈਰਾਗ ਕਰ ਕਹੇ ਹਨ, ਅਰ ਰਾਮੋ ਬੀ ਨਾਲ ਹੀ ਹੈ। ਜਾਂ ਫੇਰ ਇਕ ਰਾਤ ਕਿਸੇ ਤਰ੍ਹਾਂ ਭਾਲ ਹੋਈ ਤਾਂ ਪਤਾ ਲੱਗਾ ਜੋ ਅੱਜ ਸ੍ਰੀ ਦਰਬਾਰ ਸਾਹਿਬ ਜੀ

* ਖੇਤੀ ਵਾੜਿ ਸੁ ਢਿੰਗਰੀ ਕਿਕਰ ਆਸ ਪਾਸ ਜਿਉਂ ਬਾਗੈ॥
(ਵਾ: ਭਾ: ਗੁ: ੨੬—੨੫)

ਬੀ ਨਹੀਂ ਹਨ। ਸਵੇਰੇ ਥਹੁ ਮਿਲਿਆ ਕਿ ਲੌਢੇ ਪਹਿਰ ਰਾਮਸਰ ਫਿਰਦੇ ਸਨ ਜੋ ਇਕ ਦੁਖੀ ਸਿੱਖ, ਨਾਮ ਦੇ ਪੂਰਨ ਰਸੀਏ ਗੁਰਮੁਖ ਦੀ ਕੁਛ ਖ਼ਬਰ ਸੁਣਦੇ ਹੀ ਸੁਲਤਾਨ ਪਿੰਡ ਚਲੇ ਗਏ ਅਰ ਉਸ ਦੀ ਦਾਰੀ ਵਿਚ ਲੱਗ ਗਏ ਹਨ। ਸੁਲਤਾਨ ਪਿੰਡ ਵਿਚ ਇਹ ਦੁਖੀ ਸਿੱਖ ਇਕ ਚੰਗਾ ਗੁਰੂ ਦਾ ਪ੍ਰੇਮੀ ਸੀ ਜੋ ਹੁਣ ਅਗਲੇ ਲੋਕ ਦੀਆਂ ਤਿਆਰੀਆਂ ਕਰ ਰਿਹਾ ਸੀ। ਸੇਵਾਦਾਰ ਪਾਸ ਕੋਈ ਨਹੀਂ ਸੀ। ਭਾਈ ਜੀ ਪ੍ਰਸੰਗ ਸੁਣਦੇ ਹੀ ਜਾ ਪਹੁੰਚੇ ਅਰ ਸੇਵਾ ਵਿਚ ਲੱਗ ਪਏ। ਆਤਮਾ ਵਾਹਿਗੁਰੂ ਦੇ ਪ੍ਰੇਮ ਵਿੱਚ ਤੇ ਸਰੀਰ ਸਿੱਖ ਦੀ ਸੇਵਾ ਵਿੱਚ ਲੱਗ ਰਿਹਾ ਸੀ। ਇਹ ਸਿੱਖ ਚੌਥੇ ਕੁ ਦਿਨ ਕੂਚ ਦੀ ਤਿਆਰੀ ਕਰ ਬੈਠਾ। ਭਾਈ ਜੀ ਨੇ ਕਿਹਾ 'ਕੋਈ ਸੇਵਾ ਦੱਸੋ ?' ਕਹਿਣ ਲੱਗਾ:- 'ਦੀਨ ਦਇਆਲ ਜੀ! ਸਤਿਗੁਰਾਂ ਦੇ ਦਰਸ਼ਨ ਦੀ ਸਿੱਕ ਹੈ, ਪਰ ਹੁਣ ਕਿਥੋਂ ਹੋ ਸਕਦੇ ਹਨ ? ਤੁਸੀਂ ਗੁਰੂ ਜੀ ਦੇ ਨਿਕਟਵਰਤੀ ਹੋ, ਜੇ ਕਿਵੇਂ ਤ੍ਰੁੱਠ ਪਵੋ ਤਾਂ ਅਤਿ ਦਿਆਲਤਾ ਹੈ ? ਛੋਟਾ ਮੂੰਹ ਵੱਡੀ ਗੱਲ ਹੈ, ਪਰ ਇਹ ਪ੍ਰੇਮ ਦੀ ਸਿੱਕ ਆਪਣੇ ਵੱਸ ਦੀ ਨਹੀਂ ਹੈ'। ਭਾਈ ਜੀ ਨੇ ਕਦੇ ਸਤਿਗੁਰਾਂ ਪਾਸੋਂ ਕੁਛ ਨਹੀਂ ਸੀ ਮੰਗਿਆ, ਅੱਜ ਸੋਚੀਂ ਪੈ ਗਏ ਕਿ ਮੈਂ ਦਾਸ ਹੋਕੇ ਕਿਸ ਮੂੰਹ ਨਾਲ ਬੇਨਤੀ ਕਰਾਂ ? ਸੋਚਾਂ ਸੋਚਦੇ ਉਠੇ, ਕਪੜੇ ਪਾਏ ਕਿ ਬਾਹਰੋਂ ਬੂਹਾ ਖੜਕਿਆ। ਦੌੜਕੇ ਖੋਲ੍ਹਿਆ ਤਾਂ ਘੋੜੇ ਤੇ ਚੜ੍ਹੇ ਹੋਏ ਸ੍ਰੀ ਗੁਰੂ ਜੀ ਦੀ ਕਿਸ਼ੋਰ ਮੂਰਤੀ ਦੇ ਦਰਸ਼ਨ ਹੋਏ। ਇਕ ਦਮ ਪ੍ਰਵਾਹ ਛੁਟ ਪਿਆ ਅਰ ਬੇਸੁਧ ਜੇਹੇ ਹੋਕੇ ਡਿੱਗ ਗਏ। ਗੁਰੂ ਜੀ ਨੇ ਉਤਰ ਕੇ ਸੰਭਾਲਿਆ, ਅਰ ਕਿਹਾ- 'ਧੰਨ ਸਿੱਖੀਂ' ਤੇ ਭਾਈ ਜੀ ਸਮੇਤ ਅੰਦਰ ਲੰਘ ਗਏ, ਸਿੱਖ ਨੂੰ ਦਰਸ਼ਨ ਦਿੱਤੇ ਅਰ ਅੰਤ ਸਮੇਂ ਨਾਮ ਦੀ ਪੱਕੀ ਲਿਵ ਵਿੱਚ ਸਿੱਖ ਨੂੰ ਤੋਰਿਆ। ਸਿੱਖ ਦੇ ਸਸਕਾਰ ਵਾਲੇ ਥਾਉਂ ਤਕ ਆਪ ਸਤਿਗੁਰੂ ਜੀ ਸਿੱਖਾਂ ਸਣੇ ਨਾਲ ਆਏ। ਸਾਈਂ ਦਾਸ ਜ਼ੀ ਚਾਹੁਣ ਕਿ ਧੁੱਪ ਚੜ੍ਹਦੀ ਹੈ, ਦੇਰ ਲਗੇਗੀ, ਉਮਰ ਛੁਟੇਰੀ ਹੈ, ਗੁਰੂ ਜੀ ਨੂੰ ਖੇਚਲ ਨਾ ਹੋਵੇ ਤੇ ਆਪ ਸ਼ਹਿਰ ਚਲੇ ਜਾਣ, ਪਰ ਮੂੰਹੋਂ ਆਖਣ ਦੀ ਹਿੰਮਤ ਨਾ ਪਵੇ। ਗੁਰੂ ਜੀ ਬੀ ਸਿੱਖ ਦੇ ਪ੍ਰੇਮ ਦੇ ਬੱਧੇ ਠਹਿਰੇ ਹੀ ਰਹੇ ਅਰ ਸਸਕਾਰ ਹੋਣ ਪਰ ਸਾਈਂ ਦਾਸ ਸਮੇਤ ਸ਼ਹਿਰ ਆਏ।

- 0 -

(ਸ)

ਸਿੱਖ ਤਾਂ ਚੜ੍ਹਦੇ ਤੋਂ ਚੜ੍ਹਦੇ ਕਹਿਣੀ ਰਹਿਣੀ ਬਹਿਣੀ ਦੇ ਸੂਰਮੇ ਗੁਰੂ ਕੇ ਦੁਲਾਰੇ ਸੇ, ਪਰ ਭਾਈ ਸਾਈਂ ਦਾਸ ਤੇ ਰਾਮੋ ਦੇ ਹਿਰਦੇ ਕੁਛ ਗੁਰੂ ਜੀ ਦੇ ਪ੍ਰੇਮ ਨਾਲ ਐਸੇ ਖਿੱਚੇ ਗਏ ਸੇ ਕਿ ਜਿਸ ਦਾ ਸਮਝਣਾਂ ਕਠਨ ਹੈ। ਅੱਠੇ ਪਹਿਰ ਉਹਨਾਂ ਦੀ ਸੁਰਤ ਗੁਰੂ-ਚਰਨਾਂ ਵਿਚ ਖਿੱਚੀ ਰਹਿੰਦੀ ਅਰ ਗੁਰੂ- ਮੂਰਤਿ ਅੰਗ ਸੰਗ ਰਹਿੰਦੀ, ਇਹੋ ਜਾਪਦੇ ਕਿ ਗੁਰੂ ਜੀ ਔਹ ਖੜੋਤੇ ਹਨ। ਬੈਠੇ ਬੈਠੇ ਸਜਲ ਨੇਤ੍ਰ ਹੋ ਜਾਣਾ ਤੇ ਐਸੀ ਧੂਹ ਮਿਲਨ ਦੀ ਪੈਣੀ ਕਿ ਖਾਣ ਪੀਣ ਤੇ ਕੰਮ ਕਾਜ ਭੁੱਲ ਜਾਣੇ। ਹਰ ਵੇਲੇ ਐਉਂ ਭਾਸਦਾ ਰਹਿਣਾ ਕਿ ਜਿਵੇਂ ਆਪਣਾ ਆਪ ਤਾਂ ਰਿਹਾ ਨਹੀਂ ਤੇ ਗੁਰੂ ਆਪੇ ਵਿੱਚ ਵੱਸ ਰਿਹਾ ਹੈ। ਖਿੱਚ ਦੇ ਮਗਰ ਉੱਠਕੇ ਤੁਰ ਪੈਣਾ ਤੇ ਫੇਰ ਸੋਚ ਪੈਣੀ: ਆਗਜਾ ਨਹੀਂ ਲਈ, ਤਦ ਕਦਮ ਮੋੜਨੇ। ਜਦੋਂ ਅਕਾਲ ਬੁੰਗੇ ਦੀ ਰਚਨਾ ਹੋਈ ਤੇ ਸੰਗਤਾਂ ਵਿਚ ਪ੍ਰਸਿੱਧ ਹੋਇਆ ਕਿ ਮੀਰੀ ਪੀਰੀ ਦਾ ਤਖਤ ਬਣਨ ਲੱਗਾ ਹੈ, ਤਦੋਂ ਭਾਈ ਜੀ ਡੱਲੇ ਸੇ। ਖ਼ਬਰ ਸੁਣੀ, ਜੀ ਸੇਵਾ ਨੂੰ ਉਛਲਿਆ, ਪਰ ਆਗਜਾ ਨਹੀਂ ਸੀ ਇਸ ਕਰਕੇ ਜਾਣੋ ਰੁਕੇ, ਪਰ ਮਨ ਦੀ ਦਸ਼ਾ ਕੀ ਹੋਈ ? ਹਰ ਵੇਲੇ ਐਉਂ ਭਾਸੇ ਜਿਕੂੰ ਟੋਕਰੀ ਮੋਢੇ ਤੇ ਹੈ ਤੇ ਇੱਟਾਂ ਢੋ ਰਹੇ ਹਾਂ ਤੇ ਬਾਣੀ ਪੜ੍ਹ ਰਹੇ ਹਾਂ।

ਇਸ ਸਿੱਕ ਭਰੇ ਅਵਸਰ ਵਿਚ ਰਾਮੋ ਨੇ ਅਪਣੀ ਸੱਧਰ ਐਵੇਂ ਨਾ ਜਾਣ ਦਿੱਤੀ, ਸੁੱਚੇ ਰੇਸ਼ਮ ਦੀ ਦਰਿਆਈ ਮੰਗਾਈ ਅਰ ਤਿੱਲੇ ਦੀ ਕਾਢ ਨਾਲ ਉਸਦੀ ਸੁੰਦਰਤਾ ਵਧਾਉਣੀ ਅਰੰਭ ਦਿੱਤੀ। ਉਧਰ ਅਕਾਲ ਬੁੰਗੇ ਦੀ ਉਸਾਰੀ ਹੋਵੇ, ਇਧਰ ਡੱਲੇ ਵਿਚ ਵਹੁਟੀ ਗੱਭਰੂ ਉਸ ਕੰਮ ਦੇ ਗਿਰਦ ਕਿ ਜਿੱਦਣ ਗੁਰੂ ਜੀ ਉਸ ਮੰਦਰ ਨੂੰ ਸ਼ੋਭਾ ਦੇਣਗੇ, ਇਹ ਮਹਾਰਾਜ ਜੀ ਦੇ ਚਰਨਾਂ ਹੇਠ ਵਿਛਾਵਾਂਗੇ। ਇਹ ਸੱਧਰ ਵੀ ਪੂਰਨ ਹੋਈ।

ਕੁਛ ਸਮਾਂ ਤਾਂ ਇਸ ਤਰ੍ਹਾਂ ਪ੍ਰੇਮ ਦੀਆਂ ਖਿੱਚਾਂ ਤੇ ਪ੍ਰੇਮ ਦੀਆਂ ਪੂਰਨਤਾਈਆਂ, ਕਦੇ ਵਿਛੋੜਾ ਕਦੇ ਦਰਸ਼ਨ, ਕਦੇ ਸਿੱਕ ਕਦੇ ਸੱਧਰ, ਕਦੇ ਮੇਲ ਕਦੇ ਵੈਰਾਗ ਵਿਚ ਬੀਤਿਆ, ਜਿਸ ਤੋਂ ਮਨ ਪਰ ਅਚਰਜ ਅਸਰ ਹੁੰਦਾ ਗਿਆ। ਦਿਨੋਂ ਦਿਨ ਮਨ ਦੀ ਨਿਰਮਲਤਾ ਤੇ ਉੱਜਲਤਾ ਉੱਚੀ ਹੁੰਦੀ ਗਈ। ਜਿਉਂ

SIKHBOOKCLUB.COM

ਜਿਉਂ ਇਹ ਦਸ਼ਾ ਹੋਈ ਸੁਰਤ ਬੀ ਉੱਚੀ ਹੁੰਦੀ ਗਈ, ਤਿਵੇਂ ਤਿਵੇਂ ਹੀ ਪ੍ਰੇਮ ਦੀ ਦਸ਼ਾ ਬੀ ਵਧਦੀ ਗਈ। ਪਰ ਹੁਣ ਸਮੇਂ ਨੇ ਹੋਰ ਪਲਟਾ ਖਾਧਾ। ਸ੍ਰੀ ਗੁਰੂ ਜੀ ਦੇ ਦਿੱਲੀ ਤੁਰ ਪੈਣ ਦੀਆਂ ਸੋਆਂ ਕੰਨੀ ਪਈਆਂ। ਜੀ ਕਦੇ ਧੜਕਦਾ ਹੈ ਕਿ ਪਿਛਲੇ ਪੰਜਵੇਂ ਸਤਿਗੁਰਾਂ ਵਾਂਙੂ ਭਾਣਾ ਨਾ ਵਰਤਦਾ ਹੋਵੇ; ਕਦੇ ਭਰੋਸਾ ਆਖਦਾ ਹੈ ਕਿ ਨਹੀ ਸੰਗਤਾਂ ਦੀ ਖਿੱਚ ਲੈ ਚੱਲੀ ਹੈ, ਪਰ ਹਰ ਹਾਲ ਵਿਚ ਦਰਸ਼ਨਾਂ ਲਈ ਜੀ ਉੱਛਲਦਾ ਹੈ। ਉਧਰੋਂ ਨਾ ਕੋਈ ਆਗਜਾ ਆਈ ਹੈ ਤੇ ਨਾ ਸੁਨੇਹਾ ਮਿਲਿਆ ਹੈ। ਇਸ ਸੋਚ ਵਿਚਾਰ ਵਿਚ ਪ੍ਰੇਮ ਦੀ ਨਿਤ ਬਲਦੀ ਜੁਆਲਾ ਭੜਕਾਰਿਆਂ ਵਿਚ ਆ ਗਈ ਤੇ ਉੱਤੋਂ ਹੁਣ ਦਿੱਲੀ ਤੁਰ ਪੈਣ ਦੀ ਪੱਕੀ ਸੋ ਵੀ ਮਿਲ ਗਈ। 'ਹਾ! ਹਾ! ਪਿਆਰੇ ਜੀ ਲੰਮੇ ਸਫਰ ਚਲੇ ਹਨ, ਕਦ ਮੁੜਨਗੇ ? ਕਦ ਫੇਰ ਦਰਸ਼ਣ ਦੇਣਗੇ ? ਸਰੀਰ ਦਾ ਕੀ ਭਰੋਸਾ ਹੈ ? ਤਦ ਤਕ ਪ੍ਰਾਣ ਬੀ ਰਹਿਣਗੇ ਕਿ ਨਹੀਂ ? ਫੇਰ ਕਹਿੰਦੇ ਹਨ, ਸਤਿਗੁਰੂ ਦੀ ਰਜ਼ਾਇ ਸਿਰ ਧਰਨੀ ਹੈ ਜੋ ਯੋਗ ਹੁੰਦਾ ਤਾਂ ਗੁਰੂ ਜੀ ਜ਼ਰੂਰ ਦਰਸ਼ਨ ਦੇ ਕੇ ਤੁਰਦੇ, ਉਨ੍ਹਾਂ ਨੇ ਜੋ ਕੁਛ ਵਿਚਾਰਿਆ ਹੈ ਸੋ ਠੀਕ ਹੈ, ਕਿਉਂਕਿ ਓਹ ਸਰਬੱਗ ਹਨ'। ਜਿਉਂ ਜਿਉਂ ਏਹ ਦਸ਼ਾ ਹੋਈ ਸੁਰਤ ਕਦੇ ਪ੍ਰੇਮ ਦੇ ਪ੍ਰਵਾਹ ਵਿਚ ਤੇ ਕਦੇ ਵੀਚਾਰ ਵਾਲੇ ਧੀਰਜ ਵਿਚ, ਅੰਤ ਦੋਹਾਂ ਦੀ ਖਿੱਚ ਨੇ ਐਸਾ ਵਲਵਲਾ ਖਾਧਾ ਕਿ ਗੁਰੂ ਮੂਰਤ ਦੇ ਧਿਆਨ ਆਪੇ ਤੋਂ ਬੀ ਭੁਲਾ ਗਏ। ਜਿਉਂ ਸੰਝ ਨੂੰ ਸੁਰਤ ਜੁੜੀ ਹੈ ਫੇਰ ਖੁਲ੍ਹਣਾ ਹੀ ਭੁੱਲ ਗਈ। ਮਹਾਰਾਜ ਜੀ ਦੇ ਦਰਸ਼ਨ ਹੋ ਰਹੇ ਹਨ ਅਰ ਦਰਸ਼ਨ ਕਰਨਹਾਰੇ ਮਸਤ ਭੌਰੇ ਦੀ ਤਰ੍ਹਾਂ ਨਿਮਗਨ ਯੋਗੀ ਵਾਂਙ ਇਕ ਰਸ ਜੁੜੇ ਬੈਠੇ ਹਨ। ਸਵੇਰਾ ਹੋ ਗਿਆ, ਪਰ ਇਨ੍ਹਾਂ ਨੂੰ ਖ਼ਬਰ ਨਹੀਂ। ਸੂਰਜ ਚੜ੍ਹ ਆਇਆ। ਪਰ ਆਪਣੇ ਪਿਆਰੇ ਦੇ ਦਰਸ਼ਨ ਦਾ ਸੂਰਜ ਸਭ ਸੂਰਜਾਂ ਨੂੰ ਮਾਤ ਕਰਨ ਵਾਲਾ ਹੈ, ਉਸ ਵਿਚੋਂ ਸੁਰਤ ਨੂੰ ਇਸ ਕਿਨਾਰੇ ਸੂਰਜ ਦੀਆਂ ਕਿਰਨਾਂ ਕਿਵੇਂ ਬੀ ਨਹੀਂ ਉਟਕਾ ਸਕਦੀਆਂ, ਸੋ ਧੁੱਪੇ ਹੀ ਬੈਠਿਆਂ ਦਿਹੁੰ ਚੜ੍ਹ ਆਯਾ। ਘਰਦਿਆਂ ਨੇ ਧੁਰ ਛੱਤੇ ਇਸ ਤਰ੍ਹਾਂ ਬੈਠੇ ਵੇਖਕੇ ਹਿਲਾਇਆ ਨਹੀਂ। ਓਹ ਇਨ੍ਹਾਂ ਦੀ ਵਿਆਕੁਲਤਾ ਨੂੰ ਜਾਣ ਰਹੇ ਸੇ ਅਰ ਇਨ੍ਹਾਂ ਨੂੰ ਇਸ ਸੁਖ ਵਿਚ ਵੇਖਕੇ ਹਿਲਾਇਆ ਨਹੀਂ ਸਨ ਚਾਹੁੰਦੇ। ਭਾਵੇਂ ਸੂਰਜ ਦੀ ਤਪਤ ਤੋਂ ਡਰਦੇ ਉਠਾਉਣਾ ਲੋਚਦੇ ਸਨ ਪਰ ਇਨ੍ਹਾਂ ਦੇ ਮਨ ਨੂੰ ਸੁਖੀ ਜਾਣ ਕੇ ਸਰੀਰ ਦੇ ਤੁੱਛ ਦੁਖ ਦੀ ਪਰਵਾਹ ਬੀ ਤਿਆਗੀ ਬੈਠੇ ਸਨ। ਇੰਨੇ ਨੂੰ ਇਕ ਸਿੱਖ ਆਇਆ ਕਿ ਸਤਿਗੁਰੂ ਦਿੱਲੀ ਜਾ ਰਹੇ ਹਨ, ਅੱਜ ਗੋਇੰਦਵਾਲ ਡੇਰਾ ਕਰਨਗੇ ਤੇ ਆਗਜਾ ਹੋਈ ਹੈ ਕਿ ਸਾਈਂ ਦਾਸ ਜੀ ਜੋ ਦਰਸ਼ਨ ਦੀ ਅਤਿ ਤਾਘ ਕਰ ਰਹੇ ਹਨ, ਗੋਇੰਦਵਾਲ ਆ ਜਾਣ ਯਾ ਸੁਲਤਾਨ ਪੁਰੇ ਆ ਮਿਲਣ। ਗੁਰੂ ਜੀ ਤ੍ਰੈ ਚਾਰ ਦਿਨ ਗੋਇੰਦਵਾਲ ਰਹਿਣਗੇ।

ਇਹ ਸੁਖ ਸੁਨੇਹਾ ਸੁਣਕੇ ਕੌਣ ਉਨ੍ਹਾਂ ਨੂੰ ਜੁੜਿਆ ਰਹਿਣ ਦੇਵੇ ? ਝੱਟ ਚਰਨ ਦਬਾ ਕੇ ਜਗਾਇਆ ਤੇ ਸਤਿਗੁਰਾਂ ਦਾ ਸੁਨੇਹਾ ਸੁਣਾਇਆ। ਸੁਨੇਹਾ ਸੁਣਦਿਆਂ ਨੈਣੀ ਨੀਰ ਭਰ ਆਇਆ, ਲੂੰ ਖੜੇ ਹੋ ਗਏ ਅਰ ਦੰਪਤੀ ਦੇ ਸਰੀਰ ਵਿਚੋਂ ਸ਼ੁਕਰ ਸ਼ੁਕਰ ਦੀ ਧੁਨਿ ਨਿਕਲੀ, ਗਲ ਪੱਲਾ ਪਾ ਲਿਆ ਅਰ ਕਈ ਵਾਰ ਧਰਤੀ ਪਰ ਮਸਤਕ ਰੱਖਕੇ ਕਿਹਾ 'ਸਾਡੇ ਵਰਗੇ ਨੀਵਿਆਂ ਤੇ ਇਹ ਕਿਰਪਾਲਤਾ! ਕਰਮ ਹੀਣਾਂ, ਤਪ ਹੀਣਾਂ ਉੱਤੇ ਇਹ ਕ੍ਰਿਪਾਲਤਾ! ਧੰਨ ਗੁਰੂ ਹੈ, ਧੰਨ ਵਾਹਿਗੁਰੂ ਹੈ, ਧੰਨ ਬਖ਼ਸ਼ਿਸ਼ ਹੈ!' ਫੇਰ ਇਹ ਸ਼ਬਦ ਸਭ ਨੇ ਮਿਲਕੇ ਗਾਵਿਆਂ:-

ਸਗਲ ਇਛਾ ਜਪਿ ਪੁੰਨੀਆ॥ ਪ੍ਰਭਿ ਮੇਲੇ ਚਿਰੀ ਵਿਛੁੰਨਿਆ॥੧॥ ਤੁਮ ਰਵਹੁ ਗੋਬਿੰਦੈ ਰਵਣ ਜੋਗੁ॥ ਜਿਤੁ ਰਵਿਐ ਸੁਖ ਸਹਜ ਭੋਗੁ॥੧॥ਰਹਾਉ॥ ਕਰਿ ਕਿਰਪਾ ਨਦਰਿ ਨਿਹਾਲਿਆ॥ ਆਪਣਾ ਦਾਸੁ ਆਪਿ ਸਮਾਲਿਆ॥੨॥ ਸੇਜ ਸੁਹਾਵੀ ਰਸਿ ਬਨੀ॥ ਆਇ ਮਿਲੇ ਪ੍ਰਭ ਸੁਖ ਧਨੀ॥੩॥ ਮੇਰਾ ਗੁਣੁ ਅਵਗਣੁ ਨ ਬੀਚਾਰਿਆ॥ ਪ੍ਰਭ ਨਾਨਕ ਚਰਣ ਪੂਜਾਰਿਆ ॥੪॥੧॥੧੪॥

(ਬਸੰਤ ਮ: ੫ ਘਰੁ ੧)

ਸਤਿਗੁਰੂ ਜੀ ਦੇ ਲੰਘਣ ਦੀ ਸੋਇ ਸਾਰੇ ਪਿੰਡ ਵਿਚ ਪ੍ਰਸਰ ਗਈ। ਗੁਰੂ ਜੀ ਦੇ ਚਰਨਾਂ ਕਮਲਾਂ ਦੇ ਪ੍ਰੇਮੀ ਸੁਣਦੇ ਸਾਰ ਭਾਈ ਜੀ ਦੇ ਘਰ ਆਉਂਦੇ ਤੇ ਬੜੇ ਪਿਆਰ ਨਾਲ ਪੁੱਛਦੇ ਹਨ, 'ਦੀਨ ਦਿਆਲ ਜੀ! ਸਾਨੂੰ ਆਗਜਾ ਹੈ ਜੋ ਆਪ ਦੀ ਸ਼ਰਨ ਚੱਲਕੇ ਸਤਿਗੁਰਾਂ ਦੇ ਦਰਸ਼ਨ ਪਾ ਆਵੀਏ ?'

ਜਿਉਂ ਜਿਉਂ ਇਸ ਤਰ੍ਹਾਂ ਪਿਆਰੇ ਦੇ ਪਿਆਰੇ ਆਉਂਦੇ ਹਨ ਸਾਈਂਦਾਸ ਦਾ ਹਰਖ ਉਛਾਲੇ ਖਾਂਦਾ ਹੈ ਤੇ ਹੱਥ ਬੰਨ੍ਹਕੇ ਆਖਦੇ ਹਨ-'ਪਿਆਰਿਓ! ਮੇਰੇ ਸਿਰ ਤੇ ਮੇਰੀਆਂ ਅੱਖਾਂ ਤੇ ਕਦਮ ਧਰਕੇ ਚੱਲੋ। ਤੁਹਾਡੇ ਪ੍ਰੇਮ ਦੇ ਆਸਰੇ ਦਾਸ ਨੂੰ ਬੀ ਗੁਰ-ਦਰਸ਼ਨ ਪ੍ਰਾਪਤ ਹੋ ਜਾਣਗੇ।'

ਇਸ ਤਰ੍ਹਾਂ ਲੋਕਾਂ ਦੀ ਤਿਆਰੀ ਤੇ ਬਿਨੈ 'ਜ਼ਰਾ ਠਹਿਰਨਾ, ਮੈਂ ਬੀ ਆਯਾ ਜੇ' ਨੇ ਕਿੰਨਾਂ ਚਿਰ ਲੰਘਾ ਦਿੱਤਾ, ਪਰ ਛੇਕੜ ਤੁਰੇ ਅਰ ਗੋਇੰਦਵਾਲ ਪਹੁੰਚੇ। ਦੀਵਾਨ ਸਜ ਰਿਹਾ ਸੀ, ਸਾਰੀ ਸੰਗਤ ਹਾਜ਼ਰ ਹੋਈ। ਸਾਈਂ ਦਾਸ ਜੀ ਨੂੰ ਸੰਗਤ ਮੋਹਰੇ ਲਾ ਰਹੀ ਸੀ, ਪਰ ਅੰਦਰ ਵੜਨ ਵੇਲੇ ਦੰਪਤੀ ਪਿੱਛੇ ਹੋ ਗਏ। ਡੱਲੇ ਦੀ ਸੰਗਤ ਨੂੰ ਗੁਰੂ ਜੀ ਬੜੇ ਹੀ ਆਦਰ ਨਾਲ ਮਿਲੇ। ਜਦ ਸਭਨਾ ਦੇ ਪ੍ਰਸ਼ਾਦਿ ਤੇ ਭੇਟਾ ਲੈ ਚੁਕੇ ਤਦ ਵਿਚ ਸਾਈਂ ਦਾਸ ਨਾ ਦਿੱਸਿਆ। ਸਾਈਂ ਦਾਸ ਤਾਂ ਜੋੜਿਆਂ ਵਿਚ ਖੜਾ ਸੀ। ਉਸਦੇ ਜੀ ਵਿੱਚ ਸ਼ੁਕਰ ਤੇ ਸ਼ੁਕਰ ਦੇ ਨਾਲ ਨਿਰਮਲ ਭੌ ਭਰ ਰਿਹਾ ਹੈ। 'ਸ਼ੁਕਰ ਹੈ ਮੇਰੀ ਸਿੱਕ ਪੂਰੀ ਹੋਈ ਪਰ ਹਾਇ! ਮੈਂ ਇਸ ਜੋਗ ਹਾਂ ਕਿ ਐਸੀ ਪਵਿੱਤ੍ਰ ਜੋਤ ਦੇ ਨੇੜੇ ਜਾਵਾਂ?... ਮੇਰੇ ਧੰਨ ਭਾਗ, ਮੇਰੇ ਵਾਹ ਨਸੀਬ, ਜੋ ਇਕ ਮਾਨ ਵਾਲੀ ਥਾਂ ਤੇ ਖੜੋਣਾ ਮਿਲਿਆ। ...ਮੈਂ ਤਾਂ ਕੇਵਲ ਯਾਦ ਨੂੰ ਤਰਸਦਾ ਹਾਂ, ਆਹ ਤਾਂ ਚਰਨਾਂ ਵਿੱਚ ਹਾਜ਼ਰੀ ਤੇ ਦਰਸ਼ਨ ਨਸੀਬ ਹੋ ਗਏ! ਧੰਨ ਗੁਰੂ ਕ੍ਰਿਪਾਲ ਜੋ ਮੰਗੋ ਉਸ ਤੋਂ ਵੱਧ ਬਖਸ਼ਦਾ ਹੈ।' ਇਸ ਪ੍ਰਕਾਰ ਦੇ ਭਾਵਾਂ ਵਿਚ ਭਰੇ ਇਸਤ੍ਰੀ ਭਰਤਾ ਖੜੇ ਸਨ। ਗੁਰੂ ਜੀ ਦੀ ਨਜ਼ਰ ਬੀ ਤੱਕ ਰਹੀ ਸੀ ਜੋ ਪਿਆਰਾ ਸਿੱਖ ਕਿੱਥੇ ਹੈ। ਪ੍ਰੇਮੀਆਂ ਦੀ ਪ੍ਰੇਮ-ਅਵਸਥਾ ਦੇ ਜਾਣੂੰ ਜੀ ਨੇ ਤਾੜ ਲਿਆ। ਚਿਹਰੇ ਦਾ ਰੰਗ ਇਸ ਕਹਿਰ ਦੇ ਵੈਰਾਗ ਵਿੱਚ ਦੇਖਕੇ ਗੁਰੂ ਜੀ ਤ੍ਰਬ੍ਹੱਕ ਕੇ ਉਠੇ ਅਰ ਜਿਕੂੰ ਗਾਂ ਧਾਕੇ ਵੱਛੇ ਨੂੰ ਮਿਲਦੀ ਹੈ ਸਾਈਂ ਦਾਸ ਵਲ ਨੂੰ ਹੋਏ। ਸਾਈਂ ਦਾਸ ਨੇ ਜਾਂ ਗੁਰੂ ਜੀ ਉਠਦੇ ਦੇਖੇ ਤਦ ਤੜਫਿਆ ਕਿ ਹਾਇ! ਅਦਬ ਕਰਦਿਆਂ ਹੋਰ ਬੇਅਦਬੀ ਹੋ ਗਈ। ਭੱਜਕੇ ਚਰਨਾਂ ਤੇ ਢੈ ਪਿਆ, ਨਾਲ ਹੀ ਰਾਮੋ ਬੀ ਢੈ ਪਈ। ਗੁਰੂ ਜੀ ਨੇ ਸੀਸ ਫੜਕੇ ਚੁੱਕਿਆ, ਬੜੇ ਪਿਆਰ ਨਾਲ ਕਿਹਾ, 'ਤੁਸੀਂ ਵੱਡੇ ਥਾਂ ਹੋ, ਸਾਡੇ ਅਦਬ ਦੀ ਜਗ੍ਹਾ ਹੋ, ਐਦਾਂ ਨਾ ਕਰਿਆ ਕਰੋ'। ਪਰ ਅਗੋਂ ਪ੍ਰੇਮ ਤੇ ਅਦਬ ਭਰੇ ਏਹ ਵਾਕ ਨਿਕਲੇ-'ਹੇ ਤਾਰਨਹਾਰ ਜੀ! ਸਾਕਾਦਾਰੀ ਦੇ ਮਾਨ ਤੋਂ ਮੁਕਤ ਕਰਕੇ ਸਿੱਖੀ ਦੀ ਚਰਨਧੂੜ ਵਿੱਚ ਸਮਾ ਲਓ'।

ਇਹ ਸਮਾਂ ਕੁਛ ਅਕਹਿ ਜਿਹਾ ਹੈ, ਪ੍ਰੇਮੀਆਂ ਦੇ ਦਿਲ ਆਪ ਹੀ ਸਮਝਦੇ ਹਨ ਕਿ ਕਿਕੂੰ ਦੇ ਹੁੰਦੇ ਹਨ। ਦਾਨੇ ਤੇ ਪ੍ਰੇਮ ਰਸ-ਭਿੰਨੇ ਸਤਿਗੁਰ ਨੇ ਦੰਪਤੀ ਤੇ ਅਤਿ ਮਿਹਰਾਂ ਕੀਤੀਆਂ। ਦੋ ਦਿਨ ਗੁਰੂ ਜੀ ਇਨ੍ਹਾਂ ਦੇ ਪ੍ਰੇਮ ਕਾਰਨ ਹੋਰ ਗੋਇੰਦਵਾਲ ਠਹਿਰ ਗਏ। ਅੰਤ ਤੁਰਨ ਦਾ ਸਮਾਂ ਆਇਆ। ਹੋਰ ਸੰਗਤਾਂ ਏਥੋਂ ਵਿਦਾ ਕੀਤੀਆਂ, ਡੱਲੇ ਦੀ ਸੰਗਤ ਨੂੰ ਸੁਲਤਾਨ ਪੁਰ ਤੱਕ ਨਾਲ ਚੱਲਣ ਦੀ ਆਗਯਾ ਮਿਲੀ।

ਹੁਣ ਵਿਛੜਨ ਦਾ ਵੇਲਾ ਆ ਗਿਆ। ਸਾਰੀ ਸੰਗਤ ਅਤਿ ਬਿਹਬਲ ਸੀ ਪਰ ਇਸ ਦੰਪਤੀ ਦੀ ਦਸ਼ਾ ਬਹੁਤ ਕੋਮਲ ਭਾਵਾਂ ਵਿਚ ਸੀ। ਤੁਰਨ ਲੱਗਿਆਂ ਸ੍ਰੀ ਗੁਰੂ ਜੀ ਨੇ ਕਿਹਾ "ਭਾਈ ਸਾਂਈਦਾਸ ਜੀ! ਅਸੀਂ ਰਾਜ਼ੀ ਖੁਸ਼ੀ ਜ਼ਰਾ ਚਿਰਾਕੇ ਮੁੜਾਂਗੇ, ਤੁਸੀਂ ਕੋਈ ਐਸੀ ਵੈਸੀ ਸੋਇ ਸੁਣਕੇ ਡੋਲਨਾ ਨਹੀਂ, ਗੁਰੂ ਨਾਨਕ ਦੇਵ ਜੀ ਦੀ ਆਗਯਾ ਵਿਚ ਸਭ ਸੁਖ ਹਨ।"

- o -

(ਹ)

ਡੱਲੇ ਦੀ ਸੰਗਤ ਡੱਲੇ ਪਹੁੰਚੀ। ਏਥੇ ਪ੍ਰੇਮੀਆਂ ਦੇ ਪ੍ਰੇਮ ਤੇ ਸਤਿਸੰਗ ਦਾ ਪ੍ਰਵਾਹ ਅਖੰਡ ਜਾਰੀ ਸੀ। ਸਾਈਂਦਾਸ ਜੀ ਨੂੰ ਸਾਰੇ ਆਪਣਾ ਮੁਖੀਆ ਸਮਝਦੇ ਸੀ, ਇਸ ਕਰਕੇ ਨਹੀਂ ਕਿ ਉਸ ਵਿੱਚ ਕੋਈ ਧਨ ਦਾ ਬਲਕਾਰ ਜਾਂ ਵਿੱਦਯਾ ਦਾ ਹੰਕਾਰ ਸੀ ਪਰ ਇਸ ਲਈ ਕਿ ਉਸ ਵਿੱਚ 'ਪਿਆਰ' ਵੱਸਦਾ ਸੀ। ਕਿਸੇ ਨਾਲ ਈਰਖਾ ਤਾਂ ਕਦੇ ਇਨ੍ਹਾਂ ਨੂੰ ਛੁਹ ਨਹੀਂ ਗਈ ਸੀ। ਨਗਰ ਭਰ ਵਿੱਚ ਤੇ ਸਾਰੀ ਸਾਕਾਦਾਰੀ ਵਿੱਚ ਰਾਮੋ ਦਾ ਬੇਲਾਗ ਵਰਤਣਾ ਤੇ ਸਭ ਦਾ ਭਲਾ ਕਰਨਾ ਉੱਘਾ ਹੋ ਰਿਹਾ ਸੀ। ਇਕ ਦਿਨ ਕਿਸੇ ਸਹੇਲੀ ਨੇ ਪੁੱਛਿਆ, 'ਭੈਣ ਜੀ! ਤੁਹਾਨੂੰ ਕੀ ਘੁੱਟੀ ਮਿਲ ਗਈ ਹੈ, ਜੋ ਕਿਸੇ ਨਾਲ ਈਰਖਾ ਤੁਹਾਨੂੰ ਫੁਰਦੀ ਹੀ ਨਹੀਂ, ਕੋਈ ਕੀਤਾ ਜਾਣੇ ਨਾ ਜਾਣੇ, ਕੋਈ ਕੀਤਾ ਜਾਏ ਨਾ ਜਾਏ, ਕੋਈ ਕੀਤਾ ਭੁਲਾਵੇ ਯਾ ਭੁਲਾ ਕੇ ਦੁੱਖ ਤਕ ਦੇਵੇ ਤੁਸੀਂ ਉਸੇ ਤਰ੍ਹਾਂ ਹੀ ਰਹਿੰਦੇ ਹੋ ?' ਰਾਮੋ ਨੇ ਕਿਹਾ 'ਭੈਣ ਜੀ! ਵਾਹਿਗੁਰੂ ਦੀ ਦਰਗਾਹ ਵਿਚ ਪ੍ਰੇਮੀਆਂ ਦਾ ਨਿਵਾਸ ਹੁੰਦਾ ਹੈ ਤੇ ਜੇ ਪ੍ਰੇਮ ਦੀ ਆਦਤ

ਏਸ ਦੁਨੀਆਂ ਵਿਚ ਨਾ ਪਕਾਈ ਤਾਂ ਹੋਰ ਕਿੱਥੇ ਪਕਾਵਾਂਗੇ ? ਇਹ ਮਨੁੱਖੀ ਜਨਮ ਦੁਰਲੱਭ ਹੈ ਇਸ ਵਿੱਚ ਮਨੁੱਖ ਨੂੰ ਆਪਣਾ ਆਪ ਐਸਾ ਉੱਚਾ ਕਰੀ ਜਾਣਾ ਚਾਹੀਦਾ ਹੈ ਜੋ ਪ੍ਰੇਮ ਵਾਲਾ ਹੋਕੇ ਦਰਗਾਹ ਵਿੱਚ ਰਹਿਣ ਦੇ ਲਾਇਕ ਹੋ ਜਾਵੇ। ਗੁਰੂ ਜੀ ਬੀ ਸਭ ਨੂੰ ਪ੍ਰੇਮ ਕਰਦੇ ਹਨ ਤੇ ਪ੍ਰੇਮ ਸਿਖਾਲਦੇ ਹਨ ਤਾਂਤੇ ਸਿੱਖੀ ਦੇ ਚਾਹਵਾਨਾਂ ਨੂੰ ਬੀ ਪ੍ਰੇਮ ਹੀ ਚਾਹੀਏ।'

ਸਹੇਲੀ— ਕੀਹ ਐਤਨੇ ਖਿਆਲ ਨਾਲ ਆਪਣੇ ਆਪ ਨੂੰ ਉੱਚਾ ਕਰਨ ਦੀ ਹਿੰਮਤ ਪੈਦਾ ਹੋ ਜਾਂਦੀ ਹੈ?

ਰਾਮੋ— ਭਰੋਸਾ ਲੋੜੀਏ ਪਹਿਲਾਂ, ਫੇਰ ਘਾਲ। ਫੇਰ ਨਿੱਤ ਦੀ ਆਪ ਨਾਲ ਬੀਤਦੀਆਂ ਦੇ ਵਰਤਾਵੇ ਹਿੰਮਤ ਭਰਦੇ ਹਨ।

ਸਹੇਲੀ— ਉਹ ਕਿੱਕੁਰ ?

ਰਾਮੋ— ਸਿਦਕ ਯਾ ਭਰੋਸਾ ਯਾ ਨਿਸ਼ਚਾ ਜਿਸ ਸ਼ੈ ਨੂੰ ਆਖਦੇ ਹਨ ਅਸੀਂ ਉਸਨੂੰ ਸਮਝਦੇ ਨਹੀਂ ਹਾਂ, ਪਰ ਇਹ ਐਸੀ ਨਿਆਮਤ ਹੈ ਕਿ ਅਕਲ ਤੋਂ ਬੀ ਵਧੀਕ ਉੱਚੀ ਤੇ ਅਮੋਲਕ ਹੈ। ਜਦ ਸਾਨੂੰ ਰਤੀ ਜਿੰਨਾ ਭਰੋਸਾ ਹੋ ਜਾਵੇ ਕਿ 'ਵਾਹਿਗੁਰੂ' ਹੈ* ਅਰ ਸਾਡੇ 'ਅੰਗ ਸੰਗ' ਹੈ, ਅਰ 'ਸਾਨੂੰ ਪਿਆਰ ਕਰਦਾ ਹੈ' ਤਦ ਕੁਦਰਤ ਵੱਲੋਂ ਸਾਰੀਆਂ ਹਿੰਮਤਾਂ ਕਰਨ ਲਈ ਉੱਦਮ ਜਾਗ ਪੈਂਦਾ ਹੈ। ਕਦਮ ਕਦਮ ਤੇ ਪਰਮੇਸ਼ੁਰ ਦਾ 'ਹੋਣਾ' ਉਸਦਾ 'ਅੰਗ ਸੰਗ' ਹੋਣਾ ਅਰ ਸਾਨੂੰ 'ਪਿਆਰ ਕਰਨਾ' ਵਰਤਦਾ ਦਿੱਸਣ ਲੱਗ ਪੈਂਦਾ ਹੈ। ਜਿਉਂ ਜਿਉਂ ਇਹ ਵਰਤਾਰਾ ਰੋਜ਼ ਹੱਡੀਂ ਬੀਤਦਾ ਹੈ ਤਿਉਂ ਤਿਉਂ ਭਰੋਸਾ ਵਧਦਾ ਜਾਂਦਾ ਹੈ; ਜਿਉਂ ਜਿਉਂ ਭਰੋਸਾ ਵਧਦਾ ਹੈ, ਇਹ ਹੱਡ ਬੀਤੇ ਵਰਤਾਰੇ ਵਧੀਕ ਤੋਂ ਵਧੀਕ ਦਿਖਾਈ ਦੇਂਦੇ ਜਾਂਦੇ ਹਨ ਕਿ ਪਰਮੇਸ਼ਰ "ਹੈ" ਸਾਡੇ "ਅੰਗ ਸੰਗ" ਹੈ ਤੇ "ਸਾਨੂੰ ਪਿਆਰ ਕਰਦਾ ਹੈ"।

ਪਿਆਰੀ ਭੈਣ! ਜਦੋਂ ਰੋਜ਼ ਸਦਾ ਇਕ ਰਸ ਰਹਿਣ ਵਾਲੇ ਪ੍ਰੇਮ ਸਰੂਪ ਪਰਮੇਸ਼ਰ ਦੇ 'ਹੋਣ' ਮਾਤ੍ਰ ਦਾ ਸਿਦਕ ਬੱਝ ਗਿਆ, ਫੇਰ ਦਿਲ ਪਰ ਆਪੇ ਏਹ ਅਸਰ ਬੈਠਦਾ ਹੈ ਕਿ ਜਦ ਮੇਰੇ ਪੈਦਾ ਕਰਨ ਵਾਲੇ ਤੇ ਪਿਆਰ ਕਰਨ ਵਾਲੇ ਦਾ ਸਰੂਪ ਸੁਧਾ ਨੇਕੀ ਤੇ ਪ੍ਰੇਮ ਹੈ ਤਦ ਮੇਰੇ ਕਰਤੱਵ ਵੀ ਉਸੇ ਤਰ੍ਹਾਂ ਦੇ ਹੋਣੇ ਚਾਹੀਦੇ ਹਨ। ਜੋ ਸੁਭਾਉ ਪਿਤਾ ਦਾ ਹੈ ਉਸੇ ਸੁਭਾਉ ਵਾਲੀ ਹੋਕੇ ਮੈਂ ਪਿਤਾ ਦੀ ਪਿਆਰੀ ਹੋ ਸਕਦੀ ਹਾਂ। ਫੇਰ ਈਰਖਾ ਛੱਡਣ ਤੇ ਪਿਆਰ ਦੀ ਵਰਤੋਂ ਵਰਤਣ ਲਈ ਕੋਈ ਮਿਹਨਤ ਨਹੀਂ ਕਰਨੀ ਪੈਂਦੀ, ਸਗੋਂ ਇਸ ਤਰ੍ਹਾਂ ਦਾ ਚਾਉ ਐਸਾ ਕਰਨ ਲਈ ਆਪੇ ਪੈਦਾ ਹੋ ਜਾਂਦਾ ਹੈ ਅਰ ਉਹ ਚਾਉ ਉਸੇ ਵਿਚ ਆਪੇ ਪੈਦਾ ਹੋ ਜਾਂਦਾ ਹੈ ਅਰ ਉਹ ਚਾਉ ਉਸੇ ਵਿਚ ਆਪੇ ਲਈ ਚਲਦਾ ਹੈ। ਇਥੇ ਕੁ ਪਹੁੰਚ ਕੇ ਇਕ ਹੋਰ ਕਲਾ ਵਰਤਦੀ ਹੈ, ਉਹ ਇਹ ਕਿ ਵਾਹਿਗੁਰੂ ਨੂੰ ਭੁੱਲਕੇ ਯਾ ਬਦੀ ਕਰਕੇ ਯਾ ਪ੍ਰੇਮ ਦੇ ਉਲਟ ਕਿਸੇ ਨਾਲ ਦ੍ਵੈਖ ਕਰਕੇ ਜੀ ਆਪੇ ਹੀ ਖੁੱਸਣ ਲਗ ਜਾਂਦਾ ਹੈ, ਕੁਛ ਸਰੀਰ ਬੀ ਟੁੱਟਣ ਲਗ ਜਾਂਦਾ ਹੈ, ਸਗੋਂ ਬਾਜ਼ੇ ਵੇਲੇ ਜੀਉ ਐਸਾ ਛਿੱਥਾ ਹੁੰਦਾ ਹੈ ਕਿ ਆਪਣੇ ਆਪ ਨੂੰ ਵੱਢ ਵੱਢ ਕੇ ਖਾਣ ਲਗ ਪੈਂਦਾ ਹੈ। ਬਾਣੀ ਵਿਚ ਚਿਤ ਨਹੀਂ ਲਗਦਾ, ਬੇਨਤੀ ਵਿਚ ਨਹੀਂ ਖੁੱਭਦਾ, ਸ਼ੁਕਰ ਤੋਂ ਨੱਸਦਾ ਹੈ ਤੇ ਵਾਹਿਗੁਰੂ ਦੀ ਯਾਦ ਬੀ ਭੁੱਲ ਭੁੱਲ ਜਾਂਦੀ ਹੈ। ਸਰੀਰ ਤੇ ਮਨ ਦੀ ਇਹ ਟੁੱਟ ਐਸੀ ਮਲੂਮ ਹੁੰਦੀ ਹੈ ਕਿ ਜਿਵੇਂ ਕੋਈ ਦੰਡ ਹੈ। ਉਸ ਵੇਲੇ ਹਾੜ੍ਹੇ, ਤਰਲੇ ਕੱਢੀਦੇ ਹਨ ਕਿ ਹੁਣ ਇਕ ਵੇਰੀ ਚੈਨ ਆਵੇ ਤਦ ਫੇਰ ਕਦੀ ਐਸਾ ਨਾ ਕਰਾਂਗੇ। ਸੋ ਐਸੇ ਸਮੇਂ ਬਾਣੀ ਪੜ੍ਹਨੀ ਚਾਹੀਏ, ਜੇ ਜੀ ਨਾ ਬੀ ਲਗੇ ਤਾਂ ਬੀ। ਬਾਣੀ ਪੜ੍ਹਦਿਆਂ ਤੇ ਵਿਚਾਰਦਿਆਂ ਜਦ ਮਨ ਦੀ ਮੈਲ ਉਤਰਦੀ ਹੈ ਤਦ ਫੇਰ ਸ਼ਾਂਤਿ ਤੇ ਸੁਖ ਆ ਵਰਤਦਾ ਹੈ। ਐਉਂ ਜਾਪਦਾ ਹੈ ਕਿ ਅਸੀਂ ਕਿਸੇ ਬੜੇ ਭਾਰੇ ਸਖਤ ਪਰਬਤ ਦੇ ਹੇਠ ਆ ਗਏ ਸਾਂ ਅਰ ਮਸਾਂ ਨਿਕਲੇ ਹਾਂ। ਇਹ ਸੁਖ ਸਾਰੇ ਸਰੀਰ ਵਿੱਚ ਪ੍ਰਤੀਤ ਦੇਕੇ ਫੇਰ ਅੰਦਰੋਂ ਸ਼ੁਕਰ ਦੇ ਅਵਾਜ਼ੇ ਨਿਕਲਦੇ ਹਨ ਤੇ ਮਨ ਕਹਿੰਦਾ ਹੈ: 'ਪਿਆਰੇ ਦੀ ਮਰਜ਼ੀ ਦੇ ਉਲਟ ਕੀਤਿਆਂ ਸਭ ਕੁਛ ਉਲਟ ਪੁਲਟ ਹੋ ਗਿਆ ਸੀ, ਫੇਰ ਨਾ ਕਦੇ ਐਸਾ ਹੋਵੇਂ। ਇਹ ਵੀਚਾਰਦਾ ਹੋਇਆ ਮਨ ਕਦੇ ਪ੍ਰਾਰਥਨਾ ਵਿੱਚ ਐਸਾ ਜੁੜਦਾ ਹੈ ਤੇ ਤਰਲੇ ਕਰਦਾ ਹੈ ਕਿ ਹੇ ਕਰੁਣਾ ਨਿਧੇ!

"ਜੇ ਤੂ ਤੁਠਾ ਕ੍ਰਿਪਾ ਨਿਧਾਨ ਨਾ ਦੂਜਾ ਵੇਖਾਲਿ॥
ਏਹਾ ਪਾਈ ਮੂ ਦਾਤੜੀ ਨਿਤ ਹਿਰਦੈ ਰਖਾ ਸਮਾਲਿ॥"

* ਜਾਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥

ਐਉਂ ਜਤਨ ਲਾਉਂਦਿਆ ਕਰਤਾਰ ਤੇ ਗੁਰੂ ਦੀ ਆਪਣੀ ਮਿਹਰ ਨਾਲ ਕੁਛ ਆਪੇ ਹੀ ਸੁਭਾਵ ਵਿੱਚ ਪਲਟਾ ਆ ਜਾਂਦਾ ਹੈ।

ਸਹੇਲੀ— ਇਹ ਹਾਲ ਤੁਹਾਡਾ ਹੀ ਸੁਣਿਆਂ ਹੈ, ਹੋਰ ਤਾਂ ਕਿਸੇ ਦਾ ਨਹੀਂ ਹੁੰਦਾ। ਕੀ ਏਹ ਤੁਹਾਡੇ ਵਰਗੇ ਚੁਣੇ ਹੋਏ ਪਿਆਰਿਆਂ ਦਾ ਹੀ ਹੁੰਦਾ ਹੈ ਕਿ ਸਭ ਕਿਸੇ ਦਾ ਹੁੰਦਾ ਹੈ ?

ਰਾਮੋ— ਪਹਿਲੀ ਗੱਲ ਇਹ ਠੀਕ ਨਹੀਂ ਕਿ ਅਸੀਂ ਚੁਣੇ ਹੋਏ ਹਾਂ, ਅਸੀਂ ਤਾਂ ਚੁਣੇ ਹੋਏ ਮੂਰਖ ਹੋ ਸਕਦੇ ਹਾਂ। ਦੂਜੇ ਇਹ ਦਸ਼ਾ ਡਾਕੂ ਤੇ ਚੋਰ ਤੋਂ ਲੈਕੇ ਪੂਰਨ ਸੰਤ ਤਕ ਦੀ ਹੁੰਦੀ ਹੈ ਕਿ ਬਦੀ ਕਰਕੇ ਚਿਤ ਵਿਚ ਉਦਾਸੀ ਆਉਂਦੀ ਹੈ ਤੇ ਭਲਿਆਈ ਕਰਕੇ ਚਿਤ ਵਿਚ ਖੁਸ਼ੀ ਆਉਂਦੀ ਹੈ। ਫਰਕ ਹੈ ਤਾਂ ਏਤਨਾਂ ਕਿ ਚੋਰ ਆਦਿਕ ਦੁਰਾਚਾਰੀ ਲੋਕਾਂ ਨੂੰ ਆਪਣੇ ਜੀ ਦੀ ਉਦਾਸੀ ਨੂੰ ਦੇਖਣ ਦਾ ਸੁਭਾਵ ਨਹੀਂ ਹੁੰਦਾ। ਜੇ ਉਨ੍ਹਾਂ ਨੂੰ ਇਹ ਉਦਾਸੀ ਦਿੱਸੇ ਬੀ ਤਾਂ ਸ਼ਰਾਬ, ਜੂਏ ਤੇ ਖੇਡਾਂ, ਤਮਾਸ਼ਿਆਂ ਵਿਚ ਉਸ ਉਦਾਸੀ ਨੂੰ ਉਹ ਭੁਲਾਉਂਦੇ ਹਨ। ਬਾਰ ਬਾਰ ਇਸ ਤਰ੍ਹਾਂ ਕਰਦਿਆਂ ਉਨ੍ਹਾਂ ਦਾ ਮਨ ਦਿਨੋਂ ਦਿਨ ਕਠੋਰ ਹੁੰਦਾ ਜਾਂਦਾ ਹੈ। ਦੁਨੀਆਦਾਰ ਲੋਕ ਐਸੀ ਉਦਾਸੀ ਨੂੰ ਅਕਲਾਂ ਨਾਲ ਨਜਿੱਠਦੇ ਹਨ, ਦਿਲ ਨੂੰ ਓਪਰੀਆਂ ਤਸੱਲੀਆਂ ਦੇਂਦੇ ਹਨ ਕਿ ਤੂੰ ਠੀਕ ਕੀਤਾ ਹੈ, ਮੁਨਾਸਬ ਹੀ ਇਹੋ ਕਰਨਾ ਸੀ। ਇਨ੍ਹਾਂ ਲੋਕਾਂ ਦੀ ਜੇਕਰ ਅਕਲਾਂ ਨਾਲ ਮਨ ਦੀ ਉਦਾਸੀ ਨਾ ਲ੍ਹਵੇ ਤਦ ਖੇਲ ਕੁੱਦ, ਤਮਾਸ਼ੇ, ਹਾਸੀ ਤੇ ਸੁੱਖਾਂ ਦੇ ਰੁਝੇਵਿਆਂ ਵਿਚ ਰੁੱਝ ਰੁੱਝ ਕੇ ਉਹ ਆਪਣੇ ਜੀ ਤੋਂ ਉਸ ਉਦਾਸੀ ਨੂੰ ਕੱਢ ਦੇਂਦੇ ਹਨ। ਵੱਡਾ ਭਾਰਾ ਪਰਦਾ ਇਹ ਹੈ ਕਿ ਇਹ ਗੱਲ ਤਾਂ ਅਕਸਰ ਸਮਝ ਲੈਂਦੇ ਹਨ ਕਿ ਜੀ ਉਦਾਸ ਹੈ, ਅੱਜ ਕਿਤੇ ਨਹੀਂ ਲੱਗਦਾ, ਪਰ ਇਸ ਪਾਸੇ ਧਿਆਨ ਨਹੀਂ ਪੈਂਦਾ ਕਿ ਜੀਉਂ ਕਿਉਂ ਉਦਾਸ ਹੈ। ਸੋ ਓਹ ਕਾਰਣ ਦੀ ਖੋਜ ਨਹੀਂ ਕਰਦੇ। ਸਤਿਸੰਗ ਦੀ ਸ਼ਰਨ ਆਏ ਨੂੰ-ਚਾਹੇ ਕਮਜ਼ੋਰ ਹੈ, ਚਾਹੇ ਪੂਰਨ ਸੰਤ-ਇਹ ਆਪਾ ਖੋਜਣ ਦੀ ਵਾਦੀ ਪਹਿਲੇ ਹੀ ਪੈ ਜਾਂਦੀ ਹੈ। ਓਹ ਕਾਰਣ ਲਭਦੇ ਹਨ ਕਿ ਅੱਜ ਜੀਉ ਉਚਾਟ ਕਿਉਂ ਹੈ ? ਫੇਰ ਲੱਭਦੇ ਲੱਭਦੇ ਆਪਣਾ ਕੋਈ ਕਾਰਣ ਲੱਭ ਪੈਂਦਾ ਹੈ ਜਿਵੇਂ ਕੋਈ ਅਪ੍ਰੇਮ ਦਾ ਕੰਮ, ਕੋਈ ਅਕ੍ਰਿਪਾ ਦਾ ਵਾਕ, ਕੋਈ ਈਰਖਾ ਦੀ ਸੋਚ, ਕੋਈ ਵਾਹਿਗੁਰੂ ਦੀ ਯਾਦ ਵਿਚ ਭੁੱਲ* ਤੇ ਫੇਰ ਉਹ ਉਸਦਾ ਦਾਰੂ ਕਰਦੇ ਹਨ:-

"ਭਰੀਐ ਮਤਿ ਪਾਪਾ ਕੈ ਸੰਗਿ॥
ਓਹੁ ਧੋਪੈ ਨਾਵੈ ਕੈ ਰੰਗਿ॥"

ਏਸ ਤਰ੍ਹਾਂ ਸਤਿਸੰਗ ਦੀ ਸ਼ਰਣ ਰਹਿਣ ਵਾਲਾ ਪੂਰਨ ਆਪੇ ਦੀਆਂ ਤਾਕਤਾਂ ਵਧਾ ਲੈਂਦਾ ਹੈ।

ਸਹੇਲੀ— ਭੈਣ ਜੀ! ਜੋ ਤੁਸਾਂ ਕਿਹਾ ਸੋ ਤਾਂ ਮੈਂ ਸਮਝਿਆ, ਪਰ ਹੁਣ ਇਹ ਦੱਸੋ ਕਿ ਸਤਿਸੰਗ ਦੀ ਸ਼ਰਣ ਆਉਣਾ ਕੀਹ ਹੁੰਦਾ ਹੈ ? ਮੈਂ ਤਾਂ ਜਿਉਂ ਵਿਆਹੀ ਅਜ ਸੋਲਾਂ ਵਰ੍ਹੇ ਮਗਰੋਂ ਪੇਕੇ ਆਈ ਹਾਂ। ਸਾਡੇ ਸਾਹੁਰੇ ਤਾਂ ਸਤਿਸੰਗ ਇਹ ਹੈ ਕਿ ਰੋਟ ਪਕਾਇਆ ਤੇ ਸਰਵਰ ਦੇ ਨਮਿੱਤ ਦੇ ਛੱਡਿਆ ਤੇ ਸਮਝ ਲਿਆ ਕਿ ਪੁੱਤਰ, ਬੌਲਦ ਜੀਉਂਦੇ ਰਹਿਣਗੇ ਤੇ ਖੇਤੀ ਵਧਦੀ ਫਲਦੀ ਫੁਲਦੀ ਰਹੇਗੀ, ਪਰ ਵੇਖਦੀ ਰਹੀ ਹਾਂ ਜੋ ਢੱਗੇ ਵੱਛੇ ਮਰ ਹੀ ਜਾਂਦੇ ਤੇ ਮਨ ਕਦੇ ਖਿੜਕੇ ਰਾਜ਼ੀ ਨਹੀਂ ਹੁੰਦਾ। ਐਥੇ ਤ੍ਰੈ ਕੁ ਮਹੀਨੇ ਦੀ ਆਈ ਹਾਂ ਤਾਂ ਦਿਲ ਖੁੱਲ੍ਹਦਾ ਹੈ ਤੇ ਖਿੜਦਾ ਹੈ। ਤੁਸੀਂ ਸਾਰੇ ਖਿੜੇ ਮੱਥੇ ਤੇ ਖੁਸ਼ੀ ਦਿੱਸਦੇ ਹੋ। ਬੌਲਦ ਮਰੇ ਕਿ ਵੱਛਾ, ਇਸ ਗਲ ਦਾ ਤੌਖਲਾ ਤੁਹਾਨੂੰ ਹੈ ਹੀ ਨਹੀਂ। ਉਂਞ ਵੀ ਤੁਹਾਡੇ ਪਿੰਡ ਅਪਦਾ ਘੱਟ ਪੈਂਦੀ ਦਿਸੱਦੀ ਹੈ। ਮੈਂ ਅਚੰਭਾ ਹੋ ਰਹੀ ਹਾਂ ਕਿ ਇੱਥੇ ਕੀ ਹੋ ਰਿਹਾ ਹੈ? ਗੁਰੂ ਕੀ ਸਿੱਖੀ ਤਾਂ ਉਦੋਂ ਬੀ ਏਥੇ ਸੀ ਜਦੋਂ ਮੈਂ ਵਿਆਹੀ ਸਾਂ, ਪਰ ਹੁਣ ਕੁਛ ਹੋਰ ਰੰਗ ਹੈ। ਯਾ ਮੈਂ ਉਦੋਂ ਨਿਆਣੀ ਸਾਂ ਤੇ ਸਮਝ ਨਹੀਂ ਸੀ ਯਾ ਏਥੇ ਕੁਛ ਹੋਰ ਵਰਤਿਆ ਹੈ।

ਰਾਮੋ— ਮੈਂ ਦੱਸ ਚੁਕੀ ਹਾਂ ਕਿ ਜਦ ਕਿਣਕਾ ਮਾਤ੍ਰ ਭਰੋਸਾ ਆਪਣੇ ਪਰਮੇਸ਼ੁਰ ਤੇ ਆ ਜਾਵੇ ਤਦ ਤੌਖਲਾ ਮਿਟ ਜਾਂਦਾ ਹੈ। ਨਾ ਭਰਮ ਉਠਦਾ ਹੈ ਨਾ ਭੈ। ਜਿਨ੍ਹਾਂ ਨੂੰ ਬਹੁਤ ਤੌਖਲਾ ਉਠਦਾ ਹੈ, 'ਹਾਏ ਪੁੱਤ ਨਾ ਮਰ ਜਾਏ' 'ਹਾਏ ਬੌਲਦ ਚੋਰ ਨਾ ਲੈ ਜਾਣ', ਉਨ੍ਹਾਂ ਨਾਲ ਅਜਿਹੀਆਂ ਹੋਣੀਆਂ ਵਧੀਕ ਵਰਤਦੀਆਂ ਹਨ। ਜਿਨ੍ਹਾਂ ਨੂੰ ਭਰੋਸਾ ਹੈ ਕਿ ਵਾਹਿਗੁਰੂ ਸਾਨੂੰ ਪਿਆਰ ਕਰਦਾ ਹੈ, ਉਹ ਜੋ ਕਰੇਗਾ ਸਾਡੇ ਭਲੇ ਦੀ ਕਰੇਗਾ, ਉਨ੍ਹਾਂ ਦਾ ਨੁਕਸਾਨ ਹੁੰਦਾ ਨਹੀਂ, ਹੋਵੇ ਤਾਂ

---

* ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ ਮਨ ਹੀ ਮੰਝਿ ਸਮਾਇ॥

(ਸਿਰੀ ਰਾ: ਕੀ ਵਾ: ਮ:੪)


SIKHBOOKCLUB.COM

ਚਿਤ ਨੂੰ ਖਾਂਦਾ ਨਹੀਂ।

'ਮੀਤੁ ਕਰੈ ਸੋਈ ਹਮ ਮਾਨਾ॥
ਮੀਤ ਕੇ ਕਰਤਬ ਕੁਸਲ ਸਮਾਨਾ॥'

ਇਹ ਗੁਰਵਾਕ ਉਨ੍ਹਾਂ ਦੀ ਢਾਲ ਹੁੰਦੀ ਹੈ। ਪਿਆਰੀ ਭੈਣ! ਇਕ ਚਾਨਣਾਂ ਹੈ, ਇਕ ਹਨੇਰਾ। ਜੋ ਚਾਨਣੇ ਵਿਚ ਤੁਰਦਾ ਹੈ ਉਹ ਠੇਡਾ ਘੱਟ ਖਾਂਦਾ ਹੈ। ਜੋ ਹਨੇਰੇ ਤੁਰਦਾ ਹੈ, ਬਹੁਤ ਸੱਟਾਂ ਖਾਂਦਾ ਹੈ। ਪਰਮੇਸ਼ੁਰ ਤੇ ਭਰੋਸਾ ਕਰਨਾ ਕਿ "ਹੈ" ਫੇਰ ਇਹ ਮੰਨਣਾਂ ਕਿ "ਅੰਗ ਸੰਗ ਹੈ" ਫੇਰ ਇਹ ਸਿਦਕ ਧਾਰਨਾ "ਕਿ ਮੈਨੂੰ ਪਿਆਰ ਕਰਦਾ ਹੈ" ਇਹ ਚਾਨਣਾ ਹੈ। ਚਾਨਣੇ ਦੀਆਂ ਕਿਰਨਾਂ ਸੱਚ, ਪਿਆਰ, ਨੇਕੀ, ਧਰਮ, ਉਪਕਾਰ ਤੇ ਵਾਹਿਗੁਰੂ ਦੀ ਯਾਦ ਬੇਨਤੀ ਅਰ ਸ਼ੁਕਰ ਹਨ। ਜੋ ਇਸ ਚਾਨਣੇ ਵਿਚ ਤੁਰਦਾ ਹੈ ਉਹ ਠੇਡੇ ਬਹੁਤ ਘੱਟ ਖਾਂਦਾ ਹੈ। ਪਰ ਜੋ ਉਸਦੇ ਉਲਟ ਭੁੱਲ ਅਰਥਾਤ ਤੌਖਲੇ, ਭਰਮ, ਵਹਿਮ, ਝੂਠ, ਵੈਰ ਤੇ ਮਨ ਦੇ ਖਿੰਡਾਉ ਵਿਚ ਤੁਰਦਾ ਹੈ ਉਹ ਹਨੇਰੇ ਵਿਚ ਜਾ ਰਿਹਾ ਹੈ। ਨੇਕੀ 'ਸਤਿ' ਵਸਤੂ ਹੈ। ਜਿਕੂੰ ਚਾਨਣਾ ਹੈ ਪਰ ਹਨੇਰਾ ਤਾਂ ਚਾਨਣੇ ਦੀ ਅਣਹੋਂਦ ਹੈ। ਇਸੇ ਤਰ੍ਹਾਂ ਬਦੀ ਨੇਕੀ ਦੇ ਉਲਟ ਜਾਣ ਦਾ ਨਾਂ ਹੋਇਆ। ਸੋ ਹਨੇਰਾ ਤੇ ਬਦੀ ਕੋਈ ਸਤਿ ਵਸਤੂ ਨਹੀਂ ਹਨ। ਸਤਿ ਵਸਤੂ 'ਨੇਕੀ' ਹੈ। "ਬਦੀ" 'ਅਸਤਿ ਵਸਤੂ' ਹੈ। ਜੋ ਨੇਕੀ ਵਿਚ ਤੁਰਦਾ ਹੈ, ਉਹ ਤਾਂ ਕਿਸੇ ਸ਼ੈ ਦਾ ਮਾਲਿਕ ਹੋ ਰਿਹਾ ਹੈ, ਕੁਛ ਰਾਸ ਜਮਾਂ ਕਰ ਰਿਹਾ ਹੈ, ਪਰ ਬਦੀ ਦਾ ਜਦ ਕੋਈ "ਸਤਿ" ਸਰੂਪ ਹੀ ਨਹੀਂ ਤਦ ਉਹ ਕੀ ਰਾਸ ਜਮਾਂ ਕਰ ਰਿਹਾ ਹੈ ? ਉਹ ਤਾਂ ਲੁਟਾ ਰਿਹਾ ਹੈ, ਗੁਆ ਰਿਹਾ ਹੈ, ਤੋਟੇ ਦੇ ਘਰ ਜਾ ਰਿਹਾ ਹੈ। ਸਿਆਣੇ ਲੋਕ ਆਖਦੇ ਹਨ ਕਿ ਵਾਹਿਗੁਰੂ 'ਸਤਿ' ਸਰੂਪ ਹੈ, ਅਰਥਾਤ ਉਹ ਤਿੰਨਾਂ ਸਮਿਆਂ ਵਿੱਚ ਹੋਣ ਵਾਲੀ ਕਲਿਆਨ ਸਰੂਪ ਹਸਤੀ ਹੈ। ਉਹ ਜੀਉਂਦੀ ਜਾਗਦੀ ਜੋਤ ਹੈ ਤੇ ਪ੍ਰੇਮ ਉਸ ਦਾ ਸਰੂਪ ਹੈ। ਉਹ ਸਦਾ ਸੀ, ਹੁਣ ਹੈ ਤੇ ਸਦਾ ਹੋਊ। ਗੁਰੂ ਜੀ ਨੇ ਫੁਰਮਾਇਆ ਹੈ।

"ਆਦਿ ਸਚੁ ਜੁਗਾਦਿ ਸਚੁ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ"॥

ਅਰਥਾਤ ਸੱਚ ਸਦਾ ਅਟੱਲ ਹੋਂਦ ਹੈ ਇਸਦੇ ਉਲਟ ਜੋ ਕੁਛ ਹੈ 'ਨਹੀਂ ਹੈ, ਉਹ ਕੋਈ ਸ਼ੈ ਨਹੀਂ, ਉਹ ਝੂਠ ਹੈ ਤੇ ਕੋਈ ਰਾਸ ਨਹੀਂ ਹੈ।

ਵਪਾਰੀਆਂ ਨੂੰ ਇਕ 'ਨਫਾਂ' ਹੁੰਦਾ ਹੈ ਇਕ ਨੁਕਸਾਨ ਹੁੰਦਾ ਹੈ। ਨਫਾ ਕੋਈ ਸ਼ੈ ਹੈ ਜੋ ਪੱਲੇ ਪੈਂਦੀ ਹੈ ਪਰ ਘਾਟਾ ਕੁਛ ਪੱਲਿਓਂ ਜਾਂਦਾ ਹੈ। ਇਸੇ ਤਰ੍ਹਾਂ ਨੇਕੀ ਨਫਾ ਹੈ ਜੋ ਪੱਲੇ ਬੱਝਦੀ ਹੈ ਪਰ ਬਦੀ ਘਾਟਾ ਹੈ ਜੋ ਨੇਕੀ ਦੀ ਰਾਸ ਨੂੰ ਉਜਾੜਦਾ ਹੈ ਤੇ ਜਿਸ ਨਾਲ ਆਪੇ ਦੀ ਤਾਣ ਤਾਕਤ ਅੰਦਰੋਂ ਘਟਦੀ ਹੈ ਅਰਥਾਤ ਇਖਲਾਕੀ ਤੇ ਰੂਹਾਨੀ ਘਾਟਾ ਪੈਂਦਾ ਹੈ। ਜਿਸ ਦੇ ਅੰਦਰ 'ਭਰਮ ਤੇ ਤੌਖਲਾ' ਰਹਿੰਦਾ ਹੈ, ਉਸਦੇ ਅੰਦਰ ਘਾਟੇ ਦਾ ਸੁਭਾਉ ਪੱਕ ਰਿਹਾ ਹੈ। ਇਸ ਸੁਭਾਉ ਦਾ ਫਲ ਨਾਨਾ ਪ੍ਰਕਾਰ ਦੇ ਦੁਖ ਤੇ ਰੋਗ ਹਨ। ਦਾਰੂ ਏਸਦਾ ਉਸਦੇ ਉਲਟ ਹੈ, ਉਹ ਹੈ ਭਰੋਸਾ। ਭਰੋਸੇ ਨਾਲ ਭਰਮ ਤੇ ਤੌਖਲਾ ਯਾ ਡਰ ਤੇ ਸੰਸਾ ਨਹੀਂ ਰਹਿੰਦੇ। ਵੇਖੋ ਗੁਰੂ ਜੀ ਨੇ ਲਿਖਿਆ ਹੈ ਕਿ 'ਦੂਖ ਰੋਗ ਬਿਨਸੇ ਭੈ ਭਰਮ' ਅਰਥਾਤ ਲਾਹੇ ਪੱਖ ਵਾਲਿਆਂ ਦੇ ਭੈ ਤੇ ਭਰਮ ਬਿਨਸ ਜਾਂਦੇ ਹਨ। ਭੈ ਤੇ ਭਰਮ ਕਾਰਣ ਹਨ, ਇਨ੍ਹਾਂ ਦੇ ਫਲ ਹਨ ਦੁੱਖ ਤੇ ਰੋਗ। ਸੋ ਜਦ ਭੈ ਤੇ ਭਰਮ ਮਿਟ ਗਏ ਤਦ ਦੁੱਖ ਤੇ ਰੋਗ ਨਾਲ ਮਿਟ ਗਏ। ਇਹ ਕਿਕੂੰ? ਸੁਖਮਨੀ ਸਾਹਿਬ ਦੇ ਪਾਠ ਕੀਤਿਆਂ ਤੇ ਪਹਿਰਾ ਦਿੱਤਿਆਂ ਮਨੁੱਖ ਦਾ ਮਨ ਭਰੋਸੇ ਵਾਲਾ ਤੇ ਸ਼ੁਕਰ ਕਰਨ ਵਾਲਾ ਹੋ ਜਾਂਦਾ ਹੈ ਅਰ ਇਕ ਵਾਹਿਗੁਰੂ ਦੀ ਪਿਆਰੀ ਯਾਦ ਵਿੱਚ ਖੁਸ਼ ਰਹਿੰਦਾ ਹੈ। ਸ੍ਰੀ ਆਦਿ ਗੁਰੂ ਜੀ ਨੇ ਜਪੁਜੀ ਸਾਹਿਬ ਵਿੱਚ ਵਾਹਿਗੁਰੂ ਦਾ ਸਰੂਪ 'ਨਿਰਭਉ' ਤੇ 'ਨਿਰਵੈਰ' ਆਖਿਆ ਹੈ। ਮਤਲਬ ਕੀਹ ਕੀ ਨਿਰਭਉ ਤੇ ਨਿਰਵੈਰ ਦਾ ਉਪਾਸ਼ਕ ਆਪ ਨਿਰਭਉ ਤੇ ਨਿਰਵੈਰ ਹੋ ਜਾਇਗਾ। ਤੋਟੇ ਦੀ ਖੱਡ ਵਿਚੋਂ ਨਿਕਲ ਕੇ ਲਾਹੇ ਦੀ ਚੋਟੀ ਪਰ ਆ ਬੈਠੇਗਾ। ਸਤਿਗੁਰ ਨੇ ਇਹ ਗੱਲ ਖੋਹਲਕੇ ਬੀ ਕਹਿ ਦਿੱਤੀ ਹੈ 'ਨਿਰਭਉ ਜਪੈ ਸਗਲ ਭਉ ਮਿਟੈ'॥ ਅਰਥਾਤ ਅਕਾਲ ਪੁਰਖ ਜੋ ਨਿਰਭਉ ਹੈ ਉਸਦਾ ਭਜਨ ਕੀਤਿਆਂ ਸਾਰੇ ਭਉ ਦੂਰ ਹੋ ਜਾਂਦੇ ਹਨ। ਇਸ ਭਉ ਦਾ ਅਰਥ ਵਾਹਿਗੁਰੂ ਦੇ ਪਿਆਰ ਭਰਿਆ ਭਉ ਨਹੀਂ, ਪਰ ਉਹ ਭਉ ਜੋ ਜੀਵਾਂ ਨੂੰ ਖਾ ਰਿਹਾ ਹੈ 'ਕਿਤੇ ਚੋਰ ਨਾ ਆ ਜਾਣ, ਕਿਤੇ ਪੁੱਤ ਨਾ ਮਰ ਜਾਏ, ਫਲਾਣਾ ਮੈਨੂੰ ਖਾ ਨਾ ਜਾਏ, ਖ਼ਬਰੇ ਕੀਹ

SIKHBOOKCLUB.COM

ਹੋਵੇਗਾ? ਹਾਏ ਕੀਹ ਕਰਾਂ ? ਹੁਣ ਕੀਹ ਬਣੂੰ ?' ਇਹ ਭਉ ਹੈ ਜੋ ਹਾਨੀ ਕਾਰਕ ਹੈ ਤੇ ਜਿਸਨੂੰ ਨਿਰਭਉ ਦੇ ਪ੍ਰੇਮ ਨਾਲ ਅਸਾਂ ਜਿੱਤਣਾ ਹੈ। ਸੋ ਭੈ ਤੇ ਭਰਮ ਤੋਟੇ ਦਾ ਪੱਖ ਹੈ ਤੇ 'ਵਾਹਿਗੁਰੂ ਪਿਆਰ ਕਰਨ ਵਾਲਾ ਪਿਤਾ ਹੈ, ਉਹ ਸਦਾ ਸਾਡੇ ਨਾਲ ਹੈ, ਸਦਾ ਦਿਆਲ ਹੈ' ਇਹ ਨਿਸ਼ਚਾ ਨਫੇ ਦਾ ਪੱਖ ਹੈ। ਇਸਨੂੰ 'ਧਨ ਪੱਖ' ਤੇ 'ਰਿਣ ਪੱਖ' ਬੀ ਕਹਿ ਸਕਦੇ ਹਾਂ। ਜੋ ਲੋਕ ਆਪੇ ਨੂੰ ਤੋਟੇ ਵਾਲੇ ਸੁਭਾਉ ਵਿੱਚ ਰੱਖਦੇ ਹਨ ਤੇ ਆਸ ਲਾਹੇ ਦੀ ਰੱਖਦੇ ਹਨ ਉਨ੍ਹਾਂ ਨੂੰ ਹਾਨੀ ਹੀ ਹਾਨੀ ਹੈ।

ਸਹੇਲੀ (ਠੰਢਾ ਸਾਹ ਭਰਕੇ)— ਭੈਣ ਜੀ! ਸੱਚ ਹੈ, ਪਰ ਮੈਂ ਇਹ ਪੁੱਛਦੀ ਹਾਂ ਕਿ ਇਹ ਹੋਵੇ ਕਿਕੂੰ? ਹੁਣ ਮੈਂ ਸਮਝ ਤਾਂ ਸਾਰਾ ਲੀਤਾ ਹੈ, ਪਰ ਮੇਰੇ ਅੰਦਰ ਠਹਿਰਦਾ ਨਹੀਂ, ਮੇਰਾ ਜੀ ਕਰਦਾ ਹੈ ਕਿ ਜੋ ਕੁਛ ਤੁਸਾਂ ਕਿਹਾ ਹੈ ਮੇਰੇ ਜੀ ਅੰਦਰ ਘਰ ਪਾ ਕੇ ਬਹਿ ਜਾਵੇ, ਪਰ ਇਹ ਮੋਹ ਮਾਇਆਂ ਦੇ ਜਾਲ ਕੁਛ ਕਰਨ ਨਹੀਂ ਦੇਂਦੇ।

ਰਾਮੋ— ਇਹ "ਮੋਹ ਮਾਇਆ ਦੇ ਜਾਲ" ਜੋ ਤੁਹਾਨੂੰ ਦਿੱਸ ਰਹੇ ਹਨ, ਇਨ੍ਹਾਂ ਨੂੰ ਕੱਟ ਸੁੱਟੋ। ਮੈਂ ਤੁਹਾਨੂੰ ਬੇਨਤੀ ਕਰ ਆਈ ਹਾਂ ਕਿ ਮਾਇਆ ਕੋਈ "ਸਤਿ ਸਰੂਪ" ਵਾਲੀ ਸ਼ੈ ਨਹੀਂ ਹੈ। ਜੋ ਕੁਛ ਇਸਦਾ ਦਿੱਸਦਾ ਹੈ ਸੋ ਤਿੰਨ ਕਾਲ ਇਹ ਰਸ ਨਹੀਂ ਰਹਿੰਦਾ। ਤੁਸੀਂ ਇਸ ਵਿਚੋਂ ਮਨ ਨੂੰ ਕੱਢੋ ਤੇ "ਸਤਿ" ਵਿਚ ਲਾਓ। ਮਨ ਜਦ ਮਾਇਆ ਵਿਚ ਲੱਗਦਾ ਹੈ, ਤਦ ਖਿੰਡਦਾ ਹੈ। ਜਦ ਵਾਹਿਗੁਰੂ ਵੱਲ ਲੱਗੂ, ਤਦ ਕੱਠਾ ਹੋਊ। ਖਿੰਡੀ ਚੀਜ਼ ਨਿਰਬਲ ਹੁੰਦੀ ਹੈ, ਕੱਠੀ ਹੋਈ ਬਲਵਾਨ ਹੁੰਦੀ ਹੈ। ਹੁਣ ਤੁਹਾਡਾ ਮਨ ਮਾਇਆ ਵਿੱਚ ਲਗਾ ਹੋਇਆ ਖਿੰਡ ਰਿਹਾ ਹੈ, ਇਸ ਕਰਕੇ ਨਿਤਾਣਾ ਹੈ, ਆਪ ਨੂੰ ਮਾਇਆ ਦੇ ਹੀ ਜਾਲ ਵਿਚੋਂ ਨਹੀਂ ਕੱਢ ਸਕਦਾ। ਜਦ ਸਾਈਂ ਵੱਲ ਲਾਓਗੇ ਤਦ ਇਹੋ ਕੱਠਾ ਹੋਵੇਗਾ ਤੇ ਇਸ ਵਿਚ ਬਲ ਆਵੇਗਾ, ਫਿਰ ਇਹ ਮਾਇਆ ਦੇ ਜਾਲ ਵਿਚੋਂ ਨਿਕਲ ਜਾਏਗਾ।

'ਪ੍ਰੇਮ' ਤੁਸੀਂ ਜਾਣਦੇ ਹੋ ਜੋ ਸਤਿ ਵਸਤੂ ਹੈ ਉਸਦੇ ਯੋਗ ਸੁਭਾਵ ਨਾਲ ਨੇਕੀ ਦੀ ਰਾਸ ਜਮੑਾਂ ਹੁੰਦੀ ਹੈ। ਜਦ ਪ੍ਰੇਮ ਦੇ ਸੁਭਾਵ ਵਿਚ ਤੌਖਲਾ ਤੇ ਸਹਿੰਸਾ ਰਲਾ ਦੇਈਦਾ ਹੈ ਤੇ ਕਾਣੀ ਵੰਡ ਵਰਤੀਦੀ ਹੈ ਤਦ ਉਹ ਸੁਭਾਵ ਮੋਹ ਦਾ ਹੋ ਜਾਂਦਾ ਹੈ। ਮੋਹ ਦਾ ਫਲ ਨਫਾ ਨਹੀਂ ਹੁੰਦਾ, ਤੋਟਾ ਹੁੰਦਾ ਹੈ। ਅੰਦਰੋਂ ਪ੍ਰੇਮ ਦੇ ਸੁਭਾਵ ਵਾਲਾ ਜਦ ਵਰਤਦਾ ਹੈ ਤਾਂ ਸਾਰੀ ਵਰਤੋਂ ਇਕ ਸਾਰ ਕਰਦਾ ਹੈ ਤੇ ਸਭ ਨਾਲ ਪ੍ਰੇਮ ਕਰਦਾ ਹੈ। ਮੋਹ ਕਰਨ ਵਾਲਾ ਕਿਸੇ ਇਕ (ਯਾ ਇਕ ਤੋਂ ਵਧੀਕ) ਨੂੰ ਪਿਆਰ ਕਰਦਾ ਹੈ, ਪਰ ਉਸ ਤੋਂ (ਯਾ ਉਨ੍ਹਾਂ ਤੋਂ) ਛੁੱਟ ਹੋਰਨਾਂ ਨੂੰ ਪਿਆਰ ਨਹੀਂ ਕਰਦਾ। ਅਰ ਜਿਨ੍ਹਾਂ ਨੂੰ ਪਿਆਰ ਕਰਦਾ ਹੈ ਉਨ੍ਹਾਂ ਤੋਂ ਉਲਟ ਸਾਮਾਨ ਜਿੱਥੇ ਹੋਣ ਉਨ੍ਹਾਂ ਨਾਲ ਦ੍ਵੈਸ਼ਾਂ ਕਰਦਾ ਹੈ। ਅਰਥਾਤ, ਮੋਹ ਕਰਨ ਵਾਲਾ ਦ੍ਵੈਖ ਵੀ ਕਰਦਾ ਹੈ। ਦ੍ਵੈਸ਼ ਕਰਨਾ ਮੈਂ ਦੱਸ ਆਈ ਹਾਂ ਕਿ ਤੋਟੇ ਦਾ ਪੱਖ ਹੈ। ਸੋ ਮੋਹ ਕਰਦਿਆਂ ਤੋਟੇ ਵਾਲੀ ਰਾਸ ਨਾਲ ਆ ਜਾਂਦੀ ਹੈ। ਇਸ ਲਈ ਮੋਹ ਨਾਲ ਭੀ ਪੱਲੇ ਕੁਛ ਨਾ ਬੱਝਾ, ਘਾਟਾ ਹੀ ਪਿਆ। ਹੁਣ ਤੁਸੀਂ ਪਰਤੱਖ ਵਿਚ ਵੇਖੋ ਕਿ ਮੋਹ ਦਾ ਫਲ ਕੀ ਨਿਕਲਦਾ ਹੈ ? ਜਿੰਨਾਂ ਚਿਰ ਮੋਹ ਵਾਲਾ ਪਦਾਰਥ ਪ੍ਰਾਪਤ ਰਹਿੰਦਾ ਹੈ, ਅਰਥਾਤ ਮਿਲਿਆ ਰਹਿੰਦਾ ਹੈ ਤਦ ਤਾਈਂ ਜੀਵ ਵਿਚ ਇਹ ਤੌਖਲਾ ਰਹਿੰਦਾ ਹੈ ਕਿ ਕਿਤੇ ਇਹ ਮੈਥੋਂ ਖੁੱਸ ਨਾ ਜਾਏ। ਪੁਤ ਜੰਮਦਿਆਂ ਹੀ ਲੋਕੀ ਕਹਿੰਦੇ ਹਨ— 'ਜੀਉਂਦਾ ਰਹੇਂ', ਮਾਨੋਂ ਉਸ ਦੇ ਮਰਨ ਦਾ ਗੁਪਤ ਸਹਿੰਸਾ ਉਨ੍ਹਾਂ ਕੋਲੋਂ ਇਹ ਗੱਲ ਕਹਾ ਰਿਹਾ ਹੈ। ਪਦਾਰਥ ਖੱਟੋ ਤਾਂ ਕਹੀਦਾ ਹੈ 'ਕਿਤੇ ਚੋਰ ਨਾ ਲੈ ਜਾਏ', ਮਾਨੋ ਉਸਦੇ ਗੁਆਚਣ ਦਾ ਸਹਿੰਸਾ ਅੰਦਰ ਹੈ। ਘਰ ਉਸਾਰੋ ਤਾਂ ਕਹਿੰਦੇ ਹਨ 'ਸੁਹੰਢਣਾ ਹੋਵੇ', ਮਾਨੋ ਉਸ ਦੇ ਢਹਿ ਸੜ ਜਾਣ ਦਾ ਯਾ ਆਪ ਮਰ ਕੇ ਛੱਡ ਜਾਣ ਦਾ ਤੌਖਲਾ ਅੰਦਰ ਹੈ। ਫੇਰ ਪ੍ਰਾਪਤ ਹੁੰਦਿਆਂ, ਉਨ੍ਹਾਂ ਵਸਤਾਂ ਦੇ ਜੋ ਹੋਰ ਗਾਹਕ ਹਨ, ਉਨ੍ਹਾਂ ਨਾਲ ਦ੍ਵੈਖ ਰਹਿੰਦੀ ਹੈ।

ਸ਼ਾਹੂਕਾਰ ਨੂੰ ਹੋਰ ਖੱਟਣ ਵਾਲੇ ਨਾਲ ਈਰਖਾ ਖਾਂਦੀ ਹੈ। ਇਸੇ ਤਰ੍ਹਾਂ ਸਮਝ ਲਵੋ ਕਿ ਮੋਹ ਮਾਇਆ ਵਾਲੇ ਦੇ ਅੱਖੀਂ ਸੁਖ ਕਲੇਜੇ ਠੰਢ ਨਹੀਂ ਵਰਤਦੀ, ਕਿਉਂਕਿ ਨਾਲ ਨਾਲ ਸਾਮਾਨ ਜੋ ਤੋਟੇ ਵਾਲੇ ਹੁੰਦੇ ਜਾਂਦੇ ਹਨ, ਸੋ ਫਲ ਵੀ ਤੋਟੇ ਵਾਲੇ ਲੱਗਣਗੇ।

ਸਹੇਲੀ— ਫੇਰ ਕਿਕੂੰ ਤੋਟੇ ਵਿਚੋਂ ਲਾਹੇ ਵਿਚ ਆਈਏ? ਜਾਂ ਜਿਕੂੰ ਤੁਸਾਂ ਕਿਹਾ ਹੈ ਕਿ:—

'ਰਿਣਪੱਖ' ਤੋਂ 'ਧਨਪੱਖ' ਵਿਚ ਆਈਏ ?

ਰਾਮੋ— ਮੈਂ ਦੱਸਿਆ ਸੀ: 'ਸਤਿਸੰਗ ਨਾਲ'।

ਸਹੇਲੀ— ਸਤਿਸੰਗ ਦਾ ਕੀ ਭਾਵ ਹੈ?

ਰਾਮੋ— ਜੋ 'ਤੋਟੇ ਦੇ ਸੁਭਾਵ ਵਾਲੇ' ਤੋਟੇ ਦੇ ਸੁਭਾਵ ਵਾਲਿਆਂ ਦਾ ਸੰਗ ਕਰਦੇ ਹਨ ਉਹ ਤੋਟੇ ਦੀ ਵਾਦੀ ਨੂੰ ਹੀ ਵਧੀਕ ਪਕਾਉਂਦੇ ਹਨ। ਜੋ ਲਾਹੇ ਦੇ ਸੁਭਾਵ ਵਾਲੇ ਤੋਟੇ ਵਾਲੇ ਦਾ ਸੰਗ ਕਰਦੇ ਹਨ ਸੋ ਲਾਹਾ ਗੁਆ ਬੈਠਦੇ ਹਨ, ਪਰ ਜੋ ਲਾਹੇ ਦੇ ਸੁਭਾਵ ਵਾਲੇ ਦਾ ਸੰਗ ਕਰਦੇ ਹਨ ਇਸ ਨੀਯਤ ਨਾਲ ਕਿ ਸਾਡਾ ਤੋਟੇ ਦਾ ਖੋਟਾ ਸੁਭਾਉ ਛੁੱਟਕੇ ਆ ਜਾਵੇ ਲਾਹੇ ਦਾ, ਓਹ ਸਤਿਸੰਗ ਕਰਦੇ ਹਨ ਤੇ ਓਹ ਲਾਹੇ ਦੇ ਪੱਖ ਵਿਚ ਆ ਜਾਂਦੇ ਹਨ।

ਸਹੇਲੀ— ਜਿੱਦਾਂ ਮੈਂ ਹੁਣ ਆਪ ਦੇ ਪਾਸ ਬੈਠੀ ਹਾਂ, ਇਹ ਸਤਿਸੰਗ ਹੈ?

ਰਾਮੋ— ਮੈਂ ਤਾਂ ਜੋ ਹਾਂ ਸੋ ਹਾਂ, ਪਰ ਜੇ ਤੁਸੀਂ ਸੱਚੀ ਮੁੱਚੀ ਦੇ ਕਿਸੇ ਭਲੇ ਪਾਸ ਬੈਠੋ ਜਾਂ ਗੁਰੂ ਜੀ ਦੀ ਸ਼ਰਨ ਜਾਓ- ਸਾਹਿਬ ਸ੍ਰੀ ਗੁਰੂ ਹਰਗੋਬਿੰਦ ਜੀ ਦੀ--ਤਦ ਤੁਸੀਂ 'ਸਤਿਸੰਗ' ਕਰੋਗੇ।

ਸਹੇਲੀ— ਪਰ ਭੈਣ ਜੀ! ਉਹ ਤਾਂ ਦਿੱਲੀ ਗਏ ਹਨ, ਤੇ ਮੈਂ ਪਰਵੱਸ ਹਾਂ, ਕੀਕੂੰ ਜਾ ਸਕਾਂ?

ਰਾਮੋ— ਗੁਰੂ ਸ਼ਰੀਰ ਕਰਕੇ ਸ਼ਰੀਰ ਵਿਚ, ਪਰ ਸ਼ਰਧਾਵਾਨਾਂ ਦੇ ਪ੍ਰੇਮ ਕਰਕੇ ਸੰਗਤ ਵਿਚ ਵੱਸਦੇ ਹਨ ਤੇ ਮਨ ਨਾਲ ਉਨ੍ਹਾਂ ਦੇ ਮਨ ਦੀ ਲਿਵ ਲਾਇਆਂ ਹਾਜ਼ਰ ਨਾਜ਼ਰ ਹੁੰਦੇ ਹਨ। ਇਹ ਕਹਿਕੇ ਰਾਮੋ ਦੇ ਨੈਣ ਭਰਕੇ ਮਿਟ ਗਏ ਤੇ ਕਿੰਨਾਂ ਚਿਰ ਚੁੱਪ ਰਹੀ।

ਜਦ ਪ੍ਰੇਮ ਦੇ ਅੰਝੂਆਂ ਨਾਲ ਭਰੇ ਨੇਤ੍ਰ ਖੁਲ੍ਹੇ ਤਦ ਸਹੇਲੀ ਬੋਲੀ:- ਭੈਣ ਜੀ! ਜੋ ਕੁਛ ਤੁਸਾਂ ਕਿਹਾ ਹੈ, ਇਹ ਕੁਛ ਮੈਂ ਕਿਸ ਤਰ੍ਹਾਂ ਜਾਣਦੀ ਜੇ ਤੁਸੀਂ ਨਾ ਕਹਿੰਦੇ ਤਾਂ, ਹਾਂ ਤੁਸਾਂ ਜੋ ਸਮਝਾਇਆ ਤੇ ਕ੍ਰਿਪਾ ਕੀਤੀ ਕੀ ਇਹ ਸਤਿਸੰਗ ਨਹੀਂ ਹੈ?

ਰਾਮੋ— ਭੈਣ ਜੀ! ਮੈਂ ਤਾਂ ਹੋਈ ਨਾ ਭੁੱਲਣਹਾਰ, ਪਰ ਜੇ ਕੋਈ ਗੁਰੂ ਕਾ ਪਿਆਰਾ ਸਿੱਖ ਤੁਹਾਨੂੰ ਨੇਕ ਗੱਲਾਂ ਸਿਖਾਵੇ ਅਰ ਨੇਕ ਗੱਲਾਂ ਦਾ ਵੱਡਾ ਕਾਰਣ-ਨਾਮ ਦੀ ਮਹਿਮਾ-ਦੱਸੇ, ਇਸ ਰਸਤੇ ਪਾਵੇ ਤੇ ਤੁਸਾਡੇ ਦਿਲ ਵਿਚ ਤਾਕਤ ਭਰੇ ਜਿਸ ਕਰਕੇ ਸੁਰਤ ਨਾਲ ਸੁਰਤ ਚੁੱਕੀਵੇ ਤਾਂ ਓਸ ਨੂੰ ਸਤਿਸੰਗੀ ਸੱਜਣ ਹੀ ਕਹੀਦਾ ਹੈ।

ਸਹੇਲੀ— ਤਦ ਭੈਣ ਜੀ! ਮੈਂ ਕਿਸੇ ਸਤਿਸੰਗੀ ਦੀ ਕ੍ਰਿਪਾ ਨਾਲ ਤੋਟੇ ਵਿਚੋਂ ਲਾਹੇ ਵਿੱਚ ਆ ਸਕਦੀ ਹਾਂ?

ਰਾਮੋ— ਜ਼ਰੂਰ, ਪਰ ਸਤਿਸੰਗੀ ਦੇ ਉਪਦੇਸ਼ ਦੀ ਕਮਾਈ ਕਰਨ ਨਾਲ ਤੇ ਪਿਆਰ ਭਰੀ ਕ੍ਰਿਪਾ ਨਾਲ।

ਸਹੇਲੀ— ਐਸਾ ਸਤਿਸੰਗੀ ਕੌਣ ਹੁੰਦਾ ਹੈ?

ਰਾਮੋ— ਗੁਰੂ ਯਾ ਜਿਸ ਨਾਲ ਗੁਰੂ ਪਿਆਰ ਕਰਦਾ ਹੋਵੇ।

ਸਹੇਲੀ— ਮੈਂ ਅਜਾਣ, ਨਾ ਸਤਿਸੰਗ ਨੂੰ ਜਾਣਾਂ, ਨਾ ਗੁਰੂ ਨੂੰ ਜਾਣਾ, ਮੈਂ ਇਹ ਭੇਤ ਕਿੱਥੋਂ ਸਮਝਾਂ ਕਿ ਗੁਰੂ ਕਿਸ ਨੂੰ ਪਿਆਰ ਕਰਦਾ ਹੈ?

ਰਾਮੋ— ਇਹ ਬੇਨਤੀ ਨਾਲ।

ਸਹੇਲੀ— ਕਿੱਦਾਂ?

ਰਾਮੋ— ਮਨ ਦੀਆਂ ਸੋਚਾਂ ਵਿਚਾਰਾਂ ਛੱਡ ਕੇ ਗੱਲ ਪੱਲਾ ਲੈਕੇ ਸੱਚੇ ਦਿਲੋਂ ਪ੍ਰਾਰਥਨਾ ਕਰਿਆ ਕਰੋ ਕਿ ਹੇ ਅਕਾਲ ਪੁਰਖ! ਕਿਸੇ ਗੁਰਮੁਖ ਦਾ ਮੇਲ ਦੇਹ, ਜਿਸਨੂੰ ਤੂੰ ਪਿਆਰ ਕਰਦਾ ਹੋਵੇਂ। ਪਰ ਅਰਦਾਸ ਸੱਚੇ ਦਿਲੋਂ ਹੋਵੇ। ਇੱਕ ਤਾਂ ਇਹ ਸਤਿਸੰਗ ਹੈ। ਦੂਸਰੇ ਸਤਿਸੰਗ ਹੈ ਗੁਰੂ ਕਾ। ਇਹ ਜੋ ਗੁਰੂ ਕੀ ਬਾਣੀ ਹੈ ਸੋ ਬੀ ਗੁਰੂ ਵਾਂਙੂ ਗੁਰੂ ਹੈ*। ਬਾਣੀ ਦਾ ਪ੍ਰੇਮ ਗੁਰੂ ਕਾ ਸਤਿਸੰਗ ਹੈ। ਤੂੰ ਪੁੱਛਿਆ ਸੀ ਗੁਰੂ ਜੀ ਦਿੱਲੀ ਗਏ ਹਨ, ਮੈਂ ਕੀਕੂੰ ਮਿਲਾਂ? ਭੈਣ ਜੀ ਗੁਰੂ ਜੀ ਦਾ ਆਪਣਾ ਸਰੂਪ ਉਨ੍ਹਾਂ ਦੀ ਬਾਣੀ ਵਿਚ ਹੈ ਤੇ ਇਹ ਨਿਜ ਘਰ ਦਾ ਵਾਸਾ ਬਖਸ਼ਦੀ ਹੈ: ਹੁਕਮ ਹੈ:- 'ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ'॥ ਇਹ ਜੋ ਬਾਣੀ ਗੁਰੂ ਹੈ ਇਸ ਦਾ ਪਿਆਰ ਹਰ ਵੇਲੇ ਗੁਰੂ ਦੇ ਚਰਨਾਂ ਵਿਚ ਰਖਦਾ ਹੈ। ਬਾਣੀ ਅਪਣੇ ਪ੍ਰੇਮ ਵਾਲੇ ਨੂੰ ਆਪਣੇ ਦੇਸ਼ ਲੈ ਜਾਂਦੀ ਹੈ, ਬਾਣੀ ਦਾ ਦੇਸ਼ ਹੈ ਗੁਰੂ ਕਾ ਹਿਰਦਾ।

ਜਿੱਦਾਂ ਗੁਰੂ ਦੱਸਦਾ ਹੈ ਕਿ ਮੈਂ ਫਲਾਣੇ ਗੁਰਮੁਖ ਨੂੰ ਪਿਆਰ ਕਰਦਾ ਹਾਂ, ਇਸ ਤਰ੍ਹਾਂ ਬਾਣੀ ਦਾ ਪ੍ਰੇਮੀ ਬਾਣੀ ਤੋਂ ਸਮਝ ਪ੍ਰਾਪਤ ਕਰ ਲੈਂਦਾ ਹੈ ਕਿ ਕਿਹੜਾ ਗੁਰਮੁਖ ਹੈ ਜਿਸ ਨੂੰ ਗੁਰੂ ਪਿਆਰ ਕਰਦਾ ਹੈ। ਉਸ ਦੀ ਕਰਨੀ, ਉਸਦੀ ਰਹਿਣੀ ਦੱਸ ਦੇਂਦੀ ਹੈ ਕਿ ਇਹ ਗੁਰੂ ਪਿਆਰਾ ਹੈ, ਪਰ ਇਹ ਜਾਚ ਗੁਰੂ ਬਾਣੀ ਦੇ ਨਾਲ ਸੱਚਾ ਪਿਆਰ ਕੀਤਿਆਂ ਲੱਝਦੀ ਹੈ।

---

* ਬਾਣੀ ਗੁਰੂ ਗੁਰੂ ਹੈ ਬਾਣੀ॥

SIKHBOOKCLUB.COM

ਸਹੇਲੀ— ਫੇਰ ਮੈਂ ਤਾਂ ਬਾਣੀ ਬੀ ਨਹੀਂ ਪੜ੍ਹੀ, ਮੈਨੂੰ ਤਾਂ ਤੁਹਾਡੀਆਂ ਗੱਲਾਂ ਨੇ ਹੀ ਚੇਟਕ ਲਾ ਦਿੱਤੀ ਹੈ, ਚੇਟਕ ਕਾਹਦੀ? ਐਸ ਘੜੀ ਤਾਂ ਜੀਉ ਐਦਾਂ ਦਾ ਹੋ ਗਿਆ ਹੈ ਕਿ ਮਾਨੋਂ ਮੈਂ 'ਲਾਹੇ' ਵਿੱਚ ਆ ਹੀ ਗਈ ਹਾਂ। ਮੇਰੀ ਜਾਚੇ ਮੇਰੇ ਜਿਹੀ ਨਿਮਾਣੀ ਤੇ ਮੂਰਖ ਲਈ ਤੁਹਾਡਾ ਅੱਜ ਦਾ ਸੰਗ ਹੀ ਸੁੱਚਾ ਸਤਿਸੰਗ ਹੈ।

ਰਾਮੋ— ਮੇਰਾ ਸੰਗ ਤਾਂ ਗੁਰੂ ਜਾਣੇ ਕੀ ਹੈ? ਪਰ ਗੁਰੂ ਜੀ ਦੀ ਦਇਆ ਇਕ ਹੋਰ ਸ਼ੈ ਹੈ। ਆਪ ਦਾ ਵਾਕ ਹੈ:-

"ਸਤਿਸੰਗਤਿ ਕੈਸੀ ਜਾਣੀਐ॥
ਜਿਥੈ ਏਕੋ ਨਾਮੁ ਵਖਾਣੀਐ॥"

ਸੋ ਜਿਸ ਵੇਲੇ ਦੇ ਤੁਸੀਂ ਆਏ ਹੋ, ਗੁਰੂ ਨੇ ਐਸੀ ਕਲਾ ਵਰਤਾਈ ਹੈ ਕਿ ਏਥੇ ਨਾਮ ਦੀ ਚਰਚਾ ਹੀ ਜਾਰੀ ਰਹੀ ਹੈ, ਇਸ ਕਰਕੇ ਗੁਰੂ ਨੇ ਮੇਰੇ ਤੇਰੇ ਦੁਹਾਂ ਦੇ ਔਗੁਣ ਭੁਲਾਕੇ ਆਪਣੀ ਨੇਕ ਛਾਇਆ ਨਾਲ ਏਥੇ ਸਤਿਸੰਗ ਵਰਤਾ ਦਿੱਤਾ ਹੈ। ਭੈਣ ਜੀ! ਤੁਸੀਂ ਸੱਚ ਕਿਹਾ ਹੈ, ਇਹ ਜੋ ਹੋਇਆ ਸੋ ਸਤਿਸੰਗ ਹੀ ਹੈ ਪਰ ਮੈਂ ਆਪਣੇ ਤਾਣ ਤੇ ਕੋਈ ਸਤਿਸੰਗਣ ਨਹੀਂ, ਹਾਂ ਗੁਰੂ ਦੀ ਮਿਹਰ ਨੇ ਸਾਨੂੰ ਪਲਕੀਂ ਨਿਹਾਲ ਕਰ ਛਡਿਆ ਹੈ।

ਸਹੇਲੀ— ਐਉਂ ਹੀ ਸਹੀ। ਕੀ ਗੁਰੂ ਜੀ ਦੀ ਇਹ ਮਰਜ਼ੀ ਨਹੀਂ ਹੈ ਕਿ ਤੁਸੀਂ ਮੈਨੂੰ ਲਾਹੇ ਦੀ ਜਾਚ ਸਿਖਾ ਦਿਓ? ਮੇਰੇ ਵਰਗੀ ਧਿਕਾਰੀ ਵਾਸਤੇ ਜੋ ਓਹ ਆਪ ਛਾਇਆ ਪਾ ਰਹੇ ਹਨ ਤਦ ਤੁਸੀਂ ਉਨ੍ਹਾਂ ਦੇ ਚਰਨਾਂ ਦੇ ਪ੍ਰੇਮ ਦੀ ਖ਼ਾਤਰ ਕੀ ਮੈਂ ਨਿਮਾਣੀ ਨੂੰ ਰਮਤੇ ਨਹੀਂ ਪਾ ਸਕਦੇ ? ਇਹ ਕਹਿੰਦੀ ਵੈਰਾਗ ਵਿਚ ਬੇਵਸ ਹੋ ਗਈ ਅਰ ਰਾਮੋਂ ਦੇ ਚਰਨਾਂ ਤੇ ਢੈ ਪਈ, ਰਾਮੋ ਨੇ ਛੇਤੀ ਨਾਲ ਚੁੱਕ ਕੇ ਗਲ ਲਾਇਆ। ਗਲ ਲਾਉਣਾ ਕੀ ਸੀ? ਲੋਹੇ ਦਾ ਚੁੰਬਕ ਨਾਲ ਛੋਹਣਾ ਸੀ। ਰਾਮੋ ਦੇ ਲੂੰਆਂ ਤੋਂ ਇਕ ਝਰਨਾਟ ਜਿਹੀ ਛਿੜੀ, ਜਿਸ ਨਾਲ ਸਹੇਲੀ ਦੇ ਸਰੀਰ ਤੇ ਪੁਲਕਾਵਲੀ ਆ ਗਈ। ਇਕ ਠੰਢ ਜਿਹੀ ਕਲੇਜੇ ਵਿਚ ਆ ਬੈਠੀ। ਇਹ ਅਸਰ 'ਨਿੱਤ ਦੀ ਯਾਦ ਵਿਚ ਦ੍ਰਿੜ ਰਾਮੋਂ ਦੇ ਹਿਰਦੇ ਦੀ ਕ੍ਰਿਪਾਲਤਾ ਤੋਂ ਹੋ ਗਿਆ। ਰਾਮੋਂ ਨੇ ਪਈ ਗਲੱਵਕੜੀ ਵਿਚ ਕਿਹਾ, "ਭੈਣ ਜੀ! ਤੁਸੀਂ ਬਾਣੀ ਪੜ੍ਹਿਆ ਕਰੋ ਤੇ ਇਹ ਭਾਵ ਜੀ ਵਿਚ ਪਕਾਇਆ ਕਰੋ ਕਿ ਅਕਾਲ ਪੁਰਖ 'ਹੈ'। ਹਰ ਵੇਲੇ ਇਹ ਚੇਤਾ ਰਿਹਾ ਕਰੇ ਕਿ 'ਵਾਹਿਗੁਰੂ 'ਹੈਗਾ ਹੈ'। ਜਦੋਂ ਸ੍ਰੀ ਗੁਰੂ ਜੀ ਮੁਹਾੜਾਂ ਮੋੜਨਗੇ, ਪਰਤੱਖ ਦਰਸ਼ਨਾਂ ਤੋਂ, ਜੋ ਤੇਰੇ ਭਾਗ ਹੋਣਗੇ ਪ੍ਰਾਪਤ ਹੋ ਜਾਏਗਾ।"

ਸਹੇਲੀ— ਭੈਣ ਜੀ! ਮਾਰੋ ਤੇ ਚਾਹੇ ਰੱਖੋ ਐਸ ਵੇਲੇ ਤਾਂ ਗੁਰੂ ਤੁਸੀਂ ਦਿੱਸਦੇ ਹੋ।

ਇਹ ਵਾਕ ਸਨ ਕਿ ਤੀਰ ? ਰਾਮੋ ਦੇ ਕਲੇਜੇ ਵਿੱਚ ਸਾਈਂ ਜਾਣੇ ਕੀਹ ਹੋਇਆ। ਸਰੀਰ ਸਾਰੇ ਤੇ ਪਸੀਨਾ ਆ ਗਿਆ ਤੇ ਅੱਖਾਂ ਬੰਦ ਹੋ ਗਈਆਂ। ਗ਼ਸ਼ੀ ਜੇਹੀ ਵਾਂਙੂ ਹਾਲਤ ਹੋ ਗਈ। ਸਹੇਲੀ ਬੜੀ ਘਬਰਾਈ। ਉਸ ਨੇ ਤਾਂ ਜੋ ਕਿਹਾ ਸੀ ਸੋ ਆਪਣਾ ਸੁੱਚਾ ਦਿਲੀ ਭਾਵ ਕਿਹਾ ਸੀ, ਕੋਈ ਕੁਸ਼ਾਮਤ ਜਾਂ ਦਿਖਾਵਾ ਨਹੀਂ ਸੀ ਤੇ ਰਾਮੋ ਨੇ ਸੱਚੀ ਮੁੱਚੀ ਉਸ ਤੇ ਉਪਕਾਰ ਕੀਤਾ ਸੀ, ਫਿਰ ਇਹ ਕੀ ਹੋਇਆ? ਜੇ ਕਦੀ ਸਹੇਲੀ ਕਪਟ ਨਾਲ ਇਹ ਗੱਲ ਆਖਦੀ ਤਾਂ ਰਾਮੋ ਉਸਨੂੰ ਝਿੜਕ ਕੇ ਚੁਪ ਹੋ ਜਾਂਦੀ। ਪਰ ਉਸਨੇ ਤਾਂ ਆਪਣਾ ਉਸ ਵੇਲੇ ਦਾ ਸੱਚਾ ਦਿਲੀ ਭਾਵ ਕਿਹਾ ਹੈ। ਪਰ ਰਾਮੋ ਆਪ ਜਾਣਦੀ ਹੈ ਕਿ ਮੈਂ ਗੁਰੂ ਨਹੀਂ ਹਾਂ, ਮੈਂ ਤਾਂ ਉਸ ਖੜਗਧਾਰੀ ਦੇ ਦਰ ਦੀ ਕੂਕਰ ਵੀ ਨਹੀਂ ਹਾਂ। ਇਕ ਪਾਸੇ ਸਤਿਗੁਰ ਦਾ ਅਦਬ ਹੈ ਤੇ ਆਪਣਾ ਨੀਵਾਂਪਨ ਹੈ, ਦੂਜੇ ਪਾਸੇ ਸਹੇਲੀ ਦੇ ਸਫ਼ਾ ਦਿਲ ਦਾ ਭਾਵ ਹੈ, ਇਸ ਤਰ੍ਹਾਂ ਦੀ ਦੁਚਿਤਾਈ ਵਿਚ ਘਬਰਾ ਗਈ ਸੀ ਰਾਮੋ।

ਸਹੇਲੀ ਨੇ ਇਹ ਹਾਲ ਵੇਖਕੇ ਪੈਰ ਫੜ ਲਏ: 'ਮੈਂ ਭੁੱਲ ਗਈ। ਭੈਣ ਜੀ! ਤੁਸੀਂ ਸਦਮਾ ਨਾ ਖਾਓ, ਮੈਂ ਅੰਞਾਣ ਹਾਂ। ਮੈਨੂੰ ਸਮਝ ਨਹੀਂ। ਤੁਹਾਡੇ ਹੀ ਚਰਨਾਂ ਦੀ ਸੌਂਹ ਹੈ, ਮੈਂ ਲਾ ਕੇ ਨਹੀਂ ਕਿਹਾ, ਮੈਨੂੰ ਬਖਸ਼ ਲਓ।'

ਪਰ ਰਾਮੋ ਦੀ ਸੁਰਤ ਤਾਂ ਇਸ ਵੇਲੇ ਦਿੱਲੀ ਪਹੁੰਚ ਗਈ ਹੈ। ਖੜਗਧਾਰੀ ਗੁਰੂ ਦੀ ਹਜ਼ੂਰੀ ਵਿਚ ਤਰਲੇ ਕਰ ਰਹੀ ਹੈ ਕਿ 'ਮੈਂ ਤਾਂ ਆਪ ਦੇ ਦਰ ਦੀ ਕੂਕਰ ਹਾਂ। ਆਪ ਦੇ ਚਰਨਾਂ ਦੇ ਪਿਆਰ ਦੀ ਦੁਹਾਈ ਸੁਣ ਕੇ ਮੈਂ ਆਪ ਦੀ ਦੱਸੀ ਹੋਈ ਗੱਲ ਆਪ ਦੀ ਆਗਜ਼ਾ ਸਮਝਕੇ ਦੱਸੀ ਸੀ। ਮੈਨੂੰ ਕੀਹ ਪਤਾ ਸੀ ਕਿ ਮੇਰੇ ਸਰੀਰ ਦੇ ਸੰਬੰਧ ਵਿਚ ਆਪ

SIKHBOOKCLUB.COM

ਦੀ ਬਰਾਬਰੀ ਇਕ ਭੋਲੇ ਤੇ ਸੱਚੇ ਹਿਰਦੇ ਤੋਂ ਮੇਰੇ ਕੰਨੀ ਪਵੇਗੀ। ਬਖਸ਼ਿੰਦ ਦਾਤਾ ਜੀ! ਬਖਸ਼ੋ ਤੇ ਆਪਣੇ ਚਰਨਾਂ ਕਵਲਾਂ ਦਾ ਭੰਵਰਾ ਬਨਾਈ ਰਖੋ।' ਇਸ ਤਰ੍ਹਾਂ ਦੇ ਪ੍ਰਾਰਥਨਾਂ ਦੇ ਭਾਵ ਵਿਚ ਰਾਮੋ ਕਿੰਨਾਂ ਚਿਰ ਗੁੰਮ ਰਹਿ ਕੇ ਪਰਤੀ। ਜਦ ਉਸ ਦੀ ਅੱਖ ਖੁਲ੍ਹੀ ਤਾਂ ਕੀ ਵੇਖਦੀ ਹੈ ਕਿ ਪਤੀ ਜੀ ਸਰੰਦਾ ਲੈ ਕੇ ਪਾਸ ਬੈਠੇ ਕੀਰਤਨ ਕਰ ਰਹੇ ਹਨ ਤੇ ਉਸ ਵੇਲੇ ਅੰਤਲੀਆਂ ਤੁਕਾਂ ਏਹ ਗਾਵੀਆਂ ਜਾ ਰਹੀਆਂ ਸਨ:-

ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ॥ ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ॥੪॥

ਹਾਂ, ਰਾਮੋ ਨੇ ਚੰਗੀ ਤਰ੍ਹਾਂ ਅੱਖਾਂ ਖੁਹਲੀਆਂ ਤੇ ਸਹੇਲੀ ਵਲ ਮਿਹਰ ਨਾਲ ਤੱਕਿਆ। ਸਹੇਲੀ ਦੀ ਜਾਨ ਵਿਚ ਜਾਨ ਆਈ। ਕੀਰਤਨ ਸਮਾਪਤ ਹੋ ਚੁੱਕਾ ਸੀ। ਰਾਮੋ ਨੇ ਇਕ ਸੁਹਣੀ ਠੰਢ ਵਰਤੀ ਵਾਲਾ ਸਾਹ ਲਿਆ। ਸਾਈਂ ਦਾਸ ਜੀ ਨੇ ਕਿਹਾ 'ਗੁਰਿ ਪੂਰੇ ਮੇਰੀ ਰਾਖਿ ਲਈ'॥ ਸਹੇਲੀ ਕੁਛ ਖਿਮਾ ਮੰਗਣ ਵਾਂਙੂ ਖਿਆਲ ਕਰ ਰਹੀ ਸੀ ਕਿ ਸਾਈਂਦਾਸ ਜੀ ਨੇ ਸੈਨਤ ਕੀਤੀ ਕਿ ਹੁਣ ਕੁਛ ਨਹੀਂ ਕਹਿਣਾ।

ਕੁਛ ਚਿਰ ਮਗਰੋਂ ਭਾਈ ਸਾਈਂਦਾਸ ਜੀ ਨੇ ਉਸ ਬੀਬੀ ਨੂੰ ਸਮਝਾਇਆ ਕਿ ਹੇ ਗੁਰੂ ਸਆਰੀ! ਗੁਰੂ ਤੁਹਾਡੀ ਸਹਾਇਤਾ ਕਰੇ ਤੇ ਆਪਣੇ ਨੇੜੇ ਕਰੇ। ਗੁਰੂ ਭਾਵਨਾ ਗੁਰੂ ਵਿੱਚ ਹੀ ਧਾਰਨ ਕਰੀਦੀ ਹੈ। ਸਾਰੇ ਦੀਵਿਆਂ ਵਿੱਚ ਸੂਰਜ ਦੀ ਕ੍ਰਿਪਾ ਤੋਂ ਹੀ ਚਾਨਣਾ ਹੈ, ਸਾਰੀ ਅਗਨੀ ਜੋ ਧਰਤੀ ਪੁਰ ਬਲਦੀ ਹੈ, ਸੂਰਜ ਦੀ ਰੌਸ਼ਨੀ ਹੀ ਹੈ, ਪਰ ਕੋਈ ਅੱਗ ਯਾ ਦੀਵਾ ਸੂਰਜ ਨਹੀਂ ਹੈ। ਸਾਰੇ ਚਾਨਣੇ ਕੰਮ ਸਾਰਦੇ ਤੇ ਉਪਕਾਰ ਕਰਦੇ ਹਨ ਤੇ ਸਾਡੇ ਪਿਆਰ ਦੇ ਸਾਮਾਨ ਹਨ, ਪਰ ਸੂਰਜ ਨਹੀਂ ਹਨ। ਸਾਰੇ ਸਿੱਖ ਗੁਰੂ ਦੇ ਚਾਨਣੇ ਨਾਲ ਸਿੱਖ ਬਣੇ ਹਨ। ਹਰੇਕ ਸਿੱਖ ਦੇ ਚਾਨਣੇ ਤੋਂ ਅਨੇਕਾਂ ਸਿੱਖ ਬਣਦੇ ਹਨ ਤੇ ਅਨੇਕਾਂ ਦੇ ਪਾਰ ਉਤਾਰੇ ਹੁੰਦੇ ਹਨ ਪਰ ਸਿੱਖ ਕਦੇ ਗੁਰੂ ਅਖਵਾਉਣਾ ਪਸੰਦ ਨਹੀਂ ਕਰਦਾ। ਗੁਰੂ ਉਹ ਹੈ ਜੋ ਭੁੱਲ ਨਹੀਂ ਕਰਦਾ*। ਸਿੱਖ ਭੁੱਲਣ ਅੰਦਰ ਹੋਣ ਕਰਕੇ ਗੁਰੂ ਦੇ ਚਾਨਣੇ ਨਾਲ ਜਹਾਨ ਨੂੰ ਰੌਸ਼ਨੀ ਕਰਦਾ ਆਪਣੇ ਵਿੱਚ ਸਦਾ ਅਦਬ ਤੇ ਭੈ ਨਾਲ ਰਹਿੰਦਾ ਹੈ, ਜਗਤ ਨੂੰ ਤਾਰਦਾ ਹੈ ਤੇ ਭੁੱਲਿਆਂ ਨੂੰ ਰਸਤੇ ਪਾਉਂਦਾ ਨਾਮ ਦਾਨ ਦੀ ਰਾਸ ਨੂੰ ਵਧਾਉਂਦਾ ਹੈ। ਬਖਸ਼ਿਆ ਸਿੱਖ ਨਾਮ ਦੀ ਖਾਣ ਹੈ, ਕਿਉਂਕਿ ਆਪ ਜਪਣਾ ਤੇ ਹੋਰਨਾਂ ਨੂੰ ਜਪਾਉਣਾ ਇਹ ਗੁਰੂ ਦੇ ਪਿਆਰੇ ਸਿੱਖ ਦਾ ਧਰਮ ਹੈ[੧]। ਜੀਅਦਾਨ ਦੇਂਦਾ ਹੋਇਆ ਸਿੱਖ ਫੇਰ ਅਦਬ ਵਿਚ ਹੀ ਵੱਸਦਾ ਹੈ। ਅਦਬ ਸਾਡੇ ਧਰਮ ਦਾ ਨੇਮ ਹੈ[੨]। ਤੇਰੀ ਸ਼ਰਧਾ, ਤੇਰਾ ਪਿਆਰ ਧੰਨ ਹੈ, ਪਰ ਅਸੀਂ ਅਧਮ ਜੀਵ ਆਪਣੇ ਕਰਮਾਂ ਦੇ ਜਾਣੂ ਹਾਂ ਤੇ ਡਰਦੇ ਹਾਂ। ਜੇ ਤੁਹਾਨੂੰ ਠੰਢ ਪਈ ਤਦ ਗੁਰੂ ਨੇ ਪਾਈ। ਰਾਮੋ ਗੁਰੂ ਦੀ ਕ੍ਰਿਪਾ ਤੋਂ ਵਾਂਜੀ ਕੱਖ ਨਹੀਂ ਹੈ। ਰਾਮੋ ਗੁਰੂ ਸਨਮਾਨੀ ਸਿੱਖ ਹੈ। ਜੇ ਸਾਨੂੰ ਸਿੱਖੀ ਦਾਨ ਮਿਲਿਆ ਰਹੇ ਤਦ ਬ੍ਰਹਮੰਡ ਦੀ ਸਾਨੂੰ ਲੋੜ ਨਹੀਂ ਹੈ। ਤੁਹਾਡੇ ਜੀ ਵਿੱਚ ਸਤਿਸੰਗ ਨਾਲ ਪ੍ਰੇਮ ਬਣਦਾ ਹੈ, ਪ੍ਰੇਮ ਹੀ ਪਾਰ ਕਰੇਗਾ। ਅਸੀਂ, ਦੁਹਾਈ ਹੈ, ਅਜੇ ਸਿੱਖ ਅਖਾਉਣ ਜੋਗੇ ਬੀ ਆਪ ਨੂੰ ਨਹੀਂ ਸਮਝਦੇ। ਜੇ ਗੁਰੂ 'ਸਿੱਖੀ' ਦਾ ਇੱਕ ਕਿਣਕਾ ਬਖਸ਼ੀ ਰੱਖੇ ਤਦ ਜਨਮ ਸਫਲ ਜਨਮ ਹੈ!

-o-

ਕਥਾ ਦੇ ਮਗਰੋਂ ਮੁਸਾਫਰ ਨੂੰ ਕੁਛ ਬੇਚੈਨੀ ਹੋ ਰਹੀ ਸੀ, ਉਹ ਵਿਹਲ ਤਾੜਕੇ ਦੂਏ ਦਿਨ ਬਾਬਾ ਜੀ ਨੂੰ ਜਾ ਮਿਲਿਆ ਤੇ ਕਹਿਣ ਲਗਾ:- ਬਾਬਾ ਜੀ ਕੱਲ ਜੋ ਕਥਾ ਵਿਚ ਪ੍ਰਸੰਗ ਸਨ, ਮੈਂ ਉਨ੍ਹਾਂ ਦਾ ਤੱਤ ਸਾਰ ਘਰ ਜਾ ਕੇ ਯਾਦ ਕੀਤਾ ਸੀ; ਓਹ ਸੁਣਾਦਿਆਂ ਜੋ ਕਿਤੇ ਭੁੱਲ ਹੋਵੇ ਤਾਂ ਤੁਸੀਂ ਕੱਢ ਦਿਓ।

ਪਰਮੇਸ਼ੁਰ ਦਾ ਸਰੂਪ ਪ੍ਰੇਮ ਹੈ। ਉਸਨੂੰ ਪਿਆਰ ਕਰਨ ਨਾਲ ਸਾਡੇ ਅੰਦਰ ਪ੍ਰੇਮ ਉਪਜਦਾ ਹੈ। ਉਸ ਨਾਲ ਪ੍ਰੇਮ ਹੋਣ ਕਰਕੇ ਦਿਲ ਟਿਕਾਉ, ਭਰੋਸੇ ਤੇ ਸੁਆਦ ਵਿਚ ਰਹਿੰਦਾ ਹੈ, ਜਗਤ ਵਲੋਂ ਜੋ ਮਾੜੇ ਸਲੂਕ ਹੁੰਦੇ ਹਨ, ਜਦ ਦਿਲ ਤੇ ਅਸਰ ਕਰਦੇ ਹਨ ਤਦ

* ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥

੧. ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥

ਪੁਨਾ- ਆਪਿ ਜਪਹੁ ਅਵਰਹ ਨਾਮੁ ਜਪਾਵਹੁ॥
ਸੁਨਤ ਕਹਤ ਰਹਤ ਗਤਿ ਪਾਵਹੁ॥ (ਸੁਖਮਨੀ)

੨. ਤਾਲਬਾ ਨੇ ਹੱਕ ਹਮੇਸ਼ਾ ਬਾ-ਅਦਬ॥
ਬਾ-ਅਦਬ ਬਾਸ਼ੰਦ ਦਾਯਮ ਬਾ ਅਦਬ॥੩੦੦॥
(ਜ਼ਿੰਦਗੀ ਨਾਮਾ)

ਦਿਲ ਪਰਮੇਸ਼ੁਰ ਦੇ ਪਿਆਰ ਵਿਚ ਹੋਣ ਕਰਕੇ ਦੁਖਦਾ ਨਹੀਂ ਤੇ ਜੇ ਦੁਖੇ ਤਾਂ ਅੰਦਰੋਜ ਗੁਰਮਤਿ ਮੱਤਾਂ ਦੇਂਦੀ ਹੈ ਕਿ ਖਿਮਾ ਕਰ, ਆਪਣੇ ਅੰਦਰ ਕਿਸੇ ਦੀ ਈਰਖਾ ਦ੍ਵੈਖ ਦਾ ਸਾੜ ਨਾ ਵਾੜ। ਖੁਸ਼ ਰਹੁ ਤੇ ਵਾਹਿਗੁਰੂ ਜੀ ਦੇ ਸਰੂਪ ਤੋਂ ਨਾ ਵਿਛੁੜ। ਫਿਰ ਗੁਰਮਤਿ ਕਹਿੰਦੀ ਹੈ ਕਿ ਈਰਖਾਲੂਆਂ ਤੇ ਦ੍ਵੈਖੀਆਂ ਦੋਖੀਆਂ ਨਾਲ ਬੀ ਗੁੱਸੇ ਨਾ ਹੋ। ਗੁੱਸਾ ਪਹਿਲਾਂ ਤੈਨੂੰ ਅੰਦਰੋਂ ਔਖਿਆਂ ਕਰੇਗਾ ਫੇਰ ਦੂਸਰਿਆਂ ਨੂੰ ਸਾੜੇਗਾ। ਸੋ ਤੂੰ ਕਿਸੇ ਦਾ ਨਾ ਬੁਰਾ ਕਰ ਤੇ ਨਾ ਬੁਰਾ ਸੋਚ। ਜਿੰਨਾ ਤੈਥੋਂ ਹੋ ਸਕੇ ਪਿਆਰ ਦਾ ਵਰਤਾਉ ਕਰ। ਜੇ ਸਾਰੇ ਬੰਦੇ ਆਪੋ ਵਿਚ ਪਿਆਰ ਦੀ ਵਰਤੋਂ ਵਰਤਣ ਤਾਂ ਸੱਚ ਹੈ ਬਾਬਾ ਜੀ! ਕਿ ਜਗਤ ਸੁਰਗ ਹੋ ਜਾਵੇ। ਫਿਰ ਦੱਸਿਆ ਹੈ ਕਿ ਜਦੋਂ ਬਦੀ ਕਰੋ ਤਾਂ ਦੂਜੇ ਦਾ ਨੁਕਸਾਨ ਤਾਂ ਹੁੰਦਾ ਹੈ ਪਰ ਆਪਣੇ ਅੰਦਰ ਆਪਾ ਬੀ ਉਦਾਸ ਤੇ ਕਈ ਵੇਰ ਦੁਖੀ ਹੁੰਦਾ ਹੈ। ਇਸ ਦਾ ਮਤਲਬ ਇਹ ਹੋਇਆ ਕਿ ਆਪੇ ਨੂੰ ਆਪਾ ਦੇਖਣ ਦਾ ਸੁਭਾਵ ਪਾਉਣਾ ਚਾਹੀਏ, ਆਪ ਚੀਨ ਚੀਨ ਕੇ ਦੇਖਦੇ ਰਹਿਣ ਨਾਲ ਪ੍ਰੇਮ ਤੋਂ ਉਲਟ ਕੀਤੇ ਕੰਮ ਤੇ ਉਹਨਾਂ ਤੋਂ ਆਈ ਉਦਾਸੀ ਦਿੱਸ ਪੈਂਦੀ ਹੈ। ਮਾੜੀ ਚੀਜ਼ ਜੇ ਦਿੱਸ ਪਵੇ ਤਾਂ ਕੱਢਣ ਨੂੰ ਜੀ ਕਰਦਾ ਹੈ ਤੇ ਉਸ ਨੂੰ ਕੱਢਣੇ ਦੀ ਤਾਕਤ ਭਰਦੀ ਹੈ। ਇਸ ਤਰ੍ਹਾਂ ਮਨ ਨੂੰ ਜਿੱਤਣ ਦੀ ਤਾਕਤ ਵਧਦੀ ਹੈ ਤੇ ਸੁਭਾਵ ਪ੍ਰੇਮ ਦਾ ਬਣ ਜਾਂਦਾ ਹੈ।

ਦੂਜੀ ਗਲ ਮੈਂ ਇਉਂ ਸਮਝੀ ਹੈ ਕਿ ਮਨੁੱਖ ਜੋ ਕੁਛ ਕਰਦਾ ਹੈ ਉਸਦੇ ਦੋ ਅਸਰ ਹਨ: ਇਕ ਆਪਣੇ ਤੇ, ਦੂਆ ਦੂਜੇ ਤੇ। ਮਿਥ ਲਓ ਕਿ ਮੈਂ ਕਿਸੇ ਨੂੰ ਰਾਹ ਜਾਂਦਿਆਂ ਚਪੇੜ ਮਾਰੀ। ਹੁਦ ਉਦਾਸੀ, ਰੰਜ, ਗੁੱਸੇ ਦਾ ਅਸਰ ਤੇ ਬਦਲਾ ਲੈਣ ਦੀ ਚਾਹ ਇਕ ਤਾਂ ਉਸਦੇ ਅੰਦਰ ਉਪਜੇਗਾ, ਜਿਸ ਨੂੰ ਮੈਂ ਚਪੇੜ ਮਾਰੀ ਤੇ ਮੇਰੇ ਅੰਦਰ ਪਹਿਲਾਂ ਗੁੱਸਾ ਆਇਆ ਤੇ ਮਾਰ ਚੁਕਣ ਮਗਰੋਂ ਅਫਸੋਸ ਆਇਆ ਕਿ ਮੈਂ ਕਿਉਂ ਮਾਰਿਆ ? ਇਹ ਕੰਮ ਪ੍ਰੇਮ ਦਾ ਨਹੀਂ ਸੀ, ਇਹ ਬਦੀ ਦਾ ਸੀ। ਇਹ ਜੋ ਅਸਰ ਮੇਰੇ ਅੰਦਰ ਪਿਆ ਇਸਨੂੰ ਕਥਾ ਵਾਲੇ ਨੇ ਤੋਟਾ ਲਿਖਿਆ ਹੈ ਕਿ ਮੇਰੇ ਅੰਦਰ 'ਤੋਟੇ' ਦਾ ਅਸਰ ਪਿਆ। ਜਾਂ ਜਿਵੇਂ ਹਿਸਾਬਦਾਨ ਕਹੇਗਾ ਕਿ ਇਕ ਰਕਮ ਰਿਣ ਦੀ ਮੇਰੇ ਅੰਦਰ ਵਧ ਗਈ। ਮੋਟੀ ਗੱਲ ਇਹ ਕਿ ਅੰਦਰਲੇ ਵਿਚ ਕਿਸੇ ਨਾ ਕਿਸੇ ਤਰ੍ਹਾਂ ਦਾ ਘਾਟਾ ਪਿਆ ਹੈ। ਇਸੇ ਤਰ੍ਹਾਂ ਜੇ ਮੈਂ ਕਿਸੇ ਭੁੱਖੇ ਨੂੰ ਰੋਟੀ ਦਿੱਤੀ ਤਾਂ ਉਹ ਰੱਜਿਆ, ਉਸਦੇ ਅੰਦਰ ਸ਼ੁਕਰ ਆਇਆ ਤੇ ਮੇਰੇ ਅੰਦਰ ਇਕ ਸ਼ਾਂਤਮਈ ਖੁਸ਼ੀ ਆਈ। ਇਹ ਲਾਹਾ ਸੀ। ਮਤਲਬ ਕਿ ਹਿਸਾਬਦਾਨ ਦੀ ਬੋਲੀ ਵਿਚ ਮੇਰੇ ਅੰਦਰ ਇਕ ਰਕਮ ਧਨ ਦੀ ਜਮਾਂ ਹੋਈ। ਇਉਂ ਪ੍ਰੇਮ ਨਾਲ ਅੰਦਰਲੇ ਵਿਚ ਲਾਹਾ ਵਧੇਗਾ ਤੇ ਅਪ੍ਰੇਮ ਨਾਲ ਤੋਟਾ ਵਧੇਗਾ। ਜੋ ਰੂਹ ਲਾਹਾ ਵਧਾਉਂਦੀ ਹੈ ਬਲਵਾਨ ਹੋ ਜਾਏਗੀ, ਜੋ ਤੋਟਾ ਵਧਾਏਗੀ, ਨਿਰਬਲ ਹੋ ਜਾਏਗੀ। ਬਾਬਾ ਜੀ! ਮੇਰੀ ਸਮਝੇ ਇਹ ਸੋਝੀ ਬੜੀ ਕੀਮਤੀ ਹੈ।

ਫਿਰ ਮੈਂ ਸਮਝਿਆ ਹੈ ਕਿ ਮਨੁੱਖ ਦੀ ਮਨੁੱਖ ਨਾਲ ਜੋ ਵਰਤੋਂ ਹੈ ਅਕਸਰ ਅਪ੍ਰੇਮ ਦੀ ਹੈ। ਇਸਦਾ ਕਾਰਣ ਹੈ ਇਹ ਕਿ ਸਭ ਦੇ ਅੰਦਰ ਭੈ ਤੇ ਭਰਮ ਹੈ। ਮੈਂ ਸੋਚਿਆ ਇਹ ਕਿੱਥੋਂ ਆਏ ? ਤਾਂ ਮੈਨੂੰ ਖਿਆਲ ਫੁਰਿਆ ਕਿ ਸਾਡਾ ਸਰੀਰ ਆਪਣੀਆਂ ਲੋੜਾਂ ਲਈ ਜੋ ਜਤਨ ਕਰਦਾ ਹੈ ਉਸ ਵਿਚ ਉਹ ਸ੍ਵੈ-ਰਖ੍ਯਾ ਸ੍ਵੈ-ਪਾਲਨਾ ਦੇ ਭਾਵ ਤੋਂ ਵਧਕੇ ਖੁਦਗਰਜ਼ ਹੋ ਜਾਂਦਾ ਹੈ ਤੇ ਵਰਤਾਉ ਕਰਦਾ ਹੈ ਜ਼ੋਰ ਧੱਕੇ ਦੇ। ਇਨ੍ਹਾਂ ਵਰਤਾਵਾਂ ਤੋਂ ਦਿਲਾਂ ਵਿਚ ਤੌਖਲਾ ਬੈਠ ਗਿਆ ਹੈ। ਤੌਖਲੇ ਦਾ ਹੀ ਰੂਪ ਹੈ ਭੈ ਤੇ ਭਰਮ। ਭੈ ਤੇ ਭਰਮ 'ਤੋਟਾ' ਹੈ ਤੇ ਇਸ ਤੋਟੇ ਦਾ ਫਲ ਹੈ ਦੁੱਖ ਤੇ ਰੋਗ। ਇਸ ਦਾ ਦਾਰੂ ਹੈ ਭਰੋਸਾ; ਪਹਿਲਾ ਭਰੋਸਾ ਵਾਹਿਗੁਰੂ ਤੇ। ਉਹ ਨਿਰਭਉ ਹੈ, ਉਸਦੇ ਸਿਦਕ ਧਾਰਿਆਂ ਦਿਲ ਠੌਰੇ ਆ ਜਾਂਦਾ ਹੈ ਤੇ ਨਿਰਭਉ ਨੂੰ ਭਜਿਆਂ ਭਉ ਮਿਟ ਜਾਂਦਾ ਹੈ। ਮੇਰੀ ਜਾਚੇ ਕਥਾ ਵਿਚ ਇਹ ਉਹੋ ਗਲ ਦੱਸੀ ਹੈ ਜੋ ਸੁਖਮਨੀ ਸਾਹਿਬ ਵਿਚ ਤੁਸਾਂ ਇਕ ਦਿਨ ਦੱਸੀ ਸੀ ਕਿ ਲਿਖੀ ਹੈ "ਦੂਖ ਰੋਗ ਬਿਨਸੇ ਭੈ ਭਰਮ" ਕਿ ਜਿਸਨੂੰ ਵਾਹਿਗੁਰੂ ਚਿਤ ਆਵੇ ਉਸਦੇ ਭੈ ਤੇ ਭਰਮ ਮਿਟ ਜਾਂਦੇ ਹਨ। ਭੈ ਤੇ ਭਰਮ ਕਾਰਣ ਹਨ ਤੇ ਦੁਖ ਰੋਗ ਕਾਰਜ ਹਨ, ਸੋ ਜਦ ਭੈ ਭਰਮ ਮਿਟ ਗਏ ਤਾਂ ਦੁਖ ਰੋਗ ਦੇ ਰਸਤੇ ਆਪੇ ਬੰਦ ਹੋ ਗਏ।

ਬਾਬਾ— ਠੀਕ ਹੈ।

ਮੁਸਾਫਰ— ਫਿਰ ਮੈਂ ਸਮਝਿਆ, ਇਸ ਦੀ ਪ੍ਰਾਪਤੀ ਭਲੇ ਪੁਰਖਾਂ ਦੇ ਸਤਿਸੰਗ ਵਿਚ ਹੈ ਕਿ ਜਿਨ੍ਹਾਂ

ਦੇ ਸੰਗ ਨਾਲ ਤੋਟੇ ਦੀ ਰਾਸ ਘਟਦੀ ਹੈ। ਜਿਵੇਂ ਸਵੇਰੇ ਤੁਕ ਆਈ ਸੀ, 'ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ॥ ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ॥' ਸਤਿਸੰਗ ਨਾਲ ਕੂੜ ਦੀ ਰਾਸ ਯਾ ਤੋਟੇ ਦੀਆਂ ਰਕਮਾਂ ਘਟ ਜਾਂਦੀਆਂ ਹਨ। ਨਾਮੀ ਪੁਰਖ ਦਾ ਸੰਗ ਇਕ ਤਾਂ ਇਹ ਸਤਿਸੰਗ ਹੈ। ਦੂਜੇ ਗੁਰੂ ਕੀ ਬਾਣੀ ਦਾ ਪਾਠ, ਵੀਚਾਰ, ਇਹ ਬੀ ਸਤਿਸੰਗ ਹੈ, ਗੁਰੂ ਦਾ ਸਤਿਸੰਗ। ਇਸ ਨਾਲ ਕੀਰਤਨ ਤੇ ਲਿਵ ਦੀ ਪ੍ਰਾਪਤੀ ਹੁੰਦੀ ਹੈ। ਫਿਰ ਮੈਂ ਸਮਝਿਆ ਕਿ ਪਾਰ ਗਿਰਾਮੀ ਸਿੱਖ ਨੂੰ ਗੁਰੂ ਮਤ ਵਿਚ ਗੁਰਮੁਖ ਕਹਿੰਦੇ ਤੇ ਸਤਿਕਾਰਦੇ ਹਨ, ਪਰ ਗੁਰੂ ਪਦਵੀ ਦਸਾਂ ਗੁਰੂ ਸਾਹਿਬਾਂ ਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਿੱਤੀ ਹੈ।.... ਕੀਹ ਸਤਿਗੁਰਾਂ ਦੇ ਸਮੇਂ ਬੀ ਗੁਰਮੁਖ ਹੋਏ ਹਨ?

ਬਾਬਾ— ਠੀਕ ਹੈ, ਸਤਿਗੁਰਾਂ ਦੇ ਸਮੇਂ ਗੁਰਮੁਖ ਹੋਏ ਹਨ। ਉਨ੍ਹਾਂ ਨੂੰ ਮੰਜੀਆਂ ਤੇ ਬਖਸ਼ਿਸ਼ਾਂ ਵਾਲੇ ਬੀ ਕਹਿੰਦੇ ਸਨ। ਉਹ ਆਪ ਜਪਦੇ ਦੂਇਆਂ ਨੂੰ ਜਪਾਉਂਦੇ ਸਨ ਤੇ ਸਿੱਖਾਂ ਨੂੰ ਗੁਰੂ ਸਾਹਿਬਾਂ ਦੀ ਚਰਨੀਂ ਲਿਆਕੇ ਲਾਉਂਦੇ ਸਨ। ਜੋ ਗੁਰੂ ਦਾ ਦਰਜਾ ਉਨ੍ਹਾਂ ਬਖਸ਼ਿਸ਼ਾਂ ਵਾਲਿਆਂ ਤੋਂ ਉੱਚਾ ਹੁੰਦਾ ਸੀ ਤੇ ਉਨ੍ਹਾਂ ਦੀਆਂ ਸੰਗਤਾਂ ਬੀ ਐਉਂ ਹੀ ਮੰਨਦੀਆਂ ਸਨ। ਹੁਣ ਬੀ ਇਹੋ ਗੱਲ ਹੈ। ਗੁਰਮੁਖ ਦਾ ਮੇਲ ਅਸੀਂ ਲੋਚਦੇ ਹਾਂ। ਸਤਿਸੰਗ ਤੋਂ ਲਾਭ ਲੈਂਦੇ ਹਾਂ, ਸਤਿਕਾਰ ਕਰਦੇ ਹਾਂ। ਉਹ ਨਾਮ ਜਪਦਾ ਤੇ ਜਪਾਉਂਦਾ ਹੈ, ਪਰ ਸਭ ਨੂੰ ਗੁਰੂ ਕੀ ਸ਼ਰਨ ਅਪੜਾਉਂਦਾ ਹੈ, ਆਪ ਨੂੰ ਸਿੱਖ ਹੀ ਕਰਕੇ ਜਾਣਦਾ ਹੈ ਤੇ ਅਦਬ ਵਿਚ ਵਸਦਾ ਹੈ। ਸਿਖ ਉਸਦਾ ਸਤਿਕਾਰ ਕਰਦੇ ਹਨ। ਪਿਆਰਿਆ! ਗੁਰੂ ਕਾ ਮਤ ਬਹੁਤ ਸਿਧਾ ਤੇ ਸੌਖਾ ਹੈ। ਇਹ ਦੱਸਦਾ ਹੈ ਕਿ ਆਪਣੇ ਆਪ ਨਾਲ ਸਤਿਵਾਦੀ ਬਣੋ। ਜਿਵੇਂ ਆਪੇ ਨਾਲ ਝੂਠ ਕਪਟ ਨਾ ਵਰਤੋ ਤਿਵੇਂ ਦੂਇਆਂ ਨਾਲ ਝੂਠ, ਦਗ਼ਾ ਤਿਆਗੋ ਤੇ ਪਿਆਰ ਵਰਤੋ। ਪਿਆਰ ਦੀ ਜਾਚ ਲਈ ਸਤਿਸੰਗ ਕਰੋ, ਬਾਣੀ ਨੂੰ ਪੜ੍ਹੋ, ਵੀਚਾਰੋ ਤੇ ਵਾਹਿਗੁਰੂ ਨਾਲ ਪ੍ਰੇਮ ਕਰੋ। ਵਾਹਿਗੁਰੂ ਨਾਲ ਪ੍ਰੇਮ ਤੁਹਾਡੇ ਸੁਭਾਵ ਨੂੰ ਪ੍ਰੇਮ ਮਈ ਕਰੇਗਾ। ਜਦ ਸੁਭਾਵ ਪ੍ਰੇਮ ਦਾ ਹੋਵੇਗਾ ਤਾਂ ਤੁਸੀਂ ਜਗਤ ਵਿਚ ਬੀ ਪ੍ਰੇਮ ਵਰਤੋਗੇ।

- o -

(ਕ)

ਇਕ ਦਿਨ ਭਾਈ ਸਾਈਂਦਾਸ ਜੀ ਕਥਾ ਕਰਕੇ ਹਟੇ। ਸੰਗਤ ਘਰੋ ਘਰੀ ਗਈ। ਆਪ ਅਜੇ ਧਰਮਸਾਲ ਵਿੱਚ ਹੀ ਸਨ ਕਿ ਇਕ ਬੜੀ ਦਨਾਈ ਦੀ ਸੂਰਤ ਵਾਲਾ ਅਧਖੜ ਮਨੁੱਖ ਆ ਗਿਆ। ਭਾਈ ਜੀ ਦੇ ਪਾਸ ਆ ਬੈਠਾ। ਪੈਰੀ ਪੌਣਾ ਕੀਤਾ ਤੇ ਬੜੀ ਨਿੰਮ੍ਰਤਾ ਨਾਲ ਬੋਲਿਆ:- "ਭਾਈ ਜੀ! ਪਰਮੇਸ਼ੁਰ ਮੈਨੂੰ ਕਿਉਂ ਰਚਿਆ?" ਭਾਈ ਜੀ ਕੁਛ ਤ੍ਰਬ੍ਹਕ ਕੇ ਤੱਕਣ ਲਗ ਗਏ। ਅਜੇ ਤੱਕ ਹੀ ਰਹੇ ਸਨ, ਕਿ ਉਹ ਕਹਿੰਦਾ ਹੈ:- "ਦੱਸੋ ਜੀ, ਮੈਂ ਬੜਾ ਦੁਖੀ ਹਾਂ, ਮੈਨੂੰ ਕਿਉਂ ਰਚਿਆ?"

ਹੁਣ ਭਾਈ ਜੀ ਧੀਰਜ ਨਾਲ ਬੋਲੇ:— "ਹੇ ਸੱਜਣ! ਇਸ ਗੱਲ ਦਾ ਉਤਰ ਕੋਈ ਪੰਡਤ ਜਾਂ ਕਾਜ਼ੀ ਦੇ ਸਕਦਾ ਹੈ। ਮੈਂ ਤਾਂ ਮੋਟੀ ਅਕਲ ਦਾ ਮੋਟਾ ਸੂਤਰ ਹਾਂ, ਕਰਤਾ ਪੁਰਖ ਆਪ ਜਾਣੇ।"

ਢੇਸਾ— (ਉਸਦਾ ਨਾਉਂ ਸੀ) ਮਹਾਰਾਜ ਜੀ! ਪੰਡਤ, ਮੁੱਲਾਂ ਤੇ ਪਾਂਧੇ ਅੱਡ ਅੱਡ ਗੱਲਾਂ ਦੱਸਦੇ ਹਨ, ਕੋਈ ਇਕ ਗੱਲ ਨਹੀਂ ਕਹਿੰਦਾ। ਕਿਤੇ ਸ਼ਾਸਤਰਾਂ ਦੇ ਅੱਡ ਅੱਡ ਨਿਰਣੇ ਹਨ, ਕਿਤੇ ਅੱਡ ਅੱਡ ਵਿਦ੍ਵਾਨਾਂ ਦੀਆਂ ਅੱਡ ਅੱਡ ਟੋਹਾਂ ਹਨ, ਕਿਤੇ ਅੱਡ ਅੱਡ ਕਥਾਂ ਹਨ। ਇਕ ਨਾਲ ਦੂਸਰੀ ਨਹੀਂ ਰਲਦੀ। ਮੈਂ ਘ਼ਬਰਾ ਕੇ ਹੀ ਤਾਂ ਆਪ ਦੇ ਪਾਸ ਆਇਆਂ ਹਾਂ ਕਿ ਸੱਚੀ ਗੱਲ ਕਿਹੜੀ ਹੈ ?

ਸਾਈਂ ਦਾਸ— ਮਿਥ ਲਓ ਕਿ ਇੱਕ ਗੱਲ ਮੈਂ ਬੀ ਕਹਿ ਦਿੱਤੀ, ਕੀ ਓਹ ਹੋਰਨਾਂ ਨੂੰ ਝੂਠੀ ਬਣਾਕੇ ਆਪ ਸੱਚੀ ਪ੍ਰਵਾਨ ਹੋ ਜਾਏਗੀ ? ਯਾ ਬਹੁਤੀਆਂ ਵਿੱਚ ਇੱਕ ਹੋਰ ਰਲਕੇ ਰੌਲੇ ਨੂੰ ਵਧਾਏਗੀ ? ਤੁਸੀਂ ਮੇਰੇ ਲਿਹਾਜ਼ ਕਰਕੇ ਮੇਰੀ ਕਹੀ ਨੂੰ ਸੱਚ ਮੰਨ ਲਓਗੇ ਤਾਂ ਬਾਕ਼ੇ ਲੋਕ ਉਸਨੂੰ ਕਈ ਅਵਾਜ਼ਾਂ ਵਿਚੋਂ ਇਕ ਗਿਣਨਗੇ। ਇਸ ਤਰ੍ਹਾ ਮੇਰਾ ਕਹਿਣਾ ਬੀ ਤੁਹਾਡਾ ਮਤਲਬ ਸਿੱਧ ਨਹੀਂ ਕਰੇਗਾ।

ਢੇਸਾ— ਗੁਰੂ ਜੀ ਨੇ ਕੁਛ ਨਹੀਂ ਕਿਹਾ ?

ਸਾਈਂਦਾਸ— ਕਿਹਾ ਕਿਉਂ ਨਹੀਂ ਹੋਣਾ, ਪਰ ਮੇਰੀ ਅਜੇ ਅਵਸਥਾ ਸਾਰੇ ਨੂੰ ਸਮਝਣ ਵਾਲੀ ਨਹੀਂ ਹੋਈ, ਕੁਛ ਕੁਦਰਤੀ ਅਕਲ ਮੋਟੀ, ਕੁਛ ਤਪਾਂ ਦਾ ਹੀਣਾ।

ਢੇਸਾ— ਮੈਂ ਕੀਹ ਕਰਾਂ ? ਮੈਂ ਬਹੁਤ ਦੁਖੀ ਹਾਂ।


www.sikhbookclub.com

ਸਾਈਂਦਾਸ— ਇਸ ਗਲ ਦਾ ਤਾਂ ਦਾਰੂ ਹੋ ਸਕਦਾ ਹੈ ਅਰ ਓਸ ਦਾਰੂ ਵਿਚੋਂ ਹੀ ਅਵਸਥਾ ਪਾਰ ਹੋ ਗਿਆਂ ਕਦੇ ਉਸ ਗਲ ਦੀ ਪਛਾਣ ਅੱਖਾਂ ਦੇ ਅੱਗੇ ਖੁੱਲ੍ਹ ਸਕਦੀ ਹੈ ਜੋ ਤੂੰ ਅਜ ਜਾਣਨੀ ਚਾਹੁੰਦਾ ਹੈਂ। ਅੱਜ ਜੋ ਕੇਵਲ ਸਮਝ ਨੂੰ ਲੜਾਉਣਾ ਹੈ, ਉਹ ਕਿਆਸ ਕਰਨੇ ਹਨ।

ਢੇਸਾ— ਫੇਰ ਕੀਹ ਕਰਾਂ?

ਸਾਈਂਦਾਸ— ਤੂੰ ਇਹ ਦੱਸ ਕਿ 'ਤੂੰ ਹੈਗਾ ਹੈਂ'? ਆਪਣੇ ਆਪ ਨੂੰ ਸਮਝਦਾ ਹੈਂ ਕਿ 'ਮੈਂ ਹਾਂ'?

ਢੇਸਾ— ਬੜੀ ਚੰਗੀ ਤਰ੍ਹਾਂ।

ਸਾਈਂਦਾਸ— ਹਾਲੇ ਇਹ ਗੱਲ ਛੱਡ ਦੇਹ, ਕਿ ਮੈਂ ਕਿਉਂ ਹਾਂ ਤੇ ਕਿਸ ਤਰ੍ਹਾਂ ਹਾਂ।

ਢੇਸਾ— ਇਸ ਦੇ ਛੱਡਣ ਦਾ ਗੁਣ?

ਸਾਈਂਦਾਸ— ਤੂੰ ਕਿਹਾ ਸੀ, ਮੈਂ ਦੁਖੀ ਹਾਂ। ਅਸੀਂ ਹੁਣ ਰਲਕੇ ਇਹ ਵੀਚਾਰ ਕਰਨੀ ਚਾਹੁੰਦੇ ਹਾਂ ਕਿ ਕਿਆ ਦੁੱਖ ਦੂਰ ਹੋ ਸਕਦਾ ਹੈ ਬਿਨਾਂ (ਹਾਲੇ) ਇਸ ਝਗੜੇ ਵਿੱਚ ਪੈਣ ਦੇ ਕਿ ਅਸੀਂ ਕਿਸ ਤਰ੍ਹਾਂ ਬਣ ਗਏ ਤੇ ਕਿਉਂ ਬਣ ਗਏ? ਜੇ ਅਸੀਂ ਇਸ ਤੋਂ ਬਿਨਾਂ ਸੁਖੀ ਹੋ ਸਕੀਏ ਤਦ ਰੋਗ ਤਾਂ ਰਾਜ਼ੀ ਹੋ ਗਿਆ। ਰੋਗ ਕਿੱਕੂੰ ਲੱਗਾ ਸੀ ਤੇ ਕਿਉਂ ਲੱਗਾ ਸੀ? ਇਸਦੀ ਲੋੜ ਜੇ ਇਲਾਜ ਵਿਚ ਨਾ ਪਵੇ ਤੇ ਆਰਾਮ ਆ ਜਾਵੇ ਤਦ ਕਿਆ ਚੰਗਾ ਨਹੀਂ ਕਿ ਅਸੀਂ ਪਹਿਲੇ ਪੀੜ ਤੋਂ ਖ਼ਲਾਸੀ ਪਾ ਲਈਏ, ਫੇਰ ਹਕੀਮੀ ਦੀ ਵਿਦ੍ਯਾ ਪਏ ਪੜ੍ਹੀਏ, ਜਿਸ ਤੋਂ ਪਤਾ ਲੱਗ ਜਾਏ ਕਿ ਕਿੱਕੂੰ ਰੋਗ ਲੱਗਦਾ ਹੈ। ਕੀਹ ਤੁਸੀਂ ਇਸ ਗੱਲ ਵਿੱਚ ਮੇਰੇ ਨਾਲ ਇੱਕ ਸੰਮਤਿ ਹੁੰਦੇ ਹੋ?

ਢੇਸਾ (ਸੋਚਕੇ)— ਹੈ ਤਾਂ ਠੀਕ।

ਸਾਈਂਦਾਸ— ਤੁਸੀਂ ਮੰਨਦੇ ਹੋ ਕਿ 'ਤੁਸੀਂ ਹਓਂ'?

ਢੇਸਾ— ਜੀ ਹਾਂ।

ਸਾਈਂਦਾਸ— ਤੁਸੀਂ ਹਓ ਪਰ ਦੁਖੀ ਹੋ?

ਢੇਸਾ— ਠੀਕ, ਮੈਂ ਹਾਂ ਪਰ ਦੁਖੀ ਹਾਂ।

ਸਾਈਂਦਾਸ— ਤੁਸੀਂ ਚਾਹੁੰਦੇ ਹੋ ਕਿ 'ਸੁਖੀ ਹੋ ਜਾਓਂ'? ਢੇਸਾ-ਇਹੋ ਤਾਂ ਮੈਂ ਮੰਗਦਾ ਹਾਂ।

ਸਾਈਂਦਾਸ— ਤਦ ਪਤਾ ਲੱਗਾ ਕਿ 'ਤੁਸੀਂ ਹਓਂ' ਪਰ ਜਿਕੂੰ ਹੁਣ ਹਓ 'ਦੁਖੀ ਹੋਂ'।

ਢੇਸਾ— ਠੀਕ!

ਸਾਈਂਦਾਸ— ਪਰ ਤੁਸੀਂ ਦੁਖੀ ਹੋਣ ਵਿੱਚ ਖੁਸ਼ ਨਹੀਂ ਅਰ ਵਾਹ ਲਾਉਂਦੇ ਹੋ ਕਿ ਸੁਖੀ ਹੋਵੇ।

ਢੇਸਾ— ਲਾਉਂਦਾ ਹੀ ਹਾਂ।

ਸਾਈਂਦਾਸ— ਫੇਰ ਬੀ ਸੁਖੀ ਨਹੀਂ ਹੋਏ?

ਢੇਸਾ— ਨਹੀਂ?

ਸਾਈਂਦਾਸ— ਹੱਛਾ! ਹੁਣ ਅਸੀਂ ਵੇਖੀਏ ਕਿ ਤੁਹਾਡੀਆਂ ਵਾਹਵਾਂ ਕਿਉਂ ਤੁਹਾਨੂੰ ਸੁਖੀ ਨਹੀਂ ਕਰਦੀਆਂ? ਜਾਂ ਤਾਂ ਓਹ ਵਾਹਵਾਂ ਗ਼ਲਤ ਹਨ ਯਾ ਲਾਉਣ ਦਾ ਤਰੀਕਾ ਗ਼ਲਤ।

ਢੇਸਾ— ਦੋਵੇਂ ਯਾ ਦੁਹਾਂ ਵਿਚੋਂ ਇੱਕ ਗੱਲ ਜ਼ਰੂਰ ਹੈ।

ਸਾਈਂਦਾਸ— ਵਖੋ ਵੱਖ ਕਰਕੇ ਪੜਤਾਲ ਕਰੀਏ।

ਢੇਸਾ— ਸਤਿ ਬਚਨ।

ਸਾਈਂਦਾਸ— ਤੁਸੀਂ ਕੀ ਕੀ ਵਾਹਵਾਂ ਲਾਈਆਂ?

ਢੇਸਾ— ਮੈਂ ਹਰ ਪੰਡਤ ਹਰ ਵਿਦ੍ਵਾਨ ਪਾਸ ਪੁੱਛਣ ਗਿਆ ਪਰ ਕਿਸੇ ਨੇ ਮੇਰੀ ਤਸੱਲੀ ਨਾ ਕੀਤੀ।

ਸਾਈਂਦਾਸ— ਇਹ ਤਾਂ ਤੁਸੀਂ ਕੇਵਲ ਇਸ ਘਬਰਾ ਦੇ ਦੂਰ ਕਰਨ ਲਈ ਗਏ ਕਿ ਮੈਨੂੰ ਕਿਉਂ ਰਚਿਆ ਗਿਆ? ਇਹ ਘਬਰਾ ਤੁਹਾਨੂੰ ਆਪਣੇ ਆਪ ਨੂੰ ਦੁਖੀ ਸਮਝਣ ਤੋਂ ਪਿਆ। ਸੋ ਇਹ ਘਬਰਾ ਤਾਂ ਰੋਗ ਦੇ ਹੋਣ ਕਰਕੇ ਸੀ, ਇਹ ਕੋਈ ਰੋਗ ਨਵਿਰਤੀ ਦਾ ਉਪਾਉ ਤਾਂ ਨਹੀਂ ਸੀ। ਮੈਂ ਪੁੱਛਦਾ ਹਾਂ ਕਿ ਅਸਲੀ ਰੋਗ ਦੇ ਦੂਰ ਕਰਨ ਲਈ ਕੀਹ ਵਾਹਵਾਂ ਲਾਈਆਂ ਜੇ।

ਢੇਸਾ— ਉਹ ਤਾਂ ਮੈਂ ਕੋਈ ਨਹੀਂ ਲਾਈਆਂ।

ਸਾਈਂਦਾਸ— ਭਲਾ, ਮੈਂ ਕੁਛ ਦੱਸਦਾ ਹਾਂ, ਇਨ੍ਹਾਂ ਵਿਚੋਂ ਜੋ ਜੋ ਤੁਸਾਂ ਲਾਈ ਹੋਵੇ ਸੋ ਸੋ ਦੱਸੀ ਜਾਣੀ।

ਢੇਸਾਂ— ਹੱਛੀ ਗੱਲ।

ਸਾਈਂਦਾਸ— ਤੁਸੀਂ ਜਦੋਂ ਐਵਾਣੇ ਸੀ, ਖਾਣ ਪੀਣ ਵਾਸਤੇ ਸਭ ਤੋਂ ਵੱਧ ਉਛਲਦੇ ਸੀ। ਤੁਹਾਨੂੰ ਭਾਵੇਂ ਪਤਾ ਨਹੀਂ ਸੀ ਕਿ ਕਿਉਂ ਪਰ ਗੱਲ ਇਹੋ ਹੁੰਦੀ ਸੀ। ਹੁਣ ਬੀ ਚੰਗੀ ਤੋਂ ਚੰਗੀ ਚੀਜ਼ ਖਾਣ ਲਈ ਕੋਸ਼ਿਸ਼ ਕਰਦੇ ਹੋ ਅਰ ਵਾਹ ਲੱਗੇ ਉੱਤਮ ਤੋਂ ਉੱਤਮ ਵਸਤੂ ਖਾਂਦੇ ਹੋ।

ਢੇਸਾ— ਠੀਕ ਹੈ।

ਸਾਈਂਦਾਸ— ਇਉਂ ਕਿਉਂ?

ਢੇਸਾ— ਜੀ ਕਰਦਾ ਹੈ।

SIKHBOOKCLUB.COM

ਸਾਇੰਦਾਸ— ਜੀ ਕਿਉਂ ਕਰਦਾ ਹੈ ?

ਢੇਸਾ— ਇਹ ਤਾਂ ਮੈਨੂੰ ਪਤਾ ਨਹੀਂ ਹੈ।

ਸਾਈਂਦਾਸ— ਲਓ ਇਸ ਨੂੰ ਪੜਤਾਲੀਏ। ਕੀਹ ਨਾ ਖਾਧਿਆਂ ਇਕ ਅੰਦਰ ਹਾਲਤ ਪੈਦਾ ਹੁੰਦੀ ਹੈ ਜਿਸ ਨੂੰ ਭੁੱਖ ਕਹੀਦਾ ਹੈ? ਅਰ ਉਸ ਭੁੱਖ ਦੀ ਤਸੱਲੀ ਨਾ ਕੀਤਿਆਂ ਉਹ ਭੁੱਖ ਦੁੱਖ ਬਣ ਜਾਂਦੀ ਹੈ ਅਰ ਉਸ ਦੁੱਖ ਤੋਂ ਬਚਣ ਲਈ ਕੁਛ ਖਾਈਦਾ ਹੈ। ਫਿਰ ਖਾਂਦਿਆਂ ਜੀਭ ਨੂੰ ਕੋਈ ਸੁਆਦ ਆਉਂਦਾ ਹੈ। ਉਸ ਸੁਆਦ ਨੂੰ ਵਧੀਕ ਤੋਂ ਵਧੀਕ ਮਾਣਨ ਲਈ ਸੁਾਦੀਕ ਤੋਂ ਸੁਾਦੀਕ ਪਦਾਰਥ ਲੱਭੀਦਾ ਹੈ। ਕੀ ਇਹ ਦੋਵੇਂ ਗੱਲਾਂ ਤੁਸੀਂ ਮੰਨਦੇ ਹੋ ਕਿ ਠੀਕ ਹਨ?

ਢੇਸਾ(ਤੱਕ ਕੇ)— ਠੀਕ ਹਨ।

ਸਾਈਂਦਾਸ— ਤਦ ਫੇਰ ਇਹ ਗੱਲ ਨਿਕਲੀ ਕਿ ਤੁਸੀਂ ਭੁੱਖ ਦਾ ਦੁੱਖ ਦੂਰ ਕਰਨ ਲਈ ਖਾਣਾ ਖਾਣ ਦੀ ਵਾਹ ਲਾਈ ਤੇ ਵਧੀਕ ਸੁਆਦਾਂ ਨੂੰ ਮਾਣਨ ਲਈ ਵਧੀਕ ਸੁਆਦੀ ਪਦਾਰਥਾਂ ਦੀ ਭਾਲ ਕੀਤੀ।

ਢੇਸਾ— ਠੀਕ।

ਸਾਈਂਦਾਸ— ਕੀ ਭੁੱਖ ਦਾ ਦੁੱਖ ਦੂਰ ਕਰਨਾ, ਅਰ ਜੀਭ ਨੂੰ ਵਧੀਕ ਸੁਆਦ ਚਖਾਉਣੇ, ਸੁਖ ਹਨ ਯਾ ਦੁਖ?

ਢੇਸਾ— ਸੁਖ।

ਸਾਈਂਦਾਸ— ਤਦ ਤੁਸੀਂ ਮੰਨਦੇ ਹੋ ਕਿ ਤੁਸੀਂ ਸੁਤੇ ਹੀ ਸੁਖ ਲਈ ਇਹ ਵਾਹ ਲਾਉਂਦੇ ਰਹੇ ਹੋ?

ਢੇਸਾ— ਇਹ ਠੀਕ ਹੈ ਕਿ ਮੈਂ ਵਾਹ ਲਾਉਂਦਾ ਰਿਹਾ ਹਾਂ ਪਰ ਮੈਂ ਸਮਝਦਾ ਨਹੀਂ ਸਾਂ।

ਸਾਈਂਦਾਸ— ਜਦ ਕਦੇ ਕਿਸੇ ਨੇ ਤੁਹਾਡੀ ਮਰਜ਼ੀ ਤੋਂ ਉਲਟ ਕੰਮ ਕੀਤਾ ਜਾਂ ਕਿਸੇ ਨੇ ਤੁਹਾਡੇ ਸੁਭਾਵ ਨੂੰ ਚੰਗੇ ਲੱਗਣ ਵਾਲੀਆਂ ਗੱਲਾਂ ਦੇ ਉਲਟ ਕਿਹਾ ਤਦ ਤੁਹਾਨੂੰ ਦੁੱਖ ਪ੍ਰਤੀਤ ਹੋਇਆ ਕਿ ਨਹੀਂ?

ਢੇਸਾ— ਹੋਇਆ।

ਸਾਈਂਦਾਸ— ਉਸਦੇ ਦੂਰ ਕਰਨ ਲਈ ਤੁਸੀਂ ਉਸਨੂੰ ਉਸੇ ਹਾਲਤ ਵਿਚ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਕਿ ਨਹੀਂ ਕਿ ਜਿਸ ਵਿੱਚ ਉਸ ਨੇ ਤੁਹਾਨੂੰ ਪਹੁੰਚਾਇਆ ਸੀ?

ਢੇਸਾ— ਠੀਕ ਹੈ, ਉਸ ਤੋਂ ਵੱਧ ਸਗੋਂ।

ਸਾਈਂਦਾਸ— ਕੀ ਇਹ ਜਤਨ ਇਸ ਲਈ ਨਹੀਂ ਸੀ ਕਿ ਤੁਸੀਂ ਉਸ ਨੂੰ ਵਧੀਕ ਦੁਖੀ ਕਰਨ ਵਿੱਚ ਸੁਖੀ ਹੁੰਦੇ ਸਾਓ। ਯਾ ਇਉਂ ਕਹੋ ਕਿ ਬਦਲਾ ਲੈਣ ਵਿੱਚ ਇਕ ਸੁਆਦ ਆਉਂਦਾ ਸੀ ਅਰ ਉਹ ਸੁਆਦ ਇਕ ਤਰ੍ਹਾਂ ਦਾ ਸੁਖ ਭਾਸਦਾ ਸੀ?

ਢੇਸਾ— ਠੀਕ ਹੈ।

ਸਾਈਂਦਾਸ— ਜਦ ਤੁਸੀਂ ਜੁਆਨ ਹੋਏ, ਕੀਹ ਇਸਤ੍ਰੀ ਮਾਤ੍ਰ ਤੁਹਾਨੂੰ ਮਨੁੱਖ ਮਾਤ੍ਰ ਤੋਂ ਵਧੀਕ ਪਿਆਰੀ ਲਗਦੀ ਸੀ?

ਢੇਸਾ— ਲਗਦੀ ਸੀ।

ਸਾਈਂਦਾਸ— ਫੇਰ ਤੁਹਾਨੂੰ ਇਸਤ੍ਰੀਆਂ ਵਿਚੋਂ ਕੋਈ ਵਧੀਕ ਸੁਹਣੀ ਤੇ ਵਧੀਕ ਚੰਗੀ ਲਗਦੀ ਸੀ ਕਿ ਨਹੀਂ?

ਢੇਸਾ— ਠੀਕ ਹੈ, ਪਰ ਗੁਣ ਬੀ ਚੰਗੇ ਲਗਦੇ ਸੀ।

ਸਾਈਂਦਾਸ— ਕੀਹ 'ਸੁੰਦਰਤਾ' ਵਧੀਕ ਖਿੱਚ ਮਾਰਦੀ ਸੀ ਅਰ 'ਗੁਣ' ਵੀਚਾਰ ਕਰਨ ਤੋਂ ਮਗਰੋਂ ਭਾਉਂਦੇ ਸੇ ਯਾ ਇਸ ਤੋਂ ਉਲਟ ਹੁੰਦਾ ਸੀ?

ਢੇਸਾ— ਸੁੰਦਰਤਾ ਵਧੀਕ ਅਰ ਅਗੰਮ ਦੀ ਖਿੱਚ ਮਾਰਦੀ ਸੀ ਅਰ ਕਿਸੇ ਸੋਚ ਵੀਚਾਰ ਦੀ ਲੋੜ ਨਹੀਂ ਸੀ ਰਖਦੀ।

ਸਾਈਂਦਾਸ— ਭਲਾ ਜੇ ਮਨ ਨੂੰ ਭਾਈ ਇਸਤ੍ਰੀ ਨਾ ਮਿਲੇ ਤਾਂ ਇਸਦੇ ਨਾ ਮਿਲਣ ਨੂੰ ਤੁਸੀਂ ਦੁੱਖ ਸਮਝਣ ਲਗ ਗਏ ਸਾਓ ਕਿ ਨਹੀਂ?

ਢੇਸਾ— ਸਮਝਣ ਲਗ ਗਿਆ ਸਾਂ, ਇਹ ਠੀਕ ਹੈ।

ਸਾਈਂਦਾਸ— ਉਸ ਦੁੱਖ ਦੇ ਦੂਰ ਕਰਨ ਲਈ ਤੁਸੀਂ ਉਸ ਇਸਤ੍ਰੀ ਨਾਲ ਮ੍ਰਿਯਾਦਾ ਅਨੁਸਾਰ ਵਿਆਹ ਕੀਤਾ ਸੀ?

ਢੇਸਾ— ਵਿਆਹ ਕੀਤਾ ਸੀ।

ਸਾਈਂਦਾਸ— ਵਿਆਹ ਦੀ ਖੁਸ਼ੀ ਕਿੰਨੀ ਕੁ ਹੋਈ ਸੀ?

ਢੇਸਾ— ਬਹੁਤ ਹੀ ਵਧੀਕ।

ਸਾਈਂਦਾਸ— ਕੀਹ ਇਹ ਸੁਖੀ ਹੋਣ ਦਾ ਹੀਲਾ ਸੀ ਯਾ ਕੁਝ ਹੋਰ?

ਢੇਸਾ— ਸੀ ਤਾਂ ਇਹੋ ਕੁਛ।

ਸਾਈਂਦਾਸ— ਬਹੁਤ ਹੱਛਾ। ਹੁਣ ਇਕ ਹੋਰ ਵੀਚਾਰ ਕਰੀਏ। ਵਹੁਟੀ ਦੀ ਪ੍ਰਸੰਨਤਾ ਤੁਹਾਨੂੰ ਪ੍ਰਸੰਨ ਕਰਦੀ ਸੀ ਅਰ ਉਸਦਾ ਗੁੱਸਾ ਉਦਾਸ ਕਰਦਾ ਸੀ। ਉਸਦੀ ਪ੍ਰਸੰਨਤਾ ਲਈ, ਘਰ ਵਿੱਚ ਖੁੱਲ੍ਹਾ ਖਰਚ ਤੇ ਗਹਿਣੇ ਕਪੜੇ ਦੀ ਲੋੜ ਹੁੰਦੀ ਸੀ। ਲੋੜ ਨੂੰ ਪੂਰਨ ਲਈ ਤੁਸੀਂ ਰੁਪੱਯਾਂ ਦੀ ਵਧੀਕ ਲੋੜ ਸਮਝਦੇ ਸੀ।

SIKHBOOKCLUB.COM

ਰੁਪੱਯੇ ਵਧੀਕ ਜਮਾਂ ਕਰਨ ਲਈ ਚੋਰੀ, ਜੂਆ, ਵਿਹਾਰ, ਖੇਤੀ, ਮਜੂਰੀ, ਚਾਕਰੀ ਯਾ ਕੋਈ ਸਾਧਨ ਕਰਦੇ ਸਾਓ ਜੋ ਵਧੀਕ ਰੁਪੱਯੇ ਮਿਲਨ ਤੇ ਘਰ ਵਿਚ ਸੁਖ ਵਧੇ।

ਢੇਸਾ— ਆਪ ਦੀ ਕਿਰਪਾ ਹੈ, ਅੱਜ ਤਕ ਮਾੜਾ ਕੰਮ ਨਹੀਂ ਕੀਤਾ, ਜੋ ਕਮਾਇਆ ਸੋ ਕਿਰਤ ਵਿਹਾਰ ਨਾਲ ਕਮਾਇਆ ਹੈ।

ਸਾਈਂਦਾਸ— ਬਹੁਤ ਚੰਗਾ। ਪਰ ਮੇਰਾ ਪ੍ਰਯੋਜਨ ਰੁਪੱਯਾਂ ਦੇ ਪੈਦਾ ਕਰਨ ਦੇ ਹੀਲੇ ਤੋਂ ਹੈ, ਚਾਹੇ ਹੀਲਾ ਪਾਪ ਰੂਪ ਕੀਤਾ ਚਾਹੇ ਨਿਸ਼ਪਾਪ, ਇਸਦੀ ਵੀਚਾਰ ਫੇਰ ਕਰਾਂਗੇ।

ਢੇਸਾ— ਹਾਂ, ਹਿੰਮਤ ਕਰਨ ਵਿਚ ਫਰਕ ਨਹੀਂ ਕੀਤਾ।

ਸਾਈਂਦਾਸ— ਹੁਣ ਇਹ ਸਿੱਧ ਹੋ ਗਿਆ ਕਿ ਸੁਖੀ ਹੋਣ ਲਈ ਤੁਸੀਂ ਵਾਹਵਾਂ ਲਾਈਆਂ ਹਨ ਅਰ ਨਾ ਕੇਵਲ ਦੁੱਖ ਦੂਰ ਕਰਨ ਲਈ ਸਗੋਂ ਵਧੀਕ ਤੋਂ ਵਧੀਕ ਰਸ ਮਾਣਨ ਲਈ ਤੇ ਵਧੀਕ ਤੋਂ ਵਧੀਕ ਸੁਖੀ ਹੋਣ ਲਈ।

ਢੇਸਾ— ਇਹ ਤਾਂ ਹੁਣ ਸਾਫ ਸਮਝ ਲਿਆ ਹੈ।

ਸਾਈਂਦਾਸ— ਅਸੀਂ ਕਿਹਾ ਸੀ ਕਿ ਅਸੀਂ ਪੜਤਾਲ ਕਰਨੀ ਹੈ ਕਿ ਜੇ ਸੱਚੀ ਮੁੱਚੀ ਤੁਸੀਂ ਵਾਹਾਂ ਲਾਈਆਂ ਹਨ ਤੇ ਫੇਰ ਦੁਖੀ ਹੀ ਰਹੇ ਹੋ ਤਾਂ ਕੀਹ ਵਾਹਾਂ ਵਿੱਚ ਕਸਰ ਹੈ ਯਾ ਲਾਉਣ ਦੇ ਤਰੀਕੇ ਵਿੱਚ? ਆਓ ਹੁਣ ਇਸ ਗੱਲ ਦੀ ਪੜਤਾਲ ਕਰੀਏ।

ਢੇਸਾ— ਬਹੁਤ ਅੱਛਾ।

ਸਾਈਂਦਾਸ— ਜਦ ਭੁੱਖ ਲਗੀ ਤੇ ਵਧਕੇ ਦੁੱਖ ਬਣਨ ਲੱਗੀ ਤਦ ਤੁਸਾਂ ਕੁਛ ਖਾਧਾ ਤਾਂ ਦੁਖ ਦੂਰ ਹੋ ਗਿਆ ਅਰ ਇਸ ਤੋਂ ਕੋਈ ਫਲ ਐਸਾ ਨਾ ਨਿਕਲਿਆ ਕਿ ਜਿਸ ਤੋਂ ਤੁਹਾਡਾ ਖਾਣ ਦਾ ਸਾਧਨ ਤੁਹਾਨੂੰ ਦੁਖੀ ਕਰੇ।

ਢੇਸਾ— ਮੈਂ ਨਹੀਂ ਸਮਝਿਆ।

ਸਾਈਂਦਾਸ— ਤੁਸਾਂ ਰੋਟੀ ਖਾਧੀ, ਇਹ ਇਕ ਵਾਹ ਸੀ ਜੋ ਭੁੱਖ ਦੇ ਦੁੱਖ ਨੂੰ ਦੂਰ ਕਰਨ ਲਈ ਤੁਸਾਂ ਲਾਈ। ਰੋਟੀ ਖਾਕੇ ਕੋਈ ਹੋਰ ਦੁਖ ਬੀ ਨਾ ਪੈਦਾ ਹੋਇਆ, ਭੁੱਖ ਦਾ ਦੁੱਖ ਤਾਂ ਮਿਟ ਹੀ ਗਿਆ ਸੀ। ਇਸ ਵਾਹ ਲਾਉਣ ਵਿੱਚ ਕੋਈ ਭੁੱਲ ਨਹੀਂ ਸੀ ਅਰ ਨਾ ਇਸਦੇ ਤਰੀਕੇ ਵਿੱਚ ਭੁੱਲ ਸੀ। ਕਿਉਂਕਿ ਇਸਦੇ ਫਲ ਵਿੱਚ ਉਹ ਦੁਖ ਦੂਰ ਹੋ ਗਿਆ ਅਰ ਹੋਰ ਪੈਦਾ ਨਹੀਂ ਹੋਇਆ।

ਢੇਸਾ— ਹੁਣ ਮੈਂ ਸਮਝਿਆ, ਠੀਕ ਹੈ।

ਸਾਈਂਦਾਸ— ਪਰ ਕਈ ਵੇਰ ਖਾਕੇ ਭੁੱਖ ਦਾ ਦੁੱਖ ਦੂਰ ਹੁੰਦਿਆਂ ਸਾਰ ਹੀ ਢਿੱਡ ਪੀੜ, ਯਾ ਕੁਝ ਸਮਾਂ ਪਾਕੇ ਅਜੀਰਣ ਅਣਪਾਚਾ ਯਾ ਕਈ ਵੇਰ ਫੋੜੇ ਫਿਨਸੀ ਤੇ ਹੋਰ ਦੁਖ ਪੈਦਾ ਹੋਏ ਹੋਣਗੇ?

ਢੇਸਾ— ਕਈ ਵੇਰ।

ਸਾਈਂਦਾਸ— ਉਪਰ ਅਸੀਂ ਵੇਖ ਆਏ ਹਾਂ ਕਿ ਜੋ ਸਾਧਨ ਅਸਾਂ ਭੁੱਖ ਦੇ ਦੂਰ ਕਰਨ ਲਈ ਵਰਤਿਆ ਸੀ ਉਹ ਠੀਕ ਸੀ, ਉਸਦਾ ਤਰੀਕਾ ਬੀ ਠੀਕ ਸੀ ਫੇਰ ਏਹ ਦੁੱਖ ਕਿਉਂ ਹੋਏ?

ਢੇਸਾ— ਇਸ ਲਈ ਕਿ ਕਦੇ ਵੱਧ ਖਾਧਾ ਗਿਆ, ਕਦੇ ਦੁਸ਼ਪਚ ਪਦਾਰਥ ਖਾਧੇ ਗਏ, ਕਦੇ ਮਾੜਾ ਲਹੂ ਬਨਾਉਣ ਵਾਲੇ ਪਦਾਰਥ ਖਾਧੇ ਗਏ ਤੇ ਕਦੇ ਬਿਨਾਂ ਭੁੱਖੋਂ ਖਾ ਲਿਆ।

ਸਾਈਂਦਾਸ— ਸਿੱਟਾ ਕੀ ਨਿਕਲਿਆ? ਕਿ ਜਦੋਂ ਅਸਾਂ ਨਿਰਾ ਜੀਭ ਦੇ ਰਸ ਨੂੰ ਅੱਗੇ ਰੱਖ ਲਿਆ ਤੇ ਭੁੱਖ ਨਵਿਰਤੀ ਨੂੰ ਅੱਗੇ ਨਾ ਰੱਖਿਆ ਓਦੋਂ ਦੁਖ ਹੋਇਆ।

ਢੇਸਾ— ਮੈਂ ਨਹੀਂ ਸਮਝਿਆ।

ਸਾਈਂਦਾਸ— ਭੁੱਖ ਜਿਸਨੂੰ ਇਕ ਦੁੱਖ ਜਾਣਕੇ ਦੂਰ ਕਰਨ ਲਈ ਤੁਸਾਂ ਵਾਹ ਲਾਈ ਸੀ ਉਸਦੀ ਤਸੱਲੀ ਦਾ ਖਿਆਲ ਭੁਲਾਕੇ ਖਾਣਾ ਨਿਰਾ ਜੀਭ ਦੇ ਸੁਆਦ ਲੈਣ ਦਾ (ਇਕ ਵਧੀਕ ਰਸ ਮਾਣਨ ਦਾ) ਵਸੀਲਾ ਸਮਝਿਆ, ਤਦ ਸੁਆਦ ਦੇ ਮਾਰੇ ਵੱਧ ਬੀ ਖਾਧਾ ਗਿਆ, ਕਰੜੇ ਪਦਾਰਥ ਬੀ ਸੁਆਦੀ ਹੋਣ ਕਰਕੇ ਖਾਧੇ ਗਏ, ਜੀਭ ਦੇ ਰਸ ਪਿੱਛੇ ਹੀ ਬੇਭੁੱਖੋਂ ਬੀ ਖਾਧਾ ਗਿਆ। ਹਾਂ, ਤਦੋਂ ਸੁਖ ਦਾ ਸਾਧਨ ਕਰਦੇ ਹੋਏ ਬੀ ਤੁਸੀਂ ਦੁਖੀ ਹੋ ਗਏ।

ਢੇਸਾ— ਠੀਕ ਹੈ। ਪਰ ਕੀਹ ਫਿਰ ਜੀਭ ਵਿੱਚ ਜੋ ਰਸ ਪਰਖਣ ਤੇ ਮਾਣਨ ਦੀ ਸ਼ਕਤੀ ਹੈ ਉਸਦਾ ਦੋਸ਼ ਹੈ ਕਿ ਅਸੀਂ ਠੀਕ ਸਾਧਨ ਕਰਦੇ ਹੋਏ ਬੀ ਦੁਖੀ ਹੋਏ?

ਸਾਈਂਦਾਸ— ਮੇਰੀ ਜਾਚੇ ਇਹ ਨਹੀਂ ਹੈ। ਜੀਭ ਵਿਚ ਸ੍ਵਾਦ ਪਰਖਣ ਦੀ ਸ਼ਕਤੀ ਹੈ ਕਿ ਅਸੀਂ ਜੋ ਕੁਛ ਖਾ ਰਹੇ ਹਾਂ ਉਸਦੀ ਪਰਖ ਹੋ ਜਾਏ ਕਿ ਕਿਸ

ਤਰ੍ਹਾਂ ਦਾ ਹੈ। ਨਾਲੇ ਸੁਆਦ ਨਾਲ ਖਾਂਦਿਆਂ ਦਿਲ ਖੁਸ਼ ਹੁੰਦਾ ਹੈ ਤੇ ਖਿੜਦਾ ਹੈ। ਤੀਜੇ ਸੁਆਦ ਦਾ ਇਹ ਪ੍ਰਯੋਜਨ ਬੀ ਹੈ ਕਿ ਇਹ ਜੋ ਕੁਛ ਅੰਦਰ ਭੇਜਣਾ ਹੈ ਸੋ ਮੂੰਹ ਛੇਤੀ ਨਾਲ ਅੰਦਰ ਸੁੱਟਣ ਦੀ ਨਾ ਕਰੇ, ਪਰ ਰਸ ਦੇ ਕਾਰਣ ਉਸਨੂੰ ਵਧੀਕ ਚਿੱਥੇ ਤੇ ਮੁਲਾਇਮ ਕਰਕੇ ਓਝਰੀ ਵਿਚ ਘੱਲੇ, ਤਾਂ ਜੋ ਓਝਰੀ ਦਾ ਕੰਮ ਦੰਦਾਂ ਦੀ ਪੀਹ ਵਿੱਚ ਸੌਖਾ ਹੋ ਜਾਏ। ਜੇ ਮੂੰਹ ਵਿੱਚ ਰਸ ਦੀ ਪਰਖ ਤੇ ਮਾਣਨ-ਸ਼ਕਤੀ ਨਾ ਹੁੰਦੀ ਤਦ (ਇਹ ਕੰਮ ਜੋ ਹਾਜ਼ਮੇ ਦਾ ਪਹਿਲਾ ਕੰਮ ਕਹੀਦਾ ਹੈ) ਮੂੰਹ ਚੰਗੀ ਤਰ੍ਹਾਂ ਨਾ ਕਰਦਾ ਅਰ ਸਰੀਰ ਪੁਸ਼ਟ ਨਾ ਰਹਿੰਦਾ। ਮੂੰਹ ਦਾ ਇਹ ਰਸ, ਜੋ ਭੋਜਨ ਦੇ ਪਚਾਉਣ ਲਈ ਅਤਿ ਲੋੜੀਂਦਾ ਹੈ, ਭੋਜਨ ਨਾਲ ਮੂੰਹ ਵਿਚੋਂ ਰਲਦਾ ਹੈ, ਉਹ ਵਧੀਕ ਚਿੱਥੇ ਬਿਨਾਂ ਰਲਦਾ ਨਹੀਂ ਤੇ ਵਧੀਕ ਚਿੱਥਣਾ ਰਸ ਬਿਨਾ ਨਹੀਂ ਹੋ ਸਕਦਾ।

ਢੇਸਾ— ਤਦ ਤਾਂ ਰਸ ਦਾ ਦੋਸ਼ ਬੀ ਨਾ ਹੋਇਆ, ਫੇਰ ਦੁੱਖ ਦਾ ਦੋਸ਼ੀ ਕੌਣ ਆਇਆ?

ਸਾਈਂ— ਕੀਹ ਕਿਤੇ ਹੋਰਥੇ ਦੁੱਖ ਦੀ ਜੜ੍ਹ ਨਹੀਂ ਹੈ?

ਢੇਸਾ— ਆਪ ਹੀ ਕਿਰਪਾ ਕਰੋ।

ਸਾਈਂਦਾਸ— ਭੁੱਖ ਨੂੰ ਦੁੱਖ ਸਮਝਣਾ ਹੀ ਭੁੱਲ ਨਹੀਂ ਸੀ? ਭੁੱਖ ਇਕ ਲੋੜ ਦੀ ਅਵਾਜ਼ ਹੈ ਜੋ ਦੱਸਦੀ ਹੈ ਕਿ ਸਰੀਰ ਦੀ ਪਾਲਣਾ ਕਰਨ ਵਾਲਾ ਸਾਮਾਨ ਮੁੱਕ ਚੁਕਾ ਹੈ, ਹੁਣ ਸਰੀਰ ਜੇ ਰਹੇਗਾ ਤਦ ਆਪ ਨੂੰ ਖਾਕੇ ਰਹੇਗਾ ਅਰ ਨਿਰਬਲ ਹੁੰਦਾ ਜਾਏਗਾ, ਇਸ ਦਾ ਉਪਰਾਲਾ ਕਰੋ। ਜੇ ਅਸਾਂ ਵਕਤ ਸਿਰ ਸਾਦਾ ਤੇ ਸੱਤਯਾ ਦੇਣ ਵਾਲਾ ਭੋਜਨ ਸਰੀਰ ਨੂੰ ਦੇ ਦਿੱਤਾ ਤਦ ਉਹ ਭੁੱਖ ਇਕ ਸੱਚੇ ਸੱਜਣ ਦੀ ਤਰ੍ਹਾਂ ਹੋਈ ਕਿ ਜਿਸਨੇ ਸਾਨੂੰ ਇਕ ਖ਼ਤਰੇ ਤੋਂ ਵਕਤ ਸਿਰ ਬਚਾ ਦਿੱਤਾ। ਪਰ ਜਦ ਅਸਾਂ ਉਸ ਸੱਜਣ ਦੀ ਅਵਾਜ਼ ਨਾ ਮੰਨੀ ਤਦ ਸਰੀਰ ਦੁਖੀ ਹੋ ਗਿਆ ਅਰ ਅਸਾਂ ਭੁੱਖ ਨੂੰ ਇਕ ਦੁੱਖ ਕਹਿ ਦਿੱਤਾ। ਦੁੱਖ ਅੰਨ ਦਾ ਨਾ ਮਿਲਨਾ ਹੈ, ਭੁੱਖ ਇਕ ਲੋੜ ਦੀ ਅਵਾਜ਼ ਹੈ। ਜਦੋਂ ਕਹੀਦਾ ਹੈ ਕਿ ਭੁੱਖ ਇਕ ਦੁੱਖ ਹੈ ਤਾਂ ਉਸਦਾ ਅਰਥ ਹੁੰਦਾ ਹੈ ਕਿ ਜੇ ਭੁੱਖ ਵੇਲੇ ਅੰਨ ਨਾ ਮਿਲੇ ਤਾਂ ਦੁਖੀ ਹੋਈਦਾ ਹੈ। ਫਿਰ ਇਸ ਭੁੱਖ ਵਾਲੀ ਅਵਾਜ਼ ਦਾ ਮਤਲਬ ਇਹ ਸੀ ਕਿ ਸਿੱਧਾ ਸਾਦਾ ਸੌਖਾ ਪਚਣ ਵਾਲਾ ਤੇ ਤਾਕਤ ਦੇਣ ਵਾਲਾ ਸਾਮਾਨ ਅੰਦਰ ਭੇਜੋ ਅਰ ਉਹ ਮੂੰਹ ਵਿੱਚ ਤਿਆਰ ਕਰਕੇ ਭੇਜੋ। ਕਿਉਂਕਿ ਮੂੰਹ ਵਿੱਚ ਬੈਠੇ 'ਰਸ' ਹੁਰੀਂ ਭੋਜਨ ਨੂੰ ਤਿਆਰ ਕੀਤੇ ਬਿਨਾ ਲੰਘਣ ਨਹੀਂ ਦੇਂਦੇ। ਅਸਾਂ ਉਸ ਰਸ ਨੂੰ ਪੇਟ ਦੀ ਸੇਵਾ ਕਰਨ ਵਾਲਾ ਸੱਜਣ ਨਾ ਸਮਝਕੇ ਇਕ ਰਾਕਸ਼ ਜਾਣਕੇ ਜੋ ਕੁਛ ਪਾਇਆ ਉਸੇ ਦੀ ਮੌਜ ਵਾਸਤੇ ਪਾਇਆ ਤੇ ਉਸਦੇ ਭੁਲੇਵੇਂ ਛੇਤੀ ਛੇਤੀ ਖਾਧਾ। ਇਨ੍ਹਾਂ ਦੁਹਾਂ ਭੁੱਲਾਂ ਦੇ ਕਾਰਨ ਸੁਖ ਲਈ ਹੀਲੇ ਕਰਦੇ ਹੋਏ ਬੀ ਅਸਾਂ ਪੇਟ ਪੀੜਾ ਆਦਿਕ ਹੋਰ ਦੁਖ ਖੜੇ ਕਰ ਲਏ, ਸੁਖੀ ਨਾ ਹੋਏ ਤੇ ਹੋਰ ਹੋਰ ਸੁਖਾਂ ਦੀ ਭਾਲ ਵਿੱਚ ਹੋਰ ਹੋਰ ਜਤਨ ਕਰਦੇ ਰਹੇ।

ਢੇਸਾ— ਠੀਕ ਹੈ।

ਸਾਈਂਦਾਸ— ਕੀਹ ਹੋਰ ਸਾਰੇ ਦੁੱਖ ਕੁਛ ਏਸੇ ਤਰ੍ਹਾਂ ਦੇ ਨਹੀਂ ਹਨ?

ਢੇਸਾ— ਆਪ ਹੀ ਪੜਤਾਲ ਕਰੋ।

ਸਾਈਂਦਾਸ— ਲਓ, ਗੁੱਸੇ ਨੂੰ ਲਓ। ਜਦ ਕਿਸੇ ਨੇ ਸਾਨੂੰ ਦੁਖਾਇਆ ਤੇ ਅਸਾਂ ਬਦਲੇ ਲੈਣ ਵਿਚ ਸੁਖ ਜਾਣਕੇ ਆਪਣੇ ਅੰਦਰ ਗੁੱਸਾ ਖੜਾ ਕਰਕੇ ਉਸ ਨੂੰ ਦੁੱਖ ਦਿਤਾ, ਤਦ ਸਾਡੇ ਅੰਦਰ ਕੀਹ ਵਰਤਿਆ ਕਿ ਗੁੱਸੇ ਦੇ ਮਗਰੋਂ ਸਾਡਾ ਸਿਰ ਭਾਰਾ ਹੋ ਗਿਆ, ਹੱਥਾਂ ਪੈਰਾਂ ਵਿੱਚ ਕੇਰ ਆ ਗਈ ਤੇ ਮਨ ਉਦਾਸ ਹੋ ਗਿਆ। ਜਿਸ ਵੇਲੇ ਗੁੱਸਾ ਚੜ੍ਹ ਰਿਹਾ ਸੀ, ਉਸ ਵੇਲੇ ਲਹੂ ਸਿਰ ਵਿਚ ਚੜ੍ਹ ਰਿਹਾਸੀ, ਦਿਮਾਗ਼ ਦਾ ਕੰਮ ਅਤਿ ਤਿੱਖਾ ਹੋ ਰਿਹਾ ਸੀ ਤੇ ਅਕਲ ਦੇ ਉਦਾਲੇ ਹਨੇਰਾ ਛਾ ਰਿਹਾ ਸੀ। ਉਸ ਹਨੇਰੇ ਦੇ ਕਾਰਨ ਜੋ ਕੁਛ ਅਸੀਂ ਬੋਲਦੇ ਤੇ ਕਰਦੇ ਸਾਂ ਸੋ ਦੁਖਾਵਾਂ ਤੇ ਅਕਸਰ ਗ਼ਲਤ ਹੁੰਦਾ ਸੀ। ਉਸ ਵੇਲੇ ਦੇ ਕੀਤੇ ਤੇ ਕਹੇ ਦੇ ਅਨੇਕਾਂ ਕਲੇਸ਼ ਪਿੱਛੋਂ ਨਿਕਲੇ।

ਢੇਸਾ— ਪਰ ਭੁੱਲ ਨਾ ਫੜੀ ਗਈ ਕਿ ਕਿੱਥੇ ਵਸਦੀ ਸੀ?

ਸਾਈਂਦਾਸ— ਭੁੱਲ ਏਥੇ ਵਸਦੀ ਸੀ ਕਿ ਗੁੱਸਾ ਜਿਸ ਨੂੰ ਅਸਾਂ ਖੜਾ ਕੀਤਾ ਹੈ, ਉਹ ਸਾਡੇ ਅੰਦਰ ਇਕ ਬਹਾਦੁਰੀ ਦੀ ਤਾਕਤ ਹੈ ਜੋ ਹੌਸਲੇ ਤੇ ਧੀਰਜ ਦੇ ਰੂਪ ਵਿਚ ਅੰਦਰ ਵਸਦੀ ਹੈ। ਜਦ ਸਾਡੀ ਮਰਜ਼ੀ ਦੇ ਉਲਟ ਸਾਮਾਨ ਬੇਵਸੇ ਆ ਜੁੜਦੇ ਤੇ ਸਾਨੂੰ ਦੁਖੀ ਕਰਨ ਲਗਦੇ ਹਨ ਤਦੋਂ ਉਹ ਤਾਕਤ ਅੰਦਰੋਂ

(ਹੌਸਲਾ ਤੇ ਧੀਰਜ) ਉਸ ਦੁੱਖ ਦਾ ਅਸਰ ਨਹੀਂ ਹੋਣ ਦੇਂਦੀ ਤੇ ਉਹ ਢਾਲ ਦਾ ਕੰਮ ਦੇਂਦੀ ਹੈ। ਯਾ ਇਉਂ ਬੀ ਬਾਜ਼ੇ ਵੇਲੇ ਹੁੰਦਾ ਹੈ ਕਿ ਮਿਥ ਲਓ ਇਕ ਸ਼ੇਰ ਨੇ ਸਾਡੇ ਤੇ ਹੱਲਾ ਬੋਲਿਆ ਹੈ ਤਾਂ ਗੁੱਸਾ ਸਾਡੀ ਜਾਨ ਬਚਾਉਣ ਲਈ ਵਾਧੂ ਬਲ ਸੁਰਜੀਤ ਕਰਕੇ ਉਸਨੂੰ ਜਿੱਤ ਲਊ ਤੇ ਜਾਨ ਬਚ ਜਾਊ। ਬਾਜ਼ੇ ਵੇਲੇ ਸਾਡੀ ਹਉਂ ਨੂੰ ਜਦ ਅਗੋਂ ਰੋਕ ਪਵੇ ਤਾਂ ਰੋਕ ਤੋੜਨ ਲਈ ਗੁੱਸਾ ਚੜ੍ਹਦਾ ਹੈ, ਸੋ ਗੁੱਸੇ ਚੜ੍ਹੇ ਵਿਚ ਅਸੀਂ ਗੁੱਸੇ ਨੂੰ ਨਿਰੀ ਤਲਵਾਰ ਬਣਾਕੇ ਅਗਲੇ ਨੂੰ ਫੱਟਦੇ ਹਾਂ। ਜੇ ਸਾਡੇ ਅੰਦਰ ਹੌਸਲਾ ਤੇ ਧੀਰਜ ਕਾਇਮ ਰਹਿੰਦਾ ਤਾਂ ਅਸੀਂ ਹੋਰ ਤਰ੍ਹਾਂ ਉਸ ਰੋਕ ਨੂੰ ਨਜਿਠਦੇ ਤੇ ਆਪਾ ਕ੍ਰੋਧ-ਅਗਨੀ ਵਿਚ ਪਾਕੇ ਅਗਲੇ ਨੂੰ ਸਾੜਨ ਦੀ ਨਾ ਕਰਦੇ।

ਢੇਸਾ— ਤਦ ਕੀਹ ਮਨੁੱਖ ਕਬੂਤਰ ਦੀ ਤਰ੍ਹਾਂ ਬਿੱਲੀਆਂ ਦਾ ਖਾਜਾ ਬਣੇ ਤੇ ਬੀਰ ਨਾ ਬਣੇ?

ਸਾਈਂਦਾਸ— ਖਾਜਾ ਕਿਉਂ ਬਣੇ? ਬੀਰਤਾ ਦਾ ਬੀ ਯੋਗ ਵਰਤਾਉ ਕਰੇ। ਵਿਦਵਾਨ ਆਖਦੇ ਹਨ ਕਿ ਬੀਰ ਰਸ "ਉਤਸਾਹ" ਤੋਂ ਪੈਦਾ ਹੁੰਦਾ ਹੈ, "ਕ੍ਰੋਧ" ਤੋਂ ਬੀਰਰਸ ਨਹੀਂ, ਸਗੋਂ ਰੌਦ੍ਰ ਰਸ ਪੈਦਾ ਹੁੰਦਾ ਹੈ। ਸੋ ਮੇਰੀ ਜਾਚੇ ਕ੍ਰੋਧ ਦੇ ਹੱਥ ਜਦ ਮਨ ਦੇਈਦਾ ਹੈ ਅਰ ਸੁਖ ਸਮਝੀਦਾ ਹੈ ਤਦ ਮਨ ਤੇ ਮੱਤ ਦੇ ਟਿਕਾਣੇ ਨਾ ਰਹਿਣ ਕਰਕੇ ਫਲ ਦੁਖ ਨਿਕਲਦਾ ਹੈ। ਜਿਸਨੂੰ ਉਸ ਕਾਹਲੀ ਵਿੱਚ ਸੁਖ ਸਮਝੀਦਾ ਹੈ ਉਹ ਦੁਖ ਹੁੰਦਾ ਹੈ। ਏਥੇ ਸਾਡੀ ਸਮਝ, ਸਾਡੀ ਵਾਹ ਤੇ ਵਾਹ ਦਾ ਤਰੀਕਾ ਤ੍ਰੈ ਗ਼ਲਤ ਹੁੰਦੇ ਹਨ।

ਢੇਸਾ— ਪਰ ਅਸੀਂ ਕਰਦੇ ਕੀਹ?

ਸਾਈਂਦਾਸ— ਆਓ ਵੀਚਾਰ ਕਰੀਏ। ਜੇ ਅਸੀਂ ਅਪਣੇ ਧੀਰਜ ਤੇ ਹੌਸਲੇ ਨੂੰ ਆਪਣੇ ਰੂਪ ਵਿੱਚ ਰੱਖਦੇ, ਅੰਗੂਰਾਂ ਨੂੰ ਤ੍ਰਕਾਕੇ ਜਿਕੂੰ ਸ਼ਰਾਬ ਬਣਾਈਦੀ ਹੈ ਉੱਕਰ ਕ੍ਰੋਧ ਵਿੱਚ ਨਾ ਪਲਟਦੇ ਤਦ ਸਾਡੀ ਅਕਲ ਸਾਫ ਰਹਿੰਦੀ। ਸਾਫ ਅਕਲ ਨਾਲ ਵੀਚਾਰ ਕਰਦੇ ਕਿ ਜੋ ਸਲੂਕ ਸਾਡੇ ਨਾਲ ਹੋਇਆ ਹੈ ਕਿਤੇ ਉਸਦਾ ਕਾਰਨ ਸਾਡੇ ਵਿਚ ਤਾਂ ਨਹੀਂ ਹੈ? ਜੇ ਸਾਡੇ ਵਿਚ ਨਿਕਲਦਾ ਤਦ ਕ੍ਰੋਧ ਵਿਚ ਭੜਕ ਉੱਠਣ ਦੀ ਥਾਂ ਹੀ ਕੋਈ ਨਹੀਂ ਸੀ। ਜੇ ਕਾਰਣ ਅਸੀਂ ਨਾ ਹੁੰਦੇ ਤਦ ਅਸੀਂ ਖਿਮਾਂ ਨੂੰ ਵਰਤਦੇ ਅਰ ਉਸਨੂੰ ਪ੍ਰੇਮ ਨਾਲ ਸਮਝਾਉਂਦੇ, ਕਿਉਂਕਿ ਉਹ ਬੀ ਸਾਡੇ ਵਾਂਗੂੰ ਸੁਖ ਦੇ ਭੁਲੇਖੇ ਵਿਚ ਗ਼ਲਤੀ ਕਰ ਰਿਹਾ ਸੀ। ਜੇ ਉਹ ਨਾ ਸਮਝਦਾ ਤਦ ਅਸੀਂ ਉਪੇਖਜਾ* ਧਾਰਦੇ, ਅਰਥਾਤ ਓਪਰੇ ਜਿਹੇ ਹੋ ਜਾਂਦੇ ਅਰ ਵਾਹਿਗੁਰੂ ਅੱਗੇ ਪ੍ਰਾਰਥਨਾ ਕਰਦੇ ਕਿ ਉਸਨੂੰ ਸੁਮੱਤ ਦੇਵੇ। ਫੇਰ ਜਦ ਉਸ ਨਾਲ ਨੇਕੀ ਕਰਨ ਦਾ ਮੌਕਾ ਮਿਲਦਾ ਤਾਂ ਨੇਕੀ ਕਰਦੇ। ਇਹ ਤਰੀਕਾ ਸਾਨੂੰ ਗੁੱਸੇ ਵਿਚ ਭੜਕਨੋਂ, ਅਪਣਾ ਨਾਸ਼ ਕਰਨੋਂ ਅਰ ਹੋਰ ਭੁੱਲਾਂ ਕਰਕੇ ਹੋਰ ਦੁਖ ਪਾਉਣੋਂ ਤੇ ਦੁਖ ਦੇਣੋ ਬਚਾ ਦੇਂਦਾ ਕਿ ਨਾ?

ਢੇਸਾ— ਪਰ ਜੇ ਉਹ ਸਾਡੇ ਤੇ ਵਾਰ ਕਰਦਾ ਤਦ?

ਸਾਈਂਦਾਸ— ਜੇ ਕੋਈ ਪੇਸ਼ ਨਾ ਜਾਂਦੀ ਤਦ ਅਸੀਂ ਉਤਸ਼ਾਹ ਵਿਚ ਆਕੇ ਆਪੇ ਨੂੰ ਰੱਖਣ ਲਈ ਆਪਣੀ ਰੱਖਿਆ ਕਰਦੇ। ਜੇ ਦਇਆ ਤੇ ਦਾਨ ਦੀ ਬੀਰਤਾ ਕਾਰਗਰ ਨਾ ਹੁੰਦੀ ਤੇ ਯੁੱਧ ਆ ਹੀ ਗਲੇ ਪੈਂਦਾ ਤਾਂ ਬੀਰਤਾ ਹੁੰਦੀ ਉਤਸ਼ਾਹ ਵਾਲੀ। ਜੁੱਧ ਵਿਚ ਕਈ ਵੇਰ ਗੁੱਸਾ ਸੰਚਾਰੀ ਹੋਕੇ ਆ ਜਾਂਦਾ ਹੈ, ਉਸ ਵੇਲੇ ਉਹ ਬੀਰਤਾ ਨੂੰ ਵਧਾ ਜਾਂਦਾ ਹੈ। ਇਸੇ ਤਰ੍ਹਾਂ ਪਾਪਾਂ ਤੋਂ ਨਿਜ ਨੂੰ ਰੋਕਣ ਵਾਸਤੇ ਕਦੇ ਆਪਣੇ ਤੇ ਕੀਤਾ ਗੁੱਸਾ ਆਪੇ ਨੂੰ ਪਾਪ ਕਰਨ ਤੋਂ ਰੋਕ ਜਾਂਦਾ ਹੈ।

ਢੇਸਾ— ਮਲੂਮ ਤਾਂ ਕੁਝ ਠੀਕ ਹੁੰਦਾ ਹੈ, ਪਰ ਵਡੇ ਦੁਖ 'ਗ੍ਰਿਹਸਤ ਜੰਜਾਲ' ਦਾ ਦਾਰੂ ਦੱਸੋ?

ਸਾਈਂਦਾਸ— ਜਦੋਂ ਚਿਤ ਵਿੱਚ ਇਸਤ੍ਰੀ ਦੀ ਖਿੱਚ ਪਈ ਸੀ ਉਹ ਤੁਹਾਨੂੰ ਕੇਵਲ ਇਹ ਦੱਸਣ ਵਾਸਤੇ ਸੀ ਕਿ ਤੁਹਾਡਾ ਬਾਲਪਨ ਬਿਤੀਤ ਹੋਣ ਲੱਗਾ ਹੈ ਅਰ ਮਨੁੱਖ ਬਣਨ ਲਗੇ ਹੋ। ਓਹ ਅਵਾਜ਼ ਮਨੁੱਖ ਨੂੰ ਪਸ਼ੂ ਬਨਾਉਣ ਵਾਸਤੇ ਨਹੀਂ ਸੀ। ਉਹ ਇਹ ਦੱਸਣ ਵਾਸਤੇ ਸੀ ਕਿ ਤੁਹਾਡੇ ਵਿਚ ਪਿਆਰ ਤੇ ਮਨੁੱਖੀ ਸੂਰਬੀਰਤਾ ਆਈ ਹੈ। ਹੁਣ ਦੁਨੀਆਂ ਸਾਰੀ ਦਾ ਰੰਗ ਤੁਹਾਡੀਆਂ ਅੱਖਾਂ ਵਿਚ ਪਲਟ ਜਾਏਗਾ। ਇਕ ਸੁੰਦਰਤਾ ਅੰਦਰ ਤੇ ਬਾਹਰ ਫਿਰ ਜਾਏਗੀ। ਕੋਈ ਕੋਮਲਤਾ, ਕੋਈ ਤਾਕਤ, ਕੋਈ ਪਿਆਰ ਤੁਹਾਡੇ ਵਿਚ ਵਧੇਗਾ, ਜਿਸ ਨਾਲ ਤੁਸਾਂ ਪਰਮ ਸੁਖੀ ਤੇ ਇਕ ਪ੍ਰਕਾਰ ਦੇ ਖੇੜੇ ਵਿਚ ਰਹਿਣਾ ਹੈ। ਹਾਂ, ਜੇਕਰ ਤੁਸੀਂ ਉਸ ਵੇਲੇ ਵਿਚਾਰ ਕਰਦੇ ਕਿ ਮੈਂ ਮਨੁੱਖ ਦੀ ਤਰ੍ਹਾਂ ਅਕਲ ਨਾਲ ਰਹਿਣਾ ਹੈ ਤੇ ਆਪਣੇ ਜਨਮ ਦਾ ਪ੍ਰਯੋਜਨ ਭਾਲਣਾ ਹੈ ਤੇ ਆਪਾ ਵਾਰਨਾ ਹੈ ਤਦ ਤੁਸੀਂ

* ਉਪੇਖਜਾ=ਓਪਰੇ ਹੋ ਜਾਣਾ, ਉਪ੍ਰਾਮਤਾ। ਓਪਰਾਪਨ।

ਉਸ ਉੱਚੇ ਚੜ੍ਹਾਉ ਵਿਚ ਵਿਆਹ ਨਾ ਕਰਦੇ ਤਾਂ ਤੁਸਾਡੀ ਖੁਸ਼ੀ ਸੀ, ਪਰ ਜੇ ਇਹ ਸੋਚ ਸੋਚਦੇ ਕਿ ਪਰਮ ਪਰਮਾਰਥ ਵਿਚ ਲੱਗਕੇ ਮੈਂ ਕਿਸੇ ਵੇਲੇ ਇਸ ਨਵੀਂ ਪੈਦਾ ਹੋਈ ਖਿੱਚ ਦੇ ਕਾਰਣ ਭੁੱਲ ਨਾ ਜਾਵਾਂ ਤੇ ਮ੍ਰਿਯਾਦਾ ਅਨੁਸਾਰ ਵਿਆਹ ਕਰ ਲੈਂਦੇ ਤਦ ਚੰਗੀ ਗਲ ਸੀ। ਵਿਆਹ ਕਰਕੇ ਤੁਸੀਂ ਦੋਵੇਂ ਰਲਕੇ ਉਹ ਕੁਝ ਕਰਦੇ ਕਿ ਜਿਸ ਕਰਕੇ ਸੁਖ ਨਿਕਲਦਾ। ਤੁਸੀਂ ਆਪਸ ਵਿਚ ਇਕ ਦੂਏ ਦੇ ਸਹਾਈ ਹੁੰਦੇ, ਪਰਸਪਰ ਪਿਆਰ ਤੁਹਾਨੂੰ ਦੁਹਾਂ ਨੂੰ ਚਾਉ ਤੇ ਖੁਸ਼ੀ ਵਿਚ ਰੱਖਦਾ।

ਢੇਸਾ— ਪਰ ਅਸਾਂ ਦੁਖ ਦਾ ਕੋਈ ਕੰਮ ਨਹੀਂ ਕੀਤਾ।

ਸਾਈਂਦਾਸ— ਫੇਰ ਦੁਖੀ ਬੀ ਹੋ?

ਢੇਸਾ— ਹਾਂ।

ਸਾਈਂਦਾਸ— ਤਦ ਫੇਰ, ਉਸੇ ਤਰ੍ਹਾਂ ਕਿਤੇ ਭੁੱਲ ਹੋਈ ਹੈ।

ਢੇਸਾ— ਉਸਦੀ ਬੀ ਟੋਲ ਕਰ ਦਿਓ।

ਸਾਈਂਦਾਸ— ਵਹੁਟੀ ਨੂੰ ਤੁਸੀਂ ਆਪਣੇ ਮਨ ਦਾ ਪਰਮ ਮਿੱਤ੍ਰ ਜਾਣਦੇ ਹੋ, ਸੁਰਤ ਦਾ ਆਸਰਾ ਜਾਣਦੇ ਹੋ, ਯਾ ਸ੍ਵਾਦੀਕ ਭੋਜਨ ਦੀ ਤਰ੍ਹਾਂ ਇਕ ਰਸਦਾਇਕ ਵਸਤੂ ?

ਢੇਸਾ— ਦੋਵੇਂ ਗੱਲਾਂ।

ਸਾਈਂਦਾਸ— ਮਿੱਤ੍ਰ ਬੀ ਤੇ ਰਸਦਾਇਕ ਵਸਤੂ ਬੀ ? ਹੱਛਾ, ਕੀਹ ਮਿੱਤ੍ਰ ਰਸਦਾਤੇ ਨਹੀਂ ਹੁੰਦੇ ?

ਢੇਸਾ— ਹੁੰਦੇ ਹਨ।

ਸਾਈਂਦਾਸ— ਇਹ ਰਸ ਜੋ ਤੁਸੀਂ ਵਹੁਟੀ ਵਿੱਚ ਸਮਝਦੇ ਹੋ, ਮਿੱਤ੍ਰਤਾ ਦਾ ਰਸ ਹੈ?

ਢੇਸਾ— ਸੱਚੀ ਗੱਲ ਹੈ, ਕਿ ਇਹ ਹੋਰ ਤਰ੍ਹਾਂ ਦਾ ਹੈ।

ਸਾਈਂਦਾਸ— ਤਦ ਤੁਸੀਂ ਵਹੁਟੀ ਨੂੰ ਮਿੱਤ੍ਰ ਸਮਝਕੇ ਮਿੱਤ੍ਰਤਾ ਦਾ ਰਸ ਤੇ ਆਸਰਾ ਦੇਣੇ ਵਾਲੀ ਨਹੀਂ ਸਮਝਦੇ, ਪਰ ਰਸ ਦੀ ਗੌਂ ਕਰਕੇ ਮਿੱਤ੍ਰ ਸਮਝਦੇ ਹੋ।

ਢੇਸਾ (ਝਿਜਕਕੇ)— ਹੈ ਤਾਂ ਕੁਛ ਏਸੇ ਤਰ੍ਹਾਂ।

ਸਾਈਂਦਾਸ— ਜੋ ਰਸ ਗੌਂ ਦੇ ਕਾਰਣ ਆਉਂਦਾ ਹੈ, ਉਹ ਗੌਂ ਦੇ ਕਿਸੇ ਤਰ੍ਹਾਂ ਘਟਿਆਂ, ਹਟਿਆਂ ਦੂਰ ਬੀ ਹੋ ਸਕਦਾ ਹੈ।

ਢੇਸਾ— ਠੀਕ ਹੈ।

ਸਾਈਂਦਾਸ— ਜਦ ਰਸ ਦੂਰ ਹੋਇਆ ਤਦ ਜੋ ਮਿੱਤ੍ਰਤਾ ਉਸ ਰਸ ਦੇ ਕਾਰਨ ਸੀ ਉਹ ਨਹੀਂ ਰਹੇਗੀ।

ਢੇਸਾ— ਠੀਕ ਹੈ।

ਸਾਈਂਦਾਸ— ਤਦ ਤੁਸੀਂ ਵਹੁਟੀ ਨੂੰ ਮਿੱਤ੍ਰ ਨਹੀਂ ਜਾਣਦੇ, ਇਹ ਗੱਲ ਸਾਫ ਹੋ ਗਈ।

ਢੇਸਾ— ਮਲੂਮ ਤਾਂ ਐਸਾ ਹੀ ਹੁੰਦਾ ਹੈ।

ਸਾਈਂਦਾਸ— ਤਦ ਕਿਆ ਤੁਸੀਂ ਉਹੋ ਹੀ ਭੁੱਲ ਏਥੇ ਨਹੀਂ ਕਰਦੇ ਹੋਵੋਗੇ ਜੋ ਖਾਣ ਵਿਚ ਕਰਦੇ ਸਾਓ?

ਢੇਸਾ— ਕਿਹੜੀ।

ਸਾਈਂਦਾਸ— ਭੋਜਨ ਨੂੰ ਸਰੀਰ ਦੀ ਪਾਲਣਾ ਵਾਸਤੇ ਸਰੀਰ ਦੇ ਵਿਤ ਤੇ ਪਚਾਉਣ ਦੇ ਬਲ ਅਨੁਸਾਰ ਸਾਦਾ ਤੇ ਸੁਥਰਾ ਦੇਣੇ ਦੀ ਥਾਂ ਕੇਵਲ ਜੀਭ ਦੇ ਰਸ ਨੂੰ ਸਾਹਮਣੇ ਰੱਖਕੇ ਦੁਸ਼ਪਚ ਤੇ ਨਿਕੰਮਾ ਬੀ ਦੇ ਦੇਂਦੇ ਸੀ।

ਢੇਸਾ— ਠੀਕ ਹੈ।

ਸਾਈਂਦਾਸ— ਇਸੇ ਤਰ੍ਹਾਂ ਰਸਦਾਇਕ ਸਮਝਕੇ, ਕੇਵਲ ਰਸ ਦੀ ਖ਼ਾਤਰ ਤੁਸੀਂ ਵਹੁਟੀ ਨਾਲ ਉਸ ਪਰਮ ਉੱਤਮ ਵਰਤਾਉ ਤੋਂ ਜ਼ਰੂਰ ਵਾਂਜੇ ਜਾਂਦੇ ਹੋਵੋਗੇ, ਜਿਸ ਤਰ੍ਹਾਂ ਦੇ ਵਰਤਾਉ ਤੋਂ ਤੁਸੀਂ ਭੋਜਨ ਨਾਲੋਂ ਵਾਂਜੇ ਜਾਂਦੇ ਸੀ।

ਢੇਸਾ— ਮੈਂ ਨਹੀਂ ਸਮਝਿਆ।

ਸਾਈਂਦਾਸ— ਤੁਸੀਂ ਜਿਸ ਖਿੱਚ ਦੇ ਕਾਰਣ ਵਿਆਹ ਕੀਤਾ ਉਹ ਦੁੱਖ ਰੂਪ ਨਹੀਂ ਸੀ, ਕੁਦਰਤ ਦਾ ਕੋਈ ਉਸ ਵਿੱਚ ਪ੍ਰਯੋਜਨ ਸੀ, ਤੁਸਾਡੇ ਅੰਦਰ ਉਹ ਖਿੱਚ ਕੋਈ ਸੁਖ ਦਾ ਕਾਰਣ ਸੀ ਪਰ ਤੁਸੀਂ ਉਸ ਨੂੰ ਨਾ ਸਮਝ ਕੇ ਕੇਵਲ ਰਸ ਦੇ ਕਾਰਣ (ਜੋ ਰਸ ਬੀ ਕਿਸੇ ਕਾਰਣ ਕਰਕੇ ਸੀ) ਅਯੋਗ ਵਰਤਾਉ ਵਿੱਚ ਰਚੋਗੇ।

ਢੇਸਾ— ਵਿਆਹ ਕਰਨਾ ਤਾਂ ਧਰਮ ਵਿਹਤ ਹੈ।

ਸਾਈਂਦਾਸ— ਠੀਕ ਹੈ। ਲੰਪਟ ਹੋਣਾ ਧਰਮ ਵਿਹਤ ਨਹੀਂ। ਪਰ ਏਥੇ ਅਸੀਂ ਅਜੇ ਧਰਮ ਅਧਰਮ ਦੀ ਵੀਚਾਰ ਨਹੀਂ ਕਰ ਰਹੇ। ਵੀਚਾਰ ਇਹ ਹੈ ਕਿ ਜਦ ਬੇ-ਵਿਚਾਰੇ ਨਿਰੇ ਸੁਆਦਾਂ ਮਗਰ ਭੱਜੋਗੇ ਤਾਂ ਤੁਸੀਂ ਸੁਖ ਦਾ ਸਾਧਨ ਕਰਦੇ ਹੋਏ ਬੀ ਦੁਖੀ ਹੋ ਜਾਓਗੇ। ਵਿਆਹ ਇਸ ਲਈ ਸੀ ਕਿ ਮਨੁੱਖ ਤੇ ਇਸਤ੍ਰੀ ਮਿਲਕੇ ਇਕ ਦੂਜੇ ਦਾ ਸਹਾਰਾ ਬਣ ਜਾਣ।



www.sikhbookclub.com

ਇਸਤ੍ਰੀ ਪੁਰਖ ਦੀ ਤੇ ਪੁਰਖ ਇਸਤ੍ਰੀ ਦਾ ਪਰਮ ਮਿੱਤ੍ਰ ਹੋਵੇ। ਜਿਨ੍ਹਾਂ ਦਾ ਜੀਵਨ ਆਪੋ ਵਿਚ ਹਉਂ ਛੱਡਕੇ ਪਰਸਪਰ ਪਿਆਰ ਕਰਨ ਦਾ ਹੋਵੇ, ਜਿਸ ਨਾਲ ਦੁਇ ਕਿਸੇ ਖੁਸ਼ੀ ਤੇ ਸੁਖ ਵਿਚ ਰਹਿਣ ਤੇ ਦੋਵੇਂ ਇਕ ਪਰਮ ਪ੍ਰਯੋਜਨ, ਜਿਸਦਾ ਜ਼ਿਕਰ ਅੱਗੇ ਕਰਾਂਗੇ, ਸਿੱਧ ਕਰਨ। ਜੇਕਰ ਸਰੀਰ ਦੀ ਕੁਦਰਤ ਬਲ ਪਾਵੇ ਤਦ ਉਨ੍ਹਾਂ ਦਾ ਪਿਆਰ ਵਾਲਾ ਸੰਜੋਗ ਹੋਕੇ ਉੱਤਮ ਸੰਤਾਨ ਉਤਪਤ ਹੋਵੇ, ਜਿਸ ਸੰਤਾਨ ਦੇ ਪਾਲਣ, ਪੋਸਣ ਤੇ ਦੁਖ ਸੁਖ ਝੱਲਨ ਤੋਂ ਦੁਹਾਂ ਦਾ ਮਨ ਦਇਆਵਾਨ, ਸਹਾਰੇ ਵਾਲਾ ਤੇ ਖਿਮਾਂ ਵਾਲਾ ਹੋ ਜਾਵੇ। ਐਸੇ ਗ੍ਰਿਹਸਤੀ ਵਿਆਹ ਕਰਕੇ ਬੀ ਦੁਖੀ ਬਹੁਤ ਘੱਟ ਹੁੰਦੇ ਹਨ। 'ਗ੍ਰਿਹਸਤ ਜਤੀ' ਪੁਰਖ ਅਕਸਰ ਅਰੋਗ ਰਹਿੰਦਾ ਹੈ, ਸਾਰੀ ਉਮਰ ਬੁਢੇਪੇ ਦੇ ਅੰਤ ਤਕ ਬਲੀ ਰਹਿੰਦਾ ਹੈ ਤੇ ਉਸਦੀ ਸੰਤਾਨ ਅਰੋਗ ਤੇ ਚੰਗੀ ਹੁੰਦੀ ਹੈ। ਹੁਣ ਤੁਸੀਂ ਦੱਸੋ ਕਿ ਜੇ ਵਿਆਹ ਕਰਕੇ ਤੁਸੀਂ ਨਿਰੇ ਸਰੀਰਕ ਰਸਾਂ ਵਿੱਚ ਹੀ ਲੱਗ ਜਾਓਗੇ ਅਰ ਫੇਰ ਰੋਗੀ ਹੋ ਜਾਓਗੇ* ਯਾ ਨਿਰਬਲ ਹੋਕੇ ਕੰਮ ਕਾਰ ਕਮਾਈ ਤੋਂ ਢਿੱਲੇ ਪੈ ਜਾਓਗੇ ਅਥਵਾ ਨਿਰਬਲ ਜਾਂ ਰੋਗੀ ਸੰਤਾਨ ਉਤਪਤ ਕਰਕੇ ਉਨ੍ਹਾਂ ਲਈ ਰੋਜ਼ ਹਕੀਮਾਂ ਤੇ ਵੈਦਾਂ ਦੇ ਘਰੀਂ ਤਲੀਆਂ ਘਸਾਓਗੇ ਤਦ ਦੋਸ਼ ਕੁਦਰਤੀ ਖਿੱਚ ਦਾ ਹੋਵੇਗਾ ਯਾ ਵਿਆਹ ਕਰਨ ਦਾ ਹੋਵੇਗਾ ਯਾ ਆਪਣੀ ਸਮਝ ਦਾ ਹੋਵੇਗਾ ?

ਢੇਸਾ— ਸਾਫ ਹੈ ਕਿ ਆਪਣੀ ਸਮਝ ਦਾ।

ਸਾਈਂਦਾਸ— ਤਦ ਤੁਸੀਂ, ਜੋ ਸਾਧਨ ਹੁਣ ਤੱਕ ਕੀਤੇ ਹਨ, ਉਨ੍ਹਾਂ ਦਾ ਦੋਸ਼ ਨਹੀਂ ਹੈ। ਨਾ ਨਿਰਾ ਉਨ੍ਹਾਂ ਦੇ ਵਰਤਾਉ ਦਾ, ਪਰ ਦੁਖ ਦੀ ਜੜ੍ਹ 'ਭੁੱਲ' ਹੈ, ਇਸ ਗੱਲ ਦੇ ਨਾ ਸਮਝਣ ਵਿੱਚ ਕਿ ਜਿਸ ਨੂੰ ਦੁੱਖ ਜਾਤਾ ਸੀ ਉਹ ਦੁਖ ਤੋਂ ਬਚਣ ਦੀ ਅਵਾਜ਼ ਯਾ ਕੋਈ ਸੁਖਦਾਈ ਮਿੱਤ੍ਰ ਸੀ ਯਾ ਉਸ ਸੁਖ ਦੇ ਕਾਇਮ ਰੱਖਣ ਵਿੱਚ ਕੋਈ ਕੁਦਰਤੀ ਸਹਾਇਤਾ ਸੀ, ਜਿਸ ਨੂੰ ਇਕ ਪ੍ਰਬਲ 'ਰਸ' ਸਮਝਕੇ ਉਸ ਵਿਚ ਖੱਚਿਤ ਹੋਕੇ ਤੁਸਾਂ ਸੁਖ ਨੂੰ ਦੁੱਖ ਬਣਾ ਲਿਆ ਸੀ।

ਢੇਸਾ— ਕਿਕੂੰ ?

ਸਾਈਂਦਾਸ— ਭੁੱਖ ਨੂੰ ਅਵਾਜ਼ ਨਾ ਜਾਤਾ, ਪਰ ਦੁੱਖ। ਮੂੰਹ ਦੇ ਰਸ ਨੂੰ ਹਾਜ਼ਮੇ ਦਾ ਸਹਾਇਕ ਨਾ ਜਾਤਾ, ਪਰ ਨਿਰਾ ਚਸਕੇ ਦਾ ਕਾਰਣ। ਕਿਸ ਅਨਾਦਰ ਨੂੰ ਆਪਣੇ ਹੌਸਲੇ ਤੇ ਧੀਰਜ ਦੀ ਪਰਖ ਨਾ ਜਾਤਾ ਪਰ ਗੁੱਸੇ ਵਿੱਚ ਭੜਕ ਉੱਠਣ ਦਾ ਮੌਕਿਆ। ਆਪਣੀ ਅੰਦਰਲੀ ਖਿਮਾਂ ਨੂੰ ਆਪਣੇ ਲਈ ਤੇ ਅਨਾਦਰ ਕਰਨ ਵਾਲੇ ਲਈ ਮੱਲ੍ਹਮ ਨਾ ਜਾਤਾ, ਪਰ ਸ਼ੱਤਰੂ। ਜੇ ਲੋੜ ਬੀਰ ਰਸ ਦੇ ਵਰਤਾਉ ਦੀ ਸੀ ਤਾਂ ਕ੍ਰੋਧ ਵਿਚ ਚੜ੍ਹਕੇ ਰੌਦ੍ਰ ਰਸ ਵਿਚ ਜਾਂ ਦੁਖ ਦਿੱਤੇ ਜਾਂ ਪਾਏ, ਪਿੱਛੋਂ ਦੁਖ ਨਿਕਲੇ ਤਾਂ ਘਬਰਾਏ। ਜਾਂ ਬੀਰਤਾ ਵੇਲੇ ਭੈ ਖਾ ਕੇ ਨਿਰਬਲਤਾ ਵਿਚ ਚਲੇ ਗਏ। ਇਸੇ ਤਰ੍ਹਾਂ ਇਸਤ੍ਰੀ ਨੂੰ ਸੰਸਾਰ ਯਾਤਰਾ ਦੀ ਪਰਮ ਮਿੱਤ੍ਰ, ਸੁਰਤ ਦੀ ਡਾਢ ਤੇ ਮਦਦਗਾਰ ਨਾ ਜਾਣਿਆ ਪਰ ਨਿਰੀ ਸਰੀਰਕ ਰਸ ਦਾਤਾ ਯਾ ਨਿਰਾ ਔਲਾਦ ਉਤਪਤੀ ਦਾ ਵਸੀਲਾ। ਇਸਤ੍ਰੀ ਨਾਲ ਰਲ ਕੇ ਅੰਦਰਲੇ ਅਕਲ ਦੇ ਚਾਨਣ ਰੌਸ਼ਨ ਨਾ ਕੀਤੇ, ਪਰ ਘਰ ਦੀਆਂ ਲੋੜਾਂ ਅਤੇ ਐਸ਼ ਦੇ ਸਾਮਾਨ ਵਧਾਏ। ਕਮਾਈ ਨਾਲੋਂ ਲੋੜਾਂ ਵਧਾਕੇ ਤੇ ਲੋੜਾਂ ਦੇ ਪੂਰਨ ਨਾ ਹੋਣ ਦੀ ਤਾਂਘ ਨੂੰ ਦੁੱਖ ਬਣਾਕੇ, ਭੋਗਾਂ ਦੇ ਹੱਥ ਵਿੱਕ ਕੇ ਭੋਗਦੇ ਹੋਏ ਆਪ ਭੋਗੇ ਗਏ* ਤੇ ਫੇਰ ਕਿਹਾ ਕਿ ਸੁੱਖਾਂ ਦੇ ਸਾਧਨ ਕਰਦਿਆਂ ਸੁਖ ਨਹੀਂ ਹੋਏ। ਕਿਉਂ ਭਾਈ ਸਾਹਿਬ ਏਸੇ ਤਰ੍ਹਾਂ ਹੈ ਕਿ ਹੋਰ ਤਰ੍ਹਾਂ ?

ਢੇਸਾ (ਹੇਠਾਂ ਤੱਕ ਕੇ)— ਏਸੇ ਤਰ੍ਹਾਂ ਹੈ।

ਸਾਈਂਦਾਸ— ਹੁਣ ਪਿੱਛੇ ਪਰਤਕੇ ਵੇਖੀਏ। ਮੈਂ ਕਿਹਾ ਸੀ ਕਿ ਤੁਸੀਂ 'ਹਓਂ', 'ਦੁਖੀ ਹਓਂ' ਅਰ ਸਾਧਨ ਕਰਦਿਆਂ ਬੀ ਸੁਖੀ ਨਹੀਂ ਹੋਏ, ਇਹੋ ਗੱਲ ਅਸਾਂ ਹੁਣ ਸਿੱਧ ਕਰ ਲਈ ਹੈ।

ਢੇਸਾ— ਬਹੁਤ ਸਾਫ ਸਿੱਧ ਹੋਈ ਹੈ ਕਿ ਸਾਰੇ ਦੋਸ਼ ਮੇਰੀ ਸਮਝ ਦੇ ਉਲਟੇ ਚੱਲਣ ਦੇ ਹਨ।

ਸਾਈਂਦਾਸ— ਹੁਣ ਅਸੀਂ ਕੀਹ ਪੜਤਾਲ ਕਰਨੀ ਹੈ ?

ਢੇਸਾ— ਕਿ ਮੈਂ ਸੁਖੀ ਕਿਕੂੰ ਹੋਵਾਂ ?

ਸਾਈਂਦਾਸ— ਕੁਛ ਏਸ ਗਲ ਦੀ ਬੀ ਇਸ ਵਿਸ਼ੇ ਵਿੱਚ ਲੋੜ ਮਲੂਮ ਹੁੰਦੀ ਹੈ ਕਿ ਪਰਮੇਸ਼ਰ ਨੇ ਸਾਨੂੰ ਕਿਸ ਤਰ੍ਹਾਂ ਰਚਿਆ ਤੇ ਕਿਉਂ ਰਚਿਆ ?

ਢੇਸਾ— ਜੇ ਮੈਂ ਸੁਖੀ ਹੋ ਜਾਵਾਂ ਤਦ ਅਜੇ ਤਾਂ ਲੋੜ ਨਹੀਂ ਦਿੱਸਦੀ, ਪਰ ਮਨ ਦੀ 'ਜਾਣਨ' ਦੀ

---

* ਬਹੁ ਸਾਦਹੁ ਦੂਖੁ ਪਰਾਪਤਿ ਹੋਵੈ॥
ਭੋਗਹੁ ਰੋਗੁ ਸੁ ਅੰਤਿ ਵਿਗੋਵੈ॥ (ਮਾ: ਸੋ: ਮ:੧)

* ਭਰਥਰੀ ਦਾ ਵਾਕ ਹੈ :- ਭੋਗਾਂ ਨੂੰ ਮੈਂ ਨਹੀਂ ਭੋਗਿਆ ਪਰ ਭੋਗਾਂ ਨੇ ਮੈਨੂੰ ਭੋਗ ਲਿਆ।

ਭੁੱਖ ਤਾਂ ਕਦੇ ਫੇਰ ਮੰਗ ਕਰ ਹੀ ਬੈਠੇਗੀ, ਤਦੋਂ ਦੇਖੀ ਜਾਊ।

ਸਾਈਂਦਾਸ— ਹੂੰ ...ਹੱਛਾ, ਤਾਪ ਲਹਿ ਜਾਏ, ਪ੍ਰਯੋਜਨ ਤਾਂ ਇਹ ਹੈ।

ਢੇਸਾ— ਹਾਂ ਠੀਕ ਹੈ।

ਸਾਈਂਦਾਸ— ਭਲਾ ਭਾਈ ਜੀ, ਪਿੱਛੇ ਇਸ ਜਨਮ ਦਾ ਜੋ ਤੁਹਾਡੇ ਸਿਰ ਬੀਤਿਆ ਹੈ ਭੁੱਲ ਜਾਓ ਤੇ ਫੇਰ ਸੁਖੀ ਹੋ ਜਾਓ, ਤਦ ਤੁਹਾਡੇ ਸੁਖੀ ਹੋਣ ਲਈ ਇਸ ਗੱਲ ਦੇ ਜਾਣਨ ਦੀ ਲੋੜ ਹੈ ਕਿ ਅੱਜ ਤਕ ਕੀਹ ਤੇ ਕਿਉਂ ਤੇ ਕਿਕੂੰ ਕਰਦੇ ਰਹੇ ਹੋ?

ਢੇਸਾ— ਨਹੀਂ ਜੀ।

ਸਾਈਂਦਾਸ— ਤਦ ਹੁਣ ਐਉਂ ਸੋਚ ਕਰੀਏ ਭਈ ਜੇਕਰ ਤੁਸੀਂ ਰੋਜ਼ ਅੰਨ ਐਸਾ ਖਾਓ ਜੋ ਹਲਕਾ, ਸੁਥਰਾ, ਸਰੀਰ ਪਾਲਣ ਵਾਲਾ ਤੇ ਸਾਦਾ ਹੋਵੇ ਤਦ ਤੁਹਾਨੂੰ ਕੋਈ ਕਠਨਾਈ ਨਹੀਂ ਹੈ?

ਢੇਸਾ— ਨਹੀਂ, ਜ਼ਰਾ ਸੁਆਦ ਨੂੰ ਜੀ ਲਲਚੇਗਾ।

ਸਾਈਂਦਾਸ— ਜੇ ਤੁਸੀਂ ਕੰਮ ਕਾਜ ਕਰੋ, ਆਲਸੀ ਨਾ ਬਣੋ, ਆਪਣੀ ਕਿਰਤ ਪੂਰਾ ਵਕਤ ਲਾਕੇ ਕਰੋ, ਜੇ ਕਿਰਤ ਬੈਠਵੀਂ ਹੋਵੇ ਤਦ ਕੁਛ ਫਿਰਨਾ ਯਾ ਕੋਈ ਹੋਰ ਕਸਰਤ ਕਰੋ ਅਰ ਚੰਗੀ ਭੁੱਖ ਲੱਗੀ ਤੇ ਰੋਟੀ ਖਾਓ, ਤਦ ਸਾਦੇ ਤੋਂ ਸਾਦਾ ਭੋਜਨ ਤੁਹਾਨੂੰ ਸੁਾਦੀਕ ਲੱਗੂ ਕਿ ਨਹੀਂ?

ਢੇਸਾ— ਹੈ ਤਾਂ ਠੀਕ।

ਸਾਈਂਦਾਸ— ਤਦ ਫੇਰ ਐਸਾ ਕਰਨ ਵਿਚ ਸੁਆਦ ਦਾ ਨੁਕਸਾਨ ਬੀ ਨਾ ਹੋਇਆ।

ਢੇਸਾ— ਮਲੂਮ ਤਾਂ ਨਹੀਂ ਹੁੰਦਾ।

ਸਾਈਂਦਾਸ— ਜੇ ਤੁਸੀਂ ਕਿਸੇ ਸਿਆਣੇ ਤੋਂ ਪੁੱਛੋ ਤਦ ਉਹ ਤੁਹਾਨੂੰ ਦੱਸੂ ਕਿ ਬਹੁਤ ਅਚਾਰ, ਚਟਨੀਆਂ, ਮੁਰੱਬੇ, ਮਿਠਾਈਆਂ ਅਰ ਹੋਰ ਅਮੀਰਾਂ ਦੇ ਚੋਜ ਰੋਗ ਪੈਦਾ ਕਰਦੇ ਹਨ। ਇਹ ਜਾਣ ਕੇ ਜੇ ਤੁਸੀਂ ਹਲਕੇ, ਸੁਥਰੇ ਤੇ ਸਾਦੇ ਭੋਜਨ ਖਾਓ ਤੇ ਸੁਾਦੀਕ ਬਣਾ ਕੇ ਖਾਓ, ਕੇਵਲ ਦੁਸ਼ਪਚ ਤੇ ਅਣਪਾਚੇ ਵਾਲੇ ਭੋਜਨ ਸੁਆਦਾਂ ਪਿਛੇ ਖਾਣੇ ਛੱਡ ਦਿਓ, ਬਹੁਤ ਖਾਣਾ ਤੇ ਛੇਤੀ ਛੇਤੀ ਖਾਣਾ ਬੀ ਛੱਡ ਦਿਓ ਤਦ ਤੁਸੀਂ ਸਰੀਰ ਦੀ ਅਰੋਗਤਾ ਕਰਕੇ ਸੁਖੀ ਰਹਿ ਸਕਦੇ ਹੋ ਕਿ ਨਹੀਂ?

ਢੇਸਾ— ਠੀਕ ਹੈ, ਰਹਿ ਸਕਦਾ ਹਾਂ।

ਸਾਈਂਦਾਸ— ਜੇ ਤੁਸੀਂ ਕੰਮ ਆਪਣਾ ਲੱਗ ਕੇ ਕਰੋ, ਤਦ ਬੀ ਸਰੀਰ ਸੁਖੀ ਰਹੇਗਾ। ਵਿਹਲਾ ਆਦਮੀ ਹਰ ਵੇਲੇ ਸਰੀਰ ਦੀਆਂ ਸੋਚਾਂ ਤੇ ਵਹਿਮਾਂ ਨਾਲ ਵਹਿਮੀ ਤੇ ਰੋਗੀ ਹੋਕੇ ਦੁਖੀ ਹੋ ਜਾਂਦਾ ਹੈ।

ਢੇਸਾ— ਠੀਕ ਹੈ।

ਸਾਈਂਦਾਸ— ਜੇ ਤੁਸੀਂ ਕਿਸੇ ਕ੍ਰੋਧ ਉਤਪਤੀ ਹੋਣ ਵੇਲੇ ਧੀਰਜ ਵਿਚ ਹੋਵੋ, ਖਿਮਾਂ ਕਰੋ, ਦਇਆ ਤੇ ਦਾਨ ਦੀ ਬੀਰਤਾ ਦਿਖਾਓ ਤਦ ਤੁਹਾਡਾ ਜੀ ਸੁਖੀ ਰਹੇਗਾ ਕਿ ਨਹੀਂ? ਜੇ ਗੱਲ ਗੱਲ ਤੇ ਬ੍ਰਿਥਾ ਕ੍ਰੋਧ ਦਾ ਸੁਭਾਉ ਪਾ ਲਓਗੇ ਤਦ ਕ੍ਰੋਧ ਵੇਲੇ ਆਪ ਹੀ ਅਗਨੀ ਜੇਹੀ ਵਿਚ ਸੜੋਗੇ ਕਿ ਨਹੀਂ?

ਢੇਸਾ— ਠੀਕ ਹੈ।

ਸਾਈਂਦਾਸ— ਤਦ ਇਕ ਹੋਰ ਸੁਖ 'ਧੀਰਜ' ਦਾ ਤੁਹਾਨੂੰ ਮਿਲ ਪਿਆ ਹੈ। ਧੀਰਜ ਤੋਂ ਮੇਰਾ ਮਤਲਬ ਬੀਰਤਾ ਹਾਨ ਕਰਨ ਤੋਂ ਨਹੀਂ, ਪਰ ਇਸ ਤੋਂ ਹੈ ਕਿ ਕ੍ਰੋਧ ਚੰਡਾਲ ਦੇ ਵੱਸ ਵਿਚ ਪੈਣ ਤੇ ਅਨਰਥ ਕਰ ਬੈਠਣੇ ਮਾੜੇ ਹਨ। ਸ੍ਵੈ ਸਤਿਕਾਰ ਦਾ ਬੀਰ ਰਸ ਨਾਲ ਪੂਰਾ ਬਚਾਉ ਹੋ ਸਕਦਾ ਹੈ। ਸਾਰਾ ਮਤਲਬ ਇਹ ਹੈ ਕਿ ਸਾਡਾ ਵਸੀਕਾਰ ਪੰਜਾਂ ਉਤੇ ਹੋਣਾ ਚਾਹੀਦਾ ਹੈ, ਅਸੀਂ ਉਨ੍ਹਾਂ ਦੇ ਵਸੀਕਾਰ ਵਿਚ ਨਾ ਫਸ ਜਾਈਏ।

ਢੇਸਾ— ਠੀਕ ਹੈ।

ਸਾਈਂਦਾਸ— ਹੱਛਾ, ਤੁਸੀਂ ਵਿਆਹੇ ਹੋਏ ਹੋ। ਵਹੁਟੀ ਨੂੰ ਸੱਚਾ ਸੱਜਣ ਸਮਝੋ ਅਰ ਇਕ ਦੂਏ ਨੂੰ ਐਉਂ ਪਿਆਰ ਕਰੋ ਜਿਕੂੰ ਸੱਚੇ ਪ੍ਰੇਮੀ ਕਰਦੇ ਹਨ, ਤਦ ਦੱਸੋ ਤੁਹਾਡੇ ਲਈ ਉਹ ਤੇ ਉਹਦੇ ਲਈ ਤੁਸੀਂ ਲਗਾਤਾਰ ਸੁਖ ਦਾ ਸੋਮਾ ਬਣ ਜਾਓਗੇ ਕਿ ਨਹੀਂ?

ਢੇਸਾ— ਠੀਕ ਹੈ।

ਸਾਈਂਦਾਸ— ਇਸ ਤਰ੍ਹਾਂ ਰੋਗ ਤੁਹਾਥੋਂ ਦੂਰ ਰਹਿਣਗੇ ਤੇ ਲੋੜਾਂ ਤੁਹਾਡੀਆਂ ਘੱਟ ਹੋਣਗੀਆਂ। ਜਦ ਪਰਸਪਰ ਪ੍ਰੇਮ ਹੈ ਤਦ ਫਜ਼ੂਲ ਹਾਰ ਸ਼ਿੰਗਾਰ ਤੇ ਨਿਕੰਮੇ ਕੀਮਤੀ ਬਸਤਰਾਂ ਤੇ ਰੁਪੱਯਾ ਘੱਟ ਖਰਚ ਹੋਊ। ਮੇਰਾ ਇਹ ਮਤਲਬ ਨਹੀਂ ਕਿ ਤੁਸੀਂ ਸੁਥਰੇ ਤੇ ਚੰਗੇ ਕਪੜੇ ਨਾ ਪਹਿਨੋ ਪਰ ਇਹ ਕਿ ਇਨ੍ਹਾਂ ਚੀਜ਼ਾਂ ਪਰ ਘੱਟ ਖਰਚ ਹੋਣ ਕਰਕੇ ਤੁਸੀਂ ਹੱਕ ਹਲਾਲ ਦੀ ਕਮਾਈ ਤੇ ਸੰਤੋਖ ਕਰੋਗੇ ਅਰ ਕਦੇ ਚੋਰੀ


www.sikhbookclub.com

ਕਿ ਧੱਕੇ ਨਾਲ ਪੈਸਾ ਲੈਣ ਦਾ ਜਤਨ ਨਾ ਕਰੋਗੇ ਅਰ ਉਨ੍ਹਾਂ ਸਾਰੇ ਦੁਖਾਂ ਤੋਂ, ਜੋ ਚੋਰੀ, ਠੱਗੀ, ਧੱਕਾ ਕਰਨ ਯਾ ਵਿਹਾਰਕ ਫਰੇਬ ਕਰਨ ਨਾਲ ਮਨ ਤੇ ਸਰੀਰ ਨੂੰ ਹੁੰਦੇ ਹਨ, ਬਚ ਜਾਓਗੇ। ਜੋ ਚਾਰ ਪੈਸੇ ਕਮਾਈ ਦੇ ਵਧਾਓਗੇ, ਓਹ ਅਜਾਈਂ ਜਾਣ ਨਾਲੋਂ ਨੇਕ ਥਾਈਂ ਖਰਚ ਹੋਣਗੇ! ਬਾਲਾਂ ਦੀ ਚੰਗੀ ਪਰਵਰਸ਼ ਉਤੇ ਉਹ ਕਮਾਈ ਖਰਚ ਹੋਕੇ ਉਲਾਦ ਸੁਖੀ, ਤੰਦਰੁਸਤ, ਨੇਕ ਤੇ ਵਿਦਜਾ ਵਾਲੀ ਹੋ ਜਾਏਗੀ, ਜਿਸ ਕਰਕੇ ਉਲਾਦ ਵਲੋਂ ਦੁੱਖ ਨਾ ਦੇਖੋਗੇ। ਕੁਛ ਹੋਰ ਬਚੇਗਾ ਤਦ ਦੁਖੀ ਲੋੜਵੰਦ: ਸਾਕ, ਸੈਨ, ਸੱਜਣ ਤੇ ਹਮਸਾਏ ਦਾ ਦੁਖ ਵੰਡਾਓਗੇ। ਉਸਦਾ ਦਰਦ ਵੰਡਾਕੇ ਤੁਹਾਨੂੰ ਇਕ ਰਸ ਆਵੇਗਾ ਜੋ ਰਸ ਕਿ ਕਿਸੇ ਤਰ੍ਹਾਂ ਦੇ ਭੋਗ ਵਿਚ ਪ੍ਰਾਪਤ ਨਹੀਂ ਹੋ ਸਕਦਾ।

ਹੁਣ ਤੁਸੀਂ ਮੈਨੂੰ ਸੋਚ ਕੇ ਦੱਸੋ ਕਿ ਤੁਸੀਂ ਦੁਖੀ ਕਿਸਤਰ੍ਹਾਂ ਹੋ?

ਢੇਸਾ— ਇਹ ਹੈ ਤਾਂ ਠੀਕ, ਪਰ ਵਿਗੜੀਆਂ ਤਾਣੀਆਂ ਕਿੱਕੂੰ ਸੌਰਨ? ਇਹ ਤਾਂ ਸੀ ਕਿ ਬਚਪਨ ਤੋਂ ਤੁਹਾਡੇ ਸਤਿਸੰਗ ਵਿੱਚ ਪਲਦੇ ਤੇ ਤੁਹਾਡੀ ਮੱਤ ਤੇ ਤੁਰਦੇ; ਹੁਣ ਕੀ ਹੋਵੇ?

ਸਾਈਂਦਾਸ— ਉਹੋ ਕੁਛ ਜੋ ਹੁਣ ਕਿਹਾ ਜੇ, ਦਾਰੂ ਆਪੇ ਲੱਭ ਲਿਆ ਜੇ।

ਢੇਸਾ— ਮੈਂ ਤਾਂ ਕਿਸੇ ਲਾਇਕ ਨਹੀਂ ਪਰ ਮੈਨੂੰ ਮੇਰੇ ਤੇ ਨਾ ਛਡੋ, ਮੈਨੂੰ ਤੁਸੀਂ ਰਸਤਾ ਦਿਖਾਓ।

ਸਾਈਂਦਾਸ— ਭਾਈ ਜੇ ਬਚਪਨ ਤੋਂ ਕਿਸੇ ਦਾ ਸਤਿਸੰਗ ਤੁਹਾਨੂੰ ਆਉਣ ਵਾਲੇ ਦੁਖਾਂ ਤੋਂ ਬਚਾ ਸਕਦਾ ਸੀ ਤਦ ਉਸੇ ਤਰ੍ਹਾਂ ਦਾ ਸਤਿਸੰਗ ਹੁਣ ਬੀ ਆਉਣ ਵਾਲੇ ਦੁਖਾਂ ਤੋਂ ਬਚਾ ਸਕਦਾ ਹੈ।

ਢੇਸਾ— ਹੈਂ?

ਸਾਈਂਦਾਸ— ਸੋਚ ਲਓ, ਠੀਕ ਹੈ ਕਿ ਨਹੀਂ?

ਢੇਸਾ— ਇੱਕ ਫਰਕ ਹੈ, ਓਦੋਂ ਮਤਿ ਕੱਚੀ ਸੀ, ਜਿੱਧਰ ਲਾਓ ਲਗ ਸਕਦੀ ਸੀ, ਹੁਣ ਮਤਿ ਇਕ ਪਾਸੇ ਪੱਕ ਗਈ ਹੇ।

ਸਾਈਂਦਾਸ— ਠੀਕ! ਓਦੋਂ ਲੱਗਣਾ ਸੌਖਾ ਸੀ ਪਰ ਹੁਣ ਔਖਾ। ਲੱਗਣਾ ਤਦੋਂ ਬੀ ਅਸੰਭਵ ਨਾ ਸੀ ਤੇ ਲਗ ਪੈਣਾ ਅਜ ਭੀ ਅਨਹੋਣਾ ਨਹੀਂ ਹੈ।

ਢੇਸਾ— ਹਾਂ, ਪਰ ਅਸੰਭਵ ਵਰਗਾ ਹੀ ਹੈ।

ਸਾਈਂਦਾਸ— ਫੇਰ ਜੇ ਸੁਖੀ ਹੋਣੇ ਲਈ ਪੁੱਠੇ ਤ੍ਰੀਕਿਆਂ ਵਿੱਚ ਐਨਾਂ ਬਲ ਖਰਚ ਹੋਇਆ ਹੈ ਅਰ ਅੱਜ ਪਤਾ ਲੱਗਾ ਹੈ ਕਿ ਉਹ ਭੁੱਲ ਸੀ ਤਦ ਕਿਉਂ ਨਾ ਅੱਜ ਸੱਚੇ ਸੁਖੀ ਹੋਣ ਦੇ ਤਰੀਕੇ ਪਰ ਚੱਲਣ ਲਈ ਉਸ ਤੋਂ ਕੁਛ ਵਧੀਕ ਮਿਹਨਤ ਕਰ ਲਈ ਜਾਵੇ? ਸਗੋਂ ਹੁਣ ਇਕ ਸੁਖੈਨਤਾ ਬੀ ਹੋਵੇਗੀ, ਉਹ ਇਹ ਕਿ ਪਿਛਲੇ ਹੋ ਚੁਕੇ ਤਜਰਬੇ ਤੇ ਪਾਏ ਦੁਖਾਂ ਤੋਂ ਤਬੀਅਤ ਨੂੰ ਓਧਰੋਂ ਮੋੜਨ ਵਿਚ ਸਹਾਇਤਾ ਮਿਲੇਗੀ।

ਢੇਸਾ— ਤੁਹਾਡੀ ਹਰ ਗੱਲ ਤਸੱਲੀ ਕਰ ਦੇਂਦੀ ਹੈ, ਐਉਂ ਮਲੂਮ ਹੁੰਦਾ ਹੈ ਕਿ ਹੁਣੇ ਹੀ ਜੇ ਲੱਗ ਪਈਏ ਤਦ ਸੁਖੀ ਹੋ ਸਕਦੇ ਹਾਂ, ਪਰ ਸ਼ੁਰੂ ਕੀਕੂੰ ਕਰੀਏ?

ਸਾਈਂਦਾਸ— ਜਿਵੇਂ ਮੈਂ ਬੇਨਤੀ ਕੀਤੀ ਹੈ, ਜੇ ਸੱਚੀ ਹੈ ਤਦ ਇਸ ਪਰ ਤੁਰ ਪਓ। ਇਸ ਪਰ ਤੁਰਨ ਲਈ ਜੇ ਕੋਈ ਢਿੱਲ ਮੱਠ ਮਨ ਵਿਚ ਦਿੱਸੇ ਤਦ ਸ੍ਰੀ ਗੁਰੂ ਜੀ ਦੇ ਕਿਸੇ ਪਿਆਰੇ ਸਿੱਖ ਦਾ ਸਤਿਸੰਗ ਕਰਿਆ ਕਰੋ।

ਢੇਸਾ— ਮਾਫ ਕਰਨਾ, ਪਰ ਉਹ ਗੱਲ ਉੱਥੇ ਦੀ ਉੱਥੇ ਹੀ ਰਹੀ ਕਿ ਸਾਨੂੰ ਕਿਉਂ ਤੇ ਕਿਸ ਤਰ੍ਹਾਂ ਬਣਾਇਆ ਗਿਆ?

ਸਾਈਂਦਾਸ— ਠੀਕ ਹੈ, ਪਰ ਤੁਸੀਂ ਹਰ ਗੱਲੇ ਮੰਨਦੇ ਰਹੇ ਹੋ ਕਿ ਅਜੇ ਇਸ ਗਲ ਦੇ ਮੇਰੇ ਸੁਖੀ ਹੋਣ ਲਈ ਲੋੜ ਨਹੀਂ। ਮੈਂ ਪਹਿਲੇ ਹੀ ਦੱਸ ਦਿੱਤਾ ਸੀ ਕਿ ਮੈਂ ਮੋਟੀ ਤੇ ਵਰਤੋਂ ਦੀ ਅਕਲ ਵਾਲਾ ਹਾਂ, ਐਸੀ ਬਾਤ ਦਾ ਚਰਚਾ ਕਰਨੇ ਨੂੰ ਤਿਆਰ ਨਹੀਂ ਹਾਂ। ਦੇਖਣਾ ਕੇਵਲ ਇਹ ਸੀ ਕਿ ਤੁਸੀਂ, ਜੋ ਚਾਹੋ ਕਿਸੇ ਤਰ੍ਹਾਂ ਹੋ, ਸੁਖੀ ਹੋ? ਸੋ ਸੁਖੀ ਨਾ ਨਿਕਲੇ। ਹੁਣ ਦੂਸਰਾ ਕੰਮ ਇਹੋ ਸੀ ਕਿ ਜੇਹੇ ਕੇਹੇ ਹੋ ਅਰ ਜਿਵੇਂ ਕਿਵੇਂ ਹੋ ਸੁਖੀ ਹੋ ਸਕਦੇ ਹੋ ਕਿ ਨਹੀਂ? ਸੋ ਬੀ ਹੋ ਗਿਆ। ਹੁਣ ਜਦ ਸੁਖੀ ਹੋ ਜਾਓਗੇ, ਮਨ ਦੁੱਖਾਂ ਦੀ ਦਾਬ ਹੇਠੋਂ ਨਿਕਲਕੇ ਸੁਖ ਦੀ ਅਵਸਥਾ ਵਿੱਚ ਆਵੇਗਾ, ਤਦ ਇਸ ਨੂੰ ਇਹ ਭਾਲ ਨਹੀਂ ਰਹੇਗੀ ਕਿ ਮੈਂ ਕਿਉਂ ਦੁਖੀ ਸਾਂ ਪਰ ਇਹ ਕਿ ਮੈਂ ਹੁਣ ਸੁਖੀ ਹੀ ਰਹਾਂ। ਜਿਉਂ ਜਿਉਂ ਫਿਰ ਜੀਵ ਸੁਖੀ ਹੋਏਗਾ ਉਹ ਸੁਖੀ ਰਹਿਣ ਦੇ ਵਸੀਲਿਆਂ ਤੋਂ ਜਾਣੂੰ ਹੁੰਦਾ ਜਾਏਗਾ। ਜਦ ਪੂਰਨ ਸੁਖੀ ਹੋ ਜਾਏਗਾ ਤਦ ਯਥਾਰਥ ਵਿੱਚ ਜਾਏਗਾ।

ਢੇਸਾ— ਯਥਾਰਥ ਕੀਹ?

ਸਾਈਂਦਾਸ— ਜੇ ਤੁਸੀਂ ਦੁਖੀ ਹੋ ਤਾਂ ਕਹਿੰਦੇ ਹੋ ਮੇਰੀ ਅਵਸਥਾ ਦੁੱਖ ਦੀ ਹੈ। ਜੇ ਸੁਖੀ ਹੋ ਤਾਂ ਕਹਿੰਦੇ ਹੋ ਸੁੱਖ ਦੀ ਅਵਸਥਾ ਹੈ। ਸੋ ਦੁੱਖ ਦੀ ਅਵਸਥਾ (ਦਸ਼ਾ ਯਾ ਹਾਲਤ) ਵਿਚੋਂ ਨਿਕਲਕੇ ਸੁਖ ਦੀ ਅਵਸਥਾ ਵਿੱਚ ਆਉਣ ਦਾ ਪਤਾ ਆਪ ਨੂੰ ਲੱਗ ਗਿਆ। ਇਕੂਰ ਸਤਿਗੁਰ ਜੀ ਕਿਹਾ ਕਰਦੇ ਹਨ ਕਿ ਅਵਸਥਾ ਇਕ ਕਾਰਣਾ ਤੋਂ ਪੈਦਾ ਹੋਈ ਚੀਜ਼ ਹੈ। ਜਦ ਮਨ ਸੁਖੀ ਹੁੰਦਾ ਹੁੰਦਾ ਦੁਹਾਂ ਅਵਸਥਾ ਤੋਂ ਨਿਕਲ ਜਾਂਦਾ ਹੈ ਤਦ ਯਥਾਰਥ ਆਉਂਦਾ ਹੈ। ਅਰਥਾਤ ਜੋ ਕੁਛ ਕਿ ਹੈ ਸਹਿਜ ਸੁਭਾਵ ਯਾ ਅਸਲੀਅਤ ਵਿੱਚ ਉਹ ਯਥਾਰਥ ਹੈ। ਓਥੇ ਜਾਕੇ ਸੰਸੇ ਨਵਿਰਤ ਹੁੰਦੇ ਤੇ ਟੇਕ ਬੱਝਦੀ ਹੈ।

ਅਸੀਂ ਭਲਾ ਜੀਵਨ ਬਿਤੀਤ ਕਰਨ ਲਈ ਆਏ ਹਾਂ। ਲੋਕਾਂ ਨੂੰ ਸੁਖ ਪਹੁੰਚੇ, ਅਸੀਂ ਸੁਖੀ ਹੋਈਏ ਤੇ ਉਨ੍ਹਾਂ ਨੂੰ ਸਾਡੇ ਸੁਖ ਦੀ ਲਾਗ ਲੱਗੇ। ਕਿਕੂੰ ਚੰਗਾ ਜੀਵਨ ਜੀਵੀਏ? ਕਿਕੂੰ ਅੰਦਰੋਂ ਸੁਖੀ ਰਹੀਏ ? ਤੇ ਅੰਤ ਓਥੇ ਅੱਪੜੀਏ ਕਿ ਜਿੱਥੇ ਜਾਕੇ 'ਅਸਲੀਅਤ' ਨਾਲ ਲਗ ਜਾਈਏ, ਜਿਸ ਨੂੰ 'ਸੱਚ' ਕਹੀਏ ਚਾਹੋ 'ਯਥਾਰਥ' ਕਹੀਏ ਓਥੇ ਸਹਿਜ* ਪਦ ਹੈ।

ਦੌਲਤ, ਮਕਾਨ, ਭੌਂ, ਨਾਮਵਰੀ, ਕੰਮ ਇਨ੍ਹਾਂ ਖ਼ਾਤਰ ਮਾਨੁਖ ਦੇਹ ਮਿਲੀ, ਅਸੀਂ ਨਹੀਂ ਸਮਝਦੇ ਹਾਂ। ਇਹ ਮੱਤ ਸਾਨੂੰ ਗੁਰੂ ਜੀ ਨੇ ਦਿੱਤੀ ਹੈ। ਇਨ੍ਹਾਂ ਤੋਂ ਅਸਾਂ ਨੱਸਣਾ ਵੀ ਨਹੀਂ। ਅਸੀਂ ਪਰ ਕੋਈ ਉੱਚ ਜੀਵਨ ਭਾਲਣਾ ਹੈ। ਇਹ ਗੁਰੂ ਦੀ ਹੋਣ ਕਰਕੇ ਸਾਡੀ ਮੱਤ ਇਸ ਵਿੱਚ ਕਿੰਤੂ ਨਹੀਂ ਕਰਦੀ, ਕਿਉਂ? ਮਨਮਤ ਦੇ ਹੱਥੋਂ ਚੰਗੀ ਤਰ੍ਹਾਂ ਸਤ ਸਤ ਕੇ ਅਸਾਂ ਗੁਰਮਤਿ ਵਿੱਚ ਟੁਰਕੇ ਪਰਤੱਖ ਸੁਖ ਦੇਖਿਆ ਹੈ। ਸਾਨੂੰ ਸਮਝ ਪਈ ਹੈ ਕਿ 'ਸੱਚ', 'ਪਿਆਰ' ਤੇ 'ਪਵਿੱਤ੍ਰਤਾ' ਨਾਲ ਸੁਖੀ ਹੋ ਜਾਈਦਾ ਹੈ, ਸੋ ਏਸੇ ਯਤਨ ਵਿੱਚ ਅਸੀਂ ਰਹਿੰਦੇ ਹਾਂ। ਝਗੜੇ ਤੇ ਚਰਚਾ ਕਰਨ ਦਾ ਬਲ ਮੇਰੇ ਪਾਸ ਨਹੀਂ ਤੇ ਨਾ ਹੀ ਮੇਰੇ ਪਾਸ ਵਾਧੂ ਬਹਿਸਾਂ ਲਈ ਵਿਹਲ ਹੈ।

ਇਸ ਤਰ੍ਹਾਂ ਗੱਲਾਂ ਕਰਕੇ ਢੇਸਾ ਪੈਰੀਂ ਪੌਣਾ ਕਰਕੇ ਚਲਾ ਗਿਆ ਤੇ ਸਾਈਂਦਾਸ ਜੀ ਉਥੇ ਹੀ ਸੌਂ ਗਏ।

ਘਰ ਵਿੱਚ ਉਡੀਕ ਹੋ ਰਹੀ ਸੀ। ਨਰੈਣ ਦਾਸ ਜੀ ਨੇ ਅਜੇ ਪ੍ਰਸ਼ਾਦ ਨਹੀਂ ਛਕਿਆ ਸੀ, ਤਾਂਘ ਸੀ ਕਿ ਸਾਈਂਦਾਸ ਜੀ ਹੁਣੇ ਆਉਂਦੇ ਹਨ ਤਦ ਕੱਠੇ ਛਕਦੇ ਹਾਂ। ਪਰ ਜਦ ਢੇਰ ਚਿਰ ਲੰਘ ਗਿਆ ਤਦ ਨਰੈਣਦਾਸ ਜੀ ਆਪ ਧਰਮਸਾਲਾ ਨੂੰ ਗਏ। ਓਥੇ ਜਾਕੇ ਕੀਹ ਵੇਖਦੇ ਹਨ ਕਿ ਸਾਈਂਦਾਸ ਜੀ ਬਿਰਾਜ ਰਹੇ ਹਨ। ਜਗਾਉਣਾ ਯੋਗ ਨਾ ਜਾਣਕੇ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨ ਬੈਠ ਗਏ। ਇਸ ਤਰ੍ਹਾਂ ਕੁਛ ਘੜੀਆਂ ਗੁਜ਼ਰ ਜਾਣ ਤੇ ਜਦ ਘਰ ਕੋਈ ਨਾ ਪਹੁੰਚਾ ਤਦ ਵਿਆਕੁਲ ਹੋਕੇ ਪ੍ਰੇਮ ਦੇਵੀ ਤੇ ਰਾਮੋ ਧਰਮਸਾਲਾ ਆਪ ਆਈਆਂ। ਅੱਗੇ ਕੀਹ ਦੇਖਦੀਆਂ ਹਨ ਕਿ ਸਾਈਂਦਾਸ ਜੀ ਤਾਂ ਬਿਰਾਜ ਰਹੇ ਹਨ ਤੇ ਨਰੈਣ ਦਾਸ ਜੀ ਪਾਠ ਕਰ ਰਹੇ ਹਨ। ਇਹ ਬੀ ਮੱਥਾ ਟੇਕ ਕੇ ਬੈਠ ਗਈਆਂ ਅਰ ਸਮਝ ਗਈਆਂ ਕਿ ਸੁੱਤਿਆਂ ਨੂੰ ਜਗਾਉਣਾ ਚੰਗਾ ਨਾ ਸਮਝਕੇ ਆਪ ਪਾਠ ਕਰ ਰਹੇ ਹਨ। ਥੋੜੇ ਚਿਰ ਮਗਰੋਂ ਸਾਈਂਦਾਸ ਜੀ ਦੀ ਅੱਖ ਖੁਲ੍ਹੀ, ਤ੍ਰਬ੍ਹਕ ਕੇ ਉਠ ਬੈਠੇ, ਐਧਰ ਉਧਰ ਤੱਕ ਕੇ ਕਹਿੰਦੇ ਹਨ : ਕੀ ਇਹ ਸੁਪਨਾ ਸੀ? ਪਰਮੇਸ਼ੁਰ ਕਰੇ ਸੁਪਨਾ ਹੋ ਜਾਏ, ਸ਼ੁਕਰ ਹੈ ਕਿ ਇਹ ਸੁਪਨਾ ਸੀ। ਇਹ ਕਹਿਕੇ ਅੱਖਾਂ ਖੋਲ੍ਹਕੇ ਚੰਗੀ ਤਰ੍ਹਾਂ ਡਿੱਠਾ। ਸੁਪਨਾ ਨਿਸ਼ਚੇ ਹੋ ਗਿਆ ਪਰ ਸੁਪਨੇ ਦਾ ਅਸਰ ਦਿਲ ਪਰ ਕੁਛ ਐਸਾ ਪਿਆ ਹੈ ਕਿ ਅਜੇ ਦਿਲ ਉਸੇ ਹੀ ਅਸਰ ਹੇਠਾਂ ਹੈ। ਪ੍ਰੇਮ ਦੇਈ ਨੇ ਪੁੱਛਿਆ:- 'ਕਿਉਂ ਲਾਲ ਜੀ! ਸੁੱਖ ਤਾਂ ਹੈ?'

ਸਾਈਂਦਾਸ— ਸੁੱਖ ਹੈ। ਚਿਤ ਚੰਚਲ ਹੈ, ਭਜਨ ਨਹੀਂ ਕਰਦਾ ਤੇ ਲੋਕਾਂ ਨਾਲ ਚਰਚਾ ਵਿਚ ਲੱਗ ਜਾਂਦਾ ਹੈ? ਫੇਰ ਮਾੜਾ ਪ੍ਰਭਾਵ ਉਦਾਲੇ ਛਾ ਜਾਂਦਾ ਹੈ ਜੋ ਨੀਂਦ ਵਿੱਚ ਬੀ ਦਬਾਉਂਦਾ ਹੈ, ਕੈਡੀ ਮੂਰਖਤਾ ਹੈ? ਜਿਸ ਸ਼ੈ ਨਾਲ ਪਿਆਰੇ ਦੀ ਯਾਦ ਵਿੱਚ ਫਰਕ ਪਵੇ ਉਹ ਕਰ ਹੀ ਲਈਦੀ ਹੈ, ਕਰਨੀ ਚਾਹੀਦੀ ਨਹੀਂ, ਇਹ ਬੀ ਭੁੱਲ ਹੈ। ਪਰ ਹੱਛਾ...ਖਬਰੇ ਰਜ਼ਾ ਕੀ ਹੈ? ਯਾ ਮਤੇ ਆਪਣੀ ਭੁੱਲ ਹੋਵੇ? ਆਪਣੀ ਭੁੱਲ ਮੰਨਣੀ ਚੰਗੀ ਹੈ, ਕਿਉਂਕਿ ਸਾਵਧਾਨਤਾ ਬਣੀ ਰਹਿੰਦੀ ਹੈ। ਮੇਰਾ ਬਦਨ ਟੁੱਟ ਜਿਹਾ ਗਿਆ ਹੈ ਤੇ ਨੀਂਦ ਨਾਲ ਬੀ ਹੌਲਾ ਨਹੀਂ ਹੋਇਆ। ...ਉਹੋ! ਤੁਸੀਂ ਸਾਰਿਆਂ ਅਜੇ ਪ੍ਰਸ਼ਾਦ ਨਹੀਂ ਪਾਇਆ ਤੇ ਮੇਰੇ ਪਿੱਛੇ ਏਥੇ ਉਡੀਕ ਕਰ ਰਹੇ ਹੋ? ਦੇਖੋ ਵਾਹਿਗੁਰੂ ਦਾ ਸਿਮਰਨ ਛੱਡਕੇ ਹੋਰ ਪਾਸੇ ਲੱਗਿਆਂ ਕਿੰਨੀ ਖੇਚਲ

* ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ॥
(ਸਿਰੀ ਰਾਗ ਮ:੩)


www.sikhbookclub.com

ਵਧਦੀ ਹੈ। ਹੱਛਾ, ਚਲੋ ਚੱਲੀਏ। ...ਪਿਤਾ ਜੀ! ਖਿਮਾ ਕਰਨੀ, ਬੜੀ ਖੇਚਲ ਹੋਈ।

ਏਸੇ ਤਰ੍ਹਾਂ ਆਪੋ ਵਿੱਚ ਗੱਲਾਂ ਕਰਦੇ ਘਰ ਪਹੁੰਚੇ, ਪ੍ਰਸ਼ਾਦ ਛਕਣ ਲੱਗੇ ਤਦ ਸਾਈਂਦਾਸ ਤੋਂ ਛਕਿਆ ਨਹੀਂ ਜਾਂਦਾ।

ਨਰੈਣ ਦਾਸ— ਲਾਲ ਜੀ! ਅੱਜ ਰੋਟੀ ਨਹੀਂ ਖਾਂਦੇ?

ਸਾਈਂਦਾਸ— ਪਿਤਾ ਜੀ! ਲੰਘਦੀ ਨਹੀਂ।

ਨਰੈਣ ਦਾਸ— ਕੁਛ ਕਾਰਣ?

ਸਾਈਂਦਾਸ— ਸੁਪਨੇ ਦੀ ਦਰੇੜ ਨੇ ਭੰਨ ਘੱਤਿਆ ਹੈ ਅਰ ਸੁਪਨੇ ਦਾ ਦਰਸ਼ਨ ਮੁੜ ਮੁੜ ਅੱਖਾਂ ਅੱਗੇ ਆਉਂਦਾ ਹੈ।

ਨਰੈਣਦਾਸ— ਐਸਾ ਸੁਪਨਾ ਕੀਹ ਸੀ?

ਸਾਈਂਦਾਸ— ਕੁਛ ਨਹੀਂ! ਮੇਰੇ ਹੀ ਕਰਮਾਂ ਯਾ ਸੰਕਲਪਾਂ ਵਿਕਲਪਾਂ ਦੇ ਬੁੱਤ ਬਣ ਬਣਕੇ ਅਖਾੜਾ ਮਚਾ ਰਹੇ ਹੋਣੇ ਹਨ।

ਨਰੈਣਦਾਸ— ਆਖ਼ਰ ਜੇ ਸੁਪਨਾ ਹੈ ਤਾਂ ਖਿਆਲ ਛੱਡੋ।

ਸਾਈਂਦਾਸ— ਬੜਾ ਛੱਡਦਾ ਹਾਂ, ਪਰ ਫੇਰ ਫੇਰ ਯਾਦ ਆਉਂਦਾ ਹੈ।

ਨਰੈਣਦਾਸ— ਸੁਪਨਾ ਕੀ ਹੈ?

ਸਾਈਂਦਾਸ— ਕੀਹ ਦੱਸਾਂ? ਦੱਸਦਿਆਂ ਜੀ ਖੁੱਸਦਾ ਹੈ। (ਇਹ ਕਹਿੰਦੇ ਦੇ ਨੇਤ੍ਰ ਭਰ ਆਏ)। ਸਾਰੇ ਪ੍ਰਸ਼ਾਦ ਛਕ ਲਵੋ ਤਦ ਵਿਹਲੇ ਹੋਕੇ ਗੱਲਾਂ ਕਰਾਂਗੇ। ਸੁਪਨੇ ਅਕਸਰ ਮਨ ਦਾ ਵਿਕਾਰ ਹੁੰਦੇ ਹਨ ਜੋ ਮਨ ਸੁਪਨੇ ਵਿਚ ਖ਼ਬਰੇ ਬਾਹਰ ਨੂੰ ਸੱਟਦਾ ਹੈ। ਭਰਮ ਹੈ, ਹੋਰ ਕੀ ਹੈ?

ਨਰੈਣਦਾਸ— ਹੁੰਦਾ ਤਾਂ ਏਦਾਂ ਹੀ ਹੈ, ਪਰ ਸੁਪਨੇ ਵਿੱਚ ਜੇ ਚਿੱਤ ਇਕਾਗਰ ਹੋਵੇ ਤਦ ਕਈ ਵੇਰ ਸੁਪਨੇ ਕੁਛ ਅਰਥ ਵਾਲੇ ਬੀ ਹੁੰਦੇ ਹਨ।

ਸਾਈਂਦਾਸ— ਠੀਕ ਹੈ।

ਇੰਨੇ ਤੱਕ ਪ੍ਰਸ਼ਾਦ ਛਕਿਆ ਗਿਆ। ਕੁਛ ਉਗਲ ਨਿਗਲ ਕੇ ਸਾਈਂਦਾਸ ਨੇ ਬੀ ਚਾਰ ਗ੍ਰਾਹੀਆਂ ਪਾ ਲੀਤੀਆਂ। ਸਾਰਾ ਪਰਿਵਾਰ ਜਦ ਪ੍ਰਸ਼ਾਦ ਛਕ ਚੁੱਕਾ ਤਦ ਖਹਿੜੇ ਪੈਕੇ ਲੱਗੇ ਪੁੱਛਣ।

ਹੁਣ ਸਾਈਂਦਾਸ ਨੇ ਝਿਜਕ ਝਿਜਕ ਕੇ ਦੱਸਿਆ ਕਿ ਮੈਂ ਸੁਪਨੇ ਵਿਚ ਗੁਰੂ ਜੀ ਨੂੰ ਕਿਸੇ ਖੇਦ ਵਿਚ ਡਿੱਠਾ ਹੈ। ਆਪ ਤਾਂ ਦੁਖ ਸੁਖ, ਹਰਖ, ਸ਼ੋਕ ਤੋਂ ਪਾਰ ਹਨ, ਪਰ ਸਾਥੋਂ ਜੇਰਾ ਨਹੀਂ ਹੁੰਦਾ। ਪਾਤਸ਼ਾਹ ਨੇ ਕਿਸੇ ਫਰੇਬ ਨਾਲ ਉਨ੍ਹਾਂ ਨੂੰ ਕਿਸੇ ਮਕਾਨ ਵਿੱਚ ਰੋਕ ਦਿੱਤਾ ਹੈ ਤੇ ਮੈਂ ਉਸਦੇ ਬੂਹੇ ਭੰਨਦਾ ਹਾਂ। ਉਸ ਵੇਲੇ ਕਈ ਅਹਿਦੀਏ ਆਕੇ ਮੈਨੂੰ ਕੁੱਟਦੇ ਹਨ ਪਰ ਮੈਂ ਕੁੱਟ ਦੀ ਪ੍ਰਵਾਹ ਨਹੀਂ ਕੀਤੀ ਤੇ ਬੂਹਾ ਭੰਨੀ ਗਿਆ ਹਾਂ। ਮੈਂ ਤਾਂ ਮਾਰ ਨਾਲ ਮੁੰਜ ਹੋ ਗਿਆ ਹਾਂ ਪਰ ਬੂਹਾ ਭੱਜ ਗਿਆ ਹੈ। ਸ੍ਰੀ ਗੁਰੂ ਜੀ ਬਾਹਰ ਆ ਗਏ ਹਨ ਤੇ ਉਨ੍ਹਾਂ ਦੇ ਨਾਲ ਅਨੇਕਾਂ ਹੋਰ ਬੰਦੀ ਜਨ ਨਿਕਲ ਆਏ ਹਨ। ਓਹ ਅਹਿਦੀਏ, ਜੋ ਮੈਨੂੰ ਮਾਰਦੇ ਸਨ, ਹੁਣ ਗੁਰੂ ਜੀ ਅੱਗੇ ਮੱਥੇ ਟੇਕਦੇ ਹਨ। ਸਾਰੇ ਛੁਟਕਾਰਾ ਪਾਉਣ ਵਾਲਿਆਂ ਦੀ ਦੁਹਾਈ ਤੇ ਖੁਸ਼ੀ ਦੇ ਨਾਅਰੇ ਅਕਾਸ਼ ਵਿੱਚ ਭਰ ਗਏ ਹਨ- "ਬੰਦੀ ਛੋੜ, ਬੰਦੀ ਛੋੜ"। ਮੈਂ ਖੁਸ਼ ਤਾਂ ਬੜਾ ਹੋਇਆ, ਪਰ ਮੇਰਾ ਬਦਨ ਮਾਰ ਨਾਲ ਟੁੱਟ ਗਿਆ ਤੇ ਅਜੇ ਤੱਕ ਹੱਡ ਪੀੜ ਜੇਹੇ ਕਰਦੇ ਹਨ। ਸੀ ਸੁਪਨਾ, ਪਰ ਇਹ ਕੌਤਕ ਕੀ ਹੈ ? ਹੁਣ ਚਿੱਤ ਆਪਦੇ ਦੁਖ ਤੋਂ ਤਾਂ ਨਹੀਂ ਡਰਦਾ, ਪਰ ਇਹ ਸਹਿਮ ਖਾ ਰਿਹਾ ਹੈ ਕਿ ਕਿਤੇ ਸੱਚੀਂ ਮੁਚੀਂ ਸ੍ਰੀ ਗੁਰੂ ਜੀ ਨੂੰ ਕੋਈ ਖੇਦ ਨਾ ਹੋਵੇ। ਬੱਸ! ਇਹ ਵਹਿਮ ਹੈ, ਜੋ ਵਿਆਕੁਲ ਕਰ ਰਿਹਾ ਹੈ।

ਨਰੈਣਦਾਸ— ਲਾਲ ਜੀ! ਇਹ ਸੁਪਨਾ ਨਹੀਂ ਹੈ। ਇਹ ਕੁਛ ਭਾਣਾ ਵਰਤ ਰਿਹਾ ਹੈ, ਪਰ ਏਸ ਦਾ ਅੰਤ ਚੰਗਾ ਹੋਵੇਗਾ ਜ਼ਰੂਰ। ਗੁਰੂ ਜੀ ਲਈ ਤੌਖਲਾ ਨਾ ਕਰੋ।

ਨਰੈਣ ਦਾਸ ਦੇ ਬਚਨਾਂ ਨਾਲ ਸਭ ਨੂੰ ਧੀਰਜ ਤਾਂ ਆ ਗਿਆ, ਪਰ ਵੈਰਾਗ ਭਰੀ ਉਦਾਸੀ, ਜਿਸ ਵਿਚ ਪ੍ਰਾਰਥਨਾ ਭਰੀ ਹੋਈ ਸੀ, ਸਭ ਦੇ ਦਿਲਾਂ ਤੇ ਛਾ ਗਈ। ਅਗਲੇ ਭਲਕ ਰਾਮੋ ਨੇ ਕਿਹਾ 'ਪਿਤਾ ਜੀ! ਕੱਲ ਦਾ ਜੀ ਥਾਵੇਂ ਨਹੀਂ ਆਉਂਦਾ। ਦੁੱਖ ਤਾਂ ਨਹੀਂ ਹੈ ਪਰ ਬੇਨਤੀ ਜਾਰੀ ਹੈ ਜੋ ਅਕਾਲ ਪੁਰਖ ਦਇਆ ਕਰੇ, ਪਰ ਜੀ ਦੀ ਖੁੱਸਣ ਨਹੀਂ ਮਿਟਦੀ। ਕੀਹ ਕਿਸੇ ਸੱਜਣ ਨੂੰ ਅੰਮ੍ਰਿਤਸਰ ਭੇਜ ਕੇ ਖ਼ਬਰ ਨਾ ਮੰਗਾਈ ਜਾਵੇ ਜੋ ਧੀਰਜ ਆ ਜਾਵੇ?'

ਨਰੈਣਦਾਸ ਨੇ ਆਪਣੀ ਪੁੱਤ੍ਰੀ ਨੂੰ ਸਤਿਬਚਨ ਕਹਿਕੇ ਉਸ ਵੇਲੇ ਇਕ ਪ੍ਰੇਮੀ ਨੂੰ ਅੰਮ੍ਰਿਤਸਰ ਤੋਰਿਆ, ਪਰ ਸਭਨਾਂ ਨੂੰ ਸਮਝਾਇਆ ਕਿ ਤੁਸੀਂ ਤੌਖਲੇ ਦੇ ਘਰ ਨਾ ਜਾਓ। ਤੁਸੀਂ ਭਜਨ ਵਾਲਾ ਮਨ ਰਖਦੇ

SIKHBOOKCLUB.COM

ਹੋ ਗੁਰੂ ਜੀ ਨੂੰ ਉੱਚੀ ਖੁਸ਼ੀ ਦਾ ਮਾਲਕ ਤੇ ਸਮਰੱਥ ਹੀ ਵੇਖੋ। ਉਹ ਸਮਰੱਥ ਹਨ, ਸਮਰੱਥ ਕਰਕੇ ਤੱਕੋ। ਪੰਜਵੇਂ ਕੁ ਦਿਨ ਉਹ ਆਦਮੀ, ਜੋ ਖ਼ਬਰ ਸੁਰਤ ਲੈਣ ਗਿਆ ਸੀ, ਮੁੜਕੇ ਆ ਗਿਆ। ਕੀਹ ਖ਼ਬਰ ਲਿਆਇਆ ਕਿ ਭਾਈ ਬੁੱਢਾ ਆਦਿਕ ਮੁਖੀ ਮੁਖੀ ਸਿੱਖ ਦਿੱਲੀ ਟੁਰ ਗਏ ਹਨ। ਕਿਉਂਕਿ ਖ਼ਬਰ ਆਈ ਹੈ ਕਿ ਪਾਤਸ਼ਾਹ ਨੇ ਕਪਟ ਨਾਲ ਗੁਰੂ ਜੀ ਨੂੰ ਗਵਾਲੀਯਰ ਦੇ ਕਿਲ੍ਹੇ ਵਿਚ ਬੰਦ ਕਰ ਦਿੱਤਾ ਹੈ। ਮਾਤਾ ਗੰਗਾ ਜੀ ਨੇ ਵਿਆਕੁਲ ਹੋਕੇ ਸਾਰੇ ਸਿਆਣੇ ਕਰਨੀ ਵਾਲੇ ਪਿਆਰੇ ਤੋਰ ਦਿੱਤੇ ਹਨ। ਆਪ ਆਸਣ ਵਿਛਾ ਕੇ ਬੈਠ ਗਏ ਹਨ। ਅੱਠੀਂ ਪਹਿਰੀਂ ਚੌਲਾਂ ਦੀ ਪਿੱਛ ਪੀਂਦੇ ਹਨ ਤੇ ਅੱਠ ਪਹਿਰ ਧਿਆਨ ਜੋੜਕੇ ਬੈਠੇ ਰਹਿੰਦੇ ਹਨ। ਸਾਡੀ ਬੀਬੀ ਬੀ ਇਸੇ ਤਰ੍ਹਾਂ ਦੂਸਰੇ ਕਮਰੇ ਵਿਚ ਪ੍ਰਾਰਥਨਾ ਵਿਚ ਬੈਠੀ ਰਹਿੰਦੀ ਹੈ। ਹਰ ਸਿੱਖ ਦੇ ਮੂੰਹ ਤੇ ਇਹ ਵਾਕ ਹਨ ਕਿ ਹੁਣ ਮੁਗਲਾਂ ਦੇ ਰਾਜ ਦਾ ਤੇਜ ਉੱਨਾਂ ਚਿਰ ਤੱਕ ਨਹੀਂ ਉਤਰੇਗਾ ਜਿੰਨਾਂ ਕੁ ਖਿਆਲ ਸੀ। ਕਿਉਂਕਿ ਪਰਮੇਸ਼ੁਰ ਦੀਆਂ ਨਿਰਅਪ੍ਰਾਧ ਜੋਤਾਂ ਨਾਲ ਕਟਕ ਦੇ ਜ਼ੁਲਮ ਸ਼ੁਰੂ ਹੋ ਗਏ ਹਨ। ਪਾਤਸ਼ਾਹਾਂ ਦੇ ਦਿਲ ਵਿਚ ਤਅੱਸਬ ਨਹੀਂ ਚਾਹੀਦਾ, ਨਾ ਸੁਣੀ ਸੁਣਾਈ ਉਤੇ ਇਤਬਾਰ ਤੇ ਗੁੱਸੇ ਵਿਚ ਆਕੇ ਅਤਯਾਚਾਰ ਕਰਨਾ ਚਾਹੀਦਾ ਹੈ। ਜੋ ਪੂਰੀ ਤਰ੍ਹਾਂ ਨਿਆਂ ਨਹੀਂ ਕਰਦਾ ਉਹ ਪਾਤਸ਼ਾਹ ਜ਼ਾਲਮ ਹੈ। ਜੋ ਜ਼ੁਲਮ ਕਰਦਾ ਹੈ, ਪਰਜਾ ਉਸ ਤੋਂ ਦੁਖੀ ਹੋ ਜਾਂਦੀ ਹੈ। ਜਦ ਪਰਜਾ ਦੁੱਖ ਉਠਾਂਦੀ ਹੈ ਤਦ ਰਾਜ ਕਦੇ ਛੇਤੀ ਕਦੇ ਚਿਰਕਾ ਨਸ਼ਟ ਹੋ ਜਾਂਦਾ ਹੈ।

ਇਹ ਸਮਾਚਾਰ ਸੁਣਕੇ ਸਾਰੇ ਸਹਿਮ ਗਏ। ਸਾਰਿਆਂ ਦੇ ਮਨ ਪਰਮੇਸ਼ੁਰ ਦੇ ਭਾਣੇ ਦੇ ਉਦਾਲੇ ਭੰਬੀਰੀਆਂ ਵਾਂਙੂੰ ਭੌਂਦੇ ਹਨ ਪਰ ਪੈਰ ਟਿਕਦੇ ਨਹੀਂ। ਪ੍ਰੇਮ ਡੋਰ ਤੁਣੱਕੇ ਮਾਰਦੀ ਹੈ। ਕਦੇ ਸ਼ੁਕਰ ਕਰਦੇ ਹਨ ਕਿ ਵਾਹਿਗੁਰੂ ਨੇ ਜੋ ਕੁਝ ਕੀਤਾ ਹੈ, ਭਲਾ ਹੈ, ਸ਼ੁਕਰ ਕਰੋ! ਕਦੇ ਪਿਛਲੇ ਸਤਿਗੁਰਾਂ ਦੀਆਂ ਹੋਣੀਆਂ ਯਾਦ ਆ ਕੇ ਜੀ ਡੋਲਦਾ ਹੈ ਕਿ ਕਿਤੇ ਉਹੋ ਰੰਗ ਫੇਰ ਨਾ ਜੰਮੇ। ਅੱਗੇ ਤਾਂ ਲਾਹੌਰ ਸੀ, ਐਤਕੀਂ ਦੂਰ ਲੈ ਗਏ ਹਨ ਜੋ ਸਿੱਖ ਕਿਤੇ ਗੁੱਸਾ ਖਾਕੇ ਦੁੱਖ ਨਾ ਦੇਣ।

ਇਸ ਤਰ੍ਹਾਂ ਦੇ ਹਾਲ ਵਿਚ ਕੁਛ ਸਮਾਂ ਬੀਤਿਆ, ਪਿੰਡ ਵਿਚ ਸਾਰੇ ਇਹ ਖ਼ਬਰ ਧੁੰਮ ਗਈ। ਲੱਗੇ ਪਿਆਰੇ ਲਗਾਤਾਰ ਆਉਣ। ਲੌਢੇ ਪਹਿਰ ਦੇ ਸਤਿਸੰਗ ਦੇ ਮਗਰੋਂ ਦੀਵਾਨ ਵਿਚ ਏਹੋ ਚਰਚਾ ਛਿੜੀ ਕਿ ਕੀ ਕੀਤਾ ਜਾਵੇ? ਭਾਈ ਸਾਈਂ ਦਾਸ ਦੀ ਇਹ ਮਰਜ਼ੀ ਸੀ ਕਿ ਮੈਂ ਗਵਾਲੀਯਰ ਜਾਵਾਂ ਅਰ ਜੋ ਸੁਪਨੇ ਵਿਚ ਡਿੱਠਾ ਸੀ ਉਹੋ ਕਰਾਂ; ਜਾਂ ਤਾਂ ਪਿਆਰੇ ਨੂੰ ਛੁਡਾ ਲਿਆਵਾਂ ਜਾਂ ਜੋ ਬਣੇ ਸੋ ਝੱਲੀ ਜਾਵਾਂ। ਇਸ ਪਰ ਇਹ ਵੀਚਾਰ ਹੋਈ ਕਿ ਕੱਲਿਆਂ ਜਾਣਾ ਠੀਕ ਨਹੀਂ ਹੈ ਭਾਈ ਨਰੈਣਦਾਸ ਜੀ ਬੀ ਨਾਲ ਜਾਣ ਅਰ ਦਸ ਸਿੱਖ ਹੋਰ ਜਾਣ। ਸੋ ਕੁਛ ਪ੍ਰੇਮੀ ਤਾਂ ਏਧਰ ਤਿਆਰ ਹੋਏ ਤੇ ਦਸਾਂ ਨੇ ਇਹ ਜ਼ਿੰਮਾਂ ਲਿਆ ਕਿ ਅਸੀਂ ਬੀਬੀ ਰਾਮੋ ਤੇ ਮਾਈ ਪ੍ਰੇਮ ਦੇਈ ਨੂੰ ਦਮੋਦਰੀ ਤੇ ਸ੍ਰੀ ਮਾਤਾ ਗੰਗਾ ਜੀ ਪਾਸ ਛੱਡ ਆਵਾਂਗੇ, ਕਿਉਂ ਜੋ ਏਸ ਸੰਕਟ ਵਿਚ ਉਨ੍ਹਾਂ ਦੇ ਪਾਸ ਹੋਣਾ ਬਹੁਤ ਲੋੜੀਂਦਾ ਹੈ। ਭਾਵੇਂ ਗੁਰੂ ਕੇ ਘਰ ਕੋਈ ਕਮੀਂ ਨਹੀਂ ਹੈ ਪਰ ਪ੍ਰੀਤਮਾਂ ਦੇ ਦੁਖ ਵੇਲੇ ਪਿਆਰਿਆਂ ਤੋਂ ਕਦ ਸੁਖ ਨਾਲ ਘਰ ਬੈਠਾ ਜਾਂਦਾ ਹੈ? ਇਹ ਸਲਾਹ ਪੱਕੀ ਹੋਕੇ ਅਗਲੇ ਦਿਨ ਪਿੰਡ ਦੀ ਚਹਿਲ ਪਹਿਲ ਤੁਰ ਗਈ। ਸਤਿਸੰਗ ਦੇ ਮੁਕਟ ਮਣੀ ਤਾਂ ਗਵਾਲੀਅਰ ਨੂੰ ਤੁਰ ਗਏ ਤੇ ਮੋਤੀ ਬੀਬੀ ਦਮੋਦਰੀ ਪਾਸੇ। ਪਿਛੇ ਜੋ ਪ੍ਰੇਮੀ ਰਹੇ ਸਭ ਨੇ ਕੰਮ ਕਾਜ ਘਟਾਕੇ ਦੋ ਦੋ, ਤ੍ਰੈ ਤ੍ਰੈ ਪਹਿਰ ਧਰਮਸਾਲ ਵਿਚ ਰਹਿਣਾ। ਅਰਦਾਸੇ ਕੀਰਤਨ ਕਰਨੇ ਤੇ ਪਾਠ ਕਰਨੇ। ਇਕ ਭੋਗ ਪਵੇ ਦੂਸਰਾ ਅੱਗੋਂ ਧਰ ਦਿੱਤਾ ਜਾਵੇ।

ਜਦੋਂ ਰਾਮੋ ਤੇ ਪ੍ਰੇਮ ਦੇਵੀ ਮਾਤਾ ਗੰਗਾ ਜੀ ਤੇ ਦਮੋਦਰੀ ਪਾਸ ਪਹੁੰਚੀਆਂ ਤਦ ਮੂੰਹੋਂ ਕੀ ਕਹਿੰਦੀਆਂ? ਮੱਥਾ ਟੇਕ ਤੇ ਹਥ ਜੋੜ ਕੇ ਬੈਠ ਗਈਆਂ ਤੇ ਨੇਤ੍ਰਾਂ ਵਿਚ ਜਲ ਆ ਗਏ, ਬੱਸ! ਇੰਨਾਂ ਸੀ ਦੁਖ ਵੰਡਣ ਦਾ ਵਖਿਆਨ ਜੋ ਪ੍ਰੇਮ ਵਿੰਨ੍ਹੀਆਂ ਦੇ ਸਕੀਆਂ। ਮਾਤਾ ਗੰਗਾ ਵਾਸਤੇ ਇਹ ਕਾਫੀ ਸੀ ਸਮਝਣ ਲਈ ਕਿ ਗੁਰੂ ਕੰਵਲ ਤੋਂ ਨਿਛਾਵਰ ਹੋਣ ਵਾਲੇ ਹੋਰ ਭੌਰੇ ਆਏ ਹਨ। ਪਤਿਬ੍ਰਤ ਧਰਮ ਧੀਰਜ ਤੇ ਆਤਮ ਜੀਵਨ ਦੀ ਨਿਪੁਨ ਮਾਤਾ ਜੀ ਲਈ ਇਹ ਸਮਾਂ ਅਚਰਜ ਸੀ। ਆਪਨੇ ਪ੍ਰਾਨਾਂ ਤੋਂ ਪਿਆਰੇ ਪਤੀ ਜੀ ਦਾ ਅਜਰ ਸਾਕਾ ਜਰ ਚੁਕੀ ਹੈ। ਹੁਣ ਇਕਲੌਤੇ ਪੁੱਤ੍ਰ ਦੇ ਸਿਰ ਤੇ ਕਸ਼ਟਣੀ ਆਈ ਹੈ। ਰਾਮੋ ਦਾ ਅਤਿ ਵੈਰਾਗ ਵੇਖਕੇ ਮਾਤਾ ਨੇ ਕਿਹਾ, "ਬੀਬੀ ਜੀ! ਓਦਰੋ ਨਹੀਂ, ਪਰ

ਅਡੋਲ ਚਿੱਤ ਹੋਕੇ ਵਾਹਿਗੁਰੂ ਦਾ ਸਿਮਰਨ ਕਰੋ, ਸਾਡੇ ਸਤਿਗੁਰਾਂ ਦਾ ਵਾਲ ਵਿੰਗਾ ਨਹੀਂ ਹੈ। ਮੈਂ ਸਾਰੇ ਸੰਸਾਰਕ ਪ੍ਰਬੰਧ ਭੀ ਕਰ ਦਿੱਤੇ ਹਨ ਪਰ ਮੇਰਾ ਭਰੋਸਾ ਵਾਹਿਗੁਰੂ ਤੇ ਹੈ ਕਿ ਸਾਡੇ ਸਤਿਗੁਰਾਂ ਦਾ ਵਾਲ ਵਿੰਗਾ ਨਹੀਂ ਹੋਵੇਗਾ। ਜੇ ਮੈਂ ਮੋਟੀ ਮੱਤਿ ਕਰਾਂ ਤਾਂ ਮੇਰੇ ਜਿਹਾ ਦੁਖੀ ਸੰਸਾਰ ਵਿਚ ਐਸ ਵੇਲੇ ਕੋਈ ਨਹੀਂ ਹੈ, ਜਿਸਦਾ ਜਗਤ-ਗੁਰੂ ਪਤੀ ਐਸੇ ਭਾਣੇ ਝੱਲ ਕੇ ਇਸ ਅਵਸਥਾ ਵਿਚ ਪਰਲੋਕ ਸਿਧਾਰੇ ਤੇ ਜ਼ਿਸਦਾ ਜਗਤ ਗੁਰੂ ਪੁੱਤ੍ਰ ਉਸੇ ਹਾਲ ਵਿਚ ਪਹੁੰਚ ਪਵੇ, ਜਿਸ ਵਿਚ ਪਤੀ ਜੀ ਪਹੁੰਚੇ ਸੀ। ਪਰ ਪਿਆਰੀਓ! ਮੇਰੀ ਟੇਕ ਸ੍ਰੀ ਗੁਰੂ ਨਾਨਕ ਦੇਵ ਜੀ ਪਰ ਹੈ, ਮੈਂ ਲਾਲ ਜੀ ਨੂੰ ਪੁੱਤ੍ਰ ਕਰਕੇ ਨਹੀਂ ਸਮਝਦੀ। ਗੁਰੂ ਹਰਿਗੋਬਿੰਦ ਜੀ ਉਸੀ ਗੱਦੀ ਦੇ ਮਾਲਿਕ 'ਗੁਰੂ' ਹਨ, ਸੋ ਉਹ ਸਾਖਿਆਤ ਗੁਰੂ ਹਨ। ਪੁੱਤ੍ਰ ਬੀ ਹਨ, ਪਰ ਸਾਡੀ ਸਾਕਾਦਾਰੀ ਦਾ ਮਾਣ ਚੰਗਾ ਨਹੀਂ ਹੈ, ਸਾਡੇ ਵਿਚ ਗੁਰਿਆਈ ਦਾ ਸਿਦਕ ਚਾਹੀਏ। ਪੰਚਮ ਗੁਰੂ ਜੀ ਲਾਹੌਰ ਜਾਣ ਲੱਗੇ ਆਗਜਾ ਕਰ ਗਏ ਸੀ ਕਿ ਇਹ ਸਰੀਰ ਮੁੜੇਗਾ ਨਹੀਂ, ਪਰ ਛੇਵੇਂ ਸਤਿਗੁਰੂ ਜੀ ਕਹਿ ਗਏ ਹਨ ਕਿ ਕੋਈ ਹੋਣਹਾਰ ਸੁਣਕੇ ਡੋਲਣਾ ਨਹੀਂ, ਅਸੀਂ ਰਾਜ਼ੀ ਵਾਪਸ ਆਵਾਂਗੇ। ਸੋ ਸਤਿਗੁਰਾਂ ਦੇ ਵਾਕ ਅਟੱਲ ਹਨ, ਉਨ੍ਹਾਂ ਦਾ ਵਾਲ ਵਿੰਗਾ ਨਹੀਂ ਹੈ। ਭਾਈ ਬੁੱਢਾ ਜੀ ਓਧਰ ਗਏ ਹਨ, ਉਹ ਕੋਈ ਯੋਗ ਉਪਾਉ ਕਰਨਗੇ ਤੇ ਆਪਣੇ ਜਤਨ ਵਿਚ ਕਦੇ ਨਹੀਂ ਹਾਰਨਗੇ। ਸ੍ਰੀ ਗੁਰੂ ਜੀ ਸਮਰੱਥ ਹਨ, ਕੇਵਲ ਪਰਜਾ ਦਾ ਭਾਰ ਟਾਲਣ ਦੇ ਉਪਰਾਲੇ ਕਰ ਰਹੇ ਹਨ। ਸੰਸਾਰ ਦੇ ਸੁਖ ਵਾਸਤੇ ਹੀ ਪਿਆਰੇ ਗੁਰੂ ਨਾਨਕ ਜੀ ਰੂਪ ਵਟਾ ਵਟਾ ਕੇ ਆ ਰਹੇ ਹਨ। ਸੋ ਹੇ ਪਿਆਰੀ ਸੱਜਣੀਓਂ! ਡੋਲਨ ਦਾ ਸਮਾ ਨਹੀਂ ਪਰ ਅਡੋਲ ਹੋਕੇ ਗੁਰੂ ਜੀ ਦੇ ਧਿਆਨ ਵਿਚ ਜੁੜੇ ਰਹਿਣ ਦਾ ਹੈ। ਦੇਖੋ ਘੋਰ ਘਟਾਂ ਦੇ ਪੜਦੇ ਪਾੜਕੇ ਸੂਰਜ ਕਿਕੂੰ ਫੇਰ ਚਮਕਾਂ ਮਾਰਦਾ ਚੜ੍ਹਦਾ ਹੈ। ਮਾਂ ਦੀ ਮਮਤਾ ਮੇਰੇ ਕਲੇਜੇ ਵਿਚ ਭੀ ਖਿੱਚ ਮਾਰਦੀ ਹੈ, ਪਰ ਗੁਰੂ ਪਦ ਵਿਚ ਦਾ ਸਿਦਕ ਮੈਨੂੰ ਫੇਰ ਅਡੋਲਤਾ ਤੇ ਭਰੋਸੇ ਵੱਲ ਲੈ ਜਾਂਦਾ ਹੈ। ਹੇ ਗੁਰੂ ਦੇ ਪਿਆਰੇ ਸਿੱਖੋ! ਆਓ ਉਸ ਸਰਬ ਸਮਰੱਥ, ਕੌਤਕਹਾਰ ਤੇ ਸ੍ਰਿਸ਼ਟੀ ਦਾ ਭਾਰ ਉਤਾਰਨ ਵਾਲੇ ਸਤਿਗੁਰੂ ਦਾ ਧਿਆਨ ਕਰਕੇ ਸ੍ਰੀ ਕਰਤਾਰ ਨਿਰੰਕਾਰ ਦੇ ਚਰਨਾਂ ਵਿਚ ਅਰਦਾਸ ਕਰੀਏ। ਸਭਨਾਂ ਨੇ ਫੇਰ ਬੜੇ ਪ੍ਰੇਮ ਵਿਚ ਅਰਦਾਸ ਕੀਤੀ।

ਗੱਲ ਕੀਹ ਜੋ ਕੋਈ ਪਿਆਰਾ ਸਿੱਖ ਸੰਗੀ ਆਇਆ। ਮਾਤਾ ਦੇ ਇਸ ਤਰ੍ਹਾਂ ਦੇ ਉਪਦੇਸ਼ਾਂ ਨੇ ਸਭ ਨੂੰ ਪਰਮੇਸ਼ੁਰ ਦੇ ਸਿਮਰਨ ਅਰ ਧਿਆਨ ਵਿਚ ਜੋੜ ਦਿੱਤਾ।

ਕੁਛ ਸਮਾਂ ਏਸ ਤਰ੍ਹਾਂ ਬੀਤ ਗਿਆ। ਭਾਈ ਸਾਈਂਦਾਸ ਤੇ ਨਰੈਣ ਦਾਸ ਜੀ, ਜੋ ਤਿੱਖੇ ਘੋੜੇ ਲੈਕੇ ਵਾਹੋਦਾਹੀ ਮੰਜ਼ਲਾਂ ਕੱਟਦੇ ਗਵਾਲੀਅਰ ਪਹੁੰਚੇ ਸੇ, ਹੁਣ ਮੁੜ ਆਏ ਸੇ। ਇਨ੍ਹਾਂ ਦੇ ਆਇਆਂ ਸਭ ਨੂੰ ਠੰਢ ਪੈ ਗਈ। ਪਰਵਾਰ ਵਿਚ ਤਾਂ ਸਾਰਾ ਹਾਲ ਆਉਂਦੇ ਸਾਰ ਦੱਸਿਆ ਪਰ ਸੰਗਤ ਨੂੰ, ਜੋ ਬਹੁਤ ਜੁੜ ਰਹੀ ਸੀ ਅਰ ਪਪੀਹੇ ਵਤ ਗੁਰੂ ਸੋਇ ਦੀ ਸ੍ਵਾਂਤਿ ਬੂੰਦ ਨੂੰ ਤਰਸ ਰਹੀ ਸੀ, ਦੀਵਾਨ ਵਿਚ ਰਹਿਰਾਸ ਦੇ ਭੋਗ ਪਏ, ਸਾਰਾ ਹਾਲ ਇਉਂ ਸੁਣਾਇਆ:-

ਸਾਧ ਸੰਗਤ ਜੀ! ਗੁਰੂ ਜੀ ਦੇ ਕੌਤਕ ਅਸਚਰਜ ਹਨ। ਅਸੀਂ ਅਲਪੱਗ ਜੀਵ ਉਨ੍ਹਾਂ ਦੇ ਖੇਲਾਂ ਨੂੰ ਨਹੀਂ ਸਮਝਦੇ। ਅਸੀਂ ਤਾਂ ਉਨ੍ਹਾਂ ਦਾ ਕਿਲ੍ਹੇ ਵਿਚ ਬੰਦ ਹੋਣਾ ਸੁਣਕੇ ਅਤਿ ਡਰ ਗਏ ਸੇ, ਪਰ ਗੁਰੂ ਜੀ, ਜੋ ਆਏ ਹੀ ਲੋਕਾਂ ਦੇ ਉਧਾਰ ਵਾਸਤੇ ਹਨ, ਹਰ ਕੌਤਕ ਵਿਚ ਜਗਤ ਦਾ ਉਧਾਰ ਕਰਦੇ ਹਨ। ਕਿਸੇ ਨੂੰ ਸੰਕਲਪ ਮਾਤ੍ਰ ਨਾਲ ਤਾਰਦੇ ਹਨ, ਕਿਸੇ ਨੂੰ ਦ੍ਰਿਸ਼ਟੀ ਮਾਤਰ ਨਾਲ, ਕਿਸੇ ਨੂੰ ਰਸਨਾ ਨਾਲ ਨਿਹਾਲ ਕਰਦੇ ਹਨ, ਕਿਸੇ ਨੂੰ ਉਪਕਾਰ ਕਰਕੇ, ਕਿਸੇ ਲਈ ਖੜਗ ਧਾਰਦੇ ਹਨ ਤੇ ਕਿਸੇ ਲਈ ਆਪ ਬੰਦੀ ਵਿਚ ਪੈ ਜਾਂਦੇ ਹਨ। ਪਾਤਸ਼ਾਹ ਤਾਂ ਆਪਣੇ ਰਾਜ ਦੇ ਫਿਕਰ ਵਿਚ ਸੱਚ ਤੋਂ ਮੂੰਹ ਮੋੜਕੇ ਚਾਲਾਂ ਨਾਲ ਨਾਤਾ ਜੋੜਦੇ ਹਨ ਪਰ ਸਾਈਂ ਲੋਕ ਆਪਣਾ ਕਾਰਜ ਸੱਚ ਤੇ ਪ੍ਰੇਮ ਨਾਲ ਕਰਦੇ ਹੀ ਤੁਰੇ ਜਾਂਦੇ ਹਨ। ਗੁਵਾਲੀਅਰ ਦਾ ਕਿਲ੍ਹਾ ਇਕ ਤਰ੍ਹਾਂ ਦਾ ਰਾਜਸੀ ਬੰਦੀ ਘਰ ਬਣ ਗਿਆ ਹੈ। ਉਥੇ ਰਾਜੇ, ਮਹਾਰਾਜੇ, ਅਮੀਰ, ਜਗੀਰਦਾਰ ਜੋ ਪਾਤਸ਼ਾਹੀ ਕਹਿਰ ਹੇਠ ਆਉਂਦੇ ਹਨ, ਬੰਦ ਕੀਤੇ ਜਾਂਦੇ ਹਨ ਅਰ ਅਕਸਰ ਲੋਕ ਬੇਗੁਨਾਹ ਉਥੇ ਕੈਦ ਹਨ। ਫੇਰ ਕਿਹਾ ਤਾਂ ਇਹ ਜਾਂਦਾ ਹੈ ਕਿ ਉਨ੍ਹਾਂ ਲਈ ਸਾਰੇ ਆਰਾਮ ਦੇ ਸਾਮਾਨ ਓਥੇ ਹਨ ਅਰ ਓਹ ਕੈਦ ਨਹੀਂ ਹਨ ਕੇਵਲ ਨਜ਼ਰਬੰਦ ਹਨ, ਪਰ ਅਸਲ

SIKHBOOKCLUB.COM

ਹੈ ਕਿ ਉਹ ਧੋਖੇ ਨਾਲ ਮਾਰੇ ਪਏ ਹਨ, ਉਨ੍ਹਾਂ ਦੀ ਦਸ਼ਾ ਕੈਦੀਆਂ ਨਾਲੋਂ ਬੁਰੀ ਹੈ। ਓਥੇ ਅਪ੍ਰਾਧੀ ਲੋਕ ਨਹੀਂ ਹਨ, ਪਰ ਕੇਵਲ ਓਹ, ਜਿਨ੍ਹਾਂ ਪਰ ਪਾਤਸ਼ਾਹ ਨੂੰ ਕੋਈ ਝੂਠਾ ਸੱਚਾ ਸ਼ੱਕ ਪੈ ਗਿਆ ਹੋਵੇ। ਓਹ ਸ਼ੱਕ ਦੂਰ ਕਰਨ ਦੇ ਸਮੇਂ ਤਕ ਕੈਦ ਕੀਤੇ ਜਾਂਦੇ ਹਨ, ਪਰ ਫੇਰ ਕੋਈ ਨਹੀਂ ਪੁੱਛਦਾ ਕਿ ਕੀਹ ਹੋਇਆ ਤੇ ਕੀਹ ਬਣੇਗਾ, ਵਿਚਾਰੇ ਓਥੇ ਹੀ ਸੜ ਸੜ ਮਰਦੇ ਹਨ। ਕਿਸੇ ਵਜ਼ੀਰ ਅਮੀਰ ਨੇ ਕਿਸੇ ਤੋਂ ਬਦਲਾ ਲੈਣਾ ਹੋਵੇ, ਤਦ ਪਾਤਸ਼ਾਹ ਨੂੰ ਕਿਸੇ ਫਰੇਬ ਵਿਚ ਲਿਆਕੇ ਵੈਰੀ ਨੂੰ ਗੁਵਾਲੀਅਰ ਭਿਜਵਾ ਦਿੱਤਾ, ਬੱਸ ਫੇਰ ਕਿਨ ਸੁਧ ਲੈਣੀ ਹੈ? ਉਥੋਂ ਦੇ ਦੁਖ ਕਹੇ ਨਹੀਂ ਜਾਂਦੇ। ਬੜੇ ਬੜੇ ਅਮੀਰਾਂ ਦੇ ਪੁੱਤ੍ਰ, ਮਾਵਾਂ ਦੇ ਇਕਲੌਤੇ ਲਾਲ, ਭੈਣਾਂ ਦੇ ਨਿਰਦੋਸ਼ ਵੀਰ ਤੇ ਇਸਤ੍ਰੀਆਂ ਦੇ ਪ੍ਰਾਣ ਪਿਆਰੇ ਪਤੀ ਵਰਿਹਾਂ ਤੋਂ ਵਿਛੁੜੇ ਪਏ ਵਿਲਪ ਰਹੇ ਹਨ। ਕਪੜੇ ਉਨ੍ਹਾਂ ਦੇ ਮੈਲੇ, ਅੰਨ ਮੋਟਾ ਤੇ ਕਿਲ੍ਹੇ ਤੋਂ ਬਾਹਰ ਨਿਕਲਨਾ ਬੰਦ ਹੈ। ਐਸੇ ਮਹਾਂ ਸੰਕਟ ਵਿਚ ਫਸੇ ਨਿਰਦੋਸ਼ੀਆਂ ਦੀ ਕਲਿਆਣ ਨਮਿੱਤ ਸਾਡੇ ਗੁਰੂ ਗੁਸਾਈਂ ਆਪ ਬੰਦੀ ਵਿਚ ਪਏ ਹਨ। ਜਿਕੂੰ ਸਚਖੰਡ ਵਿਚੋਂ ਸਾਡਾ ਉਧਾਰ ਕਰਨ ਵਾਸਤੇ ਮਨੁੱਖ ਬਣਕੇ ਮਾਤਲੋਕ ਵਿਚ ਆਏ, ਏਸੇ ਤਰ੍ਹਾਂ ਮਾਤਲੋਕ ਵਿਚ ਦੀ ਖੁੱਲ੍ਹ ਦੇ ਮੰਡਲ ਵਿਚੋਂ ਨਿਕਲ ਕੇ ਗੁਵਾਲੀਅਰ ਦੇ ਬੰਦੀ ਘਰ ਵਿਚ ਬੰਦੀ ਹੋਕੇ ਪਹੁੰਚੇ ਹਨ। ਸਭ ਤੋਂ ਪਹਿਲੇ ਤਾਂ ਕਿਲੇ ਦੇ ਕਿਲ੍ਹੇਦਾਰ ਹਰਿਦਾਸ ਨੂੰ ਸੁਮੱਤ ਬਖਸ਼ੀ ਨੇ ਤੇ ਉਸਦੇ ਆਤਮਾ ਵਿਚ ਇਨਸਾਫ ਤੇ ਦਇਆ ਦਾ ਭਾਵ ਭਰਿਆ ਨੇ। ਹੁਣ ਉਸਦੇ ਮਨ ਪਰਮੇਸ਼ੁਰ ਦਾ ਭੈ ਪਿਆ ਹੈ ਅਰ ਉਹ ਸਮਝਦਾ ਹੈ ਕਿ ਜੋ ਦੁੱਖ ਇਨ੍ਹਾਂ ਬੰਦੀਆਂ ਨੂੰ ਹੈ ਜੇ ਮੈਂ ਬੰਦੀ ਵਿਚ ਹੋਵਾਂ ਤਦ ਇਸ ਦੁੱਖ ਨੂੰ ਕੀਹ ਸਮਝਾਂ? ਇਸ ਤਰ੍ਹਾਂ ਦੇ ਉਪਦੇਸ਼ਾਂ ਤੇ ਗੁਰੂ ਜੀ ਦੀ ਮੇਹਰ ਨਾਲ ਉਸਨੂੰ ਸਮਝ ਆ ਗਈ ਹੈ, ਉਹ ਸਿਮਰਨ ਵਲ ਲਗ ਪਿਆ ਹੈ ਤੇ ਦਇਆ ਬੀ ਉਸ ਵਿਚ ਆ ਗਈ ਹੈ। ਹੁਣ ਉਥੋਂ ਦੇ ਕੈਦੀ ਦੁਖੀ ਦਲਿੱਦ੍ਰੀ ਨਹੀਂ ਹਨ, ਪਰ ਸੁਥਰੇ ਰਹਿਣ ਵਾਲੇ ਅਮੀਰਾਂ ਦੇ ਪੁੱਤ੍ਰ ਹਨ ਤੇ ਕਿਸੇ ਬਾਤ ਦੀ ਤੰਗੀ ਨਹੀਂ ਹੈ। ਪਰ ਉਨ੍ਹਾਂ ਦੇ ਮਨ ਕਠੋਰ ਤੇ ਸੰਸਾਰਕ ਸਨ ਤੇ ਉਤੋਂ ਪੈ ਗਈ ਸਰੀਰ ਦੀ ਕੈਦ, ਸੋ ਸਤਿਗੁਰ ਦੋਹਾਂ ਦਾ ਦਾਰੂ ਕਰ ਰਹੇ ਹਨ। ਰੋਜ਼ ਦੀਵਾਨ ਲਗਦਾ ਹੈ, ਮਹਾਰਾਜ ਜੀ ਅੰਮ੍ਰਿਤ ਵਰਖਾ ਕਰਦੇ ਹਨ, ਕੀਰਤਨ ਹੁੰਦਾ ਹੈ, ਜਿਸਦੇ ਕਿ ਅਸਰ ਨਾਲ ਸਾਰੇ ਲੋਕਾਂ ਦੇ ਮਨ ਸਾਫ ਹੋ ਰਹੇ ਹਨ। ਗੁਰੂ ਜੀ ਕਹਿੰਦੇ ਹੀ ਨਹੀਂ, ਸਗੋਂ ਕਰਕੇ ਦਿਖਾਉਂਦੇ ਹਨ। ਕਿਲ੍ਹੇ ਵਿਚ ਜਾਕੇ ਸਤਿਗੁਰਾਂ ਨੇ ਤ੍ਰੈ ਦਿਨ ਅੰਨ ਨਹੀਂ ਖਾਧਾ, ਕਿਹਾ ਕਿ ਇਹ ਜ਼ੁਲਮ ਨਾਲ ਕੱਠੀ ਕ਼ੀਤੀ ਹੋਈ ਰਾਜ-ਅੰਸ਼ ਹੈ। ਇਸ ਤਰ੍ਹਾਂ ਪਹਿਲੇ ਸਤਿਗੁਰਾਂ ਨੇ ਮਲਕ ਭਾਗੋ ਦੀ ਰਾਜ ਅੰਸ਼ ਅੰਗੀਕਾਰ ਨਹੀਂ ਸੀ ਕੀਤੀ ਪਰ ਭਾਈ ਲਾਲੋ ਦਾ ਕੋਧਰਾ ਖਾਧਾ ਸੀ, ਤਿਵੇਂ ਸਤਿਗੁਰਾਂ ਨੇ ਇਥੇ ਰਾਜਸੀ ਅੰਨ, ਜਿਨ੍ਹਾਂ ਵਿਚ ਗ਼ਰੀਬਾਂ ਦੇ ਲਹੂ ਦਾ ਰੰਗ ਭਰਿਆ ਪਿਆ ਹੈ, ਨਹੀਂ ਖਾਧਾ। ਅੰਤ ਜਦ ਭਾਈ ਜੇਠੇ ਪਿਰਾਣੇ ਨੇ ਅਤਿ ਬੇਨਤੀ ਕੀਤੀ ਤਦ ਸਤਿਗੁਰਾਂ ਨੇ ਕਿਹਾ ਕਿ ਤੁਸੀਂ ਜਾਕੇ ਦਸਾਂ ਨਵ੍ਹਾਂ ਦੀ ਮਿਹਨਤ ਕਰਕੇ ਮਜ਼ਦੂਰੀ ਦੇ ਪੈਸੇ ਕਮਾਓ, ਉਸਦਾ ਅੰਨ ਬਣਾਓ, ਆਪ ਬੀ ਛਕੋ ਤੇ ਅਸੀਂ ਬੀ ਛਕਾਂਗੇ। ਸੋ ਦੋਵੇਂ ਪ੍ਰੇਮੀ ਸ਼ਹਿਰ ਜਾਕੇ ਕਿਰਤ ਕਰਦੇ ਹਨ ਅਰ ਕਿਰਤ ਦਾ ਸੁੱਚਾ ਭੋਜਨ-ਦੁੱਧ ਦੀਆਂ ਧਾਰਾਂ ਵਾਲਾ ਭੋਜਨ-ਲਿਆਕੇ ਛੇਵੇਂ ਗੁਰੂ ਨਾਨਕ ਨੂੰ ਛਕਾਉਂਦੇ ਹਨ। ਇਸ ਕਰਨੀ ਨੂੰ ਵੇਖਕੇ ਸਭ ਲੋਕ ਅਸਚਰਜ ਹਨ। ਉਨ੍ਹਾਂ ਦੀ ਰਹਿਣੀ ਬਹਿਣੀ ਤੇ ਆਤਮ ਸਤਜਾ ਨੂੰ ਵੇਖਕੇ ਸਾਰੇ ਨਿਸ਼ਚੇ ਵਿਚ ਆ ਗਏ ਹਨ ਕਿ ਗੁਰੂ ਜੀ ਐਸੇ ਸੰਕਟ ਵਿਚ ਬੀ ਆਪਣੇ ਅਸੂਲਾਂ ਤੋਂ ਨਹੀਂ ਡਿਗਦੇ। ਮਹਾਰਾਜ ਜੀ ਨੇ ਉਨ੍ਹਾਂ ਸਰਦਾਰਾਂ ਅਮੀਰਾਂ ਨੂੰ ਦੱਸ ਦਿੱਤਾ ਹੈ ਕਿ ਜੋ ਮਾਇਆ ਤੁਹਾਡੇ ਪਾਸ ਹੈ ਏਹ ਪਰਜਾ ਦੀ ਹੈ, ਤੁਹਾਡੀ ਨਹੀਂ ਹੈ। ਤੁਸੀਂ ਏਸ ਨੂੰ ਆਪਣੀ ਸਮਝਦੇ ਹੋ, ਪਰ ਇਹ ਪਰਾਈ ਹੈ। ਜਿਤਨੇ ਕਲੇਸ਼ ਤੁਹਾਨੂੰ ਹਨ, ਇਸ ਪਰਾਈ ਨੂੰ ਆਪਣੀ ਕਰਨ ਦੇ ਹਨ। ਜੇ ਤੁਸੀਂ ਪਰਜਾ ਦੇ ਸੇਵਕ ਬਣੋ ਅਰ ਪਰਜਾ ਦਾ ਧਨ ਪਰਜਾ ਤੋਂ ਨਾ ਖੋਹਵੋ ਤੇ ਜੋ ਹਾਲੇ ਦਾ ਉਨ੍ਹਾਂ ਤੋਂ ਲਵੋ ਉਨ੍ਹਾਂ ਦੇ ਸੁਖਾਂ ਵਿਚ ਖਰਚ ਕਰੋ ਤਦ ਤੁਹਾਡੀ ਆਤਮਾ ਸੁਖੀ ਹੋਵੇ ਅਰ ਪਰਜਾ ਬੀ ਸੁਖੀ ਵਸੇ। ਜਿਸ ਸਲੂਕ ਤੋਂ ਤੁਸੀਂ ਏਥੇ ਹੋ ਤੇ ਦੁਖੀ ਹੋ ਸਮਝ ਲਓ ਕਿ ਤੁਹਾਡੇ ਐਸੇ ਸਲੂਕਾਂ ਤੋਂ ਤੁਹਾਡੀ ਪਰਜਾ ਤੁਹਾਡੇ ਵਾਂਙੂ ਦੁਖੀ ਹੁੰਦੀ ਹੋਵੇਗੀ।

ਜੇ ਤੁਹਾਨੂੰ ਦੇਸ਼ ਦੇ ਸ਼ਹਿਨਸ਼ਾਹ ਤੇ ਰੋਸ ਹੈ ਤਦ ਸਮਝ ਲਵੋ ਕਿ ਤੁਹਾਡੇ ਬੁਰੇ ਸਲੂਕ ਤੋਂ ਤੁਹਾਡੀ ਪਰਜਾ ਨੂੰ ਤੁਹਾਡੇ ਤੇ ਰੋਸ ਹੁੰਦਾ ਹੋਊ। ਫੇਰ ਜਦ ਇਹ ਗਲ ਹੈ ਤਦ ਤੁਸੀਂ ਕਿਉਂ ਨਾ ਦੂਸਰਿਆਂ ਨਾਲ ਨੇਕ ਸਲੂਕ ਕਰੋ? ਜਦ ਤੁਹਾਡਾ ਜੀ ਸੁਖ ਲੈਣਾ ਲੋਚਦਾ ਹੈ, ਤਦ ਸਭ ਦਾ ਸੁਖ ਨੂੰ ਲੋਚਦਾ ਹੈ। ਤੁਸੀਂ ਆਪ ਤਾਂ ਸੁਖ ਲੈਣ ਦੀ ਇੱਛਾ ਰਖਦੇ ਹੋ ਤੇ ਦੇਂਦੇ ਦੁਖ ਹੋ, ਕੀਹ ਤੁਸੀਂ ਵਿਹੁ ਨਹੀਂ ਬੀਜਦੇ ਤੇ ਅੰਮ੍ਰਿਤ ਵੱਢਣ ਦੀ ਆਸ ਕਰਨ ਵਿਚ ਭੁੱਲ ਨਹੀਂ ਕਰਦੇ?

ਇਸ ਪ੍ਰਕਾਰ ਦੇ ਉਪਦੇਸ਼ ਹੁੰਦੇ ਰਹਿੰਦੇ ਹਨ ਜਿਨ੍ਹਾਂ ਦਾ ਅਸਰ ਇਹ ਪਿਆ ਹੈ ਕਿ ਸਭ ਕੈਦੀਆਂ ਦੀ ਮੂਰਖਤਾ ਦੇ ਛੌੜ ਕੱਟੇ ਗਏ ਹਨ। ਸਭ ਤਰਸਦੇ ਹਨ ਕਿ ਇਕ ਵੇਰੀ ਛੁਟਕਾਰਾ ਮਿਲੇ ਤਦ ਆਪਣੇ ਆਪਣੇ ਇਲਾਕਿਆਂ ਵਿਚ ਦਿਲੋਂ ਸੰਨਿਆਸੀ ਹੋਕੇ ਰਾਜ ਕਰੀਏ ਅਰ ਪਰਜਾ ਨੂੰ ਉਹ ਸੁਖ਼ ਦੇਈਏ ਕਿ ਦੁੱਖ ਦਾ ਨਾਉਂ ਨਾ ਰਹੇ।

ਸੋ ਪਿਆਰਿਓ! ਐਡੇ ਕਰੜੇ ਕਿਲ੍ਹੇ ਦੇ ਦਰੋਗੇ ਹਰਦਾਸ ਦਾ ਜੀਵਨ ਸੁਧਾਰ ਦੇਣਾ, ਹਜ਼ਾਰਾਂ ਨਿਰਅਪਰਾਧ ਲੋਕਾਂ ਦਾ ਭਲਾ ਕਰਨਾ ਹੈ। ਫੇਰ ਕੈਦੀਆਂ ਨੂੰ ਸੱਚੀ ਜ਼ਿੰਦਗੀ ਵਿੱਚ ਜਨਮ ਦੇਣਾ ਕਿਤਨੇ ਜੀਵਾਂ ਦਾ ਭਲਾ ਹੈ, ਜਿਨ੍ਹਾਂ ਨੂੰ ਉਨ੍ਹਾਂ ਨਾਲ ਵਾਹ ਪੈਣਾ ਹੈ। ਫੇਰ ਦੇਖੋ ਸਤਿਗੁਰੂ ਜੀ ਇਸ ਆਸ਼ਯ ਵਿਚ ਬੈਠੇ ਹਨ ਕਿ ਜਦ ਤਕ ਪਾਤਸ਼ਾਹ ਸਾਰੇ ਕੈਦੀਆਂ ਨੂੰ ਨਾ ਛੱਡੇ ਅਸੀਂ ਏਥੋਂ ਨਹੀਂ ਨਿਕਲਣਾ। ਅਸੀਂ ਸੁਆਰਥੀ ਨਹੀਂ ਹਾਂ, ਜੋ ਆਪਣੇ ਛੁਟਕਾਰੇ ਦੇ ਪਿਆਰੇ ਹਾਂ। ਅਸੀਂ ਤਾਂ ਦੁਖ ਨਹੀਂ ਦੇਖ ਸਕਦੇ। ਇਥੇ ਅਸੀਂ ਆਏ ਹਾਂ, ਅਸੀਂ ਚਾਹੁੰਦੇ ਹਾਂ ਕਿ ਇਥੋਂ ਦਾ ਦੁਖ ਦੂਰ ਹੋਵੇ ਨਾ ਕਿ ਅਸੀਂ ਨਿਰੇ ਏਸ ਦੁੱਖ ਤੋਂ ਛੁਟ ਜਾਈਏ ਤੇ ਹੋਰ ਫਸੇ ਰਹਿਣ। ਇਹ ਗਲ ਸਾਰੇ ਰਾਜਸੀ ਕੈਦੀਆਂ ਨੂੰ ਪਤਾ ਹੈ ਤੇ ਗੁਰੂ ਜੀ ਨੂੰ ਓਹ 'ਬੰਦੀ ਛੋੜ' ਕਹਿਣ ਲਗ ਪਏ ਹਨ*।

ਭਾਈ ਬੁੱਢਾ ਜੀ ਨੂੰ ਗੁਰੂ ਜੀ ਨੇ ਆਪਣੀ ਸੈਨਾ ਤੇ ਘੋੜਿਆਂ ਸਮੇਤ ਦਿੱਲੀ ਛੱਡਿਆ ਹੈ ਕਿ ਜਦੋਂ ਤਕ ਨਾ ਸੱਦਾਂਗੇ ਤਦੋਂ ਤਕ ਉਥੇ ਹੀ ਠਹਿਰੇ। ਦਾਸਾਂ ਨੂੰ ਆਗਯਾ ਹੋਈ ਸੀ ਕਿ ਛੇਤੀ ਅੰਮ੍ਰਿਤਸਰ ਜਾਵੋ, ਮਾਤਾ ਜੀ, ਸਭ ਸਿੱਖ ਸੰਗਤ, ਪਰਿਵਾਰ ਨੂੰ ਧੀਰਜ ਦਿਓ ਕਿ ਅਸੀਂ ਸਹੀ ਸਲਾਮਤ ਆਵਾਂਗੇ, ਫਿਕਰ ਨਾ ਕਰੋ। ਸੋ ਹੇ ਪਿਆਰੇ ਮਿੱਤ੍ਰੋ ਤੇ ਵਡੇਰੇ ਸਜਣੋਂ! ਸਤਿਗੁਰਾਂ ਦੇ ਕੌਤਕਾਂ ਪਰ ਘਬਰਾਉਣ ਦੀ ਥਾਂ ਨਹੀਂ, ਉਨ੍ਹਾਂ ਦਾ ਹਰ ਖੇਲ ਐਸਾ ਪ੍ਰਯੋਜਨ ਵਾਲਾ ਹੁੰਦਾ ਹੈ ਕਿ ਅਸੀਂ ਸਮਝ ਨਹੀਂ ਸਕਦੇ ਅਰ ਆਪਣੀ ਅਲਪੱਗਤਾ ਦੇ ਕਾਰਨ ਛੇਤੀ ਹੀ ਘਾਬਰ ਜਾਂਦੇ ਹਾਂ ਤੇ ਡੋਲਦੇ ਹਾਂ। ਸ੍ਰੀ ਗੁਰੂ ਜੀ ਉਨ੍ਹਾਂ ਦੀਨ ਦੁਖੀਆਂ ਦੀ, ਜਿਨ੍ਹਾਂ ਦੀ ਸਾਰ ਲੈਣ ਵਾਲਾ ਕੋਈ ਨਹੀਂ ਸੀ, ਕਲਿਆਣ ਕਰਕੇ ਛੇਤੀ ਆਕੇ ਸਾਨੂੰ ਦਰਸ਼ਨ ਦੇਣਗੇ।

-੦-

ਮੁਸਾਫਰ ਕਥਾ ਸੁਣਕੇ ਸਤਿਗੁਰੂ ਦੇ ਜੀਵਨ ਦੀ ਪਵਿਤ੍ਰਤਾ ਤੇ ਪਰਉਪਕਾਰ ਪਰ ਅੱਥਰੂ ਭਰ ਆਇਆ ਤੇ ਇਸੇ ਰੰਗ ਵਿਚ ਡੇਰੇ ਚਲਾ ਗਿਆ। ਅਗਲੇ ਦਿਨ ਬਾਬਾ ਜੀ ਨੂੰ ਕਹਿਣ ਲੱਗਾ: ਜੀਓ! ਬਾਹਰ ਦੇ ਲੋਕਾਂ ਨੂੰ ਸਿੱਖ ਗੁਰੂ ਸਾਹਿਬਾਨ ਦੀਆਂ ਕਰਨੀਆਂ ਦਾ ਪਤਾ ਨਹੀਂ ਹੈ, ਨਹੀਂ ਤਾਂ ਜਗਤ ਇਨ੍ਹਾਂ ਗੁਰਾਂ ਦੀ ਸ਼ਰਨ ਭੱਜ ਕੇ ਪਵੇ, ਤੁਸੀਂ ਕਿਉਂ ਜਗਤ ਨੂੰ ਨਹੀਂ ਦੱਸਦੇ?

ਬਾਬਾ-ਭਈ ਅਸੀਂ ਤਾਂ ਹੋਏ ਪੇਂਡੂ ਅਨਪੜ੍ਹ। ਤੁਸੀਂ ਹੁਣ ਸਭ ਕੁਛ ਦੇ ਜਾਣੂ ਹੋ ਰਹੇ ਹੋ, ਤੁਸੀਂ ਦੂਸਰੀਆਂ ਬੋਲੀਆਂ ਪੜ੍ਹੇ ਹੋ, ਤੁਸੀਂ ਇਹ ਕੰਮ ਕਰੋ ਨਾ।

ਮੁਸਾਫਰ-ਠੀਕ ਕਿਹਾ ਨੇ, ਮੈਂ ਤਾਂ, ਜ਼ਰਾ ਮੈਨੂੰ ਸੋਝੀ ਆ ਲਵੇ, ਸਾਰੇ ਪੱਲੂ ਫੇਰਾਂਗਾ।...ਬਾਬਾ ਜੀ! ਭਾਈ ਸਾਈਂਦਾਸ ਦੀ ਗਲ ਬਾਤ ਮੈਨੂੰ ਡਾਢੀ ਯਥਾਰਥ ਲੱਗੀ ਹੈ। ਕੀਕੂੰ ਅਮਲੀ ਤ੍ਰੀਕਾ ਦੱਸਿਆ ਨੇ ਉਸੇ ਫਜ਼ੂਲ ਬਹਿਸ ਤੋਂ ਛੁੱਟਣ ਦਾ, ਜੋ ਪੜ੍ਹਿਆਂ ਦੇ ਮਗਜ਼ਾਂ ਨੂੰ ਖਪਾਉਂਦੀ ਰਹਿੰਦੀ ਹੈ। ਭਲਾ ਬਾਬਾ ਜੀ ਸਾਈਂ ਦਾਸ ਜੀ ਥੱਕ ਕਿਉਂ ਗਏ ਤੇ ਉਦਾਸ ਕਿਉਂ ਹੋ ਗਏ ਸੇ?

ਬਾਬਾ-ਅਸਲ ਕਾਰਣ ਤਾਂ ਗੁਰੂ ਜਾਣੇ, ਪਰ ਜਾਪਦਾ ਇਹ ਹੈ ਕਿ ਜਦੋਂ ਅੰਦਰੋਂ ਬਾਹਰੋਂ ਸਰਲ ਤੇ ਸੱਚੇ ਆਦਮੀ ਕਿਸੇ ਨੂੰ ਸੁਮੱਤ ਦੇਂਦੇ ਹਨ ਤਾਂ

---

* ਅੰਤ ਐਸਾ ਹੀ ਹੋਇਆ ਸੀ ਕਿ ਸ੍ਰੀ ਗੁਰੂ ਜੀ ਦੇ ਯਤਨ ਨਾਲ ਸਾਰੇ ਕੈਦੀ ਛੁੱਟ ਗਏ ਸੀ। ਛੇਵੇਂ ਗੁਰਾਂ ਦਾ ਨਾਮ ਬੰਦੀ ਛੋੜ ਤਦ ਤੋਂ ਪਿਆ ਹੈ। ਗਵਾਲੀਅਰ ਦੇ ਕਿਲੇ ਵਿਚ ਅੱਜ ਤੱਕ ਇਕ ਥੜਾ ਜੇਹਾ ਦੱਸੀਦਾ ਹੈ, ਜਿਸ ਨੂੰ 'ਬੰਦੀ ਛੋੜ' ਦੀ ਜਗਾ ਦੱਸਦੇ ਹਨ।

SIKHBOOKCLUB.COM

ਉਹ ਨਿਰੀ ਮੱਤ ਨਹੀਂ ਹੁੰਦੀ, ਉਨ੍ਹਾਂ ਦੀ ਆਤਮ ਸਤਜਾ ਨਾਲ ਦਾਨ ਹੁੰਦੀ ਹੈ। ਉਨ੍ਹਾਂ ਨੂੰ ਸੁਭਾਵ ਹੁੰਦਾ ਹੈ ਏਕਾਗ੍ਰ ਰਹਿਣ ਦਾ ਤੇ ਇਸ ਤਰ੍ਹਾਂ ਦੇ ਲੰਮੇ ਵੀਚਾਰਾਂ ਵਾਲੇ ਉਪਦੇਸ਼ ਕਰਨ ਵਿਚ ਖਿੰਡਾਉ ਹੁੰਦਾ ਹੈ। ਸੁਰਤ ਏਕਾਗ੍ਰਤਾ ਵਿਚ ਸੁਖੀ, ਬਲਵਾਨ ਤੇ ਨਿਰਮਲ ਰਹਿੰਦੀ ਹੈ। ਖਿੰਡਾਉ ਵਿਚ ਕੁਛ ਬਲ ਘਟਦਾ ਤੇ ਧੂੜ ਜੇਹੀ ਭਾਸਦੀ ਹੈ, ਪਰ ਅਭਿਆਸੀ ਮਨ ਆਪਣੀ ਸਿਮਰਣ ਸ਼ਕਤੀ ਨਾਲ ਫੇਰ ਆਪਣੇ ਅੰਦਰਲੇ ਟਿਕਾਉ ਵਿਚ ਚਲੇ ਜਾਂਦੇ ਹਨ। ਇਸ ਕਰਕੇ ਹੁਕਮ ਹੈ ਅੰਦਰਲੀ ਓਟ ਸੰਭਾਲਣ ਵਾਲਿਆਂ ਅਰਥਾਤ ਏਕਾਗਰ ਚਿੱਤਾਂ ਨੂੰ-

ਜੇ ਕੋਊ ਅਪੁਨੀ ਓਟ ਸਮਾਰੈ॥
ਜੈਸਾ ਬਿਤੁ ਤੈਸਾ ਹੋਇ ਵਰਤੈ
ਅਪੁਨਾ ਬਲੁ ਨਹੀਂ ਹਾਰੈ॥

ਮੁਸਾਫਰ-ਠੀਕ ਹੈ, ਮੈਂ ਹੁਣ ਸਮਝਿਆ ਹਾਂ ਗਲ ਨੂੰ।

(ਖ)

ਨਿੱਕੀ ਨਿੱਕੀ ਫੁਹਾਰ ਪੈਕੇ ਹਟੀ ਹੈ। ਬੱਦਲਾਂ ਦੀ ਇਕ ਬੱਝਵੀਂ ਪੰਗਤਿ ਟੁੱਟਕੇ ਅਕਾਸ਼ ਦਾ ਨੀਲ ਅਨੇਕ ਥਾਈਂ ਧੋਤਾ ਹੋਯਾ ਸਾਫ ਨਿਖਰ ਆਯਾ ਤੇ ਇਸ ਦੀ ਚਮਕ ਦੀ ਛਬੀ ਵਿੱਚ ਡਲ੍ਹ ਡਲ੍ਹ ਕਰਦਾ ਨਿਕਲਿਆ ਚੰਦ੍ਰਮਾਂ ਸਾਰੇ ਚਾਂਦਨੀ ਪਸਾਰ ਰਿਹਾ ਹੈ। ਸਾਈਂਦਾਸ ਜੀ ਹਰਿਮੰਦਰ ਜੀ ਦੀ ਪਰਕਰਮਾਂ ਵਿਚ ਪ੍ਰਾਰਥਨਾ ਵਿਚ ਜੁੜੇ ਬੈਠੇ ਸੇ ਕਿ ਇਕ ਸਿੰਧੀ ਸਿੱਖ ਟੋਲਦਾ ਟੋਲਦਾ ਕੋਲ ਆ ਬੈਠਾ। ਜਦ ਆਪ ਦੇ ਨੇਤਰ ਖੁੱਲ੍ਹੇ ਤਦ ਆਖਣ ਲਗਾ: 'ਗੁਰੂ ਗੁਸਾਈਂ ਦੇ ਪਰਮ ਪ੍ਰੀਤਮ ਜੀ! ਦਾਸ ਦੀ ਇਕ ਬੇਨਤੀ ਹੈਂ।

ਸਾਈਂਦਾਸ-ਆਗਯਾ ਕਰੋ, ਸੱਜਣ ਜੀ!

ਸਿੰਧੀ-ਜਦੋਂ ਮੈਂ ਪੰਜਵੇਂ ਸਤਿਗੁਰਾਂ ਪਾਸ ਹਾਜ਼ਰ ਹੋਇਆ ਸੀ, ਤਦ ਉਨ੍ਹਾਂ ਨੇ ਆਗਯਾ ਕੀਤੀ ਸੀ ਕਿ ਤੇਰਾ ਬਿਵਹਾਰ ਕਿਸ ਤਰ੍ਹਾਂ ਦਾ ਹੈ? ਦਾਸ ਨੇ ਦੱਸਿਆ ਸੀ ਕਿ ਜੀ! ਖਾਣ, ਪੀਣ, ਪਹਿਨਣ, ਅਨੰਦ, ਹੁਲਾਸ ਮੌਜਾਂ ਮਾਣਨ ਜੋਗਾ ਪਦਾਰਥ ਬਹੁਤ ਹੈ ਅਰ ਇਨ੍ਹਾਂ ਵਿਚ ਹੀ ਕਾਲ ਬਿਤੀਤ ਹੁੰਦਾ ਹੈ। ਮੈਂ ਆਪਦੇ ਦਰਸ਼ਨਾਂ ਨੂੰ ਸ਼ਰਧਾ ਧਾਰਕੇ ਤਾਂ ਨਹੀਂ ਸਾਂ ਆਇਆ, ਕੁਛ ਦੇਖਾ ਦੇਖੀ, ਕੁਝ ਸੈਰ ਤੇ ਕੁਝ ਦੇਸ਼ ਦਾ ਤਮਾਸ਼ਾ ਸਮਝਕੇ ਆਇਆ ਸਾਂ, ਪਰ ਆਪ ਦੇ ਦਰਸ਼ਨ ਕਰਕੇ ਮੈਨੂੰ ਮੌਤ ਦਾ ਭੈ ਪੈ ਗਿਆ ਹੈ ਕਿ ਏਹ ਮੇਰੇ ਸੁਖ ਤੇ ਹੁਲਾਸ ਮੁੱਕ ਜਾਣੇ ਹਨ, ਮੌਤ ਨੇ ਏਥੇ ਸਦਾ ਲਈ ਨਹੀਂ ਠਹਿਰਨ ਦੇਣਾ, ਕੋਈ ਮੈਨੂੰ ਬੀ ਉਪਰਾਲਾ ਦੱਸੋ। ਤਦੋਂ ਸ੍ਰੀ ਗੁਰੂ ਜੀ ਨੇ ਕ੍ਰਿਪਾ ਕਰਕੇ ਮੈਨੂੰ ਆਗਯਾ ਕੀਤੀ ਕਿ ਪੁਰਖਾ! ਇਹ ਤੇਰੇ ਤੇ ਅਕਾਲ ਪੁਰਖ ਦੀ ਕ੍ਰਿਪਾ ਹੋਈ ਹੈ ਜੋ ਤੈਨੂੰ ਆਪਣੇ ਨਾ ਰਹਿਣ ਦੀ ਸੋਝੀ ਹੋ ਆਈ ਹੈ, ਪਰ ਹੁਣ ਜੇ ਤੂੰ ਇਹ ਚਾਹੁੰਦਾ ਹੈਂ ਕਿ ਤੇਰੀਆਂ ਮੌਜਾਂ ਸਦਾ ਰਹਿਣ ਤਦ ਇੱਕ ਭੇਦ ਸਮਝ। ਜੋ ਭੋਗ ਤੂੰ ਭਾਲਦਾ ਤੇ ਭੋਗਦਾ ਹੈਂ ਓਹ ਮਨ ਦੇ ਪ੍ਰਸੰਨ ਕਰਨ ਲਈ ਹੁੰਦੇ ਹਨ। ਪਰ ਜੇ ਤੂੰ ਇਹ ਸਮਝ ਲਵੇਂ ਕਿ ਮਨ ਦੀ ਪ੍ਰਸੰਨਤਾ ਮੇਰਾ ਪ੍ਰਯੋਜਨ ਹੈ ਤੇ ਭੋਗ ਭੋਗਣੇ ਮੇਰਾ ਪ੍ਰਯੋਜਨ ਨਹੀਂ ਤਦ ਤੂੰ ਇਸ ਡਰ ਤੋਂ ਵੀ ਛੁੱਟ ਸਕਦਾ ਹੈਂ ਕਿ ਮੇਰੇ ਭੋਗ ਮੌਤ ਨੇ ਛੁਡਾ ਦੇਣੇ ਹਨ। ਇਹ ਤਾਂ ਸੱਚ ਹੈ ਕਿ ਮੌਤ ਦੇ ਆਇਆਂ ਭੋਗ ਮਿਟ ਜਾਣਗੇ ਪਰ ਮਨ ਦੀ ਖੁਸ਼ੀ ਯਾ ਰੰਜ ਇਹ ਮੌਤ ਬੀ ਨਹੀਂ ਮੇਟ ਸਕਦੀ। ਸੋ ਜੇ ਤੂੰ ਦ੍ਰਿੜ੍ਹ ਕਰ ਸਮਝੇਂ ਕਿ ਮਨ ਦੀ ਪ੍ਰਸੰਨਤਾ ਦੀ ਲੋੜ ਹੈ, ਭੋਗਾਂ ਦੀ ਇਕ ਤਾਂ ਭੋਗ ਮਾਤ੍ਰ ਲਈ ਕੋਈ ਲੋੜ ਨਹੀਂ ਹੈ, ਦੂਜੇ ਇਹ ਮੁੱਕ ਜਾਣੇ ਹਨ ਤੇ ਤੀਜੇ ਭੋਗਾਂ ਦੇ ਮਗਰੋਂ ਮਨ ਨੂੰ ਖੁਸ਼ੀ ਬੀ ਨਹੀਂ ਰਹਿੰਦੀ ਤਦ ਇੱਕ ਜੁਗਤ ਨਾਲ ਮਨ ਦੀ ਪ੍ਰਸੰਨਤਾ ਤੇਰੇ ਅੰਦਰ ਬਿਨਾਂ ਇਨ੍ਹਾਂ ਨਕਾਰੇ ਕਰ ਦੇਣ ਵਾਲੇ ਭੋਗਾਂ ਦੇ ਠਹਿਰ ਸਕਦੀ ਹੈ।

ਮੈਂ ਭੈ ਤੇ ਸ਼ਰਧਾ ਨਾਲ ਨਿਮਾਣਾ ਹੋਕੇ ਚਰਨੀਂ ਢੈ ਪਿਆ ਤੇ ਆਖਿਆ: ਹੇ ਕਰੁਣਾ ਨਿਧੇ! ਜੇ ਐਸੀ ਦਇਆ ਕਰੋ ਤਦ ਹੋਰ ਕੀ ਚਾਹੀਏ? ਆਪ ਫੇਰ ਆਗਯਾ ਕਰਨ ਲਗੇ ਕਿ ਹੇ ਸੁਖ ਦੇ ਢੂੰਢਾਊ! ਸੁਖ ਲੈਣ ਵਿਚ ਹੀ ਨਹੀਂ ਹੈ, ਸੁਖ ਦੇਣ ਵਿਚ ਬੀ ਹੈ ਤੇ ਵਧੇਰੇ ਹੈ। ਤੂੰ ਆਪਣੀ ਮਾਇਆ ਤੋਂ ਸੁਖ ਲਿਆ ਨਾ ਕਰ ਸੁਖ ਦਿਆ ਕਰ। ਮੈਂ ਸਮਝ ਨਾ ਸਕਿਆ, ਬੇਨਤੀ ਕੀਤੀ: ਹੇ ਗੁਰੋ! ਮੇਰੀ ਸਮਝ ਵਿਚ ਨਹੀਂ ਆਇਆ। ਆਪ ਨੇ ਆਗਯਾ ਕੀਤੀ, ਤੂੰ ਪਰਉਪਕਾਰ ਕੀਤਾ ਕਰ। ਆਪ ਸਾਦਾ ਸੁਥਰਾ ਭੋਜਨ, ਸਾਦਾ ਸੁਥਰਾ ਲੀੜਾ ਵਰਤਿਆ ਕਰ ਤੇ ਜੋ ਧਨ ਤੇਰਾ ਨਿਰੇ ਭੋਗਾਂ ਵਿਚ ਲਗਦਾ ਹੈ, ਸੋ ਧਨ ਤੂੰ ਲੂਲੇ, ਲੰਗੜੇ, ਅੰਨ੍ਹੇ, ਮਹਿੱਟਰ, ਵਿਧਵਾ, ਗ਼ਰੀਬ, ਮੁਥਾਜ, ਕਬੀਲਦਾਰ, ਵਡਪਰਵਾਰੇ, ਅਣਖ ਵਾਲੇ ਪਰ

ਲੋੜਵੰਦ ਅਰ ਹੋਰ ਐਸੇ ਦੁਖੀਆਂ ਦੀ ਮਦਦ ਪਰ ਲਾਇਆ ਕਰ। ਇਹ ਧਨ ਜੋ ਤੇਰੇ ਪਾਸ ਹੈ ਤੇਰਾ ਨਹੀਂ ਹੈ ਤੇ ਨਾ ਇਹ ਬਰਬਾਦ ਕਰਨ ਵਾਸਤੇ ਤੇਰੇ ਪਾਸ ਹੈ। ਇਹ ਜੋ ਤੈਨੂੰ ਅਪਣੇ ਪਾਸ ਦੀਹਦਾ ਹੈ, ਇਹ ਅਮਾਨਤ ਹੈ ਜੋ ਗ਼ਰੀਬ ਲੋਕਾਂ ਦੀ ਸਹਾਇਤਾ ਲਈ ਸਮਝਕੇ ਦਿੱਤੀ ਗਈ ਹੈ। ਇਹ ਉਨ੍ਹਾਂ ਦੇ ਦੁੱਖ ਦੂਰ ਕਰਨ ਲਈ ਦਾਰੂ ਹੈ। ਜੇ ਤੂੰ ਏਹ ਨਿਮਾਣੇ ਤੇ ਰੋਗੀ ਕਰਨ ਵਾਲੇ ਭੋਗ ਤਿਆਗ ਕੇ ਲੋਕਾਂ ਨੂੰ ਸੁਖੀ ਕਰੇਂਗਾ ਤਦ ਫਲ ਇਹ ਨਿਕਲੇਗਾ ਕਿ ਤੇਰਾ ਮਨ ਨਿਰਮਲ ਹੋਵੇਗਾ, ਉਸ ਵਿੱਚ ਪ੍ਰਸੰਨਤਾ ਰਿਹਾ ਕਰੇਗੀ ਅਰ ਉਹ ਪ੍ਰਸੰਨਤਾ ਰੰਜ ਵਿੱਚ ਨਹੀਂ ਪਲਟੇਗੀ ਤੇ ਮੌਤ ਉਸਨੂੰ ਸਮਾਪਤ ਨਹੀਂ ਕਰ ਸਕੇਗੀ।

ਮਹਾਰਾਜ ਜੀ ਦੇ ਏਸ ਹਕੁਮ ਦੀ ਪਾਲਣਾ ਇਸ ਨਿਕਾਰੇ ਕੋਲੋਂ ਮਹਾਰਾਜ ਜੀ ਨੇ ਆਪ ਕਰਵਾਈ ਅਰ ਮੈਂ ਬੜਾ ਸੁਖੀ ਮਨ ਹੋ ਗਿਆ। ਮੈਂ ਕਦੇ ਸ਼ਰਾਬ ਪੀਕੇ ਐਡਾ ਅਨੰਦ ਨਹੀਂ ਹੋਇਆ ਸਾਂ ਕਿ ਜਿੱਡਾ ਇਕ ਦਿਨ ਇਕ ਗਰੀਬ ਰਾਹਕ ਨੂੰ ਤਪ ਚੜ੍ਹਿਆ ਵੇਖਕੇ ਮੈਂ ਉਸਦੀ ਥਾਂ ਉਸਦੇ ਖੇਤ ਵਿੱਚ ਬੀਜ ਕੇਰਨ, ਸੁਹਾਗਾ ਫੇਰਨ ਤੇ ਕੁਛ ਮਾਇਆ ਦੇਣ ਵਿਚ ਡਿੱਠਾ ਸੀ। ਕੁਵੇਲੇ ਦਾ ਤਾਪ ਉਸਦੇ ਪਰਵਾਰ ਲਈ ਸਾਰੇ ਵਰ੍ਹੇ ਦਾ ਕਾਲ ਤਿਆਰ ਕਰ ਰਿਹਾ ਸੀ। ਇਸੇ ਤਰ੍ਹਾਂ ਜਿਉਂ ਜਿਉਂ ਮੈਂ ਉਪਕਾਰ ਕੀਤੇ ਮੈਂ ਖੁਸ਼ ਹੁੰਦਾ ਗਿਆ। ਇਨ੍ਹਾਂ ਦਾ ਇਕ ਮੱਧਮ ਸੁਆਦ ਬੀ ਆਉਂਦਾ ਹੈ। ਇਸ ਸੁਆਦ ਦੇ ਅਸਲੇ ਤੋਂ ਮੈਨੂੰ ਇਹ ਭਰੋਸਾ ਬੀ ਹੋਇਆ ਹੈ ਕਿ ਮੌਤ ਇਸ ਸੁਆਦ ਨੂੰ ਸਚਮੁਚ ਭੰਨ ਨਹੀਂ ਸਕੇਗੀ। ਇਹ ਗੁਰੂ ਜੀ ਦੀ ਕਿਰਪਾ ਹੈ। ਮੈਂ ਆਪਣੇ ਪਿੰਡ ਧਰਮਸਾਲ ਵੀ ਬਣਾਈ ਹੈ ਕਿ ਜਿਥੇ ਸਤਿਸੰਗ ਹੁੰਦਾ ਹੈ ਤੇ ਪਰਮੇਸ਼ੁਰ ਦਾ ਕੀਰਤਨ ਤੇ ਕਥਾ ਹੁੰਦੀ ਹੈ। ਓਥੇ ਆਏ ਗਏ ਮੁਸਾਫਰ ਨੂੰ ਟਿਕਾਣਾ ਬੀ ਮਿਲਦਾ ਹੈ। ਪਿੰਡ ਵਿੱਚ ਕੋਈ ਲਾਵਾਰਸ ਰੋਗੀ ਹੋ ਜਾਏ ਤਾਂ ਇਕ ਥਾਵੇਂ ਲਿਆਕੇ ਦਾਰੂ ਕਰੀਦਾ ਹੈ ਤੇ ਮੁੰਡੇ ਕੁੜੀਆਂ ਨੂੰ ਗੁਰਮੁਖੀ ਅੱਖਰ ਪੜ੍ਹਾਈਦੇ ਹਨ। ਇਸ ਪ੍ਰਕਾਰ 'ਗੁਰੂ ਆਗਜਾ' ਨੇ ਮੈਨੂੰ ਪ੍ਰਸੰਨ ਕਰ ਦਿੱਤਾ ਹੈ। ਅਜ ਤੀਕ ਮੈਂ ਖੁਸ਼ ਸਾਂ ਪਰ ਹੁਣ ਕੁਛ ਦਿਲਗੀਰ ਹੋਇਆ ਹਾਂ ਜੋ ਆਪ ਦੀ ਕਥਾ ਨੇ ਕੀਤਾ ਹੈ। ਅੱਜ ਸਵੇਰੇ ਆਪ ਨੇ ਜੋ ਏਸ ਤੁਕ ਦੀ ਵਜਾਖਜਾ ਕੀਤੀ ਸੀ 'ਨਾਮ ਤੁਲਿ ਕਛੁ ਅਵਰੁ ਨ ਹੋਇ' ਉਸ ਨੇ ਮੈਨੂੰ ਹੈਰਾਨ ਕਰ ਦਿੱਤਾ ਹੈ। ਸਤਿਗੁਰਾਂ ਦਾ ਉਪਦੇਸ਼ ਸੀ ਕਿ ਦੇਣਾ ਸੁਖ ਦਾ ਰੂਪ ਹੈ, ਸੋ ਮੈਂ ਸੱਚਾ ਪਾਇਆ ਹੈ। ਉਨ੍ਹਾਂ ਦੀ ਆਗਜਾ ਸੀ ਦਿਲ ਨਹੀਂ ਦੁਖਾਉਣਾ, ਬੁਰਾ ਨਹੀਂ ਕਰਨਾ[1], ਸਗੋਂ ਹੋ ਸਕੇ ਤਾਂ ਭਲਾ ਕਰਨਾ, ਦਿਲ ਨੂੰ ਠੰਢ ਪਾਉਣੀ ਤੇ ਸੁਖ ਦੇਣਾ, ਸੋ ਬੀ ਠੀਕ ਹੈ[2]। ਮੈਂ ਸੁਖੀ ਹਾਂ ਤੇ ਇਸ ਖਿਆਲ ਵਿੱਚ ਹਾਂ ਕਿ ਇਹ ਕਰਮ ਸਭ ਤੋਂ ਉੱਤਮ ਕਰਮ ਹਨ, ਇਨ੍ਹਾਂ ਤੋਂ ਪਰੇ ਹੋਰ ਕੁਛ ਨਹੀਂ ਹੈ।

ਆਪ ਦੀ ਕਥਾ ਨੇ ਅੱਜ ਦੱਸਿਆ ਹੈ ਕਿ ਇਸ ਤੋਂ ਉਪਰ ਕੁਛ ਹੋਰ ਬੀ ਹੈ। ਉਸ ਵੇਲੇ ਦਾ ਦਿਲਗੀਰ ਹਾਂ ਕਿ ਹੋਰ ਇਸ ਤੋਂ ਉੱਚਾ ਕੀ ਹੈ? ਜਿਸ ਦਾ ਮੈਨੂੰ ਪਤਾ ਨਹੀਂ ਹੈ। ਮੌਤ ਦਾ ਵੇਲਾ ਪਤਾ ਨਹੀਂ ਕਦ ਆਉਂਦਾ ਹੈ ਤੇ ਮੈਂ ਉਸਦੇ ਆਉਣ ਤੋਂ ਪਹਿਲਾਂ ਉੱਚੇ ਕਰਮ ਤੋਂ ਵਾਂਜਿਆ ਰਿਹਾ ਤਦ ਠੀਕ ਨਾ ਹੋਊ? ਆਪ ਕ੍ਰਿਪਾ ਕਰੋ ਤੇ ਮੈਨੂੰ ਰਾਹੇ ਪਾਓ।

ਸਾਈਂਦਾਸ-ਗੁਰੂ ਸੁਆਰੇ ਜੀ! ਹਕੀਮ ਪਾਸ ਅਨੇਕ ਪ੍ਰਕਾਰ ਦੇ ਰੋਗੀ ਜਾਂਦੇ ਹਨ। ਹਰ ਰੋਗ ਦਾ ਦਾਰੂ ਹਕੀਮ ਪਾਸ ਹੁੰਦਾ ਹੈ। ਰੋਗ ਪਛਾਣ ਕੇ ਯੋਗ ਦਾਰੂ ਹਕੀਮ ਹਰੇਕ ਰੋਗੀ ਨੂੰ ਦੇਂਦਾ ਹੈ। ਇਸੀ ਤਰ੍ਹਾਂ ਅਸੀਂ ਆਤਮ ਰੋਗੀ ਹਾਂ, ਗੁਰੂ ਦਾਨਾ ਹਕੀਮ ਹੈ, ਸਾਡੇ ਰੋਗ ਪਛਾਣਕੇ ਸਾਨੂੰ ਯੋਗ ਦਾਰੂ ਦੇਂਦਾ ਹੈ, ਤਿਵੇਂ ਤੁਹਾਡਾ ਰੋਗ ਪਛਾਣਕੇ ਗੁਰੂ ਵੈਦ ਨੇ ਤੁਹਾਨੂੰ ਏਹ ਦਾਰੂ ਦਿੱਤਾ ਹੈ, ਤੁਸੀਂ ਇਸੇ ਨੂੰ ਸੇਵੋ, ਤੁਹਾਡੀ ਇਸੇ ਕਰਕੇ ਕਲਜਾਨ ਹੋਵੇਗੀ।

ਸਿੰਧੀ-ਇਹ ਤਾਂ ਠੀਕ ਹੈ, ਪਰ ਤੁਸਾਂ ਅੱਜ ਸਾਰੀ ਸੰਗਤ ਨੂੰ ਹੋਰ ਦਾਰੂ ਦੱਸਿਆ ਹੈ, ਤੁਸੀਂ ਬੀ ਵੈਦ ਦੀ ਵਿਦੰਗੀ ਦੇ ਜਾਣੂਆਂ ਵਿੱਚੋਂ ਹੋ। ਇਹ ਦਾਰੂ ਜੋ ਤੁਸਾਂ ਕਿਹਾ ਸੀ, ਇਹਦਾ ਪ੍ਰਕਾਰ ਮੈਨੂੰ ਖੋਹਲਕੇ ਦੱਸੋ?

ਭਾਈ ਜੀ-ਪਿਆਰੇ ਜੀ! ਮੈਂ ਕਥਾ ਕਰਨੋਂ ਇਸੇ ਰਕਕੇ ਸੰਕੋਚ ਕਰਦਾ ਹਾਂ, ਪਰ ਕੀਹ ਕਰਾਂ, ਸੰਗਤ ਦਾ ਹੁਕਮ ਮੋੜਨਾ ਕਠਨ ਹੁੰਦਾ ਹੈ।

---

੧. ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ॥ (ਗਉ: ਵਾ: ਮ: ੫)

੨. ਪਰਉਪਕਾਰੁ ਪੁੰਨੁ ਬਹੁ ਕੀਆ ਭਉ ਦੁਤਰੁ ਤਾਰਿ ਪਰਾਵੈ॥ (ਗ: ਪੁ: ਮ: ੪)

 www.sikhbookclub.com

ਸਿੰਧੀ-ਕਿਸ ਕਰਕੇ?

ਭਾਈ ਜੀ-ਕਥਾ ਕਰਨ ਵਾਲਾ ਸਮੁੱਚੇ ਵਾਕ ਆਖਦਾ ਹੈ, ਜੋ ਸਾਰਿਆਂ ਲਈ ਸਾਧਾਰਨ ਯਾ ਆਮ ਉਪਦੇਸ਼ ਹੁੰਦਾ ਹੈ ਯਾ ਕਿਸੇ ਇਕ ਖਾਸ ਸ਼੍ਰੋਤੇ ਦੀ ਗਉਂ ਦਾ ਹੁੰਦਾ ਹੈ। ਉਹ ਵੈਦ ਦੀ ਤਰ੍ਹਾਂ ਰੋਗ ਪਛਾਣਕੇ ਵੱਖ ਵੱਖ ਹਰੇਕ ਰੋਗੀ ਦੇ ਰੋਗ ਦਾ ਦਾਰੂ ਨਹੀਂ ਹੁੰਦਾ!

ਸਿੰਧੀ-ਪਰ ਹੁੰਦਾ ਤਾਂ ਦਾਰੂ ਹੀ ਹੈ ਨਾ?

ਭਾਈ-ਦਾਰੂ ਤਾਂ ਹੁੰਦਾ ਹੈ ਪਰ ਅੱਖਾਂ ਦੀ ਪੀੜ ਵਾਲੇ ਨੂੰ ਫੋੜੇ ਦੀ ਮਲ੍ਹਮ ਦਾ ਕੀ ਗੁਣ? ਜੇ ਤਾਂ ਕਿਸੇ ਨੇ ਕੇਵਲ ਸਮਝ ਸੁਧਾਰਨੀ ਹੋਵੇ ਅਰ ਸਦਾਚਾਰ ਸਿੱਖਣਾ ਹੋਵੇ ਤਦ ਤਾਂ ਭਲਿਆਈ ਦੇ ਸਾਧਾਰਨ ਉਪਦੇਸ਼ ਲਾਭਦਾਇਕ ਹੁੰਦੇ ਹਨ, ਪਰ ਜੇ ਕਿਸੇ ਸਾਧਨ ਕਰਕੇ ਆਤਮ ਵਿਦਯਾ ਵਿਚ ਕਲਯਾਣ ਦੇ ਦਰਜੇ ਤੇ ਅੱਪੜਨਾ ਹੋਵੇ ਤਦ ਉਸਦੀ ਸਮਝ, ਕਰਨੀ ਤੇ ਮਨ ਦੀ ਮੈਲ ਦੀ ਦਸ਼ਾ ਵਿਚਾਰ ਕੇ ਦਾਰੂ ਦੇਣਾ ਠੀਕ ਹੁੰਦਾ ਹੈ।

ਸਿੰਧੀ-ਠੀਕ ਹੈ, ਹੁਣ ਤੁਸੀਂ ਮੈਨੂੰ ਪਛਾਣ ਕਰਕੇ ਮੇਰੇ ਲਈ ਦੱਸੋ ਕਿ ਉਪਕਾਰ ਤੋਂ ਵੱਡਾ ਕੀ ਕਰਮ ਹੈ?

ਭਾਈ ਜੀ-ਮੈਂ ਕੁਛ ਕਹਿ ਨਹੀਂ ਸਕਦਾ। ਜੋ ਕੁਛ ਤੁਸੀਂ ਭਾਲਦੇ ਹੋ ਉਹ ਤਾਂ ਆਪ ਗੁਰੂ ਜੀ ਹੀ ਦੱਸਣਗੇ। ਹਾਂ, ਸਤਿਗੁਰਾਂ ਤੋਂ ਸੁਣਿਆਂ ਕੁਛ ਬੇਨਤੀ ਕਰ ਦੇਂਦਾ ਹਾਂ, ਜਿਸ ਕਰਕੇ ਅੱਜ ਦੀ ਦਿਲਗੀਰੀ, ਜੋ ਤੁਹਾਨੂੰ ਹੋਈ ਹੈ, ਦੂਰ ਹੋ ਜਾਏਗੀ।

ਸਿੰਧੀ-ਜੀ ਸਤਿ ਬਚਨ ਜੀ! ਹੁਕਮ ਕਰੋ, ਆਪ ਵੱਡੇ ਹੋ।

ਭਾਈ ਜੀ-ਸਾਡੇ ਮਨ ਦੀਆਂ ਮੈਲਾਂ, ਸਾਡੇ ਪਾਪਾਂ ਦੇ ਫਲ, ਸਾਡੀਆਂ ਖੋਟੀਆਂ ਵਾਸ਼ਨਾਂ, ਮੰਦ ਕਰਮ, ਮੰਦ ਬੋਲ, ਮੰਦਿਆਂ ਦੀ ਪ੍ਰੀਤਿ ਜੋ ਕੁਛ ਬੀ ਹੈ ਸਭ ਇਕ ਸ਼ੈ ਦਾ ਫਲ ਹਨ, ਜਿਸਨੂੰ ਵਿਛੋੜਾ ਆਖਦੇ ਹਨ। ਅਸੀਂ ਆਪਣੇ ਸਿਰਜਣਹਾਰ ਤੋਂ ਵਿਛੁੜ ਗਏ ਹਾਂ। ਜਿਕੂੰ ਨਦੀ ਤੋਂ ਵਿਛੁੜਿਆ ਜਲ ਟੋਇਆਂ ਵਿੱਚ ਪਿਆ ਤ੍ਰੁੱਕਦਾ ਹੈ, ਉੱਕਰ ਅਸੀਂ ਵਿਛੁੜਕੇ ਦੁਖੀ ਹੁੰਦੇ ਹਾਂ। ਜਿਕੂੰ ਅੱਗ ਤੋਂ ਵਿਛੁੜਿਆ ਅੰਗਾਰ ਕਾਲਾ ਹੋਕੇ ਕੋਲਾ ਹੋ ਜਾਂਦਾ ਹੈ ਉੱਕਰ ਅਸੀਂ ਕਾਲੇ ਹੋ ਰਹੇ ਹਾਂ। ਹੁਣ ਸਾਧਨ ਇਹ ਹੈ ਕਿ ਟੋਏ ਦੇ ਜਲ ਦਾ ਨਦੀ ਦੇ ਜਲ ਨਾਲੋਂ ਵਿਛੋੜਾ ਦੂਰ ਕਰ ਦਿਓ, ਮੈਲ ਨਾ ਰਹੂ। ਕਾਲੋਂ ਭਰੇ ਕੋਲੇ ਨੂੰ ਅੱਗ ਦਾ ਮਿਲਾਪ ਕਰਾ ਦਿਓ, ਕਾਲਕ ਕਿਤੇ ਜਾਊ। ਇਹ ਵਿਛੋੜਾ ਦੂਰ ਹੋਣਾ ਬੜਾ ਔਖਾ ਹੈ, ਕਿਉਂਕਿ ਮੁੱਦਤਾਂ ਉਲਟੇ ਤੁਰ ਤੁਰਕੇ ਅਸੀਂ ਆਪਣੇ ਤੇ ਆਪਣੇ ਕਾਰਣ (ਸਿਰਜਣਹਾਰ) ਅਕਾਲ ਪੁਰਖ ਦੇ ਵਿਚਕਾਰ ਭਾਰੀ ਵਿੱਥ ਪਾਈ ਤੇ ਵਧਾਈ ਹੈ। ਅਸੀਂ ਓਹ ਓਹ ਕੰਮ ਕਰਦੇ ਹਾਂ ਜਿਨ੍ਹਾਂ ਕਰਕੇ ਅਸੀਂ ਉਸ ਤੋਂ ਅੱਡਰੇ ਤੇ ਆਪਣੇ ਆਪ ਵਿਚ ਇਕ ਪੂਰੀ ਵੱਖਰੀ ਸ਼ੈ ਬਣਕੇ ਵਿਚਰੀਏ। ਅਸੀਂ ਆਪਣੇ ਜੀਵਨਾਂ ਨੂੰ ਐਸਾ ਬਣਾ ਲਿਆ ਹੈ ਕਿ ਜਿਸ ਵਿੱਚ ਅਸੀਂ ਸਮਝਦੇ ਹਾਂ ਕਿ ਆਪਣੇ ਕਾਰਨ ਦੀ ਸਾਨੂੰ ਕੋਈ ਲੋੜ ਹੀ ਨਹੀਂ ਹੈ, ਐਵੇਂ ਹੀ ਕੰਮ ਰਾਸ ਹਨ। ਪਰ ਜਿਸ ਨੂੰ 'ਅੰਤ ਮਰ ਜਾਣ ਦੀ' ਸੋਚ ਫੁਰੇ, ਭੋਗਾਂ ਤੋਂ ਉਪਜੇ ਰੋਗਾਂ ਦਾ ਕਲੇਸ਼ ਚੁਭੇ, ਉਹ ਚੁੰਕਨਾ ਹੋਕੇ ਦੇਖਦਾ ਹੈ ਕਿ ਹੈਂ! ਇਹ ਮੇਰੇ ਮਨ ਦੇ ਸੁਰਗ ਦੇ ਝੂਟੇ ਤਾਂ ਮੈਨੂੰ ਛਲ ਗਏ, ਸਰੀਰ ਨਾਸ਼ ਹੋ ਗਿਆ ਤੇ ਮੌਤ ਆ ਰਹੀ ਹੈ, ਹੁਣ ਕੀ ਬਣੇ। ਉਹ ਜੇ ਭਾਲ ਕਰਦਾ ਸਿਆਣੇ ਵੈਦ ਕੋਲ ਅੱਪੜੇ ਤਦ ਦਾਰੂ ਹੁੰਦਾ ਹੈ। ਦਾਰੂ ਕੀ ਹੁੰਦਾ ਹੈ? ਦਾਰੂ ਐਸਾ ਹੁੰਦਾ ਹੈ ਕਿ ਜਿਸ ਨਾਲ ਕਾਰਨ ਨਾਲ ਮੇਲ ਹੋ ਜਾਵੇ। ਤੁਸੀਂ ਹੁਣ ਆਪਣੀ ਗੱਲ ਲਓ। ਤੁਹਾਨੂੰ ਗੁਰੂ ਜੀ ਨੇ ਨਿਸ਼ਕਾਮ ਸੇਵਾ ਰੂਪ ਦਾਰੂ ਦੱਸਿਆ ਹੈ, ਇਸ ਸੇਵਾ ਦਾ ਕੀਹ ਅਸਰ ਹੁੰਦਾ ਹੈ? ਠੀਕ ਉਸ ਸੁਭਾਵ ਤੋਂ ਪੁੱਠਾ ਕਿ ਜੋ ਅਸਾਂ ਆਪ ਬਣਾ ਲਿਆ ਸੀ। ਅਸਾਂ ਸੁਭਾਵ ਸੁਆਰਥ ਦਾ ਬਣਾਇਆ ਹੈ। ਅਸਾਂ ਆਪਣੇ ਨਫੇ ਦੀ ਵਾਦੀ ਪਕਾਈ ਹੈ। ਗਲ ਕੀ ਅਸਾਂ ਆਪਣਾ ਤੌਰ ਇਹ ਬਣਾਇਆ ਹੋਇਆ ਹੈ ਕਿ ਜਿਥੋਂ ਹੋਵੇ ਤੇ ਜਿਸ ਕਿਸ ਤਰ੍ਹਾਂ ਹੋਵੇ ਸਾਨੂੰ ਲਾਭ ਹੋਵੇ। ਇਸ ਸੁਭਾਵ ਵਿੱਚ ਆਪਣਾ ਆਪ ਸਭ ਤੋਂ ਵੱਖਰਾ ਤੇ ਲੈਣ ਦੀ ਇੱਛਾ ਵਿੱਚ ਗ਼ਲਤਾਨ ਹੁੰਦਾ ਆਪਣੇ ਆਪ ਨੂੰ ਇਸੇ ਇੱਛਾ ਦੇ ਘੇਰੇ ਵਿੱਚ ਘੇਰੀ ਜਾਂਦਾ ਹੈ।

ਇਸ ਆਪਣੇ ਲਾਭ ਦੀ ਸੋਚ ਵਿਚ ਅਸਾਂ ਨੇ ਆਪਣੇ ਸਰੀਰ ਦੀ ਪਾਲਣਾ, ਤੇ ਰਖਯਾ, ਆਪਣੇ ਪਰਵਾਰ ਦੀ ਪਾਲਣਾ, ਰਖਯਾ ਤੇ ਸਿਖਯਾ ਆਦਿ ਦੀਆਂ ਲੋੜਾਂ ਨੂੰ ਹੀ ਮੁੱਖ ਨਹੀਂ ਰੱਖਿਆ, ਸਗੋਂ ਅਸਾਂ ਇਸ ਤੋਂ ਬਹੁਤ ਵੱਧ ਕੰਮ ਕੀਤਾ ਹੈ। ਇਥੋਂ ਤਾਈਂ ਕਿ ਦੂਸਰੇ ਨਾਲ ਦਗੇ ਕੀਤੇ ਹਨ ਤੇ ਦੂਸਰਿਆਂ ਦੀ


www.sikhbookclub.com

ਤਬਾਹੀ ਕਰਕੇ ਆਪਣਾ ਫਾਇਦਾ ਕਰਨ ਵਿਚ ਬੀ ਸੰਕੋਚ ਨਹੀਂ ਕੀਤਾ। ਮੇਰਾ ਮਤਲਬ ਹੈ ਕਿ ਆਮ ਇਨਸਾਨ ਇਹ ਕੁਛ ਕਰ ਰਹੇ ਹਨ। ਪਰ ਤੁਸੀਂ ਸੋਚਕੇ ਦੇਖੋ ਕਿ ਐਸਾ ਕਰਨ ਨਾਲ ਸਾਡੇ ਅੰਦਰ ਕੀਹ ਵਰਤਦਾ ਹੈ। ਜਦੋਂ ਅੰਦਰ ਆਪਾ ਲੋਚੀਦਾ ਹੈ ਤੇ ਦੂਇਆਂ ਨਾਲ ਛਲ ਧੱਕੇ ਕਰੀਦੇ ਹਨ ਤਾਂ ਦੂਇਆਂ ਤੋਂ ਆਪ ਨੂੰ ਨਖੇੜ ਲਈਦਾ ਹੈ। ਭਾਵੇਂ ਜਗਤ ਵਿਚ ਪਏ ਵੱਸੀਏ, ਪਰ ਮਨੋਂ ਤਾਂ ਵੱਖਰੇ ਹੁੰਦੇ ਜਾਈਦਾ ਹੈ। ਦੂਜੇ ਪਾਸੇ ਤੱਕੋ ਕਿ ਅਕਾਲ ਪੁਰਖ ਦਾ ਗੁਣ ਯਾ ਸੁਭਾਵ ਹੈ ਦੇਣਾ, ਅਸਾਂ ਸੁਭਾਵ ਬਣਾਇਆ ਲੈਣਾ ਤੇ ਲੈਣ ਬੀ ਦੁੱਖ ਤੱਕ ਦੇ ਕੇ, ਬੁਰਾਈ ਕਰਕੇ। ਸੋ ਸਾਡਾ ਮਨ ਵਾਹਿਗੁਰੂ ਦੇ ਸੁਭਾਵ ਤੋਂ ਉਲਟਵਾਂ ਹੋ ਗਿਆ। ਇਹ ਉਸ ਨਾਲ ਵਿੱਥ ਪੈ ਗਈ। ਇਹ ਮੈਂ ਪਹਿਲੋਂ ਦੱਸਿਆ ਹੈ ਕਿ ਐਸਾ ਆਦਮੀ ਸ੍ਰਿਸ਼ਟੀ ਤੋਂ ਬੀ ਵਿਛੁੜਦਾ ਹੈ। ਹੁਣ ਦਾਰੂ ਇਹ ਹੈ ਕਿ ਇਸ ਸੁਭਾਵ ਦੇ ਉਲਟ ਤੁਰੋ। 'ਲਉ ਲਈ ਤ੍ਰਿਸ਼ਨਾ ਅਤਿਪਤਿ ਮਨ ਮਾਏਂ' ਦੇ ਸੁਭਾਵ ਦੇ ਉਲਟ ਦਾਨ ਦੇਣਾ ਸ਼ੁਰੂ ਕਰੇ ਤਾਂ ਅੰਦਰ ਦੇਣ ਦਾ ਸੁਭਾਵ ਵਧੇਗਾ, ਜਿਸ ਨਾਲ ਮਨ ਵਿਸ਼ਾਲ ਹੋ ਜਾਏਗਾ ਤੇ ਦੂਜੈਗੀ ਘਟ ਜਾਏਗੀ। ਫੇਰ ਦੇਣ ਦੇ ਸੁਭਾਉ ਪਿਆਂ ਅੰਦਰ ਉਹ ਸੁਭਾਉ ਆਇਆ ਜੋ ਪਰਮੇਸ਼ੁਰ ਦਾ ਹੈ, ਇਸ ਤਰ੍ਹਾਂ ਸਾਈਂ ਨਾਲ ਵਿੱਥ ਘਟੇਗੀ।

ਦੇਣ ਦਾ ਸੁਭਾਉ ਕਦੇ ਕਦੇ ਕਿਸੇ ਹਉਂ ਨਾਲ ਬੀ ਪੈਂਦਾ ਹੈ ਕਿ ਜਿਸ ਨਾਲ ਮੈਂ ਦਾਨ ਦਾ ਵਰਤਾਉ ਕਰਦਾ ਹਾਂ ਉਹ ਮੈਨੂੰ ਚੰਗਾ ਸਮਝੇ ਤੇ ਲੋਕਾਂ ਵਿਚ ਮੈਂ 'ਦਾਤਾ' ਮਸ਼ਹੂਰ ਹੋਵਾਂ। ਕਦੇ ਇਸ ਤੋਂ ਬੀ ਉੱਤਮ ਭਾਵ ਹੁੰਦਾ ਹੈ ਕਿ ਦਾਨ ਨਾਲ ਮੈਨੂੰ ਮਰਕੇ ਸੁਖ ਮਿਲੇਗਾ। ਇਸ ਤਰ੍ਹਾਂ ਵੀਚਾਰ ਨਾਲ ਦਾਨ ਕਰਦਿਆਂ ਕਿਸੇ ਦਿਨ ਨਿਸ਼ਕਾਮ ਦਾਨ ਦਾ ਵੱਲ ਭੀ ਆ ਜਾਂਦਾ ਹੈ। ਜਦੋਂ ਇਹ ਜੀਵ ਦਾਨ ਕਿ ਨੇਕੀ ਕਾਮਨਾ ਛੱਡ ਛੱਡਕੇ ਕਰਨ ਲਗ ਪੈਂਦਾ ਹੈ ਤਦੋਂ ਸੇਵਾ ਵਿਚੋਂ ਇਕ ਸੁਆਦ ਤੇ ਸੁਖ ਨਿਕਲ ਪੈਂਦਾ ਹੈ ਜੋ ਲੋਕਾਂ ਦੀ ਵਾਹ ਵਾਹ ਤੇ ਸੁਰਗਾਂ ਦੀ ਵਾਸ਼ਨਾ ਤੋਂ ਬੀ ਬੇਲੋੜਿਆਂ ਕਰ ਦੇਂਦਾ ਹੈ। ਉਹ ਸੁਆਦ ਕਾਹਦਾ ਹੁੰਦਾ ਹੈ? ਉਹ ਆਪਣੇ ਕਾਰਨ ਦੀ ਠੰਢੀ ਹਵਾ ਹੁੰਦੀ ਹੈ। ਅਰਥਾਤ ਜਦ ਮਨ ਵਿਚੋਂ ਹਉਂ ਪਤਲੀ ਪੈਂਦੀ ਹੈ ਤਾਂ ਕੂੜ ਦੀ ਪਾਲ ਘਟਦੀ ਹੈ ਤਦ ਆਪਣੇ ਕਾਰਨ ਅਕਾਲ ਪੁਰਖ ਵਿਚੋਂ ਅਸਲੀ ਸੁਖ ਦੇ ਮੱਧਮ ਰੁਮਕੇ ਆਉਣ ਲੱਗ ਪੈਂਦੇ ਹਨ।

ਸਿੰਧੀ-ਪਰ ਜੀ! ਇਹ ਲੈਣ ਦਾ, ਯਾ ਸ੍ਵਾਰਥ-ਖ਼ੁਦਗਰਜ਼ੀ ਦਾ ਸੁਭਾਵ ਸਾਨੂੰ ਕਿੱਥੋਂ ਪਿਆ?

ਭਾਈ ਜੀ-ਸਿਆਣਿਆਂ ਨੇ ਸੰਸਾਰ ਦੇ ਗੋਰਖ ਧੰਦੇ ਨੂੰ ਸਮਝਣ ਲਈ ਦੋ ਨਾਉਂ ਰੱਖੇ ਹਨ, ਇਕ ਤਾਂ 'ਸਦਾ ਇਕ-ਰਸ ਰਹਿਣ ਵਾਲੇ' ਦਾ ਨਾਉਂ ਅਕਾਲ ਪੁਰਖ ਰੱਖਿਆ ਹੈ। ਇਸ 'ਹਰ ਪਲ ਬਦਲਣ ਵਾਲੇ' ਨਜ਼ਰ ਆਉਂਦੇ 'ਪ੍ਰਗਟ ਤਮਾਸ਼ੇ' ਦਾ ਨਾਉਂ 'ਮਾਇਆ' ਰੱਖਿਆ ਹੈ। ਇਸ 'ਮਾਇਆ' ਵਿਚ ਲੈਣ ਦਾ ਸੁਭਾਵ ਹੈ ਪਰ ਉਸ ਸਦਾ ਇਕ ਰਸ ਰਹਿਣ ਵਾਲੇ ਅਕਾਲ ਪੁਰਖ ਵਿਚ ਦੇਣ ਦਾ ਸੁਭਾਵ ਹੈ। ਪਰਮੇਸ਼ੁਰ ਸਦਾ ਦਾਤਾ ਹੈ, ਕਦੇ ਭੀ ਯਾਚਕ ਨਹੀਂ ਹੈ, ਪਰ ਇਹ ਮਾਇਆ ਦਾਤੀ ਨਹੀਂ, ਲੈਣਹਾਰ ਹੈ। ਹੁਣ ਇਹ ਜੋ ਸਰੀਰ ਹੈ ਸਾਡਾ, ਇਹ ਮਾਇਆ ਦਾ ਹੈ, ਇਸ ਵਿਚ ਜੋ ਜੀਵ ਹੈ ਸੋ ਉਸ ਪਰਮੇਸ਼ੁਰ ਦੀ ਅੰਸ਼ ਹੈ। ਅੰਸ਼ ਵਿਚ ਆਪਣੇ ਜਨਕ ਦੇ ਗੁਣ ਰਹਿੰਦੇ ਹਨ। ਸੋ ਸਾਡੇ ਜੀਵ ਆਤਮਾ ਵਿਚ ਤਾਂ ਦੇਣ ਦਾ ਸੁਭਾਵ ਹੈ ਪਰ ਮਾਇਆ ਦੇ ਕੁਸੰਗ ਦੇ ਕਾਰਨ ਤੇ ਇਸਦੇ ਸੰਗ ਤੋਂ ਉਪਜੀਆਂ ਲੋੜਾਂ ਦੇ ਕਾਰਨ ਸਾਡੇ ਮਨ ਨੂੰ ਲੈਣਾ ਚੰਗਾ ਭਾਸਦਾ ਹੈ। ਇਹ ਸੱਚ ਹੈ ਕਿ ਸਰੀਰ ਨੂੰ ਆਪਣੀ ਪਾਲਣਾ ਤੇ ਰਖਜ਼ਾ ਲਈ ਲੋੜਾਂ ਹੈਨ ਤੇ ਓਹ ਆਪਾ ਲੋਚੇ ਤੇ ਯਤਨ ਕੀਤੇ ਬਿਨਾਂ ਪੂਰਨ ਨਹੀਂ ਹੁੰਦੀਆਂ ਪਰ ਇਨ੍ਹਾਂ ਦੀ ਕੋਈ ਹੱਦ ਹੈ। ਉਸ ਹੱਦ ਤੋਂ ਅੱਗੇ ਲੰਘਕੇ ਜੋ ਆਪਾ ਲੋਚਣ ਦਾ ਜਤਨ ਹੈ, ਸੋ ਅਜੋਗ ਸੁਆਰਥ ਹੈ। ਜਿਉਂ ਜਿਉਂ ਜੀਵ ਇਸ ਸੁਭਾਵ ਵਿਚ ਵਧਦਾ ਹੈ ਤਿਉਂ ਤਿਉਂ ਇਸਦਾ ਸੁਭਾਵ ਮਾਇਕ ਹੁੰਦਾ ਜਾਂਦਾ ਹੈ ਤੇ ਆਪਣੇ ਪਿਤਾ ਦੇ ਸੁਭਾਵ ਤੋਂ ਪਰੇ ਹੁੰਦਾ ਜਾਂਦਾ ਹੈ। ਲੈਂਦਿਆਂ ਲੈਂਦਿਆਂ ਇਸਨੂੰ ਪਹਿਲਾਂ ਅਪਣੇ ਅੰਦਰ ਅਤ੍ਰਿਪਤੀ ਦਾ ਦੁਖ ਲਗ ਜਾਦਾ ਹੈ, 'ਸਹਸ ਖਟੇ ਲਖ ਕਉ ਉਠਿ ਧਾਵੈ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ॥' ਫੇਰ ਏਹ ਲੋਕਾਂ ਨੂੰ ਸੁਖਦਾਈ ਨਹੀਂ ਰਹਿੰਦਾ। ਦੂਇਆਂ ਦੀ ਹਾਨੀ ਹੋਵੇ ਤਾਂ ਪਈ ਹੋਵੇ, ਇਹ ਅਪਣਾ ਸੁਆਰਥ ਸਾਧਦਾ ਹੈ। ਫਿਰ ਏਹ ਦੁਖ ਦੇਕੇ ਬੀ ਸੁਆਰਥ ਸਾਧਦਾ ਹੈ। ਇਸ

ਤਰ੍ਹਾਂ ਕਰਦਾ ਕਰਦਾ ਇਹ ਮਨੋਂ ਚਿਤੋਂ ਸ੍ਰਿਸ਼ਟੀ ਤੋਂ ਵੱਖ ਹੋ ਜਾਂਦਾ ਹੈ। ਹੁਣ ਸੋਚੋ ਕਿ ਜੇ ਸਤਿਸੰਗ ਕਰਕੇ ਇਸ ਨੂੰ ਸੇਵਾ ਦਾ ਉਪਦੇਸ਼ ਮਿਲੇ ਤਦ ਇਸਦਾ ਅਸਲੀ ਸੁਭਾਵ ਦੇਣ ਦਾ ਜਾਗੇਗਾ ਅਰ ਜਾਗਦਾ ਜਾਗਦਾ ਅਸਲੀਅਤ ਤੇ ਆ ਜਾਏਗਾ। ਜਦ ਅਸਲੀ ਸੁਭਾਵ ਆਇਆ ਤਦ ਇਹ ਦੁਖ ਦਾਤੇ ਦੀ ਥਾਂ ਸੁਖ ਦਾਤਾ ਹੋ ਜਾਏਗਾ। ਉਪਕਾਰ ਯਾ ਸੇਵਾ ਨਾਲ ਐਉਂ ਸੁਭਾਵ ਬਦਲਦਾ ਹੈ। ਸੋ ਹੁਣ ਤੁਸਾਂ ਸਮਝ ਲਿਆ ਹੋਊ ਕਿ 'ਲਾਭ ਹੀ ਲੈਣ ਦਾ ਸੁਭਾਵ' ਸਾਨੂੰ ਕਿਸ ਤਰ੍ਹਾਂ ਪੈਂਦਾ ਹੈ ਅਰ ਕੀਕੂੰ ਇਹ ਵਧਦਾ ਵਧਦਾ ਸ੍ਵੈ ਪਾਲਨਾ ਤੇ ਸ੍ਵੈ-ਰਖਜਾ ਦੀ ਹੱਦ ਟੱਪਕੇ ਦੁਖਦਾਈ ਬਣ ਜਾਂਦਾ ਹੈ। ਦੂਜੀ ਗੱਲ ਇਹ ਬੀ ਤੁਸਾਂ ਸਮਝ ਲਈ ਹੋਊ ਕਿ ਲਾਭ ਦੇਣ ਦਾ ਸੁਭਾਵ ਸਾਡਾ ਅਸਲੀ ਸੁਭਾਵ ਹੈ। ਜਿਤਨਾ ਕੋਈ ਪਰਮੇਸ਼ੁਰ ਦੇ ਨੇੜੇ ਹੈ ਉਤਨਾਂ ਹੀ ਦਾਤਾ ਹੈ, ਜਿਤਨਾ ਦੂਰ ਹੈ ਉਤਨਾ ਹੀ ਲਾਹੇ ਦਾ ਬੇਲੀ ਤੇ ਸ੍ਵਾਰਥੀ, ਅਰਥਾਤ ਮੰਗਤਾ ਹੈ।

ਸਿੰਧੀ-ਇਹ ਜੋ ਤੁਸੀਂ ਆਖਿਆ ਸੀ ਕਿ ਲੈਣੇ ਦੇ ਸੁਭਾਵ ਵਾਲਾ ਆਪ ਨੂੰ ਅੱਡਰਾ ਬਣਾਉਂਦਾ ਹੈ, ਵੱਖ ਹੋਈ ਜਾਂਦਾ ਹੈ ਤੇ ਵਿਛੜਦਾ ਜਾਂਦਾ ਹੈ, ਇਹ ਅੱਡ ਹੋਣ ਦਾ ਕੀਹ ਦੁਖ ਹੈ? ਇਹ ਤਾਂ ਮੈਂ ਸਮਝਿਆ ਕਿ ਆਨੰਦ ਸਰੂਪ ਆਪਣੇ ਕਾਰਨ ਦੇ ਦਾਤਾ ਸੁਭਾਵ ਤੋਂ ਵੱਖ ਹੋਣ ਵਿਚ ਮਨ ਵਿਚ ਦਿਲਗੀਰੀ ਆ ਵੱਸਦੀ ਹੈ, ਪਰ ਜੇ ਕਿਸੇ ਨੂੰ ਦਿਲਗੀਰੀ ਦਾ ਹੀ ਸੁਭਾਉ ਪੈ ਜਾਵੇ ਅਰ ਪਰਮੇਸ਼ੁਰ ਦੇ ਵਿਛੋੜੇ ਤੋਂ ਘਬਰਾਵੇ ਹੀ ਨਾ ਤਦ ਉਸਦਾ ਅੱਡ ਹੋਣਾ ਕੀਹ ਹੋਇਆ ਤੇ ਅੱਡ ਹੋਣ ਵਿਚ ਨਿਰਾ ਅਡਰੇਪਨ ਦਾ ਕੀਹ ਦੁਖ ਹੋਇਆ?

ਭਾਈ ਜੀ-ਅਡਰਾਪਨ ਦੋ ਪ੍ਰਕਾਰ ਦਾ ਹੈ। ਇਕ ਸਾਈਂ ਨਾਲੋਂ, ਇਕ ਸ੍ਰਿਸ਼ਟੀ ਨਾਲੋਂ। ਸਾਈਂ ਤੋਂ ਦੂਰ ਦੂਰ ਹੋਇਆਂ ਮਨ ਦਾ ਸੁਭਾਵ ਲੈਣ ਦਾ ਵਧਦਾ ਹੈ, ਅਤ੍ਰਿਪਤੀ ਵਧਦੀ ਹੈ, ਭੋਗਾਂ ਵਲ ਰੁਚੀ ਵਧਦੀ ਹੈ ਤੇ ਮਨ ਵਿਚ ਟਿਕਾਉ ਤੇ ਸੁਖ ਨਹੀਂ ਰਹਿੰਦਾ। ਸਰੀਰ ਨੂੰ ਭੋਗਾਂ ਦਾ ਫਲ ਰੋਗ ਹੁੰਦਾ ਹੈ ਤੇ ਦੁਖ ਦੇਣ ਦਾ ਫਲ ਬਦਨਾਮੀ ਤੇ ਰਾਜ ਦੰਡ ਸਰੀਰ ਨੂੰ ਮਿਲਦੇ ਹਨ। ਦੂਸਰਾ ਅੱਡਰਾਪਨ ਜਗਤ ਨਾਲ ਹੁੰਦਾ ਹੈ।

ਸਿੰਧੀ-ਜਗਤ ਵਿਚ ਤਾਂ ਵਸੀਦਾ ਹੈ, ਇਸ ਤੋਂ ਅੱਡਰਾਪਨ ਕੀ ਹੋਇਆ।

ਭਾਈ ਜੀ-ਲਓ ਐਉਂ ਕਰੋ, ਤੁਸੀਂ ਸਮਝੋ ਕਿ ਤੁਹਾਡੇ ਘਰ ਦੇ, ਬਾਹਰ ਦੇ ਤੇ ਸੰਸਾਰ ਦੇ ਸਭ ਮੱਨੁਖ ਜੀਵ ਜੰਤੂ ਇਸ ਧਰਤੀ ਤੋਂ ਚਲੇ ਗਏ ਹਨ ਅਰ ਤੁਸੀਂ ਇਕੱਲੇ ਇਸ ਧਰਤੀ ਉਤੇ ਰਹਿ ਗਏ ਹੋ। ਹੁਣ ਜ਼ਰਾ ਸੋਚ ਕੇ ਦੱਸੋ ਤੁਸੀਂ ਦੁਖੀ ਹੋਵੋਗੇ ਕਿ ਨਹੀਂ? ਜੇ ਹੋਵੋਗੇ ਤਾਂ ਉਹ ਦੁੱਖ ਕੀ ਹੋਵੇਗਾ ਅਰ ਕੇਡਾ ਕੁ ਹੋਵੇਗਾ?

ਸਿੰਧੀ (ਅੱਖਾਂ ਮੀਟਕੇ ਕੁਛ ਚਿਰ ਸੋਚਕੇ ਫਿਰ ਘਬਰਾਕੇ ਤੇ ਅੱਖਾਂ ਖੋਹਲਕੇ)-ਊਈ, ਇਹ ਤਾਂ ਬੜਾ ਭਾਰੀ ਦੁੱਖ ਹੈ।

ਭਾਈ-ਜ਼ਰਾ ਹੋਰ ਸੋਚੋ! ਇਕੱਲੇ ਹੀ ਇਕੱਲੇ, ਨਾ ਸਾਕ ਨ ਸੈਨ, ਨਾ ਓਪਰਾ ਨਾ ਪਰਾਇਆ ਮਨੁੱਖ, ਇਕੱਲਾ ਹੀ ਇਕੱਲਾ ਮਨੁੱਖ ਡਾਵਾਂ ਡੋਲ ਹੋਊ ਕਿ ਨਾ? ਕੀਹ ਉਸਦੇ ਘਬਰਾ, ਉਸਦੀ ਵਹਿਸ਼ਤ ਦੀ ਕੋਈ ਹੱਦ ਹੋਵੇਗੀ? ਇਹ ਬੀ ਸੋਚ ਲਓ ਕਿ ਜੋ ਕੈਦੀ ਬੰਦੀਖਾਨੇ ਵਿਚ ਇਕ ਕੋਠੜੀ ਵਿਚ ਤਨਹਾ ਅਰਥਾਤ ਇਕੱਲੇ ਰਖੇ ਜਾਂਦੇ ਹਨ, ਦੂਇਆਂ ਨਾਲੋਂ ਕਮਜ਼ੋਰ ਤੇ ਨਿਤਾਣੇ ਬਹੁਤ ਛੇਤੀ ਹੋ ਜਾਂਦੇ ਹਨ।

ਸਿੰਧੀ-ਇਕੱਲ ਦਾ ਖਿਆਲ ਹੀ ਕਲੇਜਾ ਕੱਢਦਾ ਹੈ।

ਭਾਈ-ਫੇਰ ਹੁਣ ਸਮਝ ਲਵੋ ਕਿ ਜਿਨ੍ਹਾਂ ਮਨੁੱਖਾਂ ਨਾਲ ਆਪਣੇ ਲਾਭ ਖ਼ਾਤਰ ਛਲ ਤੇ ਧੱਕਾ ਕਰੀਦਾ ਹੈ, ਉਹ ਸਾਡੇ ਹੀ ਜੀਵਨ ਦਾ ਇਕ ਤਰ੍ਹਾਂ ਆਸਰਾ ਹਨ। ਅਸੀਂ ਕੇਡੇ ਕ੍ਰਿਤਘਨ ਹਾਂ ਕਿ ਆਪਣੇ ਨਫੇ ਨੂੰ ਬੀ (ਜਿਸ ਪਿੱਛੇ ਬਉਰੇ ਹੋਏ ਫਿਰਦੇ ਹਾਂ) ਨਹੀਂ ਪਛਾਣਦੇ। ਅਸੀਂ ਉਨ੍ਹਾਂ ਨਾਲ ਛਲ ਤੇ ਧੱਕਾ ਕਰਦੇ ਹਾਂ ਕਿ ਜਿਨ੍ਹਾਂ ਦੇ ਕੇਵਲ ਹੋਣ ਮਾਤ੍ਰ ਨਾਲ ਅਸੀਂ ਪ੍ਰਸੰਨ ਜੀਉਂਦੇ ਤੇ ਬੇਪਰਵਾਹ ਜੇਹੇ ਫਿਰ ਰਹੇ ਹਾਂ ਕੀਹ ਇਹ ਸਾਰਾ ਪਰਵਾਰ ਨਹੀਂ, ਜਿਸਦਾ ਅਸੀਂ ਇਕ ਅੰਗ ਹਾਂ? ਫੇਰ ਕਦੇ ਅੰਗ ਬੀ ਅੰਗ ਨਾਲ ਲੜਦਾ ਹੈ? ਤਿਵੇਂ ਅਸੀਂ ਕੀਕੂੰ ਆਪਣੇ ਅੰਗਾਂ ਨਾਲ ਛਲ ਧੱਕਾ ਕਰਦੇ ਚੰਗੇ ਹਾਂ? ਮਨ ਦੀ ਖੁਸ਼ੀ ਦੇ ਉੱਚ ਭਾਵ ਜੇ ਅਜੇ ਸਾਡੇ ਤੇ ਅਸਰ ਨਾ ਕਰਦੇ ਹੋਣ ਤਾਂ ਕੇਵਲ ਇਹ ਖਿਆਲ ਹੀ-ਕਿ ਮੇਰੇ ਜੀਵਨ ਦਾ ਆਧਾਰ ਸਾਰੇ ਲੋਕ ਹਨ-ਦੱਸ ਸਕਦਾ ਹੈ ਕਿ ਨਹੀਂ


www.sikhbookclub.com

ਕਿ ਅੱਡ ਹੋਣਾ ਤੇ ਵਿਛੁੜ ਜਾਣਾ ਕੀਹ ਸਰੂਪ ਰੱਖਦਾ ਹੈ?

ਸਿੰਧੀ-ਸਰੂਪ ਤਾਂ ਸਮਝਿਆ, ਪਰਵਾਰ ਬੀ ਜਾਣਿਆ, ਆਪਣਾ ਹਿੱਸਾ ਬੀ ਸਮਝਿਆ, ਪਰ ਸੰਸਾਰ ਕੋਈ ਸਾਰਾ ਮਰ ਥੋੜ੍ਹਾ ਚੱਲਿਆ ਹੈ?

ਭਾਈ ਜੀ-ਠੀਕ ਹੈ! ਜਾਪਦਾ ਤਾਂ ਹੈ, ਸੰਸਾਰ ਤਾਂ ਸਾਰਾ ਇਕੋ ਵਾਰ ਨਹੀਂ ਮਰ ਚੱਲਿਆ, ਪਰ ਅਸਾਂ ਤਾਂ ਮਰ ਜਾਣਾ ਹੈ ਕਿ ਨਹੀਂ?

ਸਿੰਧੀ-ਹਾਂ, ਇਹ ਠੀਕ ਹੈ।

ਭਾਈ-ਜੇ ਭਲਾ ਸਾਨੂੰ ਮਰ ਗਿਆਂ ਨੂੰ ਇਹ ਧਾਰਾ ਭਾਈਚਾਰਾ ਨਾ ਦਿੱਸੇ ਤੇ ਹੋਰ ਭਾਈਚਾਰਾ ਨਾ ਮਿਲੇ ਤਦ ਸਾਡਾ ਓਹੋ ਹਾਲ ਹੋਵੇ ਕਿ ਨਾ ਜੋ ਸੰਸਾਰ ਦੇ ਮਰ ਗਿਆਂ ਦਾ ਹੋ ਸਕਦਾ ਹੈ?

ਸਿੰਧੀ-ਠੀਕ ਹੈ।

ਭਾਈ-ਲਓ ਹੋਰ ਸੋਚੀਏ! ਜਦ ਅਸਾਂ ਸੁਭਾਵ ਅੱਡਰੇ ਹੋਣ ਦਾ ਪਕਾ ਲਿਆ ਤੇ ਸ੍ਰਿਸ਼ਟੀ ਨੂੰ ਅਸਾਂ ਇਕ ਵੈਰੀ ਦੀ ਸ਼ੈ ਸਮਝਕੇ ਛਲਿਆ ਤੇ ਲੁਟਿਆ। ਸਾਨੂੰ ਇੰਨੀ ਸੋਚ (ਸ੍ਵਾਰਥ ਵਾਲੀ) ਬੀ ਨਾ ਰਹੀ ਕਿ ਸਾਡਾ ਜੀਵਨ ਇਨ੍ਹਾਂ ਦੇ ਆਸਰੇ ਹੈ, ਤਦ ਦੱਸੋ ਅਸਾਂ ਮਨ ਕਰਕੇ ਅਪਣੇ ਆਪ ਨੂੰ ਪਰਵਾਰ ਤੋਂ ਅੱਡ ਕਰ ਲਿਆ ਕਿ ਨਾ? ਅੱਖਾਂ ਨਾਲ ਤਾਂ ਪਰਵਾਰ ਵੇਖਦੇ ਹਾਂ ਪਰ ਸੁਰਤ ਵਿੱਚ ਓਪਰਾ ਵੇਖਦੇ ਹਾਂ। ਅੱਖਾਂ ਮੀਟਕੇ ਸੁਰਤ ਵਿਚ ਸਾਨੂੰ ਆਪਾ ਹੀ ਆਪਾ ਤੇ ਆਪੇ ਦਾ ਲਾਹਾ ਹੀ ਲਾਹਾ ਦਿੱਸਦਾ ਹੈ। ਪਰਵਾਰ ਹੁਣ ਦਿੱਸਦਾ ਹੀ, ਨਹੀਂ, ਜੇ ਦਿੱਸੇ ਤਦ ਦੁਜੈਗੀ ਭਾਵ ਨਾਲ ਦਿੱਸ ਪੈਂਦਾ ਹੈ। ਦੱਸੋ ਮਨ ਵਿਚ ਸਾਡੇ ਅੱਡ ਤੇ ਇਕੱਲੇ ਹੋਣ ਵਿਚ ਕੀਹ ਕਸਰ ਰਹਿ ਗਈ? ਭਲਾ ਦੇਹ ਹੁੰਦਿਆਂ ਦੇਖਦੇ ਤੇ ਫਿਰਦੇ ਤਾਂ ਰਹੇ, ਮਨ ਪਰਚਦਾ ਰਿਹਾ ਪਰ ਮਰ ਕੇ ਕੀਹ ਹੋਵੇਗਾ? ਦੇਹ ਨਹੀਂ ਹੋਵੇਗੀ, ਮਨ ਹੋਵੇਗਾ ਤੇ ਕਾਲੇ ਕਰਮਾਂ ਦਾ ਹਨੇਰਾ ਹੋਵੇਗਾ ਅਰ ਸਾਡੀ ਸੁਆਰਥ ਵਿਚ ਪੱਕੀ ਤੇ ਸੰਸਾਰ ਤੋਂ ਅੱਡ ਹੋਈ ਹੋਈ ਸੁਰਤ ਹੋਵੇਗੀ। ਉਸ ਸੁਰਤ ਵਿੱਚ ਤ੍ਰਿਪਤ ਨਾ ਹੋਣ ਵਾਲੀ ਅੱਗ-ਲੈਣ ਹੀ ਲੈਣ ਦੀ ਤ੍ਰਿਸ਼ਨਾ-ਹੋਵੇਗੀ। ਪਰ ਸਰੀਰ ਤੇ ਸਰੀਰ ਦੇ ਅੰਗ ਨਾ ਹੋਣ ਕਰਕੇ ਤਦੋਂ ਲੈਣ ਵਾਲੀਆਂ ਚੀਜ਼ਾਂ ਨੂੰ ਕਿੱਕੂੰ ਲਵਾਂਗੇ? ਉਸ ਵੇਲੇ ਦਾ ਕਲੇਸ਼ ਵਿਚਾਰੋ ਕੀਹ ਹੋਵੇਗਾ? ਕਰਮਾਂ ਦਾ ਹਨੇਰਾ, ਸੁਰਤ ਵਿਚ ਘਬਰਾ, ਵਹਿਸ਼ਤ, ਅਤ੍ਰਿਪਤ ਤ੍ਰਿਸ਼ਨਾ ਤੇ ਭੋਗਣ ਦੀ ਅੱਗ ਪਰ ਭੋਗਾਂ ਦਾ ਨਾ ਲੱਝਣਾ। ਸ੍ਰਿਸ਼ਟੀ ਤੋਂ ਸੁਰਤ ਦਾ ਅੱਡ ਹੋਣਾ ਅਰ ਕਿਸੇ ਹੀ ਵਿੱਚ ਅਪਣੱਤ ਤੇ ਅਪਣੱਤ ਦਾ ਆਸਰਾ ਨਾ ਹੋਣਾ, ਸੁਰਤ ਨੂੰ ਇਕੱਲ ਵਿਚ ਪਾ ਦੇਵੇਗਾ। ਪ੍ਰਤੱਖ ਦੇਖ ਲਓ ਕਿ ਦਿਨ ਦੀ ਸੁਰਤ ਦੀ ਦਸ਼ਾ ਰਾਤ ਨੂੰ ਵਾਪਰਦੀ ਹੈ ਅਰ ਜੇ ਬੁਰੀ ਹੋਵੇ ਤਦ ਦਿਨ ਨਾਲੋਂ ਰਾਤ ਵੇਲੇ ਬਹੁਤ ਘਬਰਾਉਂਦੀ ਹੈ। ਰਾਤ ਨੂੰ ਜੁਆਰੀਆ ਜੂਏ ਦੇ ਸੁਪਨੇ ਦੇਖਦਾ ਹੈ, ਪਰ ਸੁਖੀਆ ਸੁਪਨੇ ਵਿਚ ਖੁਸ਼ੀ ਚਿਹਰੇ ਵੇਖਦਾ ਹੈ। ਤਿਵੇਂ ਜੀਵਨ ਦੇ ਦਿਨ ਦੀ ਪੱਕੀ ਹੋਈ ਸੁਰਤ ਦੇ ਨਾਲ ਮੌਤ ਦੀ ਰਾਤ ਵਿੱਚ ਓਹੋ ਕੁਛ ਹੋਊ ਜੋ ਜੀਵਨ ਦੇ ਦਿਨ ਵਿਚ ਸੀ। ਪਿਆਰੇ ਜੀ! ਇਹ ਇਕੱਲ, ਇਹ ਅੱਡਰਾਪਨ ਨਰਕ ਹੈ। ਜਗਤ ਤੋਂ ਵਾਂਜਿਆ, ਵਾਹਿਗੁਰੂ ਤੋਂ ਤ੍ਰੁੱਟਾ, ਸ਼ੁਭ ਗੁਣਾਂ ਤੋਂ ਹੀਣਾ, ਰੂਹਾਨੀ ਬਸਤ੍ਰਾਂ ਤੋਂ ਵਿਹੂਣਾ 'ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ'॥ ਇਹ ਕੋਈ ਬੁਝਾਰਤ ਨਹੀਂ ਏਹ ਰੋਜ ਦੇ ਵਰਤ ਰਹੇ ਵਰਤਾਰੇ ਸਾਨੂੰ ਮੌਤ ਤੋਂ ਪਾਰਲੀ ਘਾਟੀ ਦੀ ਵੰਨਗੀ ਦਿਖਾ ਰਹੇ ਹਨ। ਆਪ ਨੂੰ ਅੱਡਰੇ ਕਰਨ ਦੇ ਦੁਖ-ਮੈਂ ਕੀ ਕਹਾਂ ਤੁਸੀਂ ਆਪ ਸਮਝਦੇ ਹੋ-ਏਥੇ ਉਥੇ ਕੀ ਹੋ ਸਕਦੇ ਹਨ? ਨਾਲੇ ਤੁਸਾਂ ਤਾਂ ਆਪੇ ਨੂੰ ਪਿਆਰ ਕਰਾਕੇ ਤੇ ਫੇਰ ਪਿਆਰ ਕਰਕੇ ਵੇਖ ਲਿਆ ਹੈ ਕਿ ਅੱਡ ਹੋਣ ਤੇ ਮਿਲਣ ਵਿੱਚ ਕਿੰਨਾ ਕੁ ਫਰਕ ਹੈ?

ਸਿੰਧੀ-ਸੱਤ ਹੈ! ਆਪ ਨੇ ਬਹੁਤ ਠੀਕ ਸਮਝਾਇਆ ਹੈ, ਉਪਕਾਰ ਜੋ ਗੁਰੂ ਜੀ ਨੇ ਇਸ ਦਾਸ ਨੂੰ ਬਖਸ਼ਿਆ ਸੀ, ਉਸਦਾ ਜੋ ਸੁਆਦ ਆਇਆ ਸੀ, ਸੋ ਜੀ ਵਿੱਚ ਪ੍ਰਤੱਖ ਸੁਖ ਭਾਸ ਰਿਹਾ ਹੈ। ਆਪ ਦੇ ਕਹਿਣੇ ਮੂਜਬ ਮੈਂ ਇਹ ਸਮਝਿਆ ਹੈ ਕਿ ਜਗਤ ਪਰਵਾਰ ਵਿੱਚ ਪਰਵਾਰੀ ਬਣੀਏ, ਪਰ ਤੁਸੀਂ ਨਾਲ ਇਹ ਬੀ ਕਿਹਾ ਸੀ ਕਿ ਕਾਰਨ ਨੂੰ ਮਿਲੇ ਬਿਨਾਂ ਸੁਖ ਨਹੀਂ ਤੇ ਕਾਰਨ ਪਰਮੇਸ਼ੁਰ ਹੈ। ਉਪਕਾਰ ਨਾਲ ਤਾਂ ਮੇਰਾ ਸ੍ਰਿਸ਼ਟੀ ਨਾਲ ਵਿਛੋੜਾ ਹਟਿਆ, ਸ੍ਰਿਸ਼ਟੀ ਦੇ ਰਚਣਹਾਰ ਸ੍ਰਿਸ਼ਟੇ ਨਾਲ ਤਾਂ ਮੇਲ ਨਾ ਹੋਇਆ ਕਿਉਂ ਜੋ ਸ੍ਰਿਸ਼ਟੀ ਕਾਰਨ ਤਾਂ ਨਹੀਂ ਹੈ, ਉਹ ਤਾਂ ਕਾਰਜ ਜਾਂ ਕ੍ਰਿਤ ਹੈ ਕਰਤਾਰ ਦੀ। ਸ੍ਰਿਸ਼ਟੇ ਨਾਲ ਮੇਲ ਕਿਸ ਤਰ੍ਹਾਂ ਹੋਵੇ?

ਭਾਈ ਜੀ-ਪਿਆਰੇ ਮਿੱਤਰ ਜੀ! ਏਹ ਜੋ ਸ੍ਰਿਸ਼ਟੇ ਵਾਹਿਗੁਰੂ ਨੂੰ ਮਿਲਣ ਦੀ ਚਾਹ ਹੈ, ਏਥੋਂ ਲੈਕੇ ਮਿਲਾਪ

SIKHBOOKCLUB.COM

ਤਾਈਂ ਦੀ ਬਿਵਸਥਾ ਵਿਚਾਰ, ਸਾਧਨ, ਅਨੁਭਵ ਸਾਰੇ ਨੂੰ ਨਾਮ ਆਖਦੇ ਹਨ, ਜਿਸ ਪੁਰ ਗੁਰੂ ਜੀ ਫੁਰਮਾਉਂਦੇ ਹਨ 'ਨਾਮ ਤੁਲਿ ਕਛੁ ਅਵਰੁ ਨ ਹੋਇ॥' ਸੋ ਇਸਦੀ ਕ੍ਰਿਪਾ ਸਤਿਗੁਰੂ ਜੀ ਆਪ ਕਰਨਗੇ, ਮੈਂ ਤਾਂ ਨੀਚ ਢਾਡੀ ਦੀ ਤਰ੍ਹਾਂ ਉਨ੍ਹਾਂ ਦੇ ਗੁਣ ਗਾਉਂਦਾ ਹਾਂ। ਵੇਖੋ ਮਿੱਤਰ ਜੀ! ਪੂਰੇ ਵੈਦ ਨੇ ਜੋ ਪਹਿਲਾ ਦਾਰੂ ਆਪ ਨੂੰ ਦਿੱਤਾ ਸੀ ਉਸਨੇ ਤੁਹਾਡੇ ਦਿਲ ਦੀ ਕੋਡੀ ਮੈਲ ਕੱਟ ਦਿੱਤੀ ਹੈ। ਕਿੱਥੇ ਤੁਸੀਂ ਸ੍ਰਿਸ਼ਟੇ ਤੇ ਸ੍ਰਿਸ਼ਟੀ ਦੋਹਾਂ ਤੋਂ ਅੱਡ ਹੋ ਰਹੇ ਸਾਓ ਤੇ ਕਿੱਥੇ ਤੁਹਾਨੂੰ ਪਰਵਾਰ ਨਾਲ ਹਮਦਰਦੀ ਦਾ ਸੁਖ ਪ੍ਰਤੀਤ ਹੋ ਆਇਆ ਤੇ ਹੁਣ ਸ੍ਰਿਸ਼ਟੇ ਦੇ ਮਿਲਾਪ ਦੀ ਚਾਹ ਉਪਜ ਪਈ ਹੈ। ਇਹ ਜੋ ਸਾਈਂ ਨਾਲ ਮੇਲ ਦੀ ਚਾਹ ਹੈ, ਇਹ ਬੜੀ ਭਾਰੀ ਦਾਤ ਹੈ। ਸਤਿਗੁਰੂ ਜੀ ਫੁਰਮਾਉਂਦੇ ਹਨ- 'ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥ ਨਾਨਕ ਤਾ ਕੈ ਬਲਿ ਬਲਿ ਜਾਸਾ॥' ਗੁਰੂ ਨਾਨਕ ਦੇਵ ਜੀ ਉਸ ਤੋਂ ਕੁਰਬਾਨ ਹੁੰਦੇ ਹਨ ਕਿ ਜਿਸ ਨੂੰ ਪਰਮੇਸ਼ੁਰ ਦੇ ਦਰਸ਼ਨ ਦੀ ਚਾਹ ਉਪਜਦੀ ਹੈ। ਸੋਚੋ ਕਿ ਇਹ ਦਾਤ ਆਪ ਨੂੰ ਤਾਂ ਪ੍ਰਾਪਤ ਹੋਈ ਜੇ ਆਪ ਨੇ ਪਹਿਲੋਂ ਸੇਵਾ ਦੀ ਘਾਲ ਘਾਲੀ। ਸੇਵਾ ਦਾ-ਜੋ ਨਿਸ਼ਕਾਮ ਹੋਵੇ-ਫਲ ਇਹ ਹੈ ਕਿ ਮਨ ਦੀ ਮੈਲ ਉਤਰਦੀ ਹੈ। ਮੈਲ ਉਤਰਿਆਂ ਸਿਰਜਣਹਾਰ ਦੇ ਮਿਲਣੇ ਦੀ ਇੱਛਾ ਉਪਜਣ ਦਾ ਅਵਸਰ ਬਣ ਜਾਂਦਾ ਹੈ। ਸੋ ਵੇਖੋ ਹੁਣ ਤੁਹਾਡੇ ਵਿੱਚ ਸਾਈਂ ਮਿਲਾਪ ਦੀ ਚਾਹ ਬੀ ਪੈਦਾ ਹੋ ਆਈ ਹੈ। ਜੇ ਪਰਵਾਰ ਦੀ ਬੋਲੀ ਵਿੱਚ ਗੱਲ ਕਰੀਏ ਤਾਂ ਜਿਵੇਂ ਬੱਚੇ ਨੂੰ ਪਿਆਰ ਕਰੀਏ ਤਾਂ ਮਾਂ ਰਾਜ਼ੀ ਹੁੰਦੀ ਹੈ, ਤਿਵੇਂ ਸ੍ਰਿਸ਼ਟੀ ਦੀ ਨਿਸ਼ਕਾਮ ਸੇਵਾ ਕਰਨ ਨਾਲ ਕਰਤਾਰ ਦੀ ਖੁਸ਼ੀ ਦੀ ਇਹ ਨਿਸ਼ਾਨੀ ਹੈ ਜੋ ਤੁਸਾਨੂੰ ਉਸਦੇ ਮਿਲਣ ਦੀ ਚਾਹ ਹੋ ਆਈ ਹੈ। ਜੇ ਸਤਿਸੰਗੀਆਂ ਦੀ ਬੋਲੀ ਵਿਚ ਗੱਲ ਕਰੋ ਤਦ 'ਟਹਲ ਮਹਲ ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ'॥ ਇਹ ਸੇਵਾ ਜੋ ਤੁਸਾਂ ਕੀਤੀ ਹੈ ਗੁਰੂ ਦੀ ਸੇਵਾ ਹੈ, ਕਿਉਂਕਿ ਉਸਦੇ ਹੁਕਮ ਦੀ ਪਾਲਨਾ ਵਿਚ ਤੁਸਾਂ ਕੀਤੀ ਹੈ। ਹੁਣ ਪੂਰੇ ਵੈਦ ਜੀ ਅਗਲੀ ਬੂਟੀ ਦੇਕੇ ਤੁਹਾਨੂੰ ਹੋਰ ਅੱਗੇ ਕਰਨਗੇ।

ਤੁਸੀਂ ਜਾਣਦੇ ਹੋ ਤ੍ਰੇਹ ਬਿਨਾਂ ਪਾਣੀ ਕੌਣ ਪੀਂਦਾ ਹੈ? "ਜਿਨ ਕਉ ਲਗੀ ਪਿਆਸ ਅੰਮ੍ਰਿਤੁ ਸੇਈ ਖਾਹਿ॥' ਅੰਮ੍ਰਿਤ ਦੀ ਪਿਆਸ ਵਾਲੇ ਹੀ ਅੰਮ੍ਰਤ ਖਾ ਸਕਦੇ ਹਨ। ਪਰ ਸਾਨੂੰ ਜੋ ਵਿਹੁ ਦੀ ਪਿਆਸ ਲੱਗੀ ਹੋਈ ਹੈ ਉਹ ਸਾਨੂੰ ਵਿਹੁ ਦੇ ਚਸ਼ਮਿਆਂ ਤੇ ਲਈ ਫਿਰਦੀ ਹੈ ਅਰ ਜੇ ਅਸੀਂ ਅੰਮ੍ਰਿਤ ਦੀ ਥਾਂ ਵਿਹੁ ਨਾਲ ਪਿਆਸ ਬੁਝਾਉਂਦੇ ਹਾਂ ਤਾਂ ਉਹ ਸਦਾ ਦੁੱਖ ਦੇਂਦੀ ਹੈ ਤੇ ਪਿਆਸ ਬੀ ਨਹੀਂ ਬੁਝਦੀ। ਪੂਰੇ ਵੈਦ ਨੇ ਤੁਹਾਡੀ ਵਿਹੁਲੀ ਪਿਆਸ ਤੇ ਵਿਹੁਲੇ ਪਾਣੀ ਦੇ ਪੀਣ ਦੀ ਬਾਣ ਮਿਟਾ ਕੇ ਤੁਹਾਡੇ ਵਿਚ ਅੰਮ੍ਰਿਤ ਦੀ ਪਿਆਸ ਪੈਦਾ ਕੀਤੀ ਹੈ। 'ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥ ਨਾਨਕ ਤਾ ਕੈ ਬਲਿ ਬਲਿ ਜਾਸਾ॥' ਇਸ ਪਿਆਸ ਨੂੰ ਗੁਰੂ ਜੀ ਨਾਮਾਂਮ੍ਰਿਤ ਬਖਸ਼ਕੇ ਸਦਾ ਮੇਲ ਦੀ ਤ੍ਰਿਪਤੀ ਬਖਸ਼ਣਗੇ।

ਸਿੰਧੀ-ਮੇਰੇ ਉਪਕਾਰੀ ਮਿੱਤਰ ਜੀ! ਹੁਣ ਫੇਰ ਉਪਕਾਰ ਦੀ ਲੋੜ ਤਾਂ ਨਾ ਰਹੇਗੀ?

ਭਾਈ-ਹੁਣ ਲੋੜ ਤਾਂ ਕੀਹ ਰਹਿਣੀ ਹੋਈ, ਹੁਣ ਤਾਂ ਉਪਕਾਰ ਤੁਹਾਡਾ ਸੁਤੇ ਸੁਭਾਵ ਹੋ ਗਿਆ ਹੈ। ਖਿੱਚ ਤੇ ਜ਼ੋਰ ਨਾਲ ਕਰਨ ਦਾ ਵਕਤ ਗਿਆ। ਜਦੋਂ ਤੁਸੀਂ ਨਾਮ ਵਿਚ ਜੀਵਨ ਪਾ ਲਓਗੇ ਤਦੋਂ ਆਪੇ ਹੀ ਤੁਹਾਥੋਂ ਭਲਾ ਪਿਆ ਹੋਵੇਗਾ, ਬੁਰੇ ਵਲ ਤੁਹਾਡੇ ਹੱਥਾਂ ਨੇ ਪਸਰਨਾ ਹੀ ਨਹੀਂ ਹੈ*। ਪਰ ਇਹ ਗੱਲ ਸੱਚ ਹੈ ਕਿ ਇਹ ਉਪਕਾਰ ਹੀ ਸਭੋ ਕੁਛ ਨਹੀਂ, ਇਹ ਸ੍ਰਿਸ਼ਟੀ ਦਾ ਪਿਆਰ ਹੈ ਤੇ ਇਹ ਹਮਦਰਦੀ ਦਾ ਮਾਦਾ ਮਨੁੱਖ ਮਾਤ੍ਰ ਵਿਚ ਹੋਣਾ ਮਨੁੱਖਪੁਣਾ, ਇਨਸਾਨੀਅਤ ਹੈ। ਇਸ ਤੋਂ ਅੱਗੇ ਸ੍ਰਿਸ਼ਟੇ ਦਾ ਪਿਆਰ ਹੈ। ਸ੍ਰਿਸ਼ਟੇ ਦੇ ਪਿਆਰ ਵਿਚ ਨਿਮਗਨ ਹੋਏ ਬਿਨਾਂ ਪੂਰਨ ਆਨੰਦ ਨਹੀਂ ਹੈ। ਪਰ ਇਸ ਨਿਮਗਨਤਾ ਵਿੱਚ ਤੁਸੀਂ 'ਨੇਕੀ ਨਾ ਕਰੋ ਤੇ ਬਦੀ ਕਰੋ' ਇਹ ਹੋਣ ਨਹੀਂ ਲੱਗਾ। ਨੇਕੀ ਕਰਨ ਵਾਲਾ ਨੇਕੀ ਇਕ ਕੰਮ ਦੀ ਤਰ੍ਹਾਂ ਕਰ (ਫਰਜ਼) ਜਾਣਕੇ ਕਰਦਾ ਹੈ ਪਰ ਜਦ ਨਾਮ ਪ੍ਰਾਪਤ ਹੁੰਦਾ ਹੈ ਤੇ ਆਪਾ ਆਪਣੇ ਅਸਲੇ ਨਾਲ ਜਾ ਛੁੰਹਦਾ ਹੈ ਤੇ ਹੱਦੋਂ ਪਾਰ ਚਲਾ ਜਾਂਦਾ ਹੈ ਤਦੋਂ ਫੇਰ ਨੇਕੀ ਇਸਤੋਂ ਆਪੇ ਆ ਮੁਹਾਰੀ ਪਈ ਹੁੰਦੀ ਹੈ। ਵਾਹਿਗੁਰੂ ਨੂੰ ਪ੍ਰਾਪਤ ਪੁਰਖ ਸੁਭਾਵਕ ਹੀ ਨੇਕੀ ਵਾਲਾ ਹੁੰਦਾ ਹੈ, ਜਿਸ ਤਰ੍ਹਾਂ ਗੁਲਾਬ ਤੋਂ ਖੁਸ਼ਬੂ ਦਾ ਦਾਨ ਸੁਤੇ ਸੁਭਾਵ ਆਪੇ ਪਿਆ ਹੁੰਦਾ ਹੈ।

* ਬ੍ਰਹਮ ਗਿਆਨੀ ਕੈ ਹੋਇ ਸੁ ਭਲਾ॥ (ਸੁਖਮਨੀ)

SIKHBOOKCLUB.COM

ਨਾਮ ਜੀਵਨ ਹੈ, ਆਤਮ ਜੀਵਨ ਹੈ, ਨਾਮ ਮੁਕਤੀ ਹੈ, ਨਾਮ ਧਿਆਨ ਹੈ, ਨਾਮ ਅਨੁਭਵ ਹੈ ਤੇ ਵਾਹਿਗੁਰੂ ਨਾਲ ਮੇਲ ਹੈ। ਨਾਮ ਅਸਲੇ ਵਿਚ ਲੈ ਜਾਂਦਾ ਹੈ, ਨਾਮ ਫਿਰ ਕਿਸੇ ਹਿਲਾਉ ਦੇ ਚੱਕਰ ਵਿਚ ਨਹੀਂ ਆਉਣ ਦੇਂਦਾ, ਇਸ ਕਰਕੇ ਨਾਮ ਸਭ ਤੋਂ ਉੱਚਾ ਹੈ ਅਰ ਹੋਰ ਸਾਰੇ ਕਰਮ ਉਸ ਤੋਂ ਹੇਠਾਂ ਹਨ। ਯਾ ਹੋਰ ਕਰਮ ਇਕ ਤਰ੍ਹਾਂ ਦੀ ਤਿਆਰੀ ਹੁੰਦੇ ਹਨ ਜੋ ਨਾਮ ਲਈ ਥਾਂ ਬਣਾਉਂਦੇ ਹਨ। ਸ਼ੁਭ ਕਰਮ 'ਫਲਾਂ ਦੀ ਵਾਸ਼ਨਾ ਨਾਲ ਕੀਤੇ ਹੋਏ' ਇਕ ਕਰਮ ਹਨ ਜੋ ਮਾੜੇ ਕਰਮਾਂ ਤੋਂ ਚੰਗੇ ਹਨ। ਨਿਸ਼ਕਾਮ ਕਰਮ ਨਿਰਮਲਤਾ ਲਿਆਉਂਦੇ ਹਨ, ਨਿਰਮਲ ਮਨ ਨਾਮ ਨੂੰ ਚੰਗਾ ਅੰਗੀਕਾਰ ਕਰਦਾ ਹੈ ਤੇ ਨਾਮ ਅੰਦਰ ਵਸਿਆਂ ਨਾਮੀ ਨਾਲ ਨਿਰੰਤਰ ਮੇਲ ਹੋ ਜਾਂਦਾ ਹੈ।

-o-

ਅੱਜ ਦੀ ਕਥਾ ਦੇ ਭੋਗ ਮਗਰੋਂ ਅਗਲੇ ਦਿਨ ਮੁਸਾਫਰ ਨੂੰ ਕੁਛ ਤਾਪ ਦੀ ਭਾਨ ਹੋ ਗਈ ਤੇ ਸ਼ਾਮਾਂ ਤਕ ਚੋਖੀ ਵਧ ਗਈ। ਕਥਾ ਅਜ ਬੰਦ ਰਹੀ, ਪਰ ਹੁਣ ਮੁਸਾਫਰ ਨੂੰ ਉਸ ਸੇਵਾ ਦੇ ਪਰਤਾਵੇ ਲੈਣ ਦਾ ਅਵਸਰ ਬਣ ਗਿਆ ਕਿ ਜਿਸ ਸੇਵਾ ਦਾ ਹਾਲ ਇਸ ਕਥਾ ਵਿਚ ਥਾਂ ਥਾਂ ਆਇਆ ਸੀ ਕਿ ਉਸਦਾ ਵਰਤਾਉ ਬੀ ਇਨ੍ਹਾਂ ਲੋਕਾਂ ਵਿਚ ਦੇਖ ਲਵੇ। ਮੁਸਾਫਰ ਦਾ ਮਾਂ, ਪਿਉ, ਸਾਕ, ਸੈਨ ਤਾਂ ਓਥੇ ਕੋਈ ਸੀ ਨਹੀਂ, ਥੋੜੇ ਦਿਨਾਂ ਦੇ ਜਾਣੂ ਸਤਿਸੰਗੀ ਹੀ ਸਨ, ਪਰ ਪਿੰਡ ਵਿਚੋਂ ਦੋ ਤ੍ਰੈ ਮਾਈ ਭਾਈ ਨਿਤਰ ਪਏ ਜਿਨ੍ਹਾਂ ਨੇ ਛੇ ਛੇ ਘੰਟੇ ਦੀ ਵੰਡ ਕਰ ਲਈ। ਇਕ ਇਕ ਜਣਾ ਆਪ ਦੇ ਪਾਸ ਰਹੇ, ਹਕੀਮ ਦੀ ਦੱਸੀ ਦਵਾ ਦੁੱਧ ਆਦਿ ਵੇਲੇ ਸਿਰ ਖੁਆਵੇ ਤੇ ਹੋਰ ਸਰੀਰ ਦੀ ਸੇਵਾ ਕਰੇ। ਸੱਤ ਅੱਠ ਦਿਨ ਤਕ ਕਰੜੇ ਹਡਭੰਨ ਤਾਪ ਦੀ ਆਪ ਨੂੰ ਖੇਚਲ ਰਹੀ, ਪਰ ਉਸਨੇ ਵੇਖ ਲਿਆ ਕਿ ਏਹ ਸੂਧੇ ਲੋਕ ਇਉਂ ਪਿਆਰ ਕਰਦੇ ਹਨ ਜਿਵੇਂ ਆਪਣੇ ਘਰ ਵਿਚ ਮਾਤਾ ਪਿਤਾ ਬੀਮਾਰੀ ਵੇਲੇ ਕਰਦੇ ਹਨ। ਹੁਣ ਉਸ ਦਾ ਨਿਹਚਾ ਹੋਰ ਵਧ ਗਿਆ ਕਿ ਏਹ ਲੋਕ ਜੋ ਕੁਛ ਕਹਿੰਦੇ ਹਨ, ਕਰਦੇ ਬੀ ਹਨ। ਨਿਹਚਾ ਤਾਂ ਉਸ ਨੂੰ ਪਹਿਲਾਂ ਹੀ ਹੋ ਚੁਕਾ ਸੀ, ਪਰ ਹੁਣ ਆਪਣੇ ਹੱਡੀਂ ਵਰਤੀਂਦੀ ਤੇ ਆਪਣੀ ਸੇਵਾ ਹੁੰਦੀ ਵੇਖਕੇ ਉਹਦਾ ਨਿਹਚਾ ਬਹੁਤ ਪੱਕਾ ਤੇ ਸੁਆਦਲਾ ਹੋ ਗਿਆ। ਜਦੋਂ ਮੁਸਾਫਰ ਰਾਜ਼ੀ ਬਾਜ਼ੀ ਹੋ ਗਿਆ ਤਾਂ ਕਥਾ ਫੇਰ ਅਰੰਭ ਹੋਈ। ਕਾਰਣ ਇਹ ਸੀ ਕਿ ਬਾਬੇ ਨੇ ਇਹ ਕਥਾ ਨਿਰੀ ਇਸਦੇ ਪੜ੍ਹੇ ਮਨ ਨੂੰ ਗੁਰਮਤਿ ਦਾ ਰਸਤਾ ਦੱਸਣ ਲਈ ਹੀ ਰਖਵਾਈ ਸੀ ਕਿ ਜੋ ਗੱਲਾਂ ਬਰੀਕੀ ਨਾਲ ਅਸੀਂ ਨਹੀਂ ਸਮਝਾ ਸਕਦੇ ਇਸ ਨੂੰ ਇਸ ਪੋਥੀ ਦੀ ਕਥਾ ਤੋਂ ਸਮਝੇ ਪੈ ਜਾਣ, ਸੋ ਹੁਣ ਉਸ ਨੂੰ ਕਥਾ ਦੇ ਨਾਲ ਤਜਰਬਾ ਬੀ ਹੋ ਗਿਆ।

ਅਗੋਂ ਕਥਾ ਹੁਣ ਐਉਂ ਚੱਲੀ:-

(ਗ)

ਦੂਜੇ ਦਿਨ ਭਾਈ ਸਾਈਂਦਾਸ ਜੀ ਰਾਤ ਸਮੇਂ ਉਥੇ ਹੀ ਬੈਠੇ ਸੇ ਕਿ ਓਹੋ ਸਿੰਧੀ ਪ੍ਰੇਮੀ ਜੀ ਫੇਰ ਆ ਗਏ। ਫੇਰ ਉਸੇ ਤਰ੍ਹਾਂ ਸਤਿਸੰਗ ਦੇ ਬਚਨ ਬਿਲਾਸ ਸ਼ੁਰੂ ਹੋ ਗਏ।

ਸਿੰਧੀ-ਭਾਈ ਸਾਹਿਬ ਜੀ! ਸੇਵਾ ਜਿਸਦਾ ਆਪ ਨੇ ਕੱਲ ਬਹੁਤ ਹੀ ਪਿਆਰਾ ਕਥਨ ਕੀਤਾ ਸੀ, ਕੀ ਦਾਨ ਅਰ ਉਪਕਾਰ ਬੀ ਉਸੇ ਦੇ ਵਿਚ ਹੀ ਆਉਂਦੇ ਹਨ?

ਭਾਈ-ਠੀਕ ਹੈ! ਦਾਨ ਪਰਉਪਕਾਰ ਆਦਿਕ ਬੀ ਗੁਰੂ ਘਰ ਵਿਚ ਵਰਤੀਂਦੇ ਹਨ, ਪਰ ਸੇਵਾ ਦੇ ਦੋ ਅਖਰ ਹੀ ਵਧੇਰੇ ਵਰਤੇ ਜਾਂਦੇ ਹਨ। ਕਿਉਂਕਿ ਸੇਵਾ ਵਿਚ ਦਾਨ ਤੇ ਹਰ ਤਰ੍ਹਾਂ ਦੇ ਉਪਕਾਰ ਆ ਜਾਂਦੇ ਹਨ ਅਰ ਸੇਵਾ ਦਾ ਭਾਵ ਅਜੇ ਹੋਰ ਰਹਿੰਦਾ ਹੈ। ਦੂਸਰੇ ਦੇ ਭਲੇ ਲਈ ਕੀਤੇ ਹੋਏ ਸਾਰੇ ਕੰਮ ਸੇਵਾ ਵਿੱਚ ਆ ਜਾਂਦੇ ਹਨ। ਇਸ ਤਰ੍ਹਾਂ ਦੇ ਅਰਥਾਂ ਦੇ ਵਾਧੇ ਨਾਲ ਇਕ ਹੋਰ ਵਾਧਾ ਇਹ ਹੈ ਕਿ ਦਾਤਾ ਹੋਣ ਤੇ ਉਪਕਾਰੀ ਹੋਣ ਵਿਚ ਇਕ ਤਰ੍ਹਾਂ ਦਾ ਆਪਣੇ ਆਪ ਨੂੰ ਉੱਚਾ ਸਮਝਣ ਦਾ ਭਾਵ ਅੰਦਰ ਘਟਿਆ ਰਹਿੰਦਾ ਹੈ ਜਿਸ ਨਾਲ ਕਿ ਹਉਮੈ ਦਾ ਇਕ ਬੇਮਲੂਮਾ ਰੰਗ ਮਨ ਤੇ ਚੜ੍ਹਿਆ ਰਹਿੰਦਾ ਹੈ। ਇਸ ਤੇ ਉਲਟ ਸੇਵਾ ਵਿੱਚ ਨਿੰਮ੍ਰਤਾ ਤੇ ਭਗਤੀ ਭਾਵ ਮਨ ਵਿਚ ਵੱਸਦਾ ਹੈ, ਜਿਸ ਨਾਲ ਹਉਮੈ ਦੂਰ ਰਹਿੰਦੀ ਹੈ। ਤੁਸੀਂ ਵੇਖ ਲਵੋ ਕਿ ਕਦੇ ਕੋਈ ਇਹ ਨਹੀਂ ਕਹਿੰਦਾ ਜੋ ਮੈਂ ਦਾਨੀ ਹਾਂ ਜਾਂ ਪਰੋਪਕਾਰੀ ਹਾਂ, ਪਰ ਆਪ ਨੂੰ ਸੇਵਕ ਕਹਿੰਦਿਆਂ ਕਿਸੇ ਦਾ ਮਨ ਅਟਕਦਾ ਝਿਜਕਦਾ ਨਹੀਂ।

ਫਿਰ ਇਸ ਪਦ ਦੇ ਵਰਤਾਉ ਵਿਚ ਗੁਰੂ ਘਰ ਵਿਚ ਇਕ ਹੋਰ ਲਾਭਵੰਦੀ ਮਟਕ ਹੈ, ਉਹ ਇਸ ਗੁਰਵਾਕ ਵਿਚ ਦਰਸਾਈ ਗਈ ਹੈ:



www.sikhbookclub.com

'ਸੇਵਕ ਕਉ ਸੇਵਾ ਬਨਿ ਆਈ॥
ਹੁਕਮੁ ਬੂਝਿ ਪਰਮ ਪਦੁ ਪਾਈ॥'

ਅਰਥਾਤ ਸੇਵਕ ਨੇ ਸੇਵਾ ਕਰਨੀ ਹੈ ਪਰ ਇਹ ਸਮਝ ਕੇ ਕਰਨੀ ਹੈ ਕਿ ਇਹ ਸੇਵਾ ਵਾਹਿਗੁਰੂ ਦਾ ਯਾ ਗੁਰੂ ਦਾ ਹੁਕਮ ਹੈ। ਜਿਸ ਨੂੰ ਹੁਕਮ ਹੋਇਆ ਹੈ ਜਦ ਉਹ ਸੇਵਾ ਕਰਦਾ ਹੈ ਤਾਂ ਹੁਕਮ ਬਜਾ ਲਿਆਉਂਦਾ ਹੈ। ਇਸ ਨਾਲ ਮਨ ਹੁਕਮ ਵਿਚ ਰਹਿੰਦਾ ਹੈ ਤੇ ਸੇਵਾ ਕਰਕੇ ਜੋ ਕਿਸੇ ਵੇਲੇ ਮਾਨ ਯਾ ਹੰਕਾਰ ਉਪਜ ਸਕਦਾ ਹੈ, ਉਹ ਨਹੀਂ ਉਪਜਦਾ, ਕਿਉਂਕਿ ਸੇਵਾ ਕੋਈ ਉਹ ਹਉਂ ਨਾਲ ਨਹੀਂ ਨਾ ਕਰ ਰਿਹਾ, ਉਹ ਤਾਂ ਹੁਕਮ ਕਮਾ ਰਿਹਾ ਹੈ। ਇਸ ਤਰ੍ਹਾਂ ਹੁਕਮ ਨਾਲ ਕੀਤੀ ਸੇਵਾ ਨਿਸ਼ਕਾਮਤਾ ਵਿਚ ਛੇਤੀ ਛੇਤੀ ਲੈ ਜਾਂਦੀ ਹੈ ਤੇ ਹਉਂ ਨੂੰ ਕਟਦੀ ਹੈ, ਹਉਂ ਕਟਿਆਂ ਪਰਮ ਪਦ ਛੇਤੀ ਲੱਭਦਾ ਹੈ। ਸੋ ਮਿੱਤ੍ਰ ਜੀ! ਦਾਨ ਤੇ ਉਪਕਾਰ ਨਾਲੋਂ ਸੇਵਾ ਦਾ ਖਿਆਲ ਵਧੀਕ ਵੱਡਾ ਤੇ ਵਧੀਕ ਸਲਾਮਤੀ ਵਾਲਾ ਹੈ। ਸਿੱਖੀ ਮੰਡਲ ਵਿਚ ਪਹਿਲਾ ਅੰਗ ਸੇਵਾ ਹੈ, ਸੇਵਾ ਦਾ ਪਹਿਲਾ ਅੰਗ 'ਨਿੰਮ੍ਰਤਾ' ਹੈ ਤੇ ਸੇਵਾ ਦਾ ਦੂਸਰਾ ਅੰਗ 'ਭਾਉ' ਹੈ। ਭਾਉ ਦਾ ਅਰਥ ਪ੍ਰੇਮ ਹੈ। ਸੇਵਾ ਦੇ ਸੰਬੰਧ ਵਿੱਚ ਪ੍ਰੇਮ ਤੋਂ ਮੁਰਾਦ ਸੇਵਾ ਨਾਲ ਪ੍ਰੇਮ ਯਾ ਜਿਸਦੀ ਸੇਵਾ ਕਰਨੀ ਹੈ ਉਸ ਨਾਲ ਪ੍ਰੇਮ ਤੋਂ ਨਹੀਂ ਹੈ, ਪਰ 'ਸੇਵਾ ਵਿੱਚ ਪ੍ਰੇਮ' ਤੋਂ ਅਰਥ ਹੈ, ਅਰਥਾਤ ਜਿਸਦੀ ਖ਼ਾਤਰ ਸੇਵਾ ਕਰਨੀ ਹੈ ਤੇ ਜਿਸਦੇ ਹੁਕਮ ਨਾਲ ਸੇਵਾ ਵਿਚ ਲੱਗੇ ਹਾਂ। ਸੋ ਸੇਵਾ ਵਿਚ 'ਗੁਰੂ ਪ੍ਰੇਮ' ਦਾ ਦੂਸਰਾ ਅੰਗ ਹੈ।

ਸਿੰਧੀ-ਮੈਂ ਇਸ ਦੂਸਰੇ ਅੰਗ ਨੂੰ ਨਹੀਂ ਸਮਝਿਆ, ਕ੍ਰਿਪਾ ਕਰਕੇ ਜ਼ਰਾ ਖੋਲ੍ਹਕੇ ਸਮਝਾ ਦਿਓ।

ਭਾਈ ਜੀ-ਗੁਰੂ ਦੇ ਪ੍ਰੇਮ ਤੋਂ ਇਹ ਮਤਲਬ ਹੈ ਕਿ ਜਦ ਸੇਵਾ ਕਰੋ, ਗੁਰੂ ਦੇ ਪਿਆਰ ਵਿਚ ਖਯਾਲ ਰੱਖਕੇ ਕਰੋ। ਤੁਸੀਂ ਜੋ ਸੇਵਾ ਕਰਦੇ ਹੋ ਮਨਮਤੀਏ ਹੋ ਕੇ ਨਹੀਂ ਕਰਦੇ, ਪਰ ਇਸ ਲਈ ਕਰਦੇ ਹੋ ਕਿ ਗੁਰੂ ਜੀ ਨੇ ਹੁਕਮ ਦਿੱਤਾ ਹੈ, ਸੋ ਉਹ ਸੇਵਾ ਗੁਰੂ ਨਮਿੱਤ ਸੇਵਾ ਹੈ। ਜਿਸ ਵੇਲੇ ਸੇਵਾ ਕਰਦੇ ਹੋ ਆਤਮਾ ਵਿੱਚ ਗੁਰੂ ਯਾਦ ਹੋਵੇ ਤੇ ਇਹ ਭਾਵਨਾ ਹੋਵੇ ਕਿ ਮੇਰੇ ਪਿਆਰੇ ਦੀ ਪ੍ਰਸੰਨਤਾ ਏਸ ਵਿੱਚ ਹੈ, ਇਹ ਕੰਮ ਮੇਰੇ ਪਿਆਰੇ ਗੁਰੂ ਨੇ ਮੈਨੂੰ ਸੌਂਪਿਆ ਹੈ, ਇਸ ਕੰਮ ਵਿੱਚ ਮੇਰਾ ਪਿਆਰਾ ਪ੍ਰਸੰਨ ਹੁੰਦਾ ਹੈ, ਇਸ ਤਰ੍ਹਾਂ ਜੋ ਸੇਵਾ ਤੁਸੀਂ ਕਰੋਗੇ ਉਹ ਕਿਸੇ ਦੁਖੀ ਦੀਨ ਦਰਦਵੰਦ ਦੀ ਸੇਵਾ ਨਹੀਂ ਰਹੇਗੀ, ਸਗੋਂ ਉਹ ਗੁਰੂ ਕੀ ਸੇਵਾ ਹੋ ਜਾਵੇਗੀ।

ਹੋਰ ਇਕ ਵੀਚਾਰ ਕਰੋ, ਹੁੱਬ ਤੋਂ ਬਿਨਾਂ ਕੋਈ ਦਾਨ ਪਰਵਾਨ ਨਹੀਂ ਹੈ ਅਰਥਾਤ ਆਪਣਾ ਪੂਰਾ ਫਲ ਨਹੀਂ ਦੇਂਦਾ। ਹੁਣ ਜੇ ਤੁਸੀਂ ਜਿਸ ਦੀ ਸੇਵਾ ਕਰਦੇ ਹੋ ਉਸਦੀ ਹੁੱਬ ਧਾਰੋਗੇ ਤਾਂ ਉਸ ਵਿਚ ਫਸ ਜਾਓਗੇ ਤੇ ਕਈ ਵੇਰ ਛਵੋਗੇ। ਜੇ ਗੁਰੂ ਦੀ ਹੁੱਬ ਵਿਚ ਕਰੋਗੇ ਤਾਂ ਮਨ ਗੁਰੂ ਵਿਚ ਲੱਗਾ ਰਹੇਗਾ, ਜਿਸਦੀ ਸੇਵਾ ਕਰਦੇ ਹੋ ਉਸ ਨਾਲ ਮਨ ਰਾਗ ਵਿਚ ਨਹੀਂ ਫਸੇਗਾ। ਕਿਉਂਕਿ ਮਨ ਇਸ ਪਜਾਰ ਤੇ ਸੋਚ ਵਿਚ ਰਹੇਗਾ ਕਿ ਇਹ ਜੋ ਮੈਂ ਦਾਨ ਕਰਦਾ ਹਾਂ, ਇਹ ਮੇਰਾ ਦਾਨ ਨਹੀਂ, ਪਰ ਮੇਰੇ ਪਿਆਰੇ ਦਾ ਹੁਕਮ ਹੈ। ਉਸਦੇ ਚਰਨਾਂ ਨਾਲ ਮੈਨੂੰ ਪਿਆਰ ਹੈ, ਉਸਦੇ ਪਿਆਰ ਦੇ ਕਾਰਨ ਉਸਦਾ ਹੁਕਮ ਮੇਰੀ ਖ਼ੁਸ਼ੀ ਦਾ ਉਤਪਤ ਕਰਨ ਵਾਲਾ ਹੈ ਤਾਂ ਤੇ ਮੈਂ ਦਾਨ ਨਹੀਂ ਕਰਦਾ, ਮੈਂ ਤਾਂ ਆਪਣੇ ਪਿਆਰੇ ਗੁਰੂ ਦੀ ਸੇਵਾ ਕਰਦਾ ਹਾਂ।

ਇਸ ਭਾਵਨਾਂ ਵਿੱਚ ਬੜੇ ਲਾਭ ਹਨ ਅਰ ਆਤਮ ਰਸਤੇ ਦੇ ਤੁਰਾਊ-ਜਗਯਾਸੂ-ਲਈ ਬੜੀਆਂ ਜੋਖੋਂ ਤੋਂ ਬਚਣੇ ਦਾ ਉਪਰਾਲਾ ਹੈ। ਪਹਿਲੇ ਤਾਂ ਇਹ ਗੱਲ ਹੈ ਕਿ ਸਾਡਾ ਪ੍ਰਯੋਜਨ ਜਦ ਅਸੀਂ ਆਤਮ ਪੰਧ ਤੇ ਪੈਰ ਧਰਦੇ ਹਾਂ ਤਦ ਅਕਾਲ ਪੁਰਖ ਦੀ ਪ੍ਰਾਪਤੀ ਹੈ ਅਰ ਅਕਾਲ ਪੁਰਖ ਦੀ ਪ੍ਰਾਪਤੀ ਅਕਾਲ ਪੁਰਖ ਦੀ ਰਜ਼ਾ ਵਿਚ ਹੈ ਤੇ ਉਸਦੀ ਰਜ਼ਾ ਦੀ ਸਾਨੂੰ ਸਮਝ ਨਹੀਂ, ਉਸ ਸਮਝ ਲਈ ਗੁਰੂ ਜੀ ਦੀ ਰਸਨਾ ਵਾਹਿਗੁਰੂ ਦੀ ਰਜ਼ਾ ਦਾ ਸਾਡੀ ਸਮਝ ਗੋਚਰਾ ਪ੍ਰਕਾਸ਼ ਕਰਦੀ ਹੈ, ਮਾਨੋ ਵਾਹਿਗੁਰੂ ਰਜ਼ਾ ਦੀ ਪ੍ਰਗਟਤਾਈ ਗੁਰੂ ਹੈ। "ਗੁਰੂ-ਆਗਯਾ" ਸਾਡਾ ਮੁੱਖ ਕਰਮ ਹੋਇਆ ਤੇ ਗੁਰੂ-ਪ੍ਰੀਤ ਸਾਡੀ ਸਭ ਤੋਂ ਉੱਚੀ ਭਾਵਨਾ ਹੋਈ। ਹੁਣ ਮਿਥ ਲਓ ਕਿ ਗੁਰੂ ਕਹਿੰਦਾ ਹੈ ਖੂਹ ਤੋਂ ਜਲ ਲਿਆਓ, ਜੇ ਅਸੀਂ ਜਲ ਤੇ ਖੂਹ ਵਿਚ ਹੀ ਫਸਕੇ ਬਹਿ ਗਏ ਤਦ ਗੁਰੂ ਆਗਯਾ ਪੂਰਨ ਹੋਈ ਕਿ ਭੰਗ?

ਸਿੰਧੀ-ਭੰਗ। ਸਫਲਤਾ ਤਾਂ ਹੈ ਜੇ ਜਲ ਲੈ ਆਈਏ।

ਭਾਈ ਜੀ-ਭਲਾ ਜੇ ਅਸੀਂ ਜਲ ਬੀ ਲੈ ਆਈਏ, ਪਰ ਜਲ ਲਿਆਉਂਦੇ ਹੋਏ ਸਾਨੂੰ ਗੁਰੂ ਹੀ ਗੁਰੂ ਪਿਆ ਦਿੱਸੇ ਤੇ ਅੰਗ ਅੰਗ ਵਿੱਚ ਚਾਉ ਹੋਵੇ ਕਿ ਸਾਡੇ ਪਿਆਰੇ ਦੀ ਇਹ ਆਗਯਾ ਹੈ ਤਦ ਏਹ ਕੇਡੇ ਨਫੇ ਦੀ ਬਾਤ ਹੋ ਜਾਵੇ।

ਸਿੰਧੀ-ਇਸ ਵਿੱਚ ਅਤਿ ਦਰਜੇ ਦੀ ਪ੍ਰਸੰਨਤਾ ਵਧ ਜਾਵੇ ਅਰ ਹਉਮੈਂ ਘਟ ਕੇ ਮਨ ਗੁਰੂ ਰਜ਼ਾ ਦੇ ਨੇੜੇ ਹੋ ਜਾਵੇ।

ਭਾਈ ਜੀ-ਠੀਕ ਹੈ। ਸੋ ਜਦ ਸੇਵਾ ਕਰੀਏ ਸੇਵਾ ਤੇ ਸੇਵਜ (ਜਿਸਦੀ ਸੇਵਾ ਕਰਦੇ ਹਾਂ) ਵਿੱਚ ਸੁਰਤ ਨੂੰ ਨਾ ਵਸਾਈਏ, ਸਗੋਂ ਜਿਸਦੀ ਖ਼ਾਤਰ ਯਾ ਜਿਸਦੇ ਹੁਕਮ ਵਿਚ ਸੇਵਾ ਕਰਦੇ ਹਾਂ ਉਸ ਵਿਚ। ਜੇ ਸੇਵਾ ਕਰਦੇ ਹੋਏ ਸੁਰਤ ਗੁਰੂ ਦੇ ਚਰਨਾਂ ਵਿੱਚ ਰੱਖੀਏ ਤਦ ਅਸੀਂ ਹੰਕਾਰ ਤੋਂ ਬਚਾਂਗੇ, ਰਜ਼ਾ ਦੇ ਨੇੜੇ ਹੋਵਾਂਗੇ ਤੇ ਮਨ ਗੁਰੂ ਦੇ ਮਨ ਨਾਲ ਲੱਗੇਗਾ। ਸੇਵਾ ਕਰਨ ਵਾਲੇ ਅਕਸਰ ਗੁਰੂ ਨੂੰ ਭੁੱਲ ਜਾਂਦੇ ਹਨ ਅਰ ਨਿਰੇ ਸੇਵਾ ਦੇ ਪਿਆਰੇ ਹੋ ਜਾਂਦੇ ਹਨ। ਤਦੋਂ ਪਹਿਲੀ ਕਾਈ ਇਹ ਪੈਂਦੀ ਹੈ ਕਿ 'ਸੇਵਾ ਮੈਂ ਕਰਦਾ ਹਾਂ'। ਦੂਜੀ ਕਾਈ ਇਹ ਪੈਂਦੀ ਹੈ ਕਿ ਲੋਕੀਂ 'ਵਾਹ ਵਾਹ' ਆਖਣ ਤੇ ਨਿੰਦਾ ਨਾ ਕਰਨ ਸਗੋਂ ਉਸਤਤਿ ਕਰਨ। ਅਰਥਾਤ ਜਿਥੇ ਸੁਰਤ ਵਿਚ ਗੁਰੂ ਨੇ ਵੱਸਣਾ ਸੀ, ਉਥੇ ਲੋਕੀਂ ਆ ਵੱਸੇ। ਸੇਵਾ ਦਾ ਪ੍ਰਯੋਜਨ ਹਉਮੈ ਤੋੜਨਾ ਸੀ ਸੋ ਸਗੋਂ ਵਧ ਗਈ। ਸੇਵਾ ਦਾ ਪ੍ਰਯੋਜਨ ਉਸਤਤਿ ਨਿੰਦਾ ਸਮ ਕਰਕੇ ਸਹਾਰਨ ਦੀ ਜਾਚ ਸਿੱਖਣੀ ਸੀ ਸੋ (ਉਸਤਤਿ ਦੇ) ਪਿਆਰੇ ਹੋਕੇ ਸੇਵਾ ਧਰਮ ਦਾ ਕੰਮ ਨਾ ਰਿਹਾ ਪਰ ਦੁਨੀਆਦਾਰੀ ਵਾਂਙੂ ਇਕ ਵਿਹਾਰ ਯਾ ਹਉਂ ਨੂੰ ਪਾਲਣੇ ਦਾ ਇਕ ਕੰਮ ਹੋ ਗਿਆ। ਦੁਨੀਆਂਦਾਰੀ ਦੇ ਵਿਹਾਰ ਮਨ ਨੂੰ ਏਕਾਗ੍ਰਤਾ ਤੇ ਸੁਖ ਬਹੁਤ ਘੱਟ ਦੇਂਦੇ ਹਨ। ਸੇਵਾ ਮਨ ਦੇ ਸੁਖ ਲਈ ਕਰੀਦੀ ਹੈ। ਇਸ ਨਾਲ ਮਨ ਨਿਰਮਲ ਹੁੰਦਾ ਹੈ। ਹੁਣ ਜਦ ਸੰਕਲਪ ਵਿਚ ਲੋਕਾਂ ਦੀ ਉਸਤਤਿ ਨਿੰਦਾ ਵੜੀ ਤਦ ਕਲਪਨਾ ਪੈ ਗਈ। ਕਿਉਂਕਿ ਲੋਕੀਂ ਭੀਤੋ ਭੀਤ, ਹਰੇਕ ਦੀ ਵਿਚਾਰ ਅੱਡ ਅੱਡ, ਜਣੇ ਖਣੇ ਦੀ ਖੁਸ਼ੀ ਪਿੱਛੇ ਜਣੇ ਖਣੇ ਦੇ ਸੁਭਾਉ ਨੂੰ ਸੋਚਣਾ ਤੇ ਜਣੇ ਖਣੇ ਦੀ ਪ੍ਰਸੰਨਤਾ ਦੇ ਫਿਕਰ ਕਰਨੇ। ਜਣੇ ਖਣੇ ਦੀ ਪ੍ਰਸੰਨਤਾ ਅੱਡ ਅੱਡ ਅਰ ਕਦੇ ਇਕ ਦੂਜੇ ਦੇ ਠੀਕ ਉਲਟ, ਐਸੀ ਦਸ਼ਾ ਵਿੱਚ ਮਨ ਦਾ ਚਿੰਤਾ ਤੇ ਘੁੰਮਣਾ ਵਿੱਚੋਂ ਬਾਹਰ ਹੀ ਨਾ ਨਿਕਲ ਸਕਣਾ, ਦੁਖ ਹਨ ਕਿ ਨਹੀਂ? ਜੇ ਸੁਰਤ ਵਿੱਚ ਗੁਰੂ ਹੁੰਦਾ ਤਦ ਕੱਖ ਖੇਚਲ ਨਾ ਪੈਂਦੀ, ਨ ਉਸਤਤਿ ਦੀ ਪਰਵਾਹ ਨਾ ਨਿੰਦਾ ਦਾ ਰੋਸ, ਕੇਵਲ ਗੁਰੂ ਦੀ ਪ੍ਰਸੰਨਤਾ ਦਾ ਖਿਆਲ ਤੇ ਧਿਆਨ ਵਿੱਚ ਗੁਰੂ-ਮੂਰਤ ਦਾ ਆਸਰਾ, ਜਿਨ੍ਹਾਂ ਦਾ ਫਲ ਪ੍ਰਸੰਨਤਾ ਹੁੰਦਾ, ਮਨ ਠੰਢਾ ਰਹਿੰਦਾ ਤੇ ਕੁਛ ਜੁੜਿਆ ਰਹਿੰਦਾ।

ਹੁਣ ਦੂਜੇ ਪਾਸੇ ਵਿਚਾਰ ਕਰੀਏ। ਜਦੋਂ ਗੁਰੂ ਜੀ ਦੀ ਹੁੱਬ ਦਿਲ ਵਿਚ ਨਾ ਹੋਵੇ ਤਦੋਂ ਸੇਵਾ ਕਰਦਿਆਂ ਕਈ ਵੇਰ 'ਸੇਵਜ' ਨਾਲ ਪਿਆਰ ਪੈ ਜਾਂਦਾ ਹੈ, ਅਰਥਾਤ ਜਿਸਦੀ ਸੇਵਾ ਕਰਦੇ ਹਾਂ ਉਸ ਨਾਲ ਮੋਹ ਪੈ ਜਾਂਦਾ ਹੈ। ਇਸ ਦੇ ਕਈ ਵੇਰ ਵੱਡੇ ਭਿਆਨਕ ਨਤੀਜੇ ਨਿਕਲਦੇ ਹਨ। ਮੰਨ ਲਵੋ ਕਿ ਤੁਸੀਂ ਇਕ ਵਿਧਵਾ ਦੀਨ ਰੋਗੀ ਇਸਤ੍ਰੀ ਦੀ ਸੇਵਾ ਕਰਦੇ ਹੋ, ਤੁਹਾਡੀ ਸੇਵਾ ਨਾਲ ਉਹ ਰਾਜ਼ੀ ਹੋ ਜਾਂਦੀ ਹੈ। ਤੁਹਾਡੇ ਜੀ ਵਿੱਚ ਇਹ ਹੁੱਬ ਤਾਂ ਹੈ ਹੀ ਨਹੀਂ, ਕਿ ਮੈਂ ਗੁਰੂ ਦੀ ਆਗਜਾ ਵਿੱਚ ਗੁਰੂ ਦੀ ਸੇਵਾ ਕਰ ਰਿਹਾ ਹਾਂ, ਇਹ ਇਸਤ੍ਰੀ ਮੇਰਾ ਪ੍ਰਯੋਜਨ ਨਹੀਂ, ਇਸ ਨੂੰ ਸੁਖ ਦੇਣਾ ਗੁਰੂ-ਹੁਕਮ ਵਿੱਚ ਮੇਰਾ ਧਰਮ ਹੈ, ਤੁਸੀਂ ਤਾਂ ਗੁਰੂ ਨੂੰ ਭੁੱਲ ਚੁੱਕੇ ਹੋ ਤੇ ਕੇਵਲ ਸੇਵਾ ਕਰ ਰਹੇ ਹੋ। ਸੇਵਾ ਕਰਦਿਆਂ ਜਿਉਂ ਜਿਉਂ ਉਸ ਰੋਗੀ ਨੂੰ ਆਰਾਮ ਹੁੰਦਾ ਹੈ, ਉਸਦੇ ਜੀ ਵਿੱਚ ਸ਼ੁਕਰ ਪੈਦਾ ਹੁੰਦਾ ਹੈ, ਉਹ ਸ਼ੁਕਰ ਵਿੱਚ ਆਕੇ ਤੁਹਾਡਾ ਜੱਸ ਕਰਦੀ ਹੈ ਤੇ ਗੁਣ ਗਾਉਂਦੀ ਹੈ। ਆਪਣੀ ਮਹਿਮਾ ਸੁਣਕੇ ਤੁਹਾਨੂੰ ਰਾਗ* ਪੈਦਾ ਹੁੰਦਾ ਹੈ ਤੇ ਤੁਹਾਨੂੰ ਉਹ ਪਿਆਰੀ ਲਗਦੀ ਹੈ। ਪਿਆਰ ਜਦ ਪੈਦਾ ਹੋਵੇ ਵਧਦਾ ਹੈ, ਵਧਿਆ ਹੋਇਆ (ਜਿਥੇ ਕੋਈ ਰੋਕ ਨਹੀਂ) ਕਦੇ ਕਦੇ ਪਾਪ ਵਿੱਚ ਪਲਟਾ ਖਾ ਜਾਂਦਾ ਹੈ। ਤੁਸੀਂ ਦੱਸੋ ਐਸੀ ਦਸ਼ਾ ਵਿੱਚ ਸੇਵਾ ਕਿੱਥੋਂ ਚੁੱਕ ਕੇ ਸੇਵਕ ਨੂੰ ਕਿੱਥੇ ਲੈ ਗਈ? ਮੇਰੇ ਦੇਖਣ ਵਿੱਚ ਕਈ ਸਰੀਰ ਆਏ ਹਨ ਜਿਨ੍ਹਾਂ ਨੇ ਸੇਵਾ ਨੂੰ ਗੁਰੂ ਦੀ ਹੁੱਬ ਨਾਲ ਨਹੀਂ ਕੀਤਾ ਓਹ ਤੇ ਅੰਤ ਸੇਵਜ ਵਿਚ ਹੀ ਫਸ ਗਏ।

ਦੂਸਰਾ ਆਤਮ ਨੁਕਸਾਨ ਇਹ ਹੁੰਦਾ ਹੈ ਕਿ ਜਦ ਸੇਵਾ ਕਰਦੇ ਹੋ ਕਿਸੇ ਦੁਖੀ, ਲੋੜਵੰਦ ਦੀ ਕਰਦੇ ਹੋ। ਜੋ ਦੁਖੀ ਨਹੀਂ, ਜੋ ਲੋੜਵੰਦ ਨਹੀਂ ਉਸ ਦੀ ਸੇਵਾ ਦੀ ਕੀਹ ਲੋੜ ਹੈ? ਅੱਛਾ, ਦੁਖੀ ਤੇ ਲੋੜਵੰਦ ਕੋਈ ਕਿਉਂ ਹੈ? ਆਪਣੇ ਖੋਟੇ ਕਰਮਾਂ ਦੇ ਫਲ ਕਰਕੇ। ਖੋਟੇ ਕਰਮਾਂ ਦੇ ਦੋ ਫਲ ਹੁੰਦੇ ਹਨ, ਦੁੱਖ ਤੇ ਖੋਟੀ ਵਾਸ਼ਨਾ। ਹੁਣ ਜਦ ਤੁਸੀਂ ਦੁਖੀ ਦੀ ਸੇਵਾ ਕਰਦੇ ਹੋ ਤਦ ਤੁਸੀ ਦੁਖ ਦੇ ਨੇੜੇ ਜਾਂਦੇ ਹੋ ਅਰ

---

* ਮੋਹ

ਖੋਟੀਆਂ ਵਾਸ਼ਨਾ ਦੇ ਮੰਡਲ ਵਿੱਚ ਅੱਪੜਦੇ ਹੋ। ਉੱਥੇ ਜਾਕੇ (ਜੇ ਗੁਰੂ ਤੁਹਾਡੇ ਅੰਦਰ ਨਹੀਂ) ਤਦ ਤੁਹਾਨੂੰ ਇਕ ਤਰਸ ਆਉਂਦਾ ਹੈ। ਤਰਸ ਆਉਂਦੇ ਹੀ ਤੁਹਾਡੇ ਦਿਲ ਵਿਚ ਨਰਮੀ ਆਉਂਦੀ ਹੈ ਤੇ ਉਹ ਪੰਘਰਦਾ ਹੈ। ਨਰਮ ਹੋਏ ਤੇ ਨਕਸ਼ ਵਹਿ ਜਾਂਦਾ ਹੈ ਉਸਦੇ ਉਸ ਦੁਖੀ ਹਾਲ ਦਾ, ਅਰਥਾਤ ਉਸ ਪੁਰਸ਼ ਦੀ ਖੋਟੀ ਵਾਸ਼ਨਾਂ ਦਾ ਪ੍ਰਭਾਵ ਤੁਹਾਡੇ ਉਸ ਸ਼ੀਸ਼ੇ ਤੇ ਪੈਕੇ ਤੁਹਾਨੂੰ ਭਾਰਾ ਕਰ ਦੇਂਦਾ ਹੈ। ਉਸ ਦੇ ਖੋਟੇ ਕਰਮਾਂ ਦਾ ਦਬਾਉ ਤੁਹਾਨੂੰ ਦਬਾਉਂਦਾ ਹੈ। ਸੇਵਾ ਕਰਨ ਗਏ ਤੁਸੀਂ ਪੰਡ ਚੁਕ ਲਿਆਏ, ਅਗੋਂ ਕਬੀਰ ਜੀ ਕੀਹ ਆਖਦੇ ਹਨ-

ਕਬੀਰ ਭਾਰ ਪਰਾਈ ਸਿਰਿ ਚਰੈ ਚਲਿਓ ਚਾਹੈ ਬਾਟ॥
ਅਪਨੇ ਭਾਰਹਿ ਨਾ ਡਰੈ ਆਗੈ ਅਉਘਟ ਘਾਟ॥੮੯॥

ਜੇ ਤੁਸੀਂ 'ਦੁਖੀ ਕੋਈ ਕਿਉਂ ਹੈ' ਇਸਦੇ ਪਿਛਲੇ ਕਾਰਣਾਂ ਨੂੰ ਨਾ ਵਿਚਾਰੋ, ਤਦ ਬੀ ਤੁਸੀਂ ਦੁਖੀ ਦੇ ਪਾਸ ਜਾਕੇ ਉਸਦੇ ਦੁਖ ਦਾ ਨਕਸ਼ ਆਪਣੇ ਦਿਲ ਤੇ ਲੈਕੇ ਉਦਾਸ ਹੋ ਜਾਓਗੇ, ਦਿਲ ਭਾਰਾ ਭਾਰਾ ਤੇ ਦੁਖੀ ਦੁਖੀ ਹੋ ਜਾਏਗਾ, ਪਰ ਜੇ ਤੁਸੀਂ ਗੁਰੂ ਪ੍ਰੇਮ ਵਿਚ ਰਹੋਗੇ ਤਾਂ ਤੁਹਾਡੇ ਮਨ ਤੇ ਉਦਾਸੀ, ਦਬਾਉ ਤੇ ਦੁੱਖ ਦਾ ਅਕਸ ਨਾ ਪਏਗਾ ਯਾ ਘੱਟ ਪਏਗਾ।

ਸੱਜਨ ਜੀ! ਏਹ ਬਾਤਾਂ ਬੇਪਰਵਾਹੀ ਵਿਚ ਤਾਂ ਗਥਰੇ ਨਹੀਂ ਆਉਂਦੀਆਂ ਪਰ ਤੁਸਾਂ ਨਾਮ ਦੀ ਇੱਛਾ ਪ੍ਰਗਟ ਕੀਤੀ ਸੀ, ਇਸ ਕਰਕੇ ਮੈਂ ਬੇਨਤੀ ਕਰ ਰਿਹਾਂ ਕਿ 'ਆਤਮ-ਸ੍ਰਿਸ਼ਟੀ' ਦੇ ਰਸਤੇ ਪੈਰ ਰੱਖਣਾ ਹੋਰ ਗੱਲ ਹੈ ਤੇ ਕੇਵਲ ਨੇਕ ਜੀਵਨ ਸੰਸਾਰ ਵਿਚ ਬਿਤੀਤ ਕਰਨਾ ਹੋਰ ਬਾਤ ਹੈ। ਆਤਮ ਸ੍ਰਿਸ਼ਟੀ ਦੇ ਰਾਹੀਂ ਨੂੰ ਆਤਮ ਸੂਝ ਪੈਣੀ ਚਾਹੀਦੀ ਹੈ। ਸੇਵਾ ਦਾਰੂ ਹੈ, ਪਰ ਆਤਮ ਰਾਹੀ ਜੇ ਦਾਰੂ ਨੂੰ ਠੀਕ ਤਰ੍ਹਾਂ ਨਾ ਖਾਵੇ, ਤਦ ਦਾਰੂ ਹੀ ਵਿਹੁ ਹੋ ਢੁਕਦਾ ਹੈ। ਸੱਜਣ ਜੀ! ਜਦ ਕਿਸੇ ਨਾਲ ਹਿਤ ਕਰੋ, ਤਦ ਇਹ ਆਤਮ ਨਿਯਮ ਹੈ ਕਿ ਦੋਵੇਂ ਦਿਲ ਆਪੋ ਵਿਚ ਰਗੜ ਖਾਂਦੇ ਹਨ ਅਰ ਇਕ ਦੂਜੇ ਦਾ ਪ੍ਰਭਾਵ ਇਕ ਦੂਜੇ ਤੇ ਪੈਂਦਾ ਹੈ, ਸੋ ਜਦ ਤੁਸੀਂ ਸੇਵਜ (ਜਿਸਦੀ ਸੇਵਾ ਕਰਦੇ ਹੋ) ਨੂੰ ਪਿਆਰ ਕਰਦੇ ਹੋ, ਤੁਸੀਂ ਉਸਦੇ ਦੁੱਖ ਦਾ ਦੂਰ ਕਰਦੇ ਹੋਏ ਆਪ ਉਸ ਵਾਂਛੂ ਮੈਲੇ ਮਨ ਵਾਲੇ ਹੁੰਦੇ ਜਾਂਦੇ ਹੋ, ਕਿਉਂਕਿ ਦੁਖੀ ਦਾ ਮਨ ਮੈਲਾ ਉਦਾਸੀ ਤੇ ਘਬਰਾ ਵਾਲਾ ਹੋਇਆ ਹੁੰਦਾ ਹੈ। ਏਸ ਕਰਕੇ ਜ਼ਰੂਰੀ ਹੈ ਕਿ ਹਿਰਦੇ ਮੰਡਲ ਵਿਚ ਗੁਰੂ ਨੂੰ ਵਸਾਓ, ਗੁਰੂ ਦੇ ਪਿਆਰ ਵਿਚ ਭਰੇ ਜਾਕੇ ਦੁਖੀਆਂ ਦੇ ਦੁੱਖ ਦੂਰ ਕਰੋ, ਸਦਾ ਇਹ ਸਮਝੋ ਕਿ ਮੈਂ ਅਪਣੇ ਗੁਰੂ ਦੀ ਸੇਵਾ ਕਰ ਰਿਹਾ ਹਾਂ। ਜਦ ਤੁਹਾਡਾ ਖਿਆਲ ਗੁਰੂ ਦੀ ਸੇਵਾ ਵਿਚ ਜੰਮਿਆ ਹੋਇਆ ਹੋਵੇਗਾ ਤਦ ਤੁਹਾਡੇ ਜੀ ਵਿਚ ਸੇਵਜ ਦੀ ਖਿੱਚ ਨਹੀਂ ਪਵੇਗੀ, ਨਾ ਉਸਦਾ ਮਾੜਾ ਅਸਰ ਪਵੇਗਾ। ਸੇਵਾ ਹੋ ਜਾਏਗੀ, ਦੁਖੀਆ ਸੁਖੀਆ ਹੋ ਜਾਏਗਾ ਤੇ ਤੁਹਾਡੇ ਆਤਮਾ ਦਾ ਗਿਰਾਉ ਨਹੀਂ ਹੋਵੇਗਾ। ਇਹ ਬਾਤ ਮੈਂ ਆਪ ਨੂੰ ਖਿਆਲ ਨਹੀਂ ਸੁਣਾ ਰਿਹਾ, ਇਹ ਗੁਰੂ ਸੱਚੇ ਪਾਤਸ਼ਾਹ ਦੀ ਆਗਜਾ ਸਾਰੇ ਪਿਆਰੇ ਸਿੱਖਾਂ ਨੂੰ ਮਿਲਦੀ ਹੈ ਕਿ ਸੇਵਾ ਕਰੋ, ਪਰ ਗੁਰੂ ਨਮਿੱਤ, ਗੁਰੂ ਦੀ ਹੁੱਬ ਵਿਚ, ਅਰ ਗੁਰੂ ਦੀ ਸੇਵਾ ਜਾਣਕੇ। ਇਉਂ ਹੀ ਸੇਵਾ ਜਦ ਕਰ ਲਓ ਤਾਂ ਕਰਕੇ ਵੀ ਗੁਰੂ ਅਰਪਣ ਕਰੋ। ਅਨੇਕਾਂ ਵੇਰ ਸਤਿਗੁਰਾਂ ਨੇ ਸਿੱਖਾਂ ਨੂੰ ਕਿਹਾ ਹੈ ਕਿ ਅਮਕੇ ਵੇਲੇ ਤੁਸਾਂ ਸਾਨੂੰ ਬਹੁਤ ਸੁਖ ਦਿੱਤਾ, ਹਾਲਾਂਕਿ ਉਹ ਸੇਵਾ ਕਿਸੇ ਦੀ ਸੀ, ਪਰ ਗੁਰੂ ਦੇ ਧਿਆਨ ਵਿਚ ਗੁਰੂ ਨੂੰ ਅੱਗੇ ਰੱਖਕੇ ਕੀਤੀ ਗਈ ਸੀ, ਇਸ ਕਰਕੇ ਉਸ ਸੇਵਾ ਦਾ ਅਸਰ ਸਤਿਗੁਰੂ ਤੱਕ ਪੁੱਜਾ।

ਸਿੰਧੀ-ਸੱਚ ਹੈ! ਮੈਨੂੰ ਹੁਣ ਚੇਤੇ ਆਉਂਦੇ ਹਨ। ਮੈਂ ਕਈ ਵੇਰੀ ਸੇਵਾ ਕਰਦਾ ਛਿੱਥਾ ਤੇ ਦੁਖੀ ਹੋ ਗਿਆ ਹਾਂ, ਹੰਕਾਰ ਆਇਆ ਤੇ ਘਬਰਾਇਆ ਹਾਂ। ਇਕ ਵੇਰ ਇਕ ਮਹਿੱਟਰ ਬੱਚੇ ਦੀ, ਜੋ ਤਪ ਨਾਲ ਦੁਖੀ ਸੀ, ਮੈਂ ਸੇਵਾ ਕੀਤੀ। ਮੈਂ ਆਪ ਅਤਿ ਦੁਖੀ ਹੋ ਗਿਆ, ਪਰ ਮੈਨੂੰ ਇਹ ਭੇਦ ਮਲੂਮ ਨਹੀਂ ਸੀ। ਮੈਂ ਸੇਵਾ ਕਰਦਿਆਂ ਕਈ ਵੇਰੀ ਆਪ ਰੋਗੀ ਭੀ ਹੋ ਗਿਆ ਸੀ। ਕਿਸੇ ਵੇਲੇ ਮੈਂ ਜਿਸ ਦਾ ਭਲਾ ਕੀਤਾ ਉਸ ਤੋਂ ਉਲਟਾ ਫਲ ਮਿਲਣ ਤੇ ਦੁਖੀ ਬੀ ਹੋਇਆ ਤੇ ਲੜ ਬੀ ਪਿਆ ਹਾਂ।

ਭਾਈ-ਜੇਕਰ ਤੁਸੀਂ ਗੁਰੂ ਦੇ ਪਿਆਰ ਵਿਚ ਭਰੇ ਹੋਏ ਸੇਵਾ ਕਰਦੇ, ਤਦ ਤੁਸੀਂ ਦੁਖੀ ਨਾ ਹੁੰਦੇ।

ਹੁਣ ਆਪ ਨੇ ਸਮਝ ਲਿਆ ਹੋਊ ਕਿ ਗੁਰੂ ਦੇ ਪਿਆਰ ਵਿਚ ਸੇਵਾ ਕਰਨੀ ਕੈਸੀ ਅੱਛੀ ਸ਼ੈ ਹੈ। ਇਸ ਨਾਲ ਅਨੇਕਾਂ ਘਾਟੇ ਤੇ ਹਾਨੀਆਂ ਰੁਕ ਜਾਂਦੀਆਂ ਹਨ ਅਰ ਮਨ ਨਿਰਮਲ ਤੇ ਮੋਹ (ਰਾਗ) ਤੋਂ ਸੁੱਛ ਰਹਿਕੇ ਹਉਂ ਅਤੀਤਤਾ ਵਲ ਵਧਦਾ ਜਾਂਦਾ ਹੈ।


www.sikhbookclub.com

ਸਰੀਰ ਨਾਲ ਸੇਵਾ ਕਰੋ, ਚਾਹੇ ਧਨ ਨਾਲ ਸੇਵਾ ਕਰੋ ਪਰ ਸੇਵਾ ਵਿਚ ਅਕਲ ਵਰਤੋ, ਅਰਥਾਤ ਮਨ ਵਿਚ ਸੁਰਤ ਗੁਰੂ ਦੀ ਵੱਸੇ, ਉਸਦੇ ਪਿਆਰ ਦਾ ਜੀ ਵਿਚ ਉਤਸਾਹ ਹੋਵੇ ਤੇ ਜੋ ਕੁਛ ਹੋਵੇ ਉਸੇ ਦਾ ਹੁਕਮ ਜਾਣਕੇ ਅਰ ਉਸਦੀ ਪ੍ਰਸੰਨਤਾ ਦੀ ਖ਼ਾਤਰ ਹੋਵੇ। ਫਿਰ ਜਦ ਸੇਵਾ ਕਰ ਲਓ, ਉਸਨੂੰ ਗੁਰੂ ਅਰਪਣ ਕਰੋ ਤਦ ਤੁਸੀਂ ਦੇਖੋਗੇ ਕਿ ਜੋ ਸ਼ੈ ਤੁਸੀਂ ਕੱਲ ਰਾਤ ਪੁਛਦੇ ਸਾਓ ਉਹ ਕਿਤਨੀ ਛੇਤੀ ਸ੍ਰੀ ਗੁਰੂ ਜੀ ਤੋਂ ਪ੍ਰਾਪਤ ਹੁੰਦੀ ਹੈ।

-o-

ਅਜ ਮੁਸਾਫਰ ਇਤਨਾ ਇਸ ਕਥਾ ਦੇ ਭਾਵ ਸਮਝਣ ਵਿਚ ਗ਼ਰਕਾਬ ਸੀ ਕਿ ਉਸ ਨੂੰ ਇਹ ਗੱਲ ਬੀ ਭੁੱਲ ਗਈ ਕਿ ਕਥਾ ਹੁੰਦੀ ਵਿਚ ਪ੍ਰਸ਼ਨ ਨਹੀਂ ਕਰੀਦੇ, ਮਗਰੋਂ ਜੋ ਗੱਲ ਸਮਝਣੀ ਹੋਈ ਪੁੱਛ ਦੱਸ ਲਈ। ਬੇਵਸਾ ਜੇਹਾ ਹੋ ਕੇ ਕਹਿਣ ਲਗਾ, 'ਬਾਬਾ ਜੀ ਤੁਸੀਂ ਕਈ ਵੇਰ ਕੋਈ ਮੋਟਾ ਠੁੱਲਾ ਦ੍ਰਿਸ਼ਟਾਂਤ ਦੇ ਦਿਆ ਕਰਦੇ ਹੋ ਜਿਸ ਨਾਲ ਕਿ ਗੱਲ ਸਾਫ ਸਮਝ ਪੈ ਜਾਯਾ ਕਰਦੀ ਹੈ। ਕੀ ਕੋਈ ਐਸਾ ਨਮੂਨਾ ਬੀ ਹੈ ਕਿ ਸੇਵਾ ਤਾਂ ਕੋਈ ਕਰੇ ਕਿਸੇ ਦੀ ਤੇ ਮਨ ਵਿਚ ਧ੍ਯਾਨ ਕਿਸੇ ਹੋਰਸ ਦਾ ਹੋਵੇ?' ਬਾਬਾ ਹੱਸ ਪਿਆ ਤੇ ਕਹਿਣ ਲੱਗਾ 'ਬੱਚਾ, ਦੇਖੋ ਡਾਕ ਦਾ ਚਿੱਠੀ ਰਸਾਣ ਸੇਵਾ ਤਾਂ ਸਾਡੀ ਕਰਦਾ ਹੈ, ਚਿੱਠੀਆਂ ਸਾਨੂੰ ਪੁਚਾ ਜਾਂਦਾ ਹੈ ਰੋਜ਼ ਵੇਲੇ ਸਿਰ ਤੇ ਕਦੇ ਨਹੀਂ ਘੁਸਾਈ ਮਾਰਦਾ ਪਰ ਓਹ ਆਪ ਨੂੰ ਸਾਡਾ ਨੌਕਰ ਨਹੀਂ ਜਾਣਦਾ। ਉਹਦਾ ਧਿਆਨ ਆਪਣੇ ਅਫਸਰ (ਪੋਸਟ ਮਾਸਟਰ) ਵਲ ਹੁੰਦਾ ਹੈ। ਉਹ ਉਸਦੇ ਹੁਕਮ ਨੂੰ ਬਜਾ ਲਿਆਉਂਦਾ ਹੈ ਜੋ ਉਹ ਸਾਨੂੰ ਖ਼ਤ ਦੇ ਜਾਂਦਾ ਹੈ। ਫਿਰ ਦੇਖੋ ਕਿ ਤਨਖ਼ਾਹ ਬੀ ਉਹ ਆਪਣੇ ਮਾਲਕ ਪਾਸੋਂ ਪਾਉਂਦਾ ਹੈ।'

ਮੁਸਾਫਰ-ਵਾਹ ਬਾਬਾ ਜੀ! ਸੁਆਦ ਆ ਗਿਆ ਏ। (ਕਥਾ ਕਰਨ ਵਾਲੇ ਵੱਲ) ਖਿਮਾ ਕਰਨੀ ਮੈਂ ਬੇਅਦਬੀ ਕੀਤੀ ਹੈ। ਲਓ ਤੁਸੀਂ ਅਗੋਂ ਸੁਣਾਓ ਹੁਣ।

ਕਥਾ ਫੇਰ ਅਗੋਂ ਐਉਂ ਟੁਰੀ:-

-o-

ਸਿੰਧੀ-ਮੈਂ ਆਪ ਦੀ ਕ੍ਰਿਪਾਲਤਾ ਨਾਲ ਬਹੁਤ ਪ੍ਰਸੰਨ ਹੋ ਰਿਹਾ ਹਾਂ। ਧੰਨ ਤੁਸੀਂ ਹੋ ਅਰ ਧੰਨਜਤਾ ਯੋਗ ਤੁਸੀਂ ਹੋ! ਕ੍ਰਿਪਾ ਕਰਕੇ ਮੇਰੇ ਮਨ ਦਾ ਇਕ ਸਹਿੰਸਾ ਹੋਰ ਦੂਰ ਕਰੋ? ਤੁਸਾਂ ਆਖਿਆ ਹੈ ਕਿ ਜਿਸ ਕਿਸੇ ਦੀ ਸੇਵਾ ਕਰੋ ਯਾ ਦਾਨ ਤੇ ਉਪਕਾਰ ਕਰੋ ਹੁਕਮ ਸਮਝਕੇ[1] ਤੇ ਉਸ ਵੇਲੇ ਗੁਰੂ ਦੀ ਹੁੱਬ ਵਿਚ ਕਰੋ ਕਿ ਅਸੀਂ ਆਪਣੇ ਪਿਆਰੇ ਦੀ ਖ਼ੁਸ਼ੀ ਵਾਸਤੇ ਕਰ ਰਹੇ ਹਾਂ। ਇਸ ਨਾਲ ਤੁਸਾਂ ਦੱਸਿਆ ਹੈ ਕਿ ਮਨ ਵਾਹਿਗੁਰੂ ਯਾ ਗੁਰੂ ਨਾਲ ਲੱਗਾ ਰਹੇਗਾ ਤੇ ਜਗ੍ਯਾਸੂ ਜੋ ਉੱਚੇ ਹੋਣ ਦਾ ਜਤਨ ਕਰ ਰਿਹਾ ਹੈ ਉਸ ਦਾ ਮਨ ਸੇਵਾ ਨਾਲ ਸਫਾ ਹੋਕੇ ਉੱਚਾ ਹੋਵੇਗਾ। ਮਨ ਸਫਾ ਹੋਣ ਦਾ ਮਤਲਬ ਹੈ ਕਿ ਉਸਨੂੰ ਸੰਸਾਰਕ ਪਦਾਰਥਾਂ ਤੇ ਭੋਗਾਂ ਦੀ ਅਰੁਚੀ ਹੋਵੇਗੀ ਤੇ ਗੁਰੂ ਵੰਨੇ ਪਿਆਰ ਵਧੇਗਾ। ਜੇ ਐਸਾ ਉੱਚਾ ਸੰਬੰਧ ਮਨ ਦਾ ਨਾ ਕਰ ਲਿਆ ਤਾਂ ਜਗ੍ਯਸੂ, ਜੋ ਮੋਹ ਮਾਇਆ ਤੋਂ ਉਠਣ ਲਈ ਸੇਵਾ ਵਿਚ ਲੱਗਾ ਹੈ, ਉਹ ਜਿਨ੍ਹਾਂ ਦੀ ਸੇਵਾ ਕਰਦਾ ਹੈ ਉਨ੍ਹਾਂ ਦੇ ਮੋਹ ਵਿਚ ਫਸ ਜਾਏਗਾ ਤੇ ਸੇਵਾ ਨਿਸ਼ਕਾਮ ਨਾ ਰਹੇਗੀ ਸਗੋਂ ਕਈ ਤਰ੍ਹਾਂ ਦੇ ਗਿਰਾਵਾਂ ਦਾ ਡਰ ਪੈ ਜਾਏਗਾ। ਸੇਵਾ ਨਿਸ਼ਕਾਮ ਤਾਂ ਹੀ ਜਗ੍ਯਾਸੂ ਦੀ ਬਣੇਗੀ ਜੇ ਓਹ ਧ੍ਯਾਨ ਵਿਚ ਵਾਹਿਗੁਰੂ ਯਾ ਗੁਰੂ ਨੂੰ ਵਸਾਏਗਾ। ਹੁਣ ਮੈਂ ਆਪ ਤੋਂ ਇਹ ਗੱਲ ਪੁੱਛਣੀ ਹੈ ਕਿ ਜਦੋਂ ਅਸੀਂ ਇੱਕ ਬੇਲੋੜ ਅਰੋਗ ਗੁਰੂ ਕੇ ਪਿਆਰੇ ਨੂੰ ਇਸ ਵਾਸਤੇ ਪ੍ਰਸ਼ਾਦ ਛਕਾਉਂਦੇ ਹਾਂ ਕਿ ਇਹ ਅਕਾਲ ਪੁਰਖ ਦਾ ਪਿਆਰਾ ਹੈ, ਇਸ ਦਾ ਜੀਵਨ ਪਵਿੱਤ੍ਰ ਤੇ ਉਪਕਾਰੀ ਹੈ, ਕੀ ਉਸਦੀ ਸੇਵਾ ਭੀ ਏਡੀ ਖ਼ਤਰਨਾਕ ਹੈ?

ਭਾਈ-ਇਹ ਸੇਵਾ ਤਾਂ ਅਸਲ ਸੇਵਾ ਹੈ[2] ਤੇ ਮਹਾਨ ਉੱਚੀ ਸੇਵਾ ਹੈ। ਸੇਵਾ ਖ਼ਤਰਨਾਕ ਤਾਂ ਕਿਤੇ ਬੀ ਨਹੀਂ ਪਰ ਅਯੋਗ ਅਰ ਮੂਰਖ ਵਰਤਾਉ ਹਰ ਗੱਲ ਦਾ ਸਦਾ ਖ਼ਤਰਨਾਕ ਹੈ। ਮੇਰਾ ਪ੍ਰਯੋਜਨ ਤੁਹਾਨੂੰ ਇਹ ਦੱਸਣ ਦਾ ਸੀ ਕਿ ਆਤਮ ਸੇਵਾ ਆਤਮ-ਪੰਥ ਦੇ ਰਾਹੀਆਂ (ਜਗ੍ਯਾਸੂਆਂ) ਵਾਸਤੇ ਕੀ ਅਰਥ ਰਖਦੀ ਹੈ ਤੇ ਕਿੱਕੂੰ ਕਰੀਦੀ ਹੈ? ਹੁਣ ਜੋ ਗੱਲ ਤੁਸੀਂ ਪੁੱਛੀ ਹੈ ਉਸ ਵਿਚ ਗੁਰ (ਅਸੂਲ) ਤਾਂ ਓਹੋ ਹੈ, ਪਰ ਵਰਤੋਂ ਰਤਾ ਵੱਖਰੀ ਹੈ। ਅਰਥਾਤ ਜਦ ਅਸੀਂ ਕਿਸੇ ਨਾਮ ਰਸੀਏ ਗੁਰਮੁਖ ਪਿਆਰੇ ਦੀ ਸੇਵਾ ਕਰਦੇ ਹਾਂ (ਇਹ ਪ੍ਰਪੱਕ ਨਿਸ਼ਚੇ ਹੋਵੇ ਕਿ

---

੧. ਸੇਵਕ ਕਉ ਸੇਵਾ ਬਨਿ ਆਈ॥
ਹੁਕਮੁ ਬੂਝਿ ਪਰਮ ਪਦੁ ਪਾਈ॥ (ਸੁਖ: ਮ: ੫)

੨. ਮੈ ਬਧੀ ਸਚੁ ਧਰਮਸਾਲ ਹੈ॥ ਗੁਰਸਿਖਾ ਲਹਦਾ ਭਾਲਿ ਕੈ॥
ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ॥੧੦॥ (ਸਿਰੀ ਰਾ: ਮ: ੫)

SIKHBOOKCLUB.COM

ਇਹ ਪੁਰਖ ਨਿਸ਼ਕਾਮ ਤੇ ਨਾਮ ਰਸੀਆ ਹੈ[੧]) ਤਦ ਬੀ ਅਸੀਂ ਸੇਵਾ ਏਸੇ ਪ੍ਰੇਮ ਵਿਚ ਕਰਦੇ ਹਾਂ ਕਿ ਗੁਰੂ ਜੀ ਦੀ ਦੱਸੀ ਹੋਈ ਸੇਵਾ ਹੈ[੨]। ਪਰ ਓਥੇ ਅਸੀਂ ਖੋਟਿਆਂ ਦੀ ਖੋਟੀ ਵਾਸ਼ਨਾ ਦੇ ਅਸਰ ਤੋਂ ਬਚਦੇ ਸਾਂ, ਏਥੇ ਅਸੀਂ ਭਲਿਆਂ ਦੀ ਸ਼ੁੱਧ ਵਾਸ਼ਨਾ ਦੇ ਅਸਰ ਤੋਂ ਕ੍ਰਿਤਾਰਥ ਹੋਣ ਦੇ ਚਾਹਵਾਨ ਹੋਵਾਂਗੇ[੩]। ਸੇਵਾ ਕਰਦਿਆਂ ਸਾਡੇ ਮਨ ਵਿਚ ਇਹ ਹੁਲਾਸ ਚਾਹੀਦਾ ਹੈ ਕਿ ਇਹ ਸਾਡੇ ਪਿਆਰੇ ਨੂੰ ਪਿਆਰ ਕਰਨ ਵਾਲੇ ਮਹਾਂ ਪੁਰਖ ਹਨ। ਇਨ੍ਹਾਂ ਦੀ ਕ੍ਰਿਪਾਲਤਾ ਸਾਡੇ ਵਿਚ ਪਿਆਰੇ ਦਾ ਪਿਆਰ ਹੋਰ ਵਧਾਏਗੀ। ਜੋ ਪ੍ਰਸ਼ਾਦ ਏਹ ਛਕਦੇ ਹਨ ਅਸੀਂ ਗੁਰੂ ਨਮਿੱਤ ਦੇਂਦੇ ਹਾਂ ਅਰਥਾਤ ਗੁਰੂ ਨੂੰ ਛਕਾਉਂਦੇ ਹਾਂ, ਏਹ ਗੁਰੂ ਦੇ ਪਿਆਰੇ ਜੋ ਛਕਦੇ ਹਨ, ਗੁਰੂ ਵਲੋਂ ਛਕਦੇ ਹਨ। ਏਹ ਗੁਰ ਪ੍ਰੇਮ ਵਿਚ ਰੱਤੇ ਹਨ ਇਸ ਕਰਕੇ ਪ੍ਰੇਮ ਦੁਆਰਾ ਇਹ ਗੁਰੂ ਨੂੰ ਅਪੜਦੀ ਹੈ। ਤਾਂ ਤੇ ਮੈਂ ਇਹ ਗੁਰੂ ਦੀ ਸੇਵਾ ਕਰ ਰਿਹਾ ਹਾਂ[੪]। ਜਦ ਤੁਸੀਂ ਨਾਮ ਰਸੀਏ ਦੀ ਸੇਵਾ ਗੁਰੂ ਨੂੰ ਅੰਦਰ ਬਹਾਲ ਕੇ ਗੁਰੂ ਦੇ ਪ੍ਰੇਮ ਵਿੱਚ ਕਰੋਗੇ ਤਦ ਤੁਹਾਡੀ ਸੇਵਾ ਗੁਰੂ ਹੀ ਪਰਵਾਨ ਕਰੇਗਾ ਤੇ ਤੁਹਾਡਾ ਨਾਤਾ "ਹਉਂ ਰਹਤ" ਪਾਸੇ ਵੱਲ ਪੱਕਾ ਹੋਵੇਗਾ[੫]। ਜੇ ਤੁਸਾਂ ਵਿਚ ਉਸ ਨਾਮ ਰਸੀਏ ਨਾਲ ਪਿਆਰ ਫੁਰੇਗਾ ਤਾਂ ਉਸਦੇ ਮਨ ਦੀ ਪਵਿੱਤ੍ਰਤਾ ਦੀ ਛੁਹ ਤੁਸਾਂ ਨੂੰ ਲਗ ਕੇ ਉਚਿਆਂ ਕਰੇਗੀ। ਉਨ੍ਹਾਂ ਦਾ ਪ੍ਰੇਮ ਆਪਣੇ ਰੱਬ ਨਾਲ ਹੈ ਪਰ ਜੇ ਓਹ ਤੁਸਾਂ ਪਰ ਮਿਹਰਾਂ ਦੇ ਘਰ ਵਿਚ ਆ ਜਾਣਗੇ ਤਾਂ ਉਨ੍ਹਾਂ ਦੀ ਅਸੀਸ ਅਰਦਾਸ ਨਾਲ ਤੁਹਾਨੂੰ ਬੀ ਵਾਹਿਗੁਰੂ ਪ੍ਰੇਮ ਦਾ ਲਾਹਾ ਹੋਵੇਗਾ। ਪਰ ਦੋਹੀਂ ਪਾਸੀਂ ਇਕ ਗਲ ਜ਼ਰੂਰੀ ਰਹੇਗੀ, ਉਨ੍ਹਾਂ ਨੇ ਆਪਣੇ ਵਾਹਿਗੁਰੂ ਪ੍ਰੇਮ ਤੋਂ ਹੇਠ ਨਹੀਂ ਉਤਰਨਾ[੧], ਤੁਸਾਂ ਉਨ੍ਹਾਂ ਦੀ ਸੇਵਾ ਵਿਚ ਵਾਹਿਗੁਰੂ ਦੀ ਪ੍ਰਾਪਤੀ ਦੇ ਪ੍ਰਯੋਜਨ ਨੂੰ ਅੱਖੋਂ ਉਹਲੇ ਨਹੀਂ ਕਰਨਾ[੨]। ਪਰ ਐਸੇ ਮਹਾਂਪੁਰਖ ਵਿਰਲੇ ਹਨ[੩]। ਮਨੁੱਖ ਦਾ ਸੁਭਾਉ ਹੈ ਕਿ ਆਪਣੀ ਜ਼ਿੰਮੇਵਾਰੀ ਦੀ ਪੰਡ ਲਾਹ ਕੇ ਦੂਸਰੇ ਦੇ ਸਿਰ ਸਿੱਟਣ ਨੂੰ ਕਾਹਲਾ ਹੁੰਦਾ ਹੈ, ਇਸ ਕਰਕੇ ਬਿਨਾਂ ਨਿਰਨਾ ਕੀਤੇ ਦੇ ਲੋਕੀ ਅਸੰਤਾਂ ਨੂੰ ਜਾਂ ਮਾਮੂਲੀ ਭਲਿਆਂ ਨੂੰ ਸੰਤ ਸਮਝ ਲੈਂਦੇ ਹਨ, ਜਿਸਦਾ ਫਲ ਅਕਸਰ ਵੇਰ ਨਿਰਾਸਤਾ ਨਿਕਲਦਾ ਹੈ। ਵੇਖੋ ਜੇ ਤੁਸੀਂ ਕਿਸੇ ਨੂੰ ਸੰਤ(ਜਾਂ ਉਸ ਤੋਂ ਬੀ ਵਡੇਰਾ) ਗੁਰਮੁਖ ਸਮਝ ਬੈਠੇ ਤੇ ਉਸਨੂੰ ਪਰਮੇਸ਼ੁਰ ਭੁੱਲਿਆ ਹੋਇਆ ਹੈ ਤੇ ਤੁਹਾਨੂੰ ਬੀ ਪਰਮੇਸ਼ੁਰ ਭੁੱਲਿਆ ਹੋਇਆ ਹੈ, ਤਦ ਤੁਸੀਂ ਦੋਵੇਂ ਇਕ ਸਾਕਾਦਾਰੀ ਜਾਂ ਭਾਈਚਾਰੇ ਦੇ ਮੇਲੀ ਹੋ ਗਏ। ਸਤਿਸੰਗ ਕਿੱਥੇ ਰਿਹਾ? ਜੇ ਪਰਮਾਰਥ ਦੇ ਆਕਾਸ਼ ਦਾ ਤਾਰਾ ਜਿਸ ਨੂੰ ਵੇਖਕੇ ਪੰਧ ਕੱਟਣਾ ਸੀ, ਅਰਥਾਤ ਅਕਾਲ ਪੁਰਖ, ਤੁਹਾਡੇ ਦੋਹਾਂ ਦੇ ਹਿਰਦੇ ਨੇਤਰਾਂ ਤੋਂ ਉਹਲੇ ਹੈ ਤਦ ਤੁਸੀਂ ਦੋਵੇਂ ਕਿਸੇ ਹੋਰ ਰਾਹੇ ਪੈ ਜਾਓਗੇ ਕਿ ਨਹੀਂ? ਫੇਰ ਦੱਸੋ ਸਲਾਮਤੀ ਕਿੱਥੇ? ਅਸਲੀ ਸੰਤਾਂ ਤੇ ਗੁਰਮੁਖਾਂ ਨੂੰ ਹੁਕਮ ਹੈ ਕਿ ਜੀਵਾਂ ਨੂੰ ਨਾਮ ਜਪਾਓ ਤੇ ਮੇਰੇ ਪ੍ਰੇਮ ਵਿੱਚ ਲਾਓ[੪]। ਜਗਜਾਸੂਆਂ ਨੂੰ ਹੁਕਮ ਹੈ ਕਿ ਮੇਰਾ ਰਾਹ ਦੱਸਣ

---

੧. ਗੁਰਮੁਖਿ ਸਖੀ ਸਹੇਲੀ ਮੇਰੀ ਮੋ ਕਉ ਦੇਵਹੁ ਦਾਨੁ ਹਰਿ ਪ੍ਰਾਨ ਜੀਵਾਇਆ॥ ਹਮ ਹੋਵਹ ਲਾਲੇ ਗੋਲੇ ਗੁਰਸਿਖਾ ਕੇ ਜਿਨਾ ਅਨਦਿਨੁ ਹਰਿ ਪ੍ਰਭੁ ਪੁਰਖੁ ਧਿਆਇਆ॥ (ਗੂਜਰੀ ਮ: ੪)

੨. ਗੁਰ ਸਿਖਾਂ ਅੰਦਰਿ ਸਤਿਗੁਰੂ ਵਰਤੈ ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ॥ (ਗਉ: ਵਾ: ਮ: ੪)

੩. ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥
ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥੧੬੪॥ (ਸ਼ਲੋਕ ਕਬੀਰ ਜੀ)

੪. ਮਾਤਾ ਪ੍ਰੀਤਿ ਕਰੇ ਪੁਤੁ ਖਾਇ॥.....
ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ॥ (ਗਉ: ਮ:੪)

੫. ਤੇ ਹਰਿ ਜਨ ਹਰਿ ਮੇਲਹੁ ਹਮ ਪਿਆਰੇ॥ ਜਿਨ ਮਿਲਿਆ ਦੁਖ ਜਾਹਿ ਹਮਾਰੇ॥ (ਗਉ:ਮ:੪)

---

੧. ਹਰਿ ਰਸੁ ਪਾਵੈ ਬਿਰਲਾ ਕੋਇ॥ ਜਿਨ ਚਾਖਿਆ ਸੇ ਜਨ ਤ੍ਰਿਪਤਾਨੇ॥ ਪੂਰਨ ਪੁਰਖ ਨਹੀ ਡੋਲਾਨੇ॥ ਸੁਭਰ ਭਰੇ ਪ੍ਰੇਮ ਰਸ ਰੰਗਿ॥ ਉਪਜੈ ਚਾਉ ਸਾਧ ਕੈ ਸੰਗਿ॥ ਪਰੇ ਸਰਨਿ ਆਨ ਸਭ ਤਿਆਗਿ॥ ਅੰਤਰਿ ਪ੍ਰਗਾਸ ਅਨਦਿਨੁ ਲਿਵ ਲਾਗਿ॥ (ਸੁਖਮਨੀ)

੨. ਪਾਣੀ ਪਖਾ ਪੀਸਉ ਸੇਵਕ ਕੈ ਠਾਕੁਰ ਹੀ ਕਾ ਆਹਰੁ ਜੀਉ॥ (ਮਾਝ ਮ: ੫)

੩. ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥ (ਵਾ: ਤੇ ਵ: ਮ: ੧)

੪. ਆਪਿ ਜਪਹੁ ਅਵਰਾ ਨਾਮੁ ਜਪਾਵਹੁ॥ (ਸੁਖਮਨੀ)
ਪੁਨਾ:- ਜਨ ਆਵਨ ਕਾ ਇਹੈ ਸੁਆਉ॥
ਜਨ ਕੈ ਸੰਗਿ ਚਿਤਿ ਆਵੈ ਨਾਉ॥ (ਸੁਖਮਨੀ)

SIKHBOOKCLUB.COM

ਵਾਲੇ ਗੁਰਮੁਖਾਂ ਦੀ ਸੇਵਾ ਕਰੋ ਜੋ ਉਨ੍ਹਾਂ ਦੀ ਮਿਹਰ ਪਿਆਰ ਤੇ ਅਰਦਾਸ ਨਾਲ ਤੁਹਾਡਾ ਦਿਲ ਮੇਰੇ ਪਿਆਰ ਵਿਚ ਆਵੇ ਤੇ ਤੁਸੀਂ ਮੁਕਤਿ ਪਦਾਰਥ ਪਾਓ[੧]। ਹੁਣ ਜੇ ਉਹ ਸੰਤ ਨਹੀਂ, ਤੁਸੀਂ ਦਰਸ ਦੀ ਪਿਆਸ ਵਾਲੇ ਨਹੀਂ, ਅਰਥਾਤ ਹੁਕਮ ਵਿਚੋਂ ਜੇ 'ਮੇਰੇ ਪ੍ਰੇਮ ਵਿਚ ਲਾਓ' ਤੇ 'ਮੇਰੇ ਪ੍ਰੇਮ ਦੀ ਪ੍ਰਾਪਤੀ ਖ਼ਾਤਰ ਸੇਵਾ ਕਰੋ' ਦੋਵੇਂ ਖਿਆਲ ਕਢ ਦਿੱਤੇ ਜਾਣ ਤਦ ਕੇਵਲ ਇੱਕ ਵਰਤਣ, ਭਾਈਚਾਰਾ, ਦੋਸਤੀ ਯਾ ਸਾਕਾਦਾਰੀ ਰਹਿ ਗਈ ਜੋ ਆਤਮ ਰਸਤੇ ਦੀ ਮੰਜ਼ਲ ਨਹੀਂ ਹੈ ਤੇ ਫੇਰ ਉਹੋ ਗੱਲ ਹੋ ਜਾਏਗੀ:-

ਗੁਰੂ ਪਾਸਹੁ ਫਿਰਿ ਚੇਲਾ ਖਾਇ॥
ਤਾਮਿ ਪਰੀਤਿ ਵਸੈ ਘਰਿ ਆਇ॥
(ਆਸਾ ਮ: ੧)

ਅਰਥਾਤ, ਰੋਟੀਆਂ ਦੀ ਸਾਕਾਦਾਰੀ, ਵਾਹਿਗੁਰੂ ਪ੍ਰੀਤ ਦੀ ਥਾਂ ਲੋਭ ਦੀ ਪ੍ਰੀਤ ਤੇ ਸੰਸਾਰਕ ਭਾਈਚਾਰਾ ਮਾਤ੍ਰ ਰਹਿ ਜਾਊ। ਸਤਿਗੁਰ ਨੇ ਫੁਰਮਾਯਾ ਹੈ ਕਿ ਅਸੀਂ ਤੈਂ ਸਾਹਿਬ ਦੀ ਗੱਲ ਦੱਸਣ ਵਾਲੇ ਦੀ ਸੇਵਾ ਕਰਦੇ ਹਾਂ, ਇਸ ਲਈ ਕਿ ਸ਼ਹੁ ਪਰਮੇਸ਼ੁਰ ਵਿਡਾਣਾ (ਓਪਰਾ) ਹੋ ਰਿਹਾ ਹੈ। ਸੋ ਸਮਝ ਲਓ ਕਿ ਏਥੇ ਸ਼ਹੁ ਦੇ ਮਿਲਾਪ ਦੀ ਖ਼ਾਤਰ ਗੁਰਮੁਖ ਦੀ ਸੇਵਾ ਦੱਸੀ ਹੈ[੨], ਜੋ ਉਸਦੇ ਸਤਿਸੰਗ ਦੇ ਪਜਾਰ ਨਾਲ ਸਾਨੂੰ ਸ਼ਹੁ ਪ੍ਰਾਪਤੀ ਵਿਚ ਸਹਾਇਤਾ ਮਿਲੇ।

ਸੋ ਹੁਣ ਪਿਛਲੀ ਸਾਰੀ ਗੱਲ ਮੁੜ ਵਿਚਾਰ ਲਓ ਕਿ ਜੋ ਦਾਨ ਵਾਹਿਗੁਰੂ, ਗੁਰੂ ਦੀ ਪ੍ਰੀਤ ਤੋਂ ਬਿਨਾਂ ਉਨ੍ਹਾਂ ਦੇ ਨਮਿੱਤ ਤੋਂ ਖਾਲੀ, ਐਵੇਂ ਅਧਿਕਾਰ ਪਛਾਣੇ ਬਿਨਾਂ[੩] ਦਿੱਤਾ ਜਾਂਦਾ ਹੈ ਉਹ ਦਰਗਾਹੇ ਪਰਵਾਨ ਨਹੀਂ, ਉਹ ਪਰਸਪਰ ਸੰਬੰਧ ਪੈਦਾ ਕਰਦਾ ਯਾ ਵਧਾਉਂਦਾ ਹੈ ਤੇ ਬਾਜ਼ੇ ਵੇਲੇ ਅਨਅਧਿਕਾਰੀਆਂ ਨੂੰ ਦਿੱਤਿਆਂ ਉਹ ਐਉਂ ਹੁੰਦਾ ਹੈ ਕਿ ਮਾਨੋਂ ਭੂਤਨੇ ਉਸਨੂੰ ਖਾਂਦੇ ਹਨ। ਇਸ ਖਿਆਲ ਦਾ ਜੋ ਅੰਤ੍ਰੀਵ ਭਾਵ ਹੈ ਉਹ ਆਪ ਨੂੰ ਨਾਮ ਰਸ ਵਿੱਚ ਰੱਤਿਆਂ ਯਥਾਰਥ ਸਮਝ ਆ ਜਾਵੇਗਾ। ਹੁਣ ਕੇਵਲ ਏਹੋ ਸਮਝ ਲਵੋ ਕਿ ਗੁਰੂ ਪਰਮੇਸ਼ੁਰ ਦੇ ਪ੍ਰੇਮ ਵਿੱਚ ਦਾਨ ਕਰੋ। ਜੋ ਦਿਓ ਇਉਂ ਦਿਓ ਕਿ ਤੁਸੀਂ ਪਿਆਰੇ ਦੇ ਪ੍ਰੇਮ ਵਿੱਚ ਭਰੇ ਆਪਣੇ ਪਿਆਰੇ ਦੇ ਚਰਨਾਂ ਵਿੱਚ ਅਰਪਨ ਕਰ ਰਹੇ ਹੋ। ਇਹ ਨਿਸ਼ਕਾਮ ਕਰਮ ਹੈ ਤੇ ਵਾਹਿਗੁਰੂ ਮੇਲ ਦਾ ਸਹਾਈ ਹੈ। ਤਿਵੇਂ ਗੁਰਮੁਖ ਦੀ ਸੇਵਾ, ਸਤਿਕਾਰ ਬਹੁਤ ਅਧਿਕ ਵਾਹਿਗੁਰੂ ਪਿਆਰ ਦੀ ਸਹਾਇਕ ਹੈ*

ਪ੍ਰੇਮ ਮੂਲ ਹੈ, ਪ੍ਰੇਮ ਫਲ ਹੈ, ਪ੍ਰੇਮ ਆਦਿ ਮੱਧ ਅੰਤ ਹੈ। ਹੁੱਬ ਤੋਂ ਖਾਲੀ, ਪ੍ਰੇਮ ਤੋਂ ਸੁੰਞੇ ਦਾਨ, ਉਪਕਾਰ, ਸੇਵਾ, ਪਜਾਰ ਤੁਹਾਡੇ ਲਈ ਹੀਰੇ ਦੀ ਥਾਂ ਜਉਂ ਵਿਹਾਜਣੇ ਹਨ। ਪਰ ਪ੍ਰੇਮ, ਸਭ ਤੋਂ ਉੱਚਾ ਆਪਣੇ ਪਿਆਰੇ ਸਿਰਜਣਹਾਰ ਵਾਹਿਗੁਰੂ ਤੇ ਦਸਾਂ ਸਤਿਗੁਰਾਂ ਦਾ ਹੈ। ਸੋ ਜੋ ਕੁਛ ਕਰੋ, ਇਨ੍ਹਾਂ ਦੇ ਪ੍ਰੇਮ ਵਿਚ ਉਤਸ਼ਾਹਿਤ ਹੋਕੇ ਕਰੋ। ਇਹ ਨਾ ਕਰੋ:-

'ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ॥'
(ਵਾਰ ਸੂਹੀ ਮ: ੨)

ਇਸ ਸਾਰੇ ਖਿਆਲ ਨੂੰ ਮੈਂ ਇਕ ਹੋਰ ਸੌਖੇ ਤਰੀਕੇ ਨਾਲ ਬੇਨਤੀ ਕਰਦਾ ਹਾਂ। ਵਾਹਿਗੁਰੂ ਪਿਤਾ ਹੈ, ਸ੍ਰਿਸ਼ਟੀ ਉਸਦੀ ਔਲਾਦ ਹੈ, ਇਸ ਕਰਕੇ ਸਭ ਪ੍ਰਾਣੀ ਸਾਡੇ ਭਿਰਾਉ ਹਨ। ਹੁਣ ਸੋਚੋ ਕਿ ਮਨੁੱਖ ਮਾਤ੍ਰ ਨੂੰ ਅਸੀਂ ਕਦ ਭਿਰਾਉ ਜਾਣਿਆ? ਜਦ ਅਸਾਂ ਪਹਿਲੇ ਪਰਮੇਸ਼ੁਰ ਪਿਤਾ ਨੂੰ ਜਾਣਿਆ ਤੇ ਸਮਝਿਆ ਕਿ ਏਹ ਉਸ ਪਿਤਾ ਦੇ ਸਿਰਜੇ ਹੋਏ ਹਨ, ਜਿਸਦੀ ਅੰਸ਼ ਅਸੀਂ ਆਪ ਹਾਂ। ਜੇਕਰ ਪਿਤਾ ਨੂੰ ਹੀ ਪਿਤਾ ਨਾ ਸਮਝੀਏ, ਤਦ ਸ੍ਰਿਸ਼ਟੀ ਵਿੱਚ ਭ੍ਰਾਤਾਪਨ ਸਮਝਣਾ ਕਾਹਦਾ? ਜਦ ਪਿਉ ਨਹੀਂ ਜਾਤਾ ਤਦ ਪਿਉ ਦੀ ਔਲਾਦ ਨੂੰ ਭਰਾ ਹੀ ਕਿਸ ਤਰ੍ਹਾਂ ਜਾਣਿਆ ਜਾ ਸਕੇ?

---

੧. ਅਕਾਲ ਪੁਰਖ ਜੀ ਕਹਿੰਦੇ ਹਨ:-
ਦਾਸ ਅਨਿੰਨ ਮੇਰੋ ਨਿਜ ਰੂਪ॥ ਦਰਸਨ ਨਿਮਖ ਤਾਪ ਤ੍ਰਈ ਮੋਚਨ ਪਰਸਤ ਮੁਕਤਿ ਕਰਤ ਗ੍ਰਿਹ ਕੂਪ॥ (ਸਾਰੰਗ ਨਾਮ ਦੇਵ)
ਇਸ ਵਿਚ ਗੁਰਮੁਖ ਦੇ ਲੱਛਣ ਤੇ ਉਸਦੇ ਸਤਿਸੰਗ ਦਾ ਫਲ ਦੱਸਿਆ ਹੈ।

੨. ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥ ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥ ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ॥੧॥ (ਵਡ: ਮ: ੧)

੩. ਖੇਤੁ ਪਛਾਣੈ ਬੀਜੈ ਦਾਨੁ॥ (ਸਲੋਕ ਵਾ: ਤੇ ਵ.ਮ.੧)

* ਉਨ ਸੰਤਨ ਕੈ ਮੇਰਾ ਮਨੁ ਕੁਰਬਾਨੇ॥
ਜਿਨ ਤੂੰ ਜਾਤਾ ਜੋ ਤੁਧੁ ਮਨੁ ਭਾਨੇ॥
ਤਿਨ ਕੈ ਸੰਗਿ ਸਦਾ ਸੁਖੁ ਪਾਇਆ ਹਰਿ ਰਸ ਨਾਨਕ ਤ੍ਰਿਪਤਿ ਅਘਾਨਾ ਜੀਉ॥ (ਮਾਝ ਮ: ੫)

SIKHBOOKCLUB.COM

ਜੇ ਤੁਸੀਂ ਪਿਤਾ ਨੂੰ ਪਿਆਰ ਕਰੋ, ਉਸਨੂੰ ਹਿਰਦੇ ਵਿਚ ਵਸਾਓ ਤੇ ਉਸਦੇ ਪਿਆਰ ਦੀ ਖ਼ਾਤਰ ਮਨੁੱਖ ਮਾਤ੍ਰ ਨੂੰ ਵੀਰ ਜਾਣਕੇ ਸੇਵਾ ਕਰੋ ਤਦ ਭਰਾਵਾਂ ਦੀ ਸਾਰੀ ਸੇਵਾ ਪਿਤਾ ਨੂੰ ਪਰਵਾਨ ਹੋਊ ਕਿ ਨਾ? ਤੇ ਜੇ ਪਿਤਾ ਵਿਮੁਖ ਹੋਕੇ, ਪਿਤਾ ਨੂੰ ਭੁਲਾਕੇ ਤੁਸੀਂ ਪ੍ਰਾਣੀ ਮਾਤ੍ਰ ਦੀ ਸੇਵਾ ਕਰੋ ਤਦ ਇਕ ਤਾਂ ਉਹ ਪਿਤਾ ਨੂੰ ਪ੍ਰਸੰਨ ਨਾ ਕਰੇਗੀ, ਦੂਸਰੇ ਤੁਹਾਡੇ ਨੇਤ੍ਰ ਉਸ ਤੋਂ ਮੁੰਦੇ ਰਹਿਣ ਕਰਕੇ ਉਸ ਦਾ ਦਰਸ਼ਨ (ਆਪੇ ਹੀ ਨਾ ਹੋਣਾ ਹੋਇਆ, ਸੋ) ਨਾ ਹੋਊ, ਤੀਸਰੇ ਜਿੰਨਾਂ ਜ਼ੋਰ ਚਾਹੇ ਕੋਈ ਲਾਵੇ ਉਸ ਤੋਂ ਉਹ ਸੇਵਾ ਨਹੀਂ ਹੋ ਸਕੇਗੀ ਜੋ ਪਿਤਾ ਨੂੰ ਜਾਣਿਆਂ ਭਰਾਵਾਂ ਦੀ ਹੋ ਸਕਦੀ ਹੈ। ਪ੍ਰਤੱਖ ਵੇਖ ਲਵੋ ਜਿਸ ਤਰ੍ਹਾਂ ਸੇਵਾ ਇਕ ਆਗਯਾਕਾਰੀ ਸਪੁੱਤ੍ਰ ਆਪਣੇ ਭਰਾ ਦੀ ਕਰ ਸਕਦਾ ਹੈ ਉਸ ਤਰ੍ਹਾਂ ਦੀ ਸੇਵਾ ਇਕ ਓਪਰੇ ਦੀ ਨਹੀਂ ਕਰ ਸਕਦਾ। ਉਸਦੀ ਸੇਵਾ ਵਿਚ ਫਰਕ ਪਾਉਣ ਵਾਲਾ "ਓਪਰਾਪਨ" ਹੈ ਜੋ ਵਿੱਚ ਸਾਫ ਵਿੱਥ ਪਾ ਰਿਹਾ ਹੈ। ਉਸ ਵਿੱਥ ਨੂੰ 'ਅਪਣੱਤ' ਕੱਢ ਸਕਦੀ ਹੈ ਜੋ ਸੱਕ੍ਰੇ ਭਿਰਾਉ ਵਿੱਚ ਤਾਂ ਪਿਤਾ ਦੇ ਕਾਰਣ ਪੈ ਰਹੀ ਹੈ, ਪਰ ਓਪਰੇ ਵਿੱਚ ਨਹੀਂ ਪੈ ਰਹੀ। ਤਿਵੇਂ ਹੀ ਇਹ ਪਰਮੇਸ਼ੁਰ ਦੇ ਚਰਨਾਂ ਵਿੱਚ ਸੁਰਤ ਰੱਖਣ ਵਾਲਾ ਉਸਦਾ ਪ੍ਰੇਮੀ ਹੀ ਕੇਵਲ ਸਹੋਦਰਤਾ ਦੀ ਸੇਵਾ ਕਰ ਸਕਦਾ ਹੈ ਅਰ ਸਹੋਦਰਤਾ ਦੀ ਸੇਵਾ ਉਸੇ ਦੀ ਪਰਵਾਨ ਹੈ ਜੋ ਵਾਹਿਗੁਰੂ ਪਿਤਾ ਦੇ ਪ੍ਰੇਮ ਵਿੱਚ ਸੇਵਾ ਕਰਦਾ ਹੈ।

ਸਿੱਧੀ- ਤੁਸਾਂ ਕਿਹਾ ਸੀ ਕਿ ਜਿਸ ਦੀ ਸੇਵਾ ਕਰੋ ਉਸ ਤੋਂ ਓਪਰੇ ਰਹੋ, ਹੁਣ ਦੱਸਿਆ ਨੇ ਕਿ ਅਪਣੱਤ ਪਾਓ, ਦੁਇ ਗੱਲਾਂ ਇਕ ਦਮ ਵਿਚ ਕਿਵੇਂ ਠੀਕ ਹੋਣਗੀਆਂ?

ਸਾਈਂਦਾਸ- ਮੈਂ ਠੀਕ ਕਿਹਾ ਹੈ। ਜਦ ਤੁਸੀਂ ਕਿਸੇ ਦੀ ਸੇਵਾ ਇਹ ਸਮਝਕੇ ਕਰਦੇ ਹੋ ਕਿ ਸੇਵਾ ਵਾਹਿਗੁਰੂ ਗੁਰੂ ਦਾ ਹੁਕਮ ਹੈ ਤਾਂ ਤੁਹਾਡਾ ਮਨ ਉਸਦੇ ਮਨ ਨਾਲ ਕਿ ਜਿਸ ਦੀ ਤੁਸੀਂ ਸੇਵਾ ਕਰਦੇ ਹੋ, ਜੱਫੀ ਨਹੀਂ ਪਾਏਗਾ, ਪਰ ਵਾਹਿਗੁਰੂ ਜੀ ਨਾਲ ਲੱਗਾ ਰਹੇਗਾ। ਜੇ ਤੁਸੀਂ ਕਿਸੇ ਨੂੰ ਭਰਾ ਸਮਝਕੇ ਉਸਦੀ ਸੇਵਾ ਕਰਦੇ ਹੋ ਤੇ ਭਰਾ ਇਸ ਕਰਕੇ ਸਮਝਦੇ ਹੋ ਕਿ ਅਕਾਲ ਪੁਰਖ ਪਿਤਾ ਹੈ ਤੇ ਸ੍ਰਿਸ਼ਟੀ ਉਸਦੇ ਬੱਚੇ ਹਨ ਤੇ ਸੇਵਾ ਇਹ ਸਮਝਕੇ ਕਰਦੇ ਹੋ ਕਿ ਮੈਂ ਆਪਣੇ ਪਿਤਾ ਦੀ ਪ੍ਰਸੰਨਤਾ ਲਈ ਉਸਦੇ ਬੱਚਿਆਂ ਨੂੰ ਸੁਖ ਦੇ ਰਿਹਾ ਹਾਂ ਤਾਂ ਬੀ ਤੁਹਾਡਾ ਮਨ ਵਾਹਿਗੁਰੂ ਨਾਲ ਲੱਗਾ ਰਹੇਗਾ। ਇਸ ਸੇਵਾ ਵਿਚ ਬੀ ਮੁੱਖ ਤੁਹਾਨੂੰ ਵਾਹਿਗੁਰੂ ਰਿਹਾ ਤੇ ਭਿਰਾ ਤੁਹਾਨੂੰ ਵਾਹਿਗੁਰੂ ਜੀ ਨਾਲੋਂ ਗੌਣ ਜੇਹੇ ਰਹੇ। ਸੋ ਦੇਖ ਲਓ ਜਿਸ ਨੂੰ ਤੁਸਾਂ ਨੇ ਉਲਟ ਭਾਵ ਸਮਝਿਆ ਸੀ ਉਨ੍ਹਾਂ ਦਾ ਫਲ ਇੱਕੋ ਹੈ ਕਿ ਤੁਹਾਡਾ ਮਨ ਵਾਹਿਗੁਰੂ ਜੀ ਨਾਲ ਲਗਾ ਰਿਹਾ। ਵਾਹਿਗੁਰੂ ਜੀ ਨਾਲ ਲੱਗਾ ਮਨ ਵਾਹਿਗੁਰੂ ਜੀ ਦਾ ਰੰਗ ਪਕੜਦਾ ਜਾਏਗਾ। ਅੰਤ ਜਦ ਤੁਸੀਂ ਵਾਹਿਗੁਰੂ ਜੀ ਨਾਲ ਜਾ ਮਿਲੋਗੇ ਤਾਂ ਤੁਹਾਨੂੰ ਸਾਰੇ ਵਾਹਿਗੁਰੂ ਦਾ ਪ੍ਰਭਾਵ ਪਏਗਾ, ਫੇਰ ਤੁਸੀਂ ਦਇਆ ਧਰਮ ਤੇ ਮਿਹਰ ਦਾ ਬੱਦਲ ਹੋਕੇ ਵੱਸੋਗੇ। ਓਦੋਂ ਜੋ ਕੁਛ ਹੋਵੋਗੇ ਸੋ ਓਦੋਂ ਜਾਣਨਾ, ਇਸ ਵੇਲੇ ਜਗਜਾਸਾ ਅਵਸਥਾ ਦੀ ਸੇਵਾ ਦੇ ਪ੍ਰਕਾਰ ਮੈਂ ਦੱਸ ਰਿਹਾ ਹਾਂ। ਜਗਯਾਸੂ ਦੀ ਸੇਵਾ ਵਿਚ ਮੁੱਖ ਯਤਨ ਇਹ ਹੁੰਦਾ ਹੈ ਕਿ ਕਿਵੇਂ ਇਹ 'ਨਿਸ਼ਕਾਮ' ਹੋਵੇ। ਪਰੰਤੂ ਪੂਰਨ ਪੁਰਖ ਦੀਆਂ ਕਾਮਨਾ ਪੂਰਨ, ਸੰਪੂਰਨ ਤੇ ਸਮਾਪਤ ਹੋ ਚੁਕੀਆਂ ਹੁੰਦੀਆਂ ਹਨ[੧], ਉਸ ਤੋਂ ਮਿਹਰ ਦਾ ਮੀਂਹ ਸੁਤੇ ਸੁਭਾਵ ਵਸਦਾ ਹੈ[੨]।'

ਸੋ ਹੁਣ ਸੰਖੇਪ ਕਰਕੇ ਮੈਂ ਦੁਹਰਾ ਦੇਂਦਾ ਹਾਂ। ਮੁੱਖ ਸੇਵਾ ਅਕਾਲ ਪੁਰਖ ਦੀ ਹੈ[੩] ਅਤੇ ਉਸਦੇ ਮਿਲਾਉਣ ਵਾਲੇ "ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ" ਦਸਾਂ ਗੁਰੂ ਸਾਹਿਬਾਂ ਦੀ

੧. ਓਇ ਅੰਮ੍ਰਿਤ ਭਰੇ ਭਰਪੂਰ ਹਹਿ ਓਨਾ ਤਿਲੁ ਨ ਤਮਾਇ।
ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥ (ਸੂਹੀ ਮ: ੩)

੨. ਬ੍ਰਹਮ ਗਿਆਨੀ ਕੈ ਹੋਇ ਸੁ ਭਲਾ। (ਸੁਖਮਨੀ)

੩. ਨਿਧਿ ਨਿਧਾਨ ਨਾਨਕ ਹਰਿ ਸੇਵਾ
ਅਵਰ ਸਿਆਨਪ ਸਗਲ ਅਕਾਥ॥ (ਬਿਲਾ: ਮ: ੩)
ਪੁਨਾ:- ਗੋਬਿਦ ਕੀ ਐਸੀ ਕਾਰ ਕਮਾਈ॥
ਜੋ ਕਿਛੁ ਕਰੇ ਸੁ ਸਤਿ ਕਰਿ ਮਾਨਹੁ
ਗੁਰਮੁਖਿ ਨਾਮਿ ਰਹਹੁ ਲਿਵ ਲਾਇ॥ (ਸਾਰੰਗ ਮ: ੪)

ਪੁਨਾ:- ਸੋ ਸੇਵਕੁ ਹਰਿ ਆਖੀਐ ਜੋ ਹਰਿ ਰਾਖੈ ਉਰਿਧਾਰਿ॥
ਮਨੁ ਤਨੁ ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ॥ (ਸਿਰੀ: ਮ:੩)

ਸੇਵਾ ਹੈ[੧]। ਉਹ ਮਿੱਤ੍ਰ ਵਿਚੋਲਾ ਗੁਰਮੁਖ ਸਤਿਸੰਗ ਸੇਵਾ ਦੱਸਦਾ ਹੈ[੨]। ਅਸੀਂ ਅਕਾਲ ਪੁਰਖ ਤੇ ਗੁਰੂ ਦੇ ਹੁਕਮਾਂ ਵਿੱਚ ਇਕ ਚਾਉ ਨਾਲ ਸਾਧ ਸੰਗਤ ਦੀ ਸੇਵਾ ਕਰਦੇ ਹਾਂ। ਗੁਰੂ ਕਹਿੰਦਾ ਹੈ "ਵਿਚਿ ਸੰਗਤਿ ਹਰਿ ਪ੍ਰਭੁ ਵਰਤਦਾ" ਅਸੀਂ ਇਹ ਸੇਵਾ ਕਰਦੇ ਹੋਏ ਪਿਆਰੇ ਦੀ ਸੇਵਾ ਕਰਦੇ ਹਾਂ ਅਰ ਕੇਵਲ ਪਿਆਰੇ ਵੰਨੇ ਵੇਖਦੇ ਹਾਂ। ਜੋ ਦਾਨ ਅਸੀਂ ਦੇਂਦੇ ਹਾਂ ਸਾਈਂ ਦੇ ਅੱਗੇ ਨਿਮਾਣੀ ਭੇਟਾ ਧਰਦੇ ਹਾਂ, ਜੋ ਕਰਦੇ ਹਾਂ ਉਸਦੇ ਚਰਨਾਂ ਵਿੱਚ ਅਰਪਦੇ ਹਾਂ। ਹਾਂ, ਹੱਥ ਸੇਵਾ ਕਰਦੇ ਹਨ, ਦਿਲ ਗੁਰੂ ਪਰਮੇਸ਼ੁਰ ਦੇ ਪ੍ਰੇਮ ਵਿੱਚ ਮਗਨ ਰਹਿੰਦਾ ਹੈ। ਗੁਰਬਾਣੀ ਵਿੱਚ ਜੋ ਥਾਂ ਥਾਂ ਸੇਵਾ ਪਦ ਆਉਂਦਾ ਹੈ, ਸੋ 'ਹਰਿ ਸੇਵਾ[੩]' 'ਗੁਰਸੇਵਾ[੪]' ਤੇ 'ਗੁਰਮੁਖ ਸੇਵਾ[੫]' ਹੈ। ਆਮ ਲੋਕਾਂ ਨਾਲ ਨੇਕੀ, ਦੁਖੀ ਦੀਨਾ ਲੋੜਵੰਦਾਂ ਦੀ ਸੇਵਾ ਉਪਕਾਰ ਦੀ ਆਗਯਾ ਬੀ ਆਉਂਦੀ ਹੈ, ਤੇ ਨਾਲ ਆਗਯਾ ਹੁੰਦੀ ਹੈ ਕਿ ਇਹ ਨਿਸ਼ਕਾਮ ਹੋਕੇ ਕਰੋ[੬]। ਨਿਸ਼ਕਾਮ ਕਰਨ ਦਾ ਤ੍ਰੀਕਾ ਇਹ ਹੈ ਕਿ ਵਾਹਿਗੁਰੂ ਦਾ ਹੁਕਮ ਸਮਝਕੇ ਉਸ ਨੂੰ ਸਮਰਪਨ ਕਰੋ ਸਭ ਕੁਛ, ਆਪ ਹੰਕਾਰ ਧਾਰਕੇ ਨਾ ਕਰੋ ਸਗੋਂ ਪੁੰਨ ਕਰੋ ਤੇ ਨੀਵੇਂ ਸਦਵਾਓ।

ਸਿੰਧੀ- ਧੰਨ ਗੁਰੂ ਜੀ! ਧੰਨ ਸਿੱਖੀ ਹੈ! ਮੈਂ ਜੋ ਸੇਵਾ ਕੀਤੀ ਹੈ, ਉਹ ਇਸ ਤਰ੍ਹਾਂ ਦੀ ਪੱਕੀ ਸਮਝ ਨਾਲ ਨਹੀਂ ਕੀਤੀ ਪਰ ਏਨੀ ਗੱਲ ਕੁਦਰਤੀ ਰਹੀ ਹੈ ਕਿ ਮੈਨੂੰ ਇਹ ਚੇਤਾ ਰਹਿੰਦਾ ਸੀ ਕਿ ਇਹ ਕੰਮ ਗੁਰੂ ਜੀ ਨੇ ਦੱਸਿਆ ਹੋਇਆ ਹੈ ਅਰ ਜਦ ਮੈਨੂੰ ਸੁਆਦ ਆਉਂਦਾ ਸੀ ਤਦ ਮੈਂ ਕਹਿੰਦਾ ਸਾਂ ਧੰਨ ਗੁਰੂ ਜੀ ਹਨ ਜਿਨ੍ਹਾਂ ਮੈਂ ਗ਼ਾਫ਼ਲ ਨੂੰ ਬੀ ਕਿਸੇ ਖੁਸ਼ੀ ਦੇ ਰਸਤੇ ਪਾਇਆ ਹੈ! ਤਦੋਂ ਮੈਨੂੰ ਗੁਰੂ ਜੀ ਬੜੇ ਪਿਆਰੇ ਲਗਦੇ ਸੀ।

ਮੈਂ ਕੇਡਾ ਮੂਰਖ ਹਾਂ ਕਿ ਅਜੇ ਸੇਵਾ ਦੀ ਇਕ ਭਾਰੀ ਮੰਜ਼ਲ ਬਾਕੀ ਸੀ ਤੇ ਮੈਂ ਕਿਤੇ ਅੱਗੇ ਲਈ ਉੱਛਲ ਰਿਹਾ ਸਾਂ। ਆਪ ਨੇ ਬਹੁਤ ਭਲਾ ਕੀਤਾ ਜੋ ਮੇਰੇ ਕਹੇ ਕਾਹਲ ਨਹੀਂ ਕੀਤੀ ਅਰ ਮੇਰੇ ਅਧਿਕਾਰ ਮੂਜਬ ਮੈਨੂੰ ਅਗਲਾ ਡੰਡਾ ਦੱਸਿਆ, ਜਿਸਨੂੰ ਆਪਦੀ ਕ੍ਰਿਪਾ ਨਾਲ ਮੈਂ ਸਮਝ ਤੇ ਫੜ ਲੀਤਾ ਹੈ ਅਰ ਆਪ ਦੀ ਸਹਾਇਤਾ ਨਾਲ ਇਹ ਕਾਰਜ ਹੋ ਬੀ ਜਾਊ। ਕਿਉਂਕਿ ਗੁਰੂ ਜੀ ਤੇ ਗੁਰੂ ਪਰਮੇਸ਼ੁਰ ਜੀ ਮੈਨੂੰ ਹੁਣ ਪਿਆਰੇ ਲਗਦੇ ਹਨ ਅਰ ਹੋਰਨਾਂ ਦੀ ਸੇਵਾ ਨਾਲੋਂ ਉਨ੍ਹਾਂ ਦੀ ਸੇਵਾ ਵਧੀਕ ਪਿਆਰੀ ਲਗਦੀ ਹੈ। ਜੇ ਦਇਆ ਹੋ ਗਈ ਤਦ ਸਾਰੀ ਸੇਵਾ ਹੁਣ ਪਿਆਰੇ ਖੜਗਧਾਰੀ ਜੀ ਦੀ ਹੁੱਬ ਵਿੱਚ ਹੀ ਹੋਇਆ ਕਰੇਗੀ, ਪਰ ਤੁਸੀਂ ਅਸੀਸ ਦਿਓ ਜੋ ਮੈਨੂੰ ਏਹ ਦਾਤ ਨਸੀਬ ਹੋਵੇ।

ਭਾਈ ਜੀ- ਪਿਆਰੇ ਸੱਜਣ! ਮੈਂ ਨੀਚਾਂ ਤੋਂ ਅਤਿ ਨੀਚ ਹਾਂ, ਗੁਰੂ ਧੰਨ ਹੈ! ਗੁਰੂ ਸਮਰੱਥ ਹੈ! ਮੈਨੂੰ ਬਖਸ਼ਲੋ। ਮੈਂ ਕੁਛ ਨਹੀਂ ਕਿਹਾ- ਗੁਰੂ ਦੀ ਕ੍ਰਿਪਾ ਤੇ ਤੁਹਾਡੇ ਪ੍ਰੇਮ ਵਿੱਚ ਕੋਈ ਇਸ ਭਾਂਡੇ ਵਿਚ ਬੋਲ ਗਿਆ ਹੋਊ। ਭਾਂਡੇ ਦਾ ਕੁਛ ਨਹੀਂ। ਹਾਂ, ਭਰੋਸਾ ਤੇ ਗੁਰਪ੍ਰੇਮ ਦਾ ਉਤਸ਼ਾਹ ਜੋ ਤੁਸਾਂ ਵਿਚ ਹੈ ਉਹ ਮੈਨੂੰ ਗਦ ਗਦ ਕਰ ਰਿਹਾ ਹੈ। ਸ਼ੁਕਰ ਹੈ ਅਕਾਲ ਪੁਰਖ ਦਾ!

ਸਿੰਧੀ- ਧੰਨ ਹੋ ਆਪ।...ਭਲਾ ਸੇਵਾ ਤੋਂ ਅਗੇ ਜੋ ਕੁਛ ਹੋਰ ਪੂਰਨੇ ਪਾ ਦਿਓ ਤਾਂ ਬੜੀ ਕਿਰਪਾ ਹੋਵੇ।

(ਬਾਣੀ)*

ਭਾਈ ਜੀ- ਤੁਹਾਡੇ ਧੰਨ ਭਾਗ ਹਨ ਜੋ ਤੁਸਾਂ ਧਰਮਸਾਲਾ ਬਣਵਾਈ ਕਿ ਜਿੱਥੇ ਗੁਰਬਾਣੀ ਦਾ ਕੀਰਤਨ ਹੁੰਦਾ ਹੈ ਪਰ ਕਿਰਪਾ ਕਰਕੇ ਇਹ ਬੀ ਦੱਸੋ ਕਿ ਤੁਹਾਨੂੰ ਬਾਣੀ ਦਾ 'ਅਭਿਆਸ' 'ਪ੍ਰੇਮ' ਤੇ 'ਵਿਚਾਰ' ਬੀ ਹੈ? ਜਿਸ ਪਿਆਰੇ ਦੇ ਵਾਸ ਲਈ ਮੰਦਰ ਬਣਾਇਆ, ਉਸ ਪਿਆਰੇ ਦੇ ਦਰਸ਼ਨ ਮੇਲੇ ਤੁਸਾਂ ਆਪ ਨਹੀਂ ਕੀਤੇ ਜਾਪਦੇ। ਕੀ ਇਹ ਗੱਲ ਠੀਕ ਹੈ?

ਸਿੰਧੀ- ਠੀਕ ਹੈ, ਮੈਨੂੰ ਬਾਣੀ ਦਾ ਅਭਿਆਸ, ਪਿਆਰ ਤੇ ਵੀਚਾਰ ਪ੍ਰਾਪਤ ਨਹੀਂ, ਪਰ ਮੈਨੂੰ ਬਾਣੀ ਮਾੜੀ ਬੀ ਨਹੀਂ ਲਗਦੀ। ਮੈਂ ਕੀਰਤਨ ਸੁਣਦਾ ਬੀ ਹਾਂ ਤੇ ਬਾਣੀ ਚੰਗੀ ਬੀ ਲਗਦੀ ਹੈ ਪਰ ਸੇਵਾ ਵਿੱਚ

---

੧. ਹਉ ਸਤਿਗੁਰੁ ਸੇਵੀ ਆਪਣਾ ਇਕ ਮਨਿ ਇਕ ਚਿਤਿ ਭਾਇ॥ (ਸਿਰੀ ਮ: ੩)

੨ ਗੁਰ ਸਿਖੀ ਦਾ ਸਿਖਣਾ ਗੁਰਮੁਖ ਸਾਧ ਸੰਗਤ ਦੀ ਸੇਵਾ॥ (ਵਾ:ਭਾ:ਗੁ:)

੩. ਅਪਨਾ ਬਿਗਾਰਿ ਬਿਰਾਂਨਾ ਸਾਂਢੈ॥ (ਗੋਂਡ ਰਵਿ:)
ਪੁਨਾ:- ਹਰਿ ਗੁਨ ਗਾਵਤ ਪਰਉਪਕਾਰ
ਨਿਤ ਤਿਸੁ ਰਸਨਾ ਕਾ ਮੋਲੁ ਕਿਛੁ ਨਾਹੀ॥ (ਬਿਲਾ: ਮ: ੫)
ਤਥਾ:- ਮਿਥਿਆ ਤਨ ਨਹੀ ਪਰਉਪਕਾਰਾ॥ (ਸੁਖ: ਮ: ੫)

੪. ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ॥ (ਵਾਰ ਆਸਾ ਮ: ੧)

* ਗੁਰਬਾਣੀ ਗਾਵਹੁ ਭਾਈ॥ ਓਹ ਸਫਲ ਸਦਾ ਸੁਖਦਾਈ॥ (ਸੋਰਠਿ ਮ. ੫)

SIKHBOOKCLUB.COM

ਵਧੇਰੇ ਸੁਆਦ ਆਉਂਦਾ ਸੀ, ਇਸ ਕਰਕੇ ਉਸ ਸੁਆਦ ਵਿੱਚੋਂ ਹੋਰ ਪਾਸੇ ਜੀ ਨਹੀਂ ਸੀ ਜਾਂਦਾ। ਹੋਰ ਕੋਈ ਕਾਰਨ ਬਾਣੀ ਨਾ ਪੜ੍ਹਨ ਦਾ ਨਹੀਂ ਹੈ।

ਭਾਈ- ਠੀਕ ਹੈ। ਇਹ ਇਸ ਅਵਸਥਾ ਵਿਚ ਕਈ ਵੇਰ ਹੁੰਦਾ ਹੈ। ਪਰ ਮਿੱਤ੍ਰ ਜੀ! ਤੁਹਾਨੂੰ ਜੋ ਸੇਵਾ ਦਾ ਉੱਚਾ ਮਰਤਬਾ ਮਲੂਮ ਹੋਇਆ ਹੈ ਇਸ ਦੇ ਨਾਲ ਬਾਣੀ ਦੇ ਪਿਆਰ ਅਰ ਵੀਚਾਰ ਦੀ ਬਹੁਤ ਲੋੜ ਹੈ। ਉਹ ਤਾਂ ਪਹਿਲਾ ਡੰਡਾ ਸੀ, ਕਿਉਂਕਿ ਜੋ ਉੱਚ ਭਾਵ ਦਾਸ ਨੇ ਸੰਖੇਪ ਮਾਤ੍ਰ ਸੁਣਾਏ ਹਨ ਸੋ ਗੁਰੂ ਕੀ ਬਾਣੀ ਹੀ ਦੱਸਦੀ ਹੈ। ਬਾਣੀ ਹੀ ਦੱਸਦੀ ਹੈ ਕਿ ਅਪਨੇ ਅਮਲ ਨੇਕ ਕਰੋ। ਬਾਣੀ ਹੀ ਦੱਸਦੀ ਹੈ ਕਿ ਸੇਵਾ ਕਰੋ ਨਿਸ਼ਕਾਮ ਹੋਕੇ, ਇਨ੍ਹਾਂ ਅਮਲਾਂ ਨਾਲ ਮਨ ਸ਼ੁੱਧ ਹੁੰਦਾ ਹੈ। ਫੇਰ ਬਾਣੀ ਦੇ ਹੀ ਪਾਠ ਨਾਲ ਮਨ ਟਿਕਦਾ ਹੈ ਅਤੇ ਬਾਣੀ ਨਾਲ ਹੀ ਹੋਰ ਵਧੇਰੇ ਸਫਾਈ ਤੇ ਆਉਂਦਾ ਹੈ। ਫੇਰ ਬਾਣੀ ਹੀ ਦੱਸਦੀ ਹੈ ਕਿ ਛਿਨ ਛਿਨ ਕਰਕੇ ਕਾਲ ਵਿਹਾ ਰਿਹਾ ਹੈ[੧]। ਛਿਨ ਛਿਨ ਕਰਕੇ ਉਮਰ ਘਟ ਰਹੀ ਹੈ[੨]। ਛਿਨ ਛਿਨ ਵਿਚ ਅਸੀਂ ਭੁੱਲਾਂ ਕਰ ਰਹੇ ਹਾਂ[੩]। ਖਿਨ ਖਿਨ ਵਿਚ ਸਾਡੇ ਅੰਦਰਲੇ ਪੰਜ ਸਾਡੇ ਤੇ ਵਾਹਿਗੁਰੂ ਵਿਚ ਵਿੱਥ ਵਧਾ ਰਹੇ ਹਨ[੪]। ਇਸ ਕਰਕੇ ਛਿਨ ਛਿਨ ਵਿਚ ਜਾਰੀ ਰਹਿਣ ਵਾਲਾ ਕੋਈ ਉਪਰਾਲਾ ਚਾਹੀਦਾ ਹੈ[੫]। ਹਾਂ, ਖਿਨ ਖਿਨ ਦੀ ਭੁੱਲ ਵਾਸਤੇ ਕੋਈ ਖਿਨ ਖਿਨ ਦੇ ਚੇਤੇ ਦਾ ਉਪਰਾਲਾ ਚਾਹੀਦਾ ਹੈ ਜੋ ਖਿਨ ਖਿਨ ਕਰਕੇ ਜਾਣ ਵਾਲਾਂ ਕਾਲ ਸੰਭਾਲਿਆ ਜਾਵੇ[੬]। ਉਹ ਉਪਰਾਲਾ ਬਾਣੀ ਵਿਚ ਦੱਸਿਆ ਹੈ। ਬਾਣੀ ਇਕਾਗਰ ਚਿੱਤ ਹੋਕੇ ਪੜ੍ਹੋ, ਮਨ ਇਕੱਠਾ ਹੋਕੇ ਕੁਸੰਗ ਦੇ ਅਸਰ ਅੱਗੇ ਢਹਿਣੋਂ ਬਲਵਾਨ ਹੋ ਜਾਏਗਾ[੧]। ਬਾਣੀ ਨਾਲ ਪਿਆਰ ਕਰੋ ਰਿਦੇ ਵਿੱਚ ਗੁਰੂ ਪਰਮੇਸ਼ੁਰ ਪਰ ਸ਼ਰਧਾ ਤੇ ਪ੍ਰਾਪਤੀ ਦਾ ਉਤਸਾਹ ਪੈਦਾ ਹੋਵੇਗਾ। ਬਾਣੀ ਦਾ ਵੀਚਾਰ ਕਰੋ ਤਦ ਭੁਲੇਖੇ ਤੇ ਡਰ ਦੂਰ ਹੋਣਗੇ। ਅਰਥਾਤ ਸਾਡੇ ਅੰਦਰ ਦੋ ਘਰ ਦੇ ਵੈਰੀ ਹਨ, ਇਕ ਭੈ ਤੇ ਦੂਜਾ ਭਰਮ[੨]। ਪਜਾਰ ਲਾਕੇ ਪੜ੍ਹੀ ਬਾਣੀ ਦਾ ਅਭਿਆਸ ਭੈ ਨੂੰ ਕੱਟਦਾ ਹੈ ਤੇ ਬਾਣੀ ਦਾ ਵੀਚਾਰ ਭਰਮ ਨੂੰ ਕੱਟਦਾ ਹੈ। ਭੈ ਤੇ ਭਰਮ ਨੂੰ ਫਲ ਲਗਦੇ ਹਨ ਦੁੱਖ ਤੇ ਰੋਗ, ਉਹ ਬੀ ਭੈ ਤੇ ਭਰਮ ਦੇ ਬਿਨਸਿਆਂ ਆਪੇ ਬਿਨਸਦੇ ਹਨ[੩]।

ਇਸੇ ਤਰ੍ਹਾਂ ਮਨੁੱਖ ਦੇ ਤ੍ਰੈ ਮਿੱਤ੍ਰ ਅੰਦਰੇ ਹਨ, ਇਕ ਨਿਰਮਲ ਬੁੱਧਿ, ਇਕ ਉਤਸਾਹ ਤੇ ਇਕ ਸੰਜਮ। ਬਾਣੀ ਤ੍ਰੈਆਂ ਨੂੰ ਨਿਰੋਲ ਤੇ ਬਲਵਾਨ ਕਰ ਦੇਂਦੀ ਹੈ। ਸੱਚੀ ਨਿਰਮਲ ਬੁੱਧੀ ਸੱਚ ਨੂੰ ਅਨੁਭਵ ਕਰ ਸਕਦੀ ਹੈ। ਸੱਚਾ ਉਤਸਾਹ ਝੂਠ ਦੇ ਤਿਆਗ ਤੇ ਸੱਚ ਦੇ ਗ੍ਰਹਿਣ ਲਈ ਹਿੰਮਤ ਦੇਂਦਾ ਤੇ ਸਾਧਨ ਕਰਾਉਂਦਾ ਹੈ। ਸੱਚਾ ਸੰਜਮ ਮਨ ਦੀਆਂ ਅੱਡ ਅੱਡ ਤਾਕਤਾਂ ਨੂੰ ਥਹੁ ਟਿਕਾਣੇ ਰਖਦਾ ਹੈ ਤੇ ਹੱਦੋਂ ਨਹੀਂ ਟੱਪਣ ਦੇਂਦਾ, ਜਿਸ ਕਰਕੇ ਮਨ ਵਿਚੋਂ ਹਨੇਰਾ ਉੱਠਕੇ ਬੁੱਧੀ ਨਿਰਮਲ ਹੁੰਦੀ ਹੈ ਤੇ ਸੱਚੀ ਭਲਿਆਈ ਦੀ ਜਾਚ ਆ ਜਾਂਦੀ ਹੈ। ਇਨ੍ਹਾਂ ਤਿੰਨਾਂ ਮਿੱਤ੍ਰਾਂ ਦੀ ਸੂਝ ਬਾਣੀ ਬਖਸ਼ਦੀ ਹੈ।

ਬਾਣੀ ਪਹਿਲੇ ਨਿਰਮਲ ਭਉ[੪] ਪਾਉਂਦੀ ਹੈ। ਇਸ ਭਉ ਨਾਲ ਸੰਜਮ ਕਾਇਮ ਹੁੰਦਾ ਹੈ। ਜਦ ਸੰਜਮ ਕਾਇਮ ਹੋ ਜਾਂਦਾ ਹੈ ਤਦ ਵੈਰਾਗ ਵਾਲਾ ਚਾਉ ਅੰਦਰੋਂ ਉਗਮ ਕੇ ਦ੍ਰਿੜ੍ਹ ਹੋ ਜਾਂਦਾ ਹੈ। ਇਸੇ ਨੂੰ ਸੱਚਾ ਉਤਸਾਹ ਕਹਿੰਦੇ ਹਨ, ਏਹੋ ਸਾਰੀ ਬਦੀ ਤੋਂ ਰੋਕਦਾ ਹੈ ਅਰ ਨੇਕੀ ਤੇ ਨੇਕੀ ਦੇ ਸੋਮੇਂ ਵਾਹਿਗੁਰੂ ਵੱਲ ਲੈ ਜਾਂਦਾ ਹੈ। ਇਸੇ ਦੀ ਪਕਿਆਈ ਹੋ ਗਿਆਂ

---

੧. ਛਿਨੁ ਛਿਨੁ ਕਰਿ ਗਇਓ ਕਾਲੁ॥ (ਜੈਜਾ: ਮ:੯)

੨ ਛਿਨੁ ਛਿਨੁ ਅਉਧ ਬਿਹਾਤੁ ਹੈ॥ (ਤਿਲੰ: ਮ:੯)

੩. ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ॥ (ਗਉ: ਬਾ:ਅ:ਮ:੫)

੪. ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ॥
ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ॥ (ਜੈਤ: ਰਵਿ:)

੫. ਖਿਨੁ ਖਿਨੁ ਨਾਮੁ ਸਮਾਲੀਐ ਗੁਰਮੁਖਿ ਪਾਵੈ ਕੋਇ (ਸਿਰੀ: ਮ:੩)

੬. ਖਿਨੁ ਪਲੁ ਨਾਮੁ ਰਿਦੈ ਵਸੈ ਭਾਈ ਨਾਨਕ ਮਿਲਣੁ ਸੁਭਾਇ॥ (ਸੋਰ:ਮ:੧ ਅਸ:)

---

੧. ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ॥ (ਸੂਹੀ ਅਸ: ਮ: ੪)

੨. ਭੁਲੇਖੇ ਤੇ ਸੰਸੇ ਆਦਿਕ।

੩. ਦੂਖ ਰੋਗ ਬਿਨਸੇ ਭੈ ਭਰਮ॥ (ਸੁਖਮਨੀ)

੪. ਇਕ ਮੈਲਾ ਭੈ ਹੁੰਦਾ ਹੈ, ਜੋ ਦੁਖਦਾਇਕ ਤੇ ਵੈਰੀ ਹੈ। ਇਕ ਨਿਰਮਲ ਭਉ ਹੈ, ਜੋ ਵਾਹਿਗੁਰੂ ਦੀ ਵਡਿੱਤ ਦੇ ਵੀਚਾਰ ਤੋਂ ਪੈਦਾ ਹੈ। 'ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ॥' (ਸੂਹੀ ਮ:੪)

SIKHBOOKCLUB.COM

ਫੇਰ ਬਾਣੀ ਬੁੱਧਿ ਨੂੰ ਨਿਰਮਲ ਕਰ ਦੇਂਦੀ ਹੈ। ਜਦ ਬੁੱਧਿ ਨਿਰਮਲ ਹੋ ਜਾਂਦੀ ਹੈ ਤਦ ਵਾਹਿਗੁਰੂ ਨਾਮ ਦੀ ਧੁਨਿ ਉਪਜਦੀ ਹੈ। ਇਹ ਧੁਨਿ ਸਹਜ ਪਦ ਵਿੱਚ ਲੈ ਜਾਂਦੀ ਹੈ, ਜਿੱਥੇ ਪਿਆਰੇ ਵਾਹਿਗੁਰੂ ਨਾਲ ਅਟੁੱਟ ਮੇਲ ਹੋ ਜਾਂਦਾ ਹੈ। ਇਹ ਸਾਰਾ ਉਪਦੇਸ਼ ਸ੍ਰੀ ਗੁਰੂ ਜੀ ਨੇ ਸੂਹੀ ਮਹਲੇ ੪ (ਲਾਵਾਂ) ਵਿੱਚ ਦਿੱਤਾ ਹੈ*।

ਇਸ ਕਰਕੇ ਪਿਆਰੇ ਵੀਰ ਜੀ! ਜੋ ਸੇਵਾ ਆਪ ਨੇ ਹੁੱਬ ਨਾਲ ਚੁੱਕਣੀ ਹੈ, ਉਹ ਕੀਹ ਦੱਸਦੀ ਹੈ? ਇਹ ਕਿ ਤੁਹਾਡੇ ਅੰਦਰ ਪਿਆਰ ਆਵੇ। ਗੁਰੂ ਪਰਮੇਸ਼ੁਰ ਦੇ ਪਿਆਰ ਨਾਲ ਜੋ ਸੇਵਾ ਤੁਸਾਂ ਕੀਤੀ ਹੈ, ਉਸਨੇ ਵੇਖੋ ਮਨ ਸ਼ੁੱਧ ਕੀਤਾ ਹੈ। ਸ਼ੁੱਧ ਮਨ ਹੁਣ ਵਧੀਕ ਸ਼ੁੱਧ ਗੱਲਾਂ ਲੋਚਦਾ ਹੈ। ਉਨ੍ਹਾਂ ਲਈ ਵਧੀਕ ਸ਼ੁੱਧਤਾ ਦੀ ਲੋੜ ਹੈ, ਇਹ ਸ਼ੁੱਧਤਾ ਬਾਣੀ ਦੇ ਪਾਠ ਵਿਚਾਰ ਤੋਂ ਬਿਨਾਂ ਆਉਣੀ ਕਠਨ ਹੈ। ਇਸ ਲਈ ਚਾਹੀਦਾ ਹੈ ਕਿ ਆਪ ਬਾਣੀ ਦੇ ਪਾਠੀ, ਰਸੀਏ ਤੇ ਸਮਝ ਵਾਲੇ ਹੋ ਜਾਓ, ਤਾਂ ਜੋ ਮਨ ਦੀ ਸ਼ੁੱਧਤਾ ਐਸੀ ਹੋ ਜਾਏ ਕਿ ਹਨੇਰਾ ਨਾ ਰਹੇ। ਹਨੇਰਾ ਹਟਦੇ ਹੀ ਸੰਜਮ ਦੀ ਪੌਣ ਸਾਰੀਆਂ ਤਾਕਤਾਂ ਨੂੰ ਥਹੁ ਸਿਰ ਕਰ ਦੇਊ। ਉਤਸ਼ਾਹ ਤਕੜਾ ਹੋਕੇ ਅੱਗੇ ਨੂੰ ਲੈ ਤੁਰੂ ਅਰ ਨਿਰਮਲ ਬੁੱਧਿ ਝੋਲੀ ਅੱਡ ਕੇ ਸਤਿਗੁਰਾਂ ਤੋਂ ਨਾਮ ਪ੍ਰਾਪਤ ਕਰੂ, ਉਹ ਨਾਮ ਫੇਰ ਸਹਿਜ ਅਵਸਥਾ ਵਿੱਚ ਲੈ ਜਾਊ, ਹਾਂ ਜੀ ਨਾਮ ਨਾਮੀ ਵਿੱਚ ਲੈ ਜਾਊ, ਜਿਸ ਪ੍ਰੋਜਨ ਲਈ ਮਨੁੱਖਾ ਜਨਮ ਸੀ ਸੋ ਸਿੱਧ ਹੋ ਜਾਊ।

ਸਿੰਧੀ– ਮੈਨੂੰ ਮੇਰੇ ਹੀ ਭਲੇ ਲਈ ਬੇਪਰਵਾਹੀ ਤੋਂ ਅਸਚਰਜ ਵਿਚ ਲੈ ਜਾਕੇ, ਓਥੋਂ ਸਚ ਦੇ ਮੰਡਲ ਵੱਲ ਰਸਤਾ ਦੱਸਣ ਵਾਲੇ ਮਿੱਤ੍ਰ ਪਿਆਰੇ ਜੀ! ਮੈਂ ਕਿਸ ਮੂੰਹ ਨਾਲ ਸ਼ੁਕਰ ਕਰਾਂ? ਮੈਂ ਸੱਚੀ ਮੁੱਚੀ ਮੂਰਖ ਸਾਂ, ਪਰ ਆਪ ਨੇ ਅਕਲ ਦਾਨ ਕੀਤੀ ਹੈ।....ਬਾਣੀ ਕਿਹੜੀ ਪੜ੍ਹਾਂ ਤੇ ਕਿੱਕੂੰ ਪੜ੍ਹਾਂ?

ਭਾਈ ਜੀ– ਸੱਜਣ ਜੀ! ਨਿਤ ਨੇਮ ਦੀ ਬਾਣੀ ਰੋਜ਼ ਪੜ੍ਹੋ ਅਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਜ (ਜਾਂ ਘੱਟ ਵੱਧ ਜਿੰਨੇ ਕਰ ਸਕੋ) ਪੱਤਰੇ ਰੋਜ਼ ਪਾਠ ਕਰੋ। ਜੇਕਰ ਵਕਤ ਲੱਭੇ ਤਦ ਹੋਰ ਬਾਣੀਆਂ ਸੁਖਮਨੀ, ਆਸਾ ਦੀ ਵਾਰ, ਆਨੰਦ ਆਦਿਕ ਦਾ ਪਾਠ ਕਰੋ।

ਕੀਕੂੰ ਕਰੋ? ਇਹ ਤੁਸੀਂ ਜਾਣੋ, ਪਰ ਜੀਕੂੰ ਜੀ ਲੱਗੇ ਤੇ ਸੁਆਦ ਆਵੇ। ੧. ਚਾਹੇ ਸਹਿਜੇ ਸਹਿਜੇ ਏਕਾਂਤ ਬੈਠਕੇ, ੨. ਚਾਹੇ ਰਹਾ ਨਾਲ ਉੱਚੀ ਉੱਚੀ, ੩. ਚਾਹੇ ਫਿਰਕੇ, ਟਹਿਲ ਕੇ ਸੁਰ ਨਾਲ। ਜਿਕੂੰ ਚਿੱਤ ਨੂੰ ਜਿਸ ਵੇਲੇ ਸੁਆਦ ਆਵੇ ਉਸੇ ਤਰ੍ਹਾਂ ਪੜ੍ਹੋ। ਹਮਾਤੜ ਮੈਲੇ ਮਨਾਂ ਲਈ ਸਭ ਤੋਂ ਚੰਗੀ ਵਿਧੀ ਤੀਸਰੀ ਹੈ। ਇਸ ਨਾਲ ਮਨ ਸਹਿਜੇ ਸਹਿਜੇ ਇਕਾਗਰ ਹੁੰਦਾ ਹੈ, ਕੁਛ ਰਸ ਪੈਂਦਾ ਹੈ, ਖੇਚਲ ਨਹੀਂ ਵਾਪਰਦੀ ਤੇ ਚਿੱਤ ਨਾਲ ਨਾਲ ਖਿੜਦਾ ਭੀ ਜਾਂਦਾ ਹੈ। ਅੰਦਰ ਜਦੋਂ ਅਜੇ ਮੈਲਾ ਹੈ ਤੇ ਹਠ ਨਾਲ ਜੀਭ ਰੋਕ ਕੇ ਪਾਠ ਕਰੀਦਾ ਹੈ ਤਾਂ ਸੁਰਤ ਬੱਝ ਜਾਂਦੀ ਹੈ, ਖਿੰਡਦੀ ਨਹੀਂ ਪਰ ਜੇ ਸਹਿਜੇ ਸਹਿਜੇ ਟਹਿਲ ਕੇ ਨਿੱਕੇ ਨਿੱਕੇ ਰਹਾ ਨਾਲ ਬਾਣੀ ਪੜ੍ਹੀਏ ਤਾਂ ਵਧੇਰੇ ਸੁਖਦਾਈ ਅਸਰ ਹੁੰਦਾ ਹੈ। ਪਰ ਇਸ ਲਈ ਬਾਣੀ ਕੰਠ ਲੋੜੀਦੀ ਹੈ। ਪ੍ਰਯੋਜਨ ਇਹ ਹੈ ਕਿ ਮਨ ਬਾਣੀ ਵਿਚ ਜੁੜੇ ਤੇ ਮਨ ਦੇ ਸੰਕਲਪ ਵਿਕਲਪ ਰੁਕਣ। ਇਹ ਬਾਣੀ ਮਹਾਂ ਪੁਰਖ ਦੀ ਹੈ ਅਰ ਉਸੇ ਦਾ ਸਰੂਪ ਹੈ। ਇਹ ਅੱਠ ਪਹਿਰ ਦਾ ਅੰਗੀ ਸੰਗੀ ਗੁਰੂ ਹੈ। ਇਸਨੂੰ ਹਰ ਸਮੇਂ ਦਾ ਪ੍ਰਤੱਖ ਗੁਰੂ ਲਿਖਿਆ ਹੈ।

ਬਾਣੀ ਦੇ ਰਸੀਏ ਹੋ ਜਾਓ। ਸ੍ਰੀ ਗੁਰੂ ਜੀ ਜਾਣੀ ਜਾਣ ਹਨ, ਜਦੋਂ ਯੋਗ ਜਾਣਨਗੇ ਬਿਨਾਂ ਕਹੇ ਤੇ ਬਿਨ ਮੰਗੇ ਨਾਮਾਂਮ੍ਰਿਤ ਬਖਸ਼ ਕੇ ਨਿਹਾਲ ਕਰਨਗੇ। ਬਾਣੀ ਉਸ ਨਾਮ ਲਈ ਮਨ ਨੂੰ ਨਿਰਮਲ ਤੇ ਤਿਆਰ ਕਰੇਗੀ। ਉਸ ਸ਼ਹਿਨਸ਼ਾਹ (ਨਾਮ) ਨੂੰ ਜੋ ਸਾਧਨ ਤੇ ਸਿੱਧੀ ਰੂਪ ਆਪ ਹੈ ਤੇ ਜਿਸਦੇ ਤੁੱਲ ਕੁਛ ਨਹੀਂ, ਹਾਂ, ਉਸਨੂੰ ਧਾਰਨ ਲਈ ਹਿਰਦੇ ਮੰਡਲ ਵਿਚ ਪੱਕੀ ਤਿਆਰੀ ਕਰੋ, ਤਾਂ ਕਿ ਜਦੋਂ ਪਿਆਰਾ ਨਾਮ ਆਵੇ ਤਾਂ ਕਹਿ ਸਕੋ:–

'ਸੇਜ ਵਿਛਾਈ ਕੰਤ ਕੂ ਕੀਆ ਹਭੁ ਸੀਗਾਰੁ॥
ਇਤੀ ਮੰਝਿ ਨ ਸਮਾਵਈ ਜੇ ਗਲਿ ਪਹਿਰਾ ਹਾਰੁ॥'
(ਮਾਰੂ ਵਾਰ ਮ: ੫)

ਹਾਂ ਜੀਓ! ਨਾਮ ਆਵੇ ਤੇ ਆਇਆ ਫੇਰ ਨਾ ਵਿਛੁੜੇ। ਫੇਰ ਵਿੱਥ ਨਾ ਪਵੇ। ਗੁਰਮੁਖ ਨਾਮ ਇਕੋ ਵਾਰ ਜਪੀਵੇ, ਜੋ ਸ਼ੁਰੂ ਹੋਕੇ ਸਦਾ ਟੁਰਿਆ ਰਹੇ:–

ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ॥
(ਸੁਖਮਨੀ)

---

* ਇਹ ਪੋਥੀ ਟੀਕੇਵਾਲੀ ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਤੋਂ ਮਿਲਦੀ ਹੈ।

ਪਹਿਲੇ ਉਪਦੇਸ਼ ਤੋਂ ਲੈਕੇ ਵਾਹਿਗੁਰੂ ਮਿਲਾਪ ਤਕ ਸਾਰੀ ਦਾਤ ਨਾਮ ਹੈ। ਫਰਕ ਹੈ ਤਾਂ ਦਰਜਿਆਂ ਦਾ, ਜੋ ਸਮਝ ਰਹੇ ਹੋ ਤੇ ਸਮਝੀ ਜਾਓਗੇ। ਪਹਿਲੇ ਸਾਹਸ ਧਾਰੋ ਕਿ ਮਾੜੇ ਕਰਮ ਨਹੀਂ ਕਰਨੇ। ਕਿਸੇ ਨੂੰ ਦੁੱਖ ਨਹੀਂ ਦੇਣਾ। ਪਰ ਮਨ ਮੈਲਾ ਹੈ, ਮੁੜ ਮੁੜ ਉਧਰ ਨੂੰ ਰੁਚੀ ਕਰਦਾ ਹੈ. ਇਸ ਵਾਸਤੇ ਸੇਵਾ ਕਰੋ ਤੇ ਤਰਲਾ ਲਓ ਕਿ ਸੇਵਾ ਨਿਸ਼ਕਾਮ ਹੋਵੇ। ਇਹ ਸੇਵਾ ਮਨ ਦਾ ਦਾਰੂ ਹੈ ਮੈਲ ਹਰਨ ਤੇ ਰਸਭਰੀ ਨਿੰਮ੍ਰਤਾ ਸਿਖਾਉਣ ਲਈ। ਫੇਰ ਬਾਣੀ ਹੈ ਮੈਲ ਕੱਟਣ ਤੇ ਮਨ ਨੂੰ ਹੋਰ ਵਧੇਰੇ ਸਫਾ ਕਰਨ ਲਈ। ਫੇਰ ਹੈ ਨਾਮ-ਅਭਜਾਸ ਤੇ ਨਾਮ- ਨਿਵਾਸ।

ਮੇਰੀ ਕਥਾ ਤੋਂ ਆਪ ਨੂੰ ਉਦਾਸੀ ਹੋਈ ਸੀ ਇਸ ਕਰਕੇ ਮੇਰਾ ਧਰਮ ਸੀ ਕਿ ਆਪ ਨੂੰ ਸੇਵਾ ਦੇ ਅਗਲੇ ਪੜਾਉ ਦੱਸਕੇ ਰਸਤੇ ਪਾ ਦਿਆਂ। ਸੋ ਗੁਰੂ ਕਿਰਪਾ ਨੇ ਕਾਰਜ ਕਰ ਦਿੱਤਾ ਹੈ। ਤੁਸੀਂ ਸਮਝੋਗੇ ਕਿ ਏਹ ਉਪਦੇਸ਼ ਮੇਰੇ ਹਨ। ਨਹੀਂ, ਏਹ ਉਪਦੇਸ਼ ਸਤਿਗੁਰ ਦੇ ਆਪਣੇ ਹਨ, ਮੈਂ ਤਾਂ ਗੁਰਵਾਕਾਂ ਦੀ ਵਿਆਖਿਆ ਮਾਤ੍ਰ ਕੀਤੀ ਹੈ। ਦੇਖੋ ਸ੍ਰੀ ਗੁਰੂ ਜੀ ਆਪ ਫੁਰਮਾਉਂਦੇ ਹਨ:-

ਗੁਰਬਾਣੀ ਸਦ ਮੀਠੀ ਲਾਗੀ ਪਾਪ ਵਿਕਾਰ ਗਵਾਇਆ॥ ਹਉਮੈ ਰੋਗੁ ਗਇਆ ਭਉ ਭਾਗਾ ਸਹਜੇ ਸਹਜਿ ਮਿਲਾਇਆ॥ ਕਾਇਆ ਸੇਜ ਗੁਰ ਸਬਦਿ ਸੁਖਾਲੀ ਗਿਆਨ ਤਤਿ ਕਰਿ ਭੋਗੋ॥ ਅਨਦਿਨੁ ਸੁਖਿ ਮਾਣੇ ਨਿਤ ਰਲੀਆ ਨਾਨਕ ਧੁਰਿ ਸੰਜੋਗੋ॥੧॥ ... ... ... ... ...
ਬਾਣੀ ਗੁਰ ਗਾਈ ਪਰਮ ਗਤਿ ਪਾਈ ਪੰਚ ਮਿਲੇ ਸੋਹਾਇਆ॥ ਗਇਆ ਕਰੋਧੁ ਮਮਤਾ ਤਨਿ ਨਾਠੀ ਪਾਖੰਡੁ ਭਰਮੁ ਗਵਾਇਆ॥ ਹਉਮੈ ਪੀਰ ਗਈ ਸੁਖੁ ਪਾਇਆ ਆਰੋਗਤ ਭਏ ਸਰੀਰਾ॥ ਗੁਰ ਪਰਸਾਦੀ ਬ੍ਰਹਮੁ ਪਛਾਤਾ ਨਾਨਕ ਗੁਣੀ ਗਹੀਰਾ॥੨॥ (ਸੂਹੀ ਛੰਤ ਮ: ੪)

-o-

ਮੁਸਾਫਰ- ਬਾਬਾ ਜੀ, ਤੁਸਾਂ ਬੜਾ ਉਪਕਾਰ ਕੀਤਾ ਹੈ ਕਿ ਮੈਨੂੰ ਇਸ ਪੋਥੀ ਦੀ ਕਥਾ ਸੁਣਾਈ ਹੈ। ਮੇਰੇ ਕਈ ਸੰਸੇ ਜੋ ਉਪਜਦੇ ਤੇ ਮੈਨੂੰ ਉਦਾਸ ਕਰਦੇ ਸਨ ਨਵਿਰਤ ਹੋਏ ਹਨ। ਮੈਨੂੰ ਸੋਝੀ ਆਈ ਹੈ ਕਿ ਇਖ਼ਲਾਕ ਬਨਾਉਣਾ ਯਾ ਜਿਸਨੂੰ ਪੋਥੀ ਵਾਲੇ ਨੇ ਅਵਗੁਣ ਦੂਰ ਕਰਨੇ ਲਿਖਿਆ ਹੈ, ਇਹ ਪਹਿਲਾ ਕਦਮ ਹੈ ਸਿੱਖੀ ਮੰਡਲ ਵਿਚ ਤਰੱਕੀ ਕਰਨ ਦਾ। ਅਵਗੁਣ ਦੂਰ ਕਰਨ ਲਈ ਸੇਵਾ ਕਰਨੀ ਹੈ ਨਿਸ਼ਕਾਮ ਹੋਕੇ। ਇਸ ਨਾਲ ਸਰੀਰ ਨੇ ਬਦੀ ਵਲ ਰੁਖ਼ ਕਰਨੋਂ ਹਟਣਾ ਹੈ ਤੇ ਮਨ ਨੇ ਸਰੀਰ ਨੂੰ ਬਦੀ ਵਲ ਰੁਖ਼ ਦੇਣੋ ਹਟ ਜਾਣਾ ਹੈ। ਪਰ ਅਜੇ ਮਨ ਵਿਚ ਮੈਲ ਬਾਕੀ ਹੋਣੀ ਹੈ। ਉਹ ਧੁਮਣੀ ਹੈ ਵੀਚਾਰ ਨਾਲ ਤੇ ਏਕਾਗ੍ਰਤਾ ਦੇ ਸਾਧਨ ਨਾਲ। ਗੁਰਬਾਣੀ ਦੇ ਪਾਠ ਨੇ ਵੀਚਾਰ ਦੇਣੀ ਹੈ, ਗੁਰਬਾਣੀ ਦੇ ਪਾਠ ਨੇ ਮਨ ਵਿਚ ਉੱਦਮ ਭਰਨਾ ਹੈ, ਸਮਝੀ ਗਲ ਤੇ ਪਹਿਰਾ ਦੇਣ ਦਾ। ਗੁਰਬਾਣੀ ਨੇ ਭਉ, ਵੈਰਾਗ ਤੇ ਚਾਉ ਦੇਣਾ ਹੈ ਸਾਈਂ ਵਲ ਰੁਚੀ ਦੇ ਵਧਣ ਤੇ ਪ੍ਰਪੱਕ ਹੋਣ ਦਾ। ਮਨ ਦੀ ਇਸ ਤਿਆਰੀ ਹੋ ਗਈ ਵਿਚ ਫਿਰ ਉਸ ਕੀਮਤੀ ਸ਼ੈ ਨੇ ਆਉਣਾ ਹੈ ਜਿਸ ਨੂੰ ਤੁਸਾਂ 'ਨਾਮ' ਆਖਿਆ ਹੈ, ਜਿਸ ਨੇ ਜੀਉਂਦੀ ਏਕਾਗ੍ਰਤਾ ਤੇ ਮਿਲਾਪ ਬਖ਼ਸ਼ਣਾ ਹੈ। ਮੈਂ ਹੁਣ ਅੱਗੇ ਵਾਂਙੂ ਕਾਹਲਾ ਹੋਕੇ ਨਹੀਂ ਪੁੱਛਦਾ ਕਿ ਉਹ ਕੀ ਹੈ, ਕਿਉਂਕਿ ਮੈਨੂੰ ਆਸ ਹੈ ਕਿ ਉਸਦਾ ਪ੍ਰਕਾਰ ਇਸ ਪੋਥੀ ਵਿਚ ਆਪਣੇ ਟਿਕਾਣੇ ਸਿਰ ਆਪੇ ਆਵੇਗਾ। ਮੈਂ ਆਪ ਦੇ ਸਤਿਸੰਗ ਵਿਚ ਕ੍ਰਿਤ ਕ੍ਰਿਤ ਹੋ ਰਿਹਾ ਹਾਂ। ਕੁਛ ਦਿਨ ਹੋਏ ਪਾਠ ਸੁਣਦਿਆਂ ਮੈਂ ਦੋ ਤੁਕਾਂ ਯਾਦ ਕੀਤੀਆਂ ਸਨ। 'ਸਾਧਸੰਗਿ ਮਿਟਿ ਜਾਤ ਬਿਕਾਰ॥ ਸਭ ਤੇ ਊਚ ਏਹੋ ਉਪਕਾਰ॥' ਮੈਂ ਆਪਣੀ ਪਹਿਲੀ ਉਮਰੇ ਜੋ ਜੋ ਉਪਕਾਰ ਕੀਤੇ ਹਨ ਬੇਸੋਝੀ ਵਿਚ ਕੀਤੇ ਹਨ। ਹੁਣ ਮੈਨੂੰ ਸੋਝੀ ਆਈ ਹੈ ਕਿ ਤੁਹਾਡਾ ਤ੍ਰੀਕਾ ਸੋਝੀ ਵਾਲਾ ਹੈ। ਤੁਸਾਂ ਇੱਥੇ ਸਤਿਸੰਗ ਦਾ ਮੰਡਲ ਸਾਜਿਆ ਹੈ। ਤੁਸੀਂ ਸਾਰੇ ਸਾਧਕ ਤੇ ਸਾਧੂ ਹੋ। ਤੁਸਾਡੇ ਸਤਿਸੰਗ ਵਿਚ ਆਕੇ ਮੇਰੇ ਮਨ ਦੇ ਅੰਧੇਰੇ ਤੇ ਮਨ ਵਿਚ ਫੁਰਦੇ ਵਿਕਾਰ ਧੁਪ ਧੁਪ ਕੇ ਨਿਕਲ ਰਹੇ ਹਨ। ਹੁਣ ਮੈਨੂੰ ਮਹਾਰਾਜ ਦੀ ਬਾਣੀ ਨੇ ਦੱਸਿਆ ਹੈ ਕਿ ਇਹ ਉਪਕਾਰ ਹੈ ਤੇ ਸਭ ਤੋਂ ਵੱਡਾ ਉਪਕਾਰ ਹੈ। ਮੈਂ ਹੁਣ ਵਿਕਾਰ ਰਹਤ ਮਨ ਨਾਲ ਸੇਵਾ ਦੇ ਸਾਰੇ ਪ੍ਰਕਾਰਾਂ ਨੂੰ ਸਮਝਕੇ ਸੁਖੀ ਹੋਇਆ ਹਾਂ ਤੇ ਉਸ ਤੋਂ ਅਗੇ ਮੈਂ ਸਮਝਦਾ ਸਾਂ ਕਿ ਹੋਰ ਕੁਛ ਨਹੀਂ ਹੈ। ਪਰ ਅਗਲਾ ਰਸਤਾ ਹੁਣ ਵੇਖ ਸੁਣਕੇ ਮੇਰੇ ਨੈਣ ਖੁੱਲ੍ਹ ਆਏ ਹਨ। ਮੇਰੇ

SIKHBOOKCLUB.COM

ਭਾਣੇ ਸਿੰਧੀ ਭਾਈ ਮੇਰੇ ਹੀ ਮਨ ਨੂੰ ਭਾਈ ਸਾਈਂ ਦਾਸ ਅੱਗੇ ਰੱਖ ਰਿਹਾ ਹੈ। ਵਾਹ ਵਾਹ! ਧੰਨ ਗੁਰੂ ਨਾਨਕ ਦੇਵ, ਧੰਨ!

ਬਾਬਾ- ਬਚੜਾ ਜੀਉ! ਤੁਸੀਂ ਅਜੇ ਕਈ ਸੰਸੇ ਦੇਖੋਗੇ ਕਿ ਪੋਥੀ ਨਵਿਰਤ ਕਰੇਗੀ ਤੇ ਤੁਸੀਂ ਸੁੱਖਲੇ ਹੀ ਸਾਰੇ ਮਾਰਗ ਦੇ ਜਾਣੂ ਹੋ ਜਾਓਗੇ।

ਮੁਸਾਫਰ- ਠੀਕ ਕਿਹਾ ਹੈ ਆਪ ਨੇ। ਧੰਨ!

-o-

ਅਗਲੇ ਦਿਨ ਕਥਾ ਐਉਂ ਛਿੜੀ:-

(ਘ)

(ਸ਼ੁਕਰ)

ਕੁਝ ਦਿਨ ਏਸੇ ਤਰ੍ਹਾਂ ਬੀਤ ਗਏ, ਸਿੰਧੀ ਭਾਈ ਨੂੰ ਬਾਣੀ ਦਾ ਪ੍ਰੇਮ ਬਹੁਤ ਵਧ ਗਿਆ। ਸੇਵਾ ਬੀ ਜਿਸ ਤਰ੍ਹਾਂ ਭਾਈ ਜੀ ਨੇ ਸਮਝਾਈ ਸੀ ਉਸੇ ਸ਼ਕਲ ਵਿਚ ਉਸ ਤੋਂ ਹੋਣ ਲੱਗ ਪਈ। ਕਹਿਣਾ ਤੇ ਸੁਣਨਾ ਦੋ ਅੱਡ ਅੱਡ ਗੱਲਾਂ ਹਨ। ਕਰਨੀ ਵਾਲੇ ਪ੍ਰੇਮੀ ਦੇ ਸੁਆਦ ਨੂੰ ਫੋਕੇ ਕਹਿਣੀ ਵਾਲੇ ਨਹੀਂ ਲਖ ਸਕਦੇ। ਸਿੰਧੀ ਭਾਈ ਜੀ ਜੋ ਕੁਛ ਹੁਣ ਕਰ ਰਹੇ ਹਨ ਤੇ ਉਸ ਦਾ ਜੋ ਸੁਆਦ ਉਨ੍ਹਾਂ ਨੂੰ ਆ ਰਿਹਾ ਹੈ ਉਹ ਸੁਆਦ ਡਿੱਠਾ ਹੀ ਬਣਦਾ ਹੈ। ਡਿੱਠਾ ਉਹ ਕੇਵਲ ਤਦ ਜਾਂਦਾ ਹੈ ਜੇ ਕੋਈ ਹਿੰਮਤ ਦਾ ਲੱਕ ਬੰਨ੍ਹਕੇ ਕਰਨੀ ਦੀ ਸੜਕੇ ਤੁਰ ਪਏ। ਜੋ ਤੁਰਦਾ ਤੇ ਸੁਆਦ ਮਾਣਦਾ ਹੈ ਉਸ ਨੂੰ ਮੁਸ਼ਕਲਾਂ ਤੇ ਔਘਟ ਘਾਟੀਆਂ ਦੀ ਸਮਝ ਭੀ ਪੈਂਦੀ ਹੈ, ਉਹ ਫੇਰ ਉਨ੍ਹਾਂ ਦੇ ਦਾਰੂ ਬੀ ਟੋਲਦਾ ਹੈ ਅਰ ਦਾਰੂ ਲੱਭਕੇ ਹੋਰ ਅੱਗੇ ਬੀ ਵਧਦਾ ਹੈ। ਬਾਣੀ ਦੇ ਅਭਜਾਸ ਵਿਚ ਸਿੰਧੀ ਭਾਈ ਨੂੰ ਦੋ ਮੁਸ਼ਕਲਾਂ ਦਾ ਸਾਹਮਣਾ ਆ ਪਿਆ:- ਇਕ ਤਾਂ ਇਹ ਕਿ ਬਾਣੀ ਪੜ੍ਹਕੇ ਕਦੇ ਕਦੇ ਉਸ ਨੂੰ ਸੁਆਦ ਐਨਾਂ ਆਵੇ ਕਿ ਉਹ ਖੁਸ਼ੀ ਜੇਹੀ ਬਣ ਜਾਵੇ ਅਰ ਉਹ ਖੁਸ਼ੀ ਸਹਿਜੇ ਸਹਿਜੇ ਹੰਕਾਰ ਜਿਹਾ ਬਣ ਜਾਵੇ। ਫੇਰ ਬਾਣੀ ਨੂੰ ਚਿੱਤ ਨਾ ਲੱਗੇ, ਅਰਥਾਤ ਉਹ ਬਾਣੀ ਪੜ੍ਹੇ ਤਾਂ ਜ਼ਰੂਰ ਪਰ ਉਸਦਾ ਦਿਲ ਘੱਟ ਲੱਗੇ। ਯਾ ਐਸਾ ਹੋਵੇ ਕਿ ਬਾਣੀ ਵਿਚ ਮੂਲੋਂ ਹੀ ਦਿਲ ਨਾ ਲੱਗੇ ਤੇ ਨਾ ਹੀ ਸੁਆਦ ਆਵੇ। ਮਾਨੋ ਉਹ ਖੁਸ਼ੀ 'ਹੰਕਾਰ' ਬਣਕੇ ਮਨ ਨੂੰ ਮੋਟਾ ਕਰ ਦੇਵੇ। ਦੂਸਰੀ ਮੁਸ਼ਕਲ ਇਹ ਕਿ ਦੂਏ ਦਿਨ ਬੀ ਬਾਣੀ ਵਿੱਚ ਦਿਲ ਨਾ ਲੱਗੇ ਸਗੋਂ 'ਅਰੁਚੀ ਤੇ ਆਲਸ' ਹੋਵੇ। ਸੋ ਪਿਆਰਾ ਪ੍ਰੇਮੀ ਦੋਵੇਂ ਦੁੱਖ ਲੈਕੇ ਭਾਈ ਸਾਈਂ ਦਾਸ ਜੀ ਪਾਸ ਹਾਜ਼ਰ ਹੋਇਆ। ਭਾਈ ਜੀ ਸਾਰਾ ਹਾਲ ਸੁਣਕੇ ਆਪ ਵੈਰਾਗ ਵਿਚ ਆ ਗਏ ਤੇ ਆਖਣ ਲਗੇ: "ਰਾਹੁ ਬੁਰਾ ਭੀਹਾਵਲਾ ਸਰ ਡੂਗਰ ਅਸਗਾਹ॥" ਪਰ ਧੰਨ ਹਨ ਗੁਰੂ ਜੀ ਜੋ ਇਹ ਆਸਰਾ ਦੇਂਦੇ ਹਨ "ਸਿਰ ਊਪਰਿ ਠਾਢਾ ਗੁਰੁ ਸੂਰਾ॥ ਨਾਨਕ ਤਾ ਕੇ ਕਾਰਜ ਪੂਰਾ॥" ਧੰਨ ਗੁਰੂ ਨਾਨਕ ਦੇਵ ਜੀ ਹਨ!

ਪਿਆਰੇ ਭਰਾਤਾ ਜੀ! ਜਦ ਤੁਸੀਂ ਬਾਣੀ ਦੇ ਫਲ-ਆਨੰਦ-ਵਿਚ ਆਓ, ਉਸ ਵੇਲੇ ਵੇਖਿਆ ਕਰੋ ਕਿ ਕਿਤੇ ਹਉਮੈ ਦਾਉ ਪੇਚ ਤਾਂ ਨਹੀਂ ਲਾਈ ਬੈਠੀ। ਇਹ ਅੰਦਰ ਲੁਕੀ ਹੁੰਦੀ ਹੈ ਤੇ ਕੋਈ ਨਾ ਕੋਈ ਉਖੇੜ ਲਾਕੇ ਡੇਗ ਲੈਂਦੀ ਹੈ, ਪਤਾ ਤਾਂ ਹੀ ਲਗਦਾ ਹੈ ਜਦੋਂ ਦਿਲ ਵਿੱਚ ਪੱਥਰ ਪੈ ਜਾਂਦੇ ਹਨ। ਜਦ ਅਨੰਦ ਦਾ ਭਾਵ ਅੰਦਰੋਂ ਉਛਲਦਾ ਹੈ ਤਦ 'ਮੈਂ' ਦਾ ਸੂਖਮ ਭਾਵ ਇਸ ਵਿੱਚ ਲੁਕ ਲੁਕ ਕੇ ਛਾ ਜਾਂਦਾ ਹੈ ਅਰ ਅੰਦਰ ਇਉਂ ਹੋਣ ਲਗ ਜਾਂਦਾ ਹੈ 'ਮੈਂ ਆਨੰਦ ਹਾਂ'। ਇਹੋ ਭਾਵ ਫੇਰ ਰਤਾ ਮੋਟਾ ਹੋਕੇ ਹੰਕਾਰ ਬਣ ਜਾਂਦਾ ਹੈ ਕਿ ਮੈਂ ਭਜਨ ਕਰਦਾ ਹਾਂ। ਫੇਰ ਕੁਛ ਮਲੀਨਤਾ ਵਧਕੇ ਸੁਰਤ ਉਸੇ ਤਰ੍ਹਾਂ ਉੱਡਣ ਪੁੱਡਣ ਅਰਥਾਤ ਖਿੰਡਣ ਲਗ ਜਾਂਦੀ ਹੈ। ਖਿੰਡੀ ਹੋਈ ਤੇ ਮੈਲੀ ਹੋਈ ਫੇਰ ਆਲਸੀ ਤੇ ਬਾਣੀ ਵਿਚ ਅਚਾਹ ਜੇਹੀ ਹੋ ਜਾਂਦੀ ਹੈ। ਸਿੱਟਾ ਇਹ ਕਿ ਬਾਣੀ ਪੜ੍ਹਨ ਵੇਲੇ ਗੁਰੂ ਜੀ ਦਾ ਖਿਆਲ ਤੇ ਪਿਆਰ ਜੋ ਜੀ ਵਿੱਚ ਹੁੰਦਾ ਹੈ ਉਹ ਅਨੰਦ ਦੇ ਵੇਲੇ ਅਨੰਦ ਦੇ ਭਾਵ ਦੇ ਵਧਣ ਨਾਲ ਲੋਪ ਹੋ ਜਾਂਦਾ ਹੈ। ਉਸੇ ਦਾ ਲੋਪ ਹੋਣਾ ਅਨੰਦ ਨੂੰ ਹਉਂ ਵਿਚ ਪਾ ਦੇਂਦਾ ਹੈ। ਉਸ ਵੇਲੇ ਦਾ ਦਾਰੂ ਇਹ ਹੈ ਕਿ 'ਆਨੰਦ ਦਾ ਭਾਵ' ਸੱਖਣਾ 'ਆਨੰਦ ਦਾ ਭਾਵ' ਨਾ ਰਹੇ ਸਗੋਂ ਉਸ ਵਿੱਚ ਕੁਛ ਹੋਰ ਰਲਾ ਦਿੱਤਾ ਜਾਵੇ ਜੋ "ਹਉਂ" ਨੂੰ ਧੋਖਾ ਦੇਣ ਦਾ ਸਮਾਂ ਨਾ ਲੱਭੇ ਅਰ ਗੁਰੂ ਦਾ ਚੇਤਾ ਤੇ ਪਿਆਰ ਜੀ ਵਿਚੋਂ ਨਿਕਲ ਨਾ ਸਕੇ।

ਸਿੰਧੀ- ਪਿਆਰੇ ਜੀ! ਸਾਰੇ ਸਾਧਨ ਤਾਂ ਅਨੰਦ ਦੀ ਖਾਤਰ ਹਨ ਤੇ ਅਨੰਦ ਹੀ ਗਿਰਾਉ ਦਾ ਕਾਰਣ ਹੁੰਦਾ ਹੈ, ਇਹ ਕੀ ਭੇਤ ਹੈ?

ਭਾਈ ਜੀ- ਅਨੰਦ ਗਿਰਾਉ ਦਾ ਕਾਰਣ ਕਦੀ ਨਹੀਂ ਹੁੰਦਾ। ਸਾਡਾ ਮਨ ਕਮਜ਼ੋਰ ਹੈ। ਸੇਵਾ, ਬਾਣੀ

 www.sikhbookclub.com

ਤੇ ਗੁਰੂ ਦੀ ਕ੍ਰਿਪਾ ਦੇ ਅਸਰ ਨਾਲ ਜੇ ਕਿਸੇ ਵੇਲੇ ਅਨੰਦ ਦਾ ਲਹਿਰਾ ਆਉਂਦਾ ਹੈ ਤਦ ਕਮਜ਼ੋਰ ਮਨ ਝੱਲ ਨਹੀਂ ਸਕਦਾ ਤੇ ਅਨੰਦ ਨੂੰ ਜੀਉਰ ਨਹੀਂ ਸਕਦਾ। ਸਾਡਾ ਹਉਮੈ ਦਾ ਸੁਭਾਵ ਪੱਕਾ ਹੋਣ ਕਰਕੇ ਮਨ ਦਾ ਰੁਖ਼ ਬੇਮਲੂਮੇ ਅਨੰਦ ਵਿਚੋਂ ਹਉਂ ਵਿਚ ਤਿਲਕ ਜਾਂਦਾ ਹੈ ਯਾ ਬਾਹਰ ਦਾ ਕੋਈ ਭੈੜਾ ਜਿੰਨਾਂ ਕੁਸੰਗ ਇਹ ਅਸਰ ਪਾ ਜਾਂਦਾ ਹੈ। ਸੋ ਹਾਨੀ ਦਾ ਕਾਰਣ ਮਨ ਦੀ ਨਿਰਬਲਤਾਈ ਹੈ, ਆਨੰਦ ਨਹੀਂ ਹੈ। ਇਸ ਕਰਕੇ ਸਾਨੂੰ ਏਥੇ ਇੱਕ ਐਸੀ ਸ਼ੈ ਦੀ ਲੋੜ ਹੈ ਕਿ ਜਿਸ ਨਾਲ ਸਾਡਾ ਨਿਰਮਲ ਮਨ ਉਸ ਆਨੰਦ ਨੂੰ ਜੀਉਰ ਸਕੇ। ਉਹ ਲੋੜ ਐਸੀ ਸ਼ੈ ਦੀ ਹੈ ਕਿ ਆਨੰਦ ਦੇ ਭਾਵ ਨੂੰ ਨਾਸ਼ ਬੀ ਨਾ ਹੋਣ ਦੇਵੇ ਪਰ ਮਨ ਨੂੰ ਉਦਾਸੀ ਵੱਲ ਬੀ ਨਾ ਲੈ ਜਾਵੇ ਜਿੱਕੂ ਨਿਰਾ ਘਿਉ ਪੀਤਾ ਹੋਇਆ ਝੱਲਿਆ ਨਹੀਂ ਜਾਂਦਾ ਪਰ ਕਾਲੀ ਮਿਰਚ ਤੇ ਮਿਸਰੀ ਨਾਲ ਖਾਧੇ ਹੋਏ ਘਿਉ ਨੂੰ ਸਾਡਾ ਪੇਟ ਪਚਾ ਲੈਂਦਾ ਹੈ।

ਸਿੰਧੀ- ਸਤਿ ਹੈ, ਕਿਰਪਾ ਕਰਕੇ ਉਹ ਕਾਲੀ ਮਿਰਚ ਤੇ ਮਿਸਰੀ ਬੀ ਦੱਸੋ।

ਭਾਈ ਜੀ- ਉਸ ਨੂੰ "ਧੰਨਜਵਾਦ" ਆਖਦੇ ਹਨ, ਜਾਂ "ਸ਼ੁਕਰ" ਬੀ ਆਖੀਦਾ ਹੈ। ਜਦੋਂ ਤੁਹਾਨੂੰ ਅਨੰਦ ਦਾ ਭਾਵ ਅੰਦਰ ਪ੍ਰਤੀਤ ਦੇਵੇ ਤੁਸੀਂ ਉਸੇ ਵੇਲੇ ਸ਼ੁਕਰ ਵਿਚ ਲੱਗ ਜਾਓ ਤੇ ਆਖੋ "ਹੇ ਅਕਾਲ ਪੁਰਖ! ਸ਼ੁਕਰ ਹੈ, ਮੈਂ ਵਰਗੇ ਨਿਕਾਰੇ ਨੂੰ ਇਹ ਦਾਤ ਆਪ ਨੇ ਬਖਸ਼ੀ ਹੈ; ਧੰਨ ਆਪ ਹੋ, ਆਪ ਸਚ ਮੁਚ ਪਤਿਤ ਪਾਵਨ ਹੋ, ਦੀਨਾ ਬੰਧੂ ਹੋ। ਮੇਰੇ ਕਰਮ ਤਾਂ ਚੰਗੇ ਨਹੀਂ ਸਨ ਤੇ ਇਹ ਆਪ ਦੀ ਨਿਰੀ ਦਿਆਲਤਾ ਹੈ ਕਿ ਮੇਰੇ ਅੰਦਰ ਅਨੰਦ ਆਪ ਨੇ ਭੇਜਿਆ ਹੈ। ਹੇ ਦੀਨਾ ਨਾਥ! ਆਨੰਦ ਤਾਂ ਆਪ ਦਾ ਸਰੂਪ ਹੈ, ਇਹ ਤਾਂ ਆਪ ਮੇਰੇ ਦੀਨ ਦਰਿੱਦ੍ਰੀ ਦੀ ਕੁਟੀਆ ਵਿਚ ਆਏ ਹੋ, ਮੈਂ ਕਿਸ ਮੂੰਹ ਸ਼ੁਕਰ ਕਰਾਂ? ਮੇਰੇ ਸਰੀਰ ਦੇ ਰੋਮ ਜੀਭਾਂ ਬਣਨ ਤੇ ਮੈਂ ਸ਼ੁਕਰ ਕਰਾਂ ਤਦ ਭੀ ਆਪ ਦਾ ਸ਼ੁਕਰ ਅਦਾ ਨਹੀਂ ਹੋ ਸਕਦਾ, ਹੇ ਪ੍ਰਤਿਪਾਲਕ! ਸ਼ੁਕਰ ਹੈ! ਸ਼ੁਕਰ ਹੈ!"

ਇਸ ਤਰ੍ਹਾਂ ਦਾ ਸ਼ੁਕਰ ਦਾ ਭਾਵ ਦਿਲ ਵਿੱਚ ਆਵੇ। ਇਸ ਭਾਵ ਦੇ ਨਾਲ ਉਹ ਅਨੰਦ ਦਾ ਭਾਵ ਰਲਕੇ ਤੁਹਾਨੂੰ ਗਦਗਦ ਕਰ ਦੇਵੇਗਾ, ਨੇਤਰਾਂ ਵਿਚ ਜਲ ਆ ਜਾਵੇਗਾ, ਕਦੇ ਲੂੰ ਕੰਡੇ ਹੋ ਜਾਣਗੇ, ਕਦੇ ਕੰਠ ਰੁਕ ਜਾਏਗਾ ਤੇ ਤੁਹਾਡੇ ਅੰਦਰ ਠੰਢ ਵਰਤੇਗੀ। ਇਉਂ ਅਨੰਦ ਦਾ ਹੁਲਾਰਾ ਮਨ ਵਿਚ ਝੱਲ ਹੋ ਜਾਏਗਾ। ਅਨੰਦ ਦੇ ਤਿੱਖੇ ਵੇਗ ਦੀ ਥਾਂ ਮੱਧਮ ਤੇ ਮਿੱਠਾ ਮਿੱਠਾ ਸੁਖ ਅੰਦਰ ਖਿੜ ਪਵੇਗਾ। ਜਿੱਥੇ ਤਿੱਖੇ ਹੁਲਾਰੇ ਨੇ ਪਲ ਭਰ ਰਹਿਣਾ ਸੀ, ਉਥੇ ਇਸ ਨਰਮ ਤੇ ਸੁਖਾਵੇਂ ਅਨੰਦ ਨੇ ਬਹੁਤ ਚਿਰ ਰਹਿ ਜਾਣਾ ਹੈ। ਜੇ ਸ਼ੁਕਰ ਦਾ ਖਿਆਲ ਉਠਦਾ ਰਹੇਗਾ ਤਾਂ ਇਸ ਸੁਖਾਵੇਂ ਅਨੰਦ ਦੀ ਉਮਰ ਨੂੰ ਵਧਾਉਂਦਾ ਜਾਵੇਗਾ। ਸਮੇਂ ਨਾਲ ਤੁਸੀਂ ਫੇਰ ਅਨੰਦ ਦੇ ਸੁਭਾਵੀ ਹੋ ਜਾਓਗੇ ਤੇ ਇਸਨੂੰ ਜਰ ਜਾਓਗੇ।

ਸਿੰਧੀ- ਪਿਆਰੇ ਉਪਕਾਰੀ ਜੀ!

ਇਹ ਕਹਿੰਦੇ ਹੀ ਸੰਘ ਰੁਕ ਗਿਆ ਕਿਉਂਕਿ ਸ਼ੁਕਰ ਦਾ ਭਾਵ ਛਾ ਰਿਹਾ ਸੀ। ਸਿੰਧੀ ਪਿਆਰੇ ਸੰਥਾ ਨਹੀਂ ਪੜ੍ਹ ਰਹੇ ਸੇ ਪਰ ਜੋ ਕੁਛ ਸੁਣ ਰਹੇ ਸੇ, ਉਹੋ ਕੁਛ ਵਾਪਰ ਰਿਹਾ ਸੀ ਉਨ੍ਹਾਂ ਤੇ। ਸਿਆਣੇ ਉਸਤਾਦ ਨੇ ਆਤਮਾ ਵਿੱਚ ਸ਼ੁਕਰ ਪਾਕੇ ਦੱਸ ਦਿੱਤਾ ਕਿ ਮੇਰਾ ਕੀ ਮਤਲਬ ਸੀ? ਜੋ ਕੁਛ ਆਪ ਕਹਿਣ ਲੱਗੇ ਸੀ ਸ਼ੁਕਰ ਦੇ ਭਾਵ ਹੇਠ ਰਹਿ ਗਿਆ। ਆਪ ਬੋਲ ਨਹੀਂ ਸਕੇ ਪਰ ਬੇਵਸੇ ਚਰਨੀ ਢਹਿ ਪਏ। ਭਾਈ ਜੀ ਨੇ ਸਿਰ ਚੁੱਕ ਕੇ ਗਲ ਨਾਲ ਲਾਇਆ। ਗਲ ਲਗਦਿਆਂ ਸਾਰ ਸ਼ੁਕਰ ਦਾ ਭਾਵ ਹੋਰ ਵਧਿਆ। ਭਾਈ ਜੀ ਨੇ ਬੜੇ ਪਿਆਰ ਨਾਲ ਸਮਝਾਇਆ ਕਿ ਸ਼ੁਕਰ ਦੇ ਭਾਵ ਵਾਪਰਿਆਂ ਪਿਆਰੇ ਗੁਰੂ ਦੀ ਮੂਰਤ ਵਧੀਕ ਪਿਆਰੀ ਲਗਦੀ ਹੈ, ਵਾਹਿਗੁਰੂ ਗੁਰੂ ਦੀ ਯਾਦ ਵਧੀਕ ਪਿਆਰੀ ਲਗਦੀ ਹੈ, ਚੰਦ੍ਰਮਾਂ ਦੀ ਚਾਂਦਨੀ ਵਾਂਙੂ ਇਕ ਤਰ੍ਹਾਂ ਦੀ ਠੰਢਕ ਤੇ ਸੁਹਾਉ ਅੰਦਰ ਛਾ ਜਾਂਦਾ ਹੈ ਅਤੇ ਆਨੰਦ ਦਾ ਇਕ ਪ੍ਰਭਾਉ ਅੰਦਰ ਬਾਹਰ ਛਾ ਜਾਂਦਾ ਹੈ।

ਹੇ ਸੱਜਣ! ਇਹ "ਸ਼ੁਕਰ" ਜੀਵਨ ਬੂਟੀ ਹੈ, ਸ਼ੁਕਰ ਦਾ ਭਾਵ ਗੁਰੂ ਜੀ ਸਾਨੂੰ ਕਦਮ ਕਦਮ ਤੇ ਸਿਖਾਲਦੇ ਹਨ, ਦੇਖੋ ਸਾਡੇ ਮੂਰਖ ਮਨਾਂ ਦੀਆ ਅੱਖਾਂ ਖੋਲ੍ਹਕੇ ਕਿਸ ਤਰ੍ਹਾਂ ਪੈਰ ਪੈਰ ਤੇ ਸ਼ੁਕਰ ਕਰਨ ਦਾ ਮੌਕਾ ਦੱਸਦੇ ਹਨ ਕਿ ਹੇ ਜਗਿਆਸੂਓ! ਸ਼ੁਕਰ ਦੀ ਮਿਸਰੀ ਮਿਰਚ ਪ੍ਰਾਪਤ ਕਰੋ ਜੋ ਤੁਹਾਨੂੰ ਆਨੰਦ ਦਾ ਘਿਉ ਪਚ ਸਕੇ। ਆਓ ਪੜ੍ਹੀਏ:-

ਜਿਹ ਪ੍ਰਸਾਦਿ ਸੁਖਿ ਸੇਜ ਸੋਈਜੈ॥
ਮਨ ਆਠ ਪਹਰ ਤਾ ਕਾ ਜਸੁ ਗਾਵੀਜੈ॥

 www.sikhbookclub.com

ਜਿਹ ਪ੍ਰਸਾਦਿ ਤੁਝੁ ਸਭੁ ਕੋਊ ਮਾਨੈ॥
ਮੁਖਿ ਤਾ ਕੋ ਜਸੁ ਰਸਨ ਬਖਾਨੈ॥
ਜਿਹ ਪ੍ਰਸਾਦਿ ਤੇਰੋ ਰਹਤਾ ਧਰਮੁ॥
ਮਨ ਸਦਾ ਧਿਆਇ ਕੇਵਲ ਪਾਰਬ੍ਰਹਮ॥
... ... .... ... ...
ਜਿਹ ਪ੍ਰਸਾਦਿ ਤੇਰਾ ਓਲਾ ਰਹਤ॥
ਮਨ ਸੁਖੁ ਪਾਵਹਿ ਹਰਿ ਹਰਿ ਜਸੁ ਕਹਤ॥
(ਸੁਖਮਨੀ)

ਇਸ ਪਾਠ ਦੇ ਮਗਰੋਂ ਢੇਰ ਚਿਰ ਦੂਹਾਂ ਦੀ ਆਤਮਾ ਅਡੋਲ ਹੋਕੇ ਸਤਿਗੁਰੂ ਦੇ ਧਿਆਨ ਵਿਚ ਲੀਨ ਰਹੀ। ਜਦ ਨੈਣ ਖੁੱਲ੍ਹੇ ਤਾਂ ਸਿੰਧੀ ਜੀ ਬੋਲੇ:-

(ਬੇਨਤੀ)

ਸਿੰਧੀ- ਬਖਸ਼ ਲਿਆ ਜੇ, ਇਕ ਹੋਰ ਗੱਲ ਰਹਿ ਗਈ ਹੈ ਕਿ ਜਦੋਂ ਮਨ ਵਿੱਚ ਅਰੁਚੀ ਤੇ ਆਲਸ ਹੋਵੇ ਓਦੋਂ ਜਗਜਾਸੂ ਕੀਹ ਕਰੇ?

ਭਾਈ ਜੀ- ਸ਼ੁਕਰ ਦੀ ਤਰ੍ਹਾਂ ਇਕ ਹੋਰ ਸਾਧਨ ਹੈ ਐਸੇ ਵੇਲਿਆਂ ਦਾ, ਉਹ 'ਬੇਨਤੀ' ਹੈ। ਬੇਨਤੀ ਬੀ ਇਕ ਤਾਕਤ ਹੈ ਜੋ ਸਾਨੂੰ ਸਾਡੇ ਸਿਰਜਣਹਾਰ ਨਾਲ ਜੋੜਦੀ ਹੈ।

ਬੇਨਤੀ ਦੀਆਂ ਦੋ ਡੌਲਾਂ ਹਨ। ਇਕ ਨੂੰ ਆਪਣੀ ਸਮਝ ਗੋਚਰਾ ਕਰਨੇ ਲਈ ਅਰਦਾਸ ਕਹਿ ਲਈਏ ਅਰ ਦੂਈ ਨੂੰ ਪ੍ਰਾਰਥਨਾ ਕਹਿ ਲਈਏ।

ਸਿੰਧੀ- ਵਰਤੋਂ ਕਿਵੇਂ ਹੈ?

ਭਾਈ ਜੀ- ਜਦੋਂ ਤੁਸੀਂ ਕੁਛ ਚਾਹੁੰਦੇ ਹੋ ਕਿ ਮਿਲੇ ਯਾ ਦੁਖ ਦੂਰ ਹੋਵੇ ਯਾ ਕਿਸੇ ਅਚਾਹਤ ਵਸਤੂ ਤੋਂ ਰੱਖਿਆ ਹੋਵੇ, ਯਾ ਪ੍ਰਾਪਤ ਵਸਤੂ ਪ੍ਰਾਪਤ ਰਹੇ ਤਦ ਬੇਨਤੀ ਕਰੋ। ਬੇਨਤੀ ਦੀ ਵਰਤੋਂ ਜੇ ਤਾਂ ਜੀਭ ਉਤੇ ਹੈ ਅਰ ਸੰਘ ਤੋਂ ਅੱਗੇ ਕੋਈ ਹਿਲਾਉ ਨਹੀਂ ਤਦ ਇਹ ਹੈ ਤਾਂ ਬੇਨਤੀ ਪਰ ਬਹੁਤ ਬਲਵਾਨ ਨਹੀਂ। ਪਰੰਤੂ ਜੇ ਇਹ ਮਨ ਦੀ ਅਵਾਜ਼ ਹੈ ਤਦ ਇਹ ਬਲਵਾਨ ਹੈ ਤੇ ਅੱਪੜਦੀ ਹੈ ਟਿਕਾਣੇ। ਇਸ ਤੋਂ ਵਧਕੇ ਇਕ ਹੋਰ ਬੇਨਤੀ ਹੈ:-

ਜਦੋਂ ਆਤਮਾ ਵਿੱਚ ਵਾਹਿਗੁਰੂ ਦੇ ਹੋਣ ਦਾ ਵਿਸ਼ਵਾਸ਼ ਹੁੰਦਾ ਹੈ, ਉਸਦਾ ਹੋਣਾ ਆਪਣੇ ਬਹੁਤ ਹੀ ਨੇੜੇ ਪ੍ਰਤੀਤ ਦੇਂਦਾ ਹੈ ਅਤੇ ਉਸਦੀ ਯਾਦ ਪੱਕੀ ਹੁੰਦੀ ਹੈ, ਜਾਂ ਇਉਂ ਕਹੋ ਕਿ ਉਹ ਪਿਆਰਾ ਨਿਹਚੇ ਵ੍ਰਿਚ ਅੰਦਰ ਬਾਹਰ ਵਿਆਪਕ ਭਾਸਦਾ ਹੈ ਤਾਂ ਐਸੇ ਸਮੇਂ ਆਪਣੇ ਆਤਮਾ ਦੀ ਚੁਪ-ਆਵਾਜ਼ ਜੋ ਮੰਗ ਦੇ ਫੁਰਨੇ ਮਾਤ੍ਰ ਵਿਚੋਂ ਬੀ ਲੰਘ ਜਾਵੇ ਤਾਂ ਉਹ ਪਰਵਾਨ ਬੇਨਤੀ ਦਾ ਰੂਪ ਧਾਰਦੀ ਹੈ। ਇਸ ਬੇਨਤੀ ਨੂੰ ਗੁਰਮੁਖ ਲੋਕ ਬਹੁਤ ਬਲਵਾਨ ਬੇਨਤੀ ਸਮਝਦੇ ਹਨ।

ਪਰ ਸੰਸਾਰ ਵਿਚ ਹਰ ਸ਼ੈ ਦੇ ਦਰਜੇ ਹਨ। ਇਸੇ ਤਰ੍ਹਾਂ ਮਨ ਦੀ ਉੱਨਤੀ ਦੀ ਅਵਸਥਾ ਦੇ ਅਨੁਸਾਰ ਬੇਨਤੀ ਦੇ ਦਰਜੇ ਹਨ। ਮਨ ਵਿਚ ਜਿੰਨਾਂ ਵਧੀਕ ਪਰਮੇਸ਼ੁਰ ਦੇ ਹੋਣ ਦਾ ਭਰੋਸਾ ਹੈ, ਉਸਦੇ ਨੇੜੇ ਹੋਣ ਦਾ ਸਿਦਕ ਹੈ ਅਰ ਉਸਦੇ ਪਿਆਰ ਕਰਨ ਦਾ ਨਿਹਚਾ ਹੈ, ਉੱਨਾਂ ਹੀ ਵਧੀਕ ਮਨ ਉੱਨਤ ਹੈ ਤੇ ਇਸੇ ਉੱਨਤੀ ਅਨੁਸਾਰ ਬੇਨਤੀ ਦਾ ਅਸਰ ਹੈ।

ਸਿੰਧੀ- ਇਹ ਤਾਂ ਹੋਈ ਉਹ ਬੇਨਤੀ ਜਿਸ ਨਾਲ ਜੁੜੇ ਮਨਾਂ ਤੇ ਸਾਈਂ ਨਾਮ ਵਿਚ ਰੱਤਿਆਂ ਮਨਾਂ ਦੀ ਚਾਹੀ ਹੋਈ ਗੱਲ ਪੂਰੀ ਹੋ ਜਾਂਦੀ ਹੈ। ਪਰ ਜੀ ਇਹ ਤਾਂ ਪਰਪੱਕਾਂ ਦੀ ਗਲ ਹੋਈ ਨਾ ਤੇ ਮੈਂ ਤਾਂ ਆਪਣੇ ਜਿਹੇ ਨੀਚਾਂ ਲਈ ਪੁੱਛਿਆ ਸੀ ਕਿ ਅਰੁਚੀ ਤੇ ਆਲਸ ਕਿਵੇਂ ਦੂਰ ਹੋਵੇ? ਆਪ ਨੇ ਬੇਨਤੀ ਇਕ ਦਾਰੂ ਦੱਸਿਆ ਸੀ ਇਸ ਗਲ ਦਾ। ਸੋ ਮੇਰੇ ਵਰਗੇ ਜਗਜਾਸੂਆਂ ਦੀ ਜੋ ਬੇਨਤੀ ਹੋਊ ਉਹ ਤਾਂ ਏਕਾਗਰ ਚਿੱਤਾਂ ਦੀ ਬੇਨਤੀ ਵਰਗੀ ਨਹੀਂ ਨਾ ਹੋ ਸਕਦੀ, ਉਹ ਤਾਂ ਮੈਲੇ ਕੁਚੈਲੇ, ਖਿੰਡੇ, ਉੱਡੇ ਖਿਆਲਾਂ ਦੀ ਬੇਨਤੀ ਹੈ, ਉਸਦਾ ਭੀ ਕੁਛ ਲਾਭ ਹੈ?

ਸਾਈਂਦਾਸ- ਅਕਸਰ ਵੇਰ ਕਹਿ ਦੇਈਦਾ ਹੈ ਕਿ ਮੂੰਹ ਨਾਲ ਗੁਣ ਗੁਣ ਕਰਨ ਦਾ ਕੀਹ ਗੁਣ ਹੈ? ਪਰ ਅਸਲ ਵਿੱਚ ਇਹ ਠੀਕ ਨਹੀਂ, ਕਿਉਂਕਿ ਇੱਥੋਂ ਹੀ ਤਾਂ ਬੇਨਤੀ ਦਾ ਮੁੱਢ ਹੁੰਦਾ ਹੈ ਕਿਉਂਕਿ ਪਹਿਲੇ ਦਿਨ ਹੀ ਤਾਂ ਕੋਈ ਪਹਿਲਵਾਨ ਨਹੀਂ ਨਾ ਹੋ ਜਾਂਦਾ। ਸਭ ਤ੍ਰੱਕੀਆਂ ਹੌਲੇ ਹੌਲੇ ਕਰਕੇ ਹੁੰਦੀਆਂ ਹਨ। ਦ੍ਰਿਸ਼ਟਾਂਤ ਲਈ ਦੇਖੋ:- ਜੋ ਆਦਮੀ ਮੈਲੇ ਹਿਰਦੇ ਵਾਲਾ ਤੇ ਵਿਕਾਰੀ ਹੈ ਉਸਨੂੰ ਕਹੀਦਾ ਹੈ ਕਿ ਪਾਪ ਛੱਡ। ਉਹ ਕਹਿੰਦਾ ਹੈ, ਕਿਕੂੰ? ਤਾਂ ਕਹੀਦਾ ਹੈ, ਹਿੰਮਤ ਕਰ। ਉਹ ਕਹਿੰਦਾ ਹੈ, ਮੈਂ ਕਰਦਾ ਹਾਂ ਪਰ ਡਿੱਗਦਾ ਹਾਂ। ਉਸਨੂੰ ਕਹੀਦਾ ਹੈ, ਤੂੰ ਬੇਨਤੀ ਕਰ ਤੈਨੂੰ ਵਾਹਿਗੁਰੂ ਮਦਦ ਦੇਵੇਗਾ ਪਰ ਜਿਥੋਂ ਤਕ ਹੋ ਸਕੇ ਦਿਲ ਲਾਕੇ ਬੇਨਤੀ ਕਰੀਂ। ਹੁਣ ਉਹ ਪੁਰਖ ਉਸੇ ਤਰ੍ਹਾਂ ਕਰਦਾ ਹੈ, ਪਰ ਕੀਹ ਉਸਦੀ ਬੇਨਤੀ ਤੇ ਭਾਈ ਗੁਰਦਾਸ ਦੀ ਬੇਨਤੀ ਵਿੱਚ ਕੁਛ ਫਰਕ ਹੋਵੇਗਾ?

 www.sikhbookclub.com

ਸਿੰਧੀ- ਬੜਾ ਭਾਰੀ।

ਭਾਈ ਜੀ- ਪਰ ਹਨ ਦੋਵੇਂ ਬੇਨਤੀਆਂ, ਦੋਵੇਂ ਲਾਭਦਾਇਕ। ਉਹ ਪੁਰਖ ਨਿਤ ਏਸੇ ਤਰ੍ਹਾਂ ਕਰਦਾ ਕਰਦਾ ਇੱਕ ਦਿਨ ਭਾਈ ਗੁਰਦਾਸ ਜੀ ਦੀ ਬੇਨਤੀ ਤਕ ਅੱਪੜੇਗਾ। ਜਿਉਂ ਜਿਉਂ ਉਹ ਵਧੀਕ ਯਤਨ ਮਨ ਲਾਕੇ ਬੇਨਤੀ ਕਰਨ ਦਾ ਕਰੇਗਾ ਤੇ ਜਿਉਂ ਜਿਉਂ ਉਹ ਸਚਾਈ ਨਾਲ ਹਿੰਮਤ ਕਰੇਗਾ ਤਿਉਂ ਤਿਉਂ ਸਚਾਈ ਵਧਦੀ ਜਾਏਗੀ, ਨਿਰਮਲਤਾਈ ਤ੍ਰੱਕੀ ਕਰਦੀ ਜਾਏਗੀ, ਇਕਾਗ੍ਰਤਾ ਵਧਦੀ ਜਾਏਗੀ ਅਰ ਇਕ ਦਿਨ ਉਹ ਬੇਨਤੀ ਕਰ ਸਕੇਗਾ ਜੋ ਸੱਚੀ ਤੇ ਪਰਵਾਨ ਬੇਨਤੀ ਕਹੀਦੀ ਹੈ। ਮਾੜਾ ਜੁ ਕਹੀਦਾ ਹੈ ਤਾਂ ਉਸਨੂੰ ਜਿਸ ਵਿੱਚ ਮਨ ਦੀ ਨੀਯਤ ਬੇਨਤੀ ਕਰਨ ਦੀ ਨਹੀਂ ਹੈ ਸਗੋਂ ਲੋਕਾਂ ਨੂੰ ਠੱਗਣ ਦੀ, ਧੋਖਾ ਦੇਣ ਦੀ ਯਾ ਇਹ ਅਸਰ ਬਿਠਾਉਣ ਦੀ ਹੈ ਕਿ ਜਗਤ ਕਹੇ 'ਕੈਸਾ ਭਗਤ ਹੈ ਜੋ ਬੇਨਤੀ ਵਿਚ ਲਗਾ ਹੋਇਆ ਹੈ।' ਪਰ ਜੋ ਆਪਣੇ ਸਿਰਜਣਹਾਰ ਅੱਗੇ ਮਨ ਦੀਆਂ ਮੰਗਾਂ ਆਖਦਾ ਹੈ, ਚਾਹੇ ਉਸਦੇ ਹੋਠ ਫੁਰਕਦੇ ਹਨ, ਚਾਹੇ ਜੀਭ ਹਿਲਦੀ ਹੈ, ਚਾਹੇ ਅੱਧੇ ਘੰਟੇ ਦੀ ਪ੍ਰਾਰਥਨਾ ਵਿੱਚੋਂ ਚਾਰ ਪਲਾਂ ਹੀ ਜੁੜ ਕੇ ਉਸਦਾ ਜੀ ਲਗਦਾ ਹੈ, ਉਹ ਬੇਨਤੀ ਹੈ ਅਰ ਉਹ ਆਪਣੇ ਲਾਭ ਤੋਂ ਖਾਲੀ ਨਹੀਂ ਹੈ ਕਿਉਂਕਿ ਉਸਦੀ ਨੀਯਤ ਜੋ ਠੀਕ ਹੈ, ਓਹ ਹੌਲੇ ਹੌਲੇ ਮਨ ਦੀ ਸਰਲਤਾ ਤੇ ਸਚਾਈ ਵਿਚ ਉੱਚਾ ਉਠ ਰਿਹਾ ਹੈ। ਪਰਮੇਸ਼ੁਰ ਐਸਾ ਦਿਆਲੂ ਹੈ ਕਿ ਜੋ ਉਸਦੇ ਪਾਸੇ ਜਤਨ ਕਰਦੇ ਹਨ, ਚਾਹੇ ਕਦਮ ਕਦਮ ਤੋਂ ਠੁਹਕਰ ਖਾਣ, ਉਨ੍ਹਾਂ ਨੂੰ ਸਹਾਇਤਾ ਦੇਂਦਾ ਹੈ। ਨੀਯਤ ਉੱਨਤੀ ਦੀ ਹੋਵੇ, ਉੱਦਮ ਹੋਵੇ, -ਹਾਰੇ ਪਰ ਹਿੰਮਤ ਨਾ ਹਾਰੇ ਭੁੱਲਾਂ ਤੇ ਗਿਰਾਉ ਫੇਰ ਉੱਨਤੀ ਦੀਆਂ ਪੌੜੀਆਂ ਬਣ ਜਾਂਦੇ ਹਨ। ਸੋ ਮੁੱਢਲੀ ਬੇਨਤੀ ਨਾਲ ਸਹਿਜੇ ਸਹਿਜੇ ਮੈਲ ਲਹਿੰਦੀ ਤੇ ਮਨ ਦੀ ਅਵਸਥਾ ਅਸਲ ਦੇ ਨੇੜੇ ਨੇੜੇ ਹੁੰਦੀ ਇੱਕ ਦਿਨ ਅਸਲ ਤੇ ਅੱਪੜ ਪੈਂਦੀ ਹੈ। ਸੱਜਣ ਜੀ! ਜਿੱਥੋਂ ਤਕ ਵਾਹ ਲੱਗੇ, ਜੀ ਜੋੜਕੇ ਬੇਨਤੀ ਕਰੋ। ਜਦੋਂ ਅਰੁਚੀ ਤੇ ਆਲਸ ਵਧੇ ਜੀ ਜੋੜਕੇ ਬੇਨਤੀ ਕਰੋ, ਕਿ ਸਾਂਈਆਂ! ਰੱਖ ਲੈ। ਮਨ ਨੂੰ ਆਪਣੇ ਚਰਨਾਂ ਵਿਚ ਲਾ ਲੈ। ਸੋ ਜਦੋਂ ਆਪਣੇ ਯਤਨ ਕਰਦਿਆਂ ਅਨੰਦ ਦੇ ਹਿਲੋਰੇ ਵਿਚ "ਮੈਂ" ਸਿਰ ਪੁਟਦੀ ਹੈ ਤੇ ਸ਼ੁਕਰ ਦੇ ਭਾਵ ਦੇ ਜ਼ੋਰ ਪਾਇਆਂ ਬੀ ਛਹਿ ਛਹਿਕੇ ਫੇਰ ਫੇਰ ਉਠਕੇ ਅਨੰਦ ਨੂੰ ਹੰਕਾਰ ਵਿਚ ਪਲਟਿਆ ਚਾਹੁੰਦੀ ਹੈ ਤਦੋਂ ਬੇਨਤੀ ਨੂੰ ਹੱਥ ਪਾ ਲਓ, ਦਿਲ ਜੋੜਕੇ ਸਾਈਂ ਨੂੰ ਆਖੋ- ਕਰੁਣਾ ਨਿਧੇ! ਇਸ ਦਾਸ ਨੂੰ ਰੱਖ ਲੈ, ਇਹ ਕੀਟ ਆਪਦੀ ਸ਼ਰਨ ਹੈ।

ਬਿਲਾਵਲੁ ਮਹਲਾ ੫॥

ਰਾਖਹੁ ਅਪਨੀ ਸਰਨਿ ਪ੍ਰਭ ਮੋਹਿ ਕਿਰਪਾ ਧਾਰੇ॥
ਸੇਵਾ ਕਛੂ ਨ ਜਾਨਊ ਨੀਚੁ ਮੂਰਖਾਰੇ॥੧॥
ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ॥
ਹਮ ਅਪਰਾਧੀ ਸਦ ਭੂਲਤੇ ਤੁਮ੍ ਬਖਸਨਹਾਰੇ॥੧॥
ਰਹਾਉ॥
ਹਮ ਅਵਗੁਨ ਕਰਹ ਅਸੰਖ ਨੀਤਿ ਤੁਮ੍ ਨਿਰਗੁਨ ਦਾਤਾਰੇ। ਦਾਸੀ ਸੰਗਤਿ ਪ੍ਰਭੂ ਤਿਆਗਿ ਏ ਕਰਮ ਹਮਾਰੇ॥੨॥ ਤੁਮ੍ ਦੇਵਹ ਸਭੁ ਕਿਛੁ ਦਇਆ ਧਾਰਿ ਹਮ ਅਕਿਰਤਘਨਾਰੇ॥ ਲਾਗਿ ਪਰੇ ਤੇਰੇ ਦਾਨ ਸਿਉ ਨਹ ਚਿਤਿ ਖਸਮਾਰੇ॥੩॥ ਤੁਝ ਤੇ ਬਾਹਰਿ ਕਿਛੁ ਨਹੀ ਭਵ ਕਾਟਨਹਾਰੇ॥ ਕਹੁ ਨਾਨਕ ਸਰਣਿ ਦਇਆਲ ਗੁਰ ਲੇਹੁ ਮੁਗਧ ਉਧਾਰੇ॥੪॥

ਏਸ ਪ੍ਰਕਾਰ ਬੇਨਤੀ ਕਰਦਿਆਂ ਅਰੁਚੀ, ਆਲਸ ਤੇ ਮੈਲ ਪਰੇ ਹਟਣਗੇ ਅਤੇ ਰਸ ਬੱਝਣ ਵੇਲੇ ਅਨੰਦ ਵਿਚ ਵਿਘਨ ਨਹੀਂ ਪਵੇਗਾ। ਮੈਂ ਸਿਆਣੇ ਸਿਆਣੇ ਸਿੱਖ ਵੇਖੇ ਹਨ ਜੋ ਨਾਮ ਰੰਗ ਵਿਚ ਰੱਤੇ ਹੋਏ ਹਨ। ਓਹ ਕਿਸੇ ਵੇਲੇ ਸੁਰਤ ਦੀ ਲੋੜ ਮੂਜਬ ਬਾਣੀ ਨਾਲ ਘੁਲ ਮਿਲਕੇ ਲਹਿਰੇ ਲੈ ਰਹੇ ਹਨ, ਕਦੇ ਸ਼ੁਕਰ ਦੇ ਰੰਗ ਵਿਚ ਝੂਮ ਰਹੇ ਹਨ, ਕਦੇ ਬੇਨਤੀ ਦੇ ਅੰਗ ਵਿਚ ਸਜਲ ਨੇਤਰ ਹੋ ਰਹੇ ਹਨ, ਕਦੇ ਉਨ੍ਹਾਂ ਵਿਚ ਤ੍ਰੈਏ ਰੰਗ ਕੱਠੇ ਹੋ ਵਰਤਦੇ ਹਨ। ਫਿਰ ਸਾਨੂੰ- ਜੋ ਅਸੀਂ ਨਿਰਬਲ ਹਾਂ- ਕਿੰਨੀ ਵਧੀਕ ਲੋੜ ਹੈ ਕਿ ਬੇਨਤੀ ਸਾਡੇ ਸੁਭਾਉ ਵਿਚ ਵਾਸਾ ਪਾਵੇ?

ਸਿੰਧੀ- ਸੱਚ ਹੈ! ਧੰਨ ਗੁਰੂ ਜੀ ਤੇ ਧੰਨ ਗੁਰੂ ਜੀ ਦੇ ਪਿਆਰੇ ਗੁਰਮੁਖ! ਕ੍ਰਿਪਾ ਕਰਕੇ ਆਲਸ ਤੇ ਅਰੁਚੀ ਦੂਰ ਕਰਨ ਦਾ ਕੋਈ ਹੋਰ ਉਪਰਾਲਾ ਭੀ ਦੱਸੋ?

ਭਾਈ ਜੀ- ਅਰੁਚੀ ਤੇ ਆਲਸ ਦੇ ਸ਼ਰੀਰਕ ਦਾਰੂ ਬੀ ਹੈਨ। ਪੰਜ ਇਸ਼ਨਾਨਾ ਤੇ ਇਸ਼ਨਾਨ ਕਰਨ ਨਾਲ ਮਨ ਦੇ ਆਲਸ ਤੇ ਅਰੁਚੀ ਤੇ ਭੀ ਅਸਰ ਪੈਂਦਾ ਹੈ। ਗੁਰਮੁਖ ਦਾ ਸਤਿਸੰਗ ਕਰਨਾ ਇਸੇ ਗਲ

ਦਾ ਭਾਰੀ ਦਾਰੂ ਹੈ। ਗੁਰਮੁਖ ਦੇ ਬਚਨ ਆਲਸ ਤੇ ਅਰੁਚੀ ਦੂਰ ਕਰਦੇ ਤੇ ਚਾਉ ਪੈਦਾ ਕਰਦੇ ਹਨ। 'ਉਪਜੈ ਚਾਉ ਸਾਧ ਕੈ ਸੰਗਿ।' ਫੇਰ ਹੋਰ ਦਾਰੂ ਹੈ ਕੀਰਤਨ ਸੁਣਨਾ, ਜਾ ਬਾਣੀ ਪੜ੍ਹੀ ਜਾਂਦੀ ਸੁਣਨੀ। ਬੇਨਤੀ ਕਰਨੀ ਮੈਂ ਦੱਸ ਹੀ ਚੁਕਾ ਹਾਂ। ਪਰ ਜਿੰਨੀ ਜੀ ਲੱਗੇ ਮਨ ਜੋੜ ਜੋੜਕੇ ਬੇਨਤੀ ਕਰੋ ਤਾਂ ਵਾਹਿਗੁਰੂ ਜੀ ਦੀ ਸਹਾਇਤਾ ਉਤਰੇਗੀ ਅਰ ਜੀ ਲਾ ਦੇਵੇਗੀ। ਇਕ ਹੋਰ ਸਾਧਨ ਹਠ ਹੈ। ਜਿਸ ਨੇਕ ਕੰਮ ਵਲੋਂ ਜੀ ਮੁੜੇ ਉਸਨੂੰ ਹਠ ਨਾਲ ਕਰੋ, ਜਿਸ ਮਾੜੇ ਕੰਮ ਵਲ ਨੂੰ ਜੀ ਜਾਵੇ ਉਸ ਵਲੋਂ ਮਨ ਨੂੰ ਹਠ ਨਾਲ ਰੋਕੋ ਤੇ ਸਰੀਰ ਨੂੰ ਇਸ ਪਾਸੇ ਤੋਂ ਬੰਨ੍ਹਕੇ ਰੱਖੋ। ਸਮਾਂ ਪਾਕੇ ਨੇਕੀ ਦਾ ਸੁਭਾਉ ਇਸ ਹਠ ਨਾਲ ਬੀ ਪੱਕਾ ਹੋ ਜਾਂਦਾ ਹੈ।

ਸਿੰਧੀ- ਆਪ ਨੇ ਆਗਜਾ ਕੀਤੀ ਸੀ ਕਿ ਬੇਨਤੀ ਦੋ ਪ੍ਰਕਾਰ ਦੀ ਹੁੰਦੀ ਹੈ। ਇਕ ਨੂੰ ਪ੍ਰਾਰਥਨਾ ਆਖੀਏ ਤੇ ਇਕ ਨੂੰ ਅਰਦਾਸ! ਇਹਨਾਂ ਦਾ ਫਰਕ ਦੱਸੋ।

ਭਾਈ ਜੀ- ਜਦੋਂ ਮਨ ਆਤਮਕ ਲੋੜਾਂ ਲਈ ਆਤਮਾ ਦੀ ਚੁੱਪ-ਅਵਾਜ਼ ਨਾਲ ਪਰਮਾਤਮਾ ਤੇ ਗੁਰੂ ਪਾਸੋਂ, ਭਾਵ ਮਾਤ੍ਰ ਵਿੱਚ, ਸੰਸੇ ਤੋਂ ਰਹਿਤ ਤੇ ਦ੍ਰਿੜ੍ਹ ਵਿਸ਼ਵਾਸ਼ ਨਾਲ, ਕੁਛ ਮੰਗਦਾ ਹੈ ਉਸਨੂੰ ਪ੍ਰਾਰਥਨਾ ਕਹਿ ਲਓ। ਇਸ ਵਿਚ ਵਾਹਿਗੁਰੂ ਦੀ 'ਹੋਂਦ ਤੇ ਉਸਦੀ ਯਾਦ' ਉਸਦੇ 'ਵਿਆਪਕ ਹੋਣ ਦੀ ਸਿਮ੍ਰਤੀ' ਤੇ ਮਨ ਨੂੰ 'ਪਿਆਰ ਕਰਨ ਵਾਲਾ ਹੋਣ ਦਾ ਸਿਦਕ' ਜੀ ਵਿੱਚ ਹੁੰਦਾ ਹੈ। ਇਸਤੋਂ ਉੱਚੀ ਹੋਰ ਅਵਸਥਾ ਹੈ। ਓਦੋਂ ਮੰਗੀਦਾ ਕੁਛ ਨਹੀਂ। ਸੰਕਲਪ ਵਿਚ ਨਹੀਂ ਮੰਗੀਦਾ। ਪ੍ਰੇਮੀ ਦੀ ਲੋੜ ਸਾਈਂ ਆਪੇ ਪੂਰੀ ਕਰ ਦੇਂਦਾ ਹੈ[੧] ਯਾ ਜਿਵੇਂ ਮੈਂ ਦਸਿਆ ਸੀ ਕਿ ਸਾਧਕ ਦਾ 'ਅੰਦਰਲੇ ਦੀ ਸਾਈਂ ਨਾਲ ਜੁੜੀ ਅਵਸਥਾ ਵਿਚ' ਕਿਸੇ ਲੋੜ ਲਈ ਅਤਿ ਸੂਖਮ ਸੰਕਲਪ ਬੇਖਯਾਲੇ ਜਿਹੇ ਲੰਘ ਜਾਂਦਾ ਹੈ, ਉਹ ਸਾਈਂ ਪੂਰਨ ਕਰ ਦੇਂਦਾ ਹੈ[੨]। ਇਹ ਅਵਸਥਾ ਮਾਨੋ ਸੁਰ ਹੋਈ ਤਰਬ ਦੀ ਥ੍ਰਾਟ, ਬਾਜ਼ ਦੀ ਸੁਰ ਨੂੰ ਛੁਹ ਜਾਂਦੀ ਹੈ ਤੇ ਬਾਜ਼ ਸੁਰ ਤੋਂ ਉਸੇ ਦੀ ਪੂਰਨਤਾ ਦੀ ਸੁਰ ਛਿੜ ਜਾਂਦੀ ਹੈ।

੧. ਅਚਿੰਤ ਕੰਮ ਕਰਹਿ ਪ੍ਰਭ ਤਿਨਕੇ ਜਿਨ ਹਰਿ ਕਾ ਨਾਮੁ ਪਿਆਰਾ॥ (ਸੋਰਠ ਮ: ੩)

੨. ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ॥ (ਬਿਲਾ: ਮ: ੫)

ਜਦੋਂ ਬੇਨਤੀ ਵਿਚ ਛੀਆਂ[੧] ਗੁਰੂ ਸਾਹਿਬਾਂ ਦਾ ਨਾਉਂ ਲਈਦਾ ਹੈ ਤੇ ਧਿਆਨ ਉਧਰ ਧਰੀਦਾ ਹੈ ਫੇਰ ਨਾਮ ਰੰਗ ਰੰਗੇ ਬੀਤ ਚੁਕ ਸਿੱਖਾਂ ਦੀ ਕਮਾਈ ਦਾ ਧਿਆਨ ਧਰੀਦਾ ਹੈ[੨] ਤੇ ਵਾਹਿਗੁਰੂ ਦੇ ਪਾਸੇ ਐਉਂ ਚਿਤ ਲਿਆਕੇ ਯਾਚਨਾ ਕਰੀਦੀ ਹੈ, ਉਹ ਅਰਦਾਸ ਕਹੀਦੀ ਹੈ। ਇਹ ਅਰਦਾਸ ਕੇਵਲ ਆਤਮ ਲਾਭ ਵਾਸਤੇ ਹੀ ਨਹੀਂ ਕਰੀਦੀ, ਪਰ ਸਗੋਂ ਮਿਰਯਾਦਾ ਤੇ ਸੰਸਕਾਰਾਂ ਵਿਚ ਬੀ ਕਰੀਦੀ ਹੈ[੩]। ਸਨਮੁਖ ਜਾਕੇ ਆਪ ਯਾ ਮੇਵੜੇ ਰਾਹੀਂ ਬੀ ਸਤਿਗੁਰੂ ਅਗੇ ਬੇਨਤੀ ਕਰੀਦੀ ਹੈ, ਉਹ ਬੀ ਅਰਦਾਸ ਹੀ ਹੈ।

ਸਿੰਧੀ- ਆਤਮਾਂ ਦੇ ਲਾਭ ਵਾਸਤੇ ਬੀ ਅਰਦਾਸ ਕਰੀਦੀ ਹੈ?

ਭਾਈ- ਇਕ ਕੇਵਲ ਆਤਮ ਲਾਭ ਲਈ ਵੀ ਅਰਦਾਸ ਹੁੰਦੀ ਹੈ ਜਿਸਦੀ ਜਾਚ ਸਤਿਗੁਰ ਨੇ ਆਪ ਦੱਸੀ ਹੈ:-

(ਸੁਖਮਨੀ ਸਾਹਿਬ ਵਿਚੋਂ)

ਤੂ ਠਾਕੁਰੁ ਤੁਮ ਪਹਿ ਅਰਦਾਸਿ॥
ਜੀਉ ਪਿੰਡੁ ਸਭੁ ਤੇਰੀ ਰਾਸਿ॥
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥
ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ॥

੧. ਭਾਈ ਸਾਈਦਾਸ ਵੇਲੇ ਛੇਵੇਂ ਗੁਰੂ ਜੀ ਗੱਦੀ ਤੇ ਸਨ।

੨. ਅਰਦਾਸੇ ਵਿੱਚ ਨਾਮ ਰੰਗ ਰਤੇ ਸੱਚੀ ਕਮਾਈ ਵਾਲੇ ਪੂਰਨ ਨਾਮ ਰਸੀਏ ਸਿੱਖਾਂ ਦੀ ਯਾਦ ਬੀ ਕਰੀਦੀ ਹੈ ਜੋ ਉਨ੍ਹਾਂ ਦਾ ਨਿਰਮਲ ਅਕਸ ਸਾਡੇ ਤੇ ਪਵੇ। ਨਾਮ ਰਸ ਵਿੱਚ ਅਰੂੜ ਹੋਣ ਤੋਂ ਉਰੇ ਰਹਿ ਗਏ ਹੰਕਾਰ ਆਸ਼੍ਰਿਤ ਰਹੇ ਲੋਕਾਂ ਵਲ ਅਰਦਾਸੇ ਵਿਚ ਧਿਆਨ ਨਹੀਂ ਦੁਆਈਦਾ ਚਾਹੇ ਉਹ ਕੇਡੇ ਹੋਏ ਹੋਣ।

੩. ਜਨਮ ਤੋਂ ਅੰਤ ਤਕ ਦੇ ਸੰਸਕਾਰ ਬੀ ਅਰਦਾਸਾ ਸੋਧਕੇ ਹੀ ਕਰੀਦੇ ਹਨ, ਗੁਰੂ ਰਹਿਤਾਂ ਦੇ ਧਾਰਨ ਸਮੇਂ ਬੀ ਅਰਦਾਸਾਂ ਸੋਧੀ ਦੀਆਂ ਹਨ ਤੇ ਹਰ ਇਕ ਯੋਗ ਲੋੜ ਤੇ ਸਹਾਇਤਾ ਲਈ ਵੀ ਅਰਦਾਸ ਕਰੀਦੀ ਹੈ। ਸਿਖ ਦੀਵਾਨਾਂ ਵਿੱਚ ਸਨਮੁਖ ਸ੍ਰੀ ਗੁਰੂ ਅੱਗੇ ਬੀ ਅਰਦਾਸਾਂ ਕਰਦੇ ਹਨ। ਮਤਲਬ ਉਹੋ ਬੇਨਤੀ ਤੋਂ ਹੈ। ਚਿਤ ਨੂੰ ਏਕਾਗ੍ਰ ਕਰਨ ਵਾਸਤੇ ਧਿਆਨ ਨੂੰ ਆਪਣੇ ਸਤਿਗੁਰਾਂ ਵਲ ਲਾਕੇ ਗੁਰੂ ਪਰਮੇਸ਼ੁਰ ਤੋਂ ਜੋ ਮੰਗ ਮੰਗੀਦੀ ਹੈ ਉਹ ਬੀ ਅਰਦਾਸ ਹੀ ਕਹੀਦੀ ਹੈ। ਅਰਦਾਸ ਆਤਮਾ ਦੇ ਭਲੇ ਲਈ ਬੀ ਤੇ ਹੋਰ ਲੋੜਾਂ ਲਈ ਬੀ ਹੁੰਦੀ ਹੈ।

 www.sikhbookclub.com

ਕੋਇ ਨ ਜਾਨੈ ਤੁਮਰਾ ਅੰਤੁ॥ ਊਚੇ ਤੇ ਊਚਾ ਭਗਵੰਤ॥ ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ॥ ਤੁਮ ਤੇ ਹੋਇ ਸੁ ਆਗਿਆਕਾਰੀ॥ ਤੁਮਰੀ ਗਤਿ ਮਿਤਿ ਤੁਮ ਹੀ ਜਾਨੀ॥ ਨਾਨਕ ਦਾਸ ਸਦਾ ਕੁਰਬਾਨੀ॥੮॥੪॥

ਪੁਨ:- ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ॥੧॥ਰਹਾਉ॥ ਪ੍ਰਾਨ ਨਾਥ ਅਨਾਥ ਸਖੇ ਦੀਨ ਦਰਦ ਨਿਵਾਰ॥੧॥ ਹੇ ਸਮ੍ਰਥ ਅਗਮ ਪੂਰਨ ਮੋਹਿ ਮਾਇਆ ਧਾਰਿ॥੨॥ ਅੰਧ ਕੂਪ ਮਹਾ ਭਇਆਨ ਨਾਨਕ ਪਾਰਿ ਉਤਾਰਿ॥੩॥੮॥

(ਮਲਾਰ ਮਹਲਾ ੫॥)

ਕਦੇ ਸਿਆਣੇ ਨਾਮ ਅਭਜਾਸੀ ਬੀ ਇਕ ਉਕਾਈ ਕਰ ਜਾਂਦੇ ਹਨ। ਉਹ ਏਸ ਹੁਕਮ ਨੂੰ ਉਦੱਲਣ ਵਿਚ ਹੁੰਦੀ ਹੈ:-

ਜੇ ਕੋਊ ਅਪੁਨੀ ਓਟ ਸਮਾਰੈ॥ ਜੈਸਾ ਬਿਤੁ ਤੈਸਾ ਹੋਇ ਵਰਤੈ ਅਪੁਨਾ ਬਲੁ ਨਹੀ ਹਾਰੈ॥

(ਧਨਾਸਰੀ ਮ: ੫)

ਅਰਥਾਤ ਦਇਆ ਯਾ ਮੋਹ ਵਿਚ ਆਕੇ ਸਾਧਕ ਆਪਨੀ ਪੈਦਾ ਹੋਈ ਆਤਮ ਸੱਤਿਆ ਤੋਂ ਵਧੇਰੇ ਜ਼ੋਰ ਲਾ ਬਹਿੰਦਾ ਹੈ ਤਦ ਆਪਣਾ ਕਠਾ ਕੀਤਾ ਬਲ ਘਟ ਜਾਂਦਾ ਹੈ। ਅਰਥਾਤ ਜੋ ਪੁਰਖ ਆਪਣੀ ਅੰਦਰਲੀ ਓਟ ਨੂੰ ਸੰਭਾਲਣ ਵਾਲਾ ਹੈ, ਭਾਵ ਆਤਮ ਸਾਧਨ ਕਰਕੇ ਆਪਣੇ ਅੰਦਰਲੇ ਤੇ ਟਿਕਦਾ ਹੈ ਉਸਨੂੰ ਆਪਣੀ ਸੱਤਿਆ ਤੇ ਵਿਤ ਮੂਜਬ ਕੰਮ ਕਰਨਾ ਚਾਹੀਏ। ਜੇ ਕਦੇ ਵਿਤੋਂ ਵਧੀਕ ਜ਼ੋਰ ਲਾਕੇ ਬਲ ਹਾਰ ਬੈਠੇਗਾ ਤਦ ਨਾ ਨਾਮ ਨੂੰ, ਨਾ ਬਾਣੀ ਨੂੰ, ਨਾ ਸੇਵਾ ਨੂੰ, ਨਾ ਸਤਿਸੰਗਿ ਨੂੰ ਜੀ ਲੱਗੇਗਾ, ਮਨ ਡੌਰ ਭੌਰ ਉਟਾਟਰਾ ਤੇ ਸੱਖਣਾ ਜਿਹਾ ਹੋ ਜਾਏਗਾ। ਐਸੇ ਵੇਲੇ ਕੇਵਲ ਸਾਰੇ ਗੁਰਾਂ ਦੇ ਨਾਮ ਦਾ ਅਰਦਾਸਾ ਕਰੀ ਜਾਓ ਤਾਂ ਮਨ ਛੇਤੀ ਸਫਾ ਹੋ ਜਾਂਦਾ ਹੈ।

ਯਥਾ:- 'ਸਤਿਗੁਰ ਨਾਨਕ ਧਜਾਈਐ ਕਾਰਜ ਹੋਵੈ ਰਾਸ॥ ਦੋਹੀ ਅੰਗਦ ਦੀ ਦਈ ਪੂਰੇ ਗੁਰ ਸਾਬਾਸ॥ ਅਮਰ ਦਾਸ ਗੁਰ ਸੇਵੀਐ ਜਮ ਦੀ ਕੱਟੇ ਫਾਸ॥ ਰਾਮ ਦਾਸ ਗੁਰ ਸਿਮਰੀਏ ਵਿਸਰ ਨ ਸਾਸ ਗਿਰਾਸ॥ ਚੇਤੋ ਅਰਜਨ ਸਤਿਗੁਰੂ ਕੂੜੇ ਘਟੇ ਰਾਸ॥ ਹਰਿ ਗੋਬਿੰਦ ਹਰਿ ਧਜਾਈਏ ਵਿਘਨ ਉਪੱਦਰ ਨਾਸ[1]॥

ਸਿੰਧੀ- ਇਹ ਤਾਂ ਕੁਛ ਉੱਨਤ ਹੋਏ ਲੋਕਾਂ ਦੀ ਗਲ ਹੈ, ਮੇਰੇ ਵਰਗੇ ਬੀ ਸਤਿਗੁਰਾਂ ਦੇ ਨਾਮ-ਅਰਦਾਸੇ ਤੋਂ ਲਾਭ ਲੈ ਸਕਦੇ ਹਨ?

ਸਾਈਂਦਾਸ ਜੀ- ਅਸੀਂ ਸਾਰੇ ਭੁੱਲਣਹਾਰ ਹਾਂ। ਭੁੱਲ ਵਿਚ ਪੈਕੇ, ਦੋਸ਼ ਕਰਕੇ ਜਾਂ ਕਿਸੇ ਮਾੜੇ ਕਰਮ ਮਗਰੋਂ ਜੋ ਮਨ ਮੈਲਾ ਤੇ ਉਟਾਟਰਾ ਜੇਹਾ ਹੋ ਜਾਂਦਾ ਹੈ ਇਸ ਸਤਿਗੁਰਾਂ ਦੀ ਨਾਮ-ਅਰਦਾਸ ਨੂੰ ਜਪ ਕੇ ਛੇਤੀ ਅਰੁਚੀ ਤੇ ਆਲਸ ਦੀ ਮੈਲ ਤੋਂ ਸਫਾ ਹੋ ਜਾਂਦਾ ਹੈ।

ਸਾਡੇ ਗੁਰਾਂ ਨੇ ਸੰਸਾਰ ਵਿਚ ਅਸਥੂਲ ਸਰੀਰ ਧਾਰੇ ਤੇ ਪਰਤੱਖ ਫਿਰਕੇ ਪਾਰ ਉਤਾਰੇ ਕੀਤੇ ਹਨ। ਇਸ ਵੇਲੇ ਆਪ ਪਰਤੱਖ ਛੇਵੇਂ ਜਾਮੇ ਵਿਚ ਵਿਚਰ ਰਹੇ ਹਨ। ਉਨ੍ਹਾਂ ਦਾ ਦਰਸ਼ਨ ਦਾਰੂ ਹੈ। ਜੇ ਸਿੱਖ ਹੈ ਦੂਰ ਤੇ ਉਨ੍ਹਾਂ ਦੇ ਦਰਸ਼ਨ ਨਹੀਂ ਕਰ ਸੱਕਦਾ ਤਾਂ ਬੀ ਇਹ ਅਰਦਾਸ ਹੀ ਪੜ੍ਹੇ। ਜਦੋਂ ਬਹੁਤ ਮਨ ਅਸਥੂਲ ਹੋ ਜਾਂਦਾ ਹੈ ਤਦ ਨਾਮ ਦੇ ਆਸਰੇ ਨੂੰ ਛੇਤੀ ਨਹੀਂ ਫੜ ਸਕਦਾ ਤੇ ਕਈ ਵੇਰੀ ਬਾਣੀ ਵਿਚ ਬੀ ਢਿੱਲ ਕਰਦਾ ਹੈ, ਉਸ ਵੇਲੇ ਸਤਿਗੁਰਾਂ ਦੀ ਯਾਦ, ਉਨ੍ਹਾਂ ਦੇ ਨਾਮ ਲੈ ਲੈ ਕੇ ਅਰਦਾਸ ਸੋਧੀ ਜਾਣਾ, ਐਸੀ ਮੈਲ ਕਟਦਾ ਹੈ ਕਿ ਕੋਈ ਹੋਰ ਸਾਧਨ ਨਹੀਂ ਕੱਟ ਸਕਦਾ। ਇਹ ਅੱਡ ਅੱਡ ਹਾਲਤਾਂ ਤੇ ਅੱਡ ਅੱਡ ਮੌਕਿਆਂ ਦੇ ਮਨ ਤੇ ਆ ਪਈ 'ਮੈਲ' ਯਾ 'ਟੋਟ' ਦੇ ਦਾਰੂ ਹਨ।

ਸਿੰਧੀ- ਹੱਛਾ ਜੀ, ਹੁਣ ਮੇਰੀ ਪੜ੍ਹੀ ਸੰਥਜਾ ਸੁਣ ਲਵੋ। ਜੋ ਮੈਂ ਸਮਝਿਆ ਹੈ ਦੁਹਰਾ ਲਵਾਂ, ਜੋ ਸਮਝ ਸਾਫ ਹੋ ਜਾਵੇ। ਭਈ, ਜਦੋਂ ਮਨ ਸੰਸਾਰ ਵਲੋਂ ਮੁੜ ਗਿਆ ਹੈ ਤੇ ਸਾਈਂ ਦੇ ਚਰਨੀਂ ਇਸ ਦਾ ਨਿਵਾਸ ਹੋ ਗਿਆ ਹੈ, ਉਹ ਕੋਈ ਉੱਚੀ ਹਾਲਤ ਹੈ (ਜਿਸਦਾ ਕਿ ਮੈਨੂੰ ਅਜੇ ਵਪਰੇਵਾਂ ਪਤਾ[2] ਨਹੀਂ), ਓਦੋਂ ਰੰਗ ਰੱਤੇ ਮਨ ਵਿਚੋਂ ਕਿਸੇ ਆਤਮ ਲਾਭ ਦਾ ਯਾ ਹੋਰ

੧. ਹੁਣ ਇਸਦੀ ਜਗਾ ਦਸਾਂ ਸਤਿਗੁਰਾਂ ਦੀ ਅਰਦਾਸ ਸ੍ਰੀ ਮੁਖਵਾਕ ਪਾਤਸ਼ਾਹੀ ਦਸਵੀਂ ਪੜ੍ਹੀਦੀ ਹੈ। ਇਸਦਾ ਪਾਠ ਕਰਨਾ ਮਨ ਦੀ ਮੈਲ, ਟੋਟ, ਉਟਾਟਰਾਪਨ ਤੇ ਨਿਰਬਲਤਾ ਨੂੰ ਹਰਦਾ ਹੈ।

੨. ਉਹ ਪਤਾ ਜੋ ਹੱਡੀਂ ਵਾਪਰਿਆਂ ਜਾਂ ਤਜਰਬੇ ਨਾਲ ਲਗਦਾ ਹੈ।

SIKHBOOKCLUB.COM

ਉਪਕਾਰ ਦਾ ਯਾ ਕਿਸੇ ਲੋੜ ਦੇ ਫੁਰਨਾ ਮਾਤ੍ਰ ਦਾ ਯਾ ਕਿਸੇ ਸੂਖਮ ਭਾਵ ਮਾਤ੍ਰ ਦਾ ਲੰਘ ਜਾਣਾ ਸਭ ਤੋਂ ਉੱਚੀ ਬੇਨਤੀ ਹੈ। ਅਕਸਰ ਤਾਂ ਸੁਤੇ ਹੀ ਕਰਤਾਰ ਲੋੜ ਨੂੰ ਪੂਰ ਦੇਂਦਾ ਹੈ; ਪਰ ਮੇਰੀ ਜਾਚੇ ਇਹ ਉੱਚੇ ਗੁਰਮੁਖਾਂ ਦੀ ਗੱਲ ਹੈ। ਇਹ ਬੇਨਤੀ ਹੈ ਕਿ ਸੱਤਜਾ ਹੈ ਕਿ ਮਿਹਰ ਹੈ ਤੁਸੀਂ ਜਾਣੋ ਪਰ ਇਹ ਇਕ ਰੰਗ ਹੈ ਜਿਸਨੂੰ ਸਮਝਣੇ ਲਈ ਤੁਸਾਂ ਨੇ 'ਪ੍ਰਾਰਥਨਾ' ਕਿਹਾ ਹੈ।

ਸਾਈਂਦਾਸ- ਪ੍ਰਾਰਥਨਾ ਲੋਕੀ ਆਮ ਬੇਨਤੀ ਨੂੰ ਕਹਿ ਦੇਂਦੇ ਹਨ। ਮੈਂ ਐਵੇਂ ਫਰਕ ਸਫੁਟ ਕਰਨ ਲਈ ਇਕ ਨਾਉਂ ਧਰ ਦਿੱਤਾ ਸੀ ਜੋ ਤੁਸਾਂ ਜੀ ਦੀ ਸਮਝ ਆ ਜਾਵੇ, ਇਸਦਾ ਨਾਂ ਤਾਂ 'ਆਤਮ-ਪ੍ਰਾਰਥਨਾ' ਹੋਵੇ ਤਾਂ ਢੁੱਕੇ।

ਸਿੰਧੀ- ਸਤਿ ਹੈ, ਜੀ! ਦੂਸਰੀ ਤਰ੍ਹਾਂ ਦੀਆਂ ਬੇਨਤੀਆਂ ਨੂੰ ਤੁਸਾਂ ਨੇ ਅਰਦਾਸਾ ਕਿਹਾ ਸੀ ਜੋ ਉਹ ਮੋਟੀਆਂ ਮੋਟੀਆਂ ਹਨ :-

੧. ਸਿਖਾਂ ਸੰਗਤਾਂ ਵਿਚ ਸੰਗਤ ਦੀਆਂ ਲੋੜਾਂ ਯਾ ਕਿਸੇ ਆਏ ਸਿੱਖ ਯਾ ਸੰਗਤ ਲਈ ਲੋੜਾਂ ਦੀ ਪੂਰਨਤਾ ਵਾਸਤੇ ਗੁਰੂ ਪਰਮੇਸ਼ੁਰ ਅਗੇ ਅਰਜ਼ ਕਰਨੀ ਅਰਦਾਸ ਹੈ। ਯਾ ਗੁਰੂ ਹਜ਼ੂਰ ਹਾਜ਼ਰ ਹੋਕੇ ਸਨਮੁਖ ਬਿਨੈ ਕਰਨੀ ਅਰਦਾਸ ਹੈ।

੨. ਸ਼ਬਦ ਕੀਰਤਨ ਬਾਣੀ ਦੇ ਉਚਾਰ, ਦੀਆਂ ਅਰਜ਼ਾਂ ਨੂੰ ਬੀ ਅਰਦਾਸਾ ਕਹੀਦਾ ਹੈ।

੩. ਆਪਣੀਆਂ ਆਤਮ ਲੋੜਾਂ ਵਾਸਤੇ, ਮਨ ਦੀਆਂ ਕੁਟਲਤਾਈਆਂ ਦੂਰ ਕਰਨ ਵਾਸਤੇ, ਸਾਈਂ ਦੇ ਪਿਆਰ ਵਾਸਤੇ, ਮਿਹਰ ਮੰਗਣ ਲਈ ਬੀ ਅਰਦਾਸ ਕਰੀਦੀ ਹੈ।

੪. ਮਨ ਮੈਲੇ ਹੋ ਗਿਆਂ, ਕਦੇ ਵਧੇਰੇ ਬਲਹਾਰ ਗਿਆਂ, ਕਦੇ ਮਨ ਦੀਆਂ ਭੁੱਲਾਂ ਨਾਲ ਪਾਪਾਂ ਦੀ ਮੈਲ ਦੇ ਪਿਆਂ ਕੇਵਲ ਛਿਆਂ* ਸਤਿਗੁਰਾਂ ਦੇ ਨਾਮ ਦੇ ਅਰਦਾਸੇ ਦੀਆਂ ਤੁਕਾਂ ਦਾ ਪਾਠ ਮਾਤ੍ਰ ਭੀ ਅਰਦਾਸ ਹੈ ਤੇ ਮੈਲ ਕੱਟਦਾ ਹੈ।

੫. ਮੈਨੂੰ ਜਾਪਦਾ ਹੈ ਕਿ ਦੁਖ ਸੁਖ ਸੰਸਾਰਕ ਮੁਸ਼ਕਲਾਂ ਵੇਲੇ ਆਪਣੇ ਭਲੇ ਲਈ ਭੀ ਅਰਦਾਸ ਕਰਨੀ ਵਿਹਤ ਹੋਊ?

ਸਾਈਂਦਾਸ- ਹਾਂ ਜੀ, ਵਿਹਤ ਹੈ। ਪਹਿਲੇ ਜਦੋਂ ਮਨ ਨਿਤਾਣਾ ਹੈ ਤਾਂ ਹੁਕਮ ਹੈ:-

"ਮਾਂਗਉ ਰਾਮ ਤੇ ਸਭਿ ਥੋਕ॥
ਮਾਨੁਖ ਕਉ ਜਾਚਤ ਸ੍ਰਮੁ ਪਾਈਐ
ਪ੍ਰਭ ਕੈ ਸਿਮਰਨਿ ਮੋਖ॥"

ਅਰਥਾਤ ਹੋਰਨਾਂ ਅੱਗੇ ਤਰਲੇ ਕੱਢਣੋਂ ਰੁਕ ਕੇ ਸਾਈਂ ਅੱਗੇ ਪੀੜਾ ਕਹਿਣ ਦੀ ਜਾਚ ਸਿੱਖਣੀ ਚਾਹੀਏ। ਮੰਗੋ ਪਰ ਵਾਹਿਗੁਰੂ ਤੋਂ। ਵਾਹਿਗੁਰੂ ਵਿਚ ਪਿਤਾ ਭਾਵ ਧਾਰਨਾ ਤੇ ਆਪਣੇ ਵਿਚ ਪੁੱਤ੍ਰ ਭਾਵ ਧਾਰਕੇ ਮੰਗ ਮੰਗਣੀ। ਇਸ ਨਾਲ ਮਨ ਸਾਈਂ ਪਰਾਇਣ ਹੋ ਜਾਣੇ ਗਾ। ਫਿਰ ਜਦ ਮਨ ਹੋਰ ਉੱਜਲ, ਉੱਚਾ ਤੇ ਤਾਣ ਵਾਲਾ ਹੋ ਜਾਂਦਾ ਹੈ ਤਾਂ ਫੇਰ ਹੁਕਮ ਹੈ:-

"ਵਿਣੁ ਤੁਧੁ ਹੋਰ ਜਿ ਮੰਗਣਾ ਸਿਰਿ ਦੁਖਾ ਕੈ ਦੁਖ॥
ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ॥"
(ਰਾਮ: ਵਾਰ ਮ: ੫)

ਇਸ ਹਾਲਤ ਵਿਚ ਉੱਚੇ ਮਨ ਵਾਲੇ ਲੋਕ ਸਾਈਂ ਤੋਂ ਇਕੋ ਨਾਮ ਮੰਗਦੇ ਹਨ। ਪਰ ਜਿੱਥੇ ਕੁ ਅਸੀਂ ਤੁਸੀਂ ਹਾਂ, ਅਜੇ ਨਿਤਾਣਪੁਣੇ ਵਿਚ ਹਾਂ, ਅਸੀਂ "ਮਾਂਗਉ ਰਾਮ ਤੋਂ ਸਭਿ ਥੋਕ" ਵਾਲੇ ਹੁਕਮ ਤੇ ਟੁਰੀਏ।

ਸਿੰਧੀ- ਮੈਂ ਠੀਕ ਸਮਝ ਲਿਆ ਹੈ। ਧੰਨ ਹੋ ਆਪ! ਗੁਰਬਾਣੀ ਵਿਚ ਗੁਰੂ ਕੇ ਵਾਕ ਆਪਣੇ ਆਪਣੇ ਸਮੇਂ ਤੇ ਅੱਡ ਅੱਡ ਅਵਸਥਾ ਤੇ ਕਹੇ ਗਏ ਹਨ ਪਰ ਸਾਨੂੰ ਅਜੇ ਸਮਝ ਨਹੀਂ ਹੈ। ਮੈਂ ਹੁਣ ਆਪ ਤੋਂ ਪੁੱਛਦਾ ਹਾਂ ਕਿ ਕੀ ਮੈਂ ਆਪ ਦਾ ਭਾਵ ਸਮਝ ਲਿਆ ਹੈ?

ਸਾਈਂਦਾਸ- ਬਹੁਤ ਠੀਕ ਸਮਝ ਲਿਆ ਜੇ, ਪਿਆਰੇ ਜੀ! ਏਹ ਸਾਧਨ ਹਨ ਜੋ ਮੈਂ ਆਪ ਕਰਕੇ ਦੇਖੇ ਤੇ ਦਰੁਸਤ ਪਾਏ ਹਨ। ਦੋ ਹੀ ਪ੍ਰਮਾਣ ਇੱਥੇ ਲੋੜੀਂਦੇ ਹਨ। ਇਕ ਸ਼ਬਦ ਪ੍ਰਮਾਣ, ਅਰਥਾਤ ਸਤਿਗੁਰਾਂ ਦੇ ਬਾਣੀ ਵਿਚ ਦੱਸੇ ਅਗੰਮ ਵਾਕ, ਦੂਸਰੇ ਪ੍ਰਤੱਖ ਪ੍ਰਮਾਣ ਜੋ ਪਰਤਾਕੇ ਆਪ ਕਰਕੇ ਹੱਥ ਤੇ ਧਰੇ ਆਉਲੇ ਵਾਂਙੂ ਠੀਕ ਦੇਖ ਲਈਦੇ ਹਨ। ਜੇਕਰ ਆਪ ਦਾ ਮਨ ਯੁਕਤੀਆਂ ਚਾਹੁੰਦਾ ਹੈ ਤਦ ਕਿਸੇ ਵੇਲੇ ਭਾਈ ਗੁਰਦਾਸ ਜੀ ਦੇ ਚਰਨਾਂ ਵਿੱਚ ਚੱਲ ਬੇਨਤੀ ਕਰਾਂਗੇ, ਓਹ ਬਿਧ ਪਿਆਰੇ ਯੁਕਤੀਆਂ ਦੇ ਧਨੀ ਹਨ ਅਰ ਕਰਨੀ ਦੇ ਸੂਰੇ ਹਨ।

ਸਿੰਧੀ- ਪਿਆਰੇ ਜੀ! ਆਪ ਦੇ ਉਪਦੇਸ਼ਾਂ ਨੂੰ ਮੈਂ ਚਰਚਾ ਦੀ ਨਜ਼ਰ ਨਾਲ ਨਹੀਂ ਵੇਖ ਰਿਹਾ ਅਰ

* ਹੁਣ ਦਸਮੇ ਪਾਤਸ਼ਾਹ ਜੀ ਦੀ ਰਚੀ ਅਰਦਾਸ 'ਪ੍ਰਿਥਮ ਭਗੌਤੀ ਸਿਮਰ ਕੈ.....' ਪੜ੍ਹੀਦੀ ਹੈ।


www.sikhbookclub.com
SIKHBOOKCLUB.COM

ਨਾ ਮੈਨੂੰ ਆਤਮ ਵਿਦਜਾ ਵਿੱਚ ਰੰਮਤਾ ਹੈ, ਮੈਂ ਤਾਂ ਭੁੱਖਾ ਤਿਹਾਇਆ ਅੰਮ੍ਰਿਤ ਜਲ ਨੂੰ ਲੋਚ ਰਿਹਾ ਹਾਂ, ਜੋ ਆਪ ਦੇ ਮੁਖਾਰਬਿੰਦ ਤੋਂ ਛਹਿਬਰ ਲਾ ਕੇ ਵੱਸ ਰਿਹਾ ਅਰ ਮੇਰੇ ਆਤਮਾ ਨੂੰ ਤ੍ਰਿਪਤ ਕਰ ਰਿਹਾ ਹੈ। ਫੋਕੀ ਵਿਦਜਾ ਦੇ ਫਲ ਰਹਿਤ ਸੁਹਾਵਣੇ ਬਨਾਂ ਨੂੰ ਵੇਖਕੇ ਮੈਂ ਰੱਜ ਚੁੱਕਾ ਹਾਂ। ਆਪ ਦੇ ਛਹਿਬਰਾਂ ਹੇਠ ਉੱਗੇ ਬਾਗ਼ ਦੀ ਲਹਿਲਹਾਟ ਮੈਨੂੰ ਅੱਖੀਂ ਸੁੱਖ ਕਲੇਜੇ ਠੰਢ ਪਾ ਰਹੀ ਹੈ।

ਭਾਈ ਜੀ- ਧੰਨ ਗੁਰੂ ਹੈ। ਮਿੱਤ੍ਰ ਜੀ! ਮੇਰਾ ਮਤਲਬ ਇਹ ਨਹੀਂ ਕਿ ਆਤਮ ਵਿਦਜਾ ਇਕ ਵਹਿਮ ਅਰ ਅਯੁਕਤ ਵਸਤੂ ਹੈ, ਪਰ ਕੇਵਲ ਇਹ ਕਿ ਇਸਦੀ ਸਮਝ ਸੁਰਤ ਦੇ ਉੱਚੇ ਉੱਚੇ ਹੁੰਦੇ ਜਾਣ ਨਾਲ ਦਰਜੇ ਦਰਜੇ ਤੇ ਜਾਕੇ ਪੈਂਦੀ ਹੈ। ਮੈਂ ਇਸ ਵੇਲੇ ਆਪ ਨੂੰ ਉਚਜਾਈ ਦੇ ਕੇਵਲ ਸਾਧਨ ਦੱਸ ਰਿਹਾ ਹਾਂ। ਜਿਸ ਤਰ੍ਹਾਂ ਆਖੀਏ ਭਾਈ ਗਿਲੋ ਰਗੜ ਕੇ ਪੀਤਿਆਂ ਤਪ ਨੂੰ ਆਰਾਮ ਆਉਂਦਾ ਹੈ, ਇਹ ਤਾਂ ਤਪ ਉਤਾਰਨ ਦਾ ਸਾਧਨ ਦੱਸਣਾ ਹੈ, ਪਰ ਕਿਉਂ ਗਿਲੋ ਤਾਪ ਨੂੰ ਉਤਾਰਦੀ ਹੈ, ਇਹ ਉਸਦੇ ਕਾਰਣ ਦੀ ਯੁਕਤੀ ਦੱਸਣੀ ਹੈ। ਮੈਂ ਕੇਵਲ ਪਹਿਲੀ ਗੱਲ ਬਿਨੈ ਕਰ ਰਿਹਾ ਹਾਂ, ਪਿਛਲੀ ਗੱਲ ਜਦ ਮਨ ਸ਼ੁੱਧ ਹੁੰਦਾ ਹੈ, ਏਕਾਗ੍ਰਤਾ ਆਉਂਦੀ ਹੈ, ਵਿਸਮਾਦ ਤੇ ਗੁਪਤ ਸੁੰਦਰਤਾ ਦਿੱਸਦੀ ਹੈ, ਤਦੋਂ ਸਾਰੇ ਕਾਰਨ ਆਤਮ ਸਾਧਨਾਂ ਦੇ ਕਿਸੇ ਸ਼ਕਲ ਵਿਚ ਪ੍ਰਤੱਖ ਹੋ ਜਾਂਦੇ ਹਨ, ਪਰ ਇਹ ਦੂਰ ਦੀ ਗੱਲ ਹੈ। ਕਈ ਇਕ ਯੁਕਤੀਆਂ, ਜੋ ਮੇਰੇ ਵਿਚ ਕਹਿਣ ਦੀ ਸਮਰੱਥਾ ਸੀ, ਮੈਂ ਕਹੀਆਂ ਬੀ ਹਨ। ਪਰ ਇਸ ਵੇਲੇ ਜੋ ਵਾਰਤਾ ਚੱਲ ਰਹੀ ਹੈ ਏਥੇ 'ਕਹਿਣੀ' ਪਰਧਾਨ ਹੈ ਅਰ ਯੁਕਤੀ ਮਗਰੋਂ ਹੈ। ਅੰਦਰ ਸੱਚੀ ਮੁਚੀ ਦੀ ਠੰਢ ਸਾਧਨ ਕੀਤਿਆਂ ਪੈਂਦੀ ਹੈ, ਪਰ ਚਿੱਤ ਦੀ ਹਰਿਆਨੀ ਦੀ ਨਿਰੀ ਤਸੱਲੀ ਯੁਕਤੀ ਕਰਦੀ ਹੈ।

ਮੈਂ ਹੁਣ ਇਕ ਹੋਰ ਗੱਲ ਆਖਣੀ ਹੈ, ਉਹ ਸਤਿਸੰਗ ਦੀ ਹੈ। ਆਪ ਕੁਛ ਦਿਨ ਏਥੇ ਹੋ, ਸਤਿਗੁਰਾਂ ਦੇ ਆਇਆਂ ਕੁਛ ਦਿਨ ਰਹਿ ਕੇ ਆਪ ਦੇਸ਼ ਜਾਓਗੇ, ਪਰ ਉਥੇ ਤੁਸੀਂ ਆਪਣੇ ਗੁਰੂ ਤੋਂ ਦੇਹ ਕਰਕੇ ਦੂਰ ਹੋਵੋਗੇ, ਇਸ ਲਈ ਸਤਿਸੰਗ ਵਿਚ ਆਪਣਾ ਨਿਵਾਸ ਰੱਖਣਾ। ਸਤਿਸੰਗ ਵਿਚ ਗੁਰੂ ਵੱਸਦਾ ਹੈ।

ਇਹ ਸਤਿਸੰਗ ਬੀ ਕਈ ਪ੍ਰਕਾਰ ਦਾ ਹੈ। ਇਕ ਤਾਂ (ਮੁੱਖ) ਸਤਿਸੰਗ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਚਰਨਾਂ ਕਵਲਾਂ ਦਾ ਹੈ। ਸਤਿਸੰਗ ਇਥੇ ਇਕ ਬਚਨ ਹੈ: ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਸੰਗ! ਜੇ ਉਨ੍ਹਾਂ ਤੋਂ ਵਸੇਬਾ ਵਿੱਥ ਉਤੇ ਹੈ ਤਾਂ ਦੂਜਾ ਸਤਿਸੰਗ ਸ੍ਰੀ ਗੁਰੂ ਕੀ ਬਾਣੀ ਦੇ ਬੋਹਿਥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਦਾ ਹੈ, ਇਸ ਤੋਂ ਤਿੰਨੇ ਕਾਲ ਲਾਭ ਹੀ ਲਾਭ ਹੈ 'ਇਹ ਬਾਣੀ ਮਹਾਂਪੁਰਖ ਕੀ ਨਿਜ ਘਰਿ ਵਾਸਾ ਹੋਇ'॥ ਅਰ ਏਹ ਬੀ ਗੁਰੂ ਦਾ ਸਤਿਸੰਗ ਹੈ:- 'ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ॥' ਪੁਨਾ: 'ਪੋਥੀ ਪਰਮੇਸਰ ਕਾ ਥਾਨੁ॥' ਤੀਸਰਾ, ਕੋਈ ਐਸਾ ਗੁਰਮੁਖ ਨਾਮ ਦੇ ਰੰਗ ਰਤਾ ਹੋਵੇ, ਜਿਸ ਨੂੰ ਗੁਰੂ ਪਿਆਰ ਕਰਦਾ ਹੋਵੇ ਅਰ ਜਿਸ ਨੇ ਤੁਹਾਨੂੰ ਸੁਮੱਤੇ ਲਾਯਾ ਹੋਵੇ ਯਾ ਰੂਹਾਨੀ ਸਹਾਇਤਾ ਦੇਣੀ ਚਾਹੇ, ਉਸਦਾ ਸੰਗ ਸਤਿਸੰਗ ਹੈ। ਗੁਰੂ ਕੇ ਸਾਜੇ ਨਿਵਾਜੇ ਗੁਰਮੁਖ ਗੁਰਸਿਖ ਨੂੰ ਸਹਾਇਤਾ ਦੇਂਦੇ ਹਨ ਤੇ ਗੁਰ ਉਨ੍ਹਾਂ ਤੋਂ ਸਹਾਇਤਾ ਲੈਂਦੇ ਹਨ। ਸੰਤ, ਹਰਿ, ਬਖਸ਼ਸ਼ਾਂ ਵਾਲੇ ਯਾ ਗੁਰਮੁਖ ਉਨ੍ਹਾਂ ਨੂੰ ਕਹੀਦਾ ਹੈ ਜੋ ਆਪ ਜਪਦੇ ਤੇ ਹੋਰਨਾਂ ਨੂੰ ਜਪਾਉਂਦੇ ਹਨ। ਚੌਥੇ, ਗੁਰੂ ਕੇ ਪਿਆਰੇ ਸਿੱਖਾਂ ਦਾ ਸਤਿਸੰਗ, ਜੋ ਸੱਚੇ ਹਿੰਮਤੀ ਹੋਣ, ਕੁਸੰਗਾਂ ਤੋਂ ਛੁੱਟੇ ਹੋਏ ਸਤਿਸੰਗੀ (ਸੱਚ ਦੇ ਸੰਗੀ) ਹੋਣ, ਬਾਣੀ ਦੇ ਪ੍ਰੇਮੀ ਹੋਣ, ਨਾਮ ਦੇ ਸ਼ੌਕ ਵਾਲੇ ਹੋਣ। ਏਹ ਜਦ ਕੱਠੇ ਹੁੰਦੇ ਹਨ, ਵਾਹਿਗੁਰੂ ਜੀ ਦੀ ਮਹਿਮਾਂ, ਗੁਰੂ ਦੀ ਦਇਆ ਦਾ ਵਾਰਤਾਲਾਪ ਕਰਦੇ ਹਨ, ਮੁਰਾਦ ਹੈ ਕਿ ਆਪਣੇ ਜੇਹੇ ਅਭਜਾਸੀ ਭਲੇ ਪੁਰਖ ਯਾ ਪੁਰਖਾਂ ਦਾ ਸਤਿਸੰਗ ਇਹ ਬੀ ਸਾਧ ਸੰਗਤ ਯਾ ਸਤਿਸੰਗਤ ਹੈ, ਇਹ ਇਕ ਬਚਨ ਬੀ ਹੈ ਤੇ ਬਹੁ ਬਚਨ ਬੀ ਹੈ। ਪੰਜਵਾਂ ਸਤਿਸੰਗ ਇਹ ਹੈ ਕਿ ਕੋਈ ਸੱਚ ਦੇ ਢੂੰਡਾਊ, ਮਨ ਦੇ ਵਿਕਾਰਾਂ ਦੇ ਹੱਥੋਂ ਦੁਖੀ, ਤੁਹਾਡੇ ਪਾਸੋਂ ਗੁਰੂ ਪਰਮੇਸ਼ੁਰ ਦੇ ਪਿਆਰ ਦੇ ਯਾਚਕ ਹੁੰਦੇ ਹਨ, (ਸ਼ਰਤ ਇਹ ਹੈ ਕਿ ਤੁਸੀਂ ਉਨਮਨ ਹੋ ਗਏ ਹੋ) ਉਨ੍ਹਾਂ ਨਾਲ ਪਰਮਾਰਥ ਲਾਭ ਦੇ ਬਚਨ ਕਰਨੇ ਬੀ ਸਤਿਸੰਗ ਹਨ, ਕਿਉਂਕਿ ਐਦਾਂ ਉਨ੍ਹਾਂ ਨੂੰ ਲਾਭ ਹੁੰਦਾ ਹੈ ਤੇ ਪਰਮੇਸ਼ੁਰ ਦਾ ਪਿਆਰ ਉਨ੍ਹਾਂ ਵਿਚ ਵਧਦਾ ਹੈ। ਪਰੰਤੂ ਇਹ ਤਦ ਤਕ ਸਤਿਸੰਗ ਹੈ ਜਦ ਤਕ ਤੁਸੀ ਮਿਹਰ ਵਿਚ ਹੋ ਤੇ ਜਦ ਤਕ ਤੁਹਾਡੇ ਅੰਦਰ ਮਾਨ ਤੇ ਹੰਕਾਰ ਨਹੀਂ ਪੈਂਦਾ। ਤੁਸੀਂ ਗੁਰੂ

SIKHBOOKCLUB.COM

ਕੀ ਸੇਵਾ ਜਾਣ ਕੇ ਗੁਰੂ ਦੇ ਪ੍ਰੇਮ ਵਿੱਚ ਉਨ੍ਹਾਂ ਨੂੰ ਗੁਰੂ ਦੇ ਭੇਜੇ ਹੋਏ ਪ੍ਰਾਹੁਣੇ ਜਾਣਕੇ ਗੁਰੂ ਕੇ ਹੁਕਮ ਵਿਚ ਆਤਮ ਭੋਜਨ ਨਾਲ ਉਨ੍ਹਾਂ ਦੀ ਪਾਲਨਾ ਕਰਦੇ ਹੋ। ਫਿਰ ਜਦ ਤਾਈਂ ਤੁਸੀਂ ਇਸ ਤੁਕ ਤੇ ਅਮਲ ਕਰਦੇ ਹੋ "ਜੇ ਕੋਊ ਅਪੁਨੀ ਓਟ ਸਮਾਰੈ॥ ਜੈਸਾ ਬਿਤੁ ਤੈਸਾ ਹੋਇ ਵਰਤੈ ਅਪੁਨਾ ਬਲੁ ਨਹੀ ਹਾਰੈ"। ਭਾਵ ਵਿੱਤ ਅਨੁਸਾਰ ਵਰਤੋ। ਪਰ ਜਦੋਂ ਨਿਜ ਨੂੰ ਹੰਕਾਰ ਨਾਲ ਅਫਾਰਾ ਚਾੜ੍ਹ ਲਓ ਤੇ ਉਨ੍ਹਾਂ ਨਾਲ ਨਫਰਤ ਵਰਤੋ ਅਥਵਾ ਉਨ੍ਹਾਂ ਨਾਲ ਨਿਰੀ 'ਤਾਮ ਪ੍ਰੀਤ' ਪਾ ਲਓ ਤੇ ਫੋਕਾ ਭਾਈਚਾਰਾ ਬਣਾ ਲਓ ਤਦੋਂ ਤੁਸੀਂ ਆਤਮ ਹਾਨੀ ਉਠਾਓਗੇ। ਇਹ ਵਿਉਂਤ ਮਾਨ ਵਡਾਈ ਦਾ ਅਫਾਰਾ ਚਾੜ੍ਹ ਕੇ ਚੰਗੇ ਚੰਗੇ ਸਾਧਕਾਂ ਨੂੰ ਡੇਗ ਦੇਂਦੀ ਹੈ। ਸਿੱਖ ਗੁਰਮੁਖ ਚਾਹੀਦਾ ਹੈ ਕਿ ਸੰਸਾਰ ਵਲੋਂ ਬੀ ਤਿਆਗ ਹੋਵੇ ਤੇ ਵਾਹਿਗੁਰੂ ਜੀ ਵਿਚ ਪੂਰਨ ਰਾਗ ਵਿਚ ਹੋਵੇ ਤੇ ਜੋ ਕੁਛ ਕਰੇ ਸੋ ਹੁਕਮ ਵਿਚ ਕਰੇ। ਹੁਕਮ ਹੈ :-

ਪਉੜੀ॥

ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ॥ ਸੋ ਸੇਵਕੁ ਸੇਵਾ ਕਰੇ ਜਿਸਨੋ ਹੁਕਮੁ ਮਨਾਇਸੀ॥ ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥ ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ॥ ਤਾ ਦਰਗਹ ਪੈਧਾ ਜਾਇਸੀ॥੧੫॥

(ਵਾਰ ਆਸਾ ਮ: ੧)

ਸਭ ਤੋਂ ਅਖੀਰ ਮੈਂ ਅੱਜ ਇਹ ਗੱਲ ਕਹਿਣੀ ਹੈ ਕਿ ਆਪਣੇ ਮਨ ਦੀਆਂ ਚੋਰੀਆਂ ਤੋਂ ਗ਼ਾਫ਼ਲ ਨਹੀਂ ਹੋਣਾ, ਕਦੇ ਆਪ ਨੂੰ ਅਭੁੱਲ ਨਹੀਂ ਜਾਣਨਾ। ਗ਼ਲਤੀ ਹੋਵੇ ਤਾਂ ਪਛਤਾਉਣਾ ਤੇ ਬਖਸ਼ਵਾਉਣਾ। ਜੇ ਕੋਈ ਸੱਜਣ ਭੁੱਲ ਦੱਸੇ ਤਦ ਉਸ ਨਾਲ ਰੰਜ ਨਹੀਂ ਕਰਨਾ, ਪਰ ਸ਼ੁਕਰ ਮਨਾਉਣਾ। ਸੱਚ ਸੁਣਨ ਲਈ ਸਦਾ ਤਿਆਰ ਬਰਤਿਆਰ ਰਹਿਣਾ ਗੁਰਸਿੱਖੀ ਹੈ। ਹੁਣ ਅਸੀਂ ਇਹ ਗਲ ਸਮਾਪਤ ਕਰੀਏ।

ਸਿੰਧੀ- ਇਕ ਗਲ ਹੋਰ ਪੁੱਛਣੀ ਹੈ। ਤੁਸੀਂ ਬਾਣੀ ਦੇ ਪ੍ਰਕਾਰ ਵਿਚ ਦੱਸਿਆ ਤਾਂ ਹੈ, ਪਰ ਮੈਂ ਇਸ ਵਿਸ਼ੇ ਤੇ ਖਾਸ ਕੁਛ ਸਮਝਣਾ ਚਾਹੁੰਦਾ ਹਾਂ।

ਸਾਈਂ ਦਾਸ- ਪੁੱਛੋ।

ਸਿੰਧੀ- ਕੀਰਤਨ ਦਾ ਲਾਭ ਦੱਸੋ।

ਸਾਈਂ ਦਾਸ- ਗੁਰਬਾਣੀ ਦਾ ਸਾਰਾ ਹਾਲ ਮੈਂ ਦੱਸ ਆਇਆ ਹਾਂ। ਗੁਰਬਾਣੀ ਨੂੰ ਸੰਗੀਤ ਵਿਚ ਗਾਇਨ ਕਰਨਾ ਕੀਰਤਨ ਹੈ। ਸੰਗੀਤ ਨਾਲ ਮਨ ਨਰਮ ਹੋ ਜਾਂਦਾ ਹੈ, ਦ੍ਰਵਦਾ ਹੈ। ਨਿਜ ਘਰ ਜਾਣ ਲਈ ਮਨ ਦਾ ਦ੍ਰਵਣਾ ਜ਼ਰੂਰੀ ਹੈ।

'ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ॥
ਹਰਿ ਦਰਗਹ ਕਹੁ ਕੈਸੇ ਗਵੈ॥'

ਪੁਨਾ-

ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ
ਮਨੁ ਭੀਨਾ ਨਿਜ ਘਰਿ ਆਵੈਗੋ॥

ਸੋ ਗੁਰਬਾਣੀ ਨਾਲ ਮਨ ਦ੍ਰਵਦਾ ਹੈ ਤੇ ਦ੍ਰਵਿਆ ਮਨ ਨਿਜ ਘਰ ਆਉਂਦਾ ਤੇ ਦਰਗਾਹੇ ਅੱਪੜਦਾ ਹੈ। ਕੀਰਤਨ ਵਿਚ ਪਾਕੇ ਗਾਵੀਂ ਬਾਣੀ ਨਾਲ ਮਨ ਬਹੁਤ ਦ੍ਰਵਦਾ ਹੈ, ਤੇ ਉਧਾਰ ਛੇਤੀ ਹੁੰਦਾ ਹੈ :-

ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ॥

ਪੁਨਾ-

ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥

ਕੀਰਤਨ ਵਿਚ ਕਈ ਗੱਲਾਂ ਲੋੜੀਦੀਆਂ ਹਨ। ਪਹਿਲੀ ਗੱਲ ਹੈ ਕੀਰਤਨ ਕਰਨ ਵਾਲੇ ਦਾ ਨਾਮ ਵਿਚ ਵਿਸ਼ਵਾਸ ਹੋਵੈ ਤੇ ਗੁਰੂ ਪਰਮੇਸ਼ੁਰ ਤੇ ਉਸਦਾ ਸਿਦਕ ਹੋਵੇ :-

ਯਥਾ-

ਗਾਵਣਿ ਗਾਵਹਿ ਜਿਨ ਨਾਮ ਪਿਆਰੁ॥
ਸਾਚੀ ਬਾਣੀ ਸਬਦ ਬੀਚਾਰੁ॥

ਪੁਨਾ-

ਜਿਸ ਨੋ ਪਰਤੀਤਿ ਹੋਵੈ ਤਿਸ ਕਾ ਗਾਵਿਆ ਥਾਇ ਪਵੈ ਸੋ ਪਾਵੈ ਦਰਗਹ ਮਾਨੁ॥

੨. ਗਾਉਣ ਵਾਲਾ ਸਬਦ ਉਚਾਰ 'ਸਪਸ਼ਟ' ਤੇ 'ਸ਼ੁੱਧ' ਕਰੇ ਜੋ ਬਾਣੀ ਸਮਝ ਵਿਚ ਪਵੇ। ਰਾਗ ਦੀਆਂ ਤਾਨਾਂ ਦੀਆਂ ਲਪੇਟਾਂ, ਜੋੜੀ ਦੇ ਧੱਪੇ ਤੇ ਸਾਜ਼ਾਂ ਦੀ ਕੜਕੁੱਟ ਵਿਚ ਬਾਣੀ ਦਾ ਸਪਸ਼ਟ ਪਾਠ ਤੇ ਅਰਥ ਸਮਝੇ ਪੈਣੋਂ ਨਾ ਦੂਰ ਹੋ ਜਾਣ ਤੇ ਬਾਣੀ 'ਸ਼ੁੱਧ' ਗਾਵੀਂ ਜਾਵੇ।

੩. ਗਾਇਨ ਵਾਲੇ ਨੂੰ ਸੁਰ ਤਾਲ ਰਾਗ ਦੀ ਸੋਝੀ ਹੋਵੇ ਜੋ ਉਹ ਰਸ ਪੈਦਾ ਕਰ ਸਕੇ। ਜੈਸੇ ਭਾਵ ਦੀ ਬਾਣੀ ਗਾਵੇ ਉਸੇ ਤਾਸੀਰ ਵਾਲਾ ਰਾਗ ਚੁਣੇ, ਯਤਨ ਇਸ ਬਾਤ ਦਾ ਹੋਵੇ ਕਿ ਬਾਣੀ ਦੇ ਭਾਵ ਦੀ ਤਾਸੀਰ ਪੂਰੀ ਪੂਰੀ ਪਵੇ ਤੇ ਰਾਗ ਸ਼ੁੱਧ ਤੇ ਸੁੰਦਰ ਗਾਵਿਆਂ ਜਾਵੇ।

SIKHBOOKCLUB.COM

ਐਸਾ ਕੀਰਤਨ ਇਸ ਜੁਗ ਦੀ ਤਪੱਸਿਆ ਹੈ, ਇਸ ਨਾਲ ਅੰਦਰ ਦ੍ਰਵਦਾ ਹੈ, ਦ੍ਰਵਣ ਨਾਲ ਮੈਲ ਝੜਦੀ ਹੈ, ਸਾਈਂ ਦਾ ਪ੍ਰੇਮ ਜਾਗਦਾ ਹੈ, ਜਗਤ ਵਿਚ ਝੂਠੀ ਫਸੌਤੀ, ਜੋ ਪਾਪਾਂ ਵਲ ਲਿਜਾਂਦੀ ਹੈ, ਦੂਰ ਹੁੰਦੀ ਹੈ ਤੇ ਨਾਮ-ਪ੍ਰਵੇਸ਼ ਦਾ ਅਵਸਰ ਬਣਦਾ ਹੈ। ਪੰਘਰੀ ਲਾਖ ਤੇ ਮੋਹਰ ਸੁਹਣੀ ਲਗਦੀ ਹੈ, ਪੰਘਰੇ ਮਨ ਵਿਚ ਨਾਮ ਚੰਗਾ ਬੈਠ ਜਾਂਦਾ ਹੈ। ਜਦੋਂ ਮਨ ਉਟਾਟਰਾ ਹੋ ਜਾਵੇ, ਮੈਲਾ ਹੋ ਜਾਵੇ, ਅਰੁਚੀ ਆ ਜਾਵੇ, ਕੀਰਤਨ ਸਭ ਤੋਂ ਚੰਗਾ ਦਾਰੂ ਉਸ ਵੇਲੇ ਦਾ ਬੀ ਹੈ। ਪੁਰਾਣੇ ਜੁਗਾਂ ਦੀ ਤਪਸੱਜਾ ਜਗਜਾਸੂ ਆਪ ਕਰਦਾ ਸੀ ਤੇ ਸਮਿਆਂ ਬਾਦ ਮਨ ਤੋਂ ਮੈਲ ਤ੍ਰੁੱਟਦੀ ਸੀ। ਕੀਰਤਨ ਦੀ ਤਪੱਸਜਾ ਦਾ ਇਹ ਵਾਧਾ ਹੈ ਕਿ ਜੇ ਆਪ ਨਾ ਕਰ ਸਕੇ ਤਾਂ ਦੂਸਰੇ ਦੇ ਕੀਤੇ ਦਾ ਸੁਣਕੇ ਹੀ ਲਾਭ ਪ੍ਰਾਪਤ ਹੋ ਜਾਂਦਾ ਹੈ ਸਗੋਂ 'ਸੁਣਤੇ ਪੁਨੀਤ ਕਹਤੇ ਪਵਿਤੁ' ਦਾ ਵਾਕ ਲਿਖਿਆ ਹੈ* ਮਨ ਉਤੇ ਜੋ ਪ੍ਰਭਾਵ ਵਾਹਿਗੁਰੂ-ਪ੍ਰੇਮ ਦੇ ਕੀਰਤਨ ਦਾ ਪੈਂਦਾ ਹੈ ਓਹ ਨਾਮ ਜਪਦਿਆਂ ਮਨ ਨੂੰ ਵਿਗਾਸ ਵਿਚ ਰੱਖਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਰਮੇਸ਼ੁਰ ਦੇ ਪਿਆਰੇ ਦੇ ਮਨ ਦੀ ਅਵਸਥਾ ਖੇੜੇ ਵਾਲੀ ਯਾ ਵਿਗਾਸ ਵਾਲੀ ਦੱਸੀ ਹੈ। 'ਨਾਨਕ ਭਗਤਾ ਸਦਾ ਵਿਗਾਸੁ'। ਸੋ ਮਨ ਦੀ ਦਸ਼ਾ ਨੂੰ ਸੰਸਾਰਕ ਦੁੱਖਾਂ ਸੁਖਾਂ ਦੇ ਅਸਰਾਂ ਤੋਂ ਉੱਚਾ ਕਰਨ ਵਾਲੀ ਸਤਜਾ ਤੇ ਵਿਗਾਸ ਵਿਚ ਲੈ ਜਾਣ ਵਾਲੀ ਤਾਸੀਰ ਕੀਰਤਨ ਵਿਚ ਹੈ। ਜੋ ਨਾਮ ਸਿਮਰਦੇ ਹਨ ਕੀਰਤਨ ਦੀ ਤਾਸੀਰ ਨਾਲ ਉਨ੍ਹਾਂ ਦਾ ਵਿਗਾਸ ਵਧਦਾ ਹੈ।

ਅਨਦ ਸੂਖ ਮੰਗਲ ਬਨੇ ਪੇਖਤ ਗੁਨ ਗਾਉ॥੧॥ਰਹਾਉ॥ ਕਥਾ ਕੀਰਤਨੁ ਰਾਗ ਨਾਦ ਧੁਨਿ ਇਹ ਬਨਿਓ ਸੁਆਉ॥

ਇਸੇ ਕਰਕੇ ਸਤਿਗੁਰ ਦੇ ਘਰ ਆਸਾ ਦੀ ਵਾਰ ਦਾ ਕੀਰਤਨ ਅੰਮ੍ਰਿਤ ਵੇਲੇ ਹੁੰਦਾ ਹੈ, ਜਿਸ ਦੇ ਸੁਣਨ ਨਾਲ ਝੂਠ ਤੇ ਮਕਰ ਤੋਂ ਸੂਗ ਹੁੰਦੀ ਹੈ, ਪਾਪ ਵਲੋਂ ਮਨ ਮੁੜਦਾ ਹੈ, ਨੇਕ ਕੰਮ ਲਈ ਉੱਦਮ ਉਪਜਦਾ ਹੈ, ਬਾਣੀ ਦਾ ਪ੍ਰੇਮ ਪੈਂਦਾ ਹੈ, ਨਾਮ ਵਿਚ ਦ੍ਰਿੜ੍ਹਤਾ ਬੱਝਦੀ ਹੈ ਤੇ ਜੀਵਨ ਸਚਿਆਰ ਹੋ ਜਾਂਦਾ ਹੈ। ਤਾਹੀਏਂ ਸਤਿਗੁਰ ਨੇ ਫੁਰਮਾਇਆ ਹੈ।

ਕੀਰਤਨੁ ਨਿਰਮੋਲਕ ਹੀਰਾ॥

ਇਸੇ ਤਰ੍ਹਾਂ ਸੱਜਣ ਜੀ, ਬਾਣੀ ਦਾ ਇਕ ਹੋਰ ਵਰਤਾਉ ਹੈ, ਜਿਸਨੂੰ ਕਥਾ ਆਖਦੇ ਹਨ। ਇਸ ਨਾਲ ਬਾਣੀ ਦੇ ਅਰਥ ਭਾਵ ਦੀ ਸਮਝ ਵਧਦੀ ਹੈ, ਪਰਮਾਰਥਕ ਵਿਦਜਾ ਦੇ ਭੇਤ ਖੁੱਲ੍ਹਦੇ ਹਨ। ਵਾਹਿਗੁਰੂ ਦੇ ਗਜਾਨ ਅਰ ਭਗਤੀ ਦੀ ਸੋਝੀ ਪੈਂਦੀ ਹੈ ਅਤੇ ਵਾਹਿਗੁਰੂ ਜੀ ਵਲ ਰੁਚੀ ਤੇ ਰੁਖ ਵਧੇਰੇ ਝੁਕਾਉ ਖਾਂਦਾ ਹੈ।

-੦-

ਮੁਸਾਫਰ- ਬਾਬਾ ਜੀ, ਸਿੰਧੀ ਬੀ ਚੰਗਾ ਖੋਜੀ ਜਗਜਾਸੂ ਹੈ, ਕੋਈ ਗੱਲ ਸਮਝੇ ਬਿਨਾਂ ਛੋੜਦਾ ਨਹੀਂ। ਮੈਨੂੰ ਇਉਂ ਜਾਪਦਾ ਹੈ ਕਿ ਜਿਕੂੰ ਮੈਂ ਹੀ ਪ੍ਰਸ਼ਨ ਕਰ ਰਿਹਾ ਹਾਂ ਤੇ ਭਾਈ ਜੀਓ ਉੱਤਰ ਦੇ ਰਹੇ ਹਨ। ਜੇ ਕਦੇ 'ਕੀਰਤਨ ਤੇ ਕਥਾ' ਬਾਣੀ ਦੇ ਇਨ੍ਹਾਂ ਦੁਹਾਂ ਪੱਖਾਂ ਦਾ ਵੇਰਵਾ ਏਥੇ ਨਾ ਆ ਜਾਂਦਾ ਤਾਂ ਮੈਂ ਹੁਣ ਤੁਸਾਂ ਤੋਂ ਪੁੱਛਣਾ ਸੀ। ਬਾਣੀ ਦੀ ਸਮਝ, ਸਿਖਜਾ ਦੇ ਵੇਰਵੇ ਤੇ ਦਾਰਸ਼ਨਿਕ ਹਿੱਸਾ ਤਾਂ ਕਥਾ ਵਿਚ ਖੁੱਲ੍ਹਦਾ ਹੈ ਸੋ ਗਲ ਅੰਤ ਵਿਚ ਆ ਹੀ ਗਈ ਹੈ। ਚਿੱਤ ਦੀ ਸਫਾਈ ਤੇ ਇਕਾਗ੍ਰਤਾ ਕੀਰਤਨ ਨਾਲ ਆਉਂਦੀ ਹੈ ਅਰ ਕੇਡੀ ਸੁਖੈਨ ਆਉਂਦੀ ਹੈ। ਫਿਰ ਜੋ ਗਲ ਭਾਈ ਸਾਈਂਦਾਸ ਨੇ ਦੱਸੀ ਹੈ ਕੇਡੀ ਅਮੋਲਕ ਹੈ ਕਿ ਬਾਣੀ ਇਕ ਤਪ ਹੈ, ਜਿਸਦਾ ਲਾਭ ਕਰੇ ਕੋਈ ਤੇ ਪਹੁੰਚ ਕਿਸੇ ਹੋਰਸ ਨੂੰ ਬੀ ਸਕਦਾ ਹੈ। ਮੇਰੇ ਕੋਲੋਂ ਪੁੱਛੋ ਤਾਂ ਇਕ ਹੋਰ ਗਲ ਬੀ ਵਾਧੇ ਦੀ ਹੈ, ਉਨ੍ਹਾਂ ਤਪਾਂ ਵਿਚ ਖੇਚਲ ਤੇ ਖੇਦ ਹਨ ਤੇ ਇਸ ਤਪ ਵਿਚ ਸੁਆਦ ਹੀ ਸੁਆਦ ਹੈ। ਤਪ ਨਹੀਂ, ਇਹ ਤਾਂ ਰਸ ਦਾ ਪੀਣਾ ਹੈ।

ਬਾਬਾ- ਹੁਣ ਤੁਹਾਨੂੰ ਬਾਣੀ ਦੀ ਕਦਰ ਵਧੀਕ ਤੋਂ ਵਧੀਕ ਪੈ ਰਹੀ ਹੈ। ਜਿਉਂ ਜਿਉਂ ਬਾਣੀ ਪੜ੍ਹੋ, ਵੀਚਾਰੋ ਤੇ ਕੀਰਤਨ ਵਿਚ ਸੁਣੋਗੇ ਤਿਉਂ ਤਿਉਂ ਸੁਖ ਮਾਣੋਗੇ।

-੦-

(ਙ)

ਅੰਮ੍ਰਿਤਸਰ ਅਜ ਤਾਂ ਇੱਕ ਘੁੱਘ ਵੱਸਦਾ ਭਾਰਾ ਸ਼ਹਿਰ ਹੈ, ਪਰ ਕਦੇ ਇਹ ਇੱਕ ਚੱਕ ਹੁੰਦਾ ਸੀ।

---

* ਤ੍ਰੈ ਗੁਣਾਂ ਪਵਿਤ੍ਰ ਜੋ ਸ਼ੈ ਹੋਵੇ ਸਿਆਣੇ ਉਸਨੂੰ ਪੁਨੀਤ ਕਹਿੰਦੇ ਸੁਣੀਦੇ ਹਨ।)

ਜਿਸ ਸਮੇਂ ਦਾ ਅਸੀਂ ਹਾਲ ਲਿਖ ਰਹੇ ਹਾਂ ਉਸ ਤੋਂ ਪਹਿਲੇ ਇਸਨੂੰ 'ਵਸਦੀ ਸਘਨ ਅਪਾਰ' ਦਾ ਵਰ ਮਿਲ ਚੁਕਾ ਸੀ। ਅਰ ਇਹ ਚੱਕ ਤੋਂ ਇਕ ਛੋਟੀ ਨਗਰੀ ਬਣ ਚੁਕੀ ਸੀ। ਵਪਾਰ ਦੀ ਇਥੇ ਰੌਣਕ ਹੋ ਗਈ ਸੀ। ਕਿਰਤ ਕਾਰ ਵੀ ਮਿਲਦਾ ਸੀ ਅਤੇ ਦੂਰ ਦੂਰ ਤੋਂ ਆਇਆਂ ਨੂੰ ਰੁਜ਼ਗਾਰ ਬੀ ਲੱਭਦਾ ਸੀ। ਵੱਸੋਂ ਜਿੰਨੀ ਕੁ ਸੀ ਰੌਣਕ ਵਾਲੀ ਸੀ। ਇਕ ਗੱਲ ਓਦੋਂ ਸੀ ਜੋ ਅੱਜ ਘੱਟ ਹੈ ਕਿ ਹਰੇਕ ਵਾਸੀ ਨੂੰ ਵੱਸਣ ਦੀ ਜਾਚ ਸੀ। ਉਹ ਜਾਚ ਕੀਹ ਹੁੰਦੀ ਹੈ ? ਹਰੇਕ ਨੂੰ ਆਪਣੇ ਪਿਆਰੇ ਪਿਤਾ ਦੀ ਵੰਸ਼ ਜਾਣਕੇ ਪਿਆਰ ਕਰਨਾ। ਆਪਣੇ ਹੱਕ ਲਈ ਤਾਂ ਸਭ ਕੋਈ ਜ਼ੋਰ ਮਾਰਦਾ ਹੈ, ਪਰ ਦੂਸਰੇ ਦੇ ਹੱਕ ਦੀ ਪਰਵਾਹ ਕਰਨੀ ਕਿਸੇ ਵਿਚ ਹੀ ਹੁੰਦੀ ਹੈ ਅਰ ਉਹ "ਕਿਸੇ" ਕੌਣ ਹੁੰਦੇ ਹਨ ? ਓਹ ਜਿਨ੍ਹਾਂ ਨੂੰ ਪਰਮੇਸ਼ਰ ਦਾ ਪਿਆਰ ਹੁੰਦਾ ਹੈ ਤੇ ਜੋ ਸੰਸਾਰ ਵਿੱਚ ਜਨਮ ਲੈਕੇ ਮਨੁੱਖ ਵਾਙੂੰ ਜੀਉਣਾ, ਮਨੁੱਖਤਾਈ ਨੂੰ ਸਮਝਣਾ ਤੇ ਪੂਰਨ ਮਨੁੱਖ ਬਣਕੇ ਪਰਮੇਸ਼ਰ ਦੀ ਪੂਰਨਤਾਈ ਵਿਚ ਜਾਣ ਦਾ ਚਾਉ ਰੱਖਦੇ ਹਨ। ਓਹ ਹਰ ਹਿਰਦੇ ਨੂੰ ਆਪਣੇ ਵਰਗਾ ਜਾਣਦੇ ਹਨ। ਜਿਕੂੰ ਆਪਣੇ ਹਿਰਦੇ ਨੂੰ ਸੱਟ ਲਗਣੀ ਬੁਰੀ ਜਾਣਦੇ ਹਨ, ਉੱਕਰ ਕਿਸੇ ਹਿਰਦੇ ਨੂੰ ਸੱਟ ਲਾਉਣੀ ਬੁਰੀ ਜਾਣਦੇ ਹਨ। ਜਿਸ ਤਰ੍ਹਾਂ ਆਪਣੇ ਹਿਰਦੇ ਲਈ ਸੁਖ ਦੇ ਚਾਹਵਾਨ ਹੁੰਦੇ ਹਨ ਇਸੇ ਤਰ੍ਹਾਂ ਦੂਜਿਆਂ ਹਿਰਦਿਆਂ ਨੂੰ ਸੁਖ ਦੇਣ ਦੇ ਚਾਹਵਾਨ ਹੁੰਦੇ ਹਨ। ਉਹ ਜੀਉਣਾ ਇਸ ਤਰ੍ਹਾਂ ਦੇ ਭਲੇ ਜੀਵਨ ਨੂੰ ਸਮਝਦੇ ਹਨ।

ਉਸ ਛੋਟੀ ਨਗਰੀ ਅੰਮ੍ਰਿਤਸਰ ਵਿਚ ਤਦੋਂ ਇਹ ਗੱਲ ਅੱਜ ਨਾਲੋਂ ਬਹੁਤ ਵਧੀਕ ਸੀ। ਅੱਜ ਇਹ ਗਲ ਘਟ ਰਹੀ ਹੈ। ਆਮ ਕਰਨੀ ਪੱਛਮੀ ਰੀਸਾਂ ਕਰਕੇ 'ਲਉ ਲਈ ਤ੍ਰਿਸਨਾ'* ਦੀ ਵਧਦੀ ਜਾ ਰਹੀ ਹੈ। ਜੋ ਲੋਕ ਇਸ ਭਲੇ ਜੀਵਨ ਨੂੰ ਚੰਗਾ ਜਾਣਦੇ ਹਨ ਪਰ ਆਪ ਤੁਰ ਨਹੀਂ ਸਕਦੇ ਉਹ ਤਾਂ ਇਸ ਜੀਵਨ ਵਾਲਿਆਂ ਨੂੰ ਭਲੇ ਪੁਰਖ ਕਹਿੰਦੇ ਹਨ, ਪਰ ਜੋ ਸੁਆਰਥ ਨੇ ਅੰਨ੍ਹੇ ਬੋਲੇ ਕਰ ਦਿੱਤੇ ਹਨ, ਮਾਇਆ ਤੇ ਮਾਦਾ ਪ੍ਰਸਤ ਹੋ ਰਹੇ ਹਨ, ਉਹ ਐਸੇ ਲੋਕਾਂ ਨੂੰ ਮੂਰਖ ਕਹਿੰਦੇ ਹਨ। ਉਹਨਾਂ ਦੀ ਆਪਣੀ ਸਿਆਣਪ ਇਸ ਗੱਲ ਵਿਚ ਹੈ ਕਿ ਨਿਜ ਦਾ ਲਾਹਾ ਕੱਢੋ ਚਾਹੇ ਜਿਕੂੰ ਨਿਕਲੇ, ਸੁਖ ਲਓ ਜਿਕੂੰ ਮਿਲੇ। ਗਲ ਕੀ, ਸੁਆਰਥ ਮੁੱਖ ਰੱਖੋ ਚਾਹੇ ਹੋਰਨਾਂ ਨਾਲ ਕੁਝ ਪਈ ਵਰਤੇ। ਉਨ੍ਹਾਂ ਦਾ ਅੰਤ ਇਹ ਹੁੰਦਾ ਹੈ ਕਿ ਇੱਥੋਂ ਦੇ ਲਾਭ ਹਸਰਤ ਭਰੇ ਦਿਲ ਨਾਲ ਇੱਥੇ ਛਡਦੇ ਹਨ, ਨਾਲ ਲਿਜਾਵਣ ਦੀ ਵਾਹ ਨਹੀਂ ਲੱਗਦੀ ਤੇ ਆਪ ਏਥੇ 'ਹੋਰ ਰਹਿਣਾ' ਉਨ੍ਹਾਂ ਦੇ ਵੱਸ ਤੋਂ ਬਾਹਰ ਹੋ ਜਾਂਦਾ ਹੈ। ਇਸ ਤਰ੍ਹਾਂ ਅੰਤ ਵੇਲੇ ਹਸਰਤਾਂ ਦੇ ਭਾਰ ਹੇਠ ਦਬੇ ਹੋਏ ਰਹਿੰਦੇ ਹਨ;- ਸ਼ੋਕ, ਕਿ ਨਾਲ ਜਾਣ ਵਾਲਾ ਅੱਖਰ 'ਨਾਮ ਦੀ ਭਲਿਆਈ ਨਾਲ ਜੀਉਣਾ' ਲਦ ਨਾ ਸਕੇ।

ਸਮੇਂ ਦੇ ਫੇਰ ਨੇ ਸਾਡੇ ਵਿਚ ਐਸੇ ਜੀਵਨ, ਜੋ ਸਤਿਗੁਰਾਂ ਨੇ ਪੈਦਾ ਕੀਤੇ ਸੇ, ਘਟਾ ਦਿੱਤੇ ਹਨ। ਅੱਜ ਸਿੱਟਾ ਕੀ ਨਿਕਲ ਰਿਹਾ ਹੈ ਕਿ ਸਭ ਕੋਈ ਆਖਦਾ ਹੈ:- ਸਿਖ ਗਿਰ ਰਹੇ ਹਨ। ਗਿਰਨਾ ਇਹੋ ਹੈ ਕਿ ਉੱਚੇ ਭਾਵਾਂ ਵਾਲਿਆਂ ਦੀ ਗਿਣਤੀ ਥੱਲੇ ਜਾ ਲੱਗੀ ਹੈ ਤੇ ਹਰ ਦਿਨ ਘਟ ਰਹੀ ਹੈ।

ਹਾਂ, ਅੱਜ ਅਸੀਂ ਇਸ ਥਾਉਂ (ਅੰਮ੍ਰਿਤਸਰ ਦੇ ਸਾਫ ਦਿਲ ਲੋਕਾਂ ਵਿੱਚ) ਇਕ ਅਚਰਜ ਖੁਸ਼ੀ ਦੇਖ ਰਹੇ ਹਾਂ। ਗ਼ਰੀਬ ਪਰ ਖੁਸ਼ ਦਿਲ ਮਾਲਣਾਂ ਫੁਲਾਂ ਦੀਆਂ ਟੋਕਰੀਆਂ ਗਲੀ ਗਲੀ ਲਈ ਫਿਰ ਰਹੀਆਂ ਹਨ। ਖਿੜੇ ਮੱਥੇ ਵਾਲੀਆਂ ਅੰਦਰੋਂ ਬਾਹਰੋਂ ਸੁਥਰੀਆਂ ਤੇ ਸੁਥਰੇ ਘਰਾਂ ਵਾਲੀਆਂ ਦਾਣੇ ਦੇ ਦੇ ਕੇ ਫੁੱਲ ਲੈ ਰਹੀਆਂ ਹਨ। ਕੋਈ ਸਿਹਰੇ ਤੇ ਮਾਲਾ ਗੁੰਦ ਰਹੀ ਹੈ, ਕੋਈ ਸਰੀਆਂ ਪ੍ਰੋ ਰਹੀ ਹੈ, ਕੋਈ ਡੰਡੀਆਂ ਤੋੜਕੇ ਨਿਰੀ ਪੰਖੜੀਆਂ ਦੀ ਝੋਲੀ ਭਰ ਰਹੀ ਹੈ! ਮਨੁਖਾਂ ਵਲ ਦੇਖੋ ਅਪਣੀਆਂ ਹੱਟਾਂ ਨੂੰ ਸਜਾ ਰਹੇ ਹਨ, ਬਜ਼ਾਰ ਵਿਚ ਛਿਣਕਾਉ ਹੋ ਰਹੇ ਹਨ। ਖੁਸ਼ੀ ਦੇ ਭਰੇ ਐਧਰ ਓਧਰ ਦੌੜੇ ਫਿਰਦੇ ਹਨ। ਲਾਗਲੇ ਪਿੰਡਾਂ ਤੋਂ ਬੀ ਲੋਕੀਂ ਚਾਉ ਭਰੇ ਨਗਰੀ ਵਿਚ ਆ ਰਹੇ ਹਨ।

ਸ੍ਰੀ ਹਰਿਮੰਦਰ ਜੀ ਵਿੱਚ ਬੀ ਬੜੀ ਰੌਣਕ ਹੈ, ਮੇਲੇ ਦੀ ਨਹੀਂ, ਪਰ ਸੰਗਤਾਂ ਦੀ, ਜੋ ਕੀਰਤਨ ਤੇ

---

* ਪਰ ਦਰਬ ਹਿਰਣੰ ਬਹੁ ਵਿਘਨ ਕਰਣੰ ਉਚਰਣੰ ਸਰਬ ਜੀਅ ਕਹ॥ ਲਉ ਲਈ ਤ੍ਰਿਸਨਾ ਅਤਿਪਤਿ ਮਨ ਮਾਏ ਕਰਮ ਕਰਤ ਸੁ ਸੂਕਰਹ॥

SIKHBOOKCLUB.COM

ਸ਼ਬਦਾਂ ਦੇ ਉਚਾਰ ਵਿਚ ਮਗਨ ਹਨ। ਅੱਜ ਕੀ ਹੈ? ਕੋਈ ਰਾਜਾ ਆ ਰਿਹਾ ਹੈ? ਨਹੀਂ ਨਹੀਂ, ਤ੍ਰਿਲੋਕੀ ਦੇ ਨਾਥ ਆ ਰਹੇ ਹਨ। ਕੈਦਖਾਨੇ ਰਚਕੇ ਸਿਪਾਹੀਆਂ ਦੇ ਦਾਬੇ ਨਾਲ ਲੋਕਾਂ ਨੂੰ ਬੰਦੀ ਵਿਚ ਪਾਉਣ ਵਾਲੇ ਜ਼ੋਰ ਧੱਕੇ ਨਾਲ ਬਣੇ ਨਾਥ ਆ ਰਹੇ ਹਨ? ਨਹੀਂ, ਬੰਦੀ ਛੋੜ ਨਾਥ ਆ ਰਹੇ ਹਨ। ਕੈਦਖਾਨਿਆਂ ਵਿਚੋਂ ਕੱਢਣ ਵਾਲੇ, ਪ੍ਰੇਮ ਦਾ ਰਾਜ ਫੈਲਾਉਣ ਵਾਲੇ, ਲੋਕਾਂ ਦੀ ਹੁੱਬ ਨਾਲ ਪਜਾਰੇ ਗਏ ਅਨਾਥਾਂ ਦੀ ਪ੍ਰਤਿਪਾਲਾ ਕਰਨ ਵਾਲੇ ਨਾਥ ਆ ਰਹੇ ਹਨ। ਓਹ ਪਾਤਸ਼ਾਹ ਆ ਰਹੇ ਹਨ ਜੋ ਡਰ ਨਾਲ ਦਿਲਾਂ ਨੂੰ ਤੰਗ ਕਰਕੇ ਰਾਜ ਨਹੀਂ ਕਰਦੇ, ਪਰ ਜੋ ਅਭੈ ਦਾਨ ਕਰਕੇ ਦਿਲਾਂ ਨੂੰ ਖੁੱਲ੍ਹਾ ਤੇ ਉੱਚਾ ਕਰਕੇ ਦਿਲ-ਤਖਤਿਆਂ ਉਤੇ ਪਿਆਰ ਨਾਲ ਬਿਠਾਏ ਜਾਂਦੇ ਹਨ। ਜੋ ਪਾਤਸ਼ਾਹ ਨਹੀਂ, ਪਰ ਸੱਚੇ ਪਾਤਸ਼ਾਹ ਕਹਾਉਂਦੇ ਹਨ। ਇਨ੍ਹਾਂ ਨੂੰ ਲੋਕ ਇਸ ਭਰਮ ਵਿਚ ਵੱਡਾ ਨਹੀਂ ਆਖਦੇ ਕਿ ਮਤਾਂ ਖੁਸ਼ ਹੋਕੇ ਸਾਨੂੰ ਆਪਣੇ ਨਾਲ ਜ਼ੋਰ ਜ਼ੁਲਮ ਦੀ ਵਡਿਆਈ ਦਾ ਹਿੱਸੇਦਾਰ ਬਣਾਕੇ ਵਡਿਆ ਦੇਣਗੇ, ਪਰ ਇਸ ਸੁਆਦ ਵਿਚ ਵੱਡਾ ਆਖਦੇ ਹਨ ਕਿ ਇਸ ਵੱਡੇ ਨੇ ਸਾਡੇ ਦਿਲ ਵੱਡੇ ਕਰ ਦਿੱਤੇ ਹਨ। ਹਾਂ, ਉਹ ਖੜਗ ਬੀ ਧਾਰਦਾ ਹੈ? ਤ੍ਰਾਸ ਦੇਣ ਲਈ ਨਹੀਂ, ਪਰ ਤ੍ਰਾਸ ਨਾਲ ਦੱਬੇ ਹੋਇਆਂ ਨੂੰ ਤ੍ਰਾਸ ਦਾਤਿਆ ਤੋਂ ਤ੍ਰਾਸ ਰਹਿਤ ਕਰਨੇ ਲਈ। ਜੋ ਪ੍ਰੇਮ ਨਾਲ ਫਤਹਿ ਪਾਉਂਦਾ ਤੇ ਪ੍ਰੇਮ ਨਾਲ ਵਧਾਉਂਦਾ ਹੈ, ਪ੍ਰੇਮ ਦਾ ਹਾਲਾ ਲੈਂਦਾ, ਪ੍ਰੇਮ ਦੀਆਂ ਨਹਿਰਾਂ ਚਲਾਉਂਦਾ ਹੈ, ਜੋ ਪ੍ਰੇਮ ਤਲਬਾਂ ਦੇਂਦਾ ਹੈ ਤੇ ਪ੍ਰੇਮ ਜਗੀਰਾਂ ਬਖਸ਼ਦਾ ਹੈ, ਓਹ ਕੇਡਾ ਕੁ ਵਡਾ ਆਪ ਹੈ? ਹਾਂ, ਤਲਵਾਰ ਜਿੱਥੇ ਪ੍ਰੇਮ ਨੂੰ ਕਤਲ ਕਰਕੇ ਕੁੱਲ ਕੁੱਲਾਂ ਹੋਕੇ ਨਹੀਂ ਲਟਕਦੀ, ਪਰ ਪ੍ਰੇਮ ਦੇ ਬਾਗ਼ ਦੀ ਰਖਿਆ ਕਰਨ ਵਾਲੀ ਵਾੜ ਬਣਕੇ ਖੜੋਂਦੀ ਹੈ।ਜਿੱਥੇ ਤਲਵਾਰ ਦੀ ਤਹਿ ਵਿਚ ਲਾਲਚ ਤੇ ਕ੍ਰੋਧ ਨਹੀਂ ਪਰ ਦਇਆ ਤੇ ਉਤਸਾਹ ਹੈ। ਇਹ ਤਲਵਾਰ ਅਰੋਗਾਂ ਨੂੰ ਰੋਗ ਹੋਕੇ ਨਹੀਂ ਚੰਬੜਦੀ ਪਰ 'ਨਮੋ ਰੋਗ ਰੋਗੇ'* ਦੇ ਅਸੂਲ ਵਾਂਙੂ ਰੋਗਾਂ ਨੂੰ ਰੋਗ ਰੂਪ ਹੋ ਰਹੀ ਹੈ। ਇਹ ਤਲਵਾਰ ਅਮਨ ਲਈ ਜ਼ੁਲਮ ਦਾ ਰੂਪ ਨਹੀਂ ਧਾਰ ਰਹੀ, ਪਰ ਜ਼ੁਲਮ ਦੂਰ ਕਰਨ ਲਈ ਅਮਨ ਦਾ ਰੂਪ ਧਾਰਦੀ ਹੈ। ਇਹ ਤਲਵਾਰ ਭਿਆਨਕ ਰਸ ਦਾ ਉਦੀਪਨ ਕਰਨ ਵਾਲੀ ਨਹੀਂ ਹੈ, ਪਰ ਬੀਰ ਰਸ ਦਾ ਅਲੰਬਨ ਹੈ। ਇਹ ਤਲਵਾਰ ਵੈਰ ਭਾਵ ਨਾਲ ਭਰਾ ਨੂੰ ਵੈਰੀ ਜਾਣਕੇ ਗਰਦਨ ਤੋੜਨ ਵਾਲੀ ਨਹੀਂ ਪਰ (ਭਰਾਵਾਂ ਨੂੰ ਵੈਰੀ ਜਾਣਕੇ) ਗਰਦਨ ਤੋੜਨ ਵਾਲਿਆਂ ਦੀ ਤਲਵਾਰ ਦੇ ਅੱਗੇ ਸੱਚੀ ਢਾਲ ਹੈ। ਹਾਂ! ਤਲਵਾਰ ਦਾ ਧਾਰਨਾ ਤੇ ਇਸਨੂੰ ਦਾਰੂ ਰੂਪ ਰੱਖਣਾਂ ਦਾਨੇ ਹੀ ਵੈਦ ਦਾ ਕੰਮ ਹੈ। ਅਲ੍ਹੜਾਂ ਦੇ ਹੱਥ ਆਈ ਇਹ ਆਪਣੇ ਹੀ ਪੜਛੇ ਲਾਹੁੰਦੀ ਹੈ। ਇਸ ਖੜਗ ਦਾ ਧਾਰਨ ਵਾਲਾ ਸੰਸਾਰ ਨੂੰ ਉਸ ਚੋਟੀ ਤੇ ਲਿਜਾਇਆ ਚਾਹੁੰਦਾ ਹੈ ਜਿੱਥੇ ਜਾ ਕੇ ਤਲਵਾਰਾਂ ਦੀ ਲੋੜ ਨਹੀਂ ਰਹਿੰਦੀ, ਪਰ ਸੰਸਾਰ ਦੀ ਮੂਰਖਤਾ ਨੇ ਵਿਚਲੀ ਘਾਟੀ ਜ਼ੁਲਮ ਦੀਆਂ ਤਲਵਾਰਾਂ ਨਾਲ ਐਸੀ ਭਰ ਦਿੱਤੀ ਹੈ ਕਿ ਦਾਨਾਂ ਖੜਗ ਧਾਰੀ (ਹੀਰੇ ਨਾਲ ਹੀਰਾ ਵਿੰਨ੍ਹਣ ਵਾਲੀ ਹਿਕਮਤ ਕਰਕੇ) ਸੰਸਾਰ ਨੂੰ ਤਲਵਾਰ ਦੇ ਹੀ ਆਸਰੇ ਉਸ ਭਿਆਨਕ ਘਾਟੀ ਤੋਂ ਕੱਢਕੇ ਉਥੇ ਲਿਜਾ ਰਿਹਾ ਹੈ ਅਰ ਲੈ ਗਿਆ ਹੈ। ਇਸ ਦਾਨਾ ਹਕੀਮ ਦੀ ਕਮਰ ਨਾਲ ਲਟਕਦੀ ਉਹ ਤਲਵਾਰ ਨਹੀਂ ਦੱਸਦੀ ਕਿ ਅਸੀਂ ਜ਼ੁਲਮ ਕਰ ਸਕਦੇ ਹਾਂ, ਪਰ ਇਹ ਦੱਸਦੀ ਹੈ ਕਿ ਅਸੀਂ (ਜ਼ੁਲਮ ਦੀ ਤਲਵਾਰ ਅੱਗੇ ਨਿਤਾਣੇ ਹੋ ਗਏ) ਦਰਦਮੰਦਾਂ ਦੇ ਦੁਆਲੇ ਇਸ ਤਲਵਾਰ ਨਾਲ ਬੀਰਤਾ ਦੀ ਕਾਰ ਕੱਢ ਸਕਦੇ ਹਾਂ। ਧੰਨ ਹਨ ਓਹ ਜੋ ਇਸ ਦੁਰਗਾ ਦਾ ਇਹ ਯੋਗ ਵਰਤਾਉ ਕਰਦੇ ਹਨ, ਪਰ ਜੋ ਇਸਦਾ ਅਯੋਗ ਵਰਤਾਉ ਕਰਦੇ ਹਨ, ਉਨ੍ਹਾਂ ਲਈ ਸ਼ੋਕ ਹੈ।

ਪਿਆਰਿਓ! ਅੱਜ ਪ੍ਰੇਮ ਦੇ ਪੁਤਲੇ, ਜਿਨ੍ਹਾਂ ਨੇ ਜ਼ੁਲਮ ਦੀ ਬਰਖਾ ਲਈ ਭਿਜਦਿਆਂ ਉੱਤੇ ਛਤਰੀ ਤਾਣੀ ਸੀ, ਰਾਮਦਾਸ ਪੁਰ (ਅੰਮ੍ਰਿਤਸਰ) ਆ ਰਹੇ ਹਨ। ਗਵਾਲੀਅਰ ਦੇ ਕਿਲ੍ਹੇ ਵਿਚੋਂ ਉਮਰਾਂ ਦੇ ਬਵੰਜਾ ਕੈਦੀ ਛੁਡਾ ਆਏ ਹਨ। ਗਵਾਲੀਅਰ ਦੇ ਕਿਲੇ ਤੋਂ ਹੀ ਨਹੀਂ, ਸਗੋਂ ਉਨ੍ਹਾਂ ਨੂੰ ਮੂਰਖਤਾ ਦੇ ਕਿਲੇ ਵਿਚੋਂ ਭੀ ਕੱਢ ਆਏ ਹਨ। ਖਿਮਾਂ ਦੀ ਤਲਵਾਰ ਤੇ ਪਿਆਰ ਦੀ ਕ੍ਰਿਪਾਨ ਉਨ੍ਹਾਂ ਦੇ ਅੰਦਰਲੇ ਨੂੰ ਪੁਆ ਆਏ ਹਨ ਅਤੇ ਉਨ੍ਹਾਂ ਦੀ ਗਾਤਰੇ ਦੀ ਤਲਵਾਰ ਨੂੰ ਜ਼ੁਲਮ ਦੇ ਖੂਨ ਤੋਂ ਧੋਕੇ ਦੀਨ ਰੱਖਜਾ ਦੀ ਢਾਲ ਬਣਾ ਆਏ

* ਰੋਗ ਨੂੰ ਜੋ ਸ਼ੈ ਰੋਗ ਹੋਕੇ ਲੱਗੇ ਸੋ ਅਰੋਗਤਾ ਦੀ ਦਾਤੀ ਹੁੰਦੀ ਹੈ।

ਹਨ। ਐਸੇ ਦਾਤਾ ਗੁਰੂ ਹਰਿਗੋਬਿੰਦ ਜੀ ਅਜ ਘਰ ਆ ਰਹੇ ਹਨ।ਅੰਮ੍ਰਿਤਸਰ ਜਿਸ ਵੇਲੇ ਆਪ ਨੂੰ ਸੁਨਹਿਰੀ ਕਲਸ ਨਾਲ ਚਮਕਦਾ ਦਿੱਸਿਆ ਤਾਂ ਘੋੜੇ ਤੋਂ ਉਤਰ ਕੇ ਪਿਆਰੇ ਸਤਿਗੁਰਾਂ ਦੇ ਅਦਬ ਵਿਚ ਪੈਦਲ ਹੋ ਗਏ। ਅਗੋਂ ਸੰਗਤਾਂ ਆ ਰਹੀਆਂ ਹਨ, ਇਧਰ ਬੀ ਭਾਈ ਬੁੱਢਾ, ਭਾਈ ਜੇਠਾ ਆਦਿਕ ਹੋਰ ਸਾਰੇ ਸਿੱਖ ਗੁਰੂ ਚੰਦ ਉਦਾਲੇ ਤਾਰਾ ਮੰਡਲ ਬਣਕੇ ਸ਼ਬਦ ਪੜ੍ਹ ਰਹੇ ਹਨ। ਉਧਰ ਭਾਈ ਗੁਰਦਾਸ, ਭਾਈ ਸਾਈਂ ਦਾਸ ਤੇ ਸਾਰੇ ਮੁਖੀ ਸਿੱਖ ਗਲ ਪੱਲੇ ਪਾਈ, ਦਿਲ ਸਾਈਂ ਵਲ ਲਾਈ, ਮੁਖੋਂ ਸਬਦਾਂ ਦੀ ਘਨਘੋਰ ਲਾਈ, ਨੇਤ੍ਰ ਪ੍ਰੇਮ ਨਾਲ ਜਗਮਗਾਈ ਚਲੇ ਆ ਰਹੇ ਹਨ! ਪ੍ਰੇਮ ਦਾ ਸੰਗਮ ਹੋ ਗਿਆ, ਚਰਨੀ ਢੈ ਪਏ, ਮਿਲੇ, ਵਿਛੁੜੇ ਮਿਲੇ 'ਗੁਰੂ ਸਮੁੰਦ ਨਦੀ ਸਭਿ ਸਿੱਖੀਂ' ਮਿਲ ਪਏ। ਇਸ ਅਰਸ਼ੀ ਮੇਲ ਦਾ ਵਰਣਨ ਕੌਣ ਕਰੇ। ਫੇਰ ਸਿੱਧੇ ਹਰਿਮੰਦਰ ਜੀ ਨੂੰ ਆਏ। ਸ੍ਰੀ ਅਕਾਲ ਤਖਤ ਸਾਹਿਬ ਜੀ ਆਏ। ਫੇਰ ਅੰਦਰ ਸ੍ਰੀ ਹਰਿਮੰਦਰ ਜੀ ਵਿਚ ਗਏ। ਕੜਾਹ ਪ੍ਰਸ਼ਾਦ ਆਇਆ, ਕੀਰਤਨ ਹੋਇਆ। ਅਰਦਾਸ ਵਿੱਚ ਲਿਵਲੀਨਤਾ ਹੋਈ। ਫੇਰ ਪ੍ਰਸ਼ਾਦ ਵਰਤਿਆ। ਫੇਰ ਗੁਰੂ ਜੀ ਸ਼ਹਿਰ ਵਿਚ ਆਏ। ਬਜ਼ਾਰ ਕਤਾਰਾਂ ਮਨੁੱਖਾਂ ਨਾਲ ਭਰੇ ਪਏ ਹਨ, ਕੋਠੇ ਇਸਤ੍ਰੀਆਂ ਨਾਲ ਲੱਦੇ ਪਏ ਹਨ, ਸ਼ਬਦਾਂ ਦੀ ਘਨਘੋਰ ਹੋ ਰਹੀ ਹੈ, ਫੁੱਲਾਂ ਦੀ ਵਰਖਾ ਹੋ ਰਹੀ ਹੈ, ਗੁਲਾਬ ਦੇ ਤ੍ਰੌਂਕੇ ਵੱਸ ਰਹੇ ਹਨ, ਸਿਹਰੇ ਤੇ ਮਾਲਾਂ ਗਲੇ ਪੈ ਰਹੇ ਹਨ, ਸੱਥਿਆਂ ਤੇ ਸੀਸ-ਬੰਦਨਾਂ ਦੀ ਵਾਰ ਨਹੀਂ ਆਉਂਦੀ ਤੇ ਸ਼ਬਦਾਂ ਦੀ ਘਨਘੋਰ ਨਾਲ ਅਕਾਸ਼ ਗੂੰਜ ਰਿਹਾ ਹੈ। ਸੰਗਤਾਂ ਦੇ ਮੰਨੇ ਪ੍ਰਮੰਨੇ ਗੁਰੂ, ਹਾਂ, ਸੰਗਤ ਨੂੰ ਵਡਾ ਜਾਨਣ ਵਾਲੇ ਗੁਰੂ, ਪ੍ਰੇਮ ਕਰਦੇ ਤੇ ਪ੍ਰੇਮ ਕੀਤੇ ਜਾਂਦੇ ਪ੍ਰੇਮੀਆਂ ਦੇ ਮੰਡਲ ਵਿੱਚੋਂ ਕਿਸ ਤਰ੍ਹਾਂ ਲੰਘ ਰਹੇ ਹਨ? ਜਿਕੂੰ ਪ੍ਰੇਮ ਭਰੀਆਂ ਹੰਸਾਂ ਦੀਆਂ ਡਾਰਾਂ ਵਿੱਚੋਂ ਰੰਗ ਰੱਤੜਾ ਰਾਜਹੰਸ ਲੰਘਦਾ ਹੈ। ਇਸ ਤਰ੍ਹਾਂ ਸਤਿਕਾਰੇ ਜਾਂਦੇ ਗੁਰੂ ਜੀ ਸਨੇ ਸਨੇ ਘਰ ਪਹੁੰਚੇ। ਮਾਤਾ ਜੀ ਦੇ ਡੇਰੇ ਗਏ। ਓਹ ਸ਼ਾਂਤਿ ਵਿੱਚ ਭਰੀ ਪਿਆਰੇ ਪੁੱਤ੍ਰ ਤੇ ਸਤਿਗੁਰਾਂ ਦੇ ਨਿਵਾਜੇ ਗੁਰੂ ਦੀ ਤਾਂਘ ਵਿੱਚ ਖੜੀ ਹੈ। ਮਰਯਾਦਾ ਦੇ ਪੂਰੇ ਜਗਤ ਗੁਰੂ ਜੀ ਮਾਤਾ ਦੇ ਚਰਨਾਂ ਪਰ ਡਿੱਗਦੇ ਹਨ। ਮਮਤਾ ਭਰੀ ਮਾਂ ਮਾਤ੍ਰੀ-ਪ੍ਰੇਮ ਵਿੱਚ ਚੁੱਕ ਕੇ ਗਲ ਲਾਉਂਦੀ ਤੇ ਮੱਥਾ ਸੁੰਘਦੀ ਹੈ। ਫਿਰ ਮਾਤਾ ਪ੍ਰੇਮ ਦੇ ਲਹਿਰੇ-ਸ਼ਰਧਾ-ਨਾਲ ਚਰਨਾਂ ਵੱਲ ਝੁਕਦੀ ਹੈ ਪਰ ਓਹ ਪੂਰਾ ਗੁਰੂ ਮੱਥਾ ਝੁਕਣ ਬੀ ਨਹੀਂ ਦੇਂਦਾ ਅਰ ਮਾਤਾ ਵਿੱਚ ਆਪਣੇ ਪਿਆਰੇ ਸਤਿਗੁਰੂ ਪਿਤਾ ਦੀ ਮੂਰਤ ਵੇਖਦਾ ਵੇਖਦਾ ਗੁਰੂ ਪ੍ਰੇਮ ਵਿੱਚ ਪ੍ਰੋਤਾ ਸਜਲ ਨੇਤਰ ਹੋ ਜਾਂਦਾ ਹੈ। ਲੋਕੋ! ਇਨ੍ਹਾਂ ਆਤਮ-ਪ੍ਰੇਮ ਦੇ ਜਾਣੂੰਆਂ ਦੇ ਕੌਤਕਾਂ ਨੂੰ ਕੌਣ ਸਮਝੇ? ਰਸ ਸੰਗਮ ਇਨ੍ਹਾਂ ਵਿੱਚ ਹੀ ਹੁੰਦੇ ਹਨ, ਮਾਨੋਂ ਹਿਰਦੇ ਅਕਾਸ਼ ਵਿੱਚ ਆਤਮ ਰਸਾਂ ਦੀ ਅਕਾਸ਼ੀ ਪੀਂਘ ਪੈ ਜਾਂਦੀ ਹੈ। ਇਕ ਪਾਸੇ ਤਾਂ ਮਾਤਾ ਜੀ ਪੁੱਤ੍ਰ (ਵਾਤਸਲ) ਰਸ ਵਿੱਚ ਭਰੇ ਪਏ ਹਨ। ਦੂਜੇ ਪਾਸੇ ਸ਼ਰਧਾ ਤੇ ਨਿੰਮ੍ਰਤਾ ਵਿੱਚ ਭਗਤੀ ਛਾ ਰਹੀ ਹੈ ਤੇ ਗੁਰੂ ਭਾਵਨਾ ਦਾ ਪ੍ਰੇਮ ਸਥਾਈ ਵਾਲਾ ਇਲਾਹੀ ਸ਼ਾਂਤਿ ਰਸ ਪੂਰਤ ਹੋ ਰਿਹਾ ਹੈ। ਹਾਂ 'ਸਾਰੇ ਸੰਸਾਰ ਤੋਂ ਨਿਰਵੇਦ ਸਥਾਈ ਵਾਲਾ ਸ਼ਾਂਤਿ ਰਸ ਵੀ ਹੈ, ਪਰ ਉਹ ਲੁਕ ਰਿਹਾ ਹੈ ਉਚੇ ਰੂਹਾਨੀ ਪ੍ਰੇਮ ਸਥਾਈ ਵਾਲੇ ਸ਼ਾਂਤਿ ਰਸ ਦੇ ਓਹਲੇ।

ਮਰਯਾਦਾ ਪੁਰਸ਼ੋਤਮ ਗੁਰੂ ਜੀ ਨੇ ਮਾਤਾ ਨੂੰ ਮਾਤਾ ਤੇ ਨਿਜ ਨੂੰ ਪੁੱਤ੍ਰ ਜਾਣਕੇ ਉਹ ਆਦਰ ਤੇ ਸਤਿਕਾਰ ਕੀਤਾ ਹੈ ਕਿ ਜੋ ਲੋਕਾਂ ਲਈ ਨਮੂਨਾ ਹੈ ਕਿ ਸੰਸਾਰਿਕ ਪ੍ਰਤਾਪ ਪਾਕੇ ਚਾਹੇ ਆਤਮ ਸੱਤਿਆ ਦੇ ਸੁਆਮੀ ਹੋਕੇ, ਮਾਤਾ ਪਿਤਾ ਸਦਾ ਵੱਡੇ ਅਰ ਸਦਾ ਸ਼ਤਿਕਾਰ ਯੋਗ ਹਨ ਅਰ ਕਦੇ ਕੋਈ ਹਾਲਤ ਐਸੀ ਨਹੀਂ ਹੈ ਕਿ ਔਲਾਦ ਮਾਪਿਆਂ ਨੂੰ ਆਪਣੇ ਅੱਗੇ ਝੁਕਾਵੇ। ਜਦ ਗੁਰੂ ਜੀ ਇਹ ਨਮੂਨਾ ਦੱਸਦੇ ਹਨ ਤਦ ਜੀਵਾਂ ਨੂੰ ਮਾਪਿਆਂ ਦਾ ਸਤਿਕਾਰ ਕਿੰਨਾ ਵਧੀਕ ਕਰਨਾ ਚਾਹੀਏ?

ਹੁਣ ਮਾਤਾ ਨੇ ਆਦਰ ਨਾਲ ਬਿਠਾਕੇ ਸਾਰਾ ਹਾਲ ਰਤਾ ਰਤਾ ਕਰਕੇ ਸੁਣਿਆਂ, ਸਾਰਾ ਸੁਣਕੇ ਗਲ ਵਿੱਚ ਪੱਲਾ ਪਾਕੇ ਖੜੋ ਗਈ, ਨਾਲ ਗੁਰੂ ਜੀ ਖੜੋ ਗਏ ਅਕਾਲ ਪੁਰਖ, ਸਤਿਗੁਰਾਂ ਦਾ ਧਿਆਨ ਕੀਤਾ ਅਰ ਬੜੇ ਪ੍ਰੇਮ ਨਾਲ ਅਰਦਾਸ ਵਿਚ ਜੁੜ ਗਏ। ਇਸ ਵੇਲੇ ਦੇ ਪ੍ਰੇਮ ਤੇ ਧੰਨਵਾਦ ਵਿਚ ਮਾਤਾ ਤੇ ਗੁਰੂ ਜੀ ਐਸੇ ਲਿਵਲੀਨ ਹੋ ਗਏ ਕਿ ਘੜੀ ਭਰ ਨੇਤਰ ਨਹੀਂ ਖੁੱਲੇ।

ਫੇਰ ਬਹੁਤ ਚਿਰ ਮਾਤਾ ਜੀ ਪੁੱਤ੍ਰ ਜੀ ਦੇ ਪਾਸ

ਬੈਠੇ ਰਹੇ। ਹੁਣ ਮਾਤਾ ਜੀ ਨੂੰ ਉਪਕਾਰ ਯਾਦ ਆਇਆ। ਏਸ ਸੁਖ ਨੂੰ ਕੱਲਿਆਂ ਮਾਤਾ ਜੀ ਕਦ ਮਾਣ ਸਕਦੇ ਸੇ? 'ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥' ਬੀਬੀ ਰਾਮੋ ਨੂੰ ਸੱਦਿਆ। ਭਾਈ ਸਾਂਈ ਦਾਸ ਜੀ, ਭਾਈ ਨਰੈਣ ਦਾਸ ਜੀ ਤੇ ਬੇਬੇ ਪ੍ਰੇਮ ਦੇਵੀ ਜੀ ਆਦਿ ਸਾਰੇ ਪਰਵਾਰ ਨੂੰ ਸੱਦਿਆ। ਗੁਰੂ ਜੀ ਆਪਣੇ ਪਰਮ ਪ੍ਰੇਮੀ ਸਾਹੁਰੇ ਪ੍ਰਵਾਰ ਨੂੰ ਹੁਣ ਘਰ ਵਿਚ ਮਿਲਕੇ ਗਦਗਦ ਹੋਏ, ਸਭ ਨੂੰ ਆਤਮ ਵਰ ਦਿੱਤੇ, ਢੇਰ ਚਿਰ ਵਾਰਤਾਲਾਪ ਹੁੰਦੇ ਰਹੇ। ਬੀਬੀ ਦਮੋਦਰੀ ਜੀ ਨੇ ਪਿਆਰੇ ਪਤੀ ਦੇ ਚਰਨ ਕੰਵਲ ਪਰਸੇ। ਇਸ ਪ੍ਰਕਾਰ ਪਰਵਾਰ ਦੇ ਪਿਆਰ ਤੇ ਖੁਸ਼ੀ ਦੇ ਰੰਗਾਂ ਵਿਚ ਗੁਰੂ ਉਦਾਲੇ ਮਾਨੋਂ ਪਰਵਾਰ ਪੈ ਰਿਹਾ ਸੀ। ਦਿਨ ਐਉਂ ਲੰਘਿਆ। ਰਾਤ ਦੱਸੀਦਾ ਹੈ ਕਿ ਹਰਿਮੰਦਰ ਗਏ ਤੇ ਭਾਈ ਬੁੱਢਾ ਜੀ ਦੀ ਚਾੜ੍ਹੀ ਚੌਕੀ ਵਿਚ, ਜਦ ਓਹ ਅਕਾਲ ਬੁੰਗੇ ਅੱਪੜੀ, ਜਾ ਦਰਸ਼ਨ ਦਿੱਤੇ* ਤੇ ਫਿਰ ਆਪਣੇ ਸੁਖ ਆਸਣ ਵਿੱਚ ਜਾ ਬਿਰਾਜੇ।

ਪਹਿਰ ਰਾਤ ਰਹਿੰਦੀ ਗੁਰੂ ਜੀ ਉਠੇ, ਸ਼ਨਾਨ ਕਰਕੇ ਆਪਣੇ ਧਯਾਨ ਮਗਨ ਹੋ ਗਏ। ਫੇਰ ਉਸ ਵੇਲੇ ਕਿ ਜਿਸ ਵੇਲੇ ਗੁਰੂ ਗ੍ਰੰਥ ਸਾਹਿਬ ਜੀ ਸ੍ਰੀ ਦਰਬਾਰ ਸਾਹਿਬ ਆਉਂਦੇ ਹਨ, ਆਪ ਸ੍ਰੀ ਹਰਿਮੰਦਰ ਜੀ ਆਏ, ਆਸਾ ਦੀ ਵਾਰ ਲੱਗ ਰਹੀ ਸੀ। ਭੋਗ ਪਏ ਤੇ ਸ੍ਰੀ ਅਕਾਲ ਤਖਤ ਸਾਹਿਬ ਜੀ ਆਪ ਆ ਬਿਰਾਜੇ। ਏਥੇ ਪਿਆਰੇ ਸਿੱਖ ਆ ਜੁੜੇ। ਵਾਰਤਾਲਾਪਾਂ ਹੋਈਆਂ, ਅਨੇਕ ਪ੍ਰੇਮੀਆਂ ਦੇ ਪ੍ਰੇਮ ਪੂਰਨ ਹੋਏ। ਭਾਈ ਸਿੰਧੀ ਜੀ ਬੀ ਇਕਲਵੰਜੇ ਬੈਠੇ ਸੀ। ਗੁਰੂ ਜੀ ਦੀ ਨਜ਼ਰ ਉਸ ਪਰ ਜਾ ਪਈ। ਪਾਸ ਸੱਦਕੇ ਕਹਿਣ ਲੱਗੇ "ਸੁਣਾਓ ਸੱਜਣ ਜੀ! ਕੀ ਹਾਲ ਹੈ?" ਉੱਤਰ ਦੇਣ ਦੀ ਥਾਂ ਉਸਦਾ ਹਿਰਦਾ ਸ਼ੁਕਰ ਤੇ ਪ੍ਰੇਮ ਨਾਲ ਉਛਲ ਪਿਆ ਅਰ ਚਰਨਾਂ ਕੰਵਲਾਂ ਤੇ ਢੈ ਪਿਆ। ਸਤਿਗੁਰਾਂ ਨੇ ਫੇਰ ਵਿਥਿਆ ਪੁੱਛੀ ਪਰ ਬੋਲੇ ਕੌਣ? ਇਹ ਪ੍ਰੇਮ ਦੀ ਬਹੁਲਤਾ ਵੇਖਕੇ ਸਤਿਗੁਰਾਂ ਨੇ ਮਸਤਕ ਤੇ ਹੱਥ ਲਾਇਆ* ਅਰ ਥਾਪੀ ਦੇਕੇ ਕਿਹਾ 'ਨਿਹਾਲ! ਨਿਹਾਲ!!' ਇਤਨਾ ਕਹਿਣਾ ਸੀ ਕਿ ਉਹ, ਜਿਸਨੂੰ 'ਨਾਮ' ਕਰਕੇ ਭਾਈ ਟੋਲਦਾ ਸੀ- ਜਿਸ ਲਈ ਸੇਵਾ, ਬਾਣੀ, ਸ਼ੁਕਰ ਤੇ ਬੇਨਤੀ ਨੇ ਤਿਆਰੇ ਕਰ ਦਿੱਤੇ ਸਨ- ਉਸਦੇ ਸਾਰੇ ਸਰੀਰ ਵਿਚੋਂ ਫੁੱਟ ਨਿਕਲਿਆ। ਮਨ ਦੀ ਗਤੀ ਉਨਮਨ ਹੋ ਗਈ। ਉਸ ਲਈ ਜ਼ਮੀਨ ਅਸਮਾਨ ਦਾ ਰੰਗ ਬਦਲ ਗਿਆ, ਦੁਨੀਆ ਹੋਰ ਹੋ ਗਈ, ਆਪਾ ਹੋਰ ਹੋ ਗਿਆ ਤੇ ਗੁਰੂ ਨੂੰ ਪਿਆਰ ਕਰਦਿਆਂ ਗੁਰੂ ਦਾ ਪਿਆਰਾ ਹੋ ਗਿਆ। ਸਰੀਰ ਵਿਚ ਆਤਮਾ ਤੇ ਆਤਮਾ ਵਿਚ ਪਰਮਾਤਮਾ ਅਰ ਪਰਮਾਤਮਾ ਵਿੱਚ ਸਰੀਰ ਕੁਛ ਐਦਾਂ ਲਿਸ਼ਕਿਆ ਕਿ ਆਪਾ ਅਨੁਭਵ ਵਿੱਚ ਟਿਕਾਉ ਪਾ ਗਿਆ। ਸਿੰਧੀ ਭਾਈ ਨਦਰੀ ਨਦਰ ਨਿਹਾਲ ਹੋ ਗਿਆ। ਸਤਿਗੁਰਾਂ ਨੇ 'ਭਾਈ ਜੋਧਾ' ਨਾਮ ਬਖਸ਼ਿਆ ਅਰ ਸਿੱਖੀ ਦੀ ਸੇਵਾ ਸੌਂਪੀ ਅਰ ਨਾਲ ਹੀ ਭਾਈ ਸਾਈਂ ਦਾਸ ਜੀ ਪਰ ਕ੍ਰਿਪਾ ਤੇ ਹੋਰ ਕ੍ਰਿਪਾ ਹੋ ਗਈ। ਸਤਿਗੁਰਾਂ ਨੇ ਉਨ੍ਹਾਂ ਦੀ ਸਿੱਖੀ, ਸਿਦਕ, ਸੇਵਾ ਸਮਝ ਤੇ ਪ੍ਰੇਮ ਦੀ ਬਹੁਤ ਮਹਿਮਾਂ ਕਹੀ ਅਰ ਇਹ ਆਗਿਆ ਕੀਤੀ ਕਿ 'ਭਾਈ ਸਾਈਂ ਦਾਸ! ਜਿਕੂੰ ਜੋਧੇ ਤੇ ਕਿਰਪਾ ਕੀਤੀ ਜੇ ਏਸੇ ਤਰ੍ਹਾਂ ਢੇਸੇ ਨੂੰ ਬੀ ਤਾਰਨਾ'। ਭਾਈ ਸਾਈਂ ਦਾਸ ਜੀ ਇਹ ਕਦ ਸਹਾਰ ਸਕਦੇ ਸੇ? ਕਹਿ ਤਾਂ ਕੁਛ ਨਾ ਸਕੇ, ਪ੍ਰੇਮ ਨਾਲ ਨੈਣ ਭਰ ਆਏ। ਜਾਣੀ ਜਾਣ ਗੁਰੂ ਸਮਝ ਗਏ ਕਿ ਇਹ ਹਉਮੈ ਦੇ ਮੰਡਲਾਂ ਤੋਂ ਉੱਚੇ ਉੱਡਣ ਵਾਲੇ ਹੰਸ ਆਪਣੀ ਵਡਿਆਈ ਨਹੀਂ ਸਹਾਰ ਸਕਦੇ। ਉੱਠਕੇ ਭਾਈ ਜੀ ਨੂੰ ਗਲੱਕੜੀ ਪਾ ਲਈ ਤੇ ਕਿਹਾ:- "ਡੱਲੇ ਦੀ ਸਿੱਖੀ ਧੰਨ! ਸਾਈਂਦਾਸ ਨਿਹਾਲ! ਨਿਹਾਲ!!"

ਇਸ ਤਰ੍ਹਾਂ ਦੇ ਆਤਮ ਦਾਨ ਕਰਦਿਆਂ ਸੁਨੇਹਾ ਆਇਆ ਕਿ ਪਾਤਸ਼ਾਹ ਮੰਦਰ ਯਾਤ੍ਰਾ ਲਈ ਆਉਂਦਾ ਹੈ। ਸੋ ਉਸੇ ਵੇਲੇ ਉਸ ਨੂੰ ਮੰਦਰ ਦੀ ਯਾਤ੍ਰਾ ਕਰਵਾਈ ਗਈ। ਪਾਤਸ਼ਾਹ ਕਸ਼ਮੀਰ ਜਾ ਰਿਹਾ ਸੀ ਜੋ ਅੰਮ੍ਰਿਤਸਰੋਂ ਦੋ ਕੁ ਸੌ ਮੀਲ ਹੈ। ਸਤਿਗੁਰਾਂ ਅੱਗੇ

---

* ਰਵਾਇਤ ਹੈ ਕਿ ਹਰਿਗੋਬਿੰਦ ਜੀ ਨੇ ਗਵਾਲੀਅਰ ਤੋਂ ਆਕੇ ਪਹਿਲੀ ਰਾਤ ਚਉਂਕੀ ਸਾਹਿਬ ਨੂੰ ਅਕਾਲ ਬੁੰਗੇ ਸਾਹਿਬ ਆਕੇ ਦਰਸ਼ਨ ਦਿੱਤੇ ਸੇ।

* ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ ਮਾਰਿ ਕਢੀਆ ਬੁਰਿਆਈਆ॥ ਸਹਿ ਤੁਠੈ ਨਉ ਨਿਧਿ ਪਾਈਆ॥

(ਵਾਰ ਆਸਾ ਮ:੧)

ਪਾਤਸ਼ਾਹ ਨੇ ਕਸ਼ਮੀਰ ਨਾਲ ਚੱਲਣ ਦੀ ਯਾਚਨਾ ਕੀਤੀ ਸੀ ਜੋ ਗੁਰੂ ਜੀ ਨੇ ਪਰਵਾਨ ਕੀਤੀ ਸੀ। ਪਾਤਸ਼ਾਹ ਤਾਂ ਉਸੇ ਦਿਨ ਤੁਰ ਗਿਆ, ਪਰ ਕੁਛ ਦਿਨ ਮਗਰੋਂ ਸ੍ਰੀ ਗੁਰੂ ਜੀ ਬੀ ਲਾਹੌਰ ਤੁਰ ਗਏ। ਜਾਂਦੇ ਹੋਏ ਗੁਰੂ ਜੀ ਸਾਹੁਰੇ ਪਰਵਾਰ ਨੂੰ ਡੱਲੇ ਤੋਰ ਗਏ ਤੇ ਸੰਗਤਾਂ ਵਿਦਾ ਹੋਈਆਂ। ਕੁਛ ਸਿੱਖ ਗੁਰੂ ਜੀ ਦੇ ਨਾਲ ਗਏ ਤੇ ਕੁਛ ਮੰਦਰ ਦੀ ਸੇਵਾ ਵਿੱਚ ਰਹੇ।

ਹੁਣ ਭਾਈ ਸਾਈਂਦਾਸ ਜੀ ਤੇ ਰਾਮੋ ਫੇਰ ਆਪਣੇ ਗਿਰਾਂ ਉਸੇ ਤਰ੍ਹਾਂ ਸਤਿਸੰਗ ਵਾੜੀ ਲਾਈ ਬੈਠੇ ਹਨ।

-o-

(ਚ)

ਇਕ ਦਿਨ ਭਾਈ ਸਾਈਂਦਾਸ ਜੀ ਬੈਠੇ ਸੇ, ਕਿ ਉਨ੍ਹਾਂ ਦੇ ਘਰ ਭਾਈ ਢੇਸਾ ਫਿਰ ਆ ਗਿਆ, ਪੈਰੀਂ ਪਉਣਾ ਕਹਿਕੇ ਸਿਰ ਨਿਵਾਇਆ। ਭਾਈ ਜੀ ਨੇ ਭੀ ਪੈਰੀਂ ਪਉਣਾ ਕਹਿਕੇ ਪਾਸ ਬਹਾਲ ਲਿਆ ਤੇ ਸੁੱਖ ਸਾਂਦ ਪੁੱਛੀ।

ਢੇਸਾ-ਆਪ ਦੀ ਕ੍ਰਿਪਾ ਹੈ, ਸੁੱਖ ਸਾਂਦ ਹੈ।

ਭਾਈ- ਮਨ ਦੇ ਕਲੇਸ਼ ਬੀ ਹਟ ਗਏ ਹਨ?

ਢੇਸਾ- ਆਪ ਦੀ ਕ੍ਰਿਪਾ ਤਾਂ ਅਪਾਰ ਹੋਈ ਹੈ, ਪਰ ਮੈਂ ਕੁਛ ਖੁੱਲ੍ਹਾ ਡੁੱਲ੍ਹਾ ਜਿਹਾ ਆਦਮੀ ਹਾਂ। ਗੁਰੂ ਹਰਿਗੋਬਿੰਦ ਜੀ ਜਦੋਂ ਅੰਮ੍ਰਿਤਸਰ ਦਿੱਲੀ ਤੋਂ ਮੁੜੇ ਜਾ ਰਹੇ ਸੇ ਤਦ ਮੈਨੂੰ ਪਤਾ ਲੱਗਾ ਸੀ ਤੇ ਮੈਂ ਆਪਣੇ ਪਿੰਡੋਂ ਧਾਈ ਕਰਕੇ ਗੋਇੰਦਵਾਲ ਉਨ੍ਹਾਂ ਨੂੰ ਜਾ ਮਿਲਿਆ ਸਾਂ। ਆਪਣੇ ਸੁਭਾਵ ਅਨੁਸਾਰ ਮੈਂ ਕੁਛ ਮੰਗਣ ਦੀ ਥਾਂ ਇਹੋ ਪ੍ਰਸ਼ਨ ਕਰ ਦਿੱਤਾ ਕਿ ਦੀਨਾਬੰਧੂ ਜੀ ਕਰਤਾਰ ਜਦ ਸੁਧਾ ਨੇਕੀ ਹੈ ਤਦ ਬਦੀ ਕਿਉਂ ਬਣਾਉਂਦਾ ਹੈ?

ਗੁਰੂ ਜੀ ਆਖਣ ਲੱਗੇ- ਕਰਤਾਰ ਤਾਂ ਨੇਕੀ ਦਾ ਕਰਤਾਰ ਹੈ, ਬਦੀ ਤੂੰ ਬਣਾਉਂਦਾ ਹੈ।

ਮੈਂ- ਮੈਂ ਕਿਕੂੰ ਬਣਾਉਂਦਾ ਹਾਂ?

ਗੁਰੂ ਜੀ- ਦਾਖਾਂ ਤੂੰ ਬਣਾਈਆਂ ਹਨ ਕਿ ਕਰਤਾਰ ਨੇ?

ਮੈਂ- ਜੀ ਕਰਤਾਰ ਨੇ।

ਗੁਰੂ ਜੀ- ਦਾਖਾਂ ਤੋਂ ਸ਼ਰਾਬ ਖਿੱਚਣ ਲਈ ਭੱਠੀਆਂ ਤੇ ਭਬਕੇ ਕਰਤਾਰ ਨੇ ਬਣਾਏ ਹਨ ਕਿ ਮਨੁੱਖ ਨੇ?

ਮੈਂ- ਜੀ ਮਨੁੱਖ ਨੇ।

ਗੁਰੂ ਜੀ- ਫੇਰ ਸ਼ਰਾਬ ਮਨੁੱਖ ਨੇ ਬਣਾਈ ਹੈ ਕਿ ਕਰਤਾਰ ਨੇ?

ਮੈਂ- ਜੀ ਮਨੁੱਖ ਨੇ।

ਗੁਰੂ ਜੀ- ਸ਼ਰਾਬ ਪੀਕੇ ਅਕਲ ਮਾਰ ਕੇ ਖੁਆਰ ਹੋਣ ਤੇ ਬਦੀ ਕਰਨੀ ਕਰਤਾਰ ਨੇ ਬਣਾਈ ਕਿ ਪੀਵਣ ਵਾਲੇ ਨੇ?

ਮੈਂ- ਜੀ ਪੀਵਣ ਵਾਲੇ ਨੇ।

ਗੁਰੂ ਜੀ- ਫੇਰ ਬਦੀ ਤੂੰ ਰਚੀ ਕਿ ਕਰਤਾਰ ਨੇ?

ਮੈਂ (ਦੱਬੇ ਦੰਦੀਂ)- ਜੀ ਇਹ ਤਾਂ ਮੇਰੀ ਕਰਨੀ ਵਿਚੋਂ ਹੀ ਨਿਕਲ ਪਈ।

ਗੁਰੂ ਜੀ- ਸੂਰਜ ਤੂੰ ਰਚਿਆ ਕਿ ਕਰਤਾਰ ਨੇ?

ਮੈਂ- ਜੀ ਕਰਤਾਰ ਨੇ।

ਗੁਰੂ ਜੀ- ਜੇ ਤੂੰ ਸਾਰਾ ਦਿਨ ਅੱਖਾਂ ਮੀਟ ਕੇ ਤੁਰੇਂ ਤੇ ਠੁਹਕਰਾਂ ਖਾਵੇਂ ਤਦ ਕਸੂਰ ਤੇਰਾ ਕਿ ਕਰਤਾਰ ਦਾ?

ਮੈਂ- ਜੀ ਮੇਰਾ।

ਗੁਰੂ ਜੀ- ਢੇਸਿਆ! ਅਸਾਂ ਅਜੇ ਬਾਹਰ ਜਾਣਾ ਹੈ, ਜੇ ਤੈਂ ਪੂਰਾ ਸੁਖੀ ਹੋਣਾ ਹੈ ਤਾਂ ਭਾਈ ਸਾਈਂ ਦਾਸ ਨੂੰ ਮਿਲਿਆ ਕਰ!

ਮੈਂ- ਜੀ ਸਤਿ ਬਚਨ।

ਸੋ ਦੀਨ ਦਿਆਲ! ਉਨ੍ਹਾਂ ਦੀ ਆਗਜ਼ਾ ਕਰਕੇ ਅਰ ਆਪਣੇ ਸੁਖ ਦੀ ਖਿੱਚ ਕਰਕੇ ਜੋ ਆਪ ਦੇ ਉਪਦੇਸ਼ ਤੋਂ ਮੈਂ ਪਾਏ ਹਨ, ਮੈਂ ਅੱਜ ਫੇਰ ਹਾਜ਼ਰ ਹੋਇਆ ਹਾਂ, ਮੇਰੇ ਤੇ ਕ੍ਰਿਪਾ ਕਰੋ!

ਭਾਈ ਜੀ- ਸੱਜਣਾਂ! ਸ੍ਰੀ ਗੁਰੂ ਜੀ ਦੇ ਪਾਸ ਇਸ ਤਰ੍ਹਾਂ ਚਰਚਾਵਾਦ ਨਹੀਂ ਕਰੀਦੀ, ਇਹ ਆਪਣੀ ਭੁੱਲੀ ਹੋਈ, ਅਕਲ ਦੇ ਸੰਸੇ ਤਾਂ ਉਨ੍ਹਾਂ ਦੇ ਘਾਹੀ ਬੀ ਦੂਰ ਕਰ ਦੇਂਦੇ ਹਨ। ਪਾਤਸ਼ਾਹਾਂ ਪਾਸ ਜਾਕੇ ਕੌਡਾਂ ਦੇ ਵਣਜ ਨਹੀਂ ਕਰੀਦੇ। ਉਥੇ ਜਾਕੇ ਤਾਂ ਹੀਰੇ ਜਵਾਹਰਾਤ ਮੰਗੀਦੇ ਹਨ, ਉਥੋਂ ਤਾਂ ਮੋਤੀਆਂ ਤੇ ਲਾਲਾਂ ਦੀ ਖੈਰ ਪੈਂਦੀ ਹੈ। ਖੈਰ ਮੰਗਣੀ ਚਾਹੀਏ।

ਢੇਸਾ- ਮੈਂ ਆਪ ਬੀ ਪਛਤਾਉਂਦਾ ਹਾਂ। ਮੈਂ ਗਿਆ ਤਾਂ ਦਾਤ ਮੰਗਣ ਸਾਂ ਪਰ ਕਰਮਾਂ ਦਾ ਫੇਰ, ਉਹ ਜੋ ਵਾਦ ਕਰਨੇ ਦਾ ਸੁਭਾਵ ਪੱਕ ਚੁਕਾ ਸੀ, ਫੇਰ ਜਾਗ ਪਿਆ। ਗੁਰੂ ਜੀ ਦੀਨ ਦਿਆਲ ਹਨ, ਉਨ੍ਹਾਂ ਨੇ ਮੈਨੂੰ ਅਨਅਧਿਕਾਰੀ ਜਾਣਕੇ ਬੀ ਦੁਰਕਾਰਿਆ ਨਹੀਂ, ਆਪਦੇ ਲੜ ਲਾ ਦਿੱਤਾ ਹੈ।

 www.sikhbookclub.com

ਸਾਈਂ ਦਾਸ- ਸਤਿਗੁਰ ਜੀ ਨੇ ਜੋ ਤੇਰੇ ਨਾਲ ਖਿਲਾਸ ਵਿਚ ਗਲ ਕੀਤੀ, ਉਸਦਾ ਮਤਲਬ ਇਹ ਸੀ ਕਿ ਤੂੰ ਬਦੀ ਦਾ ਕਰਤਾ ਪਰਮੇਸ਼ੁਰ ਨੂੰ ਦੱਸਕੇ ਆਪਣੇ ਮਾੜੇ ਕਰਮਾਂ ਦਾ ਜ਼ਿੰਮੇਵਾਰ ਤੇ ਦੋਸ਼ੀ ਆਪ ਨੂੰ ਨਹੀਂ, ਪਰ ਸਾਈਂ ਨੂੰ ਦੱਸਣਾ ਚਾਹੁੰਦਾ ਸੈਂ, ਉਨ੍ਹਾਂ ਨੇ ਤੇਰੀ ਬਲਾ ਤੇਰੇ ਮੱਥੇ ਤੇ ਲਾਈ। ਭਾਈ! ਕਰਤਾਰ ਕਰਤਾਰ ਹੈ ਪਰ ਉਹ ਲਿਪਾਇਮਾਨ ਨਹੀਂ। ਸੂਰਜ ਦੀ ਗਤੀ ਤੋਂ ਰਾਤ ਦਿਨ ਦੁਇ ਬਣਦੇ ਹਨ ਪਰ ਸੂਰਜ ਚਾਨਣਾ ਹੀ ਚਾਨਣਾ ਹੈ। ਸੁਖ, ਚਾਨਣ ਸੂਰਜ ਤੋਂ ਹੈ, ਪਰ ਝੱਖੜ, ਮੀਂਹ, ਬੱਦਲ, ਤੂਫਾਨ, ਸੂਰਜ ਦੇ ਹੀ ਕ੍ਰਿਸ਼ਮੇ ਹਨ। ਬਲ ਰਿਹਾ ਚਰਾਗ਼ ਸੂਰਜ ਦਾ ਹੀ ਚਾਨਣ ਹੈ, ਸੁੱਕੀ ਅੰਧ ਲਕੜੀ ਬੀ ਸੂਰਜ ਦੀ ਤੁਫੈਲ ਬਣੀ ਹੈ, ਜੋ ਬਲ ਪੈਂਦੀ ਤੇ ਫੇਰ ਨਿੱਘ ਤੇ ਚਾਨਣਾ ਦੇਂਦੀ ਹੈ। ਖੇਤੀ, ਬ੍ਰਿੱਛ, ਬਨ ਸੂਰਜ ਦੀ ਤੁਫੈਲ ਹਨ। ਜੇ ਸੂਰਜ ਨਾ ਰਹੇ ਤਾਂ ਤੂੰ ਮੈਂ ਬੀ ਮਰ ਜਾਈਏ। ਪਰ ਕੀਹ ਤੇਰੀ ਮੇਰੀ ਚੋਰੀ ਯਾਰੀ ਦਾ ਜ਼ਿੰਮਾ ਸੂਰਜ ਦੇ ਮੱਥੇ ਜਾਏਗਾ? ਤੇਰੀ ਵੀਚਾਰ ਦਾ ਧ੍ਰੂਵਾ ਆਪਣੀ ਜ਼ਿੰਮੇਵਾਰੀ ਨੂੰ ਗੱਲੋਂ ਲਾਹੁਣ ਦਾ ਗ਼ਲਤ ਹੈ। ਉੱਚਾ ਹੋ ਤੇ ਉੱਚਾ ਹੋਕੇ ਵੇਖ ਤਾਂ ਕੁਛ ਥਹੁ ਪਊ।

ਢੇਸਾ- ਮੇਰੀ ਬੇਨਤੀ ਹੁਣ ਇਹ ਹੈ ਕਿ ਮੈਨੂੰ ਆਪਣੇ ਅੰਦਰ ਇਕ ਸੱਖਣਾਪਨ ਦੀਹਦਾ ਹੈ, ਇਹ ਕਿਵੇਂ ਬੀ ਨਹੀਂ ਭਰਦਾ ਅਰ ਮੈਨੂੰ ਬੇਚੈਨ ਕਰਦਾ ਹੈ। ਆਪ ਦੀ ਆਗਯਾ ਅਨੁਸਾਰ ਮੈਂ ਖਾਣਾ ਪੀਣਾ ਉਠਣਾ ਬੈਠਣਾ, ਸੌਣਾ ਜਾਗਣਾ, ਸਭ ਕੰਮ ਸੰਜਮ ਦੇ ਕਰ ਲਏ ਹਨ। ਮੈਂ ਹਰ ਗਲ ਦਾ ਗੁਣ ਤੇ ਪ੍ਰਯੋਜਨ ਵਿਚਾਰ ਕੇ ਵਰਤੋਂ ਕਰਦਾ ਹਾਂ, ਅੱਗੇ ਵਾਂਗੂੰ ਅੰਨ੍ਹੇ ਵਾਹ ਅੰਦਰ ਹਰੋਲੀ ਨਹੀਂ ਮਚਾਈ ਰਖਦਾ। ਭੁੱਖ ਲੱਗੇ ਤਾਂ ਮੈਂ ਚਸਕੇ ਪੂਰੇ ਕਰਨ ਦਾ ਸਮਾਂ ਨਹੀਂ ਸਮਝਦਾ, ਪਰ ਇਹ ਕਿ ਇਸ ਸਰੀਰ ਨੂੰ ਪਾਲਣ ਦੀ ਲੋੜ ਹੈ। ਮੈਂ ਉਸ ਵੇਲੇ ਸਾਦਾ ਤੇ ਸੁਥਰਾ ਭੋਜਨ ਭੁੱਖ ਤੋਂ ਰਤਾ ਘੱਟ ਖਾ ਕੇ ਸੁਖ ਪਾਉਂਦਾ ਹਾਂ ਤੇ ਭੋਜਨ ਮਹੀਨ ਕਰਕੇ ਅੰਦਰ ਲੰਘਾਉਂਦਾ ਹਾਂ। ਇਸ ਤਰ੍ਹਾਂ ਮੇਰੀ ਤੰਦਰੁਸਤੀ ਵਧ ਗਈ ਹੈ। ਇਸ ਤਰ੍ਹਾਂ ਹਰ ਗੱਲ ਦੀ ਵੀਚਾਰ ਕਰਕੇ ਸੰਜਮ ਦੀ ਤੋਰ ਤੇ ਤੁਰਨ ਨੇ ਮੈਨੂੰ ਸੁਖੀ ਕਰ ਦਿੱਤਾ ਹੈ। ਕੁੜ੍ਹਨਾ, ਸੜਨਾ, ਧੁਖਣਾ, ਛਿੱਥੇ ਹੋਣਾ, ਖਿਝਣਾ ਤੇ ਲੜ ਪੈਣਾ ਏਹ ਕਲੇਸ਼ ਬੀ ਮਿਟ ਗਏ ਹਨ। ਨਾ ਹੁਣ ਕਦੀ ਅਣਪਾਚਾ ਹੁੰਦਾ ਹੈ, ਨਾ ਕਾਲਜਾ ਸੜਦਾ ਹੈ, ਨਾ ਖਰਚ ਬਹੁਤਾ ਹੋਣ ਕਰਕੇ ਆਮਦਨੋਂ ਵਧਦਾ ਹੈ, ਨਾ ਮੈਂ ਹੋਰਨਾਂ ਨੂੰ ਸੁਖੀ ਵੇਖਕੇ ਧੁਖਦਾ ਹਾਂ, ਨਾ ਮੇਰੀ ਕੋਈ ਲੋੜ ਰੁਕਦੀ ਹੈ, ਨਾ ਮੈਂ ਛਿੱਥਾ ਹੁੰਦਾ ਹਾਂ, ਨਾ ਤੰਗੀ ਪੈਂਦੀ ਹੈ, ਨਾ ਕਿਸੇ ਨਾਲ ਖਿਝਦਾ ਹਾਂ, ਨਾ ਮੈਨੂੰ ਹੁਣ ਵਿਹਲਾ ਸਮਾਂ ਲੱਭਦਾ ਹੈ ਕਿ ਗੱਪਾਂ, ਠੱਠੇ, ਟਿਚਕਰਾਂ ਤੇ ਵਾਦ ਵਿਵਾਦ ਵਿਚ ਰੁੱਝਾਂ ਤੇ ਨਾ ਹੀ ਕਿਸੇ ਨਾਲ ਲੜਾਈ ਹੁੰਦੀ ਹੈ। ਉਹ ਜੋ ਤੁਸਾਂ ਕਿਹਾ ਸੀ ਕਿ ਹਰ ਬਾਤ ਦਾ ਪਰੋਜਨ ਵਿਚਾਰੀਏ, ਉਸ ਨੇ ਬਹੁਤ ਠੰਢ ਪਾ ਦਿੱਤੀ ਹੈ, ਪਰ ਹੁਣ ਜਦ ਮੈਂ ਵਿਹਲਾ ਹੁੰਦਾ ਹਾਂ, ਸੌਣ ਲਗਦਾ ਹਾਂ, ਜਾਗਦਾ ਹਾਂ, ਮੇਰੇ ਅੰਦਰ ਇਕ ਸੱਖਣਾਪਨ ਹੁੰਦਾ ਹੈ ਅਰ ਉਹ ਬੇਚੈਨ ਕਰਦਾ ਹੈ, ਕਿਰਪਾ ਕਰਕੇ ਇਸ ਦਾ ਕੋਈ ਉਪਰਾਲਾ ਕਰੋ।

ਭਾਈ ਜੀ- ਇਸਦਾ ਅਰਥ ਇਹ ਹੈ, ਕਿ ਤੁਹਾਡੇ ਅੰਦਰ ਸੰਜਮ ਆ ਗਿਆ ਹੈ ਅਰ ਸੰਜਮ ਆ ਜਾਣ ਨੇ ਮਨ ਦੀਆਂ ਅੱਡੋ ਅੱਡ ਤਾਕਤਾਂ ਨੂੰ ਥਹੁ ਟਿਕਾਣੇ ਬਿਠਾ ਦਿੱਤਾ ਹੈ। ਆਪੋ ਆਪਣੇ ਥਹੁ ਸਿਰ ਸਭਨਾਂ ਦੇ ਬੈਠਣ ਨੇ ਜਿੱਥੇ ਰੌਲਾ ਸੀ, ਉਥੇ ਕ੍ਰਮ ਪੈਦਾ ਕਰਕੇ ਕੁਛ ਸਫਾਈ ਦੀ ਸ਼ਕਲ ਬੰਨ੍ਹ ਦਿੱਤੀ ਹੈ। ਤੁਸਾਂ ਆਪਣੇ ਅੰਦਰ ਇਕ ਖਾਸ ਹਨੇਰਾ ਪੈਦਾ ਕੀਤਾ ਹੋਇਆ ਹੈ, ਸੱਭੇ ਗਲਾਂ ਸੰਜਮ ਵਿਚ ਹੋ ਜਾਣ ਕਰਕੇ ਹੁਣ ਜੋ ਅੰਦਰ ਥੋੜਾ ਟਿਕਾਉ ਹੋਇਆ ਹੈ ਤਾਂ ਬੁੱਧੀ ਨੂੰ ਉਹ ਹਨੇਰਾ ਸੱਖਣਾਪਨ ਹੋਕੇ ਲਗਦਾ ਹੈ।

ਢੇਸਾ- ਇਹ ਮੇਰੀ ਸਮਝ ਵਿੱਚ ਨਹੀਂ ਆ ਰਿਹਾ।

ਭਾਈ- ਅੱਛਾ, ਇਸ ਗਲ ਦੀ ਹੋਰ ਤਰ੍ਹਾਂ ਵੀਚਾਰ ਕਰੀਏ। ਭਲਾ ਜੇ ਤੁਸੀਂ ਕਿਸੇ ਰਾਹ ਜਾਂਦੇ ਆਦਮੀ ਨੂੰ ਐਵੇਂ ਉੱਠਕੇ ਚਪੇੜ ਮਾਰੋ ਤਦ ਕੀ ਓਹ ਦੁਖੀ ਹੋਊ ਕਿ ਨਹੀਂ?

ਢੇਸਾ- ਹੋਊ।

ਭਾਈ- ਭਲਾ ਤੁਹਾਡੇ ਮਨ ਵਿਚ ਕੁਛ ਬੇਚੈਨੀ, ਉਦਾਸੀ ਯਾ ਰੰਜ ਜਿਹਾ ਬੀ ਆਪਣੇ ਕਰਤਬ ਤੋਂ ਆਊ ਕਿ ਨਹੀਂ?

SIKHBOOKCLUB.COM

ਢੇਸਾ- ਜੀ ਨੂੰ ਕੁਛ ਹੋ ਤੇ ਪੈਂਦਾ ਹੈ।

ਭਾਈ- ਜੇ ਕਿਸੇ ਓਪਰੇ ਰਾਹ ਜਾਂਦੇ ਦੁਖੀ ਦਰਦਵੰਦ ਨੂੰ ਬਿਨਾਂ ਕਿਸੇ ਪਰੋਜਨ ਦੇ ਤੁਸੀਂ ਕੁਛ ਸਹਾਇਤਾ ਦਿਓ ਤਦ ਓਹ ਪ੍ਰਸੰਨ ਹੁੰਦਾ ਹੈ ਕਿ ਨਹੀਂ?

ਢੇਸਾ- ਜੀ ਹਾਂ।

ਭਾਈ- ਨਾਲ ਹੀ ਤੁਸੀਂ ਬੀ ਦੇਕੇ ਖੁਸ਼ ਹੁੰਦੇ ਹੋ ਕਿ ਨਹੀਂ?

ਢੇਸਾ- ਜੀ, ਖੁਸ਼ ਹੋਈਦਾ ਹੈ।

ਭਾਈ- ਜੇ ਉਸੇ ਖੁਸ਼ੀ ਦੇ ਵੇਲੇ ਹੋਰ ਉਹੋ ਜਿਹਾ ਸਮਾਂ ਮਿਲੇ ਤਦ ਤੁਹਾਡਾ ਜੀ ਉੱਛਲਦਾ ਹੈ ਕਿ ਨਹੀਂ ਕਿ ਇਸਨੂੰ ਬੀ ਕੁਛ ਦਿਆਂ?

ਢੇਸਾ- ਜੀ ਹਾਂ।

ਭਾਈ- ਉਸਨੂੰ ਕੁਛ ਦੇਕੇ ਅਜੇ ਵਧੀ ਹੋਈ ਖੁਸ਼ੀ ਵਿੱਚ ਹੀ ਹੋਵੇ ਕਿ ਤੁਹਾਡੇ ਪਾਸੋਂ ਕੋਈ ਬਾਲ ਹੀਰਾ ਲੈ ਕੇ ਲੰਘੇ ਤਦ ਤੁਹਾਡੇ ਜੀ ਵਿੱਚ ਉਸਨੂੰ ਧੱਕਾ ਮਾਰਕੇ ਹੀਰਾ ਖੋਹ ਲੈਣ ਦੀ ਇੱਛਾ ਉਪਜੇ, ਪਰ ਉਸੇ ਵੇਲੇ ਜੀ ਕਹੇ: ਨਹੀਂ, ਐਸਾ ਨਹੀਂ ਕਰਨਾ ਅਰ ਜੀ ਹੀ ਤੁਹਾਨੂੰ ਰੋਕ ਲਵੇ ਤਦ ਪਲ ਮਗਰੋਂ ਤੁਹਾਨੂੰ ਇਕ ਖੁਸ਼ੀ ਹੁੰਦੀ ਹੈ ਕਿ ਨਹੀਂ ਅਰ ਉਸ ਖੁਸ਼ੀ ਤੋਂ ਫੇਰ ਏਸੇ ਤਰ੍ਹਾਂ ਦੇ ਵੇਲੇ ਰੁਕਣ ਦਾ ਤੇ ਲੋੜਵੰਦ ਦੇ ਵੇਲੇ ਦਇਆ ਕਰਨ ਦਾ ਚਾਉ ਵਧਦਾ ਹੈ ਕਿ ਨਹੀਂ?

ਢੇਸਾ- ਠੀਕ ਕਿਹਾ ਹੈ ਆਪ ਨੇ

ਭਾਈ ਜੀ- ਹੁਣ ਜੇ ਕਿਸੇ ਵਿਦਜਾ ਦੇ ਹਿਸਾਬ ਵਿਚ ਗੱਲ ਕਰੀਏ ਤਾਂ ਦੋਹਾਂ ਤਰ੍ਹਾਂ ਦੇ ਕਰਮਾਂ ਨਾਲ ਜੋ ਅਸਰ ਆਪ ਦੇ ਦਿਲ ਤੇ ਪਿਆ ਉਨ੍ਹਾਂ ਦਾ ਨਾਉਂ ਧਰੀਏ ਤਾਂ ਪਹਿਲੇ ਨੂੰ 'ਰਿਣ' ਤੇ ਦੂਜੇ ਨੂੰ 'ਧਨ' ਕਹੀਏ ਤਾਂ ਠੀਕ ਹੀ ਹੋਊ। ਕਿਉਂਕਿ ਪਹਿਲੇ ਕਰਮ ਨਾਲ ਤੁਹਾਡੇ ਅੰਦਰ ਘਾਟ ਪਈ ਹੈ ਮਾਨੋ ਕੁਛ ਗਿਆ ਹੈ ਤੇ ਦੂਜੇ ਵਿਚ ਦਿਲ ਵਧਿਆ ਹੈ ਮਾਨੋ ਕੁਛ ਆਇਆ ਹੈ। ਮੋਟੇ ਅਖਰਾਂ ਵਿਚ ਪਹਿਲੇ ਕਰਮ ਦਾ ਅਸਰ 'ਤੋਟਾ' ਪਿਆ ਹੈ ਤੇ ਦੂਜੇ ਦਾ 'ਲਾਹਾ'। ਤੁਸੀਂ ਹੁਣ ਆਪਣੇ ਕਰਮਾਂ ਨੂੰ ਵੀਚਾਰੋ; ਜਿਨ੍ਹਾਂ ਸਾਡੇ ਕਰਮਾਂ ਨਾਲ ਸਾਡੇ ਮਨ ਉੱਤੇ ਉਦਾਸੀ, ਗ਼ਮ, ਪਛਤਾਵੇ ਦਾ ਅਸਰ ਪਵੇ ਓਹ ਸਮਝ ਲਓ ਕਿ ਸਾਡੇ ਅੰਦਰੋਂ ਕੁਛ ਗੁਆ ਰਹੇ ਹਨ ਤੇ ਭੇਟਾ ਪਾ ਰਹੇ ਹਨ। ਜਿਨ੍ਹਾਂ ਕਰਮਾਂ ਨਾਲ ਸਾਡੇ ਅੰਦਰ ਤਸੱਲੀ ਉਪਜੇ, ਮਨ ਵਧੇ, ਸ਼ੁਕਰ ਕਿ ਚਾਉ ਵਿਚ ਜਾਵੇ ਓਹ ਸਾਡੇ ਕਰਮ, ਸਾਡੇ ਮਨ ਵਿਚ ਲਾਹੇ ਦਾ ਅਸਰ ਪਾ ਰਹੇ ਹਨ, ਚਾਹੇ ਕੋਈ ਆਪਣੇ ਅੰਦਰ ਦੇ ਅਸਰਾਂ ਨੂੰ ਦੇਖਣ ਦਾ ਯਤਨ ਕਰਦਾ ਹੋਵੇ ਚਾਹੇ ਬੇਪਰਵਾਹ ਹੋਵੇ, ਪਰ ਲਾਹੇ ਤੋਟੇ ਦਾ ਅਸਰ ਅੰਦਰ ਜ਼ਰੂਰ ਪੈਂਦਾ ਰਹਿੰਦਾ ਹੈ। ਤੁਹਾਡੇ ਕਰਮ ਐਸੇ ਸਨ ਕਿ ਉਨ੍ਹਾਂ ਨੇ ਤੁਸਾਡੇ ਅੰਦਰ ਤੋਟਾ ਹੀ ਤੋਟਾ ਪਾ ਪਾ ਕੇ ਉਥੇ ਸੁੰਞਤਾ ਵਰਤਾ ਦਿੱਤੀ ਸੀ, ਜੋ ਪਹਿਲੋਂ ਤਾਂ ਅੰਦਰਲੀਆਂ ਤਾਕਤਾਂ ਦੇ ਰੌਲੇ ਰੱਪੇ ਵਿਚ ਨਹੀਂ ਸੀ ਦੀਹਦੀ, ਪਰ ਹੁਣ ਸੰਜਮ ਹੋਣ ਕਰਕੇ ਅੰਦਰ ਵਲ ਝਾਤ ਪੈਣ ਦਾ ਤੁਹਾਡਾ ਰੁਖ ਬਣ ਰਿਹਾ ਹੈ ਤੇ ਹੁਣ ਉਹ ਤੋਟਾ ਆਪਣੇ ਆਪ ਨੂੰ ਸੱਖਣੇਪਨ ਯਾ ਸੁੰਞ ਵਿਚ ਦਿਖਾ ਰਿਹਾ ਹੈ।

ਢੇਸਾ- ਜੇ ਇਹ ਗਲ ਠੀਕ ਹੈ ਤਾਂ ਚੋਰ, ਡਾਕੂ, ਕਾਤਲ ਤੇ ਕੁਕਰਮੀਆਂ ਨੂੰ ਆਪਣੇ ਅੰਦਰ ਵਾਪਰ ਗਏ ਤੋਟੇ ਦਾ ਪਤਾ ਹੁੰਦਾ ਹੈ ਤੇ ਫੇਰ ਓਹ ਕੁਕਰਮਾਂ ਵਿਚ ਦਲੇਰ ਹੁੰਦੇ ਹਨ?

ਭਾਈ ਜੀ- ਹਰ ਕਿਸੇ ਨੂੰ ਆਪਣੇ ਅੰਦਰ ਝਾਤੀ ਮਾਰਨ ਦਾ ਤੇ ਆਪੇ ਨੂੰ ਖੋਜ ਖੋਜ ਵੇਖਣ ਦਾ ਸੁਭਾਉ ਨਹੀਂ ਹੁੰਦਾ। ਇਸ ਕਰਕੇ ਹਰ ਕਿਸੇ ਨੂੰ ਥਹੁ ਨਹੀਂ ਪੈਂਦਾ, ਪਰ ਤੋਟੇ ਪੱਖ ਦਾ ਕਰਮ ਕਰਕੇ ਹਰ ਕਿਸੇ ਦੇ ਅੰਦਰ ਤੋਟੇ ਦਾ ਅਸਰ ਪੈਂਦਾ ਹੈ ਜ਼ਰੂਰ। ਬਾਰ ਬਾਰ ਉਹੋ ਕਰਮ ਕਰਨ ਕਰਕੇ ਉਨ੍ਹਾਂ ਦੇ ਅੰਦਰੋਂ ਇਹ ਆਪਾ ਵੇਖਣ ਦੀ ਸ਼ਕਤੀ ਘਟਦੀ ਜਾਂਦੀ ਹੈ। ਅਸੰਜਮ ਦਾ ਘਮਸਾਣ ਹੋਰ ਹਨੇਰਾ ਪਾਈ ਰਖਦਾ ਹੈ, ਖਾਣ, ਪੀਣ, ਖੇਡਣ, ਤਮਾਸ਼ੇ, ਐਸ਼ਾਂ ਦੇ ਸਾਮਾਨ ਉਸੇ ਅਸਰ ਦੇ ਦਿੱਸਣ ਨੂੰ ਲੁਕਾਈ ਰਖਦੇ ਹਨ। ਇਸ ਤਰ੍ਹਾਂ ਉਨ੍ਹਾਂ ਲੋਕਾਂ ਦੇ ਮਨ ਕਠੋਰ ਹੋ ਜਾਂਦੇ ਹਨ। ਉਨ੍ਹਾਂ ਮਨਾਂ ਵਿਚ ਸਦਾਚਾਰ ਯਾ ਇਖ਼ਲਾਕ ਦਾ ਅੰਧਕਾਰ ਛਾ ਜਾਂਦਾ ਹੈ। ਜੋ ਗੱਲ ਬਾਰ ਬਾਰ ਕਰਦੇ ਹਨ ਉਹ ਸੁਭਾਵ ਬਣਦੀ ਜਾਂਦੀ ਹੈ।

ਢੇਸਾ- ਤਾਂ ਫਿਰ ਜੋ ਤੁਸਾਂ 'ਲਾਹੇ ਦਾ ਪੱਖ' ਕਰਕੇ ਦੱਸਿਆ ਹੈ ਉਸ ਨੂੰ ਅਸੀਂ ਆਪਣੇ ਅੰਦਰ 'ਚਾਉ' ਜੇਹੇ ਦੀ ਸੂਰਤ ਵਿਚ ਵੇਖ ਸਕਦੇ ਹਾਂ।

SIKHBOOKCLUB.COM

ਪਰ ਕੀਹ ਇਹ ਚਾਉ ਯਾ ਖੁਸ਼ੀ ਬੀ ਇਕ ਓਪਰੀ ਸ਼ੈ ਨਹੀਂ ਜੋ ਬ੍ਰਹਮ ਗ੍ਯਾਨੀ ਵਿਚ ਨਹੀਂ ਰਹਿ ਸਕਦੀ? ਕੀ ਇਹ ਬੀ ਮਨੋਵਿਕਾਰ ਨਹੀਂ?

ਭਾਈ ਜੀ ਹੱਸ ਪਏ ਤੇ ਕਹਿਣ ਲੱਗੇ: ਢੇਸਿਆ! ਵੀਰਾ! ਤੇਰੀ ਵਾਧੂ ਚਰਚਾ ਵਾਦ ਦੀ ਬਾਣ ਨਹੀਂ ਜਾਂਦੀ, ਅਸੀਂ ਗਲ ਤਾਂ ਜਗ੍ਯਾਸਾ ਅਵਸਥਾ ਦੀ ਕਰ ਰਹੇ ਸਾਂ ਤੇ ਤੂੰ ਛਾਲ ਬ੍ਰਹਮ-ਗ੍ਯਾਨ ਤੇ ਜਾ ਮਾਰੀ ਹੈ।

ਸੁਣ ਧ੍ਯਾਨ ਦੇਕੇ : ਬ੍ਰਹਮ ਗਿਆਨੀ ਵਿਚ 'ਆਨੰਦ' ਹੁੰਦਾ ਹੈ[1] ਤੇ ਭਗਤ ਸਦਾ ਖੇੜੇ ਵਿਚ ਹੁੰਦਾ ਹੈ[2]। ਗੁਰੂ ਘਰ ਦਾ ਗ੍ਯਾਨੀ ਭਗਤ ਹੁੰਦਾ ਹੈ ਤੇ ਭਗਤ ਗ੍ਯਾਨੀ ਹੁੰਦਾ ਹੈ[3]। ਉਹ ਅਨੰਦ ਯਾ ਖੇੜਾ ਵਿਕਾਰ ਯਾ ਓਪਰਾ ਲਾਇਆ ਲੱਛਣ ਨਹੀਂ ਹੁੰਦਾ। ਬ੍ਰਹਮ ਗ੍ਯਾਨੀ ਜਦ ਦੂਜੇ ਤੇ ਤਰੁੱਠਦਾ ਹੈ ਤਾਂ ਉਸ ਦਾ ਅੰਦਰਲਾ ਅਨੰਦ ਉਮਾਹੂ ਹੋ ਡੁੱਲ੍ਹਦਾ ਹੈ। ਗੁਰੂ ਜੀ ਇਸਦਾ ਹੋਣਾ ਬ੍ਰਹਮ ਗਿਆਨੀ ਵਿੱਚ ਐਉਂ ਦੱਸਦੇ ਹਨ :- 'ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥' ਜੇਕਰ 'ਉਮਾਹ' ਮਨ ਦਾ ਇਕ ਵਿਕਾਰ ਹੁੰਦਾ ਤਦ ਬ੍ਰਹਮ ਗਿਆਨੀ ਵਿੱਚ ਇਸਦਾ ਅਭਾਵ ਹੁੰਦਾ, ਕਿਉਂਕਿ ਬ੍ਰਹਮ ਗਿਆਨੀ ਸਾਰੇ ਸਰੀਰ ਤੇ ਮਨ ਦੇ ਵਿਕਾਰਾਂ ਤੋਂ ਉੱਚਾ ਹੁੰਦਾ ਹੈ।

ਢੇਸਾ- ਉਮਾਹ ਨਿਰੀ ਖੁਸ਼ੀ ਨੂੰ ਨਹੀਂ ਆਖਦੇ?

ਭਾਈ- ਆਮ ਬੋਲ ਚਾਲ ਵਿਚ ਉਮਾਹ ਪਦ ਖੁਸ਼ੀ ਦੇ ਅਰਥਾਂ ਵਿਚ ਬੋਲ ਲੈਂਦੇ ਹਨ, ਪਰ ਅਸਲ ਵਿਚ ਖੁਸ਼ੀ 'ਉਮਾਹ' ਦਾ ਇਕ ਅੰਗ ਹੈ। 'ਉਮਾਹ' ਆਤਮਾ ਦਾ ਸੁਭਾਵ ਹੈ ਜੋ ਸੁਭਾਵ ਕਿ ਮਨ ਨੂੰ ਯਥਾਰਥ ਸਮਝੀ ਗੱਲ ਦੇ ਕਰਨ ਦੀ ਹਿੰਮਤ ਤੇ ਉਸਦੀ ਖੁਸ਼ੀ ਅਤੇ ਅਯਥਾਰਥ ਜਾਣੀ ਗੱਲ ਤੋਂ ਰੁਕਣ ਦੀ ਹਿੰਮਤ ਤੇ ਉਸਦੀ ਖੁਸ਼ੀ ਵਿਚ ਸੁੱਤੇ ਸਿਧ ਰੱਖਦਾ ਹੈ। ਇਹ ਖੁਸ਼ੀ ਮਨੋ ਵਿਕਾਰ ਵਾਲੀ ਖੁਸ਼ੀ ਨਹੀਂ, ਪਰ ਆਤਮਾਂ ਦੇ ਅਨੰਦ ਸਰੂਪ ਦਾ ਚਸ਼ਮੇ ਵਾਂਙੂ ਭਰ ਭਰ ਡੁੱਲ੍ਹਣਾ ਹੈ। ਜਿਵੇਂ ਬੱਦਲ ਤੋਂ ਜਲ ਦਾਨ ਸੁਤੇ ਹੋ ਰਿਹਾ ਹੈ, ਜਿਕੂੰ ਖਿੜੇ ਗੁਲਾਬਾਂ ਵਿਚੋਂ ਖੁਸ਼ਬੋ ਸੁਤੇ ਦਾਨ ਪਈ ਹੁੰਦੀ ਹੈ, ਤਿਵੇਂ ਬ੍ਰਹਮ ਗਿਆਨੀ ਤੋਂ ਭਲਾ ਆਪੇ ਪਿਆ ਹੁੰਦਾ ਹੈ। ਜਿਵੇਂ ਚਸ਼ਮੇ ਦਾ ਜਲ ਸੁਤੇ ਸਿੱਧ ਦਾਨ ਰੂਪ ਹੈ, ਲੋਕ ਆਖਦੇ ਬੀ ਇਹੋ ਹਨ "ਇਹ ਜਲ ਉਮਾਹੂ ਨਿਕਲ ਰਿਹਾ ਹੈ।"

ਢੇਸਾ- ਮੈਂ ਤਾਂ ਸੁਣਿਆ ਹੈ ਕਿ ਬ੍ਰਹਮ ਗਿਆਨੀ ਵਿੱਚ ਉਮਾਹ ਆਦਿਕ ਕੱਖ ਨਹੀਂ ਰਹਿੰਦਾ। ਉਹ ਤਾਂ ਬਸ ਜੋ ਕੁਝ ਕਿਹਾ ਜਾਏ ਉਸ ਤੋਂ ਖਾਲੀ ਹੁੰਦਾ ਹੈ।

ਭਾਈ ਜੀ (ਹੱਸ ਪਏ) ਤੇ ਬੋਲੇ :- ਭਾਈ! ਤੂੰ ਅਜੇ ਗੁਰਸਿੱਖੀ ਨਹੀਂ ਨਾ ਸਿੱਖੀ। ਗ੍ਯਾਨੀ ਬੀ ਇਕ ਤਰ੍ਹਾਂ ਦੇ ਨਹੀਂ। ਇਕ ਇਸ ਤਰ੍ਹਾਂ ਦੇ ਗ੍ਯਾਨੀ ਹੁੰਦੇ ਹਨ ਕਿ 'ਇਹ ਠੀਕ ਨਹੀਂ ਹੈ' ਯਾ 'ਇਹ ਮਿਥਿਆ ਹੈ' 'ਇਸ ਤਰ੍ਹਾਂ ਦਾ ਤਿਆਗ' ਵੀਚਾਰਦੇ ਹਨ। ਨਹੀਂ, ਇਹ ਨਹੀਂ ਕਰਦੇ, ਓਸ ਸਾਰੀ ਉਸ ਤੋਂ ਜੋ 'ਸਚਮੁਚ ਨਹੀਂ ਹੈ' ਪਰ 'ਭਾਸਦੀ ਹੈ' ਨਿਕਲ ਜਾਂਦੇ ਹਨ। 'ਇਹ ਨਹੀਂ, ਇਹ ਨਹੀਂ' ਕਰਨ ਦਾ ਮਤਲਬ ਇਹ ਹੁੰਦਾ ਹੈ ਕਿ ਸੰਜਮ ਨਾ ਰਹਿਣ ਤੇ ਜੋ ਭਾਵ ਮਨ ਦੇ ਵਿਕਾਰਾਂ ਤੋਂ ਪੈਦਾ ਹੋਏ ਹਨ ਅਰ ਝੂਠੇ ਹਨ ਉਨ੍ਹਾਂ ਤੋਂ ਮਨ ਨਿਕਲ ਜਾਵੇ, ਭੁਲੇਵੇਂ ਤੇ ਭਰਮ ਦੂਰ ਹੋ ਜਾਣ, ਪਰ ਕਈ ਵੇਰ ਇਸ ਰਾਹ ਟੁਰਦੇ ਗਿਆਨ ਦੇ ਢੁੰਡਾਊ 'ਨਾਹ ਫਨਾਹ' ਕਰਦੇ ਮਨ ਦੇ ਆਤਮ ਸੁਭਾਵ ਦੇ ਪ੍ਰਤਿਬਿੰਬ ਨੂੰ ਬੀ, ਜੋ ਮਨ ਪਰ ਪੈਂਦਾ ਹੈ 'ਨਾਹ ਨਾਹ' ਕਰਦੇ 'ਆਨੰਦ' ਤੋਂ ਵਿਰਵੇ ਹੋ ਕੇ ਕਿਸੇ ਸ਼ੂਨ ਵਿਚ ਜਾ ਪੈਂਦੇ ਹਨ। ਉਨ੍ਹਾਂ ਦੇ ਅੰਦਰ ਆਸਤਕ ਹੁੰਦਿਆਂ ਨਾਸਤਕਤਾ ਆ ਜਾਂਦੀ ਹੈ। ਇਕ ਹੋਰ ਤਰ੍ਹਾਂ ਦੇ ਗ੍ਯਾਨੀ ਹਨ, ਯਥਾਰਥ ਨੂੰ 'ਹੈ ਹੈ' ਕਰਕੇ ਗਿਆਨ ਪਾਉਂਦੇ ਹਨ, ਪਰ ਸ੍ਰੀ ਗੁਰੂ ਜੀ ਮਿਥਿਆ ਦੇ ਤਿਆਗ ਵਾਸਤੇ ਨਿਖੇਧੀ ਤ੍ਰੀਕਾ ਵਰਤ ਕੇ ਆਖਦੇ ਹਨ 'ਮਿਥਿਆ ਤਨ ਨਹੀ ਪਰਉਪਕਾਰਾ' ਤੇ ਯਥਾਰਥ ਦੇ ਗ੍ਰਹਣ ਵਾਸਤੇ ਵਿਧੀ ਤ੍ਰੀਕੇ ਨੂੰ ਵਰਤਦੇ ਤੇ ਆਖਦੇ ਹਨ 'ਬ੍ਰਹਮ ਗਿਆਨੀ ਪਰਉਪਕਾਰ ਉਮਾਹਾ'। ਜੇ ਮਨ ਦੀਆਂ ਵਹਿਦਤਾਂ ਖੋਟੀਆਂ ਹਨ ਤਿਆਗਣੇ ਯੋਗ ਹਨ, ਮਨ ਦੇ ਭਰਮ ਹਨ, ਦੂਰ

---

੧. ਬ੍ਰਹਮ ਗਿਆਨੀ ਕੈ ਘਰਿ ਸਦਾ ਅਨੰਦ॥ (ਸੁਖਮਨੀ)

੨. ਨਾਨਕ ਭਗਤਾ ਸਦਾ ਵਿਗਾਸੁ॥ (ਜਪੁਜੀ)

੩. ਕਹੁ ਨਾਨਕ ਕਿਰਪਾ ਭਈ ਭਗਤੁ ਙਿਆਨੀ ਸੋਇ॥
ਪੁਨਾ: ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥ (ਬਾਵਨ ਅਖਰੀ)



www.sikhbookclub.com

ਕਰਨੇ ਹਨ, ਪਰ ਅੰਤ ਪਹੁੰਚਣਾ ਤਾਂ 'ਸਚ' ਉਤੇ ਹੈ। ਜੋ ਸਦਾ ਹੈ ਤੇ ਕਦੀ 'ਨਹੀਂ ਹੈਂ' ਨਹੀਂ ਹੁੰਦਾ।

ਢੇਸਾ- ਮੈਂ ਇਕ ਦਿਨ ਕਥਾ ਵਿਚ ਇਕ ਪੰਡਤ ਤੋਂ ਬ੍ਰਹਮ ਗਿਆਨੀ ਦਾ ਲੱਛਣ ਇਹ ਸੁਣਿਆ ਸੀ ਕਿ ਜਿਸਦੇ ਸਾਮ੍ਹਣੇ ਮਨੁੱਖ ਦੀ ਹੱਤਿਆ ਹੋ ਜਾਵੇ ਯਾ ਬ੍ਰਹਮ ਲੋਕ ਦਾ ਦਾਨ ਹੋ ਜਾਵੇ ਤੇ ਉਹ ਅਫੁਰ ਰਹੇ ਤੇ ਰਤਾ ਨਾ ਹਿੱਲੇ ਉਹ ਬ੍ਰਹਮ ਗਿਆਨੀ ਹੈ।

ਭਾਈ ਜੀ- ਵਗਦੇ ਦਰਿਆ, ਖੜੇ ਬ੍ਰਿੱਛ, ਸੁਦਾਈ, ਅਤਿ ਮੂਰਖ ਤੇ ਮੂਰਛਿਤ ਆਦਮੀ ਦੇ ਸਾਹਮਣੇ ਏਹ ਦੋਵੇਂ ਕੰਮ ਹੋਣ ਪਰ ਓਹ ਰਤਾ ਨਹੀਂ ਹਿੱਲਦੇ, ਅਫੁਰ ਰਹਿੰਦੇ ਹਨ, ਤਦ ਕੀਹ ਦਰਯਾ ਤੇ ਬ੍ਰਿੱਛ, ਸ਼ੁਦਾਈ, ਮੂਰਖ ਤੇ ਮੂਰਛਿਤ ਮਨੁੱਖ ਬ੍ਰਹਮ ਗਿਆਨੀ ਹਨ?

ਢੇਸਾ- ਨਹੀਂ ਜੀ!

ਭਾਈ- ਫੇਰ ਇਹੋ ਤਾਂ ਗੱਲ ਹੈ ਕਿ ਜਿੱਥੋਂ ਟਪਲਾ ਲਗਦਾ ਹੈ। ਜੋ ਵਾਰਤਾ ਤੁਸਾਂ ਕਹੀ ਹੈ ਉਸਦਾ ਏਨਾਂ ਅਰਥ ਤਾਂ ਠੀਕ ਹੈ ਕਿ ਬ੍ਰਹਮ ਗਿਆਨੀ ਦਾ ਮਨ ਅਡੋਲ ਹੁੰਦਾ ਹੈ, ਅਸੰਜਮੀ, ਅਧੀਰਜੀ ਲੋਕਾਂ ਵਾਂਙ ਡੋਲਦਾ ਨਹੀਂ ਹੈ। ਦੂਜੇ ਅਰਥਾਂ ਵਿੱਚ ਬ੍ਰਹਮ ਗਿਆਨੀ ਦੀ ਮਤ ਉਸਦੇ ਮਨ ਦੇ ਵੱਸ ਵਿੱਚ ਨਹੀਂ ਹੁੰਦੀ ਹੈ। ਉਸ ਦਾ ਮਨ ਮਤਿ ਦੇ ਵੱਸ ਵਿਚ ਹੁੰਦਾ ਹੈ ਤੇ ਮਤਿ ਉੱਚੀ ਹੋਕੇ 'ਅਸਲੀਅਤ' ਨੂੰ ਪਰਖਦੀ ਹੈ। ਉਹ 'ਯਥਾਰਥ' ਨੂੰ ਲਖ ਲੈਂਦਾ ਹੈ, ਉਸਨੂੰ ਹਰਖ ਤੇ ਸ਼ੋਕ ਨਹੀਂ ਹੁੰਦਾ (ਜੋ ਮਨ ਦਾ ਸੁਭਾਵ ਹੈ) ਪਰ ਇਸਦਾ ਇਹ ਅਰਥ ਨਹੀਂ ਕਿ ਉਸਦੇ ਆਤਮਾ ਦਾ ਹਰਖ ਸਰੂਪ ਜਾਂ ਅਨੰਦ ਸਰੂਪ ਨਸ਼ਟ ਹੋ ਜਾਂਦਾ ਹੈ। ਜੇ ਇਹ ਹੋ ਗਿਆ ਤਦ ਆਤਮਾ ਕਾਹਦਾ? ਹਾਂ ਬ੍ਰਹਮ ਗਿਆਨੀ ਘਬਰਾਉਂਦਾ ਨਹੀਂ ਅਵਾਣਾਂ ਵਾਂਙੂ, ਹਰਖ ਤੇ ਸ਼ੋਕ ਵਿੱਚ ਰੁੜ੍ਹਦਾ ਨਹੀਂ, ਪਰ ਐਸ ਤਰ੍ਹਾਂ ਅਡੋਲ ਹੁੰਦਿਆਂ ਬ੍ਰਹਮ ਗਿਆਨੀ ਕਦੇ ਹੱਤਿਆ ਨਹੀਂ ਕਰਦਾ ਅਰ ਕਦੇ ਦਾਨ ਨੂੰ ਬੁਰਾ ਨਹੀਂ ਜਾਣਦਾ। ਉਸ ਤੋਂ ਸੁਤੇ ਦਾਨ ਹੁੰਦਾ ਹੈ, ਉਸ ਤੋਂ ਨੇਕੀ ਯਾ ਧਰਮ ਵਰ੍ਹਾਊ ਬੱਦਲ ਵਾਂਙੂੰ ਲੱਭਦਾ ਹੈ। ਉਹ 'ਉਮਾਹ' ਹੈ। ਜਦ ਇਸ ਉਮਾਹ ਦਾ ਪ੍ਰਤਿਬਿੰਬ ਮਨ ਪਰ ਪੈਂਦਾ ਹੈ ਤਦ ਉਥੇ ਏਸਦੇ ਐਤਨੇ ਰੰਗ ਪ੍ਰਤੀਤ ਦੇਂਦੇ ਹਨ ਕੁਦਰਤੀ ਖਿਮਾ, ਸੁਤੇ ਵੈਰਾਗ, ਉਚਜਾਈ ਦੀ ਪ੍ਰਤੀਤੀ, ਖੁਸ਼ੀ ਤੇ ਚਾਉ।

ਇਹ ਸ਼ੈ 'ਜਿਸ ਦਾ ਮੈਂ ਹਾਲ ਕਿਹਾ ਹੈ' ਜਿਸ ਦਾ ਹੋਣਾ ਗੁਰੂ ਜੀ ਨੇ ਬ੍ਰਹਮ ਗਿਆਨੀ ਵਿੱਚ ਕਿਹਾ ਹੈ, ਜੋ ਆਤਮਾਂ ਦੇ ਸਹਿਜ ਸੁਭਾਵ ਵਿੱਚ ਖੇਡਦਾ ਹੈ, ਜਦੋਂ ਜਗਜਾਸੂ ਦੇ ਮਨ ਪੁਰ ਝਲਕਾ ਮਾਰਦਾ ਹੈ ਤਦ ਉਸਦੇ ਮਨ ਪਰ, ਜੋ ਅਜੇ ਹਨੇਰਾ ਹੈ, ਉਹ ਉਸ ਹਨੇਰੇ ਪਰ ਪੈਂਦਾ ਹੈ, ਉਹ ਬੀ ਅੰਦਰ ਇਕ ਸੱਖਣਾਪਨ ਦੀ ਪ੍ਰਤੀਤੀ ਦੇਂਦਾ ਹੈ।

ਢੇਸਾ- ਤੁਸੀਂ ਕਿਹਾ ਹੈ ਕਿ 'ਉਮਾਹ' ਆਤਮਾ ਦਾ ਸੁਭਾਵ ਹੈ ਅਰ ਇਹ ਬੀ ਸਮਝਾਇਆ ਜੇ ਕਿ ਖੁਸ਼ੀ ਪੂਰਬਕ ਨੇਕ ਕੰਮ ਕਰਨਾ ਤੇ ਖੁਸ਼ ਹੋਣਾ, ਖੁਸ਼ੀ ਪੂਰਬਕ ਮੰਦ ਕਰਮ ਤੋਂ ਰੁਕਣਾ ਤੇ ਖੁਸ਼ ਹੋਣਾ ਇਹ ਸਾਰਾ ਸਾਹਸ ਯਾ ਉੱਦਮ ਜਗਜਾਸੂ ਦੇ ਮਨ ਵਿਚ 'ਉਮਾਹ' ਦਾ ਹੀ ਪ੍ਰਤੀਬਿੰਬ ਪੈਂਦਾ ਹੈ। ਸਿੱਧ ਕੀ ਹੋਇਆ ਕਿ ਆਤਮਾ ਦਾ ਸਰੂਪ ਬ੍ਰਹਮ ਗਿਆਨ ਤੋਂ ਮਗਰੋਂ ਕੁਛ ਬਾਕੀ ਰਹਿ ਜਾਂਦਾ ਹੈ, ਅਣਹੋਂਦ ਨਹੀਂ ਹੋ ਜਾਂਦੀ।

ਭਾਈ ਜੀ- ਆਤਮਾ ਸੱਤ ਹੈ, ਅਰ ਸਦਾ ਸੱਤ ਹੈ, ਉਹ ਪ੍ਰੇਮ ਹੈ ਅਰ ਆਨੰਦ ਹੈ। ਜੋ ਸਤਿ ਹੈ ਤੇ ਗਜਾਨ, ਉਹ ਬਲਵਾਨ ਬੀ ਹੈ। ਜੋ ਪ੍ਰੇਮ ਹੈ ਉਹ ਆਨੰਦ ਬੀ ਹੈ। ਚੇਤਨ ਤੇ ਪ੍ਰੇਮ ਤੇ ਆਨੰਦ ਦਾ ਉਮਾਹੂ ਹੋਣਾ ਸੁਤੇ ਸਿੱਧ ਹੈ। ਇਹ ਹੋਈ ਸਚਮੁਚ ਦੀ 'ਹੈਂ'। ਇਸ ਕਰਕੇ ਇਹ ਖਿਆਲ ਕਰਨਾ ਕਿ ਗਿਆਨ ਹੋਏ ਤੇ ਸਾਡਾ ਆਤਮ ਅਭਾਵ ਨਸ਼ਟ ਹੋ ਜਾਏਗਾ ਨਾਸਤਕ ਮਤਾ ਹੈ। ਗਿਆਨ ਦੇ ਹੋਇਆਂ ਤਾਂ ਸਗੋਂ ਮਨ ਦੇ ਝੂਠੇ ਸੁਭਾਵ ਭ੍ਰਮ ਆਦਿ ਦੂਰ ਹੋ ਜਾਣਗੇ, ਅਰ ਆਤਮਾ ਨਿਰੋਲ ਲਿਸ਼ਕੇਗਾ। ਜਿੰਕੂ ਕਾਲੀਆਂ, ਚਿੱਟੀਆਂ, ਭੂਸਲੀਆਂ, ਪੀਲੀਆਂ, ਬੱਦਲੀਆਂ ਦੇ ਦੂਰ ਹੋਇਆਂ ਸੂਰਜ ਦਾ ਅਭਾਵ ਨਹੀਂ ਹੁੰਦਾ, ਪਰ ਧੁੰਦਲੇ ਚਾਨਣੇ ਦੇਣ ਦੀ ਥਾਂ ਉਹ ਆਪਣੇ ਅਸਲੀ ਸਰੂਪ ਵਿੱਚ ਲਿਸ਼ਕਦਾ ਹੈ।

ਢੇਸਾ- ਮੈਂ ਸਮਝਦਾ ਸਾਂ ਕਿ ਜਦ ਆਤਮਾ ਨਿਰਗੁਣ ਹੈ ਤਦ ਜੋ ਨਾਸਤਕ ਕਹਿੰਦੇ ਹਨ ਆਤਮਾ ਹੈ ਹੀ ਨਹੀਂ, ਇਸ ਵਿੱਚ ਫਰਕ ਹੀ ਕੀਹ ਹੋਇਆ? ਇਕੋ ਗੱਲ ਹੈ। ਆਤਮਾ ਮੋਹ ਹਰਖ ਸ਼ੋਕ ਤੋਂ ਰਹਿਤ ਹੈ ਤਾਂ ਉਹ ਹੋਇਆ ਹੀ ਕੀਹ? ਜਿਸ ਦਾ ਰੂਪ


www.sikhbookclub.com

ਨਹੀਂ, ਰੇਖ ਨਹੀਂ, ਰੰਗ ਨਹੀਂ, ਗੁਣ ਨਹੀਂ ਉਹ ਕੀਹ ਹੈ? ਨਨੇ ਦੀ ਪੱਟੀ। ਪਰ ਤੁਸੀਂ ਕਹਿੰਦੇ ਹੋ ਕਿ ਜੋ 'ਵਸਤੂ' ਅਰ 'ਭਾਵ' ਅਨਾਤਮ ਹੈ, ਪਰ ਜਿਨ੍ਹਾਂ ਨੂੰ ਅਸੀਂ ਆਤਮਾ ਜਾਣਦੇ ਹਾਂ, ਇਸ ਤਰੀਕੇ ਨਾਲ ਸਾਨੂੰ ਇਹ ਸਮਝ ਆ ਜਾਵੇ ਕਿ ਆਹ ਸਾਮਾਨ ਅਨਾਤਮ ਹੈ ਅਰ ਇਨ੍ਹਾਂ ਤੋਂ ਉਪਰ ਇਕ ਅਸਲੀਯਤ ਹੈ, ਸਚੀ ਮੁਚੀ ਜਿਸ ਦਾ ਵਜੂਦ ਹੈ, ਜੋ ਸਚੀ ਮੁਚੀ ਪਰਮ ਪੂਰਨ ਗਜਾਨ ਹੈ ਅਰ ਜਿਸ ਵਿਚ ਪੂਰਨ ਆਨੰਦ ਹੈ। ਭਲਿਆਈ ਅਨੰਦ ਹੈ, ਬਦੀ ਆਨੰਦ ਦੇ ਉਲਟ ਹੈ, ਇਸ ਕਰਕੇ ਆਨੰਦੀ ਪਰਮ ਆਤਮਾ ਵਿੱਚ ਨੇਕੀ ਸੁਤੇ ਸਿੱਧ ਹੈ ਤੇ ਬਦੀ ਦਾ ਅਭਾਉ ਸੁਤੇ ਸਿੱਧ ਹੈ। ਉਸ ਵਿੱਚ ਪ੍ਰੇਮ ਬੀ ਹੈ, ਉਸ ਵਿੱਚ ਹੋਸ਼, ਬੁੱਧੀ, ਚੇਤਨਤਾ, ਬਲ ਤੇ ਸਾਹਸ ਬੀ ਹੈ। ਇਸ ਤੋਂ ਤਾਂ ਉਹ ਹੋਂਦ ਵਾਲਾ ਅਰਥਾਤ ਸੱਤਜਤਾ ਵਾਲਾ, ਗਿਆਨ ਵਾਲਾ, ਆਨੰਦ ਤੇ ਪ੍ਰੇਮ ਵਾਲਾ ਸਿੱਧ ਹੋਇਆ।

ਭਾਈ ਜੀ– ਜੀਵਾਤਮਾ ਨੂੰ ਬੀ ਜਦ ਰੂਪ ਰੇਖ ਤੋਂ ਨਿਆਰਾ ਕਹੀਦਾ ਹੈ ਤਦ ਇਹ ਮਤਲਬ ਹੁੰਦਾ ਹੈ ਕਿ ਉਹ ਪ੍ਰਕ੍ਰਿਤੀ (ਮਾਦੇ) ਦੇ ਪਦਾਰਥਾਂ ਵਾਂਙੂ ਐਸੇ ਸਰੂਪ ਵਾਲਾ ਨਹੀਂ ਜੋ ਸਮੇਂ ਦੀ ਗਤੀ ਨਾਲ ਨਾਸ਼ ਹੋ ਸਕੇ ਯਾ ਵਿੱਥ ਪੈਣ ਨਾਲ ਉਸਦਾ ਵਜੂਦ ਨਾ ਰਹੇ। ਉਸ ਵਿੱਚ ਹਰਖ, ਸ਼ੋਕ, ਐਸ ਤਰ੍ਹਾਂ ਦੇ ਨਹੀਂ ਕਿ ਜੋ ਲੋਭ, ਲਾਲਚ, ਭੈ ਤੇ ਭਰਮ ਦੇ ਆਸਰੇ ਉਪਜਦੇ ਬਿਨਸਦੇ ਹਨ, ਪਰ ਉਸ ਵਿਚ ਚੇਤਨ ਹੈ, ਪ੍ਰੇਮ ਹੈ, ਆਨੰਦ ਹੈ। ਇਸ ਕਰਕੇ ਸਾਡੇ ਸਤਿਗੁਰਾਂ ਨੇ ਉਸ ਜੀਵ ਆਤਮਾ ਦੇ ਮੂਲ ਅਕਾਲ ਪੁਰਖ ਦਾ ਸਰੂਪ ਨਿਰਾ ਨਾਂਹ ਨਾਂਹ ਕਰਕੇ 'ਕਿ ਇਹ ਬੀ ਨਹੀਂ, ਇਹ ਬੀ ਨਹੀਂ' ਨਹੀਂ ਕੀਤਾ, ਪਰ ਸਾਡੇ ਸਮਝ ਗੋਚਰਾ ਕਰਨ ਲਈ ਇਉਂ ਕਿਹਾ ਹੈ :–

> ੧ਓ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ਜਪੁ॥
> ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥

"ਓਹੁ ਹੈ" ਪਰ ਇਕ ਹੈ, ਇਕ ਹੈ, ਪਰ ਸਾਰੇ ਪਰੀ ਪੂਰਨ ਤੇ ਵਿਆਪਕ ਹੈ, ਸਤਿ ਹੈ, ਨਾਮ ਹੈ, ਕਰਤਾ ਹੈ, ਪੁਰਖ ਹੈ, ਮੂਰਤ ਹੈ, ਸੈਭੰ ਹੈ, ਆਦਿ। ਇਹ ਉਸਦੇ 'ਹੈਂ' (ਹੋਣ) ਦੇ ਰੂਪ ਤੋਂ ਦੱਸਿਆ।

ਭੈ ਰਹਿਤ, ਵੈਰ ਰਹਿਤ, ਕਾਲ ਰਹਿਤ, ਜੂਨ ਰਹਿਤ ਇਹ 'ਨਾ' ਪੱਖ ਤੋਂ ਰੂਪ ਦੱਸਿਆ* ਤੇ ਸਾਨੂੰ ਤੁਹਾਨੂੰ ਇਸ ਭੁੱਲ ਤੋਂ, ਜੋ ਤੁਹਾਨੂੰ ਸੁੱਕੇ ਪੰਡਤਾਂ ਤੋਂ ਸੁਣਦਿਆਂ ਪੈ ਗਈ ਹੈ, ਬਚਾ ਲਿਆ। ਫੇਰ ਕਿਹਾ ਕਿ ਇਸਦੇ ਯਥਾਰਥ ਬੋਧ ਦਾ ਤਰੀਕਾ ਨਾਮ ਜਪ ਹੈ। ਨਾਮ ਵਿੱਚ ਲੱਗਣਾ, ਸੰਸਾ ਨਾ ਕਰਨਾ, ਸਿਦਕ ਕਰਨਾ ਅਰ ਕਦੇ 'ਨਹੀਂ ਹੈ' ਦੇ ਟਪਲੇ ਵਿੱਚ ਨਾ ਪੈਣਾ। 'ਹੈ' ਓਹ ਆਦਿ ਜੁਗਾਦਿ ਵਿਚ 'ਹੈ'। ਉਹ ਹੁਣ ਹੈ, ਉਹ ਹੋਸੀ ਭੀ ਸਚ ਹੈ। ਅਰਥ ਕੀਹ ਕਿ ਉਹ ਸਦਾ 'ਹੈ' ਕਦੇ 'ਨਹੀਂ' ਉਹ ਨਹੀਂ ਹੋ ਸਕਦਾ। ਇਸੇ ਕਰਕੇ ਗੁਰੂ ਕੇ ਸਿੱਖ ਉਸਨੂੰ ਨਿਰਗੁਣ, ਰੂਪ, ਰੇਖ, ਰੰਗ ਤੋਂ ਰਹਿਤ ਸੁਣਕੇ ਬੀ ਸੈਭੰ (=ਸੁਤੇ ਪ੍ਰਕਾਸ਼), ਮੂਰਤਿ (=ਵਜੂਦ ਵਾਲਾ) ਆਦਿ ਜੁਗਾਦਿ (ਹੁਣ ਤੇ ਅਗੋਂ ਇਕ ਰਸ ਹੋਣ ਤੇ ਰਹਿਣ ਵਾਲਾ) ਮੰਨਦੇ ਹਨ।

ਢੇਸਾ– ਆਪ ਨੇ ਬੜੀ ਕ੍ਰਿਪਾ ਕੀਤੀ ਜੋ ਮੇਰਾ ਭਾਰੀ ਭਰਮ ਦੂਰ ਕੀਤਾ। ਅਸਲ ਵਿੱਚ ਮੈਨੂੰ ਇਸੇ ਧੋਖੇ ਨੇ ਮਾਰਿਆ। ਮੈਂ ਤਾਂ ਕੁਛ ਨਾਸਤਕ ਜਿਹਾ ਸਾਂ, ਯਾ ਸਮਝੋ ਕਿ ਬੇਪਰਵਾਹ ਜਿਹਾ ਸਾਂ। ਜਦ ਮੈਂ ਆਸਤਕ ਪੰਡਤਾਂ ਦਾ ਰੱਬ ਸੁਣਿਆ ਉਸਨੂੰ ਮੈਂ ਸਮਝ ਨਾ ਸਕਿਆ। ਅੱਜ ਆਪ ਨੇ ਮੇਰੀ ਬੜੀ ਭਾਰੀ ਭੁੱਲ ਦੂਰ ਕੀਤੀ ਹੈ।

ਭਾਈ ਜੀ– ਮਿਤ੍ਰ ਜੀ! ਸਤਿਗੁਰੂ ਧੰਨ ਹੈ ਜੋ ਸਾਡੇ ਭਰਮ ਦੇ ਛੋੜ ਕੱਟਦੇ ਹਨ। ਅਸਲ ਵਿੱਚ ਪਰਮੇਸ਼ੁਰ ਦਾ ਹੋਣਾ ਆਪਣੇ ਅੰਦਰੋਂ ਪ੍ਰਤੀਤ ਹੁੰਦਾ ਹੈ ਤੇ ਅਸੀਂ ਬਾਹਰ ਟੋਲਦੇ ਹਾਂ ਤੇ ਅੰਦਰ ਸਾਡੇ ਅਸੰਜਮ ਨੇ ਰੌਲਾ ਪਾ ਛਡਿਆ ਹੈ ਇਸ ਰੌਲੇ ਨੇ ਸਿਦਕ ਮਾਰ ਛੱਡਿਆ ਹੈ, ਭਰਮ ਨੇ ਕਾਲਕ ਛਾ ਕੇ ਉਮਾਹ ਦਾ ਬਲ ਮਾਇਕ ਉੱਦਮ ਵਿਚ ਬਦਲ ਛੱਡਿਆ ਹੈ, ਸਰੀਰਕ ਲਾਲਚਾਂ ਤੇ ਭੈਆਂ ਨੇ ਉਮਾਹ ਨੂੰ ਕਾਮਨਾ ਤੇ ਸੰਕੋਚਾਂ ਵਿਚ ਪਲਟ ਦਿੱਤਾ ਹੈ। ਮਨੋ ਕਾਮਨਾਂ ਦੀਆਂ ਪੂਰਤੀਆਂ ਕ੍ਰੋਧ ਬਣਾ ਦੇਂਦੀਆਂ

---

* ਇਸ ਲਈ ਕਿ ਕਿਤੇ ਅਸੀਂ ਭੈ, ਵੈਰ ਆਦਿ ਵਾਲੇ ਦੇਵਤਿਆਂ ਨੂੰ ਪਰਮਾਤਮਾ ਨਾ ਸਮਝ ਲਈਏ।

SIKHBOOKCLUB.COM

ਹਨ। ਬੁੱਧੀ ਸਾਡੀ ਮਾਇਕ ਖੋਜਾਂ ਵਿਚ ਮਸਤ ਹੈ। ਮਨ ਹਾਸੇ ਖੇਡਾਂ ਤਮਾਸ਼ਿਆਂ ਵਿਚ ਪਰਚ ਗਿਆ ਹੈ। ਬਸ! ਮਾਨ ਤੇ ਹੰਕਾਰ ਦੀ ਗੁਡੀ ਚੜ੍ਹੀ ਰਹੀ ਹੈ, ਇਸ ਲਈ ਸਾਡੀ ਵਿਦਿਆ ਬੀ ਸਾਨੂੰ ਗ਼ੈਬ ਦੇ ਪਰਦੇ ਦੇ ਬਾਹਰ ਬਾਹਰ ਲਈ ਫਿਰਦੀ ਹੈ। ਇਸੇ ਕਰਕੇ ਮੇਰੀ ਬੇਨਤੀ ਵਾਰ ਵਾਰ ਆਪ ਦੇ ਅੱਗੇ ਇਹੋ ਹੀ ਹੈ ਕਿ ਪਹਿਲੇ ਸੰਜਮ ਕਰੋ, ਫੇਰ ਟਿਕਾਉ ਵਿਚ ਆਓ, ਫੇਰ ਤੁਹਾਡੀ ਮਤਿ ਬਲ ਪਾਕੇ ਤੁਹਾਡੇ ਮਨ ਦੇ ਉਤੇ ਲਗੇ। ਉਮਾਹ ਦੇ ਬਲ ਬਿਨਾ ਬੁੱਧੀ ਨਿਤਾਣੀ ਹੋਕੇ ਮਨ ਦੇ ਹੇਠ ਲਗਦੀ ਹੈ ਅਰ ਅਸੀਂ ਰੋਜ਼ ਅਰਦਾਸ ਕਰਦੇ ਹਾਂ- 'ਮਨ ਨੀਵਾਂ ਮਤਿ ਉਚੀ'। ਪਰ ਕਿਕੂੰ ਹੋਵੇ ਜਦੋਂ ਕਿ ਉਮਾਹ ਆਪਣੇ ਰੰਗ ਵਿਚ ਆਕੇ ਮਤਿ ਦੀ ਮਦਦ ਨਹੀਂ ਕਰਦਾ? ਜਦੋਂ ਮਤਿ ਉੱਜਲ ਤੇ ਉਮਾਹ ਨਾਲ ਬਲਵਾਨ ਹੋ ਗਈ, ਮਨ ਸੰਜਮ ਨਾਲ ਟਿਕਾਣੇ ਆ ਗਿਆ, ਤਦੋਂ ਅੰਦਰੋਂ ਪਰਮੇਸ਼ੁਰ ਦੇ ਦੇਸ਼ ਦੇ ਪਤੇ ਤੇ ਨਿਸ਼ਾਨੀਆਂ ਮਿਲਦੀਆਂ ਹਨ। ਬੁੱਧੀ ਪਹਿਲੇ ਹੰਕਾਰ ਦਾ ਪੜਦਾ ਪਾੜਦੀ ਹੈ ਤਦ ਕੀ ਵੇਖਦੀ ਹੈ ਕਿ ਮੇਰੇ ਵਿਚ ਹੋਣ ਦਾ ਖਿਆਲ ਆਪੇ ਹੀ ਮੌਜੂਦ ਹੈ; 'ਮੈਂ ਹਾਂ' ਇਕ ਖਿਆਲ ਮਾਇਆ ਤੋਂ ਸੁੱਛ ਹੋਕੇ ਹੰਕਾਰ ਤੋਂ ਛੁਟਕੇ ਭੀ ਮੇਰੇ ਅੰਦਰ ਹੈ। ਮੌਤ ਦੀ ਸੋਚ ਸੋਚ ਕੇ ਭੀ ਮੈਨੂੰ ਮੇਰੇ ਹੋਣ ਦਾ ਖਿਆਲ ਨਹੀਂ ਛੁੱਟਦਾ। ਫੇਰ ਮੇਰੇ ਵਿਚ ਸਦਾ ਹੋਣ ਦਾ ਖਿਆਲ ਦਿੱਸਦਾ ਹੈ। ਇਕ ਮੈਨੂੰ ਬੇਅੰਤਤਾਈ ਦਾ ਅਨੁਭਵ ਹੁੰਦਾ ਹੈ ਇਹ ਖਿਆਲ ਸਾਫ ਪ੍ਰਗਟ ਕਰਦੇ ਹਨ ਕਿ ਕੋਈ ਐਸੀ ਹਸਤੀ ਹੈ ਜਿਸਦੇ ਕਿ ਏਹ ਝਲਕੇ ਮੇਰੇ ਵਿਚ- ਜੋ ਉਸ ਹਸਤੀ ਨਾਲ ਕਿਸੇ ਤਰ੍ਹਾਂ ਸੰਬੰਧਿਤ ਹੈ- ਵਜਦੇ ਹਨ। ਕੁਦਰਤ ਵਿਚ ਕ੍ਰਮ, ਜੁਗਤ, ਗਣਤ, ਪ੍ਰਯੋਜਨ ਅਰ ਐਸੇ ਸਾਮਾਨ ਹਨ ਜੋ ਕਿਸੇ ਚੇਤਨ ਕਾਰਨ ਦਾ ਥਹੁ ਦੇਂਦੇ ਹਨ। ਦਿੱਸਣ ਵਾਲੇ ਪਦਾਰਥਾਂ ਦੀ ਦਸ਼ਾ ਦਾ ਪਲਟਣਾ ਦੇਖਕੇ ਬੀ ਮੇਰੇ ਵਿਚ ਇਕ ਰਸ ਅਵਸਥਾ ਦਾ ਖਿਆਲ ਪੈਦਾ ਹੁੰਦਾ ਹੈ। ਕੁਦਰਤ ਦੀ ਰਚਨਾ ਵਿਚ ਕ੍ਰਮ, ਜੁਗਤ, ਹਿਸਾਬ ਇਹ ਮੇਰੇ ਵਿਚ ਇਕ ਰਸ ਚੇਤਨ ਦਾ ਖਿਆਲ ਪੈਦਾ ਕਰਦੇ ਹਨ। ਕੀ ਇਹ ਉਸ ਤਰ੍ਹਾਂ ਦੇ ਪਤੇ ਨਹੀਂ ਕਿ ਜਿਸ ਤਰ੍ਹਾਂ ਪਾਣੀ ਦਾ ਡਲ ਨੇੜੇ ਆਉਣ ਤੋਂ ਪਹਿਲੇ ਠੰਢੀ ਹਵਾ, ਜਲ ਦੇ ਪੰਖੀ, ਸਬਜ਼ੀ ਆਦਿਕ ਦੇ ਝਲਕੇ ਵਜਦੇ ਹਨ? ਮਿੱਤ੍ਰ ਜੀ! ਇਹ ਤਾਂ ਸਾਡੀ ਬੁੱਧੀ ਦੀਆਂ ਬਹੁਲੀਆਂ ਵਜਦੀਆਂ ਹਨ। ਸਤਿਗੁਰੂ ਸੂਖਮ ਹਉਮੈ ਦਾ ਪੜਦਾ ਪਾੜਨ ਦਾ ਵੱਲ ਬੀ ਦੱਸਦਾ ਹੈ। ਜਦੋਂ ਉਹ ਜੁਗਤ ਪੂਰੀ ਹੋ ਜਾਂਦੀ ਹੈ ਫੇਰ ਬੁੱਧੀ ਦੀਆਂ ਟੋਹਾਂ ਸਾਖਿਆਤਕਾਰ ਯਾ ਪ੍ਰਤੱਖ ਦਰਸ਼ਨਾਂ ਵਿਚ ਪਲਟ ਜਾਂਦੀਆਂ ਹਨ। ਜਿਸ ਨੂੰ ਪਹਿਲਾਂ ਬੁੱਧਿ ਨਾਲ ਅਨੁਮਾਨ ਕਰਦੇ ਸਾਂ, ਉਸ ਨੂੰ ਸਿਦਕ ਤੇ ਸਾਧਨ ਨਾਲ ਟੋਲ ਕੇ ਅਨੁਭਵ ਨਾਲ ਪ੍ਰਤੱਖ ਵੇਖਦੇ ਹਾਂ। ਬੁੱਧਿ ਮਾਰੀ ਨਹੀਂ ਜਾਂਦੀ, ਪਰ 'ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ' ਵਾਲੀ ਗਲ ਹੋ ਜਾਂਦੀ ਹੈ।*

ਪਿਆਰੇ ਜੀ! ਨਿਰੀ ਬੁੱਧੀ ਦੀ ਖੋਜ (ਪਾਉਣ ਦੇ ਉੱਦਮ ਤੇ ਸਾਹਸ ਬਿਨਾ ਅਰ ਹਉਮੈ ਰੋਗ ਦੇ ਕੱਟਣ ਦੇ ਸਾਧਨ ਬਿਨਾ) ਅਨੁਮਾਨਾਂ ਨਾਲ ਪਤੇ ਦੱਸਦੀ ਹੈ, ਪਿਆਰੇ ਦੇ ਚਰਨਾਂ ਵਿਚ ਭੌਰਾ ਬਣਾਕੇ ਲਪਟਾ ਦੇਣ ਦੀ ਸਮਰੱਥਾ ਨਹੀਂ ਰਖਦੀ ਪਰ ਬੁੱਧੀ ਨਾਲ ਜਿਕੂੰ ਅਨੁਮਾਨ ਕਰੀਦੇ ਹਨ, ਇਕੁਰ ਹੀ ਇਸ ਨੂੰ ਸਾਧਨ ਤੇ ਸਿਦਕ ਵਿਚ ਲਾਈਦਾ ਹੈ ਅਰ ਐਉਂ ਇਸ ਨੂੰ ਇਸਦੇ ਅਸਲ ਸਰੂਪ 'ਗਿਆਨ' ਵਿਚ ਪਲਟ ਲਈਦਾ ਹੈ। ਇਹ ਬੁੱਧੀ ਹੀ ਸਿਰਤਾਜ ਮਿੱਤ੍ਰ ਹੈ, ਇਹ ਬੁਰੀ ਨਹੀਂ, ਇਸ ਬੁੱਧੀ ਨੂੰ ਹਨੇਰੇ ਵਿਚ ਫਸਾਉਣਾ, ਇਸ ਰਾਜੇ ਨੂੰ ਆਕੀ ਪਰਜਾ ਦੇ ਵੱਸ ਪਾਕੇ ਕੈਦ ਪਾ ਦੇਣਾ ਖਰਾਬ ਹੈ। "ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥" ਇਸ ਕਰਕੇ ਮੈਂ ਪਹਿਲੇ ਦਿਨ ਇਹ ਬੇਨਤੀ ਕੀਤੀ ਸੀ ਕਿ ਤੁਸੀਂ ਸੰਜਮ ਕਰੋ, ਜੋ ਤੁਸਾਡੀ ਬੁੱਧੀ ਘਬਰਾਵਾਂ ਤੋਂ ਸੁਤੰਤ੍ਰ ਹੋਵੇ, ਉੱਜਲ ਹੋਵੇ, ਮਨ ਨੂੰ ਹੇਠ ਲਾਵੇ ਤੇ ਫੇਰ ਯੋਗ ਵੀਚਾਰ ਕਰਦੀ ਹੋਈ ਸਾਧਨ ਤੇ ਸਿਦਕ ਦੇ ਨੇਤ੍ਰਾਂ ਨਾਲ ਅਸਲ ਵਸਤੂ ਨੂੰ ਨਿਸ਼ਚਿਤ ਕਰੇ।

ਢੇਸਾ- ਆਪ ਦਾ ਤ੍ਰੀਕਾ ਬਹੁਤ ਠੀਕ ਹੈ। ਮੈਂ ਪਹਿਲੇ ਦਿਨ ਆਪਦੇ ਬਚਨਾਂ ਨੂੰ ਬਚਨ ਮਾਤ੍ਰ ਸਮਝਦਾ ਰਿਹਾ ਸਾਂ, ਪਰ ਆਪ ਦੀ ਸੁ ਯੁਕਤੀ ਬੜੀ ਪ੍ਰਬਲ

---

* ਇਸ ਸਿਧਿ ਯਾ ਸੁਧਿ ਦਾ ਪਤਾ ਗੁਰੂ ਜੀ ਨੇ ਐਉਂ ਦਿਤਾ ਹੈ:-
ਮੰਨੈ ਸੁਰਤਿ ਹੋਵੈ ਮਨਿ ਬੁਧਿ॥ ਮੰਨੈ ਸਗਲ ਭਵਣ ਕੀ ਸੁਧਿ॥
ਪੁਨਾ:- ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥ (ਜਪੁਜੀ)

 www.sikhbookclub.com

ਸੀ ਜਿਸ ਵਿਚ ਮੈਨੂੰ ਆਪਣੇ ਸੁਖੀ ਹੋਣ ਦਾ ਲਾਲਚ ਵਧੀਕ ਝੁਕਾਉਂਦਾ ਸੀ। ਮੈਂ ਆਪ ਦਾ ਦੱਸਿਆ ਉਪਦੇਸ਼ ਕਮਾਕੇ ਡਿੱਠਾ ਹੈ ਤੇ ਸੁਖ ਪਾਇਆ ਹੈ, ਇਸ ਸਚਮੁਚ ਦੇ ਸੁਖ ਪਾਉਣ ਨੇ ਮੇਰੇ ਵਿਚ ਆਪ ਦੇ ਬਚਨਾਂ ਪਰ ਭਰੋਸਾ ਪੈਦਾ ਕਰ ਦਿੱਤਾ ਹੈ ਅਰ ਸਤਿਗੁਰਾਂ ਦੇ ਇਕੋ ਬਚਨ ਨੇ ਕਿ ਬਦੀ ਮੈਂ ਪੈਦਾ ਕਰਦਾ ਹਾਂ, ਤੁਹਾਡੇ ਸਾਰੇ ਉਪਦੇਸ਼ਾਂ ਨੂੰ ਦ੍ਰਿੜ੍ਹ ਕਰ ਦਿੱਤਾ ਹੈ। ਅਜ ਮੈਂ ਸਾਫ ਸਮਝ ਲਿਆ ਹੈ ਕਿ ਆਪ ਯੁਕਤੀ ਦੇ ਵਿਰੋਧੀ ਨਹੀਂ ਹੋ, ਪਰ ਇਸਦੇ ਯੋਗ ਵਰਤਾਉ ਕਰਨ ਵਾਲੇ ਹੋ! ਆਪ ਉਸ ਮਲਾਹ ਵਾਂਙੂ ਨਹੀਂ ਹੋ ਜੋ ਜਹਾਜ਼ਾਂ ਨੂੰ ਤੋਰਨ, ਰਸਤਾ ਪਛਾਨਣ ਦੀ ਯੁਕਤੀ ਦਾ ਜਾਣੂ ਕਿਨਾਰੇ ਬੈਠਾ ਘੋਗੇ ਚੁਗਦਾ ਰਹਿੰਦਾ ਹੈ, ਪਰ ਉਸ ਮਲਾਹ ਵਾਂਙੂ ਹੋ ਜੋ ਸਾਰੀ ਯੁਕਤੀ ਜਾਣਦਾ ਹੈ ਅਰ ਅਮਲੀ ਹੁਨਰ ਦਾ ਉਸਤਾਦ ਹੈ, ਜੋ ਜਹਾਜ਼ ਨੂੰ ਲੈਕੇ ਠਿਲ੍ਹਦਾ ਹੈ ਅਰ ਮੰਜ਼ਲ ਤੇ ਪਹੁੰਚਾਉਂਦਾ ਹੈ ਤੇ ਹੋਰਨਾਂ ਨੂੰ ਭੀ ਜਹਾਜ਼ ਦੀ ਵਿਦਿਆ- ਜਹਾਜ਼ ਦੇ ਤੋਰਨ, ਮੁਸ਼ਕਲਾਂ ਤੋਂ ਕੱਢਣ ਤੇ ਸਲਾਮਤ ਪੁਚਾਉਣ ਦੀ ਜਾਚ ਦੱਸਕੇ ਮੰਜ਼ਲੇ ਅਪੜਾਉਨ ਦੇ ਰਾਹ ਪਾਉਂਦਾ ਹੈ। ਮੈਨੂੰ ਹੁਣ ਸੰਸਾ ਨਹੀਂ ਰਿਹਾ, ਕ੍ਰਿਪਾ ਕਰਕੇ ਹੁਣ ਦੱਸੋ ਜੋ ਹੋਰ ਕੀਹ ਕੁਛ ਕਰਾਂ ਜੋ ਮੈਂ ਬੀ ਸੁਖ ਪਾਵਾਂ?

ਭਾਈ- ਸਭ ਵਡਿਆਈ ਗੁਰੂ ਨੂੰ ਹੈ, ਇਹ ਗੁਰੂ ਦੀ ਆਗਿਆ ਹੀ ਦਾਸ ਨੂੰ ਹੋਈ ਜਾਣੋ, ਜੋ ਮੈਂ ਬੇਨਤੀ ਕੀਤੀ ਹੈ।

ਸੰਜਮ ਨੇ ਤੁਹਾਡੇ ਅੰਦਰ ਬੁੱਧੀ ਨੂੰ ਸਾਫ ਕੀਤਾ ਹੈ। ਹੁਣ ਬੁੱਧੀ ਨੂੰ ਮਨ ਉਤੇ ਅਸਵਾਰ ਹੋਣ ਦੀ ਲੋੜ ਹੈ। ਤੁਹਾਡੇ ਹਿਰਦੇ ਦੀ ਕਾਲਕ ਅਜੇ ਪੂਰਾ ਝਲਕਾ ਆਤਮਾ ਦਾ ਨਹੀਂ ਲੈਂਦੀ ਅਰ 'ਸੱਖਣਾਪਨ' ਪ੍ਰਤੀਤ ਕਰਦੀ ਹੈ। ਤੁਸੀਂ ਕੁੜ੍ਹ ਕੁੜ੍ਹ ਕੇ, ਅਪੂਰਨ ਲੋੜਾਂ ਤੋਂ ਨਿਰਾਸ ਹੋ ਹੋਕੇ, ਵਿਦਿਆ ਨਾਲ 'ਨਹੀਂ ਹੈ, ਨਹੀਂ ਹੈ' ਦੀ ਸੰਥਾ ਪਕਾ ਕੇ ਤੇ ਸ੍ਵਾਰਥਪਤਾ (ਖ਼ੁਦਗਰਜ਼ੀ) ਦੇ ਕੰਮ ਕਰ ਕਰਕੇ ਐਸੀ ਕਾਲਕ ਪੈਦਾ ਕੀਤੀ ਹੈ ਕਿ ਉਮਾਹ ਦਾ ਝਲਕਾ ਉਥੇ ਅਸਰ ਨਹੀਂ ਕਰਦਾ ਸੀ। ਹੁਣ ਸੰਜਮ ਨਾਲ ਕ੍ਰੋਧ, ਈਰਖਾ, ਨਿਰਾਸਤਾ ਘਟਣ ਕਰਕੇ ਉਹ ਝਲਕਾ, ਉਹ ਅਸਰ ਤਾਂ ਪੈਦਾ ਨਹੀਂ ਹੁੰਦੇ ਪਰ ਤੁਹਾਨੂੰ ਓਥੇ ਤੋਟੇ ਪੱਖ ਦੇ ਕਰਮਾਂ ਤੋਂ ਵਾਪਰੀ ਸੁੰਵ ਦੀ ਪ੍ਰਤੀਤੀ ਹੁੰਦੀ ਹੈ।

ਢੇਸਾ- ਇਹ ਕਾਲਕ ਕਿਸ ਤ੍ਰੀਕੇ ਨਾਲ ਪੈ ਗਈ?

ਭਾਈ ਜੀ- ਜਦ ਸਾਡੇ ਅੰਦਰ ਕੋਈ ਚਾਹ ਪੈਦਾ ਹੁੰਦੀ ਹੈ, ਤਦ ਦਿਮਾਗ਼ ਤੋਂ ਇੰਦ੍ਰੀਆਂ ਨੂੰ ਕਿਸੇ ਤਰ੍ਹਾਂ ਨਾਲ ਬਲ ਮਿਲਦਾ ਹੈ ਅਰ ਅਸੀਂ ਉਹ ਕੰਮ ਕਰਦੇ ਹਾਂ। ਉਸ ਕੰਮ ਦੇ ਕਰਨ ਤੋਂ ਬਾਦ ਉਸ ਦਾ ਅਸਰ ਦਿਮਾਗ ਉਤੇ ਉਲਟਵਾਂ ਹੁੰਦਾ ਹੈ, ਜੋ ਬਾਰ ਬਾਰ ਹੋਣ ਨਾਲ ਦਿਮਾਗ ਉਤੇ ਬਾਰ ਬਾਰ ਅਸਰ ਕਰਕੇ ਸਾਡੇ ਮਨ ਵਿਚ ਉਸਦਾ ਇਕ ਸੁਭਾਵ ਬਣਾ ਦਿੰਦਾ ਹੈ। ਸੁਭਾਵ ਉਸ ਪਾਸੇ ਵਲ ਨੂੰ ਅੰਦਰਲੀ ਰੁਚੀ ਦਾ ਰੂਪ ਲੈ ਲੈਂਦਾ ਹੈ ਤੇ ਬਾਹਰ ਉਸ ਕੰਮ ਵਿਚ ਬੇਵਸੇ ਜਿਹੇ ਹੋਕੇ ਲਗ ਪਈਦਾ ਹੈ। ਇਹ ਰੁਚੀ ਯਾ ਮਨ ਦਾ ਝੁਕਾਉ ਜੋ ਉਸ ਰੁਖ ਦਾ ਬਣ ਜਾਂਦਾ ਹੈ ਐਸਾ ਪੱਕ ਜਾਂਦਾ ਹੈ ਕਿ ਜਦ ਇਸ ਨੂੰ ਫੇਰ ਪਲਟਣਾ ਚਾਹੋ ਤਦ ਵਸੇ ਵਸੇ ਪਲਟਦਾ ਨਹੀਂ, ਜੇ ਪਲਟੋ ਤਾਂ ਬਲ ਲਗਦਾ ਹੈ ਅਰ ਪਲਟਦਾ ਐਉਂ ਹੈ ਕਿ ਉਸੇ ਤਰ੍ਹਾਂ ਵੀਚਾਰ ਤੇ ਕਰਨੀ ਨਾਲ ਉਸ ਦੇ ਉਲਟ ਬਾਰ ਬਾਰ ਕੰਮ ਕੀਤਿਆਂ, ਜੋ ਮੁੜ ਮੁੜ ਉਲਟ ਉਲਟ ਕੇ ਦਿਮਾਗ਼ ਤੇ ਅਸਰ ਹੋਵੇਗਾ, ਉਸ ਨਾਲ ਉਹ ਸੁਭਾਉ ਪਲਟ ਜਾਵੇਗਾ।

ਇਸੇ ਤਰ੍ਹਾਂ ਸੰਸਾਰ ਦਾ ਅਸਲ ਕਾਰਨ ਅਰ ਆਸਰਾ ਜੋ ਇਕ 'ਚੇਤਨ ਹੋਂਦ' ਹੈ, ਉਸ ਦੀ ਅਣਹੋਂਦ ਦੀ ਸੋਚ ਪਕਾ ਪਕਾ ਕੇ ਅਰ ਐਸੇ ਕੰਮ ਕਰ ਕਰਕੇ, ਕਿ ਜਿਨ੍ਹਾਂ ਤੋਂ ਅਣਹੋਂਦ ਦਾ ਪਲਟਵਾਂ ਅਸਰ ਦਿਮਾਗ਼ ਤੇ ਪਵੇ, ਇਕ ਅਣਹੋਂਦ ਦਾ ਸੁਭਾਵ ਤੁਸਾਂ ਪਕਾ ਲਿਆ ਹੈ, ਜੋ ਤੁਸਾਡੀ ਇੱਛਾ ਤੋਂ ਬਿਨਾਂ ਤੁਸਾਡੇ ਅੰਦਰ ਵਸਦਾ ਤੇ ਨਿਰੇਛਾ ਸ਼ਕਤੀ* ਨਾਲ ਤੁਹਾਥੋਂ ਉਹੋ ਜਿਹੇ ਕੰਮ ਕਰਾਉਂਦਾ ਰਿਹਾ ਹੈ, ਪਰ ਤੁਸੀਂ ਇਸ ਨੂੰ ਸੱਖਣਾਪਨ ਤੇ ਸੁੰਵ ਨਹੀਂ ਸਮਝਦੇ ਰਹੇ, ਕਿਉਂਕਿ ਸੰਜਮ ਨਾ ਹੋਣ ਕਰਕੇ ਈਰਖਾ, ਕੁੜ੍ਹਨਾ, ਕ੍ਰੋਧ, ਛਿੱਥੇ ਹੋਏ ਰਹਿਣਾ, ਨਿਰਾਸਤਾ ਆਦਿਕ ਭਾਵ (ਜੋ ਸਾਰੇ ਅਣਹੋਂਦ ਪੱਖ ਦੇ ਹੀ ਭਾਵ ਹਨ ਅਰ ਮਨ ਨੂੰ ਰੁਝਾਈ ਰਖਦੇ ਤੇ ਖੋਟੇ ਕਰਮਾਂ ਲਈ ਉੱਦਮ ਦਿਵਾਈ ਰਖਦੇ ਹਨ) ਤੁਹਾਡੇ ਅੰਦਰ ਰੌਲਾ ਪਾਉਂਦੇ ਰਹੇ ਹਨ। ਜਿਸ ਤਰ੍ਹਾਂ

* ਇਸ ਨੂੰ ਫਾਰਸੀ ਵਾਲੇ 'ਕੁੱਵਤ ਗ਼ੈਰ ਇਰਾਦੀ' ਬੀ ਆਖਦੇ ਹਨ।


www.sikhbookclub.com

ਕਿਸੇ ਘਰ ਵਿਚੋਂ ਚੋਰ ਪਦਾਰਥ ਕੱਢ ਲੈ ਜਾਣ, ਪਰ ਉਸ ਘਰ ਵਿਚ ਹਨੇਰਾ, ਗ਼ੁਬਾਰ ਤੇ ਕੌੜਾ ਧੂੰਆਂ ਹੋਵੇ ਤਦ ਕੁਛ ਪਤਾ ਨਹੀਂ ਲੱਗਦਾ ਕਿ ਕੁਛ ਇਥੋਂ ਚੋਰੀ ਹੋ ਗਿਆ ਹੈ। ਪਰ ਜਦ ਕਿਸੇ ਸੰਜਮ ਤੇ ਉਪਰਾਲੇ ਨਾਲ ਹਨੇਰਾ, ਘੱਟਾ ਤੇ ਧੂੰਆਂ ਦੂਰ ਹੋ ਜਾਵੇ, ਤਦ ਪਹਿਲੀ ਗੱਲ ਇਹ ਦਿੱਸੇਗੀ ਕਿ ਇਹ ਅੰਦਰ ਸੱਖਣਾ ਹੈ, ਫੇਰ ਕਾਰਣ ਸੋਚਾਂਗੇ, ਫੇਰ ਉਪਾਅ ਗੁਆਚੀ ਚੀਜ਼ ਲੱਭਣ ਦਾ ਸੋਚਾਂਗੇ, ਫੇਰ ਧਨ ਵਾਪਸ ਲਿਆ ਕੇ ਅੰਦਰ ਭਰਾਂਗੇ। ਕਿਉਂ ਜੀ ਇਹ ਗਲ ਵੀ ਸਮਝੇ ਆ ਗਈ ਜੇ?

ਢੇਸਾ- ਬਹੁਤ ਠੀਕ ਸਮਝੀ ਹੈ! ਇਸ ਦ੍ਰਿਸ਼ਟਾਂਤ ਨਾਲ ਮੈਂ ਸਾਫ ਸਮਝ ਲਿਆ ਹੈ ਕਿ ਆਪ ਦਾ ਭਾਵ ਕੀਹ ਹੈ? ਪਰ ਹੁਣ ਉਹ ਉਪਰਾਲਾ ਦੱਸੋ ਕਿ ਸੱਖਣਾ ਅੰਦਰ ਫੇਰ ਕੀਨੂੰ ਭਰੇ?

ਭਾਈ ਜੀ- ਜੀਕੂੰ ਭਰਿਆ ਅੰਦਰ ਸੱਖਣਾ ਹੋਇਆ ਸੀ, ਉੱਕਰ ਹੀ ਉਸਦੇ ਉਲਟ ਕੀਤਿਆਂ ਸੱਖਣਾ ਅੰਦਰ ਭਰੇਗਾ,

ਢੇਸਾ- ਕੀਕੂੰ?

ਭਾਈ ਜੀ- ਐਸੇ ਕੰਮਾਂ ਨੇ ਜੋ ਮਨ ਨੂੰ ਅਣਹੋਂਦ ਦੀ ਪ੍ਰੇਮੀ ਕਰਦੇ ਸਨ, ਮਨ ਵਿਚ ਸੁੰਞਤਾ ਦਾ ਥਾਉਂ ਪੈਦਾ ਕੀਤਾ। ਹੁਣ ਐਸੇ ਕੰਮ ਕਰੋ ਜੋ ਹੋਂਦ ਦਾ ਪ੍ਰੇਮ ਪੈਦਾ ਕਰਨ ਵਾਲੇ ਹੋਣ, ਤਦ ਤੁਹਾਡੀ ਉਹ ਸੁੰਞ ਭਰੇਗੀ।

ਢੇਸਾ- ਉਹ ਕੰਮ ਕਿਸ ਤਰ੍ਹਾਂ ਦੇ ਹਨ?

ਭਾਈ- ਭਲਿਆਈ। ਤੁਸਾਂ ਅਪਕਾਰ ਦੇ ਕੰਮ ਕੀਤੇ ਸੇ ਤਦ ਇਹ ਈਰਖਾ, ਕੁਦਇਆ, ਨਿਰਾਸਤਾ, ਗੁੱਸੇ ਦਾ ਸੁਭਾਉ ਪਿਆ ਸੀ, ਜਿਸ ਨੇ ਇਹ ਸੁੰਞ ਦਿਖਾਈ ਹੈ। ਹੁਣ ਤੁਸੀਂ ਪਿਆਰ, ਦਇਆ, ਦਾਨ, ਭਰੋਸਾ ਤੇ ਖਿਮਾਂ ਦੇ ਕੰਮ ਕਰੋ ਫੇਰ ਉਹ ਸੁਭਾਉ ਪਲਟੇਗਾ।

ਤੁਸੀਂ ਇਕ ਦੁਖੀ ਦੀ ਪ੍ਰਤਿਪਾਲਾ ਕਰਦੇ ਹੋ ਤਦ ਤੁਹਾਡੇ ਵਿਚ ਖੁਸ਼ੀ ਆਉਂਦੀ ਹੈ ਤੇ ਫੇਰ ਹੋਰ ਨੇਕੀ ਕਰਨ ਦਾ ਉੱਦਮ ਆਉਂਦਾ ਹੈ। ਇਹ ਉੱਦਮ ਹੋਰ ਖੁਸ਼ੀ ਲਿਆਉਂਦਾ ਹੈ। ਤੁਸੀਂ ਫੇਰ ਨੇਕੀ ਤੇ ਉਪਕਾਰ ਕਰਦੇ ਹੋ ਫੇਰ ਤੁਹਾਡੇ ਵਿਚ ਹੋਰ ਉਪਕਾਰ ਲਈ ਉੱਦਮ ਤੇ ਖੁਸ਼ੀ ਆਉਂਦੀ ਹੈ। ਇਹ ਉਦਮ ਤੇ ਖੁਸ਼ੀ ਦਾ ਭਾਵ ਅੰਦਰ ਲਾਹੇ ਦੀਆਂ ਰਕਮਾਂ ਵਾਂਡੂ ਜਮਾ ਹੋਏਗਾ। ਤੋਟੇ ਪਖ ਦੀ ਜੋ ਕਾਲੋਂ ਤੇ ਹਨੇਰਾ ਹੈ ਹਟੇਗਾ। ਸਹਿਜੇ ਸਹਿਜੇ ਕ੍ਰੋਧ ਤੇ ਈਰਖਾ ਦੇ ਭਾਵ ਅੰਦਰੋਂ ਹਟਣਗੇ। ਐਉਂ ਸਨੇ ਸਨੇ ਮਨ ਉਨ੍ਹਾਂ ਮੈਲਾਂ ਤੋਂ ਨਿਰਮਲ ਹੋਏਗਾ। ਫੇਰ ਬਾਣੀ ਨਾਮ ਆਦਿ ਚੋਟੀ ਦੇ ਸ਼ੁਭ ਕਰਮ ਆਉਣਗੇ ਤਦੋਂ ਬੁੱਧੀ ਇਨ੍ਹਾਂ ਦੇ ਬਲ ਨਾਲ ਮਨ ਤੇ ਸਵਾਰ ਹੋ ਜਾਵੇਗੀ। ਫੇਰ ਏਸ ਸੰਜਮ ਦੇ ਟੁੱਟਣ ਦਾ ਬੀ ਕੋਈ ਤੌਖਲਾ ਨਾ ਰਹੇਗਾ। ਤਦੋਂ ਤੁਸੀਂ ਮਨ ਨੀਵਾਂ ਮਤ ਉਚੀ ਵਾਲੇ ਹੋਕੇ, ਮਤ ਦੀ ਰੱਖਜਾ ਲਈ ਵਾਹਿਗੁਰੂ ਜੀ ਤੇ ਟਿਕੋਗੇ। ਜਦ ਵਾਹਿਗੁਰੂ ਪਾ ਲਓਗੇ, ਜੋ ਘਟ ਘਟ ਵਿੱਚ ਵਿਆਪਕ ਹੈ, ਤਦੋਂ ਕਹੋਗੇ :-

ਰਾਮਾ ਨੰਦ ਜੀ ਘਰ ੧
ੴ ਸਤਿਗੁਰ ਪ੍ਰਸਾਦਿ॥
ਕਤ ਜਾਈਐ ਰੇ ਘਰ ਲਾਗੋ ਰੰਗੁ॥ ਮੇਰਾ
ਚਿਤੁ ਨ ਚਲੈ ਮਨੁ ਭਇਓ ਪੰਗੁ॥੧॥ਰਹਾਉ॥
ਏਕ ਦਿਵਸ ਮਨ ਭਈ ਉਮੰਗ॥ ਘਸਿ
ਚੰਦਨ ਚੋਆ ਬਹੁ ਸੁਗੰਧ॥ ਪੂਜਨ ਚਾਲੀ
ਬ੍ਰਹਮ ਠਾਇ॥ਸੋ ਬ੍ਰਹਮੁ ਬਤਾਇਓ ਗੁਰ
ਮਨ ਹੀ ਮਾਹਿ॥੧॥ ਜਹਾ ਜਾਈਐ ਤਹ
ਜਲ ਪਖਾਨ॥ ਤੂ ਪੂਰਿ ਰਹਿਓ ਹੈ ਸਭ
ਸਮਾਨ॥ ਬੇਦ ਪੁਰਾਨ ਸਭ ਦੇਖੇ ਜੋਇ॥
ਊਹਾਂ ਤਉ ਜਾਈਐ ਜਉ ਈਹਾਂ ਨ
ਹੋਇ॥੨॥ਸਤਿਗੁਰ ਮੈ ਬਲਿਹਾਰੀ ਤੋਰ॥
ਜਿਨਿ ਸਕਲ ਬਿਕਲ ਭ੍ਰਮ ਕਾਟੇ
ਮੋਰ॥ਰਾਮਾਨੰਦ ਸੁਆਮੀ ਰਮਤ ਬ੍ਰਹਮ॥
ਗੁਰ ਕਾ ਸਬਦੁ ਕਾਟੈ ਕੋਟਿ ਕਰਮ॥੩॥੧॥

-o-

(ਛ)

ਭਾਈ ਢੇਸਾ ਹੁਣ ਆਗਿਆ ਲੈਕੇ ਡਰੋਲੀ ਪਿੰਡ ਚਲਾ ਗਿਆ। ਦਿਲ ਵਿਚ ਜਨਕ ਰਾਜ ਦੇ ਪਹੁ ਫੁਟਾਲੇ ਹੋ ਗਏ ਸਨ। ਭਾਈ ਜੀ ਦਾ ਉਪਦੇਸ਼ ਨਿਰਾ ਵਾਕ ਗਿਆਨ ਥੋੜਾ ਸੀ, ਉਹ ਤਾਂ ਸ਼ਕਤੀ ਵਾਲੇ ਵਾਕ ਸਨ ਜੋ ਸਮਝ ਨੂੰ ਵੀ ਉੱਜਲ ਕਰਦੇ ਸਨ ਤੇ ਅਨੁਭਵ ਨੂੰ ਬੀ ਖੋਲ੍ਹਦੇ ਸਨ, ਜਿਕੂੰ ਗੱਜਦੇ ਬੱਦਲ ਵਿਚੋਂ ਵਾਜ ਹੀ ਵਾਜ ਆਉਂਦੀ ਹੈ, ਪਰ ਵਰ੍ਹਦੇ

SIKHBOOKCLUB.COM

ਬੱਦਲ ਵਿਚੋਂ ਪਾਣੀ, ਠੰਢ ਤੇ ਸਹਾਉ ਆਉਂਦੇ ਹਨ। ਪਹਾੜ ਦੇ ਸੋਮੇਂ ਵਿਚੋਂ ਝਰਦੀਆਂ ਬੂੰਦਾਂ ਵਿਚ ਅਨੇਕ ਪਦਾਰਥ ਜੀਵ ਤੇ ਬਨਸਪਤੀ ਨੂੰ ਬਲ ਦੇਣ ਵਾਲੇ ਰਚੇ ਹੋਏ ਹੁੰਦੇ ਹਨ। ਉਸ ਕਰਨੀ ਵਾਲੇ ਸੱਜਣ ਦੇ ਸਫਲ ਉਪਦੇਸ਼ ਨਾਲ ਢੇਸੇ ਦੇ ਦਿਲੋਂ ਸੱਖਣਾਪਨ ਮੱਧਮ ਪੈਣ ਲੱਗਾ। ਪਿੰਡ ਪਹੁੰਚ ਕੇ ਉਸ ਨੇ ਅਮਲ ਆਰੰਭ ਕੀਤਾ। ਜਿਉਂ ਜਿਉਂ ਕਮਾਈ ਕਰੇ ਮਨ ਵਿਚ ਬਲ ਵਧੇ, ਜਿਉਂ ਜਿਉਂ ਬਲ ਵਧੇ ਸੱਖਣਾਪਨ ਘਟੇ। ਜਿਉਂ ਜਿਉਂ ਅੰਦਰ ਸੁਖ ਆਵੇ ਭਾਈ ਜੀ ਵਧੀਕ ਪਿਆਰੇ ਲੱਗਣ, ਵਧੀਕ ਯਾਦ ਆਉਣ ਅਰ ਕਦੇ ਕਦੇ ਸੁਹਣੀ ਤਰਜ਼ ਦਾ ਵੈਰਾਗ ਭੀ ਆ ਡੇਰੇ ਜਮਾਵੇ। ਢੇਸੇ ਦੀ ਇਸਤ੍ਰੀ, ਜੋ ਪਹਿਲਾਂ ਪਤੀ ਦੇ ਕੁਸੰਗਾਂ ਕਰਕੇ ਦੁਖੀ ਸੀ, ਇਹ ਹਾਲ ਵੇਖਕੇ ਅਰ ਪਤੀ ਦੀ ਕਰਨੀ ਤੱਕ ਕੇ ਤੇ ਉਪਦੇਸ਼ ਸੁਣ ਸੁਣ ਕੇ ਉਸਦੀ ਕਦਰਦਾਨ ਹੋਕੇ ਚੰਗੀ ਸਾਥਣ ਬਣਨ ਲੱਗ ਪਈ। ਢੇਸੇ ਦੇ ਜੀ ਵਿਚ ਕੀਰਤਨ ਦਾ ਚਾਉ ਉਪਜਦਾ ਹੈ, ਕਦੇ ਕਦੇ ਧਰਮਸਾਲਾ ਜਾਂਦਾ ਹੈ, ਆਸਾ ਦੀ ਵਾਰ ਸੰਗਤ ਰੋਜ਼ ਸਵੇਰੇ ਲਾਉਂਦੀ ਹੈ, ਉਹ ਸੁਣਦਾ ਹੈ ਅਰ ਖੀਵਾ ਹੁੰਦਾ ਹੈ। ਸੰਗਤ ਬੀ ਢੇਸੇ ਨੂੰ ਪਿਆਰੀ ਲੱਗਣ ਲੱਗ ਪਈ ਹੈ। ਜਿਨ੍ਹਾਂ ਨੂੰ ਕਦੇ ਟਿਚਕਰਾਂ ਕਰਦਾ ਹੁੰਦਾ ਸੀ, ਹੁਣ ਸਤਿਕਾਰ ਦੀ ਅੱਖ ਨਾਲ ਵੇਖਦਾ ਹੈ। ਸਮਾਂ ਤੁਰਦਾ ਗਿਆ ਤੇ ਨਵੀਂ ਸਿੱਖਿਆ ਨੇ ਉਸਦੇ ਮਨ ਨੂੰ ਚੜ੍ਹਾਈ ਦੀ ਤੋਰੇ ਪਾਈ ਰੱਖਿਆ। ਉਹ ਤੋਰਾ ਕੀਹ ਸੀ? ਉਹ ਉਨ੍ਹਾਂ ਕੰਮਾਂ ਦਾ ਕਰਨਾ ਸੀ, ਜਿਨ੍ਹਾਂ ਨਾਲ ਮਨ ਵਿਚੋਂ ਸੱਖਣਾਪਨ ਘਟੇ, ਸੇਵਾ ਦਾ ਚਾਉ, ਸੇਵਾ ਕਰਨ ਵਿਚ ਨਿਰਆਲਸਤਾ, ਸੇਵਾ ਕਰਕੇ ਖੁਸ਼ੀ ਤੇ ਸ਼ੁਕਰ ਏਹ ਭਾਵ ਵਧਣ।

ਸਮਾਂ ਪਾਕੇ ਢੇਸਾ ਸੰਗਤ ਨਾਲੋਂ ਪਹਿਲੇ ਧਰਮਸਾਲ ਵਿਚ ਆਉਣ ਲਗ ਪਿਆ। ਢੇਸਾ ਪੈਸੇ ਵਾਲਾ ਸੀ, ਪੰਡਿਤ ਸੀ, ਪਰ ਧਰਮਸਾਲ ਦੀ ਬੁਹਾਰੀ ਆਪ ਕਰਨੀ, ਗਰਮੀਆਂ ਵਿਚ ਸੰਗਤ ਨੂੰ ਪੱਖਾ ਕਰਨਾ, ਸਿਆਲ ਵਿੱਚ ਅੱਗ ਸਿਕਾਉਣੀ, ਜਲ ਦੁੱਧ ਦੀ ਸੇਵਾ ਕਰਨੀ, ਇਹ ਕੰਮ ਉਸ ਤੋਂ ਹੋਣ ਲਗ ਪਏ। ਲੋਕਾਂ ਨਾਲ ਲੈਣ ਦੇਣ ਵਿਚ ਬੀ ਫਰਕ ਪੈ ਗਿਆ। ਕਿੱਥੇ ਖੋਹਕੇ ਰਾਜ਼ੀ ਹੁੰਦਾ ਸੀ ਕਿੱਥੇ ਹੁਣ ਦੇ ਕੇ ਖੁਸ਼ ਹੁੰਦਾ ਹੈ। ਕਿੱਥੇ ਨੌਕਰ ਚਾਕਰ ਗਲੀ ਗੁਆਂਢ ਸਭ ਇਸਦੇ ਹੱਥੋਂ ਦੁਖਦੇ ਰਹਿੰਦੇ ਸਨ, ਕਿੱਥੇ ਹੁਣ ਸਾਰੇ ਏਸ ਤੋਂ ਸੁਖ ਪਾਉਣ ਲੱਗੇ। ਪਿੰਡ ਵਿਚ ਕੋਈ ਦੁਖੀ ਹੋ ਜਾਵੇ ਤਾਂ ਢੇਸੇ ਨੇ ਸਾਰ ਲੈਣੀ। ਕੋਈ ਮੁਸਾਫਰ ਗ਼ਰੀਬ ਆਵੇ ਤਦ ਧਰਮਸਾਲ ਵਿੱਚ ਲੱਸੀ ਰੋਟੀ ਢੇਸੇ ਵਲੋਂ ਮਿਲੇ। ਦੋ ਚਾਰ ਦਸ ਕੋਹ ਤਾਈਂ ਬੀ ਸੁਖ ਦੇਣ ਦਾ ਉਪਰਾਲਾ ਕਰ ਲੈਣਾ। ਇਉਂ ਕਰਦਾ ਓਹ ਜੋ ਕਦੇ ਐਸਾ ਸੀ: "ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ", ਪਰ ਹੁਣ ਉਹ ਭਿੱਜਾ ਹੋਇਆ ਦਿਆਲੂ ਮਿੱਤ੍ਰ ਹੋ ਰਿਹਾ ਹੈ। ਇਨ੍ਹਾਂ ਸ਼ੁਭ ਕਰਤੂਤਾਂ ਨਾਲ ਮਨ ਵਿਚ ਚੜ੍ਹਦੀਆਂ ਕਲਾਂ ਦੇ ਚੰਦ ਦੀਆਂ ਲਾਸਾਂ ਫੁਟਣ ਲੱਗ ਪਈਆਂ। ਬਾਣੀ ਦਾ ਪ੍ਰੇਮ ਬੀ ਪੈ ਗਿਆ ਸੀ। ਓਹ ਬਾਣੀ ਪੜ੍ਹਦਾ, ਵੀਚਾਰਦਾ, ਜੀਵਨ ਉਸ ਅਨੁਸਾਰ ਕਰਨ ਦਾ ਜਤਨ ਕਰਦਾ ਤੇ ਕੀਰਤਨ ਨਾਲ ਮਗਨ ਹੋ ਹੋ ਜਾਂਦਾ ਸੀ। ਤੀਜੀ ਗੱਲ ਇਕ ਹੋਰ ਹੋ ਗਈ ਜੋ ਭਾਈ ਸਾਈਂਦਾਸ ਜੀ ਦਾ ਸ਼ੁਕਰ ਹਿਰਦੇ ਵਿੱਚੋਂ ਫੁਟ ਫੁਟ ਨਿਕਲਿਆ ਕਰੇ ਅਰ ਜੀ ਇਹੋ ਚਾਹਿਆ ਕਰੇ ਕਿ ਕਿਵੇਂ ਉਨ੍ਹਾਂ ਦੇ ਕੋਲ ਹੀ ਰਹਾਂ। ਸੀ ਤਾਂ ਚੁਤਰ, ਚਤੁਰਾਈ ਫੁਰੀ ਕਿ ਭਾਈ ਜੀ ਦਾ ਜਨਮ ਤਾਂ ਸਾਡੇ ਹੀ ਪਿੰਡ ਡਰੋਲੀ ਦਾ ਹੈ ਤੇ ਏਹ ਚੰਦਨ ਮਲਿਆਗਰ ਨੂੰ ਛੱਡਕੇ ਦੁਰਾਡੇ ਜਾ ਵਸਿਆ ਹੈ, ਹੋਵੇ ਨਾ ਤਾਂ ਚੰਦਨ ਨੂੰ ਵਤਨ ਮੋੜ ਕੇ ਲਿਆਈਏ, ਪਰ ਫੇਰ ਇਹ ਸੋਚ ਸੁਆਰਥ ਦੀ ਮਲੂਮ ਹੋਈ। ਫੇਰ ਕਈ ਦਿਨਾਂ ਦੀ ਵੀਚਾਰ ਨਾਲ ਇਹ ਖਿਆਲ ਦ੍ਰਿੜ੍ਹ ਹੋਇਆ ਕਿ ਡੱਲੇ ਵਿੱਚ ਤਾਂ ਚੰਗੇ ਸਿੱਖ ਬਹੁਤੇ ਹੈਨ, ਪਰ ਡਰੋਲੀ ਵਿੱਚ ਸਿੱਖ ਹੈਨ ਹੀ ਘੱਟ, ਮੁਸ਼ਕਲ ਨਾਲ ਤੀਹ ਪ੍ਰੇਮੀ ਸਵੇਰ ਨੂੰ ਕੱਠੇ ਹੁੰਦੇ ਹਨ। ਜੇਕਰ ਭਾਈ ਜੀ ਏਥੇ ਆ ਜਾਣ ਤਦ ਉਨ੍ਹਾਂ ਦੇ ਸਤਿਸੰਗ ਕਰਕੇ ਏਥੇ ਬੀ ਕੀਰਤਨ ਦਾ ਅੰਮ੍ਰਿਤ ਪ੍ਰਵਾਹ ਟੁਰ ਪਵੇ ਤੇ ਉਪਕਾਰ ਵਧੇ। ਇਹ ਗੱਲ ਨਿਸ਼ਚੇ ਕਰਕੇ ਢੇਸੇ ਨੇ ਸੰਗਤ ਵਿਚ ਸੁਣਾਈ। ਸੰਗਤ ਵਿਚ ਇਸ ਪਰ ਵੀਚਾਰ ਹੋਕੇ ਇਹੋ ਸਲਾਹ ਠਹਿਰੀ ਕਿ ਭਾਈ ਸਾਈਂਦਾਸ ਜੀ ਦਾ ਡਰੋਲੀ ਆ ਵੱਸਣਾ ਡੱਲੇ ਨੂੰ ਹਾਨੀਕਾਰਕ ਨਹੀਂ ਹੈ ਤੇ ਡਰੋਲੀ ਲਈ ਉਪਕਾਰੀ ਹੋਵੇਗਾ।

SIKHBOOKCLUB.COM

ਇਹ ਵੀਚਾਰ ਹੋ ਕੇ ਇਕ ਦਿਨ ਸੰਗਤ ਦੇ ਮੁਖੀਏ ਕੱਠੇ ਹੋਕੇ ਡੱਲੇ ਗਏ। ਭਾਈ ਜੀ ਨੇ ਬਹੁਤ ਆਗਤ ਭਾਗਤ ਕੀਤੀ ਤੇ ਸਨਮਾਨ ਨਾਲ ਉਤਾਰਾ ਦਿੱਤਾ। ਅਗਲੇ ਦਿਨ ਸਵੇਰੇ ਜਦ ਆਸਾ ਦੀ ਵਾਰ ਦਾ ਭੋਗ ਪੈ ਚੁੱਕਾ ਤਦ ਡਰੋਲੀ ਦੀ ਸੰਗਤ ਨੇ ਬੜੀ ਅਧੀਨਗੀ ਨਾਲ ਬਿਨੈ ਕੀਤੀ ਕਿ-

"ਹੇ ਗੁਰੂ ਕੇ ਸਵਾਰੇ ਤੇ ਪਿਆਰੇ ਸਤਿਸੰਗਤ ਜੀ! ਅਸੀਂ ਤ੍ਰਿਖਾਵੰਤ ਆਪ ਪਾਸੋਂ ਇਕ ਅੰਮ੍ਰਿਤ ਦਾ ਦਾਨ ਮੰਗਣ ਵਾਸਤੇ ਆਏ ਹਾਂ?"

ਸੰਗਤ ਨੇ ਪਿਆਰ ਨਾਲ ਪੁੱਛਿਆ ਕਿ ਆਪ ਹੁਕਮ ਕਰੋ ਕੀਹ ਆਗਿਆ ਹੈ? ਤਦ ਡਰੋਲੀ ਦੀ ਸੰਗਤ ਨੇ ਬੇਨਤੀ ਕੀਤੀ ਕਿ "ਕਿਰਪਾ ਕਰਕੇ ਭਾਈ ਸਾਈਂਦਾਸ ਜੀ ਨੂੰ ਸਾਡਾ ਮੁਕਟਮਣੀ ਹੋਣ ਲਈ ਸਾਡੇ ਪਾਸ ਸੀਸ ਪਰ ਸੁਭਾਇਮਾਨ ਕਰ ਦਿਓ।"

ਇਹ ਗਲ ਸੁਣਕੇ ਸੰਗਤ ਡੱਲੇ ਦੇ ਜੀ ਵਿੱਚ ਬੀ ਸੋਚ ਪੈ ਗਈ, ਐਸੇ ਅਮੋਲਕ ਲਾਲ ਨੂੰ ਦੇ ਦੇਣਾ ਕਿਹੜੀ ਸੌਖੀ ਜਿਹੀ ਗੱਲ ਸੀ, ਪਰ ਇਕ ਸੰਗਤ ਦੀ ਮੰਗ ਨੂੰ ਨਾਂਹ ਕਰਨੀ ਬੀ ਔਖੀ ਸੀ, ਸੋ ਇਸ ਮਾਮਲੇ ਤੇ ਪਰਸਪਰ ਵੀਚਾਰ ਸ਼ੁਰੂ ਹੋਈ। ਡਰੋਲੀ ਦੀ ਸੰਗਤ ਨੇ ਦੱਸਿਆ ਕਿ ਸਾਡੇ ਪਿੰਡ ਗੁਰਸਿੱਖੀ ਦੀ ਡਾਢੀ ਔੜ ਹੈ, ਇਤਨਾ ਭਾਰਾ ਪਿੰਡ ਹੈ ਪਰ ਸਤਿਸੰਗੀ ਆਸਾ ਦੀ ਵਾਰ ਦੇ ਪ੍ਰੇਮੀ ਮਸਾਂ ਤੀਹ ਪੈਂਤੀ ਆਦਮੀ ਹਨ। ਜੇਕਰ ਇਹ ਚੰਦਨ ਦਾ ਬਿਰਵਾ ਉੱਥੇ ਚੱਲ ਲੱਗਾ ਤਦ ਉਥੇ ਬੀ ਚੰਦਨ ਦੀ ਗੰਧ ਨਾਲ ਅਨੇਕਾਂ ਚੰਦਨ ਹੋ ਜਾਣਗੇ।

ਡੱਲੇ ਦੀ ਸੰਗਤ ਨੇ ਬਹੁਤ ਕੁਛ ਵੀਚਾਰ ਕੇ ਅੰਤ ਇਹੋ ਨਿਬੇੜਾ ਕੀਤਾ ਕਿ ਸੰਗਤ ਵਲੋਂ ਭਾਈ ਜੀ ਨੂੰ ਡਰੋਲੀ ਜਾਣ ਵਿੱਚ ਕੋਈ ਰੋਕ ਨਾ ਪਾਈ ਜਾਵੇ। ਭਾਵੇਂ ਸੰਗਤ ਉਨ੍ਹਾਂ ਦੇ ਵਿਛੋੜੇ ਨੂੰ ਸਹਿ ਨਹੀਂ ਸਕਦੀ, ਪਰ ਗੁਰਮੁਖਾਂ ਦੇ ਸਰੀਰ ਪਰਉਪਕਾਰ ਲਈ ਆਉਂਦੇ ਹਨ, ਇਨ੍ਹਾਂ ਦਰਿਆਵਾਂ ਦੇ ਰੌਆਂ ਨੂੰ ਬੰਨ੍ਹਾਂ ਪਾ ਕੇ ਛੰਭ ਬਨਾਉਣੇ ਚੰਗੇ ਨਹੀਂ। ਇਸ ਲਈ ਆਪਣੇ ਘਾਟੇ ਨੂੰ ਜਾਣਦੇ ਹੋਏ ਬੀ ਡੱਲੇ ਦੀ ਸੰਗਤ ਨੇ ਭਾਈ ਜੀ ਨੂੰ ਡਰੋਲੀ ਜਾਣੋ ਕੋਈ ਰੋਕ ਨਾ ਪਾਈ।

ਹੁਣ ਭਾਈ ਜੀ ਦੇ ਸਿਰ ਖੇਡ ਆਈ, ਉਨ੍ਹਾਂ ਨੇ ਸਾਰੀ ਗਲ ਦੇ ਮਗਰੋਂ ਇਹ ਨਿੰਮ੍ਰਤਾ ਭਰਿਆ ਸਲੋਕ ਕਹਿ ਕੇ ਉੱਤਰ ਦੇ ਦਿੱਤਾ:-

'ਕਬੀਰ ਕੂਕਰੁ ਰਾਮ ਕੋ ਮੁਤੀਆ ਮੇਰੋ ਨਾਉ॥
ਗਲੇ ਹਮਾਰੇ ਜੇਵਰੀ ਜਹਿ ਖਿੰਚੈ ਤਹ ਜਾਉ॥'

ਭਾਈ ਜੀ ਦਾ ਚਿੱਤ ਜੇ ਆਮ ਚਿੱਤ ਹੁੰਦਾ ਤਦ ਡੱਲਾ ਛੱਡਣ ਦਾ ਨਾਉਂ ਨਾ ਲੈਂਦਾ, ਪਰ ਉਨ੍ਹਾਂ ਨੇ 'ਮੈਂ' 'ਮੇਰੀ' ਦੀ ਕੰਧ ਢਾਹ ਛੱਡੀ ਹੈ, ਉਨ੍ਹਾਂ ਨੇ ਗੁਰੂ ਰਜ਼ਾ ਸਿਰ ਧਰੀ ਹੈ। ਵਾਹਿਗੁਰੂ ਵਲੋਂ ਜੋ ਹੁੰਦਾ ਹੈ ਉਸ ਵਿੱਚ ਹੀ ਭਲਾ ਜਾਣਦੇ ਹਨ, ਆਪ ਨੂੰ ਉਸ ਮਾਲਿਕ ਦਾ ਕੂਕਰ ਸਮਝਦੇ ਹਨ, ਸੰਸਾਰ ਨਾਲੋਂ, ਹਉਮੈਂ ਨਾਲੋਂ, ਮਾਇਆ ਨਾਲੋਂ ਆਪ ਨੂੰ ਮੁਤੀਆ ਸਮਝਦੇ ਹਨ। ਮੁਤੀਆ ਟੁੱਟ ਗਏ ਨੂੰ ਆਖਦੇ ਹਨ। ਜੋ ਹਉਮੈਂ ਤੋਂ ਟੁੱਟ ਗਿਆ ਅਰ ਸਾਈਂ ਨਾਲ ਜਿਸਦੀ ਡੋਰ ਬੱਝ ਗਈ, ਉਹ ਜਾਣਦਾ ਹੈ ਕਿ ਸਾਈਂ ਦੀ ਰਜ਼ਾ ਹੀ ਮੈਨੂੰ ਜਿੱਧਰ ਚਾਹੁੰਦੀ ਹੈ ਲਈ ਫਿਰਦੀ ਹੈ, ਉਸ ਦੀ ਰਜ਼ਾ ਵਿੱਚ ਖੁਸ਼ ਹਨ, ਜੋ ਸੁਤੇ ਰਜ਼ਾ ਬੋਲੇ ਸੋਈ ਸੁਰ ਉਨ੍ਹਾਂ ਦੇ ਅੰਦਰੋਂ ਨਿਕਲਦੀ ਹੈ।

ਹੁਣ ਆਈ ਭਾਈ ਨਰੈਣ ਦਾਸ ਤੇ ਮਾਈ ਪ੍ਰੇਮ ਦੇਵੀ ਜੀ ਦੀ ਵਾਰੀ। ਭਾਈ ਜੀ ਇਨ੍ਹਾਂ ਨਾਲ ਸੱਸ ਸਹੁਰੇ ਵਾਲਾ ਸਨੇਹ ਨਹੀਂ ਰੱਖਦੇ ਸਨ ਪਰ ਮਾਤਾ-ਪਿਤਾ ਵਾਲਾ। ਜਿਨ੍ਹਾਂ ਦੇ ਘਰ ਵਿਚ ਦੋ ਲੜਕੀਆਂ ਦੇ ਸਿਵਾ ਹੋਰ ਕੋਈ ਬਾਲਕ ਨਹੀਂ ਸੀ, ਉਨ੍ਹਾਂ ਲਈ ਬੀ ਆਗਿਆ ਦੇਣੀ ਸੌਖਾ ਕੰਮ ਨਹੀਂ ਸੀ। ਆਪ ਦੀ ਛੋਟੀ ਲੜਕੀ ਗੁਰੂ ਜੀ ਦੇ ਚਰਨਾਂ ਵਿਚ ਹੈ ਤੇ ਵੱਡੀ ਦੀ ਹੀ ਘਰ ਵਿਚ ਰੌਣਕ ਤੇ ਸਤਿਸੰਗ ਹੈ। ਮਮਤਾ ਉਨ੍ਹਾਂ ਦੀਆਂ ਅੱਖਾਂ ਅੱਗੇ ਉਦਾਸੀ ਦੇ ਰੰਗ ਬੰਨ੍ਹਦੀ ਹੈ ਤੇ ਦੱਸਦੀ ਹੈ ਕਿ ਪੁੱਤਰ ਸਾਈਂ ਦਾਸ ਬਿਨਾਂ ਇਹ ਘਰ ਸੁੰਵੇ ਭਾਸਣਗੇ, ਕੰਧਾਂ ਵਢ ਵਢ ਖਾਣਗੀਆਂ, ਪਰ ਵੈਰਾਗ ਆਖਦਾ ਹੈ- 'ਘਰ ਛਡਣੇ ਰਹੈ ਨ ਕੋਈ।' ਅਸਾਂ ਕਿ ਸਾਈਂ ਦਾਸ ਕਿਸੇ ਨੇ ਪਹਿਲੇ ਵਿਛੁੜਨਾ ਹੀ ਹੈ। ਵਿਛੋੜਾ ਤੇ ਮੌਤ ਤਾਂ ਨਿਸਚੇ ਬਾਤ ਹੈ, 'ਜੀਵਨ ਤੇ ਮੇਲ' ਵਿਚ ਇਕ ਅਚਾਨਕ ਕੌਤਕ ਹੈ, ਜਿਸਦਾ ਕੋਈ ਥਹੁ ਨਹੀਂ ਕਿ ਕਦੋਂ ਤੇ ਕਿੰਨੇ ਚਿਰ ਲਈ ਇਸ ਨੇ ਰਹਿਣਾ ਹੈ 'ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ'। ਸੋ ਜਦ ਵਿਛੋੜਾ ਨਿਸਚੇ ਹੈ ਤਦ ਮਨ ਹਰ ਛਿਨ ਵਾਹਿਗੁਰੂ ਅਰਪਨ ਕਰੀ ਰੱਖਣਾ ਚਾਹੀਦਾ ਹੈ ਤੇ

SIKHBOOKCLUB.COM

ਸਰੀਰ ਸਤਿਸੰਗ ਸਰੋਵਰ ਦਾ ਵਾਸੀ ਬਨਾਉਣਾ ਚਾਹੀਦਾ ਹੈ। ਵੈਰਾਗ ਦੇ ਖਿਆਲ ਏਸ ਤਰ੍ਹਾਂ ਦਾ ਵਿਵੇਕ ਬੀ ਦੇਂਦੇ ਹਨ ਪਰ ਫੇਰ ਨੇਤ੍ਰਾਂ ਵਿਚ ਜਲ ਬੀ ਆਉਂਦਾ ਹੈ। 'ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ॥' ਠੀਕ ਇਹ ਮੇਲਾ ਜੋ ਮਰਨਹਾਰ ਸਰੀਰਾਂ ਦਾ ਹੈ, ਅਤਿ ਪਿਆਰਾ ਹੈ? ਚਾਹੋ ਪਤਾ ਹੈ ਕਿ ਇਹ ਅਨਸਥਿਰ ਤੇ ਅਨਿਸਚੇ ਹੈ? ਇਹ ਵਿਛੋੜਾ ਵਿੰਨ੍ਹਦਾ ਤਾਂ ਹੈ ਪਰ ਏਥੇ ਏਹ ਸਰੀਰਕ ਮੋਹ ਕਰਕੇ ਨਹੀਂ ਸੱਲ ਰਿਹਾ, ਸਗੋਂ ਇਸ ਲਈ ਕਿ ਏਥੇ ਮੇਲ ਤੇ ਪਜਾਰ ਸਤਿਸੰਗ ਦਾ ਹੈ। ਸਤਿਸੰਗ ਦੇ ਮਿਲਾਪ ਵਿਚ ਦਿਲ ਇਸ ਲਈ ਵਿਛੋੜਾ ਨਹੀਂ ਚਾਹੁੰਦਾ ਕਿ ਇਥੋਂ ਮੈਨੂੰ ਆਪਣਾ ਮੂਲ ਪਛਾਣਨ ਦੀ ਸੂਝ ਪਈ ਹੈ, ਇਹ ਚਾਨਣ ਕਿਵੇਂ ਨਾ ਵਿਛੁੜੇ। ਏਥੇ ਅਗਿਆਨ ਨਹੀਂ, ਪਰ ਪ੍ਰੇਮ ਵਿੰਨ੍ਹਦਾ ਹੈ। ਪ੍ਰੇਮ ਆਖਦਾ ਹੈ :-

ਜੈਸੀ ਮਛੁਲੀ ਨੀਰ ਇਕੁ ਖਿਨੁ ਭੀ ਨਾ ਧੀਰੇਇ॥
(ਆਸਾ ਮ: ੫ ਛੰਤ)

ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ ਸੋ ਭਾਈ
ਸੋ ਮੇਰਾ ਬੀਰ॥
(ਗੋਂਡ ਮ: ੪)

ਪਰ ਐਸੇ ਸਮਿਆਂ ਪਰ ਕਿਆ ਪ੍ਰੇਮ ਮਮਤਾ ਦੀ ਤਰ੍ਹਾਂ ਜੱਫਾ ਮਾਰਦਾ ਹੈ ਅਰ ਰੋੜ੍ਹ ਦੇਂਦਾ ਹੈ? ਨਹੀਂ! ਓਹ ਪ੍ਰੇਮ ਰਜ਼ਾ ਨੂੰ ਟੋਲਦਾ ਅਰ ਰਜ਼ਾ ਪਰ ਸਦਕੇ ਹੋ ਜਾਂਦਾ ਹੈ, ਪ੍ਰੇਮ ਦੀਆਂ ਚੋਭਾਂ ਸੁਖਦਾਈ ਤੇ ਚੜ੍ਹਾਉ ਦਾ ਕਾਰਨ ਬਣ ਜਾਂਦੀਆਂ ਹਨ। ਮਮਤਾ ਦੀ ਚੋਭ ਮਨ ਦੇ ਨਾਲ ਸਰੀਰ ਨੂੰ ਵਿੰਨ੍ਹ ਜਾਂਦੀ ਹੈ, ਪਰ ਪ੍ਰੇਮ ਦੀ ਚੋਭ ਹਉਮੈਂ ਨੂੰ ਵਿੰਨ੍ਹਦੀ ਹੈ। ਮਮਤਾ ਦੇ ਤੀਰ ਖਾਣ ਵਾਲਾ ਬਿਆਕੁਲ ਤੇ ਢਿੱਲਾ ਹੋ ਜਾਂਦਾ ਹੈ, ਪਰ ਪ੍ਰੇਮ ਦੇ ਤੀਰ ਦੀਆਂ ਨੋਕਾਂ ਸਹਿਣ ਵਾਲਾ ਨਿਰਮਲ, ਵੈਰਾਗੀ ਤੇ ਰਜ਼ਾ ਪਰ ਪਹਿਰਾ ਦੇਣ ਵਾਲਾ ਹਉਮੈਂ ਨੂੰ ਨੁਛਾਵਰ ਕਰ ਦੇਣ ਵਾਲਾ ਬਣਦਾ ਹੈ।

ਨਰੈਣ ਦਾਸ ਜੀ ਨੇ ਭਰੇ ਨੇਤ੍ਰੀਂ ਇਹ ਬੇਨਤੀ ਕਰ ਦਿਤੀ:-

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ
ਸੋ ਤੇਰਾ॥ ਤੇਰਾ ਤੁਝ ਕਉ ਸਉਪਤੇ ਕਿਆ ਲਾਗੈ
ਮੇਰਾ॥

ਪ੍ਰੇਮ ਦੇਵੀ ਵੀ ਸੋਚ ਰਹੀ ਸੀ ਕਿ ਪੁੱਤਾਂ ਵਾਂਙੂ ਪਾਲੇ ਤੇ ਸੰਤਾਂ ਵਾਂਙੂ ਸਨਮਾਨੇ ਗੁਰਮੁਖ ਤੋਂ ਵਿਛੋੜਾ ਕਿਵੇਂ ਝੱਲਿਆ ਜਾਊ। ਪਰ ਜਦ ਡਰੋਲੀ ਦੀ ਸੰਗਤ ਦੀ ਲੋੜ ਵਲ ਤਕੱਦੀ ਹੈ ਤੇ ਉਥੇ ਉਚ ਜੀਵਨ ਦੇ ਪ੍ਰਚਾਰ ਨੂੰ ਸੋਚਦੀ ਹੈ ਤਾਂ ਭਰੇ ਦਿਲ ਪਈ ਆਖਦੀ ਹੈ :-

'ਮੈ ਛਡਿਆ ਸਗਲ ਅਪਾਇਣੋ
ਭਰਵਾਸੈ ਗੁਰ ਸਮਰਥਾ॥'
(ਮਾਰੂ ਵਾਰ ਡ: ਮ: ੫)

ਰਾਮੋਂ ਅੰਦਰੋਂ ਕਿਥੇ ਹੈ? ਅਡੋਲ, ਅੱਖਾਂ ਬੰਦ, ਖੜਗਧਾਰੀ ਦੇ ਧਿਆਨ ਵਿੱਚ ਨਿਮਗਨ ਹੈ ਤੇ ਬਿਨੈ ਕਰ ਰਹੀ ਹੈ: ਹੇ ਪ੍ਰਾਣ ਦਾਤਾ ਜੀ! ਧੰਨ ਆਪ ਹੋ! ਧੰਨ ਆਪ ਦੇ ਚੋਜ ਹਨ!! ਮੈਂ ਸਤਿਸੰਗ ਵਿਚ ਸਭ ਤੋਂ ਨਿਰਬਲ ਹਾਂ, ਏਸ ਵਿਛੋੜੇ ਵੇਲੇ ਦੁਖੀ ਹੋਵਾਂਗੀ, ਆਪ ਕਿਰਪਾ ਕਰਕੇ ਬਲ ਦਿਓ ਤਾਂ ਆਪ ਦੀ ਇਸ ਆਗਿਆ ਨੂੰ ਸਿਦਕ ਨਾਲ ਪਾਲਾਂ। ਹੇ ਗੁਰੂ ਜੀ! ਸਿਦਕ ਦਿਓ:-

ਝੋਲੀ ਮੇਰੀ ਖੈਰ ਪਾਵੇ ਸਿਦਕ ਦੀ,
ਸਿਦਕ ਦਿਓ ਮੈਂ ਦਾਨ ਦਾਸੀ ਵਿਲਕਦੀ।
ਦਿਓ ਭਰੋਸਾ ਦਾਨ ਹਿੱਲਾਂ ਨਾ ਰਤੀ।
ਨਿਸ਼ਚਾ ਤੇ ਵਿਸ਼ਵਾਸ਼ ਹੋਵੇ ਨਾ ਖਤੀ।
ਡੂੰਘਾ ਹੈ ਦਰਿਆਉ ਘੁੰਮਣ ਘੇਰੀਆਂ।
ਤੁਲਹਾ ਹੈ ਨਾ ਨਾਉ ਬਲ ਬਾਂਹ ਮੇਰੀਆਂ।
ਖੇਵਣ ਸੰਦੀ ਜਾਚ ਮੈਨੂੰ ਹੈ ਨਹੀਂ।
ਤਿੱਖੀ ਡੋਲਣ ਵਾਉ, ਹਾ! ਹੈ ਵਹਿ ਰਹੀ।
ਛੱਪਰ ਅੱਤ ਕਰਾਰ ਲਹਿਰਾਂ ਉੱਚੀਆਂ।
ਮੈਂ ਮਨਤਾਰੂ ਵਿੱਚ, ਬਾਹਾਂ ਬੁੱਚੀਆਂ।
ਰੱਖੀਂ ਰੱਖਣਹਾਰ ਸਤਿਗੁਰ ਪੂਰਿਆ।
ਦੇਵੀਂ ਦਾਨ ਯਕੀਨ ਸਤਿਗੁਰ ਸੂਰਿਆ।

ਇਸ ਤਰ੍ਹਾਂ ਦੀ ਬਿਨੈ ਵਿਚ ਮਗਨ ਬੈਠੀ ਹੈ, ਨੈਣਾਂ ਤੋਂ ਕਿਸੇ ਕਿਸੇ ਵੇਲੇ ਇਕ ਟੇਪਾ ਕਿਰਦਾ ਹੈ, ਪਰ ਉਂਵ ਅਡੋਲ ਹੈ। ਸੰਗਤ ਨੇ ਜਦ ਇਧਰ ਧਿਆਨ ਕਰਕੇ ਪੁੱਛਿਆ ਤਾਂ ਅਰਦਾਸ ਵਿਚ ਜੁੜੀ ਰਾਮੋਂ ਨੇ ਦੁਇ ਹੱਥ ਜੋੜ ਤੇ ਗਲ ਵਿਚ ਪੱਲਾ ਪਾਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲ ਮੱਥਾ ਟੇਕ ਦਿੱਤਾ, ਬੋਲਣਾ ਚਾਹੁੰਦੀ ਸੀ:-

'ਮੈਂ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ॥'
(ਰਾ: ਬਿ: ਸਧਨਾ ਜੀ)

ਪਰ ਬੋਲ ਨਾ ਸਕੀ।

ਇਸ ਪ੍ਰਕਾਰ ਪ੍ਰੇਮ ਦੀ ਮੰਗ ਤੇ ਪ੍ਰੇਮ ਦੀ ਦਾਤ

 www.sikhbookclub.com

ਸੰਪੂਰਣ ਹੋ ਗਈ ਤੇ ਸੰਗਤ ਡਰੋਲੀ ਦੀ ਡਰੋਲੀ ਚਲੀ ਗਈ।

ਭਾਈ ਸਾਈਂਦਾਸ ਜੀ ਕੁਛ ਦਿਨਾਂ ਵਿੱਚ ਡੱਲੇ ਦੇ ਕੰਮ ਕਾਜ ਸਮੇਟ ਕੇ ਡਰੋਲੀ ਨੂੰ ਵਿਦਾ ਹੋਏ। ਇਸ ਵੇਲੇ ਡੱਲੇ ਦਾ ਕੋਈ ਜੀਵ ਨਹੀਂ ਹੋਣਾ ਜੋ ਘਰ ਰਿਹਾ ਹੋਵੇ, ਸਾਰੀ ਸੰਗਤ ਤੋਰਨ ਆਈ। ਸਾਰੇ ਪੈਰੀਂ ਪਏ ਪੈਂਦੇ ਹਨ, ਭਾਈ ਜੀ ਆਪ ਝੁਕ ਝੁਕ ਜਾਂਦੇ ਤੇ ਮਿਲ ਮਿਲ ਗਲੇ ਲਗਦੇ ਹਨ; ਪ੍ਰੇਮੀ ਮਿਲ ਮਿਲ ਵਿਛੁੜਦੇ ਤੇ ਵਿਛੁੜ ਵਿਛੁੜ ਮਿਲਦੇ ਹਨ। ਅਜੇ ਕੋਈ ਪਿੱਛੇ ਨਹੀਂ ਮੁੜਦਾ, ਭਾਈ ਜੀ ਕਦਮ ਕਦਮ ਤੇ ਮੁੜਨ ਲਈ ਬੇਨਤੀ ਕਰਦੇ ਹਨ, ਪਰ ਪ੍ਰੇਮ ਰਸ ਦੇ ਬੱਧੇ ਲੋਕ ਵਿਛੁੜਨਾ ਨਹੀਂ ਚਾਹੁੰਦੇ। ਮੁਸ਼ਕਲਾਂ ਨਾਲ ਆਪ ਨੇ ਸੰਗਤ ਮੋੜੀ, ਜਿੰਨਾਂ ਚਿਰ ਸੰਗਤ ਨੂੰ ਭਾਈ ਜੀ ਦਿੱਸਦੇ ਰਹੇ ਮੁੜ ਮੁੜ ਕੇ ਪਰਸਪਰ ਵੇਖਦੇ ਤੇ ਨਮਸਕਾਰਾਂ ਕਰਦੇ ਰਹੇ। ਭਾਈ ਜੀ ਨੂੰ ਬੀ ਜਦੋਂ ਸੰਗਤ ਦਿੱਸਣੋ ਰਹਿ ਗਈ, ਤਦੋਂ ਆਪ ਘੋੜੀ ਤੇ ਚੜ੍ਹੇ ਤੇ ਬੀਬੀ ਡੋਲੀ ਵਿਚ ਬੈਠੀ। ਸਨੇ ਸਨੇ ਅਕਾਲ ਪੁਰਖ ਦੇ ਸੁਆਰੇ, ਗੁਰੂ ਦੇ ਪਿਆਰੇ, ਕਰਨੀ ਕਹਿਣੀ ਦੇ ਸੂਰੇ, ਭਾਈ ਜੀ ਤੇ ਬੀਬੀ ਜੀ ਡਰੋਲੀ ਪਹੁੰਚੇ। ਭਾਈ ਜੀ ਨੇ ਆਪਣੀ ਵਲੋਂ ਵਾਹ ਲਾਈ ਸੀ ਕਿ ਸੰਗਤ ਨੂੰ ਆਉਣ ਦਾ ਪਤਾ ਨਾ ਲੱਗੇ, ਪਰ ਵਿਛੁੜਨ ਵਾਲੀ ਸੰਗਤ ਦੇ ਪ੍ਰੇਮ ਦੇ ਘਨਹਰ ਬਦਲਾਂ ਵਿਚੋਂ ਸ੍ਵਾਂਤਿ ਬੂੰਦਾਂ ਵਾਂਙੂ ਵਿਛੋੜੇ ਦੀ ਸੋਇ ਡਰੋਲੀ ਦੀ ਪਪੀਹੇ ਵਤ ਪਿਆਸੀ ਸੰਗਤ ਨੂੰ ਪਹੁੰਚ ਹੀ ਗਈ। ਭਾਈ ਜੀ ਨੂੰ ਪਤਾ ਲਗ ਗਿਆ ਸੀ ਕਿ ਸੰਗਤ ਅਗੋਂ ਆ ਕੇ ਮਿਲੇਗੀ। ਸੋ ਕੜਾਹ ਪ੍ਰਸ਼ਾਦ ਤਿਆਰ ਕਰਵਾ ਲਿਆ, ਸਾਮਾਨ ਨਾਲ ਸੀ ਤੇ ਇਕ ਖੂਹ ਤੇ ਹਲਵਾਈ ਦੀ ਹੱਟੀ ਸੀ ਜਿਥੇ ਬੈਠਕੇ ਸਭ ਕੰਮ ਹੋ ਗਿਆ। ਜਦ ਓਥੋਂ ਤੁਰੇ ਦੋਹਾਂ ਕੋਹਾਂ ਤੇ ਅੱਗੇ ਹੀ ਸੰਗਤ ਲੈਣ ਵਾਸਤੇ ਆ ਰਹੀ ਸੀ। ਢੋਲਕੀਆਂ ਤੇ ਛੈਣੇ ਵੱਜ ਰਹੇ ਸੇ ਅਰ ਪ੍ਰੇਮ ਦੇ ਸ਼ਬਦਾਂ ਦੀ ਘਨਘੋਰ ਲਗ ਰਹੀ ਸੀ। ਭਾਈ ਜੀ ਦੂਰੋਂ ਹੀ ਘਨਘੋਰ ਸੁਣਕੇ ਘੋੜੀ ਤੋਂ ਉਤਰੇ।

ਏਹ ਤਦੋਂ ਦੇ ਸੰਗਤਾਂ ਦੇ ਪ੍ਰੇਮ ਸੇ। ਦੋ ਸੰਗਤਾਂ ਜਦ ਮਿਲਨ ਤੇ ਸਮਾਂ ਹੋਵੇ ਤਾਂ ਦੋਹਾਂ ਕੜਾਹ ਪ੍ਰਸ਼ਾਦ ਲੈਕੇ ਮਿਲਣਾ, ਦੋਹਾਂ ਨੇ ਸਤਿਗੁਰ ਸੱਚੇ ਪਾਤਸ਼ਾਹ ਨੂੰ ਵਿਚ ਜਾਣਕੇ ਪ੍ਰਸ਼ਾਦ ਅਰਪਣ ਕਰਨਾ ਤੇ ਆਪੋ ਵਿਚ ਜੋ ਮੇਲ ਕਰਨਾ; ਉਹ ਗੁਰੂ ਨੂੰ ਵਿਚ ਹਾਜ਼ਰ ਜਾਣ ਕੇ ਪਰਸਪਰ ਪ੍ਰੇਮ ਦਾ ਮੇਲ ਹੋਣਾ।

ਇਧਰੋਂ ਏਹ ਸ਼ਬਦਾਂ ਦੀ ਘਨਘੋਰ ਲਾ ਟੁਰੇ, ਉਧਰੋਂ ਸੰਗਤ ਡਰੋਲੀ ਦੀ, ਪ੍ਰੇਮ ਦੇ ਸ਼ਬਦ ਪੜ੍ਹਦੇ ਪ੍ਰਸ਼ਾਦ ਦਾ ਥਾਲ ਚਾਈ ਆ ਮਿਲੇ, ਦੁਵੱਲੀ ਕਿੰਨਾਂ ਚਿਰ ਸ਼ਬਦਾਂ ਦੀ ਘਨਘੋਰ ਲਗ ਗਈ। ਫੇਰ ਦੀਵਾਨ ਸਜਾ ਕੇ ਬੈਠ ਗਏ। ਪ੍ਰਸ਼ਾਦ ਦੇ ਦੋਵੇਂ ਥਾਲ ਸਤਿਗੁਰ ਜੀ ਦਾ ਧਿਆਨ ਧਰ ਕੇ ਅਰਪਨ ਕੀਤੇ ਗਏ, ਅਰਦਾਸਾ ਸੋਧਕੇ ਪ੍ਰਸ਼ਾਦ ਵਰਤਾਇਆ ਗਿਆ ਅਤੇ ਆਪੋ ਵਿਚ ਡਾਢੇ ਆਦਰ ਭਾਉ ਤੇ ਪ੍ਰੇਮ ਹੋਏ।

ਹਾਂ, ਇਹ ਸਿੱਖੀ ਪ੍ਰੇਮ ਉਸ ਵੇਲੇ ਦੇ ਹਨ, ਜਦੋਂ ਸਿੱਖ ਦਿਲਾਂ ਵਿਚ ਬਾਣੀ ਦਾ ਨਿਵਾਸ ਸੀ ਤੇ ਨਾਮ ਦਾ ਪ੍ਰਵਾਹ ਉਮਾਹੂ ਚਸ਼ਮੇਂ ਵਾਂਙ ਦਿਨ ਰਾਤ ਚਲਦਾ ਸੀ। ਸਿੱਖ ਸਿੱਖ ਸਨ, ਇਨ੍ਹਾਂ ਦਾ ਜੀਵਨ 'ਜਾਗ ਪਿਆ ਜੀਵਨ ਸੀ'*, ਇਨ੍ਹਾਂ ਨੂੰ ਗੁਰਸਿੱਖੀ ਦਾ ਨਾਤਾ ਸਭ ਨਾਤਿਆਂ ਤੋਂ ਪਿਆਰਾ ਸੀ। ਕਿਸੇ ਭਾਈਚਾਰਕ ਵਿਚਾਰ, ਦੂਰੰਦੇਸ਼ੀ ਯਾ ਲੋੜ ਵਾਸਤੇ ਨਿਰਾ ਇਹ ਪਿਆਰ ਨਹੀਂ ਸੀ, ਸਗੋਂ ਸਾਰੇ ਉੱਚੇ ਤੇ ਰਸੀਏ ਮਨ ਵਾਲੇ ਹੋਣ ਕਰਕੇ ਇਕ ਦੂਸਰੇ ਵਲ ਖਿੱਚਾਂ ਖਾਂਦੇ, ਇਕ ਦੂਜੇ ਦੇ ਪਿਆਰ ਸਤਿਕਾਰ ਵਿੱਚ ਐਉਂ ਖਿਚੀਂਦੇ ਸਨ ਜਿਵੇਂ ਕੁਦਰਤੀ ਪਿਆਰ ਦੋਹੁੰ ਨੂੰ ਇਕ ਕਰਨ ਲਈ ਆਪਣੀ ਸ਼ਕਤੀ ਮਾਤ੍ਰ ਨਾਲ ਖਿੱਚਦਾ ਹੈ। ਇਸ ਪਜਾਰ ਦੇ ਕਾਰਨ ਭਾਈਚਾਰਾ ਤੇ ਭਾਈਚਾਰਕ ਜਥੇਬੰਦੀ ਬੇਮਲੂਮੇ ਠੀਕ ਲੀਹਾਂ ਤੇ ਤੁਰਦੀ ਸੀ।

ਹੁਣ ਸਾਰੀ ਸੰਗਤ ਤੇ ਭਾਈ ਜੀ ਇਕੱਠੇ ਹੋਕੇ ਸ਼ਬਦ ਪੜ੍ਹਦੇ ਡਰੋਲੀ ਵਲ ਤੁਰੇ। ਜਿਸ ਧਰਤੀ ਪਰ ਭਾਈ ਜੀ ਦਾ ਜਨਮ ਹੋਇਆ ਸੀ ਉਸੇ ਧਰਤੀ ਨੂੰ ਨਿਹਾਲ ਕਰਨੇ ਲਈ ਉਪਕਾਰੀ ਜੀ ਫੇਰ ਉੱਥੇ ਆ ਗਏ। ਧਰਮਸਾਲ ਦੇ ਵਿਹੜੇ ਦੇ ਇਕ ਪਾਸੇ ਬਣੇ ਇਕ ਕੋਠੇ ਵਿਚ ਆਪ ਨੂੰ ਉਤਾਰਾ ਦਿੱਤਾ ਗਿਆ ਅਰ ਸਾਵਣ ਦੇ ਬੱਦਲ ਵਾਂਙ ਵਾਹਿਗੁਰੂ ਦੇ ਪ੍ਰੇਮ ਦੀ ਛਹਿਬਰ ਲਾ ਦਿੱਤੀ।

---

* ਸੁਤੜੇ ਅਸੰਖ ਮਾਇਆ ਝੂਠੀ ਕਾਰਣੇ॥
ਨਾਨਕ ਸੇ ਜਾਗੰਨਿ ਜਿ ਰਸਨਾ ਨਾਮੁ ਉਚਾਰਣੇ॥
(ਵਾਰਾਂ ਤੇ ਵ:ਸ:ਮ: ੫)

ਧੰਨ ਗੁਰੂ ਕੇ ਗੁਰਮੁਖ ਸਨ, ਧੰਨ ਸਿੱਖ ਸਨ ਤੇ ਧੰਨ ਸੰਗਤਾਂ ਸਨ, ਜਿਨ੍ਹਾਂ ਦੇ ਪ੍ਰੇਮ, ਨਿੰਮ੍ਰਤਾ ਤੇ ਸੱਚ ਦਾ ਪਾਰਾਵਾਰ ਨਹੀਂ ਸੀ।

(ਜ)

ਭਾਈ ਸਾਈਂਦਾਸ ਜੀ ਦੇ ਪ੍ਰੇਮ ਦਾ ਤਾਂ ਪਾਰਾਵਾਰ ਸੀ ਹੀ ਨਹੀਂ ਤੇ ਉਪਕਾਰ ਕਦੇ ਉਨ੍ਹਾਂ ਕੋਈ ਵਡੀ ਗਲ ਸਮਝਕੇ ਕੀਤਾ ਹੀ ਨਹੀਂ ਸੀ, ਉਹ ਤਾਂ ਸਹਿਜ ਸੁਭਾ ਉਨ੍ਹਾਂ ਤੋਂ ਐਦਾਂ ਹੁੰਦਾ ਰਹਿੰਦਾ ਸੀ ਜਿਦਾਂ ਪਾਣੀ ਸੁਤੇ ਹੀ ਠੰਢਾ ਤੇ ਤ੍ਰੇਹ ਬੁਝਾਉਣ ਨੂੰ ਸਮਰੱਥ ਹੁੰਦਾ ਹੈ। ਆਪਣੇ ਆਪ ਵਿਚ ਓਹ ਸਾਈਂ ਸੱਚੇ ਦੀ ਲਿਵ ਵਿਚ ਪਰਮ ਉੱਚੇ ਪਦ ਤੇ ਟਿਕੇ ਰਹਿੰਦੇ ਸੇ, ਨਾਮ ਨਿਵਾਸ ਰਿਦੇ ਵਿਚ ਪਰਪੱਕ ਸੀ। ਤੀਸਰੇ ਉਨ੍ਹਾਂ ਦੀ ਸਾਫ ਅਕਲ ਯਾ ਉੱਜਲ ਮਤ ਉਨ੍ਹਾਂ ਦੇ ਪਾਸ ਐਸੀ ਅਮੋਲਕ ਦਾਤ ਸੀ ਜੋ ਉਨ੍ਹਾਂ ਦੇ ਜੀਵਨ ਨੂੰ ਜਗਤਜਾਸੂਆਂ ਲਈ ਚੰਦ੍ਰਮਾ ਦੀ ਚਾਂਦਨੀ ਵਾਂਙੂ ਚਾਨਣ ਦਾਤਾ ਬਣਾ ਰਹੀ ਸੀ। ਆਪ ਦਾ ਸੁਭਾਉ ਚਰਚਾਵਾਦ ਦਾ ਨਹੀਂ ਸੀ, ਪਰ ਜੇ ਕਦੇ ਕੋਈ ਖੋਜੀ ਸੱਚੀ ਖੋਜ ਕਰਦਾ ਆ ਗਿਆ ਤਦ ਪੂਰੀ ਪੂਰੀ ਨਿਸ਼ਾ ਖ਼ਾਤਰ ਕਰ ਦੇਂਦੇ ਸੇ। ਉਸ ਵੇਲੇ ਪਤਾ ਲਗਦਾ ਸੀ ਕਿ ਭਾਈ ਜੀ ਜੇ ਕਿਤੇ ਦਿਗਬਿਜੈ ਨੂੰ ਚੜ੍ਹ ਪੈਣ ਤਦ ਚਾਰ ਕੁੰਟਾਂ ਵਿਚ ਬਿਜੈ ਪਾਕੇ ਆਉਣ, ਪਰ ਓਹ ਰਤਨ ਖਾਣੀ ਵਾਂਙੂ ਲੁਕਣਾਂ ਹੀ ਚੰਗਾ ਜਾਣਦੇ ਸੇ। ਭਾਵੇਂ ਲੁਕਦੇ ਪਰ- 'ਗੁਝੜਾ ਲਧਮੁ ਲਾਲੁ ਮਥੈ ਹੀ ਪਰਗਟੁ ਥਿਆ' ਅਤੇ 'ਅਨਿਕ ਜਤਨ ਕਰਿ ਹਿਰਦੈ ਰਾਖਿਆ ਰਤਨੁ ਨ ਛਪੈ ਛਪਾਇਆ'॥ ਗੁਰਵਾਕ ਅਨੁਸਾਰ ਇਹ ਰਤਨ ਤਾਂ ਪ੍ਰਗਟ ਹੋਏ ਬਿਨ ਰਹਿੰਦਾ ਹੀ ਨਹੀਂ ਹੈ। ਹੁਣ ਤਕ ਭਾਈ ਜੀ ਸਾਰੀ ਸਿੱਖੀ ਵਿਚ ਉਜਾਗਰ ਹੋ ਚੁਕੇ ਸੇ। ਕਰਨੀ ਵਾਲੇ ਹੋਣ ਕਰਕੇ ਜਪਣ ਤੇ ਜਪਾਉਣ ਵਾਲੇ ਪ੍ਰੇਮੀਆਂ ਸਿੱਖਾਂ ਵਿੱਚ ਆਪਦੀ ਗਿਣਤੀ ਹੁੰਦੀ ਸੀ। ਸਭ ਤੋਂ ਵਧੀਕ ਇਨ੍ਹਾਂ ਤੇ ਪ੍ਰੇਮ ਦੀ ਸਾਂਟ ਇਹ ਹੋ ਗਈ ਕਿ ਇਹ ਤਾਂ ਸਤਿਗੁਰਾਂ ਨੂੰ ਪ੍ਰੇਮ ਕਰਦੇ ਹੀ ਸੇ, ਸਤਿਗੁਰੂ ਜੀ ਇਨ੍ਹਾਂ ਨੂੰ ਇੰਨਾ ਪ੍ਰੇਮ ਕਰਦੇ ਸੇ ਕਿ ਜਿਸ ਦਾ ਪਾਰਾਵਾਰ ਨਹੀਂ ਹੈ। ਇਨ੍ਹਾਂ ਦੇ ਪ੍ਰੇਮ ਦੀ ਸੂਰਤ ਹੀ ਇਹ ਸੀ ਕਿ ਗੁਰੂ ਤੇ ਵਾਹਿਗੁਰੂ ਦੇ ਪ੍ਰੇਮ ਦੀ ਜੋਗਤਾ ਪ੍ਰਾਪਤ ਹੋਵੇ। ਇਹੋ ਸਿੱਖੀ ਦਾ ਅਸੂਲ ਹੈ, ਸੋ ਸਿਰੇ ਚੜ੍ਹ ਗਿਆ। ਸਿੱਖ ਇਹ ਤਾਂ ਸ਼ੱਕ ਨਹੀਂ ਕਰਦਾ, ਕਿ ਗੁਰੂ ਯਾ ਵਾਹਿਗੁਰੂ ਪ੍ਰੇਮ ਸਰੂਪ ਨਹੀਂ ਹਨ, ਉਹ ਜਾਣਦਾ ਹੈ ਕਿ ਵਾਹਿਗੁਰੂ ਤੇ ਗੁਰੂ ਪ੍ਰੇਮ ਸਰੂਪ ਹਨ ਤੇ ਪਿਆਰ ਕਰ ਰਹੇ ਹਨ, ਨਹੀਂ ਕਰਦੇ ਤਾਂ ਅਸੀਂ ਅਪਣੇ ਆਪ ਨੂੰ ਉਨ੍ਹਾਂ ਦੇ ਪ੍ਰੇਮ ਦਾ ਅਧਿਕਾਰੀ ਨਹੀਂ ਬਣਾਉਂਦੇ। ਉਹ ਕਸਰ ਵਾਲਾ ਤਾਂ ਆਪ ਨੂੰ ਜਾਣਦੇ ਹਨ। ਤਾਂ ਤੇ ਸਾਧਨ ਇਹੋ ਕਰਦੇ ਹਨ ਕਿ ਮੈਂ ਐਸੀ ਯੋਗਤਾ ਪਾਵਾਂ, ਜਿਸ ਕਰਕੇ ਵਾਹਿਗੁਰੂ ਦੇ ਪਿਆਰ ਦਾ ਪਾਤ੍ਰ ਬਣਾਂ। ਫੇਰ ਆਪਣੀ ਕਰਨੀ ਦੀ ਖੇਪ ਨਾਲ ਤਾਂ ਸਿਖ ਤਰਨੇ ਦਾ ਆਸਰਾ ਰਖਦੇ ਹੀ ਨਹੀਂ। 'ਆਪਣੀ ਕਰਨੀ ਕਰ ਨਰਕ ਹੂੰ ਨ ਪਾਵਹੁ ਠੌਰ ਤੁਮਰੋ ਬਿਰਦ ਕਉ ਆਸਰੋ ਸੰਭਾਰ ਹਉਂ'। ਪਰ ਫੇਰ ਓਹ ਆਪ ਨੂੰ ਪਰਮੇਸ਼ੁਰ ਤੋਂ ਪਿਆਰ ਕੀਤੇ ਗਏ ਸੁਭਾਗ ਪ੍ਰੇਮ ਪਾਤ੍ਰ ਬਣਨ ਲਈ ਇਹ ਟੋਲਾਂ ਟੋਲਦੇ ਹਨ 'ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ'॥* ਜੀਕੂੰ ਇਸਤ੍ਰੀ ਆਪਣੇ ਪਤੀ ਦੇ ਪ੍ਰੇਮ ਦੀ ਪਾਤ੍ਰ ਬਣਨ ਵਾਸਤੇ ਜਤਨ ਕਰਦੀ ਹੈ। ਪਤੀ ਨੂੰ ਪਤੀ ਤੇ ਨਿਜ ਨੂੰ ਨਾਰੀ ਤਾਂ ਪਹਿਲੋਂ ਹੀ ਜਾਣਦੀ ਹੈ। ਖਾਣ-ਪੀਣ, ਬਸਤ੍ਰ, ਸੰਸਾਰਕ ਸਾਮਾਨ ਸਭ ਪਤੀ ਦੀ ਕ੍ਰਿਪਾਲਤਾ ਤੇ ਪ੍ਰੇਮ ਦੀ ਦਾਤ ਬੀ ਜਾਣਦੀ ਹੈ ਪਰ ਸੱਚੀ ਇਸਤ੍ਰੀ ਦਾਤੇ ਦੇ ਸਰੂਪ ਵਿਚ ਵਾਸਾ ਪਾਉਣਾ ਚਾਹੁੰਦੀ ਹੈ, ਉਸਦੀ ਲਾਲਸਾ ਇਹ ਹੁੰਦੀ ਹੈ ਕਿ ਪਤੀ ਨੂੰ ਪਿਆਰੀ ਹੋਵਾਂ। ਓਸ ਪਿਆਰ ਪ੍ਰਾਪਤੀ ਲਈ ਉਹ ਆਪਣੇ ਆਪ ਨੂੰ ਚੰਗੇ ਤੋਂ ਚੰਗਾ ਬਣਾਉਂਦੀ ਹੈ।

ਇਸੇ ਤਰ੍ਹਾਂ ਭਾਈ ਜੀ ਪ੍ਰੇਮ ਕਰ ਰਹੇ ਹਨ, ਪ੍ਰੇਮੀ ਬਣਕੇ ਨਹੀਂ, ਪਰ ਨਿਜ ਨੂੰ ਪ੍ਰੇਮ ਪਾਤ੍ਰ ਬਣਾਉਣੇ ਦੇ ਕਰਤੱਵਾਂ ਨਾਲ। ਉਧਰੋਂ ਦਿਆਲ ਮੂਰਤੀ ਹੁਣ ਇਨ੍ਹਾਂ ਵਲ ਆਤਮ ਖਿੱਚ ਖਾਂਦੇ ਹਨ, ਆਪਣੇ ਅੰਦਰਲੇ ਨਾਲ ਆਤਮਿਕ ਪ੍ਰੇਮ ਕਰਦੇ ਹਨ।

ਡਰੋਲੀ ਵਿਚ ਭਾਈ ਜੀ ਦੇ ਆ ਜਾਣ ਨਾਲ ਸਤਿਸੰਗ ਦਾ ਪ੍ਰਵਾਹ ਹਦਬੰਨੇ ਤੋੜਕੇ ਕਾਂਗਾਂ ਲੈ ਆਇਆ। ਧਰਮਸਾਲੇ ਹੁਣ ਆਸਾ ਦੀ ਵਾਰ ਵੇਲੇ ਖੜੋਣ ਨੂੰ ਥਾਂ ਨਹੀਂ ਮਿਲਦੀ। ਘਰ ਘਰ ਗੁਰੂ ਗੁਰੂ

---

* ਭਾਵ-ਅਸੀਂ ਕੀਹ ਉਪਾਵ ਕਰੀਏ ਕਿ ਰੱਬ ਸਾਨੂੰ ਪਿਆਰ ਕਰਨ ਲੱਗ ਪਏ।

ਹੋ ਰਹੀ ਹੈ, ਪਿੰਡ ਦੇ ਬਹੁਤੇ ਜੀਵਨ ਵਾਹਿਗੁਰੂ ਜੀ ਦੇ ਪ੍ਰੇਮ-ਭਜਨ, ਬੰਦਗੀ, ਉੱਚ ਜੀਵਨ, ਵਲ ਝੁਕ ਪਏ ਹਨ। ਸੇਵਾ ਆ ਗਈ ਹੈ। ਸੇਵਾ ਆਈ ਤਾਂ ਆਲਸ ਨੱਸਿਆ, ਉੱਦਮ ਦੇ ਡੇਰੇ ਆ ਲਗੇ। ਉੱਦਮੀ ਲਈ ਅਰੋਗਤਾ ਹੱਥ ਬੱਧੀ ਅੱਗੇ ਪਿੱਛੇ ਪਈ ਫਿਰਦੀ ਹੈ। ਜੋ ਪੁਰਖ ਅਰੋਗ ਹੈ, ਸੋਈ ਸਾਰੇ ਕੰਮ ਠੀਕ ਤਰ੍ਹਾਂ ਨਾਲ ਕਰ ਸਕਦਾ ਹੈ। ਰੋਗੀ ਹੋਕੇ ਪਰਮੇਸ਼ੁਰ ਦੀਆਂ ਮੰਜਲਾਂ ਦਾ ਤੁਰਨਾ ਬੀ ਕਿਹੜਾ ਸੌਖਾ ਹੈ? ਇਸਦਾ ਇਹ ਅਰਥ ਨਹੀਂ ਹੈ ਕਿ ਭਗਤ ਜਨ ਬੀਮਾਰ ਹੋਣ ਤਾਂ ਵਾਹਿਗੁਰੂ ਦੀ ਪ੍ਰੀਤ ਦੇ ਮੰਡਲ ਵਿਚੋਂ ਨਿਕਾਲਾ ਪਾ ਜਾਂਦੇ ਹਨ, ਪਰ ਇਹ ਕਿ ਅਰਥ ਪਰਮਾਰਥ ਦੇ ਸਾਰੇ ਕੰਮਾਂ ਲਈ ਅਰੋਗ ਹੋਣਾ ਬੜਾ ਜ਼ਰੂਰੀ ਮਾਮਲਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਫੁਰਮਾਉਂਦੇ ਹਨ:-

'ਜਬ ਲਗੁ ਜਰਾ ਰੋਗੁ ਨਹੀ ਆਇਆ॥
ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥
ਜਬ ਲਗੁ ਬਿਕਲ ਭਈ ਨਹੀ ਬਾਨੀ॥
ਭਜਿ ਲੇਹਿ ਰੇ ਮਨ ਸਾਰਿਗ ਪਾਨੀ॥੨॥
ਅਬ ਨ ਭਜਸਿ ਭਜਸਿ ਕਬ ਭਾਈ॥
ਆਵੈ ਅੰਤੁ ਨ ਭਜਿਆ ਜਾਈ॥'*

ਭਜਨ ਸਿਮਰਨ ਲਈ ਅਰੋਗਤਾ ਅਜੀਬ ਵੱਤਰ ਦਾ ਵਕਤ ਹੁੰਦਾ ਹੈ, ਇਸੇ ਕਰਕੇ ਪਿਆਰੇ ਸਤਿਗੁਰਾਂ ਨੇ ਸਰੀਰ ਸੇਵਾ ਦਾ ਅਸੂਲ ਸਰੀਰ ਦੀ ਅਰੋਗਤਾ ਦਾ ਮੁੱਖ ਸਾਧਨ ਪਹਿਲੇ ਰੱਖਿਆ ਹੈ। ਪੂਰੀ ਨੀਂਦ ਕਰਕੇ ਅੰਮ੍ਰਿਤ ਵੇਲੇ ਦਾ ਜਾਗਣਾ, ਸੰਜਮ ਦਾ ਖਾਣਾ, ਸੇਵਾ ਕਰਨੀ ਆਦਿ ਉਪਰਾਲੇ ਸਰੀਰ ਨੂੰ ਅਰੋਗਤਾ ਦੇਂਦੇ ਹਨ ਤੇ ਨਾਲੋ ਨਾਲ ਮਨ ਨੂੰ ਬੀ ਸੁੱਧ ਕਰਦੇ ਹਨ।

ਭਾਈ ਜੀ ਨੇ ਸਭ ਤੋਂ ਪਹਿਲੇ ਸੇਵਾ ਦਾ ਮੁੱਢ ਕੰਮ ਸਿੱਖਾਂ ਵਿਚ ਪ੍ਰਚਾਰ ਕਰ ਦਿੱਤਾ, ਪਰ ਉਹ ਸੇਵਾ ਜੋ ਸਿੱਖੀ ਵਿਚ ਵਿਹਤ ਹੈ, ਫੋਕੀ ਸੇਵਾ, ਹਉਮੈਂ ਵਿਚ ਗਰਜ਼ਾਂ ਲਈ ਕੀਤੀ ਸੇਵਾ, ਦਿਖਾਵੇ ਲਈ ਸੇਵਾ ਮਨ ਦੀ ਸਫਾਈ ਲਈ ਕੁਛ ਅਰਥ ਨਹੀਂ ਰੂਖਦੀ। ਗੁਰੂ ਦੀ ਸੇਵਾ, ਗੁਰੂ ਦੇ ਧਿਆਨ ਦੀ ਸੇਵਾ, ਗੁਰੂ ਨਮਿੱਤ ਸੇਵਾ, ਸਿਮਰਨ ਤੇ ਬਾਣੀ ਵਿਚ ਲਗ ਕੇ ਸੇਵਾ, ਸਤਿਸੰਗ ਪ੍ਰਾਪਤ ਹੋ ਕੇ ਸੇਵਾ, ਗੁਰਮੁਖ ਸੇਵਾ ਤੇ ਅੰਤ ਗੁਰੂ ਤੇ ਪਰਮੇਸ਼ੁਰ ਦੀ ਸੇਵਾ ਸਫਲ ਸੇਵਾ ਹੈ। ਐਉਂ ਮਨ ਰੂਪੀ ਧਰਤੀਆਂ ਤਿਆਰ ਕਰਕੇ ਭਾਈ ਜੀ ਦੇਣ ਦੇ ਸੁਭਾਵ ਦੇ ਸੁਹਾਗੇ ਫੇਰ ਫੇਰ ਕੇ ਬਾਣੀ ਤੇ ਨਾਮ ਦੇ ਬੂਟੇ ਲਾਉਣ ਲਗੇ। ਆਪਣਾ ਪਿੰਡ ਤਾਂ ਸੌਰਿਆਂ ਹੀ, ਲਾਗ ਲਾਗ ਦੇ ਪਿੰਡਾਂ ਵਿਚ ਸਿੱਖੀ ਦਾ ਪਰਵਾਹ ਠਾਠਾਂ ਮਾਰਨ ਲੱਗਾ। ਦੂਰ ਦੂਰ ਤੋਂ ਪ੍ਰੇਮੀ ਮਿਲਣ ਵਾਸਤੇ ਆਉਣ ਲਗੇ। ਇਨ੍ਹਾਂ ਸਾਰੀਆਂ ਗੱਲਾਂ ਦਾ ਇਹ ਅਸਰ ਪਿਆ ਕਿ ਧਰਮਸਾਲਾ ਵਿੱਚ ਥਾਂ ਤੰਗ ਹੋ ਗਈ, ਮੁਸ਼ਕਲ ਹੋ ਗਿਆ ਕਿ ਇਥੇ ਸਾਰਾ ਨਿਰਬਾਹ ਤੁਰ ਸਕੇ। ਭਾਈ ਜੀ ਨੂੰ ਖਿਆਲ ਆਇਆ ਕਿ ਆਪਣੇ ਰਹਿਣ ਲਈ ਇਕ ਘਰ ਉਸਾਰਿਆ ਜਾਵੇ, ਜਿਸ ਵਿਚ ਉਨ੍ਹਾਂ ਦਾ ਤੇ ਬਾਹਰੋਂ ਤੇ ਧਰਮਸਾਲਾ ਵਿਚ ਕੇਵਲ ਸਤਿਸੰਗ ਦਾ ਕਾਰਜ ਹੋਵੇ। ਗੁਰਦੁਆਰੇ ਦਾ ਥਾਉਂ ਦੀਵਾਨਾਂ ਲਈ ਤਾਂ ਪੂਰਾ ਹੋ ਸਕੇ। ਨਹੀਂ ਤਾਂ ਜੇ ਛੋਟਾ ਦਾਲਾਨ ਤੇ ਕੋਠੜੀਆਂ ਪਰਾਹੁਣਿਆਂ ਨਾਲ ਭਰੀਆਂ ਰਹਿਣ ਤੇ ਕਿਸੇ ਵੇਲੇ ਵਡਾ ਦੀਵਾਨ ਅਸਥਾਨ ਬੀ ਖਾਲੀ ਨਾ ਰਹੇ ਤਦ ਇਹ ਗੱਲ ਕਠਨ ਹੈ ਕਿ ਇਹ ਸਤਿਸੰਗ ਦਾ ਦੀਵਾਨ ਸੌਖ ਨਾਲ ਹੋ ਸਕੇ। ਇਹ ਵੀਚਾਰ ਕੇ ਭਾਈ ਜੀ ਨੇ ਆਪਣੇ ਪੁਰਾਣੇ ਘਰ ਨੂੰ, ਜੋ ਚਿਰੋਕਣਾ ਢੈ ਚੁਕਾ ਹੋਇਆ ਸੀ, ਹੋਰ ਭੋਂ ਨਾਲ ਰਲਾਕੇ ਉਸਾਰਣਾ ਸ਼ੁਰੂ ਕੀਤਾ।

ਪਾਠਕ ਅਜੇ ਤੱਕ ਹੈਰਾਨ ਹੋਣਗੇ ਕਿ ਭਾਈ ਜੀ ਦਾ ਨਿਰਬਾਹ ਕਿਕੂੰ ਹੁੰਦਾ ਸੀ? ਹੁਣ ਸਹੁਰਾ ਘਰ ਤਾਂ ਛੱਡ ਆਏ ਹਨ ਕਿ ਜਿੱਥੇ ਭਾਈ ਜੀ ਨੂੰ ਖਰਚ ਖੱਬਲ ਦੀ ਰਤਾ ਪਰਵਾਹ ਨਹੀਂ ਸੀ, ਹਾਂ ਉਂਵ ਓਥੇ ਓਹ ਕਾਰ ਵਿਚ ਬੀ ਹਥ ਵਟਾਉਂਦੇ ਹੁੰਦੇ ਸਨ। ਇਥੇ ਆਕੇ ਕੀਹ ਪੂਜਾ ਦੇ ਧਾਨ ਤੇ ਨਿਰਬਾਹ ਹੋ ਰਹੇ ਹਨ, ਅਰ ਹੁਣ ਪੂਜਾ ਦਾ ਧਨ ਸੰਚਕੇ ਮਹਲ ਮਾੜੀਆਂ ਬਣਨ ਲੱਗੀਆਂ ਹਨ? ਨਹੀਂ ਮਿੱਤਰ ਜੀ! ਉਨ੍ਹਾਂ ਦੀ ਆਪਣੀ ਭੋਂ ਪੈਲੀ ਚੋਖੀ ਡਰੋਲੀ ਵਿਚ ਸੀ, ਜਿਸਦੀ ਕਮਾਈ ਅੱਜ ਤੱਕ ਕੱਠੀ ਹੀ ਹੁੰਦੀ ਰਹੀ ਸੀ, ਉਹ ਸੁਤੇ ਹੀ ਸੰਚਿਆ ਧਨ ਘਰ ਪਰ ਲਗਾਉਣ ਲੱਗੇ ਅਰ ਹੁਣ ਜੋ ਪੈਲੀ ਬੰਨੇ ਤੋਂ ਆ ਜਾਂਦਾ ਹੈ ਉਸ ਪਰ ਆਪਣਾ ਨਿਰਬਾਹ ਤੋਰਦੇ ਹਨ।

---

* ਭੈਰਉ ਬਾਣੀ ਭਗਤਾ ਕੀ ਕਬੀਰ ਜੀਉ।

SIKHBOOKCLUB.COM

ਧਰਮਸਾਲ ਦੀ ਜੋ ਚੜ੍ਹਤ ਦੀ ਆਮਦਨ ਹੈ ਉਹ ਸਾਧ ਸੰਗਤ ਦੀ ਸੇਵਾ ਤੇ ਧਰਮਸਾਲ ਦੇ ਖਰਚਾਂ ਪਰ ਲਗਦੀ ਹੈ। ਜਦੋਂ ਅੰਨ ਬਸਤ੍ਰ ਦੇ ਨਿਰਬਾਹ ਲਈ ਆਪਣਾ ਧਨ ਆ ਜਾਂਦਾ ਹੈ ਤਾਂ ਓਹ ਨਿਰਬਾਹ ਮਾਤ੍ਰ ਬੀ ਧਰਮਸਾਲ ਵਿਚੋਂ ਨਹੀਂ ਲੈਂਦੇ ਤੇ ਧਰਮਸਾਲ ਦੀ ਇਕ ਕੋਠੜੀ ਬੀ ਆਪਣੇ ਨਿਰਬਾਹ ਲਈ ਨਹੀਂ ਵਰਤਣੀ ਚਾਹੁੰਦੇ। ਸੋ ਘਰ ਦੇ ਉਸਰਾਉਣ ਵਿਚ ਬਹੁਤ ਉਤਾਵਲੇ ਹੋਕੇ ਲਗੇ ਹਨ, ਅਰ ਥੋੜੇ ਦਿਨਾਂ ਵਿੱਚ ਹੀ ਇਮਾਰਤ ਕਿਤੇ ਦੀ ਕਿਤੇ ਲੈ ਗਏ ਹਨ। ਘਰ ਦੀ ਉਸਾਰੀ ਕਾਹਦੀ ਲੱਗੀ, ਚਿਤ ਵਿਚ ਪ੍ਰੇਮ ਨੇ ਇੱਕ ਹੋਰ ਅੱਗ ਸੁਲਗਾ ਦਿਤੀ। ਇਸ ਤ੍ਰਿਖੀ ਚਾਹ ਨੇ ਇਹ ਸ਼ੌਕ ਪਾ ਦਿੱਤਾ ਕਿ ਘਰ ਬਹੁਤ ਸੁੰਦਰ ਬਣੇ। ਜਦ ਇਮਾਰਤ ਲਾਈ ਸੀ ਤਾਂ ਖਿਆਲ ਸੀ 'ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ॥' ਪਰ ਜਦ ਬਣੀ ਤਾਂ ਇੱਕ ਅਤਿ ਸੁੰਦਰ ਪੱਕਾ ਘਰ ਹਵੇਲੀ ਵਾਂਙੂ ਬਣ ਗਿਆ। ਕੀਹ ਇਹ ਉਹੋ ਭੁਲਾਵਾ ਸੀ ਜੋ ਅਕਸਰ ਘਰਾਂ ਉਸਾਰਨ ਵਾਲਿਆਂ ਨੂੰ ਪੈ ਜਾਂਦਾ ਹੈ, ਯਾ ਮਿਸਤ੍ਰੀਆਂ ਵਲੋਂ ਪਾਇਆ ਜਾਂਦਾ ਹੈ, ਅਰਥਾਤ ਉਸਾਰੀ ਲਾਈਦੀ ਹੈ ਕਿਸੇ ਤਖ਼ਮੀਨੇ ਦੀ ਤੇ ਬਣ ਕਿਸੇ ਖਰਚ ਦੀ ਜਾਂਦੀ ਹੈ, ਤਿਆਰੀ ਕਿਸੇ ਥਾਂ ਤੱਕ ਅਪੜਨ ਦੀ ਕੀਤੀ ਜਾਂਦੀ ਹੈ ਤੇ ਅੱਪੜ ਕਿਤੇ ਦਾ ਕਿਤੇ ਜਾਈਦਾ ਹੈ। ਨਹੀਂ ਭਾਈ! ਜੀ ਨਾ ਅਪਣੇ ਵਿਤੋਂ ਵਧਣ ਵਾਲੇ ਹਨ ਨਾ ਹੀ ਕਿਸੇ ਰਾਜ ਮਿਸਤ੍ਰੀ ਯਾ ਲੋਕਾਂ ਦੀ ਵਾਹ ਵਾਹ ਤੋਂ ਚੁੱਕੇ ਜਾਣ ਵਾਲੇ ਹਨ।

ਫੇਰ ਕੀਹ ਗੱਲ ਹੋਈ ਕਿ ਭਾਈ ਜੀ ਨੇ ਇਤਨਾ ਧਨ ਖਰਚ ਕਰ ਦਿੱਤਾ ਅਰ ਐਡੀ ਪੱਕੀ ਸੁਹਣੀ ਇਮਾਰਤ ਬਣਾ ਲਈ। ਕਿਆ ਅਗਿਆਨ ਪੈ ਗਿਆ ਕਿ ਅਸੀਂ ਸਦਾ ਥਿਰ ਰਹਿਣਾ ਹੈ? ਨਹੀਂ! ਭਾਈ ਜੀ ਜਾਣਦੇ ਹਨ ਕਿ:-

'ਘਰ ਛਡਨੇ ਰਹੈ ਨ ਕੋਈ॥'

ਉਨ੍ਹਾਂ ਦਾ ਹਿਰਦਾ ਹਰ ਵੇਲੇ ਉਨ੍ਹਾਂ ਨੂੰ ਯਾਦ ਕਰਾਉਣ ਵਾਲਾ ਹੈ :-

'ਫਰੀਦਾ ਮੰਡਪ ਮਾਲੁ ਨ ਲਾਇ ਮਰਗ ਸਤਾਣੀ ਚਿਤਿ ਧਰਿ॥ ਸਾਈ ਜਾਇ ਸਮਾਲਿ ਜਿਥੈ ਹੀ ਤਉ ਵੰਞਣਾ॥'

ਭਾਈ ਜੀ ਗਿਆਨਵਾਨ ਹਨ, ਓਹ ਕਦੇ ਭੁੱਲਣ ਵਾਲੇ ਨਹੀਂ:-

'ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ॥ ਹਉ ਏਨੀ ਟੋਲੀ ਭੁਲੀਅਸੁ ਤਿਸੁ ਕੰਤ ਨ ਬੈਠੀ ਪਾਸਿ ਜੀਉ॥'

ਇਹ ਉਪਦੇਸ਼, ਇਹ ਚਿਤਾਵਨੀ ਉਨ੍ਹਾਂ ਦੇ ਹਿਰਦੇ ਤੇ ਲਿਖੀ ਪਈ ਹੈ। ਉਨ੍ਹਾਂ ਦੇ ਹਿਰਦੇ ਪਰ ਵੈਰਾਗ ਵਸਦਾ ਹੈ, ਓਹ ਵੇਖਦੇ ਹਨ:-

'ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ॥ ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ॥'

ਨਹੀਂ ਨਹੀਂ, ਉਹ ਆਪ ਉਪਦੇਸ਼ ਕਰਿਆ ਕਰਦੇ ਹਨ:-

"ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਇ ਚਿਤੁ॥ ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ॥੫੭॥

ਪੁਨਾ:

ਕਬੀਰ ਕੋਠੇ ਮੰਡਪ ਹੇਤੁ ਕਰਿ ਕਾਹੇ ਮਰਹੁ ਸਵਾਰਿ॥ ਕਾਰਜੁ ਸਾਢੇ ਤੀਨਿ ਹਥ ਘਨੀ ਤ ਪਉਨੇ ਚਾਰਿ॥"

ਭਾਈ ਜੀ ਮਹਿਲਾਂ ਦੇ ਪਿਆਰਿਆਂ ਨੂੰ ਇਨ੍ਹਾਂ ਦਾ ਅੰਤ ਦੱਸਿਆ ਕਰਦੇ ਸੇ:-

"ਫਰੀਦਾ ਮਹਲ ਨਿਸਖਣ ਰਹਿ ਗਏ ਵਾਸਾ ਆਇਆ ਤਲਿ॥ ਗੋਰਾਂ ਸੇ ਨਿਮਾਣੀਆ ਬਹਸਨਿ ਰੂਹਾਂ ਮਲਿ॥"

ਐਸੇ ਗਿਆਨ ਭੰਡਾਰ ਭਾਈ ਜੀ, ਐਸੇ ਵੈਰਾਗ ਮੂਰਤ ਸੰਤ ਜਨ 'ਇਆ ਡੇਰਾ ਕਉ ਸੂਮੁ ਕਰਿ ਘਾਲੈ॥ ਜਾਕਾ ਤਸੂ ਨਹੀ ਸੰਗਿ ਚਾਲੈ॥' ਦੇ ਭੁਲੇਖੇ ਵਿੱਚ ਕਿਕੂੰ ਪੈ ਗਏ? ਆਓ ਰਤਾ ਵੇਖੀਏ। ਦਿੱਸਣ ਨੂੰ ਤਾਂ ਇਹੋ ਦੀਹਦਾ ਹੈ ਕਿ ਓਹ ਭਾਈ ਸਾਈਂਦਾਸ ਜੀ, ਜੋ ਘਿਉ ਦਾ ਕੁੱਪਾ ਰੁੜ੍ਹ ਜਾਏ ਤਾਂ ਪਰਵਾਹ ਨਾ ਕਰਨ, ਹੁਣ ਇੱਕ ਇੱਕ ਜੋੜੀ ਦੇ ਫੁੱਲ ਪੱਤ੍ਰ ਆਪ ਕਢਵਾਉਂਦੇ ਹਨ, ਮਾਨੋਂ ਉਨ੍ਹਾਂ ਲਈ 'ਘਰ' ਹੀ ਸਭ ਕੁਛ ਹੋ ਰਿਹਾ ਹੈ। ਉਨ੍ਹਾਂ ਦੀ ਕਰਨੀ ਤਾਂ ਕੁਛ ਨਹੀਂ ਦੱਸ ਸਕਦੀ, ਪਰ ਨੇਤ੍ਰਾਂ ਦੇ ਹੰਝੂ ਕੁਛ ਪਤਾ ਦੇਂਦੇ ਹਨ। ਮਹਿਲ ਉਸਰਦੇ ਵਿੱਚ ਚਿਹਰਾ ਤਾਂ ਸਦਾ ਪ੍ਰਸੰਨ ਹੈ, ਪਰ ਹੰਕਾਰੀਆਂ ਵਾਲੀ

ਟਪਾਰ ਨਹੀਂ, ਹਾਹੂਕਾ ਤੇ ਹੰਝੂ ਹਨ। ਕਦੇ ਕਦੇ ਰਸਨਾਂ ਬੀ ਕੁਛ ਕਹਿੰਦੀ ਹੈ। 'ਦੇਖੀਏ। ਜਾਨੀ ਜਾਨ ਪਿਆਰੇ ਜੀ! ਆਪ ਮਾਲਕ ਹੋ। ਏਹ ਪੁੰਨ ਪਦਾਰਥ ਤੇਰਾ ਹੀ ਹੈ, ਮੈਂ ਤਾਂ ਇੱਕ ਸੇਵਕ ਹੀ ਹਾਂ। ਕਦੇ "ਮੈਂ" ਅਭਾਗ ਇਸ ਜੋਗ?' ਏਦਾਂ ਕੁਝ ਅਵਾਜ਼ੇ ਕੰਨੀ ਪੈਂਦੇ ਹਨ। ਆਓ ਗੁਰਮੁਖ ਪਿਆਰੇ ਜੀ ਦੇ ਹਿਰਦੇ ਮੰਡਲ ਵਿੱਚ ਚੱਲ ਕੇ ਵੇਖੀਏ। ਓਥੇ ਤਾਂ ਹੋਰ ਹੀ ਅਨੰਦ ਖਿੜ ਰਿਹਾ ਹੈ, ਇਹ ਮਹਿਲ ਸਾਈਂਦਾਸ ਆਪਣੇ ਲਈ ਨਹੀਂ ਬਨਾ ਰਿਹਾ, ਇਹ ਤਾਂ ਸਤਿਗੁਰਾਂ ਦਾ ਮੰਦਰ ਬਣ ਰਿਹਾ ਹੈ। ਸਾਈਂਦਾਸ ਤਾਂ ਆਪ ਨੂੰ 'ਪੰਖ ਪਰਾਹੁਣੀ' ਜਾਣਦਾ ਹੈ, ਪੰਛੀਆਂ ਲਈ ਆਲ੍ਹਣੇ ਹੁੰਦੇ ਹਨ। ਕੌਣ ਪੱਕੇ ਮੰਦਰ ਬਣਾਉਂਦਾ ਹੈ? ਜਿੱਦਾਂ ਗੁਰੂ ਜੀ ਨੇ ਅੰਮ੍ਰਿਤਸਰ ਵਿੱਚ ਆਪਣੇ ਪਿਆਰੇ ਅਕਾਲ ਪੁਰਖ ਦੀ ਯਾਦ ਦਾ ਉਸ ਦੇਸ਼ ਕਾਲ ਤੋਂ ਰਹਿਤ ਵਾਹਿਗੁਰੂ ਦੇ ਸਿਮਰਨ ਦਾ ਮੰਦਰ ਉਸਾਰਿਆ ਸੀ ਅਰ ਵੈਰਾਗ ਤੇ ਪ੍ਰੇਮ ਭਰੇ ਸਜਲ ਨੇਤ੍ਰ ਹੀ ਯਾਤ੍ਰਾ ਕਰਦੇ ਹੁੰਦੇ ਸੇ, ਉਸੇ ਤਰ੍ਹਾਂ ਪਿਆਰੇ ਗੁਰੂ ਦੇ ਚਰਨ ਪਾਉਣ ਲਈ ਭਾਈ ਸਾਈਂ ਦਾਸ ਜੀ ਘਰ ਬਣਵਾ ਰਹੇ ਹਨ।

ਗਲ ਇਉਂ ਹੈ ਕਿ ਇਕ ਦਿਨ ਉਸਾਰੀ ਲਾ ਕੇ ਖਿਆਲ ਆਇਆ ਕਿ ਕੀਹ ਮੈਂ ਪਾਪੀ ਆਪਣਾ ਘਰ ਬਣਾਕੇ ਉਸ ਵਿਚ ਰਹਿਣ ਦੇ ਲਾਇਕ ਹਾਂ? ਘਰ ਮੰਦਰ ਤਾਂ ਪਿਆਰੇ ਲਈ ਹੋਣ ਤੇ ਮੈਂ ਸੇਵਕ ਹੋਵਾਂ। ਮੈਨੂੰ ਤਾਂ- 'ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ' ਦਾ ਦਾਨ ਮਿਲੇ। ਜਿਉਂ ਜਿਉਂ ਪ੍ਰੇਮ ਨੇ ਸੇਵਕ ਭਾਵ ਵਿਚ ਖਿੱਚਿਆ, ਇਹ ਭੁੱਲ ਹੀ ਗਿਆ ਕਿ ਮਕਾਨ ਰਾਮੋ ਤੇ ਸਾਈਂਦਾਸ ਲਈ ਬਣ ਰਿਹਾ ਹੈ, ਪਰ ਇਹ ਹੋ ਗਿਆ ਕਿ ਮਕਾਨ ਮੀਰੀ ਪੀਰੀ ਦੇ ਮਾਲਕ ਖੜਗਧਾਰੀ ਸਤਿਗੁਰੂ ਲਈ ਬਣ ਰਿਹਾ ਹੈ। ਹੁਣ ਕੀਹ ਸੀ? ਪਾਸਾ ਪਲਟ ਗਿਆ। ਘਰ ਸੱਚੀ ਮੁੱਚੀ ਗੁਰੂ ਦਾ ਮੰਦਰ ਬਣ ਗਿਆ, ਭਾਈ ਜੀ ਇਸ ਦੇ ਕਾਮੇ ਤੇ ਰਾਖੇ! ਇਹੋ ਹੀ ਭਾਵ ਬੀਬੀ ਰਾਮੋ ਦੇ ਹਿਰਦੇ ਵਿਚ ਘਟ ਰਿਹਾ ਹੈ, ਉਹ ਭੀ ਇਹੋ ਸਮਝਦੀ ਹੈ ਕਿ ਜਿਕੂੰ ਰਾਜ, ਤਖਾਣ ਤੇ ਮਜ਼ਦੂਰ ਮਾਲਕ ਲਈ ਕੰਮ ਕਰਦੇ ਹਨ, ਇਸੀ ਤਰ੍ਹਾਂ ਅਸੀਂ ਗੁਰੂ ਮਾਲਕ ਲਈ ਮਿਸਤ੍ਰੀ ਦੀ ਤਰ੍ਹਾਂ ਮਕਾਨ ਬਣਵਾ ਰਹੇ ਹਾਂ।

ਜਦੋਂ ਘਰ ਬਣ ਗਿਆ, ਦੋਹਾਂ ਜਣਿਆਂ ਨੇ ਡਿੱਠਾ ਬਹੁਤ ਸੁੰਦਰ ਹੈ, ਪਿਆਰਾ ਹੈ, ਰਮਣੀਕ ਹੈ, ਤਦ ਫੇਰ ਮਨ ਨੂੰ ਪੁੱਛਣ ਲੱਗੇ ਕਿ 'ਕੀਹ ਏਹ ਸਾਡੇ ਲਈ ਹੋ ਸਕਦਾ ਹੈ'? ਹਿਰਦੇ ਨੇ ਕਿਹਾ- 'ਇਹ ਗੁਰੂ ਦਾ ਹੈ, ਗੁਰੂ ਦੇ ਜੋਗ ਹੈ'।

ਘਰ ਬਣ ਚੁਕਾ ਸੀ। ਪਰ ਘਰ ਦੇ ਮਾਲਕ ਜੀ ਨਹੀਂ ਆਏ ਸੇ, ਸੋ ਆਪ ਨੇ ਜੰਦਰਾ ਲਾ ਦਿੱਤਾ। ਆਪਣੇ ਲਈ ਇਕ ਕੱਚਾ ਕੋਠਾ ਵਿਹੜੇ ਦੀ ਖੂੰਜੇ ਪੁਆ ਲਿਆ। ਅਪਣੇ ਨਿਤਨੇਮ, ਕਥਾ, ਕੀਰਤਨ, ਸਤਿਸੰਗ ਤੋਂ ਜਦ ਵਿਹਲੇ ਹੋਣਾਂ ਤਦ ਮੰਦਰ ਦੇ ਅੰਦਰ ਸਤਿਗੁਰ ਦੀ ਵਰਤੋਂ ਦੇ ਸਾਮਾਨ ਤੇ ਸਜਾਵਟ ਦੇ ਸਾਮਾਨ ਤਿਆਰ ਕਰਨ ਵਿਚ ਲੱਗ ਪੈਣਾ। ਪਹਿਲੇ ਪਹਿਲੇ ਤਾਂ ਏਹ ਗੱਲ ਅੰਦਰੇ ਅੰਦਰ ਸੀ, ਪਰ ਜਦ ਮੰਦਰ ਬਣਕੇ ਪਰਵੇਸ਼ ਨਾ ਹੋਇਆ, ਬੂਹੇ ਵੱਜੇ ਰਹਿਣ, ਆਪਣਾ ਕੱਚੇ ਕੋਠੇ ਵਿਚ ਨਿਰਬਾਹ ਹੋਵੇ ਤਦ ਤੋਂ ਸਤਿਸੰਗੀਆਂ ਵਿਚ ਟੋਹ ਪੈਦਾ ਹੋਈ। ਅਮਲੀ ਨੂੰ ਅਮਲੀ ਪਛਾਣਦੇ ਹਨ। ਸਤਿਸੰਗੀ ਲਖ ਗਏ ਕਿ ਭਾਈ ਜੀ ਨੇ ਘਰ ਅਪਣੇ ਲਈ ਨਹੀਂ, ਪਰ ਗੁਰੂ ਜੀ ਲਈ ਬਣਵਾਇਆ ਹੈ ਤੇ ਆਪਣੇ ਪ੍ਰੀਤਮ ਜੀ ਨਾਲ ਲਾਡ ਕਰ ਰਹੇ ਹਨ। ਕਿਉਂ ਨਾ ਹੋਵੇ? ਭਗਤ ਜਨਾਂ ਦਾ ਇਹੋ ਹਾਲ ਹੈ। ਭਗਤ ਜਦ ਏਹ ਕਹਿ ਸਕਦੇ ਹਨ :-

> ਰਾਜੁ ਨ ਚਾਹਉ ਮੁਕਤਿ ਨ ਚਾਹਉ
> ਮਨਿ ਪ੍ਰੀਤਿ ਚਰਨ ਕਮਲਾਰੇ।

ਤਦ ਪਿਆਰੇ ਦੀ ਸੇਵਾ ਦੇ ਸਾਮਾਨ ਕਰਨੇ ਉਨ੍ਹਾਂ ਨੂੰ ਸੱਖਣੇ ਗਿਆਨ ਤੋਂ ਕਿਉਂ ਨਾ ਵਧੀਕ ਪਿਆਰੇ ਲੱਗਣ:-

> ਪਿਆਰੇ! ਪਰਮ ਪ੍ਰਮਾਰਥ ਏਹ।
> ਸਤਿਗੁਰ ਚਰਨ ਵਿਖੇ ਦ੍ਰਿੜ ਨੇਹ।
> ਚਰਨ ਕਮਲ ਕੀ ਪ੍ਰੀਤ ਪਿਆਰੀ।
> ਜਿਸ ਤੋਂ ਸਭ ਕੁਝ ਦੇਈਏ ਵਾਰੀ।
> ਜਾਪ ਤਾਪ ਸੰਜਮ ਸਭ ਦੇਈਏ।
> ਸੁਰਗ ਬਿਕੁੰਠ ਮੁਕਤ ਅਰਪੇਈਏ।
> ਭਗਤੀ ਇਕ ਪਿਆਰੀ ਸ਼ੈ ਹੈ।

 www.sikhbookclub.com

ਇਸ ਤੋਂ ਹੇਠਾਂ ਹੋਰ ਸਭੈ ਹੈ।
ਜੇ ਤੁੱਠੇ ਸਾਈਂ ਤੇ ਦੇਵੇ।
ਮੂੰਹ ਮੰਗੀ, ਤਾ ਭਗਤ ਏ ਲੇਵੇ:-
'ਦੇਹੁ ਦਾਨ ਭਗਤੀ ਇਕ ਪਜਾਰੇ।'
'ਬਿਨ ਭਗਤੀ ਸਭ ਸੁਖ ਹਨ ਖਾਰੇ।
'ਰਾਜ ਫਕੀਰੀ ਇਕ ਸਮ ਹੋਈ।
'ਮੁਕਤ ਅਮੁਕਤੋ ਫਰਕ ਨ ਕੋਈ!
'ਤੂੰ ਹੋਵੇਂ, ਤੇ ਪਿਆਰੀਏ ਤੈਨੂੰ।
'ਤੈਂ ਤੋਂ ਨਿਤਪ੍ਰਤਿ ਵਾਰੀਏ ਮੈਂ ਨੂੰ।
ਭਗਤ ਪਰੇਮੀ ਮੰਗ ਨ ਮੰਗਣ।
ਮੰਗਣ ਕੋਲੋਂ ਸਦ ਹੀ ਸੰਗਣ।
ਪਜਾਰਾ ਦਾਨ 'ਭਗਤਿ' ਦੇ ਦੇਂਦਾ।
ਭਗਤ ਹੋਰ ਕੁਛ ਨਹੀਂ ਮੰਗੇਂਦਾ।

ਫਿਰ ਇਹ ਹੈ ਕਿ ਇਸ ਵਿੱਚ ਭਗਤਾਂ ਨੂੰ ਕੁਛ ਮਾਣ ਨਹੀਂ ਹੁੰਦਾ। ਓਹ ਜਾਣਦੇ ਹਨ ਕਿ ਅਸੀਂ ਪਿਆਰੇ ਨੂੰ ਕੀਹ ਦੇ ਸਕਦੇ ਹਾਂ? ਉਹ ਕੀਹ ਹੈ ਜੋ ਸਾਡਾ ਹੈ ਤੇ ਅਰਪਣ ਕਰ ਸਕਦੇ ਹਾਂ:-

'ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥' ਇਸੇ ਕਰਕੇ ਭਗਤ ਨਿਰਮਾਣ ਹੁੰਦੇ ਹਨ, ਆਪ ਨੂੰ ਕੇਵਲ ਆਪਣੇ ਪਿਆਰੇ ਦੇ ਦਰ ਦਾ ਸੇਵਕ ਜਾਣਦੇ ਹਨ, ਅਰ ਆਖਦੇ ਹਨ:-

'ਹੇ ਦੀਨ ਦਿਆਲ, ਦਯਾ ਸਾਗਰ!
ਮਾਲਿਕਾ ਪ੍ਰਤਿਪਾਲਿਕਾ!
'ਕੀ ਅਰਪ ਦੇਵਾਂ ਸ਼ਰਨ ਤੇਰੀ?
ਸਭ ਖ਼ਲਕ ਸੰਦੇ ਖ਼ਾਲਿਕਾ!
'ਧਰਤੀ ਬਣਾਈ ਸੋਹਿਣੀ,
ਸਾਗਰ ਥਲੀਂ ਅਸਗਾਹੀਆਂ!
'ਮੈਂ ਫੁੱਲ ਪਾਣੀ ਅਰਪ ਦੇਵਾਂ!
ਸ਼ਰਮ ਖਾਵਾਂ ਸਾਈਆਂ!
'ਹੇ ਸ਼ਕਤੀਆਂ ਦੇ ਮਾਲਕਾ!
ਹੇ ਤਾਕਤਾਂ ਦੇ ਸੋਮਿਆਂ!
'ਬਲ ਸ਼ਕਤਿ ਦਾ ਤੂੰ ਆਪ ਘਰ ਹੈਂ,
ਕੀ ਜੁ ਮੈਂ ਹੈ ਹੋਮਿਆ!
'ਏ ਹੱਥ ਨਿਰਬਲ, ਪੈਰ ਹਲਕੇ,
ਤਾਣ ਹੀਣੀ ਦੇਹਿ ਹੈ!
'ਕੀ ਕਰੇ ਸੇਵਾ ਆਪ ਦੀ ਏ?
ਖੇਹ ਬਣੀ ਏ ਖੇਹ ਹੈ!
'ਹੇ ਦੌਲਤਾਂ ਦੇ ਦਾਤਿਆ!
ਨਿਤ ਦੇਂਦਿਆਂ ਨਹਿੰ ਹਾਰਿਆ,
'ਕੀ ਮਾਲ ਦੇਵਾਂ ਨਾਉਂ ਤੈਂ ਪਰ?
ਤੁੱਧ ਥੋਂ ਕੀ ਵਾਰਿਆ?
'ਹਾਂ ਪਾਸ ਮੇਰੇ ਕੱਖ ਨਾ,
ਲਖ ਦਾਤੜੇ ਨੂੰ ਕੀ ਦਿਆਂ,
'ਫਿਰ ਦਾਤ ਵਿੱਚੋਂ ਦਿਆਂ ਦਾਤੇ,
ਭੁੱਲ ਹੈ ਇਹ ਦਾਤਿਆ!
'ਬਖਸ਼ਿੰਦ ਨੂੰ ਕੀ ਅਰਪ ਦੇਵਾਂ?
ਮੰਗਤਾ ਨਿਤ ਦਾ ਖੜਾ।
'ਹੇ ਮਾਲਕਾ, ਹੇ ਖਾਲਕਾ,
ਹੇ ਪਾਲਕਾ ਤੂੰ ਹੈਂ ਬੜਾ।
'ਏ ਆਪਣਾ ਜੋ ਆਪ ਮੇਰਾ,
ਸ਼ਰਨ ਵਿੱਚ ਏ ਅਰਪਿਆ।
'ਪਰ ਹਾਂ ਪ੍ਰਭੂ, ਮੈਂ ਬਹੁਤ ਮਾੜਾ,
ਇਹ ਆਖਕੇ ਬੀ ਡਰ ਪਿਆ।
'ਏ ਆਪਣਾ ਜੋ ਆਪ ਹੈ,
ਏ ਭੀ ਤੇ ਤੇਰੀ ਦਾਤ ਹੈ,
'ਦਾਤ ਦਾਤੇ ਨੂੰ ਦਿਆਂ,
ਏ ਲੱਜਿਆ ਦੀ ਬਾਤ ਹੈ।'

ਜਦ ਪ੍ਰੇਮ ਵਿਚ ਲੀਨ ਹੁੰਦੇ ਹਨ ਤਦ ਗਾਉਂਦੇ ਹਨ :-

ਤੂ ਠਾਕੁਰੋ ਬੈਰਾਗਰੋ ਮੈ ਜੇਹੀ ਘਣ ਚੇਰੀ ਰਾਮ॥ਤੂੰ ਸਾਗਰੋ ਰਤਨਾਗਰੋ ਹਉ ਸਾਰ ਨ ਜਾਣਾ ਤੇਰੀ ਰਾਮ॥ ਸਾਰ ਨ ਜਾਣਾ ਤੂੰ ਵਡ ਦਾਣਾ ਕਰਿ ਮਿਹਰੰਮਤਿ ਸਾਂਈ॥ ਕਿਰਪਾ ਕੀਜੈ ਸਾ ਮਤਿ ਦੀਜੈ ਆਠ ਪਹਰ ਤੁਧੁ ਧਿਆਈ॥ ਗਰਬੁ ਨ ਕੀਜੈ ਰੇਣ ਹੋਵੀਜੈ ਤਾ ਗਤਿ ਜੀਅਰੇ ਤੇਰੀ॥ ਸਭ ਊਪਰਿ ਨਾਨਕ ਕਾ ਠਾਕੁਰੁ ਮੈ ਜੇਹੀ ਘਣਚੇਰੀ ਰਾਮ॥੧॥*

ਭਾਈ ਸੰਤੋਖ ਸਿੰਘ ਜੀ ਇਸ ਪ੍ਰੇਮ ਨੂੰ ਐਉਂ ਲਿਖਦੇ ਹਨ:-

'ਅਪਰ ਸਮੱਗ੍ਰੀ ਕਰ ਕਰ ਤਯਾਰੀ।
ਸਿਮਰਤ ਰਾਖਤ ਸਦਨ ਮਝਾਰੀ।੧੩।
ਬਹੁ ਸੁੰਦਰ ਪਰਯੰਕ ਬਨਾਏ।

* ਇਹ ਵਾਕ, ਰਾਗ ਸੂਹੀ ਛੰਤ ਮ: ੫ ਵਿਚ ਹੈ।

SIKHBOOKCLUB.COM

ਦੇ ਦੇ ਦਰਬ ਤਜਾਰ ਕਰਵਾਏ।
ਹਿਤ ਭੋਜਨ ਕੇ ਸੁੰਦਰ ਅੰਨ।
ਆਨ ਧਰਹਿ ਹੁਇ ਸਿਦਕ ਸਪੰਨ।੧੪।
ਜਜੋਂ ਜਜੋਂ ਵਸਤੁ ਤਜਾਰ ਕਰਿ ਜੋਵਤਿ।
ਤਜੋਂ ਤਜੋਂ ਅਧਿਕ ਪ੍ਰੇਮ ਉਰ ਹੋਵਤ।
ਦਿਨ ਪ੍ਰਤਿ ਪ੍ਰੇਮਾਤੁਰ ਹੁਇ ਦੰਪਤਿ।
ਗੁਰ ਬਿਨ ਲਗਹਿ ਨ ਆਛੀ ਸੰਪਤਿ।੧੫।
ਕਰਹਿਂ ਪ੍ਰਤੀਖਨ- ਕਬਿ ਗੁਰ ਆਵਹਿਂ।
ਹਮਰੇ ਮਨ ਅਭਿਲਾਖ ਪੁਰਾਵਹਿਂ-।
ਗੁਰ ਪ੍ਰਸੰਗ ਕਹਿ ਆਪਸ ਮਾਂਹੂ।
ਸੁਜਸ ਬਖਾਨਤ ਰਿਦੇ ਉਮਾਹੂ।੧੬।
ਬੀਤੇ ਕਿਤਿਕ ਦਿਵਸ ਇਸ ਭਾਂਤੀ।
ਗੁਰੂ ਨ ਆਏ ਤਾਪਤ ਛਾਤੀ।
-ਰਜਾ ਕਾਰਨ ਭਾ ਮਿਲੇ ਨ ਸ੍ਵਾਮੀ।
ਚੌਦਹ ਲੋਕਨ ਅੰਤਰਜਾਮੀ।੧੭।
ਸ੍ਰੀ ਗੁਰੂ ਹਰਗੋਬਿੰਦ ਮੁਖ ਚੰਦ।
ਹਮ ਚਕੋਰ ਕਬ ਦੇਹਿਂ ਅਨੰਦ।
ਸਮ ਸੂਰਜ ਕਬ ਤੇਜ ਦਿਖਾਵੈਂ।
ਹਮਰੇ ਰਿਦੇ ਕਮਲ ਬਿਕਸਾਵੈਂ।੧੮।
ਚਾਤ੍ਰਿਕ ਸਮ ਦੰਪਤਿ ਬਿਲਲਾਈ।
ਸ੍ਵਾਂਤਿ ਬੂੰਦ ਕਬ ਮਿਲੈ ਗੁਸਾਈਂ।
ਤਰੁ ਸੂਕਤ ਦੁਰਬਲ ਹਮ ਤੈਸੇ।
ਕਬਿ ਗੁਰ ਮਿਲਹਿਂ ਜਲਧਿ ਜਲ ਜੈਸੇ।੧੯।
ਜਬਿ ਦੇਖੈਂ ਜੁਗੁ ਪਦ ਅਰਬਿੰਦ।
ਤਬ ਹਰਖਹਿਂ ਮਨ ਹੋਇ ਮਲਿੰਦ।
ਅਜਹੁਂ ਨ ਆਏ ਹਮ ਨਿਰਭਾਗੇ।
ਕਿਧੌਂ ਨ ਰਿਦੇ ਪ੍ਰੇਮ ਬਹੁ ਜਾਗੇ।੨੦।

(ਰਾਸ ੫ ਅੰ: ੨੯)

ਐਸੀ ਪ੍ਰੇਮ ਦੀ ਗਾੜ੍ਹੀ ਖਿੱਚ ਵਾਲੀ ਦਸ਼ਾ ਦੰਪਤੀ ਦੀ ਹੋ ਰਹੀ ਹੈ। ਪਹਿਲੇ ਤਾਂ ਚਾਉ ਭਰੀ ਸੇਵਾ ਦਾ ਉਤਸ਼ਾਹ ਸੀ ਕਿ ਗੁਰੂ ਜੀ ਲਈ ਮੰਦਰ ਬਣਾ ਰਹੇ ਹਾਂ। ਜਦ ਹੁਣ ਬਣ ਚੁਕਾ ਤੇ ਸਜ ਸਜਾ ਹੋ ਚੁਕਾ ਹੈ, ਤਦ ਇਹ ਚਾਹ ਹੈ ਕਿ ਆਪ ਆ ਕੇ ਇੱਥੇ ਬਿਰਾਜਨ? ਹੁਣ ਇਹ ਉਤਕੰਠਾ ਕਿ ਗੁਰੂ ਜੀ ਆਉਣ, ਬਹੁਤ ਵਧ ਗਈ ਹੈ। ਸ੍ਰੀ ਗੁਰੂ ਜੀ ਦੇ ਸਾਰ ਰੂਪ ਦੇ ਜਾਣੂੰ ਹੁਣ ਪ੍ਰੇਮ ਦੀਆਂ ਕਾਂਗਾਂ ਵਿਚ ਵਹੇ ਚਲੇ ਜਾ ਰਹੇ ਹਨ ਕਿ ਕਿਵੇਂ ਪਿਆਰੇ ਸਤਿਗੁਰੂ ਜੀ ਏਥੇ ਆਕੇ ਬਿਰਾਜਣ। ਦਰਸ਼ਨ ਦੀ ਸਿੱਕ ਪੈਰੋ ਪੈਰ ਵਧਦੀ ਹੈ। ਹੋਰ ਖਿੱਚਾਂ ਦਾ ਨਿਯਮ ਹੈ ਕਿ ਜਿਉਂ ਜਿਉਂ ਵਿੱਥ ਘਟੇ ਜ਼ੋਰ ਵਧਦਾ ਹੈ, ਪਰ ਪ੍ਰੇਮ ਦੀ ਖਿੱਚ ਵਿੱਚ ਜਿਉਂ ਜਿਉਂ ਵਿੱਥ ਵਧੇ ਜ਼ੋਰ ਵਧਦਾ ਹੈ। ਭਾਈ ਜੀ ਦੀ ਕਥਾ ਵਿਚ ਹੁਣ ਨਿਰਾ ਬਿਰਹਾ ਹੁੰਦਾ ਹੈ। ਅਜ ਕਲ ਕਥਾ ਬੀ ਮਾਰੂ ਡਖਣਿਆਂ ਦੀ ਕਰਦੇ ਹਨ। ਸੰਗਤ ਸੁਣਦੀ ਵੈਰਾਗ ਰੂਪ ਹੋ ਜਾਂਦੀ ਹੈ। ਭਾਈ ਢੇਸਾ ਏਹ ਰੰਗ ਵੇਖ ਰਿਹਾ ਹੈ। ਕਥਾ ਸੁਣਦਾ ਹੈ ਤੇ ਪੰਘਰਦਾ ਹੈ, ਹਿਰਦਾ ਦ੍ਰਵਦਾ ਹੈ ਤੇ ਭਾਈ ਜੀ ਦੇ ਹਿਰਦੇ ਵਾਂਙੂ ਆਪ ਪ੍ਰੇਮ ਵਿਚ ਜਾਂਦਾ ਹੈ।

ਭਾਈ ਜੀ ਦੀ ਵੈਰਾਗ ਦੀ ਦਸ਼ਾ ਬਹੁਤ ਵਧੀ ਦੇਖਕੇ ਇਕ ਦਿਨ ਸੰਗਤ ਨੇ ਬੇਨਤੀ ਕੀਤੀ ਕਿ ਜੇ ਆਗਿਆ ਹੋਵੇ ਤਦ ਸਤਿਗੁਰਾਂ ਨੂੰ ਚੱਲਕੇ ਬਿਨੈ ਕਰੀਏ ਜੋ ਆ ਜਾਣ। ਭਾਈ ਜੀ ਨੇ ਹੱਥ ਜੋੜਕੇ ਕਿਹਾ: ਮਿੱਤ੍ਰ! ਸਤਿਗੁਰੂ ਜੀ ਜਾਣੀ ਜਾਣ ਹਨ: ਉਨ੍ਹਾਂ ਤੋਂ ਕੁਛ ਗੁੱਝਾ ਨਹੀਂ, ਮਨ ਮਿਲਣਾ ਲੋਚਦਾ ਹੈ, ਲੋਚਾ ਮਿਟ ਨਹੀਂ ਸਕਦੀ ਕਿਉਂਕਿ ਪ੍ਰੇਮ ਵੱਸ ਦੀ ਖੇਡ ਨਹੀਂ ਹੈ, ਪਰ ਪਿਆਰੇ ਗੁਰੂ ਦੀ ਰਜ਼ਾ ਜੇ ਬਿਰਹੋਂ ਦੀ ਹੈ ਤਦ ਸਾਡਾ ਧਰਮ ਉਨ੍ਹਾਂ ਦੀ ਰਜ਼ਾ ਨੂੰ ਸਿਰ ਤੇ ਧਰਨਾ ਹੈ। ਜਦੋਂ ਗੁਰੂ ਜੀ ਯੋਗ ਜਾਣਨਗੇ ਆਪੇ ਬਹੁੜਨਗੇ। ਇਸ ਉੱਤਰ ਅੱਗੇ ਸੰਗਤ ਬੀ ਚੁੱਪ ਹੈ। ਰਾਮੋ ਦੀ ਆਪਣੀ ਦਸ਼ਾ ਪਤੀ ਜੀ ਵਰਗੀ ਹੈ, ਪਰ ਇਕ ਦਿਨ ਦੀ ਗੱਲ ਹੈ, ਭਾਈ ਜੀ ਸੁੱਤੇ ਪਏ ਸਨ, ਸੁਪਨੇ ਵਿੱਚ ਕੀ ਦੇਖਦੇ ਹਨ ਕਿ ਇਕ ਬੜਾ ਭਾਰੀ ਸਮੁੰਦਰ ਹੈ, ਅਰ ਉਸਦਾ ਜਲ ਬੜਾ ਮਿੱਠਾ ਹੈ, ਬਹੁਤ ਹੀ ਪਿਆਰਾ ਲਗਦਾ ਹੈ। ਸਮੁੰਦਰ ਵਿੱਚੋਂ ਇਕ ਬਹੁਤ ਪਿਆਰੀ ਸੂਰਤ ਨਿਕਲੀ ਤੇ ਕਹਿਣ ਲੱਗੀ ਕਿ ਸਾਈਂਦਾਸ! ਇਸ ਜਲ ਪਰ ਤੂੰ ਬਹੁਤ ਪ੍ਰੇਮਵਾਨ ਹੋਇਆ ਹੈਂ, ਆਓ ਤੂੰ ਇਸ ਵਿੱਚ ਨਿਵਾਸ ਕਰ ਮੱਛੀ ਸਾਮਾਨ, ਏਹ ਜਲ ਤੈਨੂੰ ਆਪਣੇ ਵਿੱਚ ਰੱਖੇਗਾ, ਤੈਨੂੰ ਡੋਬੇ ਹਿੱਕੇ ਮਾਰੇਗਾ ਨਹੀਂ। ਭਾਈ ਜੀ ਨੇ ਪ੍ਰਤੀਤ ਕੀਤੀ ਅਰ ਸਮੁੰਦਰ ਵਿਚ ਜਾ ਵੜੇ। ਕੀ ਦੇਖਦੇ ਹਨ ਕਿ ਮੱਛੀ ਵਾਂਙੂ ਫਿਰਦੇ ਹਾਂ, ਤਰਦੇ ਹਾਂ, ਡੁਬਕੀਆਂ ਲਾਉਂਦੇ ਹਾਂ, ਅੰਦਰ ਬਾਹਰ ਜਲ ਫਿਰਦਾ ਹੈ, ਪਰ ਨਾ ਤਾਂ ਡੁਬਦੇ ਹਾਂ, ਨਾ ਮਰਦੇ ਹਾਂ ਨਾ ਔਖੇ ਹੁੰਦੇ ਹਾਂ ਸਗੋਂ

SIKHBOOKCLUB.COM

ਅਤਿ ਅਨੰਦ ਪਾ ਰਹੇ ਹਾਂ। ਕੁਛ ਸਮਾਂ ਪਾ ਕੇ ਫੇਰ ਉਸੇ ਸੂਰਤ ਨੇ ਜਲ ਵਿਚੋਂ ਪ੍ਰਗਟ ਹੋਕੇ ਕਿਹਾ: ਸਾਈਂਦਾਸ! ਇਹ ਜਲ ਜੋ ਹੈ ਤੈਨੂੰ ਬਹੁਤ ਪਿਆਰਾ ਹੈ, ਹੁਣ ਤੇਰਾ ਜੀਵਨ ਦਾ ਆਸਰਾ ਇਹੋ ਹੈ, ਤਾਂ ਤੇ ਆਉ ਜੋ ਤੈਨੂੰ ਬੀ ਜਲ ਰੂਪ ਕਰਕੇ ਇਸੇ ਦੇ ਵਿੱਚ ਰਲਾਇ ਦੇਵੀਏ ਸੋ ਤੂੰ ਬੀ ਜਲ ਵਿੱਚ ਜਲ ਹੋ ਜਾਵੇਂ। ਇਹ ਸੁਣਕੇ ਭਾਈ ਜੀ ਨੇ ਕਿਹਾ ਜਿਵੇਂ ਜੀ ਹੁਕਮ ਕਰਹੁ, ਗ਼ੁਲਾਮ ਹਾਜ਼ਰ ਹੈ, ਪਰ ਨਾ ਜਲ ਤੋਂ ਬਾਹਰ ਕੱਢਿਓ ਜੇ ਤੇ ਨਾ ਜਲ ਬਨਾਇਓ ਜੇ। ਜਲ ਦੇ ਵਿੱਚ ਰਖਹੁ ਤੇ ਜਲ ਦੇ ਪਿਆਰੇ ਬਨਾਈ ਰਖੋਂ :-

'ਤੁਮ ਜਲ ਨਿਧਿ ਹਮ ਮੀਨੇ ਤੁਮਰੇ'

ਤਾਂ ਉਹ ਸੂਰਤ 'ਭਲਾ ਹੋਵੇ' ਕਹਿਕੇ ਲੋਪ ਹੋ ਗਈ। ਫਿਰ ਕੀ ਵੇਖਦੇ ਹਨ ਜੋ ਪਿਆਰੇ ਸਤਿਗੁਰ ਜੀ ਬਿਰਾਜ ਰਹੇ ਤੇ ਬਿਹਸ ਰਹੇ ਹਨ। ਹੁਣ ਆਪ ਦੀ ਜਾਗ ਖੁਲ੍ਹ ਗਈ। ਇਸ ਵੇਲੇ ਰਾਮੋ ਪਾਸ ਬੈਠੀ ਪਾਠ ਕਰ ਰਹੀ ਸੀ:-

ਕੇਦਾਰਾ ਛੰਤ ਮਹਲਾ ੫

ੴ ਸਤਿਗੁਰ ਪ੍ਰਸਾਦਿ॥

ਮਿਲੁ ਮੇਰੇ ਪ੍ਰੀਤਮ ਪਿਆਰਿਆ॥ਰਹਾਉ॥ ਪੂਰਿ ਰਹਿਆ ਸਰਬਤ੍ਰ ਮੈ ਸੋ ਪੁਰਖੁ ਬਿਧਾਤਾ॥ ਮਾਰਗੁ ਪ੍ਰਭ ਕਾ ਹਰਿ ਕੀਆ ਸੰਤਨ ਸੰਗਿ ਜਾਤਾ॥ ਸੰਤਨ ਸੰਗਿ ਜਾਤਾ ਪੁਰਖੁ ਬਿਧਾਤਾ ਘਟਿ ਘਟਿ ਨਦਰਿ ਨਿਹਾਲਿਆ॥ ਜੋ ਸਰਨੀ ਆਵੈ ਸਰਬ ਸੁਖ ਪਾਵੈ ਤਿਲੁ ਨਹੀ ਭੰਨੈ ਘਾਲਿਆ॥ਹਰਿ ਗੁਣ ਨਿਧਿ ਗਾਏ ਸਹਜ ਸੁਭਾਏ ਪ੍ਰੇਮ ਮਹਾਰਸ ਮਾਤਾ॥ ਨਾਨਕ ਦਾਸ ਤੇਰੀ ਸਰਣਾਈ ਤੂ ਪੂਰਨ ਪੁਰਖੁ ਬਿਧਾਤਾ॥੧॥ਹਰਿ ਪ੍ਰੇਮ ਭਗਤਿ ਜਨ ਬੇਧਿਆ ਸੇ ਆਨ ਕਤ ਜਾਹੀ॥ ਮੀਨੁ ਬਿਛੋਹਾ ਨਾ ਸਹੈ ਜਲ ਬਿਨੁ ਮਰਿ ਪਾਹੀ॥ ਹਰਿ ਬਿਨੁ ਕਿਉ ਰਹੀਐ ਦੂਖ ਕਿਨਿ ਸਹੀਐ ਚਾਤ੍ਰਿਕ ਬੂੰਦ ਪਿਆਸਿਆ॥ ਕਬ ਰੈਨਿ ਬਿਹਾਵੈ ਚਕਵੀ ਸੁਖੁ ਪਾਵੈ ਸੂਰਜ ਕਿਰਣਿ ਪ੍ਰਗਾਸਿਆ॥ ਹਰਿ ਦਰਸਿ ਮਨੁ ਲਾਗਾ ਦਿਨਸੁ ਸਭਾਗਾ ਅਨਦਿਨੁ ਹਰਿ ਗੁਣ ਗਾਹੀ॥ ਨਾਨਕ ਦਾਸੁ ਕਹੈ ਬੇਨੰਤੀ ਕਤ ਹਰਿ ਬਿਨੁ ਪ੍ਰਾਣ ਟਿਕਾਹੀ॥੨॥ਸਾਸ ਬਿਨਾ ਜਿਉ ਦੇਹੁਰੀ ਕਤ ਸੋਭਾ ਪਾਵੈ॥ ਦਰਸ ਬਿਹੂਨਾ ਸਾਧ ਜਨੁ ਖਿਨੁ ਟਿਕਣੁ ਨ ਆਵੈ॥ ਹਰਿ ਬਿਨੁ ਜੋ ਰਹਣਾ ਨਰਕੁ ਸੋ ਸਹਣਾ ਚਰਨ ਕਮਲ ਮਨੁ ਬੇਧਿਆ॥ ਹਰਿ ਰਸਿਕ ਬੈਰਾਗੀ ਨਾਮਿ ਲਿਵ ਲਾਗੀ ਕਤਹੁ ਨ ਜਾਇ ਨਿਖੇਧਿਆ॥ਹਰਿ ਸਿਉ ਜਾਇ ਮਿਲਣਾ ਸਾਧਸੰਗਿ ਰਹਣਾ ਸੋ ਸੁਖੁ ਅੰਕਿ ਨ ਮਾਵੈ॥ ਹੋਹੁ ਕ੍ਰਿਪਾਲ ਨਾਨਕ ਕੇ ਸੁਆਮੀ ਹਰਿ ਚਰਨਹ ਸੰਗਿ ਸਮਾਵੈ॥੩॥ਖੋਜਤ ਖੋਜਤ ਪ੍ਰਭ ਮਿਲੇ ਹਰਿ ਕਰੁਣਾ ਧਾਰੇ॥ ਨਿਰਗੁਣੁ ਨੀਚੁ ਅਨਾਥੁ ਮੈ ਨਹੀ ਦੋਖ ਬੀਚਾਰੇ॥ ਨਹੀ ਦੋਖ ਬੀਚਾਰੇ ਪੂਰਨ ਸੁਖ ਸਾਰੇ ਪਾਵਨ ਬਿਰਦੁ ਬਖਾਨਿਆ॥ ਭਗਤਿ ਵਛਲੁ ਸੁਨਿ ਅੰਚਲੋ ਗਹਿਆ ਘਟਿ ਘਟਿ ਪੂਰ ਸਮਾਨਿਆ॥ ਸੁਖ ਸਾਗਰੋ ਪਾਇਆ ਸਹਜ ਸੁਭਾਇਆ ਜਨਮ ਮਰਨ ਦੁਖ ਹਾਰੇ॥ ਕਰੁ ਗਹਿ ਲੀਨੇ ਨਾਨਕ ਦਾਸ ਅਪਨੇ ਰਾਮ ਨਾਮ ਉਰਿ ਹਾਰੇ॥੪॥੧॥

ਇਹ ਸਬਦ ਆਪ ਨੇ ਬਹੁਤ ਹੀ ਪਿਆਰ ਨਾਲ ਸੁਣਿਆਂ। ਭੋਗ ਪਾਕੇ ਰਾਮੋ ਨੇ ਕਿਹਾ: ਪਤੀ ਜੀ! ਆਪ ਦੀ ਆਗਿਆ ਮੇਰੇ ਸੀਸ ਪਰ ਹੈ, ਪਰ ਜੇ ਆਪ ਜੋਗ ਜਾਣੋ ਤਦ ਸਤਿਗੁਰਾਂ ਜੋਗ ਇਕ ਪੱਤ੍ਰਿਕਾ ਪਾਓ, ਜਿਕੁਰ ਪੰਜਵੇਂ ਸਤਿਗੁਰਾਂ ਨੇ ਲਾਹੌਰ ਤੋਂ ਪਿਆਰੇ ਜੀ ਨੂੰ ਮਿਲਣ ਦੀ ਲੋਚਾ ਦਾ ਸ਼ਬਦ ਲਿਖਿਆ ਸੀ।

ਸਾਈਂਦਾਸ- ਹੇ ਗੁਰੂ ਸੁਆਰੀਏ! ਅਸੀਂ ਜੀਵ ਸਤਿਗੁਰਾਂ ਦੀ ਬਰੋਬਰੀ ਕੀਕੂੰ ਕਰ ਸਕਦੇ ਹਾਂ? ਗੁਰੂ ਅਰਜਨ ਦੇਵ ਜੀ ਪਾਤਸ਼ਾਹ ਦੇ ਸ਼ਾਹਜ਼ਾਦੇ, ਸ਼ਾਹਜ਼ਾਦੇ ਨੇ ਪਿਤਾ ਪਾਤਸ਼ਾਹ ਨੂੰ ਪਾਤੀ ਭੇਜ ਦਿੱਤੀ, ਤਦ ਬਣ ਆਈ। ਅਸੀਂ ਹੋਏ ਸਿੱਖ ਦਾਸ, ਤੇ ਦਾਸ ਬੀ ਓਹ ਜੋ ਅਜੇ ਜੋਗ ਨਹੀਂ ਹੋਏ, ਅਸੀਂ 'ਪੱਤ੍ਰ ਲਿਖੀਏ', ਇਹ ਬੇਅਦਬੀ ਹੈ।


www.sikhbookclub.com

ਰਾਮੋ ਨੇ ਕਿਹਾ: ਸਤਿਗੁਰ ਜੀ ਨੇ ਸਿੱਖਾਂ ਦਾ ਦਰਜਾ ਤਾਂ ਬਹੁਤ ਉੱਚਾ ਲਿਖਿਆ ਹੈ, ਓਹ ਤਾਂ ਗੁਰੂ ਨੂੰ ਅਤਿ ਪਿਆਰੇ ਹਨ।

ਭਾਈ- ਇਹ ਗੁਰੂ ਦੀ ਆਪਣੀ ਮਿਹਰ ਹੈ।

ਇਹ ਕਹਿਕੇ ਭਾਈ ਜੀ ਨੇ ਫੇਰ ਸੁਪਨਾ ਸੁਣਾਇਆ। ਰਾਮੋ ਸੁਣ ਕੇ ਹੱਸ ਪਈ ਤੇ ਕਹਿਣ ਲਗੀ: ਪਤੀ ਜੀ! ਗੁਰੂ ਜੀ ਨੇ ਕੇਡੀ ਸਹਾਇਤਾ ਕੀਤੀ! ਜੇ ਆਪ ਪਾਣੀ ਬਣਨਾ ਮੰਨ ਲੈਂਦੇ ਤਦ ਕੀਹ ਬਣਦਾ? ਬਹੁਤ ਹੀ ਭਲਾ ਹੋਇਆ ਜੋ ਤੁਸੀਂ ਮਛਲੀ ਬਣਨ ਨਾਲ ਵਧੀਕ ਪਿਆਰ ਕੀਤਾ। ਭਾਵੇਂ ਆਪ ਸਾਰੀ ਗੱਲ ਦੇ ਜਾਣੀ ਜਾਣ ਤੇ ਵਰਤੋਂ ਵਾਲੇ ਹੋ, ਪਰ 'ਮੁਕਤਿ ਬਪੁੜੀ ਭੀ ਗਿਆਨੀ ਤਿਆਗੇ' ਵਾਲਾ ਕਾਰਜ ਆਪ ਤੋਂ ਗੁਰੂ ਜੀ ਨੇ ਕਰਵਾਇਆ ਹੈ, ਗੁਰੂ ਜੀ ਧੰਨ ਹਨ।

ਫੇਰ ਭਾਈ ਜੀ ਨੇ ਦੱਸਿਆ ਕਿ ਸੁਪਨੇ ਦੇ ਅੰਤ ਪਰ ਗੁਰੂ ਜੀ ਦੇ ਬਿਹਸਦੇ ਚਿਹਰੇ ਦੇ ਦਰਸ਼ਨ ਹੋਏ ਹਨ।

ਰਾਮੋ- ਪ੍ਰਾਣ ਨਾਥ ਜੀ! ਸਤਿਗੁਰੂ ਜੀ ਜੀਉ ਦੀ ਜਾਣਨਹਾਰ ਹਨ, ਆਉਣਗੇ ਅਰ ਕ੍ਰਿਪਾ ਕਰਨਗੇ, ਅਸੀਂ ਬੜੇ ਹੀ ਨੀਵੇਂ ਹਾਂ, ਧਰਤੀ ਵਾਂਙੂ ਤੇ ਕਲਰਾਏ ਥਾਂ ਵਾਂਙੂ ਹਾਂ, ਪਰ ਗੁਰੂ ਬੱਦਲ ਦੀ ਨਿਆਈਂ ਸਾਰੇ ਇਕਸਾਰ ਵੱਸ ਜਾਂਦਾ ਹੈ।

ਇਧਰ ਪ੍ਰੇਮ ਦੀ ਇਹ ਦਸ਼ਾ ਹੈ। ਉਧਰ ਇਕ ਦਿਨ ਸਤਿਗੁਰਾਂ ਨੇ ਦਮੋਦਰੀ ਜੀ ਨੂੰ ਕਿਹਾ: ਹੇ ਪ੍ਰਿਯੇ! ਆਪ ਦੀ ਭੈਣ ਤੇ ਤਿਸਦੇ ਪ੍ਰਾਣ ਪਿਆਰੇ ਜੀ ਨੇ ਮੰਦਰ ਬਨਵਾਇਆ ਹੈ ਅਰ ਬਣਵਾ ਕੇ ਬੰਦ ਕਰ ਦਿਤਾ ਹੈ ਤੇ ਪ੍ਰੇਮ ਵਿਚ ਬਿਹਬਲ ਹੋ ਰਹੇ ਹਨ ਤੇ ਉਡੀਕ ਕਰ ਰਹੇ ਹਨ ਕਿ ਅਸੀਂ ਉਸ ਘਰ ਵਿੱਚ ਚੱਲਕੇ ਵੱਸੀਏ; ਦੱਸੋ ਤੁਹਾਡੀ ਕੀਹ ਮਰਜ਼ੀ ਹੈ?

ਦਮੋਦਰੀ ਬੋਲੀ- ਹੇ ਕਿਰਪਾਲੂ ਜੀ! ਆਪ ਦਾ ਬਿਰਦ ਭਗਤ ਵਛਲ ਹੈ ਅਰ ਮੇਰੇ ਜੀਜਾ ਜੀ ਤੇ ਭੈਣ ਜੀ ਆਪ ਦੇ ਚਰਨਾਂ ਕਮਲਾਂ ਦੇ ਭੌਰੇ ਹਨ, ਆਪ ਕ੍ਰਿਪਾ ਕਰਕੇ ਉਨ੍ਹਾਂ ਦੇ ਮਨੋਰਥ ਪੂਰਨ ਕਰੀਏ। ਇਹ ਆਪ ਦੀ ਕ੍ਰਿਪਾਲਤਾ ਹੈ। ਸਾਕਾਦਾਰੀ ਬੀ ਹੈ ਅਰ ਬਹੁਤ ਹੀ ਪਿਆਰ ਦਾ ਸਾਕ ਹੈ, ਪਰ ਉਨ੍ਹਾਂ ਦੇ ਰਿਦੇ ਵਿੱਚ ਤਾਂ ਅਨਿੰਨ ਸਿੱਖੀ ਭਾਵ ਹੈ, ਸਾਕਾਦਾਰੀ ਦਾ ਮਾਨ ਹੰਕਾਰ ਰੱਤੀ ਜਿੰਨਾਂ ਬੀ ਨਹੀਂ ਹੈ।

ਗੁਰੂ ਜੀ ਨੇ ਕਿਹਾ ਕਿ ਅੱਛਾ, ਫਿਰ ਤੁਸੀਂ ਤਾਂ ਤਿਆਰੀ ਤੁਰਨ ਦੀ ਕਰੋ ਤੇ ਅਸਾਨੂੰ ਇਕ ਹੋਰ ਖਿੱਚ ਲਗ ਰਹੀ ਹੈ, ਮਾਤਾ ਜੀ ਨਾਲ ਸਲਾਹ ਕਰ ਲਵੀਏ।

ਫੇਰ ਆਪ ਨੇ ਮਾਤਾ ਜੀ ਪਾਸ ਜਾ ਕੇ ਸਾਈਂਦਾਸ ਦਾ ਹਾਲ ਸੁਣਾਇਆ ਅਰ ਨਾਲ ਦੱਸਿਆ ਕਿ ਨਾਨਕ ਮਤੇ, ਜੋ ਆਦਿ ਸਤਿਗੁਰਾਂ ਦਾ ਗੁਰਦੁਆਰਾ ਹੈ, ਉਹ ਸਾਡੇ ਸਿੱਖ ਸਾਧੂ ਪਾਸੋਂ ਸਿੱਧਾਂ ਨੇ ਖੋਹ ਲੀਤਾ ਹੈ ਅਰ ਬੇਅਦਬੀ ਕਰ ਰਹੇ ਹਨ ਤੇ ਉਹ ਸਿਖ ਸਾਧੂ ਬਹੁਤ ਵਿਆਕੁਲ, ਦਿਨ ਰਾਤ ਬਿਨੈ ਕਰ ਰਿਹਾ ਹੈ ਕਿ ਸਤਿਗੁਰਾਂ ਦਾ ਗੁਰਧਾਮ ਉਨ੍ਹਾਂ ਤੋਂ ਲੈਕੇ ਪਵਿੱਤ੍ਰਤਾ ਵਿੱਚ ਕਾਇਮ ਰੱਖਿਆ ਜਾਵੇ। ਦੁਵੱਲੀ ਖਿੱਚ ਡਾਢੇ ਪ੍ਰੇਮ ਦੀ ਹੈ, ਤੁਸੀਂ ਆਗਿਆ ਕਰੋ ਕਿਸ ਪਾਸੇ ਚੱਲੀਏ? ਸ਼ੁਭ ਮਤ ਵਾਲੀ ਮਾਤਾ ਜੀ ਨੇ ਕਿਹਾ ਕਿ ਆਪ ਜਗਤ ਗੁਰੂ ਹੋ ਤੇ ਜਾਣੀ ਜਾਣ ਹੋ, ਜਿਸ ਪਾਸੇ ਗਏ ਬਿਨਾਂ ਹਰਜ ਵਿਸ਼ੇਸ਼ ਹੁੰਦਾ ਹੋਵੇ ਉਧਰ ਪਹਿਲੇ ਜਾਣਾ ਚਾਹੀਦਾ ਹੈ। ਨਾਨਕ ਮਤੇ ਆਪ ਬਿਨਾਂ ਕਾਰਜ ਸਰਨਾ ਨਹੀਂ ਹੈ, ਜਗਾ ਦੂਰ ਹੈ! ਭਾਵੇਂ ਮੈਂ ਸਮੇਤ ਸੰਗਤਾਂ ਨੇ ਵਿਛੋੜਾ ਨਹੀਂ ਸਹਾਰ ਸਕਣਾ ਪਰ ਜੋ ਭਗਤ ਨੂੰ ਭੀੜ ਪਈ ਹੈ, ਉਸਨੂੰ ਬਹੁੜਨਾ ਬੀ ਆਪਦਾ ਹੀ ਬਿਰਦ ਹੈ। ਇਧਰ ਸਾਈਂਦਾਸ ਜੀ ਬੀ ਪੂਰਨ ਸਿੱਖ ਹਨ, ਉਨ੍ਹਾਂ ਦੇ ਪ੍ਰੇਮ ਦੀ ਲਾਜ ਪਾਲਣੀ ਬੀ ਆਪ ਦਾ ਬਿਰਦ ਹੈ।

ਤਦ ਸ੍ਰੀ ਗੁਰੂ ਜੀ ਬੋਲੇ ਕਿ ਐਉਂ ਕਰੀਏ:- ਤੁਸੀਂ ਤਾਂ ਪਰਵਾਰ ਸਮੇਤ ਡਰੋਲੀ ਚੱਲੋ ਤੇ ਸਾਈਂਦਾਸ ਜੀ ਤੇ ਰਾਮੋ ਨੂੰ ਪਿਆਰ ਧੀਰਜ ਦਿਲਾਸਾ ਦਿਓ ਤੇ ਅਸੀਂ 'ਨਾਨਕ ਮਤੇ' ਚੱਲਦੇ ਹਾਂ! ਉਥੋਂ ਕਾਰਜ ਰਾਸ ਕਰਕੇ ਫਿਰ ਕੁਛ ਚਿਰ ਨੂੰ ਅਸੀਂ ਡਰੋਲੀ ਆ ਅੱਪੜਾਂਗੇ; ਇਉਂ ਦੋਨੋਂ ਕਾਰਜ ਠੀਕ ਹੋ ਜਾਣਗੇ। ਮਾਤਾ ਜੀ ਇਸ ਗੱਲ ਪਰ ਬੜੇ ਪ੍ਰਸੰਨ ਹੋਏ ਤੇ ਦੀਨਾਂ ਦੇ ਨਾਥ ਸਤਿਗੁਰੂ ਜੀ ਨੇ ਦੀਵਾਨ ਵਿੱਚ ਜਾਕੇ ਭਾਈ ਬੁੱਢਾ ਤੇ ਭਾਈ ਗੁਰਦਾਸ ਜੀ ਆਦਿਕਾਂ ਨੂੰ ਆਪਣਾ ਮੰਤਵ ਦੱਸਿਆ, ਜਿਸ ਪਰ ਪੰਜੀ ਸੂਰਮੇਂ ਤਾਂ ਮਾਤਾ ਜੀ ਤੇ ਪਰਵਾਰ ਨਾਲ ਡਰੋਲੀ ਜਾਣ ਵਾਸਤੇ ਚੁਣੇ ਗਏ, ਭਾਈ ਬੁੱਢਾ ਤੇ ਗੁਰਦਾਸ ਜੀ

 www.sikhbookclub.com

ਸ੍ਰੀ ਦਰਬਾਰ ਸਾਹਿਬ ਜੀ ਤੇ ਅਕਾਲ ਤਖਤ ਦੀ ਸੇਵਾ ਵਾਸਤੇ ਕੁਛ ਸੂਰਮਿਆਂ ਤੇ ਸੰਗਤ ਸਮੇਤ ਛੱਡੇ ਗਏ। ਕੁਛ ਸੈਨਾਂ ਸਤਿਗੁਰਾਂ ਨੇ ਨਾਲ ਲੀਤੀ ਤੇ ਬਾਕੀ ਦੀ ਸੈਨਾਂ ਕਰਤਾਰਪੁਰੇ ਛੱਡਣ ਦਾ ਮਤਾ ਦ੍ਰਿੜ੍ਹ ਕੀਤਾ।

ਅਗਲੀ ਭਲਕ ਮਾਤਾ ਜੀ ਸਾਰੇ ਪਰਵਾਰ ਸਮੇਤ ਡਰੋਲੀ ਨੂੰ ਟੁਰ ਗਏ ਤੇ ਸ੍ਰੀ ਗੁਰੂ ਜੀ ਨੇ ਆਪਣੀ ਤਿਆਰੀ ਨਾਨਕ ਮਤੇ ਦੀ ਅਰੰਭ ਦਿੱਤੀ।

– o –

(ਝ)

ਰਾਮੋ ਤੇ ਸਾਈਂਦਾਸ ਜੀ ਦੀ ਪਿਆਰ ਖਿੱਚ ਦਾ ਵਰਣਨ ਕਰਦੇ ਪੁਰਾਣੇ ਲੇਖਕ ਲਿਖਦੇ ਹਨ :- "ਪ੍ਰੇਮ ਮਗਨ ਦੋਨੋਂ ਭਏ ਰਹੀ ਨ ਦੇਹ ਸੰਭਾਰ।" ਇਸ ਹਾਲ ਵਿਚ ਅੱਪੜ ਚੁਕੇ ਹਨ, ਪਰ ਅਜੇ ਕੋਈ ਸੰਦੇਸਾ ਸੁੰਧਕ ਨਹੀਂ ਆਉਂਦੀ ਕਿ ਪਿਆਰੇ ਜੀ ਕਦ ਦਰਸ਼ਨ ਦੇਂਦੇ ਹਨ? ਭਾਈ ਜੀ ਦਾ ਸਤਿਸੰਗਤ ਦਾ ਪ੍ਰੇਮ ਇਸ ਹਾਲ ਵਿਚ ਜਾਰੀ ਹੈ। ਅੰਮ੍ਰਤ ਵੇਲੇ ਜਦ ਪੰਜ ਘੜੀ ਰਾਤ ਰਹਿੰਦੀ ਹੈ ਤਾਂ ਦੀਵਾਨ ਵਿਚ ਵੀ ਅੱਪੜ ਜਾਂਦੇ ਹਨ, ਪਰ ਕਥਾ, ਵਾਰਤਾ, ਬਚਨ ਬਿਲਾਸ ਵੱਲੋਂ ਚੁੱਪ ਰਹਿੰਦੇ ਹਨ। ਪ੍ਰਸ਼ਾਦ ਵੀ ਅੱਗੇ ਤੋਂ ਅਲਪ ਹੋ ਗਿਆ ਹੈ, ਨੀਂਦ ਬੀ ਘਟ ਗਈ ਹੈ। ਸਿਮਰਨ ਦਾ ਪ੍ਰਵਾਹ ਨਦੀ ਦੀ ਰੌ ਵਾਂਙੂ ਚਲਦਾ ਹੈ, ਸੁਰਤ ਸੁਖੀ ਹੈ, ਪਰ ਧਿਆਨ ਪ੍ਰੀਤਮ ਵਿੱਚ ਮਗਨ ਹੈ ਅਰ ਉੱਚੇ ਮਨ ਕਿਸੇ ਲਹਿਰ ਵਿੱਚ ਝੂਲਦੇ ਮਸਤ ਜੇਹੇ ਰਹਿੰਦੇ ਹਨ। ਇਹੋ ਹਾਲ ਰਾਮੋ ਦਾ ਹੈ। ਇਕ ਦਿਨ ਅਚਾਨਕ ਕਿਸੇ ਪਿਆਰੇ ਨੇ ਆਕੇ ਕਿਹਾ- 'ਭਾਈ ਸਾਹਿਬ ਜੀ! ਇਕ ਸਿੱਖ ਮੇਵੜਾ ਆਇਆ ਹੈ, ਉਹ ਇਹ ਸੁਧ ਲਿਆਇਆ ਹੈ ਕਿ ਸ੍ਰੀ ਗੁਰੂ ਜੀ ਦੀ ਪਰਮ ਪਾਵਨ ਮਾਤਾ ਜੀ ਤੇ ਬੀਬੀ ਰਾਮੋ ਦੀ ਭੈਣ ਦਮੋਦਰੀ ਜੀ ਤੇ ਹੋਰ ਪਰਿਵਾਰ ਆਪ ਦੇ ਗ੍ਰਿਹ ਆ ਰਹੇ ਹਨ, ਮੈਂ ਪਹਿਲੋਂ ਖ਼ਬਰ ਲਈ ਆਇਆ ਹਾਂ, ਇਹ ਗੱਲ ਸੁਣਕੇ ਦੋਵੇਂ ਜਣੇ ਚੁੱਪ ਤੇ ਚੁੱਪ ਵਿੱਚ ਨੈਣ ਬੰਦ ਤੇ ਕੁਛ ਬੇਸੁਧ ਜੇਹੇ ਹੋ ਗਏ। ਕੁਛ ਸਮੇਂ ਮਗਰੋਂ ਭਾਈ ਜੀ ਦੇ ਨੈਣ ਖੁਲ੍ਹੇ ਤਾਂ ਇਧਰ ਉਧਰ ਤੱਕਣ ਲੱਗ ਪਏ, ਜਿਵੇਂ ਨੀਮ ਬਾਵਰੇ ਹੁੰਦੇ ਹਨ। ਪ੍ਰੇਮੀ ਨੇ ਫੇਰ ਖ਼ਬਰ ਸੁਣਾਈ ਕਿ ਜੀ! ਬਾਹਰ ਮੇਵੜਾ ਖੜਾ ਹੈ। ਸਾਈਂਦਾਸ ਜੀ ਬੜੇ ਜ਼ੋਰ ਨਾਲ ਸੁਰਜੀਤ ਹੋਕੇ ਬੋਲੇ ਕੌਣ ਹੈ?

ਸਿੱਖ- ਜੀ! ਮੇਵੜਾ!

ਸਾਈਂਦਾਸ- ਮੇਵੜਾ ਕਿੱਥੋਂ ਆਇਆ ਹੈ?

ਸਿੱਖ- ਗੁਰੂ ਪਰਵਾਰ ਆ ਰਿਹਾ ਹੈ।

ਸਾਈਂਦਾਸ- ਗੁਰੂ ਪਰਵਾਰ ਆ ਗਿਆ ਹੈ? ਗੁਰੂ? ਪਰਵਾਰ ਗੁਰੂ ਆ ਗਿਆ ਹੈ, ਮੰਦਰ ਵੱਲੇ ਗਿਆ ਹੈ? ਰੌਣਕਾਂ ਮੰਗਲ ਹੋ ਰਹੇ ਹਨ? ਹੈਂ....

"ਮੰਦਭਾਗੀ ਤੇਰੋ ਦਰਸਨੁ ਨਾਹਿ॥"

ਸਿੱਖ ਨੇ ਫੇਰ ਚਰਨ ਦਬਾਏ, ਹੱਥਾਂ ਦੀਆਂ ਤਲੀਆਂ ਝੱਸੀਆਂ ਤੇ ਪਿਆਰ ਨਾਲ ਫੇਰ ਸੁਨੇਹਾ ਦਿੱਤਾ, ਤਾਂ ਸੁਰਤ ਆਈ, ਨੈਣ ਖੋਲ੍ਹਕੇ ਤੱਕੇ, ਉੱਠੇ ਤੇ ਫੇਰ ਬੈਠ ਗਏ। ਸਿੱਖ ਨੇ ਜਲ ਛਕਾਇਆ ਤੇ ਫੇਰ ਸੁਨੇਹਾ ਦਿੱਤਾ। ਫੇਰ ਆਪ ਸੁੱਤੇ ਹੋਏ ਵਾਂਙੂ, ਜੋ ਨਵਾਂ ਜਾਗੇ, ਬੋਲੇ: ਹੈਂ! ਆ ਗਏ ਹਨ?

ਸਿੱਖ- ਜੀ! ਪਰਵਾਰ ਆ ਗਿਆ ਹੈ, ਗੁਰੂ ਪਰਵਾਰ।

ਸਾਈਂਦਾਸ- ਜੀ ਹਾਂ, ਪਰਵਾਰ ਆਇਆ ਹੈ। ਗੁਰੂ ਜੀ ਫੇਰ ਆਉਣਗੇ।

ਹੁਣ ਹੋਸ਼ ਹੋਰ ਫਿਰ ਆਈ, ਨੈਣ ਭਰ ਆਏ! ਹਾਂ, ਗੁਰੂ ਜੀ ਅਜੇ ਨਹੀਂ ਆਏ।ਆ ਗਿਆ ਹੈ ਪਰਵਾਰ। ਪਰਵਾਰ ਆ ਗਿਆ ਹੈ?

ਸਿੱਖ- ਮਾਤਾ ਗੰਗਾ ਜੀ ਆਏ ਹਨ।

ਹੁਣ ਸਾਈਂਦਾਸ ਬਾਹਰ ਆਇਆ, ਮਗਰੇ ਰਾਮੋ ਆਈ। ਨੱਗਰ ਦੇ ਪ੍ਰੇਮੀ ਕੱਠੇ ਹੋ ਗਏ। ਰਾਮੋ ਤਾਂ ਮੇਵੜੇ ਦੇ ਨਾਲ ਸਹੇਲੀਆਂ, ਸਤਿਸੰਗਣਾਂ ਸਮੇਤ ਅਗੁਵਾਨੀ ਨੂੰ ਚੱਲੀ ਤੇ ਸਾਈਂ ਦਾਸ ਜੀ ਨੇ ਨਵੇਂ ਬੰਦ ਘਰ ਦਾ ਜੰਦਰਾ ਖੋਲ੍ਹਿਆ। ਘਰ ਵਿਚ ਪਲੰਘ ਰਖੇ ਹੋਏ ਸੇ, ਝਾੜੂ ਰੋਜ਼ ਦਿੱਤਾ ਜਾਂਦਾ ਸੀ, ਧੂਪ ਰੋਜ਼ ਧੁਖਦਾ ਸੀ। ਹੁਣ ਆਪ ਨੇ ਛੇਤੀ ਨਾਲ ਗੁਰੂ ਪਰਵਾਰ ਵਾਸਤੇ ਪਲੰਘ ਡਹਾਏ, ਵਿਛਾਈਆਂ ਕਰਵਾਈਆਂ ਤੇ ਇਕ ਪ੍ਰੇਮੀ ਨੂੰ ਪ੍ਰਸ਼ਾਦ ਤਿਆਰ ਕਰਨ ਲਾਇਆ। ਇਕ ਨੂੰ ਕੜਾਹ ਪ੍ਰਸ਼ਾਦ ਤੇ ਲਾਇਆ ਤੇ ਸਹਿਜੇ ਸਹਿਜੇ ਆਪ ਵੀ ਅਗੁਵਾਨੀ



 www.sikhbookclub.com

ਨੂੰ ਤੁਰ ਪਏ, ਸਰੀਰ ਅੱਗੇ ਤੋਂ ਲਿੱਸਾ ਹੈ ਤੇ ਕਦਮਾਂ ਵਿੱਚ ਫੁਰਤੀ ਕੱਸੀ ਹੈ। ਥੋੜੇ ਹੀ ਕਦਮ ਆਏ ਸਨ ਕਿ ਸੰਗਤ ਸਮੇਤ ਸਾਰੇ ਆ ਪਹੁੰਚੇ। ਬੜੇ ਸਤਿਕਾਰ ਤੇ ਪਿਆਰ ਨਾਲ ਰਥਾਂ ਤੋਂ ਵੱਡੇ ਮਾਤਾ ਜੀ ਤੇ ਸਾਰੇ ਪਰਵਾਰ ਨੂੰ ਉਤਾਰਿਆ ਤੇ ਸਾਰੀ ਸੰਗਤ ਨੇ ਉਨ੍ਹਾਂ ਨੂੰ ਮੱਥਾ ਟੇਕਿਆ। ਰਾਮੋ ਮਾਤਾ ਗੰਗਾ ਜੀ ਨੂੰ ਤੇ ਭੈਣ ਨੂੰ ਨਾਲ ਲੈਕੇ ਟੁਰੀ। ਘਰ ਦੇ ਅੱਗੇ ਪਹੁੰਚੇ ਤਾਂ ਸਾਈਂਦਾਸ ਨੇ ਫੁੱਲਾਂ ਦੀ ਵਰਖਾ ਕੀਤੀ ਤੇ ਸੀਸ ਧਰਤੀ ਤੇ ਰੱਖੇ। ਫੇਰ ਰਾਮੋ ਤੇ ਆਪ ਹੱਥ ਜੋੜਕੇ ਦਲ੍ਹੀਜਾਂ ਨਾਲ ਖੜੋ ਗਏ ਤੇ ਮਾਤਾ ਜੀ ਨੇ ਪਰਵਾਰ ਸਮੇਤ- 'ਧੰਨ ਗੁਰੂ ਨਾਨਕ! ਧੰਨ ਗੁਰੂ ਨਾਨਕ!!' ਉਚਾਰਦੇ-ਅੰਦਰ ਪ੍ਰਵੇਸ਼ ਕੀਤਾ ਤੇ ਜਾ ਕੇ ਪਲੰਘ ਤੇ ਬਿਰਾਜੇ। ਕੜਾਹ ਪ੍ਰਸ਼ਾਦ ਤਿਆਰ ਹੋ ਗਿਆ ਸੀ, ਚੌਂਕੀ ਡਾਹਕੇ ਪ੍ਰਸ਼ਾਦ ਧਰਿਆ ਤੇ ਆਪ ਚਰਨਾਂ ਵਿਚ ਬਹਿ ਗਿਆ। ਮਾਤਾ ਜੀ ਉਸ ਦੇ "ਉਨਵਿ ਘਨ ਛਾਏ" ਭਰ ਰਹੇ ਨੇਤ੍ਰਾਂ ਤੇ ਪ੍ਰੇਮ ਦੀ ਉਮੰਡ ਨੂੰ ਦੇਖਕੇ ਆਪ ਨੈਣ ਭਰ ਰਹੇ ਸਨ, ਪਲੰਘ ਤੋਂ ਉਠੇ ਤੇ ਸਾਈਂਦਾਸ ਦੇ ਸਿਰ ਤੇ ਪਿਆਰ ਦੇਕੇ ਉਠਾ ਲਿਆ ਤੇ ਕਿਹਾ, ਹੇ ਸਾਈਂਦਾਸ! ਗੁਰੂ ਸੁਆਰੇ! ਧੀਰ ਧਰੋ, ਤਾਰਨ ਤਰਨ ਗੁਰੂ ਹੁਣ ਆ ਰਹੇ ਹਨ। ਗੁਰਧਾਮ ਦੀ ਬੇਅਦਬੀ ਦੇ ਕਾਰਣ ਗੁਰੂ ਜੀ ਅਲਮਸਤ ਸਾਧ ਅਨਿੰਨ ਸਿੱਖ ਦੀ ਪੀੜਾ ਹਰਨ ਵਾਸਤੇ ਨਾਨਕ ਮਤੇ ਗਏ ਹਨ, ਉਥੋਂ ਹੋਕੇ ਸਿੱਧੇ ਇਥੇ ਆਉਣਗੇ। ਇਸਤਰ੍ਹਾਂ ਦੇ ਧੀਰਜ ਦੇ ਵਾਕ ਕਹਿਕੇ ਮਾਤਾ ਜੀ ਨੇ ਉੱਠਕੇ ਵਾਹਿਗੁਰੂ ਜੀ ਤੇ ਛਿਆਂ ਗੁਰਾਂ ਦੇ ਧਿਆਨ ਦੀ ਆਰਾਧਨਾ ਕਰਕੇ ਅਰਦਾਸਾ ਸੋਧਿਆ ਤੇ ਕੜਾਹ ਪ੍ਰਸ਼ਾਦ ਵੰਡਣ ਦੀ ਆਗਿਆ ਕੀਤੀ। ਜਦ ਪ੍ਰਸ਼ਾਦ ਵਰਤ ਚੁੱਕਾ ਤਦ ਸਾਰੀ ਨਗਰ ਦੀ ਸੰਗਤ ਵਿਦਾ ਕੀਤੀ। ਕੁਛ ਮਾਈਆਂ ਤੇ ਸਿੱਖ ਸੇਵਾ ਵਾਸਤੇ ਰਹਿ ਗਏ। ਸਾਈਂਦਾਸ ਜੀ ਨੇ ਹੁਣ ਬਾਹਰ ਜਾਕੇ ਨਾਲ ਆਏ ਯੋਧਿਆਂ, ਸੇਵਾ ਵਾਲਿਆਂ, ਸਵਾਰੀਆਂ ਤੇ ਸਵਾਰੀਆਂ ਦੇ ਟਹਿਲੀਆਂ ਦੇ ਰਹਿਣ ਦਾ, ਭੋਜਨ ਦਾ, ਘਾਹ ਪੱਠੇ ਦਾ ਸਾਰਾ ਪ੍ਰਬੰਧ ਕੀਤਾ ਤੇ ਪਿੰਡ ਦੇ ਪਿਆਰ ਵਾਲੇ ਸਿੱਖਾਂ ਨੂੰ ਸੇਵਾ ਵੰਡ ਦਿੱਤੀ। ਇੰਨੇ ਨੂੰ ਪ੍ਰਸ਼ਾਦ ਤਿਆਰ ਹੋ ਗਿਆ ਸੀ। ਭਾਈ ਜੀ ਤੇ ਰਾਮੋ ਨੇ ਬੜੇ ਆਦਰ ਨਾਲ ਪ੍ਰਸ਼ਾਦ ਛਕਾਇਆ, ਫੇਰ ਥੋੜਾ ਜਿਹਾ ਆਪ ਛਕਿਆ। ਰੁੱਤ ਹੁਨਾਲੇ ਦੀ ਸੀ, ਸਾਰੇ ਜਣੇ ਬਿਰਾਜ ਗਏ, ਅਰ ਸਾਈਂਦਾਸ ਤੇ ਰਾਮੋ ਜੀ ਬੂਹੇ ਢੋ ਕੇ ਬਾਹਰ ਚਲੇ ਗਏ ਤੇ ਆਪਣੇ ਕੱਚੇ ਕੋਠੇ ਵਿੱਚ ਜਾ ਬਿਸਰਾਮ ਕੀਤਾ।

ਹੁਣ ਨਿੱਤ ਕ੍ਰਿਆ ਇਸ ਤਰ੍ਹਾਂ ਹੋ ਗਈ ਕਿ ਅੰਮ੍ਰਿਤ ਵੇਲੇ ਆਸਾ ਦੀ ਵਾਰ ਇਸ ਨਵੇਂ ਘਰ ਵਿੱਚ ਲਗੇ। ਦੀਵਾਨ ਸਜ ਜਾਵੇ, ਭੋਗ ਪਏ ਤੇ ਪ੍ਰੇਮੀ ਘਰੋ ਘਰੀ ਚਲੇ ਜਾਣ। ਰਾਮੋ ਸਾਈਂਦਾਸ ਗੁਰੂ ਪਰਵਾਰ ਦੀ ਸੇਵਾ ਪ੍ਰਸ਼ਾਦ ਆਦਿ ਵਿੱਚ ਮਗਨ ਰਹਿਣ, ਪ੍ਰਸ਼ਾਦ ਛਕਾ ਕੇ ਆਪਣੇ ਕੱਚੇ ਕੋਠੇ ਆਰਾਮ ਕਰਨ, ਲੌਢੇ ਪਹਿਰ ਸੋਦਰ ਰਹਿਰਾਸ ਦਾ ਦੀਵਾਨ ਧਰਮਸਾਲ ਲੱਗੇ ਤੇ ਸੰਝ ਦਾ ਪ੍ਰਸ਼ਾਦ ਛਕਾਕੇ, ਪਰਵਾਰ ਦਾ ਬਿਸਰਾਮ ਕਰਾਕੇ ਸਾਈਂਦਾਸ ਜੀ ਓਸੇ ਕੱਚੇ ਕੋਠੇ ਵਿੱਚ ਜਾ ਬਿਰਾਜਣ।

ਸਮਾਂ ਬੀਤਦਾ ਗਿਆ, ਇਸਦਾ ਸੁਭਾਉ ਟੁਰਦੇ ਰਹਿਣਾ ਹੈ ਸੋ ਇਸ ਨੇ ਬੀਤਣਾ ਹੀ ਹੋਇਆ। ਸੋਆਂ ਆਉਣ ਲੱਗੀਆਂ ਕਿ ਸ੍ਰੀ ਗੁਰੂ ਜੀ ਨਾਨਕ ਮਤੇ ਤੋਂ ਮੁੜ ਪਏ ਹਨ, ਕੰਨ ਪਾਟਿਆਂ ਨੇ ਸ਼ਰਨ ਮੰਨ ਲਈ ਹੈ, ਗੁਰੂ ਨਾਨਕ ਦੇਵ ਜੀ ਦਾ ਪਵਿੱਤਰ ਕੀਤਾ ਅਸਥਾਨ ਉਨ੍ਹਾਂ ਨੇ ਛੱਡ ਦਿੱਤਾ ਹੈ, ਪਿੱਪਲ ਜੋ ਉਨ੍ਹਾਂ ਨੇ ਸਾੜ ਦਿੱਤਾ ਸੀ; ਸਤਿਗੁਰ ਨੇ ਕੇਸਰ ਦੇ ਤ੍ਰੌਂਕੇ ਦਿੱਤੇ ਹਨ ਤੇ ਫੇਰ ਪੁੰਗਰ ਆਇਆ ਹੈ, ਅਰ ਜੋ ਨਵੀਂ ਕਰੂੰਬਲੀ ਨਿਕਲੀ ਹੈ ਉਸ ਪਰ ਛੱਟਿਆਂ ਦੇ ਨਿਸ਼ਾਨ ਹਨ[੧]। ਮਿੱਠੇ ਰੀਠੇ[੨] ਦਾ ਬ੍ਰਿਛ ਬੀ ਜੋ ਜੋਗੀਆਂ ਨੇ ਖੋਹ ਲਿਆ ਸੀ, ਜੋਗੀਆਂ ਛੱਡ ਦਿੱਤਾ ਹੈ ਤੇ ਸ਼ਰਨ ਲੈਕੇ ਮੰਨ ਲਿਆ ਹੈ ਕਿ ਅਗੋਂ ਨੂੰ ਕਦੇ ਗੁਰੂ ਬਾਬੇ ਦੇ ਇਹ ਅਸਥਾਨ ਤੇ ਨਿਸ਼ਾਨ ਅਸੀਂ ਨਹੀਂ ਛੇੜਾਂਗੇ। ਇਸ ਤਰ੍ਹਾਂ ਦੀ ਜੀਤ ਕਰਕੇ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਆ ਰਹੇ ਹਨ, ਅਰ ਮਜਲਾਂ ਛੇਤੀ ਛੇਤੀ ਕਰਕੇ ਡਰੋਲੀ ਵੱਲ ਧਾਏ ਆ ਰਹੇ ਹਨ। ਹਾਂ! ਗੁਰੂ ਸਮੁੰਦਰ ਭੱਜਾ ਆ ਰਿਹਾ ਹੈ ਕਿ ਪਾਵਨ ਸਿੱਖੀ, ਪਰਵਾਨ ਸਿੱਖੀ, ਪ੍ਰੇਮ ਪ੍ਰਵੇਧੀ

---

੧. ਇਸ ਪਿਪਲ ਦੇ ਪੱਤੇ ਯਾਤਰੂ ਲੋਕ ਲਿਆਉਂਦੇ ਹਨ, ਉਨ੍ਹਾਂ ਪਰ ਨਿਸ਼ਾਨ ਹੁੰਦੇ ਹਨ।

੨. ਯਾਤਰੂ ਲੋਕ ਏਹ ਰੀਠੇ ਪ੍ਰਸ਼ਾਦ ਵਜੋਂ ਲਿਆਉਂਦੇ ਹਨ, ਇਨ੍ਹਾਂ ਦਾ ਸੁਆਦ ਮਿੱਠਾ ਹੁੰਦਾ ਹੈ। ਇਹ ਬ੍ਰਿੱਛ ਗੁਰੂ ਨਾਨਕ ਦੇਵ ਜੀ ਦੀ ਅਸੀਸ ਨਾਲ ਮਿੱਠਾ ਹੋਇਆ ਸੀ।

SIKHBOOKCLUB.COM

ਸਿੱਖੀ ਨੂੰ ਆ ਗਲ ਲਾਵੇ। ਏਹ ਸੋਆਂ ਸਾਈਂ ਦਾਸ ਜੀ ਨੂੰ ਹਰਖ ਦੇ ਰਹੀਆਂ ਹਨ, ਚਾਉ ਉਪਜ ਰਹੇ ਹਨ, ਤਿਆਰੀਆਂ ਵਧ ਚੜ੍ਹਕੇ ਹੋ ਰਹੀਆਂ ਹਨ, ਪਰ ਹਾਇ! ਸਰੀਰ ਧਾਰੀ ਦੇ ਅੰਦਰ ਆਪਣੇ ਇਲਾਹੀ ਜਲਵੇ ਵਾਲੇ ਸਰੀਰ ਧਾਰੀ ਨੂੰ ਮਿਲਣ ਦੀ ਲੋਚਾ ਕਸਕਾਂ ਮਾਰਦੀ ਹੈ ਤੇ 'ਆ ਮਿਲੋ' ਦੀ ਸੱਧਰ ਫੁੰਕਾਰੇ ਮਾਰਦੀ ਅੰਦਰੋਂ ਉਠਦੀ ਹੈ ਤੇ ਝੱਲੀ ਨਹੀਂ ਜਾਂਦੀ। ਮਾਤਾ ਗੰਗਾ ਜੀ, ਜਿਨ੍ਹਾਂ ਨੇ ਅਪਣੇ ਪ੍ਰਾਣ ਪਤੀ ਦੀ ਸੇਵਾ ਡਾਢੇ ਪਿਆਰ ਤੇ ਉੱਚੇ ਰਸਾਂ ਵਿੱਚ ਕੀਤੀ ਹੋਈ ਸੀ, ਜਿਸਦੇ ਅੰਦਰ ਗੁਰੂ ਮੂਰਤੀ ਦਾ ਗਿਆਨ, ਕਦਰ ਤੇ ਅਤਿ ਪ੍ਰੇਮ ਸੀ, ਇਸ ਰੰਗ ਨੂੰ ਵੇਖ ਬੜੇ ਨਿਹਾਲ ਹੁੰਦੇ ਸਨ! ਉਨ੍ਹਾਂ ਦੇ ਨੈਣ ਭਰ ਭਰ ਆਉਂਦੇ ਤੇ ਕਲੇਜਾ ਦ੍ਰਵ ਦ੍ਰਵ ਜਾਂਦਾ ਸੀ, ਰਾਮੋ ਜੀ ਤੇ ਸਾਈਂਦਾਸ ਵਲ ਬੜੀ ਮਿਹਰ, ਪਿਆਰ ਤੇ ਅਸੀਸਾਂ ਭਰੀਆਂ ਨਿਗਾਹਾਂ ਨਾਲ ਤੱਕਦੇ ਸਨ। ਮਾਤਾ ਜੀ ਦੀ ਮਿਹਰ ਦੀ ਨਜ਼ਰ ਤੇ ਅਸੀਸ ਇਕ ਆਤਮ ਸੱਤਿਆ ਤੇ ਆਤਮਦਾਤ ਸੀ ਜੋ ਸਾਈਂਦਾਸ ਦੀ ਰੂਹ ਨੂੰ ਮਿਲ ਰਹੀ ਸੀ।

(ਵ)

ਇਕ ਦਿਨ ਆਇਆ, ਉਹ ਦਿਨ ਕਿ ਜਿਸ ਦਿਨ ਕਿਸੇ ਦੀ ਆਸ ਨਿਰਾਸਾ ਦੇ ਹੱਥ ਗਈ ਮੁੜ ਘਰ ਆ ਫੇਰਾ ਪਾਉਂਦੀ ਹੈ। ਇਕ ਸਵਾਰ ਆਇਆ, ਜੀਉ ਆਇਆ, ਡਰੋਲੀ ਵਿੱਚ ਆਇਆ ਤੇ ਇਹ ਸੁਧ ਲਿਆਇਆ ਕਿ ਸ੍ਰੀ ਸਤਿਗੁਰੂ ਜੀ ਨਾਨਕ ਮਤੇ ਤੋਂ ਆ ਰਹੇ ਡਰੋਲੀ ਦੇ ਨੇੜੇ ਆ ਪੁੱਜੇ ਹਨ। ਸਾਰੇ ਪਰਵਾਰ ਨੇ ਸੁਣੀ, ਸਾਰੇ ਆਨੰਦ ਨਾਲ ਭਰ ਗਏ, ਸਾਰੇ ਗਿਰਾਂ ਨੇ ਸੁਣੀ, ਸਾਰੇ ਚਾਉ ਭਰ ਆਏ, ਸਾਈਂਦਾਸ ਨੇ ਸੁਣੀ, ਕਿਸ ਤਰ੍ਹਾਂ ਸੁਣੀ-

ਜਿਉਂ ਚਾਤ੍ਰਕ ਚਾਹੈ ਬੂੰਦ ਕੌ ਤੈਸ ਦਰਸ ਕੀ ਚਾਹ।
ਪ੍ਰੇਮ ਮਗਨ ਠਾਢੋ ਭਯੋ ਮਨ ਮੈਂ ਧਾਰਿ ਉਮਾਹ।
(ਗੁ: ਬਿ:)

ਪ੍ਰੇਮ ਮਗਨ ਉਸੇ ਵੇਲੇ ਉੱਠ ਕੇ ਟੁਰ ਪਿਆ ਤੇ ਮਾਨੋਂ ਕੋਈ ਨਸ਼ਾ ਜਿਵੇਂ ਚੜ੍ਹ ਰਿਹਾ ਹੈ:-

ਗਿਰ ਗਿਰ ਪਰਤ ਦੇਹ ਸੁਧ ਨਾਹੀ।
ਮਨੋਂ ਪ੍ਰੀਤ ਇਹ ਤੇ ਭਵ ਪਾਹੀ। (ਗੁ: ਬਿ:)

ਇਕ ਰੰਗ ਉਠਦਾ ਬੈਠਦਾ, ਕਦੇ ਨੈਣਾਂ ਤੋਂ ਨੀਰ ਡਲ੍ਹਕਦਾ, ਕਦੇ ਬਿਹਸਦਾ, ਕਦੇ ਉਤਾਵਲਾ ਹੁੰਦਾ, ਕਦੇ ਰੁਕਦਾ, ਡਿਗਦਾ ਟੁਰਦਾ ਅੱਗੇ ਅੱਗੇ ਜਾਂਦਾ ਸੜਕ ਉੱਤੇ ਇਕ ਥਾਂ ਬਹਿ ਹੀ ਗਿਆ, ਐਸਾ ਬੈਠਾ ਕਿ ਸਾਰੀ ਸੁਧ ਬਿਸਰ ਗਈ-

ਬੈਠੋ ਪੰਥ ਪ੍ਰੇਮ ਮੇਂ ਲੀਨਾ।
ਲਾਗ ਸਮਾਧ ਰੰਗ ਰਸ ਭੀਨਾ।
(ਗੁ: ਬਿ:)

ਇਧਰ ਸ਼ਹਿਰ ਦੇ ਲੋਗ ਤਿਆਰ ਹੋਏ, ਕੜਾਹ ਪ੍ਰਸ਼ਾਦ ਨਾਲ ਲੀਤਾ ਤੇ ਕੀਰਤਨ ਕਰਦੇ, ਸ਼ਬਦ ਪੜ੍ਹਦੇ, ਪ੍ਰੇਮ ਭਰੇ ਟੁਰ ਪਏ। ਘਰ ਵਿੱਚ ਰਾਮੋਂ ਜੀ ਉਨ੍ਹਾਂ ਦੇ ਸੁਖ ਸਾਮਾਨ ਦੀ ਤਿਆਰੀ ਵਿੱਚ ਲਗ ਪਏ। ਸੰਗਤਾਂ ਵਾਸਤੇ ਦਰੀਆਂ ਵਿਛਾਈਆਂ, ਇਸ਼ਨਾਨ, ਪ੍ਰਸ਼ਾਦ ਦਾ ਪ੍ਰਬੰਧ ਕੀਤਾ। ਮਾਤਾ ਗੰਗਾ ਜੀ ਨੂੰ ਘਰ ਵਿੱਚ ਠਹਿਰਨਾ ਕਠਨ ਹੋ ਗਿਆ, ਉਤਾਵਲੇ ਚਿੱਤ ਨੂੰ ਰੋਕਦੇ, ਪਰ ਅੰਤ ਗੁਰਦਵਾਰੇ ਵਲ ਟੁਰ ਹੀ ਪਏ।

ਉਧਰ ਪ੍ਰੇਮ ਦੀਆਂ ਇਨ੍ਹਾਂ ਖਿੱਚਾਂ ਦੇ ਅੱਗੇ ਸਤਿਗੁਰੂ ਜੀ ਘੋੜੇ ਨੂੰ ਪੋਈਏ ਪਾਈ ਆ ਰਹੇ ਸਨ ਕਿ ਅਚਾਨਕ ਸੜਕ ਦੇ ਕਿਨਾਰੇ ਪਿਆਰੇ ਦੀ ਲਿਵਲੀਨ ਮੂਰਤੀ ਕਿਸੇ ਪ੍ਰੇਮ ਦੇ ਰੰਗ ਰਤੜੀ ਬੈਠੀ ਆਪ ਨੂੰ ਦਿੱਸ ਆਈ। ਘੋੜੇ ਦੀ ਰਾਸ ਖਿੱਚ ਲਈ ਤੇ ਆਪ ਹੇਠਾਂ ਉਤਰੇ ਤੇ ਧਿਆਨ-ਮਗਨ ਸਾਈਂਦਾਸ ਦੇ ਪਾਸ ਆ ਖੜੋਤੇ। ਕ੍ਰਿਪਾ ਤੇ ਪ੍ਰੇਮ ਦੀ ਨਿਗਾਹ ਪਾਈ ਤੇ "ਉਠਹੁ! ਉਠਹੁ ਪਜਾਰੇ ਜੀਉ!!" ਦਾ ਵਾਕ ਉਚਾਰਿਆ। ਪਰ ਸੁਣੇ ਕੌਣ? ਉਸਦੇ ਇਸ ਰੰਗ ਵਿੱਚ ਗੁਰੂ ਜੀ ਆਪ ਰਸੀਏ ਹੋ ਗਏ ਤੇ ਨੈਣਾਂ ਵਿੱਚ ਜਲ ਭਰ ਆਇਆ। ਸਾਈਂਦਾਸ ਪਿਆਰੇ ਦੇ ਧਿਆਨ ਵਿੱਚ ਆਏ ਰੂਪ ਵਿੱਚ ਲੀਨ ਹੈ। ਸ੍ਰੀ ਗੁਰੂ ਜੀ ਨੇ ਉਸ ਰੂਪ ਵਿੱਚ ਹੋ ਕੇ ਆਖਿਆ: 'ਉਠੋ' ਤੇ ਫੇਰ ਸਾਈਂਦਾਸ ਨੂੰ ਗਲੇ ਨਾਲ ਲਾ ਲਿਆ। ਤ੍ਰਬ੍ਰਕ ਕੇ ਸਾਈਂਦਾਸ ਦੇ ਨੈਣ ਖੁੱਲ੍ਹੇ, ਜਿਵੇਂ ਕੋਈ ਸੁੱਤਾ ਜਾਗਦਾ ਹੈ। ਆਪਣੇ ਆਪ ਨੂੰ ਪਿਆਰੇ ਦੀ ਗਲਵੱਕੜੀ ਵਿੱਚ ਦੇਖਦੇ ਹਨ ਤੇ ਅਰਸ਼ਾਂ ਵਿੱਚੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਹਾਂਵਾਕ ਦੀ ਮਾਨੋਂ ਗੁੰਜਾਰ ਹੁੰਦੀ ਹੈ :-

ਤੇਰਿਆ ਭਗਤਾ ਭੁਖ ਸਦ ਤੇਰੀਆ॥
ਹਰਿ ਲੋਚਾ ਪੂਰਨ ਮੇਰੀਆ॥ ਦੇਹੁ ਦਰਸੁ ਸੁਖੁ
ਦਾਤਿਆ ਮੈ ਗਲ ਵਿਚਿ ਲੈਹੁ ਮਿਲਾਇ ਜੀਉ॥

SIKHBOOKCLUB.COM

ਸਾਈਂਦਾਸ ਚਰਨੀ ਢਹਿੰਦਾ ਹੈ ਤੇ ਸਤਿਗੁਰੂ ਜੀ ਗਲੇ ਲਗਾਉਂਦੇ ਹਨ।

ਸਾਈਂਦਾਸ ਫੇਰ ਢੱਠਾ, ਸਤਿਗੁਰਾਂ ਫੇਰ ਗਲੇ ਲਾਇਆ, ਤਦੋਂ :-

ਹਰਿ ਗੋਬਿੰਦ ਗੁਰ ਹਰਖ ਹੋਇ ਡਾਰ ਭੁਜਾ ਗਰ ਲਾਇ॥ ਤੀਨ ਕਾਲ ਸੋਝੀ ਪਰੀ ਸਾਈਂਦਾਸ ਤਦਾਇ॥*

ਸਾਈਂਦਾਸ ਤਰ ਗਿਆ, ਸਤਿਗੁਰ ਦਾ ਪਿਆਰਾ ਸਿੱਖ ਹੈ,- ਉਹ ਸਿੱਖ, ਜਿਸ ਨੂੰ ਸਤਿਗੁਰ ਪਿਆਰ ਕਰਦਾ ਹੈ, ਜਿਸਨੂੰ ਸਤਿਗੁਰ ਨਦਰ ਨਾਲ ਨਿਹਾਲ ਕਰਦਾ ਹੈ। ਸਭ ਤੋਂ ਵੱਡੇ ਭਾਗ ਗੁਰ ਸਿੱਖ ਦੇ ਹੋ ਗਏ, ਜੋ ਸਤਿਗੁਰ ਦੇ ਪ੍ਰੇਮ ਵਿੱਚ ਸਮਾ ਕੇ, ਉਸਦੇ ਆਤਮਾ ਤੋਂ ਜਨਮ ਪਾ ਕੇ ਆਤਮਜ ਹੋ ਗਿਆ। ਹਾਂ! ਜੋ ਰੂਹ ਵਿੱਚ ਲੀਨ ਹੋ ਰੂਹ ਤੋਂ ਉਪਜੇ, ਕਿਉਂ ਨਾ ਸਭ ਤੋਂ ਵੱਡੇ ਭਾਗ ਹੋਣ ਉਸਦੇ?

ਸਤਿਗੁਰ ਜੀ ਸਹਜ ਨਾਲ ਟੁਰ ਪਏ, ਖੱਬੇ ਪਾਸੇ ਸਾਈਂਦਾਸ ਜੀ ਬਾਂਹ ਫੜੇ ਜਾ ਰਹੇ ਹਨ, ਮਗਰ ਮਗਰ ਘੋੜਾ ਆਪੇ ਟੁਰਿਆ ਆ ਰਿਹਾ ਹੈ, ਮਿੱਠੇ ਮਿੱਠੇ ਰਸ ਭਿੰਨੜੇ ਪਿਆਰ ਦੇ ਸਬਦ ਹੋ ਰਹੇ ਹਨ, ਤੇ ਸੁਰਤਾਂ ਦਾ 'ਪਿਆਰ-ਸੰਗਮ' ਹੋ ਰਿਹਾ ਹੈ। ਪਤਾ ਨਹੀਂ ਕਿੰਨਾਂ ਪੈਂਡਾ ਏਸ ਤਰ੍ਹਾਂ ਲੰਘ ਗਏ, ਤਦੋਂ ਪਤਾ ਲੱਗਾ ਜੋ ਸ਼ਬਦਾਂ ਦੀ ਘਨਘੋਰ ਦੀ ਅਵਾਜ਼ ਆ ਗਈ। ਸੰਗਤ ਡਰੋਲੀ ਦੀ ਪ੍ਰਸ਼ਾਦ ਲੈ ਕੇ ਆ ਮਿਲੀ। ਹੁਣ ਸਾਈਂਦਾਸ ਜੀ ਨੂੰ ਪੂਰੀ ਸੁਧ ਆਈ ਕਿ ਸਤਿਗੁਰ ਜੀ ਆ ਗਏ, ਸੰਗਤ ਲੈਣ ਲਈ ਪਹੁੰਚ ਪਈ; ਮੈਂ ਨਾ ਲੈਣ ਵਾਲਿਆਂ ਵਿੱਚ ਆਦਰ ਕਰਨ ਦਾ ਹਿੱਸਾ ਲਿਆ, ਨਾ ਨਾਲ ਆਇਆਂ ਵਿੱਚ ਸੇਵਾ ਕੀਤੀ। ਦਿਲ ਦੀ ਖਿੱਚ ਮੈਨੂੰ ਕਿਸ ਰਾਹੇ ਲੈ ਟੁਰੀ? ਪਰ ਆਹ! ਸਾਈਂਦਾਸ! ਇਹੋ ਮੁਬਾਰਕ ਰਾਹ ਸੀ ਜੋ ਤੇਰੇ ਪੈਰਾਂ ਨੇ ਤੇਰੇ ਦੱਸੇ ਬਿਨਾਂ ਫੜਿਆ, ਪਿਆਰ ਦੀ ਖਿੱਚ ਵੱਜੇ ਆਪਾ ਪਿਆਰੇ ਵਿੱਚ ਤੇ ਉਸਦੀ ਖਿੱਚ ਵਿਚ ਮਗਨ ਹੋ ਜਾਏ। ਸੰਗਤ ਵਿੱਚ ਪ੍ਰੇਮੀਆਂ ਤੇ ਨਾਮ ਰਸੀਆਂ ਦੀ 'ਪਿਆਰ-ਲਹਿਰ' ਸਬਦ ਗੁੰਜਾਰ ਨਾਲ ਵਾਯੂ ਮੰਡਲ ਨੂੰ ਸੁਹਾਵਣਾ ਕਰ ਰਹੀ ਸੀ। ਹੁਣ ਸੰਗਤ ਪ੍ਰਸ਼ਾਦ ਲੈਕੇ ਖੜੀ ਹੋ ਗਈ, ਸਭ ਨੇ ਮੱਥਾ ਟੇਕਿਆ, ਇਕ ਪ੍ਰੇਮੀ ਨੇ ਗੁਰੂ ਜੀ ਦੇ ਸਨਮੁਖ ਖੜੋਕੇ ਅਰਦਾਸਾ ਸੋਧਿਆ, ਪ੍ਰਸ਼ਾਦ ਆਪ ਦੀ ਭੇਟ ਹੋਇਆ, ਸਤਿਗੁਰ ਦੀ ਭੇਟ, ਹਾਂ ਚਿਰੀ ਵਿਛੁੰਨੇ ਸਾਹਮਣੇ ਖੜੇ ਹਸਦੇ ਤੇ ਰਸਦੇ ਸਤਿਗੁਰ ਦੀ ਭੇਟ ਹੋਇਆ, ਰਸਨੀ ਲੈਕੇ ਹੋਇਆ। ਫੇਰ ਸਾਧ ਸੰਗਤ ਵਿਚ ਵਰਤਿਆ, ਸਭ ਨੇ ਪ੍ਰੇਮ ਨਾਲ ਛਕਿਆ ਤੇ ਸ਼ੁਕਰ ਕੀਤਾ। ਇੰਨੇ ਨੂੰ ਸਤਿਗੁਰ ਦੇ ਨਾਲ ਦੀ ਸੰਗਤ ਤੇ ਸੂਰਮੇ, ਜੋ ਪਿੱਛੇ ਰਹਿ ਗਏ ਸੇ, ਆ ਮਿਲੇ, ਇਨ੍ਹਾਂ ਵਿੱਚ ਬੀ ਪ੍ਰਸ਼ਾਦਿ ਵਰਤਾਇਆ ਗਿਆ।

ਇਸ ਤੋਂ ਮਗਰੋਂ ਸਤਿਗੁਰ ਜੀ ਨੇ ਸਿੱਧਾ ਧਰਮਸਾਲ ਨੂੰ ਰੁਖ਼ ਕੀਤਾ। ਏਥੇ ਸਾਰੀ ਸੰਗਤ ਮਾਈ ਭਾਈ ਕੱਠੇ ਸਨ ਤੇ ਏਥੇ ਹੀ ਮਾਤਾ ਗੰਗਾ ਜੀ ਡਾਢੇ ਪਿਆਰ ਵਿੱਚ ਉਡੀਕ ਰਹੇ ਸੇ। ਸਤਿਗੁਰੂ ਗੁਰੂ-ਪੁੱਤ੍ਰ ਤੇ ਪਰਮ ਪਿਆਰੇ ਪੁੱਤ੍ਰ ਦੀ ਉਡੀਕ ਵਿੱਚ ਮਾਤਾ ਬਿਹਬਲ ਹੋ ਰਹੀ ਸੀ, ਆਉਂਦੇ ਸਾਰ ਪੁੱਤ੍ਰ ਨੂੰ ਗਲੇ ਲਾਇਆ। ਸਾਹਿਬ ਪੈਰਾਂ ਵਲ ਝੁਕੇ, ਪਰ ਮਾਤਾ ਨੇ ਪਿਆਰਾ ਸੀਸ ਹੱਥਾਂ ਤੇ ਲੈਕੇ ਗਲੇ ਲਾਇਆ, ਮੱਥਾ ਸੁੰਘਿਆ ਤੇ ਚਿਤੋਂ ਗੁਰੂ ਭਾਵਨਾਂ ਵਿੱਚ ਆ ਕੇ ਡਾਢੇ ਅਦਬ ਦੇ ਭਾਵ ਨਾਲ ਆਦਰ ਦਿੱਤਾ, ਫੇਰ ਮਾਤਾ ਭਾਵ ਨਾਲ ਅਸੀਸਾਂ ਆਖੀਆਂ, ਪੱਲੇ ਨਾਲ ਭਰਵੱਟਿਆਂ ਤੋਂ ਗਰਦ ਝਾੜੀ, ਸਦਕੇ, ਵਾਰੀ, ਘੋਲੀ ਘੋਲੀ ਗਈ। ਜਦ ਪ੍ਰੇਮ ਦੀ 'ਚੁੱਪ-ਭਾਵਨਾ' ਆਪਣੇ ਪਿਆਰ ਦੇ ਆਦਰ ਦੇ ਚੁੱਕੀ ਤਾਂ ਰਸਨਾਂ ਖੁੱਲੀ। ਸਫਰ ਦੀ ਸੁਖ ਸਾਂਦ ਪੁੱਛੀ ਤੇ ਸੁਣਕੇ ਪ੍ਰਸੰਨ ਹੋਈ।

ਹੁਣ ਆਪ ਉਠ ਖੜੇ ਹੋਏ, ਮਾਤਾ ਜੀ ਤੋਂ ਆਗਿਆ ਮੰਗੀ, ਪਰ ਉਹ ਨਾਲ ਹੋ ਟੁਰੇ। ਸਾਈਂਦਾਸ ਵੱਲ ਤੱਕੇ, ਉਹ ਸਿਰ ਨਿਹੁੜਾਈ ਖੜਾ ਸੀ, ਹੱਥ ਜੁੜੇ ਸਨ, ਲੱਕ ਦੁਪੱਟਾ ਬੱਝਾ ਸੀ, ਮੱਥੇ ਤੇ ਨਾਮ ਦੀ ਦਮਕਾਰ ਸੀ ਤੇ ਨੈਣਾਂ ਵਿਚ ਲਿਵ ਦੀ ਚਮਕਾਰ ਸੀ। ਸਤਿਗੁਰ ਤੱਕੇ ਹੱਸੇ, ਤੇ ਬੋਲੇ:- ਚੱਲੋ ਭਾਈ ਸਾਈਂਦਾਸ ਜੀ! ਸਤਿਗੁਰ ਇਹ ਕਹਿ ਕੇ ਟੁਰ ਪਏ, ਸਾਈਂਦਾਸ ਨਾਲ ਹੋ ਟੁਰਿਆ!

---

* ਗੁਰੂ ਹਰਿਗੋਬਿੰਦ ਜੀ ਨੇ ਖੁਸ਼ ਹੋਕੇ ਸਾਈਂ ਦਾਸ ਨੂੰ ਗਲੱਕੜੀ ਕੜੀ ਪਾ ਗਲੇ ਲਾਇਆ ਤਿੰਨਾਂ ਕਾਲਾਂ ਦੀ ਸੋਝੀ ਸਾਈਂਦਾਸ ਨੂੰ ਉਸੇ ਵੇਲੇ ਪੈ ਗਈ। (ਗੁ:ਖਿ:)

ਸਤਿਗੁਰ ਦਾ ਪਰਵਾਰ ਨਵੇਂ ਰਚੇ ਮੰਦਰ ਵਿਚ ਸੀ, ਰਾਮੋ ਦਲ੍ਹੀਜਾਂ ਵਿਚ ਖੜੀ ਰਾਹ ਤੱਕ ਰਹੀ ਸੀ, ਨੈਣਾਂ ਦੇ ਛੰਮਾਂ ਛੰਮ ਭਰੇ ਹੰਝੂ ਉਸ ਨਵੇਂ ਮਹਿਲ ਦੀਆਂ ਦਲ੍ਹੀਜਾਂ ਤੇ ਮਾਨੋਂ ਤੇਲ ਚੋ ਰਹੇ ਸਨ, ਰਾਮੋ ਦੀ ਆਪਣੀ ਪਿਆਰ ਭਰੀ ਸੂਰਤ ਬੂਹੇ ਦੇ ਪੱਤ੍ਰਾਂ ਦੇ ਬੰਦਨਵਾਰਾਂ ਵਿਚ ਇਕ ਸ਼ਿੰਗਾਰ ਬਣ ਰਹੀ ਸੀ। 'ਜੀ ਆਇਆਂ' ਕਰਨ ਨੂੰ ਆਰਤੀ ਉਤਾਰਨ ਦਾ ਸਾਮਾਨ ਪਿਆਰ ਦੀਆਂ ਕਾਂਗਾਂ ਵਿਚ ਕਿਸ ਨੂੰ ਯਾਦ ਸੀ? ਹਿਰਦੇ ਦੇ ਪ੍ਰੇਮ ਤ੍ਰੰਗ ਆਰਤੀ ਕਰ ਰਹੇ ਸਨ ਕਿ ਮਰਮਾਂ ਦੇ ਜਾਣੂੰ ਆ ਪਹੁੰਚੇ। ਇਕ ਪਲ ਅਝਕ ਗਏ, ਘਰ ਵੱਲ ਤੱਕੇ, ਤੱਕੇ ਤੇ ਬੋਲੇ "......ਸੇ ਅਸਥਲ ਸੋਇਨ ਚਉਬਾਰੇ॥" "ਸੇ ਅਸਥਲ ਸੋਇਨ ਚਉਬਾਰੇ" ਫੇਰ ਅਗੇ ਵਧੇ 'ਧੰਨ ਗੁਰ ਨਾਨਕ' ਮੂੰਹ ਥੀਂ ਨਿਕਲਿਆ, ਦਲ੍ਹੀਜਾਂ ਵਿਚ ਪੈਰ ਧਰਿਆ। ਇਕ ਪੈਰ ਅੰਦਰ ਸੀ, ਇਕ ਬਾਹਰ, ਕਿ ਰਾਮੋ ਤੇ ਸਾਈਂਦਾਸ ਇਕ ਇਕ ਚਰਨ ਪਰ ਬਿਹਬਲ ਹੋਕੇ ਢਹਿ ਪਏ, ਲਿਪਟ ਗਏ ਤੇ ਰਸ ਰੰਗ ਵਿੱਚ ਰੱਤੇ ਗਏ। ਇਸ ਸੁਖ, ਇਸ ਅਨੰਦ, ਇਸ ਭਗਤਿ ਯੋਗ, ਇਸ ਪ੍ਰੇਮ ਜੋਗ ਵਿਚ ਭਾਗੋਭਰੀ ਛਿਨ ਲੰਘੀ, ਉਹ ਛਿਨ ਲੰਘੀ ਜੋ ਕਾਲ ਤੋਂ ਪਰੇ ਲੈ ਜਾਂਦੀ ਤੇ ਪਯਾਰੇ ਨਾਲ ਜਾ ਮੇਲਦੀ ਹੈ। ਸਤਿਗੁਰ ਨੇ ਸਿਰਾਂ ਤੇ ਪਿਆਰ ਦਿੱਤਾ ਤੇ ਅਸੀਸ ਦਿੱਤੀ:-

"ਧੰਨ ਸਿੱਖੀ" "ਨਿਹਾਲ"

ਸਤਿਗੁਰ ਜੀ 'ਧੰਨ ਸਿੱਖੀ' ਕਹਿੰਦੇ ਅੱਗੇ ਵਧੇ ਤੇ ਆਪੂੰ ਹੀ ਆਪਣੇ ਲਈ ਡੱਠੇ ਪਲੰਘ ਤੇ ਜਾ ਬਿਰਾਜੇ। ਇਕ ਵੇਰ ਫੇਰ ਰਾਮੋ ਤੇ ਸਾਈਂਦਾਸ ਨੇ ਚਰਨ ਪਰਸੇ, ਮਸਤਕ ਸਫਲ ਕੀਤਾ, ਪਦਪੰਕਜ ਪ੍ਰੇਮ ਭਰੇ ਹੰਝੂਆਂ ਨਾਲ ਧੋਤੇ। ਫੇਰ ਰਾਮੋ ਉੱਠੀ ਤੇ ਛੇਤੀ ਨਾਲ ਜਾਕੇ ਸਤਿਗੁਰ ਦੇ ਪਰਵਾਰ (ਆਪਣੀ ਭੈਣ ਆਦਿਕ) ਨੂੰ ਲੈ ਆਈ ਤੇ ਚਰਨਾਂ ਕਮਲਾਂ ਤੇ ਲਿਟਾ ਦਿੱਤਾ। ਸਗਲ ਕੇ ਦਾਤੇ, ਸਗਲ ਕੇ ਪ੍ਰਤਿਪਾਲਕ ਜੀ ਨੇ ਅਸ਼ੀਰਵਾਦ ਦਿੱਤੀ, ਸੁੱਖ ਸਾਂਦ ਪੁੱਛੀ, ਮਿਹਰਾਂ ਨਾਲ ਨਿਹਾਲ ਕੀਤਾ। ਰਾਮੋ ਲੰਗਰ ਵਿਚ ਚਲੀ ਗਈ। ਸਾਈਂਦਾਸ ਜੀ ਨੇ ਇਸ਼ਨਾਨ ਦੀ ਤਿਆਰੀ ਕਰਵਾਈ ਤੇ ਸੰਗਤ ਸਾਰੀ ਆ ਜੁੜੀ। ਚੰਦ ਤਾਰਿਆਂ ਦੇ ਪਰਵਾਰ ਵਿੱਚ ਸੂਰਜ-ਤਾਰੇ, ਸਤਾਰੇ, ਗ੍ਰੈਹਾਂ, ਨਛੱਤ੍ਰਾਂ ਰਾਸੀਆਂ ਦੇ ਪਰਵਾਰ ਵਿਚ ਬੈਠੇ ਸੂਰਜਾਂ ਦੇ ਸੂਰਜ ਸੀ- ਇਸ ਪਾਪ ਮਈ ਧਰਤੀ ਉਤੇ ਮਿਹਰਾਂ ਵਾਲੇ ਤੇ ਛਹਿਬਰਾਂ ਵਾਲੇ ਚਾਨਣੇ ਨਾਲ ਰੱਬੀ ਜੋਤ ਜਗਾਏ ਸੁਭਾਇਮਾਨ ਹੋ ਰਹੇ ਹਨ। ਹਰ ਸਿੱਖ ਆ ਕੇ ਮੱਥਾ ਟੇਕਦਾ ਹੈ ਤੇ ਆਪਣਾ ਪਿਆਰ ਅਰਪਨ ਕਰਦਾ ਹੈ। ਹਰ ਸਿੱਖ ਨੂੰ ਨਾਮ ਦਾਨ ਦੀ ਅਸੀਸ ਮਿਲਦੀ ਹੈ। ਸਤਿਗੁਰ ਦਾ ਚਿੱਤ ਸਿੱਖਾਂ ਦੇ ਚਿੱਤ ਨੂੰ ਆਪਣੇ ਅੰਦਰਲੇ ਜਜ਼ਬੇ ਨਾਲ ਉਨਮਨ ਕਰਦਾ ਹੈ; ਹਾਂ, ਚਿੱਤਾਂ ਵਿਚ ਚਿੱਤ ਦਾ ਹਿਲੋਰਾ ਦੇਕੇ ਰੱਬੀ ਆਨੰਦ ਦਾਨ ਕਰ ਰਿਹਾ ਹੈ। ਸੁਰਤ ਨਾਲ ਸਿੱਖਾਂ ਦੀ ਸੁਰਤ ਨੂੰ ਚਾਕੇ ਭਵਸਾਗਰ ਤੋਂ ਉੱਚਾ ਕਰਕੇ, ਸੰਸਿਆਂ ਦੀਆਂ ਲਹਿਰਾਂ ਤੋਂ ਉਚਾਕੇ ਉਨਮਨ ਕਰ ਰਿਹਾ ਹੈ, ਗਗਨਾਂ ਦਾ ਤਾਰੂ ਬਣਾ ਰਿਹਾ ਹੈ, ਸੁਰਤ ਐਉਂ ਸਬਕ ਲੈਂਦੀ ਉੱਚੀ ਹੋ ਰਹੀ ਹੈ, ਤਰ ਰਹੀ ਹੈ। ਜੀਭ ਨਾਲ ਪੜ੍ਹਾਈ ਤੇ ਕੰਨਾਂ ਨਾਲ ਸੁਣਕੇ ਜੀਭ ਨਾਲ ਪੜ੍ਹੀ ਵਿਦਿਆ ਬੁੱਧੀ ਨੂੰ ਵਧਾਉਂਦੀ ਹੈ, ਬੁੱਧੀ ਨੂੰ ਤ੍ਰਿੱਖਿਆਂ ਕਰਦੀ ਹੈ। ਬ੍ਰਹਮ ਵਿੱਦਿਆ ਦੇ ਵੀ ਪੜ੍ਹਨ ਮਾਤ੍ਰ ਨਾਲ ਬੁੱਧੀ ਤੇ ਮਨ ਤ੍ਰਿਖੇ ਤੇ ਵਧੇਰੇ ਜਾਣਨਹਾਰ ਹੋ ਜਾਂਦੇ ਹਨ, ਪਰ ਮਨ ਤਦੇ ਹੀ ਉਨਮਨ ਹੁੰਦਾ ਹੈ, ਜਦੋਂ ਅਮਲ ਕਰੇ ਯਾ ਜਦੋਂ ਉਨਮਨ ਵਾਲਾ ਦਾਤਾ ਦੂਸਰੇ ਮਨ ਨੂੰ ਆਪਣੇ ਮਨ ਨਾਲ ਉੱਚਾ ਕਰਕੇ ਦਸ ਦੇਵੇ ਕਿ ਆਹ ਹੈ ਟਿਕਾਣਾ, ਜਿੱਥੇ ਸਦਾ ਮਨ ਰਹੇ, ਜਿੱਥੇ ਸੁਰਤ ਰਹੇ, ਸੋਚ ਵਿਚਾਰ ਤੋਂ ਉੱਚੀ, ਰਸ ਦੇਸ਼ ਵਿੱਚ। ਇਹ ਹੈ ਬ੍ਰਹਮ ਵਿੱਦਿਆ ਦਾ ਦਾਨ। ਉੱਚਾ ਮਨ ਨੀਵੇਂ ਮਨ ਨੂੰ ਉੱਚਾ ਕਰ ਜਾਂਦਾ ਹੈ। ਤਾਰੂ ਤਰਨ ਦੀ ਜਾਚ ਸਿਖਾ ਦੇਂਦਾ ਹੈ, ਤਾਰ ਦੇਂਦਾ ਹੈ। ਖੇੜੇ ਵਾਲਾ ਅਨਖਿੜਿਆਂ ਮੁਰਝਾਇਆਂ ਕੁਮਲਾਇਆਂ ਤੇ ਸੁੱਕ ਰਿਹਾਂ ਨੂੰ ਖਿੜਾ ਜਾਂਦਾ ਹੈ। ਹਾਂ, ਕਰਕੇ ਦਿਖਾ ਜਾਂਦਾ ਹੈ ਉੱਚਾ ਮਨ। ਨਿਰਾ ਗੱਲਾਂ ਨਾਲ ਪੱਥਰ ਨਹੀਂ ਚਾਂਦਾ, ਦਿਲਾਂ ਦੇ ਰਸਤੇ ਦਿਲਾਂ ਨੂੰ ਚਾ ਜਾਂਦਾ ਹੈ, ਜਿਵੇਂ ਢੱਠਿਆਂ ਛੱਪਰਾਂ ਨੂੰ ਥੰਮ੍ਹੀਆਂ ਚਾ ਜਾਂਦੀਆਂ ਹਨ। ਨਿਰੇ ਪੜ੍ਹਨ ਪੜ੍ਹਾਉਣ ਨਾਲ ਸਮਝ ਤ੍ਰਿੱਖੀ ਹੁੰਦੀ ਹੈ, ਪਰ ਸੁਰਤੇ ਦੀ ਸੁਰਤ ਨਾਲ ਕਰਾਈ ਪੜ੍ਹਾਈ 'ਆਪੇ' ਨੂੰ ਇਕ ਉਚਿਆਈ ਤੇ ਲੈ ਜਾਂਦੀ ਹੈ ਜੋ ਉਚਿਆਈ ਕਿ ਹੰਕਾਰ ਨਹੀਂ, ਪਰ 'ਆਤਮ ਪਦ' ਹੈ। ਹਾਂ! ਦਾਤੇ ਨੇ, ਜੋ ਪਿਆਰੇ ਆਏ, ਸਾਰਿਆਂ ਦੇ ਮਨ ਨੂੰ ਇਕ

SIKHBOOKCLUB.COM

ਹਿਲੋਰਾ ਦਿੱਤਾ, ਕਿੰਨਾਂ ਕਿੰਨਾਂ? ਮਣਾਂ ਤੇ ਪੰਡਾਂ ਬੰਨ੍ਹਕੇ ਨਹੀਂ, ਕਿਣਕਾ, ਹਾਂ ਜੀ ਕਿਣਕਾ ਕਿਣਕਾ। ਉਂਵ ਬੀ ਤਾਂ ਗੁਰਮੁਖ ਨਾਮ ਦੀ ਇਕ ਕਣੀ ਹੀ ਦੇਕੇ ਉਧਾਰ ਕਰਦਾ ਹੈ।

ਗੁਰਮੁਖਿ ਕੋਟਿ ਉਧਾਰਦਾ ਭਾਈ
ਦੇ ਨਾਵੈ ਏਕ ਕਣੀ॥
(ਸੋਰਠਿ ਮ: ੫)

ਜੀਓ! ਇਕ ਕਣੀ, ਕਣੀ-ਜੀਉਂਦੀ ਜਾਗਦੀ, ਮਘਦੀ, ਦਗਦੀ, ਆਤਮ ਜੀਵਨ, ਰੂਹਾਨੀ ਜ਼ਿੰਦਗੀ ਦੀ ਜੀਵਨ ਕਣੀ- ਦਾਨ ਦੇ ਦੇ ਕੇ ਮੁਰਦੇ ਜਿਵਾ ਰਿਹਾ ਹੈ, ਧੰਨ ਜੀਵਾਲਣਹਾਰ!

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ
ਆਏ॥ ਜੀਅ ਦਾਨੁ ਦੇ ਭਗਤੀ ਲਾਇਨਿ ਹਰਿ
ਸਿਉ ਲੈਨਿ ਮਿਲਾਏ॥੨॥ (ਸੂਹੀ ਮ: ੫)

ਜੀ ਧੰਨ ਹਨ, ਜੀਅਦਾਨ ਦੀ ਕਣੀ-ਇਕ ਕਿਣਕਾ-ਦਾਨ ਕਰਨ ਵਾਲੇ! ਪਰ ਧੰਨ ਹਨ ਉਹ ਜਿਨ੍ਹਾਂ ਇਹ ਇਕ ਕਿਣਕਾ ਪਾਇਆ:-

ਕਿਨਕਾ ਏਕ ਜਿਸੁ ਜੀਅ ਬਸਾਵੈ॥
ਤਾਕੀ ਮਹਿਮਾ ਗਨੀ ਨ ਆਵੈ॥
(ਗਉ: ਸੁਖਮਨੀ ਮ: ੫)

ਇਕ 'ਕਿਣਕਾ ਭਰ ਜੀਵਨ' ਨਾਲ ਮੁਰਦਾ ਜੀ ਉਠਦਾ ਹੈ, ਇਕ ਕਿਣਕਾ ਨਹੀਂ ਤਾਂ ਮੁਰਦਾ ਹੈ, ਇਕ ਕਿਣਕਾ ਅੰਦਰ ਆ ਵਸਿਆ ਤਾਂ ਮੁਰਦਾ ਜੀ ਉੱਠਿਆ, ਮਹਿਮਾਂ ਵਾਲਾ ਹੋ ਗਿਆ। ਹਾਂ ਜੀ, ਜਿੱਥੇ ਨਾਮ ਆ ਵਸਿਆ ਰੱਬ ਆ ਵਸਿਆ:-

ਹਰਿ ਸਿਮਰਨ ਮਹਿ ਆਪਿ ਨਿਰੰਕਾਰਾ॥

ਜਿੱਥੇ ਨਾਮ ਆ ਵਸਿਆ ਓਥੇ ਹੀ ਸਾਈਂ ਅਵਸਿਆ। ਉਹ ਕਿਣਕਾ ਰੱਬੀ ਜੀਵਨ ਹੈ, ਉਹ ਕਿਣਕਾ ਹੀ ਹੈ ਜੋ ਅੰਦਰ ਸਾਈਂ ਵਸਦਾ ਹੈ, ਵੱਸੇ ਤਾਂ ਅਸੀਂ ਜੀਵੇ, ਨਾ ਵੱਸੇ ਤਾਂ ਅਸੀਂ ਥੋਥਰ ਤੁੱਕੇ:-

ਕਣ ਬਿਨਾ ਜੈਸੇ ਥੋਥਰ ਤੁਖਾ॥
ਨਾਮ ਬਿਹੂਨ ਸੂਨੇ ਸੇ ਮੁਖਾ॥
ਸੁੰਞੇਂ ਮੂੰਹ ਵਾਲੇ ਮੁਰਦਾਰ, ਪਰ ਜੀਵੇ ਕੌਣ?-
ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥
ਨਾਨਕ ਅਵਰੁ ਨ ਜੀਵੈ ਕੋਇ॥

ਕੋਈ ਟੁਰਦੇ ਫਿਰਦੇ, ਖਾਂਦੇ ਪੀਂਦੇ, ਹੱਸਦੇ ਬੋਲਦੇ ਜੀਉਂਦੇ ਹਨ, ਇਹ ਤਾਂ ਜਠਰਾ ਅਗਨੀ ਦੇ ਚੁੱਲ੍ਹੇ ਬਲ ਰਹੇ ਹਨ, ਇਨ੍ਹਾਂ ਵਿਚ ਅੰਨ ਆਦਿਕ ਬਾਲਣ ਬਲਣ ਦਾ ਕਾਰਜ ਹੋ ਰਿਹਾ ਹੈ:-

ਬਿਨੁ ਸਿਮਰਨ ਜੋ ਜੀਵਨੁ ਬਲਨਾ*

ਸਿਮਰਨ ਤੋਂ ਬਿਨਾਂ ਜੋ ਜੀਉਣਾ ਹੈ ਇਹ ਬਲਨ ਦਾ ਕੰਮ ਹੋ ਰਿਹਾ ਹੈ, ਜਠਰਾ ਅਗਨੀ ਦਾ ਬਲਨਾ।

ਜੀਵਿਆ ਉਹ ਜਿਸ ਕਿਣਕਾ ਪਾਇਆ, ਇਹ ਕਿਣਕਾ ਆਪੇ ਭਾਂਬੜ ਹੋ ਬਲਿਆ, ਜੀਵਨ ਰੱਬੀ, ਇਲਾਹੀ, ਰੂਹਾਨੀ, ਆਤਮਕ ਜੀਵਨ ਹੋ ਗਿਆ, ਜੋ ਰੱਬ ਵਿੱਚ ਜੀਵਿਆ ਸੋ ਜੀਵਿਆ, ਬਾਕੀ ਤਾਂ ਸੁੱਤੇ ਪਏ ਮੁਰਦੇ ਸਮਾਨ ਹਨ। ਕਿਸੇ ਚੁੱਲ੍ਹੇ ਵਿੱਚ ਲੱਕੜਾਂ ਬਲ ਗਈਆਂ ਏਸ ਸਰੀਰ ਦੇ ਚੁੱਲੇ ਵਿੱਚ ਦਾਣੇ, ਫਲ, ਫੁੱਲ ਫਲੀਆਂ, ਮੇਵੇ ਬਲ ਗਏ। ਕਦੇ ਨਾ ਮਰਣ ਵਾਲੇ ਤੇ ਹਰ ਥਾਂ ਵਿਆਪਕ ਰੱਬੀ ਜੀਵਨ ਦੇ ਨੂਰ ਤੋਂ ਤੇ ਹਰ ਥਾਂ ਠਾਠਾਂ ਮਾਰ ਰਹੇ ਇਲਾਹੀ ਜੀਵਨ ਦੇ ਸਮੁੰਦਰ ਤੋਂ ਜੋ ਭੁੱਲ ਵਿੱਚ, ਵਿੱਥ ਵਿੱਚ ਰਹੇ ਸੋ ਕਾਹਦੇ ਜੀਵੇ? ਜੀਵੇ ਓਹ ਜੋ ਸਦਾ ਜੀਉਂਦੇ ਤੇ ਕਦੇ ਨਾ ਮਰਨਹਾਰ ਸਾਈਂ ਦੇ ਚਰਨਾਂ ਨਾਲ ਲੱਗੇ, ਲੱਗੇ ਤੇ ਫੇਰ ਸਦਾ ਅੰਤਰ ਆਤਮੇਂ ਲੱਗੇ ਹੀ ਰਹੇ, ਨਾ ਵਿੱਛੁੜੇ, ਪਰ ਨਾ ਵਿੱਛੁੜੇ। ਲੱਗੇ ਕਿਂਵ? ਨਾਮ ਜਪਕੇ, ਸਾਹਿਬ ਗੁਰੂ ਹਰਿਗੋਬਿੰਦ ਦੇ ਚਰਨਾਂ ਨੂੰ ਪ੍ਰਾਪਤ ਹੋ ਉਨ੍ਹਾਂ ਤੋਂ ਇਕ ਕਿਣਕਾ ਲੈਕੇ। ਹਾਂ! ਜੇ ਹੋਰ ਨਹੀਂ ਤਾਂ ਕਿਸੇ ਕਿਣਕੇ ਵਾਲੇ ਤੋਂ ਉਸ ਕਿਣਕੇ ਦਾ ਕਿਣਕਾ ਦਾਨ ਲੈਕੇ- ਜੀਉਂਦੇ ਕਿਣਕੇ ਦੇ ਕਿਣਕੇ ਦਾ ਕਿਣਕਾ-ਜੋ ਲੈਕੇ ਸਿਮਰਨ ਵਿਚ ਆਏ, ਜੀਉ ਪਏ। ਜੀਵਨ ਕਣੀ ਜੋ ਅੰਦਰ ਲੰਘ ਗਈ ਉਹ ਜੀਵਨ ਦੀ ਜੁਆਲਾ ਬਾਲ ਦੇਵੇਗੀ। ਜਿਵੇਂ ਅੱਗ ਦੀ ਇੱਕ ਕਣੀ ਜੀਉਂਦੀ ਹੈ, ਉਹ ਕਣੀ ਮਘਦੀ ਹੈ ਤੇ ਜਿੱਥੇ ਲੱਗੇ ਅਲਾਂਬੇ ਬਾਲ ਦੇਂਦੀ ਹੈ।

ਹਾਂ! ਆਓ ਸ਼ਰਨ ਸਤਿਗੁਰ ਦੀ ਤੇ ਛੱਡੋ ਹਉਂ ਦੀ ਟੇਕ! ਸਮਝ ਦੇ ਗੋਰਖ ਧੰਧੇ ਚਾਤੁਰ ਤਾਂ ਕਰਦੇ ਹਨ, ਪਰ ਕਲਿਆਨ ਸਿਮਰਨ ਵਿੱਚ ਹੈ:-

"ਹਰਿ ਬਿਸਰਤ ਸਦਾ ਖੁਆਰੀ" (ਟੋਡੀ ਮ: ੫)

ਹੈ!, ਯਾਦ ਵਿੱਚ ਸਦਾ ਸੁਖ ਹੈ। ਸਾਈਂ ਦੀ ਯਾਦ ਵਿੱਚ ਜੀਵੋ, 'ਊਠਤ ਬੈਠਤ ਸੋਵਤ ਨਾਮ' ਵਿੱਚ ਰਹੋ, ਦਮ ਦਮ ਸਾਈਂ ਨੂੰ ਸੰਭਾਲੋ, ਜਾਗੋ:

ਇਸ ਗ੍ਰਿਹ ਮਹਿ ਕੋਈ ਜਾਗਤੁ ਰਹੈ॥
ਸਾਬਤੁ ਵਸਤੁ ਉਹ ਅਪਨੀ ਲਹੈ॥
(ਗ: ਗੁ: ਮ: ੫)

* ਬਲਨੇ ਦੀ ਕ੍ਰਿਯਾ। (੨) ਚੁੱਲ੍ਹਾ।

ਜਾਗੋ! ਜਾਗ ਯਾਦ ਹੈ, ਸਾਈਂ ਦੀ ਨਿਰੰਤਰ ਯਾਦ, ਪਿਆਰੇ ਨੂੰ ਕਦੇ ਨਾ ਭੁੱਲਣ ਵਾਲੀ ਯਾਦ।

ਹਾਂ ਜੀ! ਦਾਤਾ ਸਤਿਗੁਰ ਜੀ ਆਈਆਂ ਸੰਗਤਾਂ ਨੂੰ ਜੀਵਨ ਕਣੀਆਂ ਦਾਨ ਕਰਦੇ, ਗੁਰੂ ਤੇ ਗੁਰਮੁਖ ਦੋਹਾਂ ਪਦਾਂ ਵਿੱਚ ਬੈਠੇ ਜੀਅਦਾਨ ਦੇ ਰਹੇ ਹਨ ਤੇ ਕ੍ਰੋੜਾਂ ਦਾ ਉਧਾਰ ਕਰ ਰਹੇ ਹਨ।

ਇਹ ਸੀ ਪਰਵੇਸ਼ ਸਾਈਂਦਾਸ ਦੇ ਘਰ ਵਿੱਚ, ਇਹ ਸੀ ਜੱਠ ਯਾ ਚੱਠ ਯਾ ਡੱਠਣੀ ਜੋ ਸਾਈਂਦਾਸ ਦੇ ਮਕਾਨ ਤੇ ਹੋਈ।

'ਘਰ ਛਡਣੇ ਰਹੈ ਨ ਕੋਈ॥'

ਸਾਈਂਦਾਸ ਕਦੋਂ ਘਰ ਬਣਾਉਂਦਾ ਸੀ? ਇਹ ਤਾਂ ਸਤਿਗੁਰ ਦੇ ਚਰਨ ਪੈਣ ਲਈ ਬਣਾਇਆ। ਘਰ ਦਾਤੇ ਲਈ ਰਚਿਆ। ਆਪ ਸੇਵਕ ਹੋਕੇ ਆਇਆ ਤੇ ਲੰਗਰ ਕਾਹਦਾ ਲਾਇਆ? ਦਾਨ ਕਾਹਦਾ ਹੋਇਆ? ਅਨੇਕਾਂ ਜੀਵ ਜੀਅਦਾਨ ਪਾ ਗਏ, ਖੁਸ਼ੀਆਂ ਵਿਚ ਆਏ ਸਤਿਗੁਰ ਨੇ ਰੱਬੀ ਖਜ਼ਾਨੇ ਲੁਟਾਕੇ ਹਰ ਆਏ ਜੀ ਨੂੰ 'ਜਿਉਂਦਾ ਕਿਣਕਾ' ਦੇਕੇ ਸਿਮਰਨ ਵਿੱਚ, ਯਾਦ ਵਿੱਚ, ਨਾਮ ਵਿੱਚ, ਲਿਵ ਵਿੱਚ ਜਿਵਾ ਦਿੱਤਾ। ਧੰਨ ਸਾਈਂਦਾਸ! ਧੰਨ ਰਾਮੋਂ!! ਤੇ ਧੰਨ ਘਰ ਦਾ ਉਸਰਨਾ!!! ਤੇ ਧੰਨ ਉਸਦੀ ਜੱਠ ਦਾ ਹੋਣਾ!!!! ਆਤਮ ਰਸੀਆਂ ਦੇ ਸਾਰੇ ਕੌਤਕ ਆਤਮ ਰੰਗ ਵਿਚ ਰੰਗੇ ਹੋਏ ਹੁੰਦੇ ਹਨ।

ਇੰਨੇ ਨੂੰ ਲੰਗਰ ਤਿਆਰ ਹੋ ਗਿਆ, ਸਤਿਗੁਰ ਜੀ ਇਸ਼ਨਾਨ ਕਰਕੇ ਚੌਕੀ ਤੇ ਆ ਬੈਠੇ। ਆਏ ਜੀਆਂ ਦੀਆਂ ਪੰਗਤਾਂ ਲੱਗ ਗਈਆਂ ਤੇ ਪ੍ਰਸ਼ਾਦ ਸਭ ਦੇ ਅੱਗੇ ਪਰੋਸਿਆ ਗਿਆ। ਦਾਤੇ ਨੇ ਆਪ ਛਕਿਆ। ਰਾਮੋਂ ਤੇ ਸਾਈਂਦਾਸ ਪਾਸ ਬੈਠੇ ਛਕਾ ਰਹੇ ਹਨ। ਸਾਂਈਂਦਾਸ ਜੀ ਹੁਣ ਪੱਖਾ ਝੱਲਦੇ ਹਨ, ਹੁਣ ਕੋਈ ਭੋਜਨ ਅੱਗੇ ਧਰਦੇ ਹਨ, ਹੁਣ ਖੁਸ਼ ਹੁੰਦੇ ਹਨ, ਹੁਣ ਨੈਣ ਭਰ ਲੈਂਦੇ ਹਨ, ਸਾਕਾਦਾਰੀ ਦਾ ਮਾਨ ਹੈ ਨਹੀਂ। ਪੂਰਨ ਰੂਪ ਕਰਕੇ ਦਰਸ਼ਨ ਪਾ ਰਹੇ ਹਨ:-

ਸਨਬੰਧੀ ਹੈਂ ਗੁਰੂ ਹਮਾਰੇ,
ਇਹ ਨਿਸ਼ਚਾ ਉਰ ਤੇ ਨਿਰਵਾਰੇ।
ਪ੍ਰਭੂ ਲਖਜੋ ਸਭ ਜਗ ਕੋ ਸ੍ਵਾਮੀ,
ਆਇਓ ਹਮਹਿ ਉਧਾਰਨ ਕਾਮੀ।
ਦੀਨ ਬੰਧੁ ਜਿਹਿ ਨਾਮ ਉਚਾਰੈਂ,
ਬਸੀ ਪ੍ਰੇਮ ਕੇ ਸਗਲ ਬਿਚਾਰੈਂ,
ਤੀਨ ਲੋਕ ਪਤਿ ਕੀ ਇਹ ਮੂਰਤ,
ਸਿੱਖਨ ਵਤਸਲ ਸੁੰਦਰ ਸੂਰਤ।
ਇਸ ਨਿਸ਼ਚੈ ਲਖਿ ਸ੍ਰੀ ਗੁਰ ਪੂਰੇ,
ਭਏ ਪ੍ਰਸੰਨ ਚਰਿਤ ਜਿਨਿ ਰੂਰੇ।
ਅਪਰ ਕਾਮਨਾ ਜਿਨ ਕੈ ਨਾਹੀ,
ਰਿਦਾ ਬਿਮਲ ਕਰਿ ਦੀਨਸ ਤਾਂਹੀ। (ਗੁ:ਪ੍ਰ:ਸੂ:)

ਇਸ ਪਰਮ ਨਿਰਮਲ, ਪਰਮ ਨਿਸ਼ਕਾਮ, ਪਰਮ ਪ੍ਰੇਮ ਵਾਲੀ ਅਨਿੰਨ ਭਗਤੀ ਦੀ ਗਤੀ ਵਾਲੇ ਦੰਪਤੀ ਕਿਸ ਉੱਚੀ ਭਾਵਨਾ ਵਿੱਚ ਸੇਵਾ ਕਰ ਰਹੇ ਹਨ? ਪ੍ਰਸ਼ਾਦ ਛੱਕ ਕੇ ਸਤਿਗੁਰਾਂ ਠੰਢਾ ਜਲ ਪੀਤਾ, ਹੱਥ ਧੋਤੇ, ਰੁਮਾਲ ਹੱਥ ਪੂੰਝਣ ਲਈ ਸਾਈਂਦਾਸ ਨੇ ਅੱਗੇ ਕੀਤਾ, ਤਦ ਸਤਿਗੁਰ ਇੱਕ ਅਚਰਜ ਪਿਆਰ ਤੇ ਮਿਹਰ ਵਿੱਚ ਆਏ, ਇਕ ਹੋਰ ਦਮਕ ਦਮਕਦੇ ਮੱਥੇ ਤੇ ਨੈਣਾਂ ਵਿੱਚ ਆਈ ਤੇ-

ਕਰਜੋ ਬਚਨ: "ਉਰ ਭਾਉ ਜੁ ਹੇਰਾ,
"ਹੋਹਿ ਨ ਅਬ ਤੇ ਭਵਜਲ ਫੇਰਾ।
"ਅਤਿ ਪ੍ਰਸੰਨ ਮੋਕੋ ਤੁਮ ਕੀਨਾ,
"ਪਰਮਗਤੀ ਸੁਭ ਬਰ ਤੁਵ ਦੀਨਾ।"

ਵਾਕ ਸੁਣਕੇ ਪਤਾ ਨਹੀਂ ਕੀਹ ਹੋਇਆ, ਕਿਸੇ ਰੰਗ ਵਿੱਚ ਪ੍ਰੇਮੀ ਚਰਨਾਂ ਕਮਲਾਂ ਤੇ ਢੈ ਪਏ। ਅੱਗੇ ਹੀ ਪੂਰਨ ਸਨ, ਹੁਣ ਤਾਂ ਅਪਰ ਅਪਾਰ ਵਿੱਚ ਇਕ ਗੋਤਾ ਆਇਆ, ਕਪਾਟ ਖੁੱਲ੍ਹ ਗਏ। ਆਪਾ ਆਪੇ ਦੇ ਦੇਸ਼ ਉੱਡ ਪਹੁੰਚਿਆ, ਕੌਣ ਕਹੇ? ਉਸ 'ਕੁਛ' ਨੂੰ ਜੋ 'ਕੁਛ' ਕਿ ਹੁਣ ਉਨ੍ਹਾਂ ਤੇ ਵਾਪਰਿਆ। 'ਨਹੀਂ ਹੋਣਾ' ਬਿਲਾ ਗਿਆ, 'ਅਨਹੋਣਾ' ਮਿਟ ਗਿਆ ਤੇ ਸ਼ਾਂਤਿ, ਸੁਖਸਹਜ, ਯਥਾਰਥ, ਅਸਲੀ ਪੂਰਨ ਪਦ, ਅਪਦ ਤੋਂ ਪਰੇ ਦਾ ਰੰਗ ਵਰਤ ਗਿਆ, ਜੋ ਅਵਿਨਾਸ਼ ਹੋਂਦ ਹੈ, ਸੱਤਿ ਹੈ।

(ਟ)*

ਸਤਿਗੁਰ ਜੀ ਨੇ ਹੁਣ ਡਰੋਲੀ ਡੇਰੇ ਲਾ ਦਿੱਤੇ, ਇਥੇ ਹੀ ਸਤਿਸੰਗ ਦਾ ਪ੍ਰਵਾਹ ਚੱਲ ਪਿਆ। ਮਾਲਵੇ ਤੇ ਇਰਦ ਗਿਰਦ ਦੀਆਂ ਸੰਗਤਾਂ ਏਥੇ ਹੀ ਆਉਣ

* ਵਾਕਜਾਤ ਦਾ ਕ੍ਰਮ ਜੋ ਇਥੇ ਚੱਲ ਰਿਹਾ ਹੈ, ਸੋ ਸੂ: ਪ੍ਰ: ਤੇ ਗੁ: ਬਿ: ਅਨੁਸਾਰ ਹੈ। ਪਰ ਅਜੇ ਵਿਸ਼ੇਸ਼ ਖੋਜ ਦੀ ਲੋੜ ਹੈ।

SIKHBOOKCLUB.COM

ਲਗ ਪਈਆਂ। ਅਸਲ ਵਿਚ ਇਹ ਸਮਾਂ ਜੋ ਸਤਿਗੁਰਾਂ ਦਾ ਏਥੇ ਲੱਗਾ, ਮਾਲਵੇ ਨੂੰ ਤਾਰ ਗਿਆ। ਸਤਿਗੁਰ ਦੀ ਸਿੱਖੀ ਤਾਂ ਅਗੇ ਹੀ ਮਾਲਵੇ ਵਿੱਚ ਬਹੂੰ ਸੀ, ਪਰ ਹੁਣ ਤਾਂ ਮਾਨੋਂ ਇਹ ਹੋ ਗਿਆ ਕਿ ਮਾਲਵਾ ਸਾਰਾ ਹੀ ਇਕ ਤਰ੍ਹਾਂ ਦਾ ਸਿਖ ਧਰਮ ਵਿੱਚ ਆ ਗਿਆ।

ਗਰਮੀਆਂ ਵਿੱਚ ਸਤਿਗੁਰ ਘਰੋਂ ਟੁਰੇ ਸੇ, ਤੇ ਹੁਣ ਕੱਤਕ ਦੀ ਰੁਤ ਆ ਗਈ। ਸਿਆਲਾ ਚੜ੍ਹ ਪਿਆ, ਏਸੇ ਮਹੀਨੇ ਮਾਤਾ ਦਮੋਦਰੀ ਜੀ ਦੇ ਘਰ ਬਾਲਕ ਜਨਮਿਆਂ। ਕੱਤਕ ਦੀ ਪੂਰਨਮਾਸ਼ੀ ਦੀ ਥਿੱਤ ਸੀ, ਅੱਧੀ ਰਾਤ ਦਾ ਵੇਲਾ ਸੀ, ਬੱਚੇ ਦਾ ਨਾਮ 'ਗੁਰਦਿੱਤਾ' ਧਰਿਆ*। ਇਹ ਉਹੀ ਬਾਲਕ ਹੈ ਜੋ ਸਾਈਂ ਸਿਮਰਨ ਦਾ ਇਕ ਨਮੂਨਾ ਨਿਕਲਿਆ ਸੀ, ਅਰ ਜਿਸਨੂੰ ਸ੍ਰੀ ਚੰਦ ਜੀ ਨੇ ਆਪਣਾ ਸਭ ਕੁਛ ਅਰਪ ਦਿੱਤਾ ਸੀ।

ਜਦੋਂ ਛੇਵੇਂ ਸਤਿਗੁਰਾਂ ਦੇ ਪੰਜ ਪੁੱਤ੍ਰ ਹੋ ਗਏ ਸੇ ਏਹ ਤਦੋਂ ਦੀ ਵਾਰਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਪੁੱਤ੍ਰ ਬਾਬਾ ਸ੍ਰੀ ਚੰਦ ਜੀ ਸੇ, ਜਿਨ੍ਹਾਂ ਨੇ ਉਦਾਸ ਸੰਪ੍ਰਦਾ ਤੋਰੀ ਸੀ, ਜੋ ਆਪ ਜਤੀ ਰਹੇ ਸੇ ਤੇ ਜਿਨ੍ਹਾਂ ਤੋਂ ਬਾਬਾ ਗੁਰਦਿਤਾ ਜੀ ਨੂੰ ਗੱਦੀ ਮਿਲੀ ਤੇ ਅਗੋਂ ਵਿਰਕਤ ਤੇ ਜਤੀ ਸਾਧੂਆਂ ਦੀ ਸੰਪ੍ਰਦਾ ਟੁਰੀ ਸੀ। ਜਿਵੇਂ ਬੁੱਧ ਦੇ ਭਿੱਖੂ, ਸੰਨਿਆਸ ਮਤ ਦੇ ਸੰਨਿਆਸੀ ਤਿਵੇਂ ਸ੍ਰੀ ਚੰਦ ਜੀ ਦੇ ਉਦਾਸੀ ਸਾਧੂ। ਆਪ ਦੀ ਸੌ ਬਰਸ ਤੋਂ ਉਪਰ ਆਰਬਲਾ ਹੋ ਗਈ ਤਦ ਆਪ ਨੂੰ ਆਪਣੀ ਗੱਦੀ ਦੇ ਯੋਗ ਸੱਜਣ ਦੀ ਢੂੰਡ ਹੋਈ, ਸਾਰੇ ਲੱਭ ਕੇ ਆਪ ਦੀ ਨਜ਼ਰ ਗੁਰੂ ਘਰ ਤੇ ਹੀ ਠਹਿਰੀ ਕਿ ਜਿੱਥੇ ਗੁਰੂ ਨਾਨਕ ਦੀ ਖੁਸ਼ੀ ਗਈ ਹੈ ਓਥੋਂ ਹੀ ਨਾਮ ਦਾ ਰਸੀਆ ਜਗਤ ਨੂੰ ਸੁਖੀ ਕਰਨ ਹਾਰ ਕੋਈ ਲੱਭੇਗਾ, ਇਹ ਸੋਚ ਕਰਕੇ ਆਪ ਨੇ ਗੁਰੂ ਹਰਿਗੋਬਿੰਦ ਜੀ ਪਾਸ ਆਕੇ ਇਕ ਪੁਤ੍ਰ ਲਈ ਯਾਚਨਾ ਕੀਤੀ, ਤਦ ਸ੍ਰੀ ਗੁਰੂ ਜੀ ਨੇ ਜੇਠਾ ਪੁੱਤ੍ਰ ਸਾਮ੍ਹਣੇ ਕਰਕੇ ਕਿਹਾ ਕਿ ਆਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਪੁੱਤ੍ਰ ਹੋ, ਸਾਨੂੰ ਆਪ ਦਾ ਮਾਨ ਤੇ ਆਦਰ ਹੈ, ਇਹ ਜੇਠਾ ਬੱਚਾ ਹਾਜ਼ਰ ਹੈ, ਹੋਰ ਚਾਹੋ ਤਾਂ ਸਾਰੇ ਹਾਜ਼ਰ ਹਨ। ਸ੍ਰੀ ਚੰਦ ਜੀ ਹੱਸ ਪਏ ਤੇ ਬੋਲੇ 'ਸ੍ਰੀ ਗੁਰੂ ਨਾਨਕ ਦੇਵ ਜੀ ਸਭ ਕੁਛ ਆਪ ਨੂੰ ਦੇ ਗਏ ਹਨ, ਆਪ ਉਨ੍ਹਾਂ ਦਾ ਰੂਪ ਹੋ, ਮੇਰੇ ਪਾਸ ਇਹ ਟੋਪੀ ਹੈ ਤੇ ਉਦਾਸ ਸੰਪ੍ਰਦਾ ਦੀ, ਜੋ ਅਸਾਂ ਟੋਰੀ ਹੈ, ਵਾਗਡੋਰ ਹੈ। ਸੋ ਮੈਂ ਇਸ ਨਾਮ ਰਸੀਏ ਆਪ ਦੇ ਪਿਆਰੇ ਲਾਲ ਨੂੰ ਦੇਂਦਾ ਹਾਂ। ਉਦਾਸ ਸੰਪ੍ਰਦਾ ਇਸ ਤੋਂ ਹੁਣ ਵਧੇਗੀ, ਇਸਦੇ ਅੱਗੇ ਨਿਵੇਂਗੀ ਅਰ ਇਸਦੀ ਆਗਿਆ ਵਿੱਚ ਟੁਰੇਗੀ। ਇਹ ਕਹਿਕੇ ਟੋਪੀ ਪਹਿਨਾ ਦਿੱਤੀ ਤੇ ਆਖਿਆ ਕਿ "ਬਰਖ਼ੁਰਦਾਰ! ਤੁਸੀਂ ਹੁਣ ਬਾਬੇ ਹੋਏ, ਸ੍ਰੀ ਗੁਰੂ ਜੀ ਦੀ ਰਜ਼ਾ ਵਿਚ ਆਪ ਦੇ ਪਿਤਾ ਜੀ ਗੁਰੂ ਰੂਪ ਹੋਕੇ ਨਾਮ ਦਾ ਛਤ੍ਰ ਝੁਲਾ ਰਹੇ ਹਨ, ਤੁਸੀਂ, ਤਿਆਗੀਆਂ, ਜਗਤ ਤੋਂ ਉਪਰਾਮੀਆਂ ਸੰਤਾਂ ਦੇ ਜ਼ਰੀਏ ਸਤਿਨਾਮ ਦਾ ਝੰਡਾ ਝੁਲਾਓ।" ਤਦ ਤੋਂ ਇਨ੍ਹਾਂ ਦਾ ਨਾਮ 'ਬਾਬਾ ਗੁਰਦਿਤਾ ਜੀ' ਹੋਇਆ। ਇਸ ਪ੍ਰਕਾਰ ਸ੍ਰੀ ਚੰਦ ਜੀ ਨੇ ਆਪਣੀ ਸੰਪ੍ਰਦਾ ਬੀ ਸਤਿਗੁਰਾਂ ਦੇ ਅਨੁਸਾਰੀ ਕਰ ਦਿੱਤੀ। ਫਰਕ ਕੇਵਲ ਇਹ ਰਹਿ ਗਿਆ ਕਿ ਤਿਆਗ, ਵੈਰਾਗ ਦੇ ਤਰੀਕੇ ਨਾਲ ਗ੍ਰਿਹਸਤ ਤੋਂ ਉਪਰਾਮ ਰੱਖਕੇ ਉਪਦੇਸ਼ ਕਰਨਹਾਰੀ ਸੰਪ੍ਰਦਾ ਨਾਮ ਰਸੀਆਂ ਦੇ ਪ੍ਰਚਾਰ ਦਾ ਤਰੀਕਾ ਇਉਂ ਰਿਹਾ, ਅਰ ਇਸ ਡਰ ਕਰਕੇ ਕਿ ਇਹ ਵੱਖਰਾ ਮਤ ਨਾ ਬਣ ਜਾਏ ਤੇ ਗੁਰਗੱਦੀ ਦੇ ਉਲਟ ਨਾ ਟੁਰ ਪਏ, ਸ੍ਰੀ ਚੰਦ ਜੀ ਗੁਰੂ ਅੰਗਦ ਜੀ ਦੇ ਮਗਰੋਂ ਹਰ ਗੁਰੂ ਜੀ ਨੂੰ ਮਿਲਦੇ ਰਹੇ ਤੇ ਉਨ੍ਹਾਂ ਦੀ ਵਡਿਆਈ ਮੰਨਦੇ ਰਹੇ। ਸ੍ਰੀ ਗੁਰੂ ਰਾਮਦਾਸ ਜੀ ਦੇ ਮੇਲ ਦੀ ਕਥਾ ਵਿਦਤ ਹੀ ਹੈ ਤੇ ਹੁਣ ਗੁਰੂ ਅੰਸ਼ ਦਾ ਜੇਠਾ ਪੁੱਤ੍ਰ ਆਪਣੀ ਸੰਪ੍ਰਦਾ ਦਾ ਆਗੂ ਤੇ ਸਿਰਕਰਦਾ ਥਾਪ ਕੇ ਉਸ ਡਰ ਨੂੰ ਮੇਟ ਦਿੱਤਾ। ਬਾਬੇ ਗੁਰਦਿੱਤੇ ਤੋਂ ਅੱਗੇ ਚਾਰ ਧੂਏਂ ਅਰਥਾਤ ਮਹੰਤੀ ਦੀਆਂ ਗੱਦੀਆਂ ਤੇ ਸਾਰੀ ਉਦਾਸ ਸੰਪ੍ਰਦਾ ਤੇ ਜਥੇਬੰਦੀ ਟੁਰੀ। ਪਰ ਉਦਾਸੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਾਸ਼ਕ, ਸਾਰੀਆਂ ਪਾਤਸ਼ਾਹੀਆਂ ਦੀ ਅਰਦਾਸ ਸੋਧਣ ਵਾਲੇ ਤੇ ਹਰ ਗੁਰੂ ਨੂੰ ਗੁਰੂ ਅਵਤਾਰ ਤੇ ਵੱਡਾ ਮੰਨਣ ਵਾਲੇ ਰਹੇ। ਦਸਮੇਂ ਪਾਤਸ਼ਾਹ ਦੇ ਜੁੱਧਾਂ ਵਿਚ 'ਕ੍ਰਿਪਾਲ' ਉਦਾਸੀਆਂ ਦਾ ਸ੍ਰੀ ਮਹੰਤ ਜੰਗ ਵਿਚ ਸ਼ਰੀਕ ਹੋਇਆ ਅਰ ਉਸਨੇ ਇਕ ਭਾਰੀ ਸ਼ਤਰੂ ਨੂੰ ਮਾਰਿਆ। ਸਿਖ ਸਰਦਾਰਾਂ ਤੇ ਰਾਜਿਆਂ ਵਲੋਂ ਉਦਾਸੀਆਂ ਨੂੰ ਜਾਗੀਰਾਂ ਤੇ ਵਜ਼ੀਫੇ ਮਿਲਦੇ ਰਹੇ। ਔਕੜਾਂ ਤੇ ਭਾਜੜਾਂ ਦੇ ਸਮੇਂ ਤੇ ਜਦੋਂ ਕੇਸਾਂ ਵਾਲੇ ਦਾ ਸੀਸ ੮੦) ਨੂੰ ਵਿਕਦਾ

* ਡਰੋਲੀ ਵਿਚ ਬਾਬਾ ਜੀ ਦੇ ਜਨਮ ਲੈਣ ਦਾ ਥਾਂ ਅਜੇ ਤਕ ਦੱਸੀਦਾ ਹੈ।

SIKHBOOKCLUB.COM

ਸੀ, ਤਦੋਂ ਦੀ ਸੁੰਨ ਵਰਤੀ ਹਾਲਤ ਵਿੱਚ ਦਰਬਾਰ ਸਾਹਿਬ ਤੇ ਹੋਰ ਗੁਰਧਾਮਾਂ ਦੀ ਸੇਵਾ ਪੂਜਾ ਉਦਾਸੀ ਕਰਦੇ ਰਹੇ। ਲੰਕਾ ਤੇ ਟਾਪੂਆਂ ਤਕ ਸਤਿਨਾਮ ਦਾ ਝੰਡਾ ਝੁਲਾਉਣ ਦੀ ਸੇਵਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਸਥਾਪਨ ਕਰਨ ਦੀ ਸੇਵਾ ਇਨ੍ਹਾਂ ਸੰਤਾਂ ਨੇ ਹੀ ਕੀਤੀ ਹੈ। ਹਿੰਦੁਸਤਾਨ ਵਿੱਚ ਨਾਨਕ ਪੰਥੀ ਨਾਮ ਹੇਠ ਗੁਰੂ ਘਰ ਦੇ ਉਪਾਸ਼ਕ ਬਹੁਤ ਕਰਕੇ ਇਨ੍ਹਾਂ ਦੀ ਘਾਲ ਦਾ ਹੀ ਫਲ ਹੈ। ਫੈਜ਼ਾਬਾਦ ਵਿਚ ਇਕ ਉਦਾਸੀ ਸੰਤ ਦੇ ਇਕ ਲੱਖ ਗੁਰੂ ਘਰ ਦਾ ਉਪਾਸ਼ਕ ਆਪਣੇ ਜੀਵਨ ਵਿਚ ਬਨਾਉਣ ਦਾ ਪਤਾ ਸ੍ਰੀ ਸ਼ੰਕਰ ਦਿਆਲ ਜੀ ਨੇ ਆਪਣੇ ਜਪੁਜੀ ਦੇ ਟੀਕੇ ਦੇ ਦੀਬਾਚੇ ਵਿੱਚ ਦਿੱਤਾ ਹੈ। ਇਹ ਗੁਰੂ ਘਰ ਦੀ ਅਨੁਸਾਰਤਾ ਤੇ ਸਤਿਗੁਰਾਂ ਦੇ ਕਰਤੱਬਾਂ ਨਾਲ ਜੋੜਨਾ ਸ੍ਰੀ ਚੰਦ ਜੀ ਦੀ ਇਕ ਭਾਰੀ ਗੰਭੀਰਤਾ ਤੇ ਦੂਰੰਦੇਸ਼ੀ ਦਾ ਫਲ ਸੀ, ਜੋ ਉਹਨਾਂ ਨੇ ਛੇਵੇਂ ਸਤਿਗੁਰਾਂ ਦੀ ਗੁਰਿਆਈ ਮੰਨਕੇ ਸ਼ਰਨ ਲਈ ਤੇ ਉਨ੍ਹਾਂ ਦੇ ਸਪੁੱਤ੍ਰ ਨੂੰ ਆਪਣੀ ਥਾਂ ਉਦਾਸੀਆਂ ਦੀ ਵਾਗ ਡੋਰ ਉਹਨਾਂ ਦੇ ਹੱਥ ਸੌਂਪ ਕੇ ਦੱਸ ਦਿਤਾ ਕਿ ਮੇਰਾ ਫਰਕ ਕੇਵਲ ਗ੍ਰਿਹਸਤ ਤੇ ਉਦਾਸ ਦਾ ਹੈ, ਗੁਰੂ ਗੁਰੂ ਗ੍ਰੰਥ ਸਾਹਿਬ ਜੀ, ਸਤਿਨਾਮ ਦਾ ਸਿਮਰਨ ਤੇ ਸਿੱਖੀ ਰਹੁ-ਰੀਤਿ ਨਾਲ ਅਜੋੜ ਕੋਈ ਨਹੀਂ। ਇਸ ਸੰਪ੍ਰਦਾ ਵਿਚੋਂ ਨਾਮ ਸਿਮਰਨ ਦੇ ਘਟਣ ਦੇ ਸਮੇਂ ਤਕ ਤੇ ਹੁਣ ਤਕ ਨਾਮੀ ਸੰਤਾਂ ਮਹੰਤਾਂ ਵਿਚ ਇਹੋ ਰਹੁ ਰੀਤ ਜਾਰੀ ਹੈ*।

ਸੋ ਇਸੇ ਡਰੋਲੀ ਵਿੱਚ ਉਸ ਮਹਾਂ ਪੁਰਖ ਦਾ ਜਨਮ ਹੋਇਆ, ਜੋ ਬਾਬਾ ਗੁਰਦਿੱਤਾ ਕਰਕੇ ਉਦਾਸ ਸੰਪ੍ਰਦਾ ਦੇ ਆਗੂ ਹੋਏ ਤੇ ਬਾਬਾ ਸ੍ਰੀ ਚੰਦ ਜੀ ਦੇ ਜਾਨਸ਼ੀਨ ਬਣੇ।

ਸੋ ਇਸ ਤਰ੍ਹਾਂ ਮੱਘਰ, ਪੋਹ, ਮਾਘ, ਫੱਗਣ, ਚੇਤ ਬੀਤ ਗਏ। ਸਤਿਗੁਰੂ ਜੀ ਰਾਮੋ ਤੇ ਸਾਈਂਦਾਸ ਦੇ ਪ੍ਰੇਮ ਬੱਧੇ ਡਰੋਲੀ ਬੈਠੇ ਹਨ। ਹਾਂ, ਮਾਲਵੇ ਦੀਆਂ ਸੰਗਤਾਂ ਦੇ ਤਾਰਨਹਾਰ ਸਾਰੇ ਦੇਸ਼ ਨੂੰ ਸਿੱਖੀ ਸੋਹਿਲੇ ਨਾਲ ਜੀਵਾਲਣ ਲਈ ਜੋਤਾਂ ਜਗਾ ਰਹੇ ਹਨ। ਵਿਸਾਖੀ ਆ ਗਈ, ਦੂਰ ਦੂਰ ਤੋਂ, ਕਾਬਲ, ਕੰਧਾਰ, ਸਿੰਧ, ਬਲੋਚਿਸਤਾਨ ਤੋਂ ਸੰਗਤਾਂ ਆਈਆਂ, ਪੂਰਬ ਤੇ ਦੱਖਣ ਤੋਂ ਸੰਗਤਾਂ ਆਈਆਂ ਪਰ ਸਭ ਨੂੰ ਪਤਾ ਸੀ ਕਿ ਗੁਰੂ ਜੀ ਡਰੋਲੀ ਹਨ ਸੋ:-

ਜਿਥੈ ਜਾਇ ਬਹੈ ਮੇਰਾ ਸਤਿਗੁਰੂ
ਸੋ ਥਾਨੁ ਸੁਹਾਵਾ ਰਾਮਰਾਜੇ॥
(ਆ: ਮ: ੪)

ਸਭ ਸੰਗਤਾਂ ਨੇ ਡਰੋਲੀ ਨੂੰ ਮੁਹਾੜਾਂ ਮੋੜ ਦਿੱਤੀਆਂ ਤੇ ਵਿਸਾਖੀ ਦੇ ਦੀਵਾਨ ਦੀ ਤਿਆਰੀ ਓਥੇ ਹੀ ਹੋ ਗਈ। ਬੜੇ ਬੜੇ ਸ਼ਾਮਿਆਨੇ ਖੁੱਲ੍ਹੇ ਮੈਦਾਨਾਂ ਵਿੱਚ ਲੱਗ ਗਏ, ਲੰਗਰ ਸਜ ਗਏ ਤੇ ਉਤਾਰੇ ਦੇ ਸਾਮਾਨ ਸਾਰੇ ਹੋ ਗਏ। ਇੱਕ ਮਹਾਨ ਵਡੇ ਸ਼ਾਮਿਆਨੇ ਹੇਠ ਦੀਵਾਨ ਦਾ ਪ੍ਰਬੰਧ ਹੋ ਗਿਆ, ਜਿਥੇ ਵਿਸਾਖੀ ਵਾਲੇ ਦਿਨ ਸਮਾਗਮ ਸੀ। ਸਾਰੀ ਸੰਗਤ ਏਥੇ ਆ ਜੁੜੀ। ਛਤ੍ਰ ਸਿੰਘਾਸਨ ਸਜ ਗਿਆ। ਸ੍ਰੀ ਗੁਰੂ ਜੀ ਆ ਬਿਰਾਜੇ। ਆਸਾ ਦੀ ਵਾਰ ਦੇ ਉਚਾਰ ਤੇ ਕੀਰਤਨ ਹੋਏ, ਪ੍ਰਸ਼ਾਦ ਵਰਤੇ। ਸੰਗਤਾਂ ਪੇਸ਼ ਹੋਈਆਂ। ਭੇਟਾਂ ਅਰਪਨ ਹੋਈਆਂ, ਅਰਜ਼ਾਂ, ਲੋੜਾਂ, ਪੁੱਛਾਂ, ਮੰਗਾਂ ਜਗਿਆਸੂਆਂ ਪੇਸ਼ ਕੀਤੀਆਂ, ਅਨੇਕਾਂ ਨਾਮ ਦੀ ਕਣੀ ਪ੍ਰਾਪਤ ਕਰਕੇ ਤੁਰੇ, ਹਜ਼ਾਰਾਂ ਨਾਮ ਦੇ ਰਸਤੇ ਅਟਕੇ ਅੱਗੇ ਟੁਰੇ ਤੇ ਅਨੇਕਾਂ ਜੋ ਅੱਗੇ ਲੱਗੇ ਹੋਏ ਸਨ, ਸਿਰੇ ਚੜ੍ਹੇ। ਇਸ ਤਰ੍ਹਾਂ ਵਰੋਸਾਈਆਂ ਜਾ ਕੇ ਸੰਗਤਾਂ ਵਿਦਾ ਹੋਈਆਂ।

ਅੰਮ੍ਰਿਤ ਸਰੋਵਰ ਦੇ ਪ੍ਰਬੰਧਕ ਤੇ ਸੇਵਕ ਭਾਈ ਗੁਰਦਾਸ ਤੇ ਭਾਈ ਬੁੱਢਾ ਜੀ ਅਤਿ ਪ੍ਰੇਮ ਵਿਚ ਸਤਿਗੁਰਾਂ ਦਾ ਆਗਮਨ ਰਾਮਦਾਸ ਪੁਰੇ ਵਿਚ ਚਿਤਵ ਰਹੇ ਸਨ, ਸ਼ਹਿਰ ਦੇ ਲੋਕ ਉਦਾਸ ਹੋ ਰਹੇ ਸਨ, ਸੰਗਤਾਂ ਵਿਸਾਖੀ ਦਾ ਦਰਸ਼ਨ ਤਾਂ ਕਰ ਆਈਆਂ, ਪਰ ਅੰਮ੍ਰਿਤਸਰ ਦਰਸ਼ਨਾਂ ਦੀ ਸੁਖੈਨਤਾ ਸਭ ਨੂੰ ਭਾ ਰਹੀ ਸੀ। ਸੋ ਬਾਬਾ ਬੁੱਢਾ ਤੇ ਭਾਈ ਗੁਰਦਾਸ ਜੀ ਨੇ ਰਹਿਰਾਸ ਦੇ ਭੋਗ ਮਗਰੋਂ ਅਰਦਾਸ ਕੀਤੀ ਕਿ ਸਾਰੀ ਸੰਗਤ ਸ਼ਬਦ ਕੀਰਤਨ ਕਰਦੀ ਸ੍ਰੀ ਹਰਿਮੰਦਰ ਜੀ ਦੀ ਰੋਜ਼ ਪਰਕਰਮਾਂ ਕਰਿਆ ਕਰੇ ਤੇ ਇਸ ਭਾਵਨਾਂ ਨਾਲ ਕਰਿਆ ਕਰੇ ਕਿ ਸ੍ਰੀ ਗੁਰੂ ਜੀ ਅੰਦਰ ਬਿਰਾਜਮਾਨ ਹਨ ਤੇ ਅਸੀਂ ਪਰਕਰਮਾਂ ਕਰਕੇ ਮਹਾਰਾਜ ਜੀ ਨੂੰ ਕੀਰਤਨ ਭੇਟ ਕਰ ਰਹੇ ਹਾਂ। ਸੋ ਸਾਡੇ ਇਸ ਪ੍ਰੇਮ ਦੀ ਖਿੱਚ ਸਤਿਗੁਰਾਂ ਨੂੰ ਇਥੇ ਲੈ ਆਵੇਗੀ। ਸ੍ਰੀ ਦਰਬਾਰ ਸਾਹਿਬ ਵਿਚ

---

* ਹੁਣ ਕਛ ਮਾਯਕ ਕਾਰਨਾਂ ਕਰਕੇ ਉਦਾਸੀ ਸੰਤ ਉਦਾਸ ਬੋਲੇ ਬੋਲਦੇ ਹਨ ਪਰ ਪੁਰਾਤਨ ਤੇ ਸ਼ਰਧਾ ਵਾਲੇ ਨਾਮ ਵਾਲੇ ਸੰਤ ਅਪਣੇ ਆਪ ਨੂੰ ਗੁਰਸਿੱਖੀ ਦੇ ਬ੍ਰਿਛ ਨਾਲ ਤਦਰੂਪ ਹੀ ਦੱਸਦੇ ਹਨ।


SIKHBOOKCLUB.COM

ਇਹ ਗਲ ਅਰੰਭ ਹੋ ਗਈ। ਇਹ ਦਿਨ ਜੇਠ ਦੀ ਏਕਾਦਸ਼ੀ ਦਾ ਸੀ।

ਇਧਰ ਤਾਂ ਸੰਗਤਾਂ ਐਉਂ ਅਰਾਧਨਾ ਵਿਚ ਲਗੀਆਂ, ਉਧਰ ਸਤਿਗੁਰੂ ਜੀ ਆਪਣੇ ਸਤਿਨਾਮ ਦੇ ਝੰਡੇ ਝੁਲਾ ਰਹੇ ਹਨ। ਸਾਈਂਦਾਸ ਨਾਲ ਸਤਿਸੰਗ ਦੇ ਗੂੜ੍ਹੇ ਭੇਤ ਖੁੱਲ੍ਹਦੇ ਹਨ। ਉਹ ਰੱਬ ਦੇ ਬੰਦੇ ਪੂਰਨ ਗਜਾਨਵਾਨ ਬੀ ਹੋ ਗਏ ਤੇ ਦਿੱਬ ਦ੍ਰਿਸ਼ਟਿ ਬੀ ਹੋ ਆਈਓ ਨੇ। ਇਕ ਦਿਨ ਗੁਰੂ ਜੀ ਆਪਣੀ ਰੱਬੀ ਨੀਂਦ ਵਿਚ ਟਿਕ ਰਹੇ ਸੇ ਕਿ ਕਿਸੇ ਸਿਖ ਨੂੰ ਸਮੁੰਦਰ ਵਿਚ ਭੀੜਾ ਆ ਪਈ। ਉਸ ਨੇ ਸਤਿਗੁਰਾਂ ਦੀ ਅਰਾਧਨਾ ਕੀਤੀ, ਉਸ ਸਮਾਧੀ ਵਿਚ ਉਹ ਅਰਦਾਸ ਸਤਿਗੁਰਾਂ ਅੱਗੇ ਆਈ ਤੇ ਆਪ ਨੇ ਉਸਦੀ ਸਹਾਇਤਾ ਕਰਕੇ ਔਕੜ ਦੂਰ ਕੀਤੀ। ਇਸ ਵੇਲੇ ਭਾਈ ਸਾਈਂਦਾਸ ਜੀ ਪਾਸ ਬੈਠੇ ਸੇ, ਇਹ ਸਾਰੀ ਘਟਨਾ ਉਹਨਾਂ ਦੀ ਦ੍ਰਿਸ਼ਟਿ ਅੱਗੋਂ ਦੀ ਲੰਘ ਗਈ, ਇਸ ਪ੍ਰਕਾਰ ਦੀ ਦਿਬ ਦ੍ਰਿਸ਼ਟਿ ਸੁਤੇ ਸੁਭਾਵ ਸਾਈਂਦਾਸ ਨੂੰ ਪ੍ਰਾਪਤ ਹੋ ਗਈ ਸੀ।

ਸਤਿਗੁਰੂ ਜੀ ਹੁਣ ਉਦਾਸ ਬੋਲੀਆਂ ਕਦੇ ਕਦੇ ਲੱਗ ਪਏ ਉਚਾਰਨ। ਮਲਿਆਗਰ ਦੀ ਸੁਗੰਧਿਤ ਪੌਣ ਇਕ ਥਾਂ ਕਿਵੇਂ ਟਿਕੇ? ਇਸ ਨੇ ਉਪਕਾਰ ਕਰਨ ਟੁਰਨਾ ਹੀ ਹੋਇਆ, ਸੋ ਟੁਰਨੇ ਦੇ ਬਚਨ ਹੋਣ ਲਗੇ। ਇਕ ਦਿਨ ਸੁਧਾ ਸਰੋਵਰ ਦੇ ਪ੍ਰੇਮੀਆਂ ਵਲੋਂ ਭਾਈ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਦੀ ਪੱਤ੍ਰਿਕਾ ਆਈ, ਇਹ ਵਾਚਕੇ ਸਤਿਗੁਰਾਂ ਨੇ ਉੱਤਰ ਦਿੱਤਾ ਕਿ ਜਾਓ ਪਤਾ ਦਿਓ ਕਿ ਹੁਣੇ ਆਏ। ਉਧਰ ਤਾਂ ਖੁਸ਼ੀਆਂ ਦੇ ਪਾਰਖਦ ਉੱਡ ਕੇ ਅੱਪੜੇ, ਇਧਰ ਦਿਲ-ਤਰਬਾਂ ਉਦਾਸੀਆਂ ਦੀਆਂ ਸੁਰਾਂ ਨਾਲ ਥਰਰਾ ਉਠੀਆਂ, ਪਰ ਹੁਕਮੀ ਬੰਦਿਆਂ ਨੇ ਹੁਕਮ ਪੁਰ ਟੁਰਨਾ ਸੀ, ਸੋ ਹੁਕਮੀ ਦੇ ਹੁਕਮ ਵਿਚ ਸੁਰ ਮੇਲ ਲਈ। ਹੁਣ ਟੁਰਨੇ ਦਾ ਦਿਨ ਆਇਆ। ਸਤਿਗੁਰ ਜੀ ਵਿਦਾ ਹੋ ਰਹੇ ਹਨ, ਪ੍ਰੇਮੀ ਪ੍ਰੇਮ ਵਿਚ ਦ੍ਰਵ ਰਹੇ ਹਨ। ਬਿਰਹੇ ਦੇ ਭਾਵ ਅੰਦਰ ਲੰਘ ਰਹੇ ਹਨ, ਰਜ਼ਾ ਦੀਆਂ ਸੁਰਾਂ ਛਿੜ ਰਹੀਆਂ ਹਨ। ਪਜਾਰ ਤੇ ਵੀਚਾਰ ਦਾ ਸੰਗਮ ਹੋ ਰਿਹਾ ਹੈ। ਭਾਵ ਤੇ ਰਜ਼ਾ ਦੀ ਸਤਵੰਨੀ ਪੀਂਘ ਪੈ ਰਹੀ ਹੈ। ਸਤਿਗੁਰੂ ਪਜਾਰ ਦੇਂਦੇ ਹਨ, ਦਿਲਾਸੇ ਦੇਂਦੇ ਹਨ, ਉਚੇ ਉਚੇ ਵਾਕ ਕਰਦੇ ਹਨ ਤੇ ਇਹ ਵਰਦਾਨ ਬਖਸ਼ ਰਹੇ ਹਨ:-

ਅਬ ਤੁਮ ਸਦ ਹੀ ਸੰਗ ਹਮਾਰੇ।
ਨਹੀਂ ਕਰਹਿਂ ਨਿਜ ਤੇ ਕਬ ਨਜਾਰੇ।
ਜਨਮ ਮਰਨ ਕੋ ਮਿਟਜੋ ਸੰਦੇਹੂ।
ਸਿਮਰੋ ਸੱਤਿਨਾਮੁ ਬਿਧਿ ਏਹੂ।

ਇਸ ਤਰ੍ਹਾਂ ਅਸੀਸਾਂ ਦੇਂਦੇ ਸ੍ਰੀ ਸਤਿਗੁਰ ਜੀ ਅੰਤ ਉਥੋਂ ਵਿਦਾ ਹੋ ਆਏ।

ਸ੍ਰੀ ਗੁਰੂ ਜੀ ਰਸਤੇ ਵਿਚ ਤਰਨਤਾਰਨ ਆ ਠਹਿਰੇ, ਗੁਰਧਾਮਾਂ ਦੀ ਯਾਤਰਾ ਕਰਕੇ ਰਾਮਦਾਸਪੁਰੇ ਆਏ। ਇਸ ਗੁਰ ਨਗਰੀ ਤੋਂ ਸੰਗਤਾਂ ਸ਼ਹਿਰੋਂ ਬਾਹਰ ਦੂਰ ਤਕ ਅੱਗੇ ਲੈਣ ਆਈਆਂ ਸਨ, ਸ਼ਬਦ ਕੀਰਤਨ ਦੇ ਉਚਾਰ ਹੋ ਰਹੇ ਸਨ, ਪ੍ਰਸ਼ਾਦ ਦਾ ਥਾਲ ਮੁਖੀਆਂ ਦੇ ਹੱਥ ਸੀ। ਪਰਸਪਰ ਗੁਰ ਸਿੱਖਾਂ ਦੇ ਮਿਲਾਪ, ਅਦਬ ਤੇ ਪਜਾਰ ਨਾਲ ਹੋਏ; ਫਿਰ ਇਕੱਠੇ ਸ੍ਰੀ ਹਰਿਮੰਦਰ ਸਾਹਿਬ ਜੀ ਆਏ ਤੇ ਯਾਤਰਾ ਕੀਤੀ। ਅਕਾਲ ਤਖਤ ਦੀਵਾਨ ਲਾਇਆ, ਸਾਰੀ ਸੰਗਤ ਨੂੰ ਮਿਲੇ, ਫੇਰ ਆਪਣੇ ਘਰ, ਜੋ ਗੁਰੂ ਬਾਜ਼ਾਰ ਦੇ ਲਾਗੇ ਹੁਣ ਤਕ 'ਗੁਰੂ ਕੇ ਮਹਲ' ਨਾਮ ਦਾ ਮੰਦਰ ਹੈ, ਅੱਪੜੇ ਤੇ ਆਰਾਮ ਕੀਤਾ।

ਨਗਰ ਵਿਚ ਅੱਜ ਮਹਾਨ ਖੁਸ਼ੀਆਂ ਸਨ। ਸਾਰੇ ਸ਼ਹਿਰ ਵਿਚ ਸ੍ਵਾਗਤ ਦੇ ਸਾਮਾਨ ਲਗ ਰਹੇ ਸਨ ਤੇ ਸੰਗਤਾਂ ਇਕੱਤ੍ਰ ਹੋ ਦਰਸ਼ਨ ਕਰ ਰਹੀਆਂ ਸਨ। ਸੰਝਾਂ ਵੇਲੇ ਦੀਪਮਾਲਾ ਹੋਈ। ਹੁਣ ਜਦੋਂ ਸਤਿਗੁਰੂ ਸ੍ਰੀ ਦਰਬਾਰ ਸਾਹਿਬ ਜੀ ਨੂੰ ਆਏ ਤਾਂ ਸ਼ਹਿਰ ਦੇ ਚਾ ਮਲ੍ਹਾਰ ਝੱਲੇ ਨਾ ਜਾਣ। ਹਰ ਥਾਂ ਦੀਪਮਾਲਾ, ਹਰ ਥਾਂ ਪ੍ਰਸ਼ਾਦ ਤੇ ਸਿਰਵਾਰਨੇ ਤੇ ਆਰਤੀਆਂ। ਭਾਵੇਂ ਤਦੋਂ ਨਗਰ ਅੱਜ ਨਾਲੋਂ ਬਹੁਤ ਨਿੱਕਾ ਸੀ, ਪਰ ਆਦਰ ਭਾਵਾਂ ਵਿਚ ਇੰਨਾਂ ਸਮਾ ਲੰਘ ਗਿਆ ਕਿ ਜਦੋਂ ਸ੍ਰੀ ਗੁਰੂ ਜੀ ਅਕਾਲ ਤਖਤ ਅੱਪੜੇ ਤਾਂ ਭਾਈ ਬੁੱਢੇ ਜੀ ਦੀ ਚਲਾਈ ਰੀਤਿ ਵਾਲੀ ਸੰਗਤ ਸ਼ਬਦ ਗਾਉਂਦੀ ਪਰਕ੍ਰਮਾ ਕਰਕੇ ਅਕਾਲ ਤਖਤ ਅੱਪੜੀ ਸ਼ਬਦ ਗਾ ਰਹੀ ਸੀ। ਇਸ ਵੇਲੇ ਮੀਰੀ ਪੀਰੀ ਦੇ ਮਾਲਿਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਜੀ ਸ਼ਬਦ ਕੀਰਤਨ ਦਾ ਪ੍ਰਭਾਵ ਦੇਖਕੇ ਆਪ ਬੜੇ ਪ੍ਰਸੰਨ ਹੋਏ। ਚੌਕੀ ਸਾਹਿਬ ਨਾਮ ਬਖਸ਼ਿਆ ਤੇ ਵਰ ਦਿੱਤਾ ਕਿ ਇਹ ਸ਼ੁਭ ਰੀਤ ਸਦਾ ਜਾਰੀ ਰਹੇ। ਇਹ ਸ਼ੁਭ ਰੀਤ ਚੌਕੀ ਸਾਹਿਬ ਦੀ ਤਦ ਤੋਂ ਅੱਜ ਤੀਕ ਬਰਾਬਰ ਜਾਰੀ ਹੈ। ਪੁਰਾਤਨ ਸਿੰਘਾਂ ਤੋਂ ਅਸੀਂ ਸੁਣਦੇ ਰਹੇ

SIKHBOOKCLUB.COM

ਹਾਂ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਵਰ ਹੈ ਕਿ ਜਦ ਚੌਂਕੀ ਸਾਹਿਬ ਅਕਾਲ ਤਖਤ ਸਾਹਿਬ ਪਹੁੰਚਿਆ ਕਰੇਗੀ ਉਸ ਵੇਲੇ ਸਾਡਾ ਪ੍ਰਭਾਵ ਇਉਂ ਹੋਵੇਗਾ ਜਿਵੇਂ ਅਸੀਂ ਵਿਚ ਸ਼ਾਮਲ ਆ ਹੋਏ ਹਾਂ। ਇਸੇ ਵਰ ਕਰਕੇ ਪ੍ਰੇਮੀ ਤੇ ਇੱਛਾਵਾਨ, ਤੇ ਸ਼ੁਕਰ ਵਿਚ ਆਪਾ ਅਰਪਨ ਕਰਨ ਵਾਲੇ ਪ੍ਰੇਮੀ ਏਸ ਵੇਲੇ ਅਕਸਰ (ਤੇ ਅੰਦਰ ਭੋਗ ਵੇਲੇ ਬੀ) ਕੜਾਹ ਪ੍ਰਸ਼ਾਦ ਦਾ ਥਾਲ ਲੈਕੇ ਚੌਂਕੀ ਸਾਹਿਬ ਦੇ ਹਾਜ਼ਰ ਹੋਇਆ ਕਰਦੇ ਹਨ। ਚੌਂਕੀ ਸਾਹਿਬ ਨਾਲ ਪੜ੍ਹੇ ਜਾਣ ਵਾਲੇ ਸ਼ਬਦ ਹਰ ਸਮੇਂ ਦੇ ਚੁਣੇ ਹੋਏ ਹਨ, ਜੋ ਤਦੋਂ ਪੜ੍ਹੇ ਜਾਂਦੇ ਸਨ, ਸੋਈ ਪੜ੍ਹੇ ਜਾਣੇ ਹੁਣ ਤਕ ਜਾਰੀ ਹਨ। ਕਈ ਪ੍ਰੇਮੀਆਂ ਨੇ ਇਸ ਤੋਂ ਮਗਰੋਂ ਹੋਰ ਚੜ੍ਹਨ ਵਾਲੀਆਂ ਚੌਂਕੀਆਂ ਦੀਬੀ ਰੀਤਿ ਟੋਰੀ। ਦੋ ਚੌਂਕੀਆਂ ਮਗਰੋਂ ਹੋਰ ਚੜ੍ਹਦੀਆਂ ਹਨ। ਅੱਡਨ ਸ਼ਾਹੀ ਸੰਤ ਭਾਈ ਆਇਆ ਸਿੰਘ ਜੀ ਨੇ ਸਵੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਜਾਣ ਤੋਂ ਮਗਰੋਂ ਬੀ ਇਕ ਚੌਂਕੀ ਚੜ੍ਹਾਉਣ ਦੀ ਰਸਮ ਜਾਰੀ ਕੀਤੀ ਸੀ। ਗੱਲ ਕੀ ਚੌਂਕੀ ਸਾਹਿਬ ਅਜ ਤਕ ਚੜ੍ਹਦੀ ਹੈ, ਅਰ ਅਕਾਲ ਤਖਤ ਅੱਪੜਨ ਤੇ ਰੌਣਕ ਅਚਾਨਕ ਵਧ ਜਾਂਦੀ ਹੈ।

--o--

(ਠ)

ਢੇਸਾ ਪਹਿਲਾਂ ਅਨਹੋਂਦ ਦਾ ਬੰਦਾ ਸੀ ਅਰਥਾਤ ਨਾਸਤਕ ਸੀ। ਵਸਦੇ ਰਸਦੇ ਸੰਸਾਰ ਵਿਚ ਉਸਨੂੰ ਐਉਂ ਭਾਸਦਾ ਸੀ ਕਿ ਕੁਛ ਹੈ ਨਹੀਂ, ਜੋ ਦਿੱਸਦਾ ਹੈ ਇਸਦੇ ਬਦਲਣ ਮਾਤ੍ਰ ਦੇ ਭੁਲੇਵੇਂ ਵਿੱਚ ਉਹ ਅਨਹੋਂਦ ਵੇਂਹਦਾ ਸੀ। ਇਹ ਨਹੀਂ ਸੀ ਸਮਝਦਾ ਕਿ ਜੋ ਬਦਲਣਾ ਹੈ, ਇਹ ਵਿਨਾਸ਼ ਨਹੀਂ, ਇਕ ਹੋਂਦ ਹੈ ਅਰ ਇਹ ਸਭ ਉਸ ਸਦਾ ਦੀ ਹੋਂਦ ਦੇ ਲੱਖਣ ਹਨ। ਵਟਾਉ ਸਟਾਉ ਕਿਸੇ 'ਹੋਂਦ' ਦੇ ਹੋਣ ਦਾ ਸਬੂਤ ਹਨ, ਅਨਹੋਂਦ ਦਾ ਨਹੀਂ, ਪਰ ਉਸਦੀ ਅਕਲ ਇਸੇ ਪੁੱਠੇ ਪਾਸੇ ਪਈ ਹੋਈ ਸੀ। ਉਂਵ ਅਕਲ ਚਤੁਰ ਸੀ। ਸੋ ਉਸਦੀ ਚਤੁਰਾਈ ਨੂੰ ਭਾਈ ਸਾਈਂਦਾਸ ਜੀ ਦੀ ਉਚੇਰੀ ਤੇ ਉੱਜਲ ਚਤੁਰਾਈ ਨੇ, ਜੋ ਸੱਚ ਦੀ ਟੇਕ ਵਾਲੀ ਸੀ, ਜਿੱਤ ਲਿਆ ਸੀ। ਉਸਦੀ ਅਕਲ ਨੂੰ ਜੋ ਸੱਖਣਾਪਨ ਵੇਖ ਰਹੀ ਸੀ ਭਾਈ ਜੀ ਨੇ ਭਰਿਆਪਨ ਦਿਖਾ ਦਿੱਤਾ ਸੀ। ਫਿਰ ਉਸਦੀ ਰਹਿਣੀ ਵਿੱਚ ਭਲੇ ਸੁਭਾ ਦੇ, ਸੇਵਾ ਦੇ, ਭਲੀ ਕਰਨੀ ਆਦਿਕ ਦੇ ਦਵਾ ਦਾਰੂ ਤਾਂ ਸਮਝਦਾ ਸੀ ਕਿ ਮੈਂ ਪੂਰਨ ਹੋ ਚੱਲਿਆ ਹਾਂ, ਪਰ ਭਾਈ ਜੀ ਜਾਣਦੇ ਸੀ ਕਿ ਅਜੇ ਢੇਸਾ ਲਾਕੇ ਉਸ ਵਿੱਚ ਸੰਜਮ ਤੇ ਨੇਕੀ ਵਸਾਈ ਸੀ। ਢੇਸਾ ਤਾ ਸਮਝਦਾ ਸੀ ਕਿ ਮੈਂ ਪੂਰਨ ਹੋ ਚਲਿਆ ਹਾਂ, ਪਰ ਭਾਈ ਜੀ ਜਾਣਦੇ ਸੀ ਕਿ ਅਜੇ ਢੇਸਾ ਸਤਿਸੰਗਤ ਦੇ ਬਹਿਰੰਗ* ਰੰਗਾਂ ਵਿਚ ਆਇਆ ਹੈ, ਅਜੇ ਤਾਂ 'ਗੁਣ' ਪੈਦਾ ਹੋ ਰਹੇ ਹਨ, ਕਿਉਂਕਿ 'ਵਿਣੁ ਗੁਣ ਕੀਤੇ ਭਗਤਿ ਨ ਹੋਇ॥' ਗੁਣ ਆਉਣ ਤਾਂ ਭਗਤੀ ਹੋਵੇ ਤੇ ਗੁਣ ਸਾਰੇ ਰੱਬ ਵਿਚ ਹਨ, ਬੰਦੇ ਤਾਂ ਨਿਰਗੁਣ ਹਨ। ਫੇਰ ਗੁਣ ਕੀਕੂੰ ਆਉਣ? ਸਤਿਸੰਗ ਵਿਚ ਰੱਬ ਦਾਂ ਨਿਵਾਸ ਹੈ, ਸਤਿਸੰਗ ਵਿਚ ਗੁਣ ਲੱਭਦੇ ਹਨ, ਕਿਉਂਕਿ ਸਤਿਸੰਗ ਸਾਈਂ ਦੀ ਮਾਨੋਂ ਹੱਟ ਹੈ ਤੇ ਓਥੇ ਗੁਣਾਂ ਦੀ ਰਾਸ ਮੌਜੂਦ ਰਹਿੰਦੀ ਹੈ, ਜੋ ਵਿਹਾਜਣਹਾਰਾਂ ਨੂੰ ਅਮੁੱਲ ਮਿਲਦੀ ਹੈ। ਓਥੋਂ ਫੇਰ 'ਸਭਿ ਗੁਣ ਤੇਰੇ ਮੈ ਨਾਹੀ ਕੋਇ॥' ਵਾਕ ਮੂਜਬ ਮੈਂ ਨਿਰਗੁਣ ਵਿੱਚ ਸਾਈਂ ਗੁਣੀ ਭੰਡਾਰ ਦੇ ਗੁਣ ਝਲਕੇ ਮਾਰਨ ਲਗ ਪੈਂਦੇ ਹਨ। ਤਦੇ ਵਾਕ ਹੈ:-

'ਮੇਰੇ ਮਾਧਉ ਜੀ ਸਤਸੰਗਤਿ
ਮਿਲੇ ਸੁ ਤਰਿਆ॥'

ਸੋ ਭਾਈ ਜੀ ਨੇ ਪਹਿਲਾਂ ਢੇਸੇ ਦੀ ਦਿਮਾਗ਼ੀ ਹਿਲਜੁਲ ਨੂੰ ਆਪਣੀ ਉੱਜਲ ਬੁੱਧੀ ਨਾਲ ਠੰਢ ਪਾਈ, ਫੇਰ (੨) ਸੰਜਮ ਸਿਖਾਇਆ--ਜਿਸ ਦਾ ਵੇਰਵਾ ਪਿੱਛੇ ਆ ਚੁਕਾ ਹੈ- ਫੇਰ (੩) ਉਸਨੂੰ ਸੇਵਾ ਦੀ ਪਹਿਲੀ ਮੰਜ਼ਲ ਸਿਖਾਈ, ਜੋ ਉਸਨੇ ਉਨ੍ਹਾਂ ਦੀ ਆਗਿਆ ਵਿਚ ਕੀਤੀ। ਫੇਰ (੪) ਢੇਸੇ ਨੂੰ ਕੀਰਤਨ ਸੁਣਨ ਦਾ ਰਸ ਪੈ ਗਿਆ, ਫੇਰ (੫) ਭਾਈ ਜੀ ਦੇ ਸਤਿਸੰਗ ਦੀ ਇੱਛਾ ਪ੍ਰਬਲ ਹੋ ਆਈ ਤੇ ਭਾਈ ਜੀ ਨੂੰ ਡੱਲੇ ਤੋਂ ਡਰੋਲੀ ਲੈ ਆਇਆ। ਵਰਤਾਉ ਤੇ ਸਤਿਸੰਗ ਨੇੜੇ ਹੋ ਗਿਆ। ਭਾਈ ਜੀ ਦਾ ਜੀਵਨ ਤੇ ਪ੍ਰਚਾਰ ਤੇ ਮਕਾਨ ਦਾ ਉਸਰਨਾ ਤੇ ਸਤਿਗੁਰਾਂ ਦਾ ਆ ਕੇ ਠਹਿਰਨਾ ਸਾਰੇ ਸੁਹਣੇ ਨਜ਼ਾਰੇ ਅੱਖਾਂ ਅੱਗੋਂ ਲੰਘੇ। ਕਿਤਨਾ ਚਿਰ ਸਤਿਗੁਰੂ ਜੀ ਦੇ ਪ੍ਰਤੱਖ ਦਰਸ਼ਨ ਹੁੰਦੇ ਰਹੇ। (੬) ਇਸ ਸਾਰੇ ਅਰਸੇ ਵਿਚ ਢੇਸਾ ਸਹਿਜ ਸੁਭਾਉ ਗੁਰਬਾਨੀ ਦਾ ਰਸੀਆ ਹੋ ਗਿਆ। ਗੁਰਬਾਨੀ ਦਾ ਪਾਠ ਮਨ ਦੀ ਸ਼ੁੱਧੀ ਵਾਸਤੇ ਕਰੀਦਾ ਹੈ, ਪਜਾਰ ਵਾਸਤੇ ਕਰੀਦਾ ਹੈ, ਦਿਲ ਦੇ ਇਕ

* ਬਾਹਰਲੇ


www.sikhbookclub.com

SIKHBOOKCLUB.COM

ਰੁਖ ਵਲ ਝੁਕਾਉ ਪੈਦਾ ਕਰਨ ਲਈ ਕਰੀਦਾ ਹੈ। ਸੋ ਢੇਸਾ ਬੜੇ ਪ੍ਰੇਮ ਨਾਲ ਗੁਰਬਾਣੀ ਦਾ ਪਾਠ ਤੇ ਵੀਚਾਰ ਕਰਨ ਲਗ ਪਿਆ, ਬਾਣੀ ਦੇ ਵਿਚਾਰ ਵਾਲੇ ਅਸਰ ਨਾਲ ਦਿਮਾਗ਼ ਮੰਝਣ ਲਗ ਪਿਆ। ਸੋ ਬਾਣੀ ਦੇ ਪਹਿਲੇ ਅਸਰ* ਨੇ ਮਨ ਸਾਫ ਕੀਤਾ, ਮਾਯਾ ਦੀ ਮੈਲ ਤੋੜੀ ਤੇ 'ਵਿਚਾਰ ਰੂਪੀ ਅਸਰ' ਨੇ ਦਿਮਾਗ ਗਜਾਨ ਮਈ ਕੀਤਾ। ਹੁਣ ਇਕ ਪ੍ਰਭਾਵ ਮਨ ਤੇ ਇਹ ਪੈਦਾ ਹੈ ਕਿ ਏਥੇ ਨਾਮ ਦਾ ਨਿਵਾਸ ਹੋ ਜਾਵੇ।

(੭)ਨਾਮ ਇਕ ਦਾਤ ਹੈ, ਜੋ ਸਾਈਂ ਦੀ ਮਿਹਰ ਨਾਲ ਮਿਲਦੀ ਹੈ। ਕੋਈ ਨਹੀਂ ਸਿਮਰਨ ਕਰ ਸਕਦਾ, ਜਿਸ ਪਰ ਇਹ ਮਿਹਰ ਨਹੀਂ:-

"ਸੇ ਸਿਮਰਹਿ ਜਿਨ ਆਪਿ ਸਿਮਰਾਏ"॥

ਤੇ ਇਸ ਮਿਹਰ ਦੀ ਪ੍ਰਾਪਤੀ ਦੀ ਜੁਗਤੀ ਅਗਲੀ ਤੁਕ ਵਿਚ ਹੈ:-

"ਨਾਨਕ ਤਾਕੈ ਲਾਗਉ ਪਾਏ॥"

ਨਾ ਹੀ ਕੋਈ ਜਪ, ਤਪ, ਸੰਜਮ ਤੇ ਸੇਵਾ ਕਰਨੀ ਇਸ ਦਾਤ ਦਾ ਹੱਕਦਾਰ ਬਣਾਉਂਦੀ ਹੈ। ਨਾ ਹੀ ਕੋਈ ਵਿਉਂਤ ਹੈ, ਜਿਸ ਨਾਲ ਕਿ ਕਿਸੇ ਪ੍ਰਕਾਰ ਦੇ ਜ਼ੋਰ ਨਾਲ ਇਹ ਲੱਭ ਸਕੇ:-

'ਜੇ ਕਿਸੈ ਕਿਹੁ ਦਿਸਿ ਆਵੈ ਤਾ ਕੋਈ ਕਿਹੁ ਮੰਗਿ ਲਏ ਅਕੈ ਕੋਈ ਕਿਹੁ ਦੇਵਾਏ ਇਹੁ ਹਰਿ ਧਨੁ ਜੋਰਿ ਕੀਤੈ ਕਿਸੈ ਨਾਲਿ ਨ ਜਾਇ ਵੰਡਾਇਆ"॥

ਫਿਰ ਇਹ ਕਿੱਥੋਂ ਲਭਦਾ ਹੈ:-

"ਹਰਿ ਧਨੁ ਰਤਨ ਜਵੇਹਰੀ ਸੋ ਗੁਰਿ ਹਰਿ ਧਨੁ ਹਰਿ ਪਾਸਹੁ ਦੇਵਾਇਆ"॥

ਅਰਥਾਤ- ਇਹ ਹਰ ਧਨ ਰਤਨ ਜਵਾਹਰਾਂ ਵਾਂਙੂ ਅਮੋਲਕ ਹੈ ਤੇ ਰੱਬ ਜੀ ਤੋਂ ਲੱਭਦਾ ਹੈ ਤੇ ਗੁਰੂ ਮਹਾਰਾਜ ਜੀ ਰੱਬ ਪਾਸੋਂ ਦਿਵਾਉਂਦੇ ਹਨ ਤੇ ਰੱਬ ਜੀ ਇਹ ਕਿਸ ਤਰ੍ਹਾਂ ਦੇਂਦੇ ਹਨ:-

"ਜਿਸ ਨੋ ਸਤਿਗੁਰ ਨਾਲਿ ਹਰਿ ਸਰਧਾ ਲਾਏ
ਤਿਸੁ ਹਰਿ ਧਨ ਕੀ ਵੰਡ ਹਥਿ ਆਵੈ ਜਿਸਨੋ ਕਰਤੈ
ਧੁਰਿ ਲਿਖਿ ਪਾਇਆ॥" (ਵਾਰ ਬਿ: ਮ: ੪)

ਫਿਰ ਜੋ ਮਨ ਨੂੰ ਸ਼ੁੱਧ ਕਰਨਾ ਹੈ, ਆਚਰਨ ਨੇਕ ਬਣਾਉਣੇ ਹਨ, ਸੇਵਾ ਤੇ ਸੰਜਮ ਸਿੱਖਣਾ ਹੈ, ਨਿੱਤਨੇਮ ਤੇ ਬਾਣੀ ਦਾ ਪਾਠ (ਅਭਿਆਸ) ਕਰਨਾ ਹੈ, ਇਸਦਾ ਕੀ ਮਤਲਬ ਹੈ? ਉੱਤਰ ਇਹ ਹੈ ਕਿ ਨਾਮ ਤਾਂ ਰੱਬੀ ਦਾਤ ਹੈ, ਪਰ ਦਾਤਾ ਜਦ ਦਾਤ ਦੇਂਦਾ ਹੈ ਤਾਂ ਮੰਗਤਾ ਅੱਗੋਂ ਝੋਲੀ ਅੱਡਦਾ ਹੈ। ਸੋਈ ਸ਼ੁਭ ਗੁਣਾਂ ਦਾ ਧਾਰਨਾ, ਸੇਵਾ ਤੇ ਬਾਣੀ ਦਾ ਅਭਿਆਸ ਕਰਨਾ, ਕੁਛ ਇਸੇ ਤਰ੍ਹਾਂ ਦੀ ਇਕ ਤਿਆਰੀ ਹੈ। ਇਸ ਨਾਲ ਮਨ ਸ਼ੁਧ ਹੋਕੇ ਸਾਈਂ ਦੇ ਦਰ ਝੋਲੀ ਵਾਂਙੂ ਅੱਡਿਆ ਜਾਂਦਾ ਹੈ। ਜਦੋਂ ਫੇਰ ਦਾਤ ਮਿਲਦੀ ਹੈ ਤਾਂ ਝੋਲੀ ਦੇ ਵਿੱਚ ਪੈਂਦੀ ਹੈ।

ਭਾਈ ਸਾਈਂਦਾਸ ਨੇ ਢੇਸੇ ਨੂੰ ਅਣਹੋਂਦ ਭਾਵ ਦੇ ਹਨੇਰੇ ਵਿਚੋਂ ਕੱਢ ਕੇ ਤੋਟੇ ਤੇ ਸ਼ੂਨਤਾ ਦੇ ਅੰਦਰ ਵਾਪਰ ਰਹੇ ਅਸਰ ਤੋਂ ਸਾਫ ਕਰਕੇ ਤੇ ਸ਼ੁਭ ਗੁਣਾਂ ਵਿੱਚ ਸੁੱਧ ਮਨ ਕਰਕੇ ਸਤਿਗੁਰਾਂ ਵਲੋਂ ਹਰਿਧਨ ਦੀ ਦਾਤ ਦਿਵਾਏ ਜਾਣ ਲਈ ਤਿਆਰ ਕਰ ਰਖਿਆ ਸੀ। ਡਰੋਲੀ ਨਿਵਾਸ ਦੇ ਦਿਨਾਂ ਵਿਚ ਆਪ ਸਤਿਗੁਰ ਜੀ ਇਕ ਦਿਹਾੜੇ ਬਾਹਰ ਸ਼ਿਕਾਰ ਤੋਂ ਆਏ ਕਿਸੇ ਖੂਹ ਤੇ ਬੈਠੇ ਸਨ ਕਿ ਢੇਸਾ ਸਾਰੇ ਸਿੱਖਾਂ ਤੋਂ ਪਹਿਲਾਂ ਅੱਪੜ ਪਿਆ। ਗੁਰੂ ਜੀ ਨੂੰ ਪਿਆਸ ਲੱਗ ਰਹੀ ਸੀ। ਢੇਸੇ ਨੇ ਦੌੜਕੇ ਖੂਹ ਤੋਂ ਜਲ ਆਂਦਾ ਤੇ ਛਕਾਇਆ। ਸਤਿਗੁਰ ਜੀ ਨੇ ਇੱਕ ਤਿਰਛੀ ਨਿਗਾਹ ਨਾਲ ਵੇਖਿਆ ਫੇਰ ਬੋਲੇ- ਤੇਰਾ ਨਾਮ?

---

* ਬਾਣੀ ਪਦ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦੋ ਭਾਵ ਹਨ, ਇਕ ਨਾਮ, ਦੂਸਰਾ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖੀ ਗਈ ਬਾਣੀ। ਇਸ ਗੁਰਬਾਣੀ ਦੇ ਪਾਠ ਵਿਚ ਇਕ ਤਾਂ ਉਪਦੇਸ਼ ਹੈ, ਜਿਸ ਨੂੰ ਵਿਚਾਰ ਨਾਲ ਸਮਝੀਦਾ ਹੈ, ਇਹ ਦਿਮਾਗ਼ ਉੱਜਲ ਕਰਦਾ ਹੈ। ਦੂਸਰੇ ਮਨ ਨੂੰ ਪਵਿੱਤ੍ਰ ਕਰਨੇ ਦਾ ਅਸਰ ਹੈ, ਤੀਸਰੇ ਇਸ ਵਿਚ ਸਿਫਤ ਸਲਾਹ ਹੈ। ਸਾਈਂ ਦਾ ਨਾਮ ਹੈ- 'ਮਹਾ ਮੰਤ੍ਰੁ ਨਾਨਕੁ ਕਥੈ ਹਰਿ ਕੇ ਗੁਣ ਗਾਈ॥' ਉਹ ਮਹਾਂ ਮੰਤ੍ਰ ਕਿਹੜੀ ਸ਼ੈ ਹੈ:- "ਸੁਨਤ ਜਪਤ ਹਰਿਨਾਮ ਜਸੁ ਤਾਕੀ ਦੂਰਿ ਬਲਾਈਂ॥ ਹਰੀ ਦੇ ਨਾਮ ਦਾ ਜਸ ਗੁਰਬਾਣੀ ਹੈ, ਸੋ ਗੁਰਬਾਣੀ ਦਾ ਸੁਣਨਾ ਤੇ ਜਪਣਾ ਮਹਾਂ ਮੰਤ੍ਰ ਦੇ ਅਸਰ ਵਾਲਾ (ਭਾਵ ਮੈਲਾਂ ਵਿਖੇਪਾਂ ਤੇ ਦੁਖਾਂ ਨੂੰ ਦੂਰ ਕਰਨੇ ਵਾਲਾ) ਹੈ। ਵਾਕ ਹੈ- ਬਾਣੀ ਮੰਤ੍ਰ ਮਹਾਂ ਪੁਰਖਨ ਕੀ ਮਨਹਿ ਉਤਾਰਨ ਮਾਨ ਕਉ॥

SIKHBOOKCLUB.COM

ਢੇਸਾ- ਜੀਓ, ਦਾਸ ਦਾ ਨਾਮ ਹੈ, ਢੇਸਾ।

ਸਤਿਗੁਰ ਜੀ- ਅਜੇ ਵੇਲਾ ਨਹੀਂ ਆਇਆ।

ਇਹ ਸੁਣਕੇ ਢੇਸਾ ਪੈਰਾਂ ਤੇ ਢੈ ਪਿਆ ਤੇ ਬੋਲਿਆ- 'ਦਰ ਢੱਠਣੀਂ' ਬਖਸ਼ੀ ਰੱਖਣੀ।

ਸਤਿਗੁਰ ਜੀ-ਹਾਂ, ਪਰ ਓਹ......ਅਜੇ ਓਹ.....ਵੇਲਾ ਨਹੀਂ।

ਇਹ ਗੱਲ ਬੀਤ ਗਈ। ਢੇਸੇ ਨੇ ਸਾਈਂ-ਦਾਸ ਨੂੰ ਦੱਸਿਆ। ਉਨ੍ਹਾਂ ਆਖਿਆ: ਢੇਸਿਆ! ਤੁਧ ਭਲੀ ਮੰਗ ਮੰਗੀ- 'ਦਰ ਢੱਠਣੀਂ ਮਿਲੀ ਰਹੇ' ਸਾਡੇ ਲਈ ਤਾਂ ਏਹੋ ਬੱਸ ਹੈ।

ਢੇਸਾ- ਪਰ ਭਾਈ ਸਾਹਿਬ ਜੀ! ਮੈਂ ਉਸ ਵੇਲੇ ਮੰਗਿਆ ਕੁਛ ਨਹੀਂ ਸੀ, ਇਹ ਮੈਂ ਬੇਅਦਬੀ ਸਮਝੀ ਸੀ ਜਿਸਦੇ ਕਰਨੋਂ ਡਰਦਾ ਸਾਂ।

ਭਾਈ ਜੀ- ਤੁਸਾਂ ਭਲਾ ਕੀਤਾ, ਪਰ ਉਹ ਸ਼ਹਿਨਸ਼ਾਹ ਆਪੇ ਤ੍ਰੁੱਠਣ ਲੱਗਾ ਸੀ ਤੇ ਤੂੰ ਸਮਝ ਤ੍ਰੁੱਠ ਪਿਆ ਹੈ, ਹੁਣ ਤਾਂ ਸਮੇਂ ਦੀ ਗੱਲ ਰਹਿ ਗਈ ਏ, ਦਾਤ ਮਿਲਣੀ ਤਾਂ ਨਿਸ਼ਚੇ ਹੋ ਗਈ ਹੈ। 'ਅਜੇ ਵੇਲਾ ਨਹੀਂ ਆਇਆ'। ਇਸਦਾ ਅਰਥ ਹੈ ਕਿ ਦਾਤ ਤਾਂ ਜ਼ਰੂਰ ਮਿਲਣੀ ਹੈ ਪਰ ਅਜੇ ਸਮਾ ਨਹੀਂ ਆਇਆ, ਸਮਾ ਆਵੇਗਾ ਤਾਂ ਮਿਲੇਗੀ। ਸੋ ਮਿਲਣਾ ਤਾਂ ਨਿਸ਼ਚੇ ਹੋ ਗਿਆ, ਵਕਤ ਅਨਿਸ਼ਚੇ ਰਿਹਾ, ਸੋ ਵਡੇਰਾ ਕੰਮ ਤਾਂ ਹੋ ਗਿਆ, ਸਮੇਂ ਦਾ ਕੀ ਹੈ, ਇਹ ਤਾਂ ਬੀਤਦਾ ਰਹਿੰਦਾ ਹੈ ਤੇ ਮਿਥਿਆ ਹੋਇਆ ਅਵਸਰ ਆ ਹੀ ਜਾਂਦਾ ਹੈ। ਹੁਣ ਸ਼ੁਕਰ ਵਿੱਚ ਰਹੁ।

ਢੇਸਾ- ਜੀਓ ਦਾਤਾ ਜੀਓ! ਮੈਨੂੰ ਤਾਂ ਆਪਣੇ ਸਤਿਸੰਗ ਦਾ ਦਰ ਬਖਸ਼ੀ ਰੱਖੋ, ਫੇਰ ਜੋ ਦਿਓ ਸੋ ਵਾਧਾ ਤੇ ਜਦੋਂ ਦਿਓ ਸੁ ਤਦੋਂ ਹੀ ਵਾਧਾ।

ਇਸ ਤਰ੍ਹਾਂ ਦੇ ਬਚਨ ਬਿਲਾਸ ਮਗਰੋਂ ਢੇਸਾ ਉਸੇ ਤਰ੍ਹਾਂ ਲੱਗਾ ਰਿਹਾ। ਇਕ ਦਿਨ ਸਵੇਰ ਸਾਰ ਜਦੋਂ ਕਿ ਸਤਿਗੁਰ ਜੀ ਤੁਰਨ ਦੀਆਂ ਤਿਆਰੀਆਂ ਕਰ ਰਹੇ ਸੇ, ਢੇਸਾ ਬਾਣੀ ਪੜ੍ਹਦਾ ਖੇਤਾਂ ਦੇ ਵਿੱਚ ਦੀ ਜਾ ਰਿਹਾ ਸੀ ਕਿ ਉਸ ਦੀ ਮਧੁਰ ਧੁਨੀ ਸਤਿਗੁਰਾਂ ਨੇ ਸੁਣੀ। ਆਪ ਉਸ ਵੇਲੇ ਇਕ ਵਗਦੇ ਖੂਹ ਦੇ ਚੁਬੱਚੇ ਤੇ ਵਗਦੇ ਜਲ ਵਿਚ ਚਰਨ ਰੱਖੀ ਬੈਠੇ ਸਨ, ਮਿੱਠੀ ਧੁਨਿ ਸੁਣਕੇ ਆਪ ਬੜੇ ਖੁਸ਼ ਹੋਏ ਤੇ ਬੋਲੇ: ਢੇਸਿਆ!

ਢੇਸਾ ਭੱਜਕੇ ਆਇਆ ਤੇ ਚਰਨਾਂ ਤੇ ਢੈ ਪਿਆ।

ਸਤਿਗੁਰ ਜੀ- ਢੇਸਾ।

ਢੇਸਾ- ਜੀ ਪਾਤਸ਼ਾਹ?

ਸਤਿਗੁਰ ਜੀ- ਜਾਹ, ਇਕ ਕੋਹ ਹੋਰ ਅੱਗੇ ਤੇ ਉਜਾੜ ਵਿਚ ਇਕ ਘੜੀ ਬੈਠਕੇ ਆ ਜਾ। ਜਾਹੁ, ਚੁਪ ਬੈਠਕੇ ਆ ਜਾ।

ਢੇਸਾ ਮੱਥਾ ਟੇਕ ਕੇ ਟੁਰ ਗਿਆ। ਦਿਲ ਵਿਚ ਇਕ ਚਾਉ ਹੈ ਤੇ ਇਕ ਸਹਿਮ ਹੈ। 'ਦਾਤੇ ਨੇ ਹੁਕਮ ਦਿੱਤਾ' ਹੈ ਇਸ ਗਲ ਦਾ ਤਾਂ ਚਾਉ ਹੈ। ਕੀਹ ਹੋਣਾ ਹੈ? ਇਹ ਸਹਿਮ ਹੈ। ਪਰ ਉਹ ਗੁਰੂ ਗੁਰੂ ਜਪਦਾ ਟੁਰੀ ਗਿਆ ਤੇ ਜਾ ਇਕ ਉਜਾੜ ਵਿਚ ਬੈਠਾ। ਢੇਸੇ ਨੇ ਹੁਣ ਅੱਖਾਂ ਮੀਟ ਲਈਆਂ ਤੇ ਮੂੰਹ ਬੰਦ ਕਰ ਲਿਆ। ਚਾਰ ਚੁਫੇਰੇ ਚੁੱਪ ਚਾਪ ਸੀ। ਕੰਨਾਂ ਵਿਚ ਲੱਗੀ ਆਪਣੇ ਹੀ ਸਰੀਰ ਦੇ ਅੰਤ੍ਰੀਵ ਅੰਗਾਂ ਦੀ ਹਰਕਤ ਸੁਣਾਈ ਦੇਣ: ਸ਼ਾਂ ਸ਼ਾਂ, ਪਰ ਢੇਸੇ ਕਿਹਾ- ਸੱਚ ਮੁੱਚ ਸਤਿਗੁਰ ਨੇ ਇਹ ਸ਼ਾਂ ਸ਼ਾਂ ਸੁਣਨ ਤਾਂ ਮੈਨੂੰ ਨਹੀਂ ਘੱਲਿਆ, ਇਹ ਤਾਂ ਐਵੇਂ ਪਈ ਇਕਾਂਤ ਵਿੱਚ ਸੁਣੀਂਦੀ ਹੈ; ਜਦੋਂ ਕਿ ਬਾਹਰ ਦੇ ਉੱਚੇ ਸ਼ਬਦ ਬੋਲਣੋਂ ਹਟ ਜਾਣ। ਮੈਨੂੰ ਸਤਿਗੁਰ ਨੇ ਏਸਦੇ ਸੁਣਨ ਲਈ ਨਹੀਂ ਘੱਲਿਆ ਹੋਣਾ, ਉਹ ਉੱਚਾ ਦਾਤਾ ਕਿਸੇ ਉਚੇ ਮਨਤੱਵ ਤੇ ਆਪਣੇ ਸੇਵਕਾਂ ਨੂੰ ਟੋਰਦਾ ਹੈ। ਇਹ ਸ਼ਾਂ ਸ਼ਾਂ ਤਾਂ ਨਿੰਮ ਬਹੁਤ ਪੀ ਲਈਏ ਜਾ ਖੁਸ਼ਕੀ ਚੜ੍ਹ ਜਾਏ ਤਾਂ ਆਪੇ ਹੀ ਜ਼ੋਰਾਂ ਦੀ ਸੁਣ ਲਈ ਦੀ ਹੈ; ਤਾਂ ਤੇ ਇਧਰੋਂ ਧਿਆਨ ਮੋੜਾਂ। ਸੋ ਢੇਸੇ ਨੇ ਆਪਣੇ ਧਿਆਨ ਨੂੰ ਸ਼ਾਂ ਸ਼ਾਂ ਵਲੋਂ ਮੋੜਿਆ, ਤਾਂ ਅੱਖਾਂ ਅੱਗੋਂ ਕਈ ਦੇਖੇ ਥਾਂ ਤੇ ਡਿੱਠੇ ਜੀਵ ਲੰਘੇ। ਢੇਸੇ ਕਿਹਾ, ਜ਼ਰੂਰ ਮੇਰੇ ਸਤਿਗੁਰ ਦਾ ਇਹ ਮਤਲਬ ਨਹੀਂ ਹੋਣਾ ਕਿ ਮੇਰੇ ਦਿਮਾਗ਼ ਅੱਗੇ, ਮੇਰੇ ਚੇਤੇ ਦੀ ਸ਼ਕਤੀ ਨਾਲ ਡਿੱਠੇ ਹੋਏ ਥਾਂ ਤੇ ਵੇਖੇ ਹੋਏ ਜੀਵ ਲਿਆ ਲਿਆ ਰੱਖੋ। ਜ਼ਰੂਰ ਮੇਰੇ ਸਤਿਗੁਰ ਦਾ ਆਸ਼ਾ ਗੰਭੀਰ ਤੇ ਉੱਚਾ ਹੈ। ਫੇਰ ਉਸਨੇ ਏਸ ਤੋਂ ਬੀ ਜੀ ਨੂੰ ਮੋੜ ਲਿਆ ਤੇ ਜੋ ਸੂਰਤ ਮਨ ਅਗੇ ਆਵੇ ਉਸ ਨੂੰ ਵਰਜਕੇ ਬਾਹਰੋਂ ਹੀ ਟੋਰ ਦੇਵੇ, ਤਾਂ ਅੰਦਰ ਇਕ ਵਿਹਲ ਜਹੀ ਲੱਗੀ ਭਾਸਣ। ਢੇਸੇ ਕਿਹਾ, ਜ਼ਰੂਰ ਮੇਰੇ ਦਾਤੇ ਦਾ ਇਹ ਵਿਹਲ ਮਾਤ੍ਰ ਨੂੰ ਤੱਕਣਾ ਮੇਰੇ



www.sikhbookclub.com

ਘੱਲਣ ਦਾ ਪਰੋਜਨ ਨਹੀਂ ਹੋ ਸਕਦਾ । ਤਦ ਉਸ ਆਖਿਆ: ਹੁਣ ਮੈਂ ਹੋਰ ਕਰਾਂ ਕੀਹ? ਨਾ ਸ਼ਾਂ ਸ਼ਾਂ ਸੁਣਾ, ਨਾ ਮੂਰਤਾਂ ਦੇ ਅਕਸ ਵੇਖਾਂ, ਹਾਂ ਸਭ ਨੂੰ ਵਰਜ ਰਹਾਇਆ ਜੋ ਵਿਹਲ ਜਿਹੀ ਪਈ ਹੈ, ਇਸ ਵਿੱਚ ਟਿਕਾਂ?

ਪਰ ਓਹ! ਮੈਂ ਕਿਉਂ ਕਰਣੀਆਂ ਵਿੱਚ ਲੱਗਾ ਪਿਆ ਹਾਂ? ਮੈਨੂੰ ਬਹਿ ਆਉਣ ਦਾ ਹੁਕਮ ਹੈ। ਘੜੀ ਭਰ ਬਹਿਕੇ ਟੁਰ ਜਾਵਾਂ। ਪਰ ਹਾਂ....ਚੁੱਪ ਬਹਿ ਕੇ ਟੁਰ ਜਾਵਾਂ। ਹੈਂ, ਪਰ ਮੈਂ ਤਾਂ ਆਪੇ ਕੁਛ ਕੁਛ ਕਰਨ ਲਗ ਪਿਆ ਹਾਂ, ਸੋ ਮੈਂ ਕਰਾਂ ਕੁਛ ਨਾਂ, 'ਅ+ਕਰਾਂ' ਜਿਹਾ ਹੋ ਰਹਾਂ, ਪਰ ਕੁਛ ਨਾ ਕਰਣੇ ਵਾਲਾ ਹੋਵਾਂ ਕੀਕੂੰ? ਮਨ ਨੇ ਕੁਛ ਕਰਨਾ ਹੀ ਹੋਇਆ 'ਵਰਜ ਰਹਾਉਣਾ ਕੁਛ ਕਰਨੋਂ ਬੱਸ, ਇਹੋ ਹੀ 'ਅ+ਕਰਾਂ' ਮੈਂ ਕਰਾਂ।

ਹੁਣ ਚੇਤਾ ਆਇਆ ਭਾਈ ਸਾਈਂਦਾਸ ਜੀ ਦਾ, ਪਰ ਸੂਰਤ ਅੱਖਾਂ ਅੱਗੇ ਨਾ ਆਈ। ਸੋਚ ਫੁਰੀ ਮੈਂ ਉਨ੍ਹਾਂ ਨੂੰ ਪੁੱਛਿਆ ਹੁੰਦਾ ਕਿ ਐਹੋ ਜੇਹੇ ਸਮੇਂ ਕੀਹ ਕਰੀਦਾ ਹੈ ਤਾਂ ਹੁਣ ਔਖਾ ਨਾ ਹੁੰਦਾ। ਹੱਛਾ ਭਾਈ ਜੀ ਕਿਹਾ ਕਰਦੇ ਹਨ ਕਿ ਦੇਸ਼ ਕਾਲ ਤਾਂ ਪੜਦੇ ਹੀ ਹੈਨ ਨਾ, ਜੋ ਅਸਲ ਸ਼ੈ ਨੂੰ ਡਿੰਗਾ ਪਾ ਪਾ ਦੱਸਦੇ ਹਨ। ਸੋ ਮੈਂ ਸਮਝਾਂ ਕਿ ਭਾਈ ਜੀ ਮੇਰੇ ਕੋਲ ਹਨ, ਇਸ ਵੇਲੇ ਹਨ, ਸੋ ਮੈਂ ਉਨ੍ਹਾਂ ਵਲ ਤੱਕਦਾ ਹਾਂ, ਓਹ ਦੱਸਣਗੇ ਕਿ ਮੈਂ ਕਿਵੇਂ ਕਰਾਂ? ਢੇਸਾ ਹੁਣ ਜ਼ੋਰ ਲਾਵੇ, ਸਾਈਂਦਾਸ ਜੀ ਦਾ ਚਿਹਰਾ ਅੱਖਾਂ ਅਗੇ ਨਾ ਆਵੇ। ਹੋਰ ਜਗਤ ਦੇ ਦੇਖੇ ਸੁਣੇ, ਆਪਣੇ ਪਰਾਏ, ਵੈਰੀ ਸੱਜਣ ਤਾਂ ਪਏ ਅੱਖਾਂ ਅਗੇ ਝਲਕੇ ਮਾਰਨ, ਪਰ ਗੁਰਮੁਖ ਦਾ ਚਿਹਰਾ ਨਦਰੀ ਨਾ ਆਵੇ। ਫੇਰ ਜ਼ੋਰ ਲਾਇਆ, ਪਰ ਗੁਰਮੁਖ ਦਾ ਧਿਆਨ ਨਾ ਆਇਆ। ਖਿਆਲ ਤਾਂ ਸਾਰਾ ਸਾਈਂਦਾਸ ਵਲ ਲੱਗ ਗਿਆ, ਪਰ ਸੂਰਤ ਨਾ ਦਿੱਸੀ। ਫੇਰ ਢੇਸੇ ਘਬਰਾ ਕੇ ਆਖਿਆ– 'ਵਾਹ ਅਵੈੜੇ ਮਨਾਂ! ਜੋ ਡਾਢੇ ਪਿਆਰੇ ਹਨ, ਜੋ ਇਸਤ੍ਰੀ, ਮਿੱਤ੍ਰ, ਸਨਬੰਧੀ ਸਭ ਤੋਂ ਉੱਚੇ, ਸੁੱਚੇ, ਸੁਹਣੇ ਤੇ ਮਿੱਠੇ ਹਨ ਉਹ ਹੀ ਦਿਲ ਤੋਂ ਐਨੀ ਦੂਰ ਹਨ ਕਿ ਨਹੀਂ ਦੀਹਦੇ। ਹੋਰ ਸਹੁਰੇ ਸਾਰੇ ਪਏ ਦਿਲ ਦੇ ਨੇਤਰਾਂ ਅਗੇ ਘੁੰਮਰ ਪਾਉਂਦੇ ਹਨ; ਵਰਜ ਵਰਜ ਹਟਾਉਂਦਾ ਹਾਂ, ਪਰ ਸ਼ਹਿਤ ਦੁਆਲੇ ਮੱਖੀਆਂ ਹਾਰ ਪਏ ਘੁੰਮਦੇ ਹਨ ਤੇ ਓਹ ਜੋ ਮੈਨੂੰ ਪਿਆਰਾ ਹੈ, ਜਿਸ ਦੀ ਮੇਰੇ ਨਾਲ ਨਿਸ਼ਕਾਮ ਪ੍ਰੀਤਿ ਹੈ, ਜਿਸ ਮੇਰਾ ਉਧਾਰ ਕਰਨਾ ਹੈ, ਦਿਲ ਅਗੇ ਸੂਰਤ ਧਾਰਕੇ ਨਹੀਂ ਆਉਂਦਾ। ਠੀਕ! ਮੇਰਾ ਦਿਲ ਮੈਲਾ ਹੈ, ਤਦੇ ਸਤਿਗੁਰ ਜੀ ਨੇ ਉਸ ਦਿਨ ਕਿਹਾ ਸੀ–

'ਅਜੇ ਵੇਲਾ ਨਹੀਂ ਆਇਆ।'

ਮੈਂ ਸਮਝਦਾ ਸਾਂ ਕਿ ਬਾਣੀ ਤੇ ਸੇਵਾ ਨਾਲ ਮੇਰੀ ਮੈਲ ਝੜ ਗਈ ਹੈ। ਠੀਕ! ਮੇਰੇ ਮਨ ਦੀ ਮੋਟੀ ਮੈਲ ਝੜ ਗਈ ਹੈ, ਪਰ ਹਾਇ! ਕੋਈ ਬਰੀਕ ਮੈਲ, ਡਾਢੀ ਚੰਬੜਨ ਵਾਲੀ ਮੈਲ, ਮੇਰੇ ਅੰਦਰ ਹੈ, ਜੋ ਮੇਰੇ ਦਿਲ ਦੇ ਸ਼ੀਸ਼ੇ ਨੂੰ ਧੁੰਦਲਾ ਕਰ ਰਹੀ ਹੈ, ਜਿਸ ਵਿਚੋਂ ਪ੍ਰੀਤਿ ਵਾਲੇ, ਨਿਰਮਲ ਮਨ ਵਾਲੇ, ਸਾਈਂ ਦੇ ਪਿਆਰੇ, ਸੁੱਚੇ ਆਤਮਾ ਵਾਲੇ ਗੁਰਮੁਖ ਦਾ ਦਿਦਾਰ ਨਹੀਂ ਦਿੱਸਦਾ ਯਾ ਖ਼ਬਰੇ ਐਉਂ ਹੈ ਕਿ ਮੇਰਾ ਦਿਲ ਜੋ ਇਕ ਮੰਦਰ ਹੈ, ਇਸ ਵਿਚ ਮੇਰੇ ਮਿੱਤ੍ਰ, ਸਾਕ ਸਨਬੰਧੀ ਤਾਂ ਭੱਜੇ ਆ ਰਹੇ ਹਨ, ਕਿਉਂਕਿ ਇਹ ਉਨ੍ਹਾਂ ਲਈ ਸੁਹਣਾ ਹੈ, ਪਰ ਗੁਰਮੁਖ ਨਹੀਂ ਆਉਂਦੇ, ਕਿਉਂਕਿ ਇਹ ਉਨ੍ਹਾਂ ਲਈ ਅਜੇ ਕੋਝਰਾ ਥਾਉਂ ਹੈ। ਕੀਹ ਜਾਣੀਏਂ ਇਹ ਮੇਰੇ ਮਨ ਦੀ ਮੈਲ ਕੇਹੀ ਸੂਖਮ ਥਿੰਧੀ ਮੈਲ ਹੈ ਜੋ ਮੈਨੂੰ ਉਂਞ ਤਾਂ ਦੀਹਦੀ ਨਹੀਂ ਪਰ ਉਸ ਵਿਚੋਂ ਸੂਖਮ ਆਕਾਰ ਵਾਲੀਆਂ ਚੀਜ਼ਾਂ ਨਹੀਂ ਦਿੱਸਦੀਆਂ ਤੇ ਮੋਟੇ ਆਕਾਰ ਵਾਲੀਆਂ ਦਿੱਸਦੀਆਂ ਹਨ।

ਹੁਣ ਅਚਾਨਕ ਢੇਸੇ ਨੂੰ ਚੇਤਾ ਆਇਆ ਤੇ ਉੱਚੀ ਬੋਲਿਆ:-

ਓਏ ਮੂਰਖਾ! ਤੈਨੂੰ ਤਾਂ ਹੁਕਮ ਸੀ ਕਿ ਚੁੱਪ ਕਰਕੇ ਬੈਠ ਆ ਤੇ ਤੂੰ ਤਾਂ ਬਾਹਰੋਂ ਚੁੱਪ ਬੈਠਾ ਹੈਂ ਤੇ ਤੇਰੇ ਅੰਦਰ ਘੋੜ ਦੌੜ ਹੋ ਰਹੀ ਹੈ, ਤੇ ਰੌਲੇ ਪੈ ਰਹੇ ਹਨ, ਤੂੰ ਹੁਕਮ ਨਹੀਂ ਪਾਲ ਰਿਹਾ। ਅਡੋਲ ਹੋ, ਚੁੱਪ ਹੋ, ਕੁਛ ਨਾ ਕਰ, ਕੁਛ ਨਾ ਕਰ, ਟਿਕ, ਚੁੱਪ।

ਇਹ ਕਹਿ ਫੇਰ ਸਾਰੇ ਖਿਆਲ ਬਾਹਰ ਦੇ ਬਾਹਰ ਵਰਜ ਰਹਾਵੇ ਤੇ ਅੰਦਰ ਦੇ ਫੁਰਨੇ ਅੰਦਰ ਵਰਜ ਰਹਾਵੇ, ਪਰ ਇਹ ਬੀ ਜਤਨ ਹੀ ਹੋਇਆ ਚੁੱਪ ਨਾ ਹੋਈ। ਚੁੱਪ ਕਿਵੇਂ ਹੋਵੇ? ਬਥੇਰੀ ਚੁੱਪ ਕਰੇ, ਪਰ ਚੁੱਪ ਨਾ ਹੋਵੇ। ਸੋਚ ਫੇਰ ਆ ਪਵੇ। ਸੋਚ ਸੋਚੇ ਤਾਂ ਕੋਈ ਸੋਚ ਅਸੋਚ ਵਿੱਚ ਨਾ ਲੈ ਜਾਵੇ, ਉਹ ਤਾਂ ਸੋਚ ਦੀ ਰੀਂਢ ਸਗੋਂ ਖੁੱਲ੍ਹ ਪਵੇ। ਸੋ ਰਤਾ ਅੰਦਰ ਵਿਹਲ ਜਹੀ ਭਾਸਕੇ ਢੇਸਾ ਜਾਂ ਤਾਂ 'ਸੋਚ'

ਵਿੱਚ ਪੈ ਜਾਵੇ ਜਾਂ 'ਅਸੋਚ ਦੇ ਤਰਲੇਂ ਵਿੱਚ ਪੈ ਜਾਵੇ। ਤਾਂ ਫੇਰ ਸੋਚੇ ਕਿ ਹੁਣ ਚੁੱਪ ਹੈ, ਇਹੋ ਵਿਹਲ ਜੇਹੀ ਚੁੱਪ ਹੈ, ਇਹ ਚੁਪ ਫੇਰ ਅਚੁੱਪ ਭਾਸੇ। ਹਾਂ, ਇਹ ਭਾਸੇ ਕਿ ਇਹ ਚੁੱਪ ਦਾ 'ਤਰਲਾ' ਹੈ। ਫੇਰ ਆਖੇ ਮਨਾਂ ਹੁਕਮ ਸੀ ਚੁੱਪ ਬੈਠ, ਤੂੰ ਕਿਉਂ ਤਰਲੇ ਵਿਚ ਹੈਂ? ਚੁੱਪ ਬੈਠ, ਪਰ ਜਦ ਚੁੱਪ ਬੈਠੇ, ਤਰਲਾ ਛੱਡੇ ਤਾਂ ਸੋਚ ਆ ਪਵੇ। ਜੇ ਸੋਚ ਨੂੰ ਬਾਹਰ ਕੱਢੇ ਤਾਂ ਉਹ ਚੁੱਪ ਦਾ ਤਰਲਾ ਬਣ ਜਾਵੇ, ਚੁੱਪ ਨਾ ਬਣੇ।

ਹੁਣ ਘੜੀ ਮੁੱਕਣ ਤੇ ਆ ਰਹੀ ਸੀ। ਢੇਸੇ ਕਿਹਾ, ਅੱਜ ਫੇਰ ਸਤਿਗੁਰ ਨੇ ਕਹਿਣਾ ਹੈ, ਅਜੇ ਵੇਲਾ ਨਹੀਂ ਆਇਆ। ਹਾਂ, ਜੇ ਆਖਣਗੇ ਤਾਂ ਸੱਚ ਆਖਣਗੇ। ਦੇਖੋ! ਮੈਂ ਇਕ ਘੜੀ ਕੀਹ, ਇੱਕ ਪਲ ਚੁੱਪ ਨਹੀਂ ਬੈਠ ਸਕਦਾ। ਸੱਚ ਹੀ ਕਹਿਣਗੇ ਨਾ। ਹਾਇ! ਕਿਵੇਂ ਚਰਨੀ ਲਾਈ ਰੱਖਣ, ਕਿਤੇ ਸਤਿਗੁਰ ਦੇ ਦਰੋਂ ਧੱਕਾ ਨਾ ਮਿਲ ਜਾਵੇ। ਨਹੀਂ ਨਹੀਂ, ਉਹ ਦਿਆਲੂ ਹਨ, ਧੱਕਾ ਨਹੀਂ ਦੇਣਗੇ ਏਹੋ ਕਹਿਣਗੇ

'ਅਜੇ ਵੇਲਾ ਨਹੀਂ ਆਇਆ'

ਉਹੋ ਹੋ! ਫੇਰ ਮੈਂ ਸੋਚੀਂ ਪੈ ਗਿਆ; ਸੋਚ ਮਨ ਦਾ ਸੁਭਾਉ ਹੈ ਜੋ ਨਹੀਂ ਛੁਟਦਾ, ਪਰ ਨਹੀਂ ਛੁਟਦਾ। ਢੇਸਿਆ! ਚੁੱਪ ਕਰ ਸਤਿਗੁਰੂ ਦੇ ਪਿਆਰੇ ਮੁਖੜੇ ਵਲ ਧਿਆਨ ਕਰ। ਹੁਣ ਨਾ ਚੁੱਪ ਹੁੰਦੀ ਹੈ ਤੇ ਨਾ ਸੋਚ ਹਟਦੀ ਹੈ, ਹੁਣ ਉਨ੍ਹਾਂ ਪਿਆਰੇ ਨੈਣਾਂ ਵਲ ਤੱਕ! ਬੱਸ, ਏਥੇ ਟਿਕ ਜਾ। ਇਹੋ ਅਚੁੱਪ ਤੇ ਏਹੋ ਸੋਚ ਰੱਖ ਲੈ। ਨਾ ਸਹੀ ਚੁੱਪ ਤੇ ਨਾ ਸਹੀ ਅਸੋਚ। ਪੇਸ਼ ਜੋ ਇਸ ਮਨ ਅੱਗੇ ਨਾ ਜਾਂਦੀ ਹੋਈ। ਹੁਣ ਢੇਸੇ ਟੇਕ ਲਾਈ ਤੇ ਲੱਗਾ ਸਤਿਗੁਰ ਦੇ ਚੰਦਰ ਮੁਖ ਨੂੰ ਅੱਖਾਂ ਅਗੇ ਟਿਕਾਉਣ, ਪਰ ਉਹ ਚੇਤਾ ਹੀ ਵਿਸਰ ਗਿਆ। ਖਿਆਲ ਮਾਲਿਕ ਜੀ ਵਲ ਜਾਵੇ, ਪਰ ਧਿਆਨ ਕੋਈ ਨਾ ਬੱਝੇ, ਦਰਸ਼ਨ ਕੋਈ ਨਾ ਹੋਣ। ਢੇਸਾ ਜ਼ੋਰ ਲਾ ਥੱਕਾ, ਪਰ 'ਜੋਰੁ ਨ ਸੁਰਤੀ ਗਿਆਨਿ ਵੀਚਾਰਿ'॥ਜੋਰ ਦੀ ਪੇਸ਼ ਨਾ ਗਈ। ਫੇਰ ਨਿਰਾਸ ਹੋ ਕੇ ਰੋ ਪਿਆ, ਹਾਇ! ਮੈਂ ਮੂਰਖ! ਜਿਸਨੇ ਕਈ ਵਰ੍ਹੇ ਹਾਮੇ ਬੰਨ੍ਹੀ ਰੱਖੇ ਕਿ ਕੁਛ ਹੈ ਹੀ ਨਹੀਂ ਤੇ ਮੇਰੀ ਅਕਲ ਮੁੰਕਮਲ ਹੈ, ਅਜ ਮੈਂ ਐਨਾਂ ਬੇਵਸ ਬੱਚੇ ਵਰਗਾ ਹੋ ਰਿਹਾ ਹਾਂ ਕਿ ਮੈਂ ਆਪਣੇ ਮਾਲਕ ਦਾ ਮੂੰਹ ਨਹੀਂ ਤੱਕ ਸਕਦਾ। ਆਪਣੇ ਆਪ ਨੂੰ ਚੁੱਪ ਨਹੀਂ ਰੱਖ ਸਕਦਾ।...ਓਇ ਢੇਸਿਆ! ਸਹੁਰਿਆ!! ਗੁਰਮੁਖ ਦਾ ਦਰਸ਼ਨ ਤੈਨੂੰ ਨਹੀਂ ਹੋ ਸਕਿਆ, ਤੇ ਗੁਰੂ ਦਾ ਦਿਦਾਰ ਕਿਕੂੰ ਹੋਵੇ? ਜਿੱਥੇ ਗੁਰਮੁਖ ਪੈਰ ਨਹੀਂ ਪਾਉਂਦਾ, ਉਥੇ ਗੁਰੂ ਕਿਵੇਂ ਪਾਉਂਦਾ ਹੈ? ਅਜ ਪਤਾ ਲਗਾ, ਮੈਂ ਮੂਰਖ ਹਾਂ, ਸਭ ਸਿਆਣਪਾਂ ਸੜ ਗਈਆਂ। ਤ੍ਰਿਸ਼ਨਾਂ ਭੁੱਖ ਤਾਂ ਮੇਰੀ ਘਟੀ ਸੀ, ਪਰ ਕੀਹ ਘਟੀ? ਕੋਈ ਤ੍ਰਿਸ਼ਨਾ ਹੈ ਤਾਂ ਪਈਆਂ ਸੂਰਤਾਂ ਮੂਰਤਾਂ, ਥਾਵਾਂ ਦੇ ਨਕਸ਼ੇ ਤੇ ਸੰਕਲਪ ਅੱਖਾਂ ਅੱਗੇ ਦਬਾ ਦਬ ਆ ਰਹੇ ਹਨ। ਅਭੁੱਖ ਹੋਕੇ, ਚੁੱਪ ਹੋ ਕੇ ਮੈਥੋਂ ਇਕ ਘੜੀ ਨਾ ਬਹਿ ਹੋਇਆ*। ਇਸ ਘੜੀ ਵਿਚ ਹੁਕਮ ਬਜਾ ਲਿਆਉਣ ਲਈ ਮੈਂ ਸਾਰੀਆਂ ਸਿਆਣਪਾਂ ਖਰਚ ਕੀਤੀਆਂ, ਪਰ ਹਾਇ! ਢੇਸਿਆ ਤੇਰੀ ਕਾਈ ਪੇਸ਼ ਨਾ ਚੱਲੀ, ਇਕ ਗੱਲ, ਇਕ ਸਿਆਣਪ ਦੀ ਬੀ ਕੋਈ ਗੱਲ ਨਾ ਚੱਲੀ। ਵੇਖ! ਦਾਤੇ ਦਾ ਹੁਕਮ ਨਾ ਮੰਨ ਹੋਇਆ। ਘੜੀ ਰਬ ਜਾਣੇ ਬੀਤ ਹੀ ਗਈ ਹੋਊ। ਮੈਂ ਕੀ ਮੂੰਹ ਦੇਸਾਂ? ਮੈਂ ਅੜਮੰਨ, ਹੁਕਮ ਅਦੂਲ ਮੂਰਖ! ਹਾਇ! ਮੈਂ ਕੀਹ ਮੂੰਹ ਦਸਾਂ? ਹੁਣ ਕੀਹ ਕਰਾਂ? ਉਠ ਚੱਲਾਂ? ਦਾਤਾ ਜੀ ਉਡੀਕਦੇ ਹੋਣਗੇ। ਓਹ ਪੁੱਛਣਗੇ ਬਹਿ ਆਇਆ ਹੈਂ? ਮੈਂ ਕਹਾਂਗਾ, ਹਾਂ ਜੀ। ਉਹ ਕਹਿਣਗੇ ਚੁੱਪ ਬਹਿ ਆਇਆ ਹੈਂ? ਤਾਂ ਕੀਕੂੰ ਕਹਾਂਗਾ ਹਾਂ ਜੀ? ਮੈਂ ਜੀਭ ਦੀ ਚੁੱਪ ਧਾਰੀ, ਮੈਂ ਸੋਚਾਂ ਸੋਚਣ ਦਾ ਜਤਨ ਕੀਤਾ, ਮੈਂ ਸੋਚਾਂ ਸੋਚਕੇ ਕੋਈ ਪੇਸ਼ ਚਲਾਉਣ ਵਾਲੀ ਸੋਚ ਸੋਚਣ ਦਾ ਜ਼ੋਰ ਲਾਇਆ। ਲੱਖ ਸਿਆਣਪ ਸੋਚੀ, ਪੇਸ਼ ਨਾ ਗਈ, ਪਰ ਨਾ ਗਈ, ਮੈਂ ਅਸੋਚ ਤੇ ਚੁੱਪ ਹੋਣ ਦਾ ਤਰਲਾ ਲਾਇਆ, ਪਰ ਅੰਦਰਲਾ ਨਾ ਚੁੱਪ ਹੋਇਆ। ਆਖਸਾਂ ਜੀ ਬਹਿ ਆਇਆ ਹਾਂ, ਪਰ ਚੁੱਪ ਨਹੀਂ ਹੋ ਸਕੀ। ਇਉਂ ਸੋਚਦਿਆਂ ਢੇਸੇ ਨੂੰ ਗੱਚ ਭਰ ਆਇਆ ਸੀ, ਨੈਣਾਂ ਤੋਂ ਅੱਥਰੂ ਨਿਕਲ ਰਹੇ ਸਨ। 'ਹਾਇ! ਮੈਂ ਨਾਚੀਜ਼', ਹਾਇ! 'ਮੈਂ ਕੁਛ ਨਾਂ'। ਇਸ ਤਰ੍ਹਾਂ ਦੇ ਗੱਚ ਵਿਚ ਆਪੇ ਤੋਂ ਬੇ-ਆਪੇ ਜਹੇ ਵਿਚ ਵਿਰਾਗ ਆ ਗਿਆ ਕਿ

---

* ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥ਚੁਪੈ ਚੁਪਿ ਨ ਹੋਵਈ ਜੇ ਲਾਇ ਰਹਾ ਲਿਵਤਾਰ॥ ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥ (ਜਪੁਜੀ)

SIKHBOOKCLUB.COM

ਅਚਾਨਕ ਇਕ ਛਿਨ ਆਈ, ਇਕ ਝਲਕਾਰਾ ਵੱਜਾ, ਇਕ ਅੱਖ ਚਮਕਾਰ ਦਾ ਸਮਾਂ ਲੰਘਿਆ ਕਿ ਢੇਸੇ ਨੂੰ ਸਤਿਗੁਰ ਜੀ ਦੇ ਖੂਹ ਪਰ ਬੈਠੇ ਜਲ ਦੀ ਆਡ ਵਿਚ ਰਖੇ ਚਰਨ ਕਮਲ ਦਿੱਸ ਪਏ, ਅਵਾਜ਼ ਆਈ- ਕਹੁ-

''ਵਾਹਿਗੁਰੂ''

ਢੇਸੇ ਦੇ ਲੂੰ ਲੂੰ ਵਿਚੋਂ ਵਾਹਿਗੁਰੂ ਨਿਕਲ ਗਿਆ। ਢੇਸਾ ਬੇਸੁੱਧ ਸੀ। ਹੁਣ ਸੁੱਧ ਆਈ, ਤਾਂ ਜੀਭ ਕਹਿ ਰਹੀ ਸੀ:-

''ਵਾਹਿਗੁਰੂ''

ਲੂੰਆਂ ਵਿਚ ਇਕ ਝਰਨਾਟ ਛਿੜ ਰਹੀ ਸੀ, ਨੈਣਾਂ ਵਿਚ ਇਕ ਠੰਢ ਵਾਪਰ ਰਹੀ ਸੀ, ਸਰੀਰ ਵਿਚ ਹਲਕਾਪਨ ਸੀ, ਅੰਦਰ ਬਾਹਰ ਇਕ ਮੱਧਮ ਮੱਧਮ ਸੁਆਦ ਜੇਹਾ ਸੀ, ਜੀਭ ਪਰ ਇਕ ਰਸ ਸੀ ਤੇ ਜੀਭ ਹਿੱਲ ਰਹੀ ਸੀ ਤੇ ਕਹਿ ਰਹੀ ਸੀ-

''ਵਾਹਿਗੁਰੂ''

ਢੇਸੇ ਨੇ 'ਬੋਲਹੁ ਜੀ ਵਾਹਿਗੁਰੂ' ਰੋਜ਼ ਸੁਣਿਆਂ ਸੀ, ਪਰ ਇਹ ਵਾਹਿਗੁਰੂ ਕਦੇ ਨਹੀਂ ਕਿਹਾ ਸੀ, ਆਪ ਬੀ ਕਈ ਵਾਰੀ 'ਸ੍ਰੀ ਵਾਹਿਗੁਰੂ' ਕਿਹਾ ਸੀ, ਜਿਸਦਾ ਕਿ ਇਹ ਅਸਰ ਹੈ। ਹਾਂ, ਉਸਨੇ ਅੱਜ ਇਹ ਅਨੋਖਾ ਵਾਹਿਗੁਰੂ ਸੁਣਿਆਂ ਜੀ ਹਾਂ, ਸਤਿਗੁਰ ਨੂੰ ਵਾਹਿਗੁਰੂ ਕਹਿੰਦੇ ਸੁਣਿਆਂ, ਫੇਰ ਸੁਣਨ ਨੂੰ ਜੁ ਉਤਾਵਲਾ ਹੋਇਆ ਤਾਂ ਅੱਖ ਖੁਲ੍ਹੀ, ਛੇਤੀ ਜੁ ਅੱਖ ਖੁਲ੍ਹੀ, ਤਾਂ ਉੱਥੇ ਸਤਿਗੁਰ ਜੀ ਕੋਈ ਨਹੀਂ ਸੇ, ਢੇਸਾ ਸੀ ਇਕੱਲਾ ਤੇ ਢੇਸੇ ਦੀ ਜੀਭ ਤੇ ਸੀ 'ਵਾਹਿਗੁਰੂ' ਪਰ ਜੀਭ ਹੁਣ ਰਸ ਵਾਲੀ ਹੋ ਰਹੀ ਸੀ। ਇਹ ਕੀਹ ਸੀ? ਢੇਸਾ ਨਹੀਂ ਸਮਝ ਸਕਿਆ, ਪਰ ਉਹ ਇਕ ਸੁਆਦ ਵਿਚ ਸੀ ਤੇ ਇਕ ਕਦੇ ਨਾ ਪ੍ਰਤੀਤ ਕੀਤੇ ਸੁਖ ਵਿਚ ਸੀ।

ਹੁਣ ਘੜੀਓਂ ਵੱਧ ਬੀਤ ਗਿਆ ਜਾਪਦਾ ਸੀ, ਢੇਸਾ ਉਠਿਆ। ਉਠੇ ਕੌਣ? ਪਰ ਹੁਕਮ ਯਾਦ ਸੀ, ਸੋ ਉੱਠਣਾ ਪਿਆ। ਉਠਿਆ ਤੇ ਟੁਰ ਪਿਆ।

ਅੰਦਰ ਇਕ ਨਾਮ ਦੀ ਹੋਂਦ ਯਾ ਧੁਨਿ ਭਾਸਦੀ ਹੈ, ਇਕ ਜਾਗ੍ਰਤ ਭਾਸਦੀ ਹੈ, ਇਕ ਸੁਆਦ ਭਾਸਦਾ ਹੈ ਅਰ ਸਿਮਰਨ 'ਵਾਹਿਗੁਰੂ' ਦਾ ਜਾਰੀ ਹੈ। ਇਉਂ ਢੇਸਾ ਸਨੇ ਸਨੇ ਰਸ ਮੱਤਾ ਨੈਣ ਅਲਸਾਇਆ ਟੁਰੀ ਆਇਆ। ਅੱਗੇ ਖੂਹ ਤੇ ਦਾਤਾ ਜੀ ਕੋਈ ਨਹੀਂ ਸਨ। ਉਹ ਉਥੋਂ ਜਾ ਚੁੱਕੇ ਸਨ। ਢੇਸੇ ਨੂੰ ਹੁਣ ਪਿਆਰ ਦੀ ਖਿੱਚ ਦਾ ਤਣੁਕਾ ਤਾਂ ਵੱਜਾ, ਪਰ ਘਬਰਾ ਨਹੀਂ ਹੋਇਆ। ਫੇਰ ਡੇਰੇ ਆਇਆ, ਸਤਿਗੁਰ ਜੀ ਉੱਥੇ ਬੀ ਨਹੀਂ ਸਨ। ਹੁਣ ਹੋਰ ਪਿਆਰ ਦੀ ਖਿੱਚ ਵੱਜੀ, ਪਰ ਘਬਰਾ ਨਹੀਂ ਪਿਆ। ਢੇਸਾ ਹੁਣ ਸਾਈਂਦਾਸ ਦੇ ਘਰ ਆਇਆ, ਅੰਦਰ ਗਿਆ ਤਾਂ ਦਾਤਾ ਜੀ ਪਲੰਘ ਤੇ ਬੈਠੇ ਸਨ, ਰਾਮੋ ਪੱਖਾ ਕਰ ਰਹੀ ਸੀ ਤੇ ਸਾਂਈਦਾਸ ਜੀ ਚਰਨਾਂ ਪਾਸ ਬੈਠੇ ਸਨ। ਸਤਿਗੁਰ ਹੱਸਕੇ ਬੋਲੇ- ਢੇਸਿਆ! ਚੁਪ ਬੈਠ ਆਇਆ ਹੈਂ?

ਢੇਸਾ ਚਰਨਾਂ ਨਾਲ ਲਿਪਟ ਗਿਆ ਰੋ ਪਿਆ ਤੇ ਬੋਲਿਆ:-

ਸੱਚਿਆ! ਮੈਂ ਮੂਰਖ

ਮੈਂ ਮੂਰਖ ਮੈਂ ਮੂਰਖ!

ਸਤਿਗੁਰ ਜੀ- ਸੁਣਾ: ਚੁੱਪ ਬੈਠੋਂ ਕਿ ਨਾ?

ਢੇਸਾ-

ਇਹ ਤਨ ਭੌਂਕਣਾ ਚੁਪ ਨਹੀਂ ਬਹਿਣ ਦੇਂਦਾ।

ਤੇਰੀ ਮਿਹਰ, ਤੇਰੇ ਚਰਨਾਂ ਤੋਂ ਬਲਿਹਾਰ! ਤੂੰ ਕੋਈ ਝਲਕਾ ਮਾਰਿਆ, ਕੋਈ ਝਾਉਲਾ ਪਾਇਓ ਈ ਕਿ ਕੋਈ ਚਮਕਾਰਾ ਦਿਤੋਈ, ਮੈਨੂੰ ਕੁਛ ਪਤਾ ਨਹੀਂ ਲੱਗਾ।

ਸਤਿਗੁਰੂ- ਕੁਛ ਹੋਇਆ ਸੀ?

ਢੇਸਾ- ਪਾਤਸ਼ਾਹ:-

'ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥'

ਸਤਿਗੁਰ- ਕੁਝ ਸੁਣਿਆਂ, ਡਿੱਠਾ, ਸਮਝਿਆ?

ਢੇਸਾ- ਸੁਣਿਆ, ਆਪਣੇ ਸਰੀਰ ਦੀ ਸ਼ਾਂ ਸ਼ਾਂ। ਡਿੱਠਾ, ਆਪਣੇ, ਪਰਾਏ, ਮਿੱਤ੍ਰ, ਵੈਰੀਆਂ ਦੀਆਂ ਤਸਵੀਰਾਂ ਦੇ ਨਕਸ਼ੇ।

ਨਾ ਡਿੱਠਾ ਪਰ ਨਾ ਡਿੱਠਾ ਦੇਖਣ ਜੋਗ, ਨਾ ਸੁਣਿਆ ਪਰ ਨਾ ਸੁਣਿਆ ਸੁਣਨੇ ਜੋਗ।

ਸਤਿਗੁਰ- ਫੇਰ ਖਾਲੀ ਆਇਆ। ਜੇਹਾ ਗਿਆ ਤੇਹਾ......।

ਢੇਸਾ- ਖਾਲੀ ਗਿਆ ਪਾਤਸ਼ਾਹ! ਭਰਿਆ ਆਇਆ।

ਤੂੰ ਮਿਹਰ ਕੀਤੀ, ਕੋਈ ਛਿਨ ਆਈ। ਮੈਂ ਡਿੱਠੇ ਤੇਰੇ ਚਰਨ ਕਮਲ ਮਕਰੰਦ ਰਸ ਨਾਲ ਭਰੇ, ਮੈਂ ਸੁਣਿਆ:-

'ਵਾਹਿਗੁਰੂ'

ਜੋ ਸੁਣਦਿਆਂ ਬਹਿ ਗਿਆ ਜੀਭ ਤੇ, ਤੇ ਉਸ ਤੋਂ ਹੇਠਾਂ ਲਹਿ ਗਿਆ ਤੇ ਹਲਕਾ ਕਰ ਗਿਆ ਸਰੀਰ, ਮਨ ਤੇ ਆਤਮਾ ਨੂੰ। ਖੀਵਾ ਹੋ ਰਿਹਾ ਹਾਂ, ਸੁਆਦ ਵਿਚ ਹਾਂ ਤੇ ਜੀਭ ਕਹਿ ਰਹੀ ਹੈ-